# ਨਿਰਭਉ ਨਿਰੰਕਾਰ



ਸੰਪਾਦਕ
ਡਾ. ਅਮਰਜੀਤ ਕੌਰ
ਡਾ. ਰਣਜੀਤ ਕੌਰ ਪੰਨਵਾਂ

ਮੁੱਖ ਸੰਪਾਦਕ
ਡਾ. ਰੂਪ ਸਿੰਘ

# ਨਿਰਭਉ ਨਿਰੰਕਾਰ

(ਜੀਵਨ-ਦਰਸ਼ਨ)

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

# ਨਿਰਭਉ ਨਿਰੰਕਾਰ

(ਜੀਵਨ-ਦਰਸ਼ਨ)

## ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ


*ਮੁੱਖ ਸੰਪਾਦਕ*

**ਡਾ. ਰੂਪ ਸਿੰਘ**

ਮੁੱਖ ਸਕੱਤਰ

ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

098146 37979 roopsz@yahoo.com

*ਸੰਪਾਦਕ*

**ਡਾ. ਅਮਰਜੀਤ ਕੌਰ**

ਇੰਚਾਰਜ

98555 19719

amarjitkaurrs@yahoo.in

**ਡਾ. ਰਣਜੀਤ ਕੌਰ ਪੰਨਵਾਂ**

ਰਿਸਰਚ ਸਕਾਲਰ

99148 31931

rakpanwa77@gmail.com

(ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁ:ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ)



ਪਹਿਲੀ ਵਾਰ : ਸਤੰਬਰ, 2018

ਗਿਣਤੀ : 2000

ਛਾਪਕ : ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ

**ਧਰਮ ਪ੍ਰਚਾਰ ਕਮੇਟੀ**

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ।

# Nirbhau Nirankar

**(Jeevan-Darshan)**

**Sri Guru Har Rai Sahib Ji, Sri Guru Harkrishan Sahib Ji, Sri Guru Teg Bahadar Sahib Ji**

*Chief Editor*
**Dr. Roop Singh**
Chief Secretary,
S.G.P.C., Sri Amritsar.

*Editor*
**Dr. Amarjit Kaur**–Incharge, Sikh Ithas Research Board
**Dr. Ranjit Kaur Panwan**–Research Scholar, Sikh Ithas Research Board, SGPC, Sri Amritsar

ISBN: 978-81-938722-0-8

First Edition : September, 2018
No. of Copies : 2000
Printer : Golden Offset Press,
Gurdwara Ramsar Sahib, Sri Amritsar

Publisher
**Dharam Parchar Committee**
**(Shiromani Gurdwara Parbandhak Committee)**
**Sri Amritsar.**

ਸੋ ਕਰਤਾ ਹਰਿ ਰਾਇ ਦਾਤਾਰਨੰ

ਸੋ ਹਰਿ ਕ੍ਰਿਸ਼ਨ ਅਗੰਮ ਅਪਾਰਨੰ ॥

ਸੋ ਤੇਗ ਬਹਾਦੁਰ ਸਤਿ ਸਰੂਪਨਾ

ਸੋ ਗੁਰ ਗੋਬਿੰਦ ਹਰਿ ਕਾ ਰੂਪਨਾ ॥

ਸਭ ਏਕੋ ਏਕੋ ਏਕਨਾ

ਨਹੀਂ ਭੇਦ ਨਾ ਕਛੂ ਭੀ ਪੇਖਨਾ ॥

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ

(ਭਾਈ ਨੰਦ ਲਾਲ)

# ਵਿਸ਼ਾ-ਸੂਚੀ

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ



## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ੴ ਵਾਹਿਗੁਰੂ ਜੀ ਕੀ ਫ਼ਤਹ॥

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

# ਸੰਦੇਸ਼

ਮੈਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਈ ਹੈ ਕਿ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਰਿਸਰਚ ਸਕਾਲਰਜ਼ ਨੇ 'ਗੁਰਮਤਿ ਪ੍ਰਕਾਸ਼' ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਦੇ ਬਹੁਮੁੱਲੇ ਇਤਿਹਾਸਕ ਲੇਖਾਂ ਨੂੰ ਖੋਜ ਪੁਸਤਕ ਰੂਪ ਵਿਚ ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਸਿੱਖ ਸੰਗਰਾਮ ਦੀ ਦਾਸਤਾਨ, ਵਡਾ ਪੁਰਖੁ ਪ੍ਰਗਟਿਆ, ਜੋਤਿ ਪ੍ਰਗਾਸ, ਦਸ਼ਮੇਸ਼ ਪ੍ਰਕਾਸ਼ ਰਾਹੀਂ ਪੁਨਰ ਸੰਪਾਦਿਤ ਕਰਕੇ ਪਾਠਕਾਂ ਦੇ ਸਨਮੁੱਖ ਪੇਸ਼ ਕੀਤਾ ਹੈ। ਇਸ ਲੜੀ ਦੇ ਤਹਿਤ ਛੇਵੀਂ ਪੁਸਤਕ 'ਨਿਰਭਉ ਨਿਰੰਕਾਰ' (ਜੀਵਨ ਦਰਸ਼ਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ) ਤਿਆਰ ਕੀਤੀ ਹੈ।

'ਜੋਤਿ ਓਹਾ ਜੁਗਤਿ ਸਾਇ' ਦੇ ਸਿਧਾਂਤ ਅਨੁਸਾਰ ਗੁਰੂ ਨਾਨਕ ਜੋਤ ਜਦ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਚ ਪ੍ਰਕਾਸ਼ਮਾਨ ਹੋਈ ਤਾਂ ਉਹਨਾਂ ਨੇ ਕੁਲ ਲੁਕਾਈ ਦੀ ਰਾਹਨੁਮਾਈ ਲਈ ਅਤੇ ਧਰਮ ਦੇ ਵਿਕਾਸ ਵਿਚ ਬਹੁਮੁੱਲਾ ਯੋਗਦਾਨ ਪਾਇਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੁਆਰਾ ਕੁਦਰਤ ਪ੍ਰੇਮ ਅਤੇ ਵਾਤਾਵਰਣ ਦੀ ਸੰਭਾਲ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੁਆਰਾ ਥੋੜ੍ਹੇ ਸਮੇਂ 'ਚ ਵੱਡੇ ਕਾਰਜ ਕਰਨਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਗੁਰਬਾਣੀ ਰਚਨਾ, ਪ੍ਰਚਾਰ ਦੌਰੇ ਕਰਨਾ ਅਤੇ ਸ਼ਹੀਦੀ ਦੇ ਕੇ ਧਰਮ ਦੀ ਆਜ਼ਾਦੀ ਨੂੰ ਬਰਕਰਾਰ ਰੱਖਣਾ ਸਿੱਖ ਧਰਮ ਦੇ ਵਿਗਾਸ ਲਈ ਵੱਡੇ ਕਾਰਜ ਹਨ।

ਇਸ ਪੁਸਤਕ ਵਿਚ ਤਿੰਨ ਗੁਰੂ ਸਾਹਿਬਾਨ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ) ਦੇ ਜੀਵਨ ਕਾਰਜ, ਸਿੱਖ ਧਰਮ ਦੇ ਵਿਗਾਸ ਵਿਚ ਪਾਏ ਯੋਗਦਾਨ ਨਾਲ ਸੰਬੰਧਤ ਲੇਖਾਂ ਨੂੰ ਪੁਨਰ ਸੰਪਾਦਿਤ ਕੀਤਾ ਗਿਆ ਹੈ। ਮੈਂ ਆਸ ਕਰਦਾ ਹਾਂ ਕਿ ਹੱਥਲੀ ਪੁਸਤਕ ਵੀ ਪਹਿਲੀਆਂ ਪੁਸਤਕਾਂ ਵਾਂਗ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਅਤੇ ਅਕਾਦਮਿਕ ਖੇਤਰਾਂ ਵਿਚ ਅਹਿਮ ਯੋਗਦਾਨ ਪਾਵੇਗੀ। ਮੈਂ ਅਕਾਲ ਪੁਰਖ ਅੱਗੇ ਜੋਦੜੀ ਕਰਦਾ ਹਾਂ ਕਿ ਡਾ. ਰੂਪ ਸਿੰਘ ਅਤੇ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਰਿਸਰਚ ਸਕਾਲਰਜ਼ ਦੇ ਸਿਰ 'ਤੇ ਆਪ ਹੱਥ ਧਰ ਕੇ ਸਿੱਖ ਇਤਿਹਾਸ ਅਤੇ ਸਿਧਾਂਤਕ ਖੋਜ ਦੇ ਕਾਰਜ ਨੇਪਰੇ ਚੜ੍ਹਾਉਣ। ਮੈਨੂੰ ਆਸ ਹੈ ਕਿ ਗੁਰਮਤਿ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਦੇ ਸੁਹਿਰਦ ਪਾਠਕ ਇਸ ਯਤਨ ਨੂੰ ਭਰਪੂਰ ਹੁੰਗਾਰਾ ਦੇ ਕੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ 'ਚ ਸਹਿਯੋਗ ਦੇਣਗੇ।

ਸ਼ੁੱਭ ਇੱਛਾਵਾਂ ਨਾਲ

ਗੁਰੂ ਪੰਥ ਦਾ ਦਾਸ

(ਗੋਬਿੰਦ ਸਿੰਘ ਲੌਂਗੋਵਾਲ)

ਫ਼ੋਨ: +91 183 255 3950, 253 4746 ਫੈਕਸ +91 183 255 3919, ਮੋਬਾਇਲ : 98558 95558
e-mail: sgpc@vsnl.com, website: www.sgpc.net

# ਸੰਪਾਦਕੀ ਨੋਟ

ਨਿਰਭਉ ਦਾ ਸਾਫ਼ ਸਪੱਸ਼ਟ ਅਰਥ ਹੈ—ਜਿਸ ਨੂੰ ਕਿਸੇ ਦਾ ਭੈ-ਡਰ ਨਹੀਂ, ਭੈ-ਰਹਿਤ, ਡਰ-ਰਹਿਤ। ਨਿਰੰਕਾਰ ਦਾ ਅਰਥ ਜੋ ਅਕਾਰ ਤੋਂ ਬਿਨਾਂ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਕਰਤਾ ਪੁਰਖ ਵਾਹਿਗੁਰੂ ਨਿਰਭਉ-ਨਿਰਵੈਰ ਤੇ ਨਿਰੰਕਾਰ ਵੀ ਹੈ ਪਰ ਜੋਤਿ ਸਰੂਪ ਵੀ ਹੈ, ਜੋਤਿ ਸਰੂਪ ਵਿਚ ਕਰਤਾਰੀ ਜੋਤਿ ਦੇ ਧਾਰਣੀ ਗੁਰੂ-ਸਾਹਿਬਾਨ । ਜੋਤਿ ਨਿਰੰਤਰ-ਨਿਰੰਕਾਰੀ ਇਕ ਹੀ ਹੈ, ਜੋ ਵੱਖ-ਵੱਖ ਸਮਿਆਂ ’ਤੇ ਪ੍ਰਗਟ ਪ੍ਰਕਾਸ਼ਮਾਨ ਹੋਈ, ਪਰ ‘ਜੋਤਿ’ ਜਨਮ-ਮਰਨ ਤੋਂ ਰਹਿਤ ਹੈ, ਅਮਰ-ਅਜੋਨੀ ਹੈ। ਇਸ ਪੁਸਤਕ ਵਿਚ ਅਸੀਂ ਨਿਰਭਉ-ਨਿਰੰਕਾਰੀ ਜੋਤਿ—ਸ੍ਰੀ ਗੁਰੂ ਹਰਿਰਾਇ ਸਾਹਿਬ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੋਤਿ ਦੇ ਸਰਗੁਣ ਸਰੂਪ ਬਾਰੇ ਜਾਣਨ ਦਾ ਯਤਨ ਕੀਤਾ ਹੈ।

ਪੁਸਤਕ 'ਨਿਰਭਉ ਨਿਰੰਕਾਰ' ਸੰਪੂਰਨ ਹੋਣ ’ਤੇ ਮੈਨੂੰ ਅਥਾਹ ਖੁਸ਼ੀ ਹੈ। ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੀ ਬਖਸ਼ਿਸ਼ ਸਦਕਾ, ਗੁਰਮਤਿ ਪ੍ਰਕਾਸ਼ ਦੇ ਲੇਖਾਂ ਦੀ ਪੁਨਰ ਸੰਪਾਦਨਾ ਕਰਨ ਦਾ ਇਹ ਕਾਰਜ ਪੁਸਤਕ *ਸਿੱਖ ਸੰਕਲਪ: ਸਿਧਾਂਤ ਤੇ ਸੰਸਥਾਵਾਂ* ਨਾਲ ਆਰੰਭ ਕੀਤਾ ਸੀ, ਜਿਸ ਦੇ ਤਿੰਨ ਸੰਸਕਰਣ ਪ੍ਰਕਾਸ਼ਤ ਹੋ ਚੁੱਕੇ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਇਸ ਪੁਸਤਕ ਨੂੰ ਭਾਸ਼ਾ ਵਿਭਾਗ ਪੰਜਾਬ (ਪੰਜਾਬ ਸਰਕਾਰ) ਵੱਲੋਂ ਸੰਪਾਦਨਾ ਪੁਰਸਕਾਰ ਪ੍ਰਾਪਤ ਹੋਇਆ ਹੈ। ਇਹ ਕਾਰਜ ਕਰਨ ਦਾ ਖਿਆਲ ਪ੍ਰਸਿੱਧ ਵਿਦਵਾਨ ਵਿਆਖਿਆਕਾਰ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਦਾ ਸੀ, ਉਨ੍ਹਾਂ ਨੇ ਇਹ ਕਾਰਜ ਕਰਨ ਲਈ ਮੈਨੂੰ ਪ੍ਰੇਰਿਆ ਤੇ ਅਸਾਂ ਇਕ ਟੀਮ ਵਜੋਂ ਇਸ ਕਾਰਜ ਦੀ ਅਰੰਭਤਾ ਕੀਤੀ। ਗੁਰਮਤਿ ਵਿਚਾਰਧਾਰਾ ਦੇ ਪ੍ਰੇਮੀ ਪਾਠਕਾਂ, ਵਿਚਾਰਵਾਨਾਂ, ਪ੍ਰਚਾਰਕਾਂ, ਵਿਦਵਾਨਾਂ ਵੱਲੋਂ ਮਿਲੇ ਭਰਵੇਂ ਸਹਿਯੋਗ ਅਤੇ ਪ੍ਰੇਰਣਾ ਸਦਕਾ ਇਹ ਕਾਰਜ ਸਫਲਤਾ ਸਹਿਤ ਸੰਪੂਰਨ ਹੋਣ ਦੇ ਨਜ਼ਦੀਕ ਹੈ। ਇਸ ਪੁਸਤਕ ਲੜੀ ਤਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ ਨਾਲ ਸੰਬੰਧਤ ਪੁਸਤਕ *ਵਡਾ ਪੁਰਖੁ ਪ੍ਰਗਟਿਆ* ਦੇ ਦੋ ਸੰਸਕਰਣ ਪ੍ਰਕਾਸ਼ਤ ਹੋ ਚੁੱਕੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਜੀਵਨ ਦਰਸ਼ਨ ਨੂੰ ਰੂਪਮਾਨ ਕਰਦੀ ਪੁਸਤਕ *ਜੋਤਿ ਪ੍ਰਗਾਸ*, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਦਰਸ਼ਨ ਸਬੰਧੀ *ਦਸਮੇਸ਼ ਪ੍ਰਕਾਸ਼* ਅਤੇ *ਸਿੱਖ ਸੰਗਰਾਮ ਦੀ ਦਾਸਤਾਨ* ਪੁਸਤਕਾਂ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਕਰ ਚੁੱਕੇ ਹਾਂ। ਹੱਥਲੀ ਪੁਸਤਕ *ਨਿਰਭਉ ਨਿਰੰਕਾਰ* ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ

ਸਾਹਿਬ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸੰਬੰਧਤ ਲੇਖਾਂ ਨੂੰ ਸ਼ਾਮਲ ਕੀਤਾ ਹੈ। ਇਸ ਕਾਰਜ ਵਿਚ ਅਸੀਂ ਕਿਤਨੇ ਸਫਲ ਹੋਏ ਇਹ ਪਾਠਕਾਂ ਦੀ ਪਸੰਦ ਤੇ ਪ੍ਰਵਾਨਗੀ 'ਤੇ ਨਿਰਭਰ ਹੈ। ਇਸ ਪੁਸਤਕ ਲੜੀ ਤਹਿਤ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਤ ਪੁਸਤਕ ਵੀ ਤਿਆਰੀ ਅਧੀਨ ਹੈ, ਗੁਰੂ ਕਿਰਪਾ ਸਦਕਾ ਦੋ ਮਹੀਨੇ ਤੀਕ ਇਹ ਵੀ ਮੁਕੰਮਲ ਹੋ ਜਾਵੇਗੀ।

ਇਹ ਪੁਸਤਕ ਵੀ ਪਹਿਲੀਆਂ ਪੁਸਤਕਾਂ ਵਾਂਗ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਵੱਲੋਂ 1957 ਈ. ਤੋਂ ਨਿਰੰਤਰ ਪ੍ਰਕਾਸ਼ਿਤ ਹੋ ਰਹੇ ਮੈਗਜ਼ੀਨ 'ਗੁਰਮਤਿ ਪ੍ਰਕਾਸ਼' 'ਚੋਂ ਚੋਣਵੇਂ ਲੇਖਾਂ 'ਤੇ ਆਧਾਰਿਤ ਹੈ। ਅਸੀਂ ਸਮੂਹ ਲੇਖਕਾਂ ਅਤੇ ਗੁਰਮਤਿ ਪ੍ਰਕਾਸ਼ ਦੇ ਸੰਪਾਦਕ ਸਾਹਿਬਾਨ ਦੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਹਰ ਲੇਖ ਦੇ ਅੰਤ ਵਿਚ ਲੇਖ ਦੇ ਪ੍ਰਕਾਸ਼ਤ ਹੋਣ ਦਾ ਮਹੀਨਾ, ਸਾਲ ਅੰਕਿਤ ਕੀਤਾ ਹੈ। ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਦਾ ਹਾਰਦਿਕ ਤੌਰ 'ਤੇ ਧੰਨਵਾਦ, ਜਿਨ੍ਹਾਂ ਉਤਸ਼ਾਹਿਤ ਕਰਨ ਵਾਸਤੇ ਸੰਦੇਸ਼ ਰੂਪੀ ਪ੍ਰੇਰਣਾਦਾਇਕ ਸ਼ਬਦਾਂ ਨਾਲ ਸਾਡੇ ਹੌਂਸਲੇ ਨੂੰ ਵਧਾਇਆ ਹੈ। ਅਸੀਂ ਆਪਣੇ ਸਾਰੇ ਹੀ ਸੰਗੀਆਂ-ਸਾਥੀਆਂ ਦੇ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੇ ਭਰਵੇਂ ਸਹਿਯੋਗ ਸਦਕਾ ਇਹ ਕਾਰਜ ਸੰਪੂਰਨ ਹੋਇਆ ਹੈ। ਗੋਲਡਨ ਆਫਸੈਟ ਪ੍ਰੈਸ ਤੇ ਪਬਲੀਕੇਸ਼ਨ ਵਿਭਾਗ ਦੇ ਮੀਤ ਸਕੱਤਰ ਤੇ ਸਟਾਫ ਦੀ ਵਿਸ਼ੇਸ਼ ਰੁਚੀ ਸਦਕਾ ਇਹ ਪੁਸਤਕ ਖ਼ੂਬਸੂਰਤ ਰੂਪ ਵਿਚ ਪ੍ਰਕਾਸ਼ਤ ਹੋਈ ਹੈ, ਉਨ੍ਹਾਂ ਦੇ ਵੀ ਅਸੀਂ ਧੰਨਵਾਦੀ ਹਾਂ। ਪਾਠਕਾਂ ਵੱਲੋਂ ਭਰਪੂਰ ਸਹਿਯੋਗ ਦੀ ਆਸ ਕਰਦੇ ਹਾਂ ਕਿ ਉਹ ਪਹਿਲੀਆਂ ਪੁਸਤਕਾਂ ਵਾਂਗ ਇਸ ਨੂੰ ਵੀ ਹੁੰਗਾਰਾ ਦੇ ਕੇ ਆਪ ਸਾਨੂੰ ਉਤਸ਼ਾਹਿਤ ਕਰਨਗੇ।

**ਸਤੰਬਰ, 2018** **ਰੂਪ ਸਿੰਘ (ਡਾ.)**

ਸੰਪਾਦਕੀ ਲੇਖ

# ਨਾਨਕ ਗੁਰ ਤੇ ਗੁਰੁ ਹੋਇਆ...

*—ਡਾ. ਰੂਪ ਸਿੰਘ**

'ਨਾਨਕ ਨਿਰਮਲ ਪੰਥ' ਦੀ ਵਿਚਾਰਧਾਰਾ ਨਿਰਮਲ ਤੇ ਨਿਰਾਲੀ ਹੈ। ਵਿਸ਼ਵ ਦੇ ਧਾਰਮਿਕ ਇਤਿਹਾਸ ਵਿਚ ਇਹ ਹਰ ਪੱਖ ਤੋਂ ਵਿਲੱਖਣ ਤੇ ਵਿਸ਼ੇਸ਼ ਹੈ। ਪੱਖ ਭਾਵੇਂ ਵਿਚਾਰਧਾਰਕ ਹੋਵੇ ਜਾਂ ਵਿਵਹਾਰਕ ਜਾਂ ਵਿਲੱਖਣ ਹੋਂਦ-ਹਸਤੀ ਤੇ ਪਹਿਚਾਣ ਦਾ। ਸਿਧਾਂਤਕ ਤੌਰ 'ਤੇ 'ਇਕਾ ਬਾਣੀ ਇਕੁ ਗੁਰੁ' ਤੇ ਵਿਵਹਾਰਕ ਰੂਪ ਵਿਚ 'ਜੋਤਿ ਓਹਾ ਜੁਗਤਿ ਸਾਇ' ਆਪਸ ਵਿਚ ਇਕਮਿਕ ਹਨ। ਗੁਰਮਤਿ ਵਿਚਾਰਧਾਰਾ ਵਿਚ ਪਰਮਾਤਮਾ, ਅਕਾਲ ਪੁਰਖ ਨੂੰ 'ਗੁਰੂ' ਸਵੀਕਾਰਿਆ ਤੇ ਮੰਨਿਆ ਗਿਆ ਹੈ ਤੇ ਜਿਸ ਨੂੰ ਨਿਰਗੁਣ, ਸਰਗੁਣ ਸਰੂਪ ਵਿਚ 'ਵਾਹਿਗੁਰੂ' ਕਹਿ ਯਾਦ ਕਰਦਿਆਂ, ਸਿਮਰਨ ਕਰਨ ਦੀ ਅਲੌਕਿਕ ਮਰਯਾਦਾ ਤੇ ਬਲਵਾਨ ਪਰੰਪਰਾ ਹੈ। ਸੰਸਾਰਿਕ ਰੂਪ ਵਿਚ ਭਾਸ਼ਾ ਦੀ ਸੀਮਤ ਸ਼ਬਦਾਵਲੀ ਦੀ ਸਮੱਸਿਆ ਕਰਕੇ ਇਹ ਸਿਧਾਂਤ, ਮਰਯਾਦਾ ਤੇ ਪਰੰਪਰਾ ਬੜੀ ਅਜੀਬ ਭਾਸਦੀ ਹੈ, ਕਿ ਜੋ ਨਿਰੰਕਾਰ ਨਿਰਗੁਣ ਹੈ ਓਹੀ ਸਰਗੁਣ ਕਿਵੇਂ ਹੋ ਸਕਦਾ ਹੈ? ਨਿਰਗੁਣ ਨੂੰ ਸਰਗੁਣ ਸਰੂਪ 'ਚ ਦੇਖਣ ਲਈ ਸੰਸਾਰਿਕ ਅੱਖਾਂ ਯੋਗ ਨਹੀਂ। ਆਪਣੀ ਅਯੋਗਤਾ ਨੂੰ ਪ੍ਰਗਟ ਕਰਨ ਵਾਸਤੇ ਅਸੀਂ ਕਹਿ ਦਿੰਦੇ ਹਾਂ ਕਿ ਨਿਰੰਕਾਰ ਨਿਰਗੁਣ-ਸਰਗੁਣ ਨਹੀਂ ਹੋ ਸਕਦਾ, ਪਰ ਗੁਰਮਤਿ ਵਿਚਾਰਧਾਰਾ ਨੇ ਇਸ ਨੂੰ 'ਜੋਤਿ ਜੁਗਤਿ' ਦੇ ਸਿਧਾਂਤ ਦੁਆਰਾ ਪ੍ਰਗਟ ਕਰ ਦਿਖਾਇਆ ਹੈ। 'ਜੋਤਿ' ਨਿਰਗੁਣ ਹੈ, ਜੋ ਜੁਗਤਿ ਰਾਹੀਂ ਸਰਗੁਣ ਸਰੂਪ 'ਚ ਪ੍ਰਤੱਖ ਹੁੰਦੀ ਹੈ। ਨਿਰੰਕਾਰੀ ਨਾਨਕ ਜੋਤਿ—ਸ੍ਰੀ ਗੁਰੂ ਨਾਨਕ ਦੇਵ ਜੀ ਇਸਦੀ ਪਹਿਲੀ ਉਦਾਹਰਣ ਹਨ- ਜੋਤਿ ਅਕਾਲ ਪੁਰਖ ਦੀ ਵਰਤ, ਗੁਰੂ ਨਾਨਕ ਸਾਹਿਬ ਦੇ ਸਰਗੁਣ ਸਰੂਪ 'ਚ ਰਹੀ ਹੈ... ਨਾਨਕ ਜੋਤਿ ਤੋਂ ਹੀ ਭਾਈ ਲਹਿਣਾ ਜੀ ਗੁਰੂ ਅੰਗਦ ਦੇਵ ਜੀ ਦੇ ਰੂਪ 'ਚ ਪ੍ਰਗਟ ਹੁੰਦੇ ਹਨ ਤੇ ਫਿਰ ਨਿਰੰਤਰ ਦਸ ਜਾਮੇ ਸੰਸਾਰ ਦੇ ਸਨਮੁੱਖ ਹੁੰਦੇ ਹਨ। ਸਿਧਾਂਤਕ ਰੂਪ ਵਿਚ ਗੁਰਬਾਣੀ ਦੇ ਪਾਵਨ ਸ਼ਬਦ- ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ... ਤੋਂ ਬਹੁਤ ਕੁਝ ਸਪੱਸ਼ਟ ਹੋ ਜਾਂਦਾ ਹੈ।

ਨਾਨਕ ਜੋਤਿ ਦੀ ਨਿਰੰਤਰਤਾ 'ਚ ਪਿਤਾ-ਪੁਰਖੀ ਵਿਅਕਤੀਗਤ ਜਾਂ ਪੀੜ੍ਹੀ-ਦਰ-ਪੀੜ੍ਹੀ ਵਾਲੀ ਵਿਚਾਰਧਾਰਾ ਕਿਧਰੇ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਵਿਰਾਸਤੀ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਿਆਈ ਦੇ ਵਾਰਿਸ ਨਹੀਂ ਬਣਦੇ। ਬਾਣੀ ਸਪੱਸ਼ਟ ਕਰਦੀ ਹੈ 'ਪੁਤ੍ਰੀ ਕਉਲੁ ਨ ਪਾਲਿਓ'...। ਇਹੀ ਵਰਤਾਰਾ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਸਮੇਂ ਵਾਪਰਦਾ ਹੈ ਤੇ ਫਿਰ ਦੋਹਿਤਾ ਬਾਣੀ ਦਾ ਬੋਹਿਥਾ-ਪੰਚਮ

* Email : roopsz@yahoo.com, Mob: 098146-37979

ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ *ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ* ਦੀ ਵਿਚਾਰਧਾਰਾ ਨੂੰ ਰੂਪਮਾਨ ਕਰਦੇ ਹਨ ਤੇ ਅਰਜੁਨੁ ਪਰਤਖ੍ਹ ਹਰਿ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ।

**ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।**
**ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।**

*(ਵਾਰਾਂ ਭਾਈ ਗੁਰਦਾਸ ਜੀ,੧ / ੪੮)*

ਇਨ੍ਹਾਂ ਪੰਗਤੀਆਂ ਵਿਚ ਭਾਈ ਗੁਰਦਾਸ ਜੀ ਨਾਨਕ ਨਿਰਮਲ ਪੰਥ ਦੀ ਵਿਚਾਰਧਾਰਾ ਦਾ ਹੀ ਸਾਰ-ਵਿਸਥਾਰ ਕਰਦੇ ਹਨ। ਗੁਰਬਾਣੀ ਗੁਰਮਤਿ ਵਿਚਾਰਧਾਰਾ ਦੇ ਮੂਲ ਵਿਆਖਿਆਕਾਰ ਭਾਈ ਸਾਹਿਬ ਭਾਈ ਗੁਰਦਾਸ ਜੀ ਸਪੱਸ਼ਟ ਕਰਦੇ ਹਨ ਕਿ ਜਗਤ ਗੁਰੂ—ਸ੍ਰੀ ਗੁਰੂ ਨਾਨਕ ਦੇਵ ਜੀ ਪਰਮੇਸਰ-ਪਰਮਾਤਮਾ ਦਾ ਸਾਕਾਰ ਸਰੂਪ ਪ੍ਰਕਾਸ਼ਮਾਨ ਹਨ—ਸ੍ਰੀ ਗੁਰੂ ਅੰਗਦ ਦੇਵ ਜੀ ਵੀ ਭਿੰਨ ਨਹੀਂ, ਉਹ ਵੀ ਗੁਰੂ ਨਾਨਕ ਸਾਹਿਬ ਦੇ ਸਰੀਰ ਦਾ ਹੀ ਅੰਗ ਹਨ—ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਅਗੰਮੀ ਰੱਬੀ ਜੋਤਿ ਭਾਈ ਲਹਿਣੇ ਵਿਚ ਟਿਕਾ ਦਿੱਤੀ। ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਪ੍ਰਗਟ-ਪ੍ਰਕਾਸ਼ਮਾਨ ਹੋਏ, ਜੋ ਉਸੇ ਹੀ ਨਾਮ ਰਸ ਵਿਚ ਗੜੂੰਦ-ਭਿੱਜੇ ਹੋਏ ਹਨ-ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਸ਼ਬਦ-ਸਰੂਪ ਭਾਵ ਜੋਤਿ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਤੋਂ ਧਾਰਣ ਕੀਤਾ ਤੇ *ਫਿਰ, ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥* ...

ਭਾਈ ਗੁਰਦਾਸ ਜੀ ਸਪੱਸ਼ਟ ਕਰਦੇ ਹਨ:

**ਸਤਿਗੁਰੁ ਨਾਨਕ ਦੇਉ ਹੈ ਪਰਮੇਸਰੁ ਸੋਈ।**
**ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ।**
**ਅਮਰਾ ਪਦੁ ਗੁਰੁ ਅੰਗਦਹੁੰ ਹੁਇ ਜਾਣੁ ਜਣੋਈ।**
**ਗੁਰੁ ਅਮਰਹੁੰ ਗੁਰੂ ਰਾਮਦਾਸ ਅੰਮ੍ਰਿਤ ਰਸੁ ਭੋਈ।**
**ਰਾਮਦਾਸਹੁੰ ਅਰਜਨੁ ਗੁਰੂ ਗੁਰੁ ਸਬਦ ਸਥੋਈ।**
**ਹਰਿਗੋਵਿੰਦ ਗੁਰੁ ਅਰਜਨਹੁੰ ਗੁਰੁ ਗੋਵਿੰਦੁ ਹੋਈ।**
**ਗੁਰਮੁਖਿ ਸੁਖ ਫਲ ਪਿਰਮ ਰਸੁ ਸਤਿਸੰਗ ਅਲੋਈ।**
**ਗੁਰੁ ਗੋਵਿੰਦਹੁੰ ਬਾਹਿਰਾ ਦੂਜਾ ਨਹੀ ਕੋਈ ॥**

*(ਵਾਰਾਂ ਭਾਈ ਗੁਰਦਾਸ ਜੀ, ੩੮ / ੨੦)*

ਇਸ ਤਰ੍ਹਾਂ ਹੀ, ਸਿਮਰੌ ਸ੍ਰੀ ਹਰਿਰਾਇ ਤੋਂ ਸ੍ਰੀ ਹਰਿਕ੍ਰਿਸ਼ਨ ਧਿਆਈਐ ਜੋਤਿ-ਜੋਤਿ ਵਿਚ ਟਿਕਾਉਣ ਦਾ ਨਿਰੰਕਾਰੀ ਵਰਤਾਰਾ ਵਰਤਦਾ ਪ੍ਰਤੱਖ ਪ੍ਰਗਟ ਹੁੰਦਾ ਹੈ। ਦੁੱਖਾਂ-ਦਲਿੱਦਰਾਂ ਦੇ ਨਾਸ਼ ਕਰਤਾ ਗੁਰੂ ਹਰਿਕ੍ਰਿਸ਼ਨ ਸਾਹਿਬ 'ਹਰਖੁ ਸੋਗੁ ਜਾ ਕੈ ਨਹੀ'...'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥' ਦਿੱਲੀ ਤੋਂ ਸਰੂਪ ਸਮੇਟ ਬਾਬਾ ਬਕਾਲੇ ਵਿਚ ਗੁਰੂ ਤੇਗ ਬਹਾਦਰ ਦੇ ਰੂਪ ਵਿਚ "ਪ੍ਰਗਟ ਭਏ ਗੁਰੂ ਤੇਗ ਬਹਾਦਰ" ਸੈਂਕੜੇ ਮੀਲ ਦੂਰ ਪ੍ਰਤੱਖ ਰੂਪ 'ਚ ਸਾਕਾਰ ਹੁੰਦੇ ਰਹੇ। ਇਹ ਵਰਤਾਰਾ ਨਿਰਮਲ, ਨਿਰੰਕਾਰੀ ਨਿਰੰਤਰ-ਨਿਰਗੁਣ ਤੇ ਸਰਗੁਣੀ ਹੈ। ਇਸ ਨਿਰਮਲ-ਨਿਰੰਕਾਰੀ ਸਿਧਾਂਤ ਨੂੰ ਸਮਝਣ ਲਈ ਕੁਝ ਹਵਾਲੇ ਹਨ:

**ਸਤਿਗੁਰੁ ਨਾਨਕ ਦੇਉ ਹੈ ਪਰਮੇਸਰੁ ਸੋਈ।**

*(ਵਾਰਾਂ ਭਾਈ ਗੁਰਦਾਸ, ੩੮ / ੨੦)*

**ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।**

*(ਵਾਰਾਂ ਭਾਈ ਗੁਰਦਾਸ, ੧ / ੪੫)*

ਭਾਈ ਸਾਹਿਬ ਭਾਈ ਨੰਦ ਲਾਲ ਆਪਣੀ ਅਗੰਮੀ ਰਚਨਾ 'ਜੋਤਿ ਵਿਗਾਸ' ਵਿਚ ਬੜੇ ਹੀ ਭਾਵਪੂਰਤ ਸ਼ਬਦਾਂ 'ਚ ਜੋਤਿ ਦੀ ਨਿਰੰਤਰਤਾ, ਗੁਰ ਤੇ ਗੁਰੁ ਹੋਇਆ ਦੇ ਸਿਧਾਂਤ ਨੂੰ ਸਪੱਸ਼ਟ ਕਰਦੇ ਹੋਏ ਫ਼ਰਮਾਉਂਦੇ ਹਨ:

**ਸੋ ਕਰਤਾ ਹਰਿ ਰਾਇ ਦਾਤਾਰਨੰ। ਸੋ ਹਰਿਕ੍ਰਿਸਨ ਅਗਮ ਅਪਾਰਨੰ।**
**ਸੋ ਤੇਗ ਬਹਾਦਰ ਜਤਿ ਸਪੂਰਨਹ। ਸੋ ਗੁਰੂ ਗੋਬਿੰਦ ਹਰਿ ਕਾ ਰੂਪਨਾ।**
**ਸਭ ਏਕੋ ਏਕ ਏਕਨਾ। ਨਹੀਂ ਭੇਦ ਨ ਕਛੂ ਪੇਖਨਾ।**
**ਹਮ ਗੁਰੂ ਗੋਬਿੰਦ ਸਿੰਘ ਹਮੁ ਨਾਨਕ ਅਸਤ॥** *(ਭਾਈ ਨੰਦ ਲਾਲ)*

"*ਨਾਨਕ ਗੁਰ ਤੇ ਗੁਰੁ ਹੋਇਆ*" ਦੇ ਵਰਤਾਰੇ ਨੂੰ ਸਮਝਣ-ਸਮਝਾਉਣ ਦਾ ਇਹ ਨਿਮਾਣਾ ਜਿਹਾ ਯਤਨ ਹੈ। ਸਪੱਸ਼ਟ ਰੂਪ ਵਿਚ ਇਹ ਸਮਝ ਤਦ ਹੀ ਆ ਸਕਦਾ ਹੈ ਜੇਕਰ ਅਸੀਂ 'ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ' ਦੀ ਰਾਮਕਾਰ ਨੂੰ ਪਾਰ ਕਰਦੇ ਗੁਰਬਾਣੀ ਦੀ ਨਿਰਮਲ ਵਿਚਾਰਧਾਰਾ ਨੂੰ ਸ਼ਰਧਾ, ਭਾਵਨਾ-ਸਤਿਕਾਰ ਨਾਲ ਧੁਰ ਅੰਦਰੋਂ ਮਹਿਸੂਸ ਕਰ ਸਕੀਏ।

ਗੁਰਮਤਿ ਵਿਚਾਰਧਾਰਾ ਅਨੁਸਾਰ ਯੋਗ ਅਧਿਕਾਰੀ ਨੂੰ ਜੋਤਿ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ। ਗੁਰਮਤਿ ਵਿਚ ਨਾ ਪਰਿਵਾਰ ਨੂੰ, ਨਾ ਰਿਸ਼ਤੇਦਾਰੀ ਨੂੰ, ਨਾ ਵਿਰਾਸਤ ਨੂੰ ਪਹਿਲ ਦਿੱਤੀ ਗਈ। ਜਦ ਅਸੀਂ 'ਨਾਨਕ ਗੁਰੁ ਤੇ ਗੁਰ ਹੋਇਆ' ਦੇ ਸਿਧਾਂਤ ਦਾ ਵਿਵਹਾਰਕ ਤੇ ਇਤਿਹਾਸਕ ਰੂਪ ਵਿਚ ਅਧਿਐਨ ਕਰਦੇ ਹਾਂ ਤਾਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਨਿਰੰਕਾਰੀ ਦੀ ਜੋਤਿ ਕਦੇ ਦੋਹਤੇ ਵਿਚ, ਕਦੇ ਪੁਤ-ਪੋਤੇ ਵਿਚ ਤੇ ਫਿਰ ਬਾਬੇ ਵਿਚ ਪ੍ਰਗਟ ਹੁੰਦੀ ਹੈ। 'ਬਾਬਾ ਬਕਾਲੇ' ਦੇ ਬੋਲ "ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸ਼ਟ ਪੈ ਢਾਪੀ ਚਾਦਰ" ਪ੍ਰਤੱਖ ਹੁੰਦੇ ਹਨ।

ਅਸਲ ਵਿਚ ਗੁਰਮਤਿ ਵਿਚਾਰਧਾਰਾ ਵਿਸਮਾਦੀ ਵਰਤਾਰਾ ਹੈ, ਜਿਸ ਵਿਚ ਦਿਖਾਵੇ-ਭੇਖ ਦੀ ਕੋਈ ਥਾਂ ਨਹੀਂ। ਇਸ ਨੂੰ ਨਿੱਜੀ ਰੂਪ ਵਿਚ ਅਨੁਭਵ ਕਰਦਿਆਂ ਗੂੰਗੇ ਦੀ ਮਠਿਆਈ ਵਾਂਗ ਮਹਿਸੂਸ ਕੀਤਾ ਜਾ ਸਕਦਾ ਹੈ।

**ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥**
**ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥** *(ਪੰਨਾ ੯੬੮)*

ਸਰੀਰ ਮਰਨਹਾਰ ਹੈ, ਬਿਨਸਨਹਾਰ ਹੈ, ਜੋਤਿ ਨਿਰੰਤਰ ਤੇ ਇਕਸਾਰ ਨਿਰੰਕਾਰੀ ਹੈ। ਪਾਵਨ ਗੁਰਬਾਣੀ ਸਪੱਸ਼ਟ ਕਰਦੀ ਹੈ:

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**
**ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥**
**ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥**

**ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥**
**ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥** *(ਪੰਨਾ ੧੪੦੮)*

**ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥**
**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥** *(ਪੰਨਾ ੧੪੦੯)*

**ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥**
**ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥** *(ਪੰਨਾ ੧੧੯੨)*

ਗੁਰੂ ਨਾਨਕ ਜੋਤਿ ਧੁਰ ਤੋਂ 'ਸ਼ਬਦ ਗੁਰੂ' ਦੇ ਸਿਧਾਂਤ ਦੀ ਧਾਰਣੀ ਹੈ। ਸਬਦੁ ਗੁਰੂ ਪਰਕਾਸਿਓ ਹਰ ਰਸਨ ਬਸਾਯਉ... ਜੋ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਲਾਹੀ ਹੁਕਮ '*ਆਗਿਆ ਭਈ ਅਕਾਲ ਕੀ ਤਬੈ ਚਲਾਇਉ ਪੰਥ॥ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ, ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾ ਕੀ ਦੇਹ॥*' ਨਾਲ ਜੋਤਿ ਰੂਪ 'ਚ ਸੰਪੂਰਨ ਹੁੰਦੀ ਹੈ।

ਜੋਤਿ-ਜੁਗਤਿ ਸਿਧਾਂਤ ਸ਼ਬਦ-ਗੁਰੂ ਤੇ ਪੰਥ-ਗੁਰੂ ਦੇ ਸਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟ ਕਰਕੇ ਸ਼ਬਦ-ਗੁਰੂ 'ਗੁਰੂ ਗ੍ਰੰਥ ਜੀ ਮਾਨਿਓ' ਤੇ 'ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ' ਦੇ ਸਿਧਾਂਤਕ-ਵਿਵਹਾਰਕ ਰੂਪ ਵਿਚ ਸਦੀਵ ਕਾਲ ਲਈ ਸਥਾਪਿਤ ਕਰ ਦਿੱਤਾ। ਗੁਰਬਾਣੀ ਦੇ ਪਾਵਨ ਸਿਧਾਂਤ ਅਨੁਸਾਰ:

**ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥**
**ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥** *(ਪੰਨਾ ੬੨੨)*

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ 'ਅੰਮ੍ਰਿਤ ਨਾਮ' ਰੂਪ 'ਚ ਨਾਨਕ ਨਿਰਮਲ ਪੰਥ ਦੀ ਵਿਚਾਰਧਾਰਾ ਨੂੰ ਸਤਿ ਕਰ ਮੰਨਣ ਤੇ ਜੀਵਨ ਸ਼ੈਲੀ ਦਾ ਹਿੱਸਾ ਬਨਾਉਣ ਦਾ ਆਦੇਸ਼ ਕਰਦੇ ਹਨ ਕਿ ਜੀਵਨ ਕਾਲ ਵਿਚ ਜੇਕਰ ਅਸੀਂ ਅਧਿਆਤਮਕ ਖੁਰਾਕ ਖਾ-ਪਚਾ ਸਕੀਏ ਤਾਂ ਹੀ ਸਾਡਾ ਤੇ ਮਾਨਵਤਾ ਦਾ ਉਧਾਰ, ਭਲਾ ਹੋਵੇਗਾ:

**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**
**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**
**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**
**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥** *(ਪੰਨਾ ੧੪੨੯)*

ਸੰਸਾਰਿਕ ਤੇ ਵਿਵਹਾਰਿਕ ਰੂਪ 'ਚ ਅਸੀਂ ਵੇਖਦੇ ਹਾਂ, ਜੇਕਰ ਸਰੀਰਕ ਖੁਰਾਕ ਖਾ ਕੇ ਜੇ ਉਸ ਨੂੰ ਹਜ਼ਮ ਨਾ ਕੀਤਾ ਜਾਵੇ ਤਾਂ ਬਦਹਜ਼ਮੀ ਪੈਦਾ ਹੁੰਦੀ ਹੈ। ਇਸ ਤਰ੍ਹਾਂ ਗੁਰਮਤਿ ਵਿਚਾਰਧਾਰਾ ਬਾਰੇ ਪੜ੍ਹ-ਸੁਣ ਕੇ ਜੇਕਰ ਅਸੀਂ ਸ਼ਰਧਾ, ਸਤਿਕਾਰ, ਭਾਵਨਾ ਨਾਲ ਵਿਚਾਰ ਕਰਕੇ, ਅਮਲ ਨਹੀਂ ਕਰਦੇ, ਵਾਦ-ਵਿਵਾਦ, ਗਿਣਤੀਆਂ-ਮਿਣਤੀਆਂ 'ਚ ਪੈਂਦੇ ਹਾਂ ਤਾਂ ਇਹ 'ਧਾਰਮਿਕ ਹਉਮੈ' ਦਾ ਕਾਰਣ ਤਾਂ ਬਣੇਗੀ ਪਰ ਜੀਵਨ ਯਾਤਰਾ ਸਫਲੀ ਕਰਨ ਵਿਚ ਸਹਾਇਕ ਨਹੀਂ ਹੋਵੇਗੀ। ਗੁਰਬਾਣੀ ਅਨੁਸਾਰ:

**ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥**
**ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ॥** *(ਪੰਨਾ ੬੮੫)*

ਗੁਰਬਾਣੀ ਦੀ ਪਾਵਨ ਪੰਗਤੀ *ਜਨਮ ਮਰਣ ਤੇ ਰਹਤ ਨਾਰਾਇਣ* ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜਨਮ-ਮਰਨ ਤੋਂ ਰਹਿਤ ਹੈ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਅਕਾਲ ਰੂਪ ਆਦਿ-ਜੁਗਾਦੀ ਗੁਰੂ ਹਨ 'ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥' ਇਹ ਜੋਤਿ ਅਮਰ-ਅਜੂਨੀ ਨਿਰਭਉ-ਨਿਰੰਕਾਰੀ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਜੋਤਿ ਹਮੇਸ਼ਾ ਪ੍ਰਗਟ ਹੋਈ- ਪ੍ਰਕਾਸ਼ ਦਾ ਅਰਥ ਵੀ ਪ੍ਰਗਟ ਹੋਣ ਦੀ ਪ੍ਰਕ੍ਰਿਆ ਹੈ। ਪਹਿਲਾਂ ਜੋਤਿ ਦਸ ਗੁਰੂ ਸਾਹਿਬਾਨ 'ਚ ਪ੍ਰਗਟ ਹੋਈ ਤੇ ਫਿਰ '*ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥*' ਦੀ ਵਿਚਾਰਧਾਰਾ ਨੂੰ ਸੰਪੂਰਨ ਕਰਦਿਆਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਖ਼ਾਲਸਾ ਪੰਥ ਪ੍ਰਗਟ ਕਰ ਸ਼ਬਦ-ਗੁਰੂ, ਸ੍ਰੀ ਗੁਰੂ ਸਾਹਿਬ ਗ੍ਰੰਥ ਜੀ ਨੂੰ ਗੁਰੂ ਮੰਨਣ ਦਾ ਆਦੇਸ਼ ਕੀਤਾ, ਜਿਸ ਦੀ ਪਾਲਣਾ ਕਰਨਾ ਹਰ ਗੁਰਸਿੱਖ ਆਪਣਾ ਪਰਮ ਧਰਮ ਕਰਤੱਵ ਤੇ ਸੁਭਾਗ ਸਮਝਦਾ ਹੈ। ਗੁਰੂ-ਖ਼ਾਲਸਾ ਪੰਥ ਨੂੰ 'ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ' ਰਾਹੀਂ ਪ੍ਰਗਟ ਕਰਦਿਆਂ ਸਿੱਖ ਰਹਿਤ ਮਰਯਾਦਾ 'ਚ 'ਗੁਰੂ-ਪੰਥ' ਨੂੰ ਪ੍ਰਭਾਸ਼ਿਤ ਕੀਤਾ ਗਿਆ ਹੈ:

> "ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।"

*(ਸਿੱਖ ਰਹਿਤ ਮਰਯਾਦਾ, ਪੰਨਾ ੨੭)*

ਸਪੱਸ਼ਟ ਹੈ ਕਿ ਗੁਰੂ ਜੋਤਿ ਸ਼ੁਰੂ ਤੋਂ ਹੀ ਪ੍ਰਗਟ ਹੈ ਤੇ ਅੱਜ ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੋਤਿ, ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਦੇ ਰੂਪ 'ਚ ਪ੍ਰਗਟ-ਪ੍ਰਕਾਸ਼ਮਾਨ ਹੈ। ਆਓ ਨਿਰਭਉ-ਨਿਰਵੈਰ-ਨਿਰੰਕਾਰੀ-ਨਿਰੰਤਰ **ਗੁਰੂ ਜੋਤਿ** ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਸਰਗੁਣ ਸਰੂਪ ਦਸ ਗੁਰੂ ਸਾਹਿਬਾਨ ਤੇ ਗੁਰੂ-ਪੰਥ ਦੇ ਸਿਧਾਂਤ ਤੇ ਵਿਚਾਰਧਾਰਾ 'ਤੇ ਅਮਲ ਕਰ ਕੇ ਆਪਣਾ ਜੀਵਨ ਸਫਲਾ ਕਰੀਏ।

x x x

# ਜੀਵਨ-ਦਰਸ਼ਨ

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਜਗਤ ਫੇਰੀ ਦਾ ਸੰਖੇਪ ਵੇਰਵਾ

| | |
|---|---|
| **ਪ੍ਰਕਾਸ਼ ਪੁਰਬ** | : 16 ਜਨਵਰੀ, ਸੰਨ 1630। |
| **ਪ੍ਰਕਾਸ਼ ਅਸਥਾਨ** | : ਸ਼ੀਸ਼ ਮਹਿਲ, ਕੀਰਤਪੁਰ ਸਾਹਿਬ, ਜ਼ਿਲ੍ਹਾ ਰੋਪੜ। |
| **ਪਿਤਾ** | : ਬਾਬਾ ਗੁਰਦਿੱਤਾ ਜੀ। |
| **ਮਾਤਾ** | : ਮਾਤਾ ਨਿਹਾਲ ਕੌਰ ਜੀ, ਜਿਨ੍ਹਾਂ ਨੂੰ ਅਨੰਤੀ ਤੇ ਨੱਤੀ ਵੀ ਕਹਿੰਦੇ ਸਨ। |
| **ਗੁਰਿਆਈ** | : ਕੀਰਤਪੁਰ ਸਾਹਿਬ (ਜ਼ਿਲ੍ਹਾ ਰੋਪੜ) 8 ਮਾਰਚ ਸੰਨ 1644। |
| **ਵਿਆਹ** | : ਅਨੂਪ ਸ਼ਹਿਰ (ਉੱਤਰ ਪ੍ਰਦੇਸ਼) ਨਿਵਾਸੀ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕਿਸ਼ਨ ਕੌਰ (ਸੁਲੱਖਣੀ) ਜੀ ਨਾਲ 1640 ਈ. ਨੂੰ। |
| **ਸੰਤਾਨ** | : ਰਾਮਰਾਇ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ। |
| **ਜੋਤੀ-ਜੋਤਿ ਦਿਵਸ** | : 6 ਅਕਤੂਬਰ ਸੰਨ 1661, ਕੀਰਤਪੁਰ ਸਾਹਿਬ। |

# ਸਿਮਰੌ ਸ੍ਰੀ ਹਰਿਰਾਇ

ਸਿੱਖ ਕੌਮ ਦੇ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਪ੍ਰਕਾਸ਼ 1630 ਈ. ਨੂੰ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਦੇ ਉਦਰ ਤੋਂ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਬਚਪਨ ਤੋਂ ਹੀ ਸਤੋਗੁਣੀ, ਸੰਤੋਖੀ, ਬੇਪਰਵਾਹ ਤੇ ਸਾਧੂ ਸੁਭਾਅ ਸਨ ਅਤੇ ਸਦਾ ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਵਿਚ ਰਹਿੰਦੇ ਸਨ।

ਆਪ ਜੀ ਦੀ ਸ਼ਾਦੀ ਸੰਨ 1640 ਵਿਚ ਅਨੂਪ ਸ਼ਹਿਰ (ਜ਼ਿਲ੍ਹਾ ਬੁਲੰਦ ਸ਼ਹਿਰ—ਯੂ.ਪੀ. ਨਿਵਾਸੀ) ਦਇਆ ਰਾਮ ਜੀ ਦੀ ਸਪੁੱਤਰੀ ਬੀਬੀ ਕਿਸ਼ਨ ਕੌਰ ਜੀ ਨਾਲ ਹੋਈ ਤੇ ਇਨ੍ਹਾਂ ਦੀ ਕੁੱਖੋਂ ਦੋ ਸਪੁੱਤਰ (ਰਾਮਰਾਇ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ) ਪੈਦਾ ਹੋਏ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਨਾਨਕ ਦੀ ਗੱਦੀ ਦੇ ਲਾਇਕ ਆਪਣੇ ਵੱਡੇ ਸਪੁੱਤਰ ਗੁਰਦਿੱਤਾ ਜੀ ਦੇ ਛੋਟੇ ਬੇਟੇ ਸ੍ਰੀ ਹਰਿਰਾਇ ਜੀ ਨੂੰ ਹੀ ਸਮਝਿਆ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹਰਿਰਾਇ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। ਇਸ ਤਰ੍ਹਾਂ ਆਪ ਜੀ ਨੇ 15 ਸਾਲ ਦੀ ਛੋਟੀ ਉਮਰੇ 8 ਮਾਰਚ, 1644 ਨੂੰ ਗੁਰਿਆਈ ਪ੍ਰਾਪਤ ਕੀਤੀ।

ਆਪ ਜਦੋਂ ਗੁਰਗੱਦੀ 'ਤੇ ਬੈਠੇ ਤਾਂ ਆਪਣਾ ਬਹੁਤਾ ਸਮਾਂ ਧਰਮ ਪ੍ਰਚਾਰ ਵਿਚ ਹੀ ਲਾਉਂਦੇ ਸਨ, ਫਿਰ ਭੀ ਆਪ ਨੂੰ ਦੋ ਵਾਰ ਫ਼ੌਜ ਦਾ ਪ੍ਰਬੰਧ ਕਰਨਾ ਪਿਆ। ਇਕ ਵਾਰ ਜਦੋਂ ਯਾਰ ਖਾਂ (ਜਿਸ ਦਾ ਪਿਤਾ ਮੁਖਲਸ ਖਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੱਥੋਂ ਮਾਰਿਆ ਗਿਆ ਸੀ) ਨੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ, ਜਦੋਂ ਗੁਰੂ ਜੀ ਮਾਲਵੇ ਦਾ ਦੌਰਾ ਕਰਕੇ ਗੋਇੰਦਵਾਲ ਸਾਹਿਬ ਜਾ ਰਹੇ ਸਨ। ਦੂਜੀ ਵਾਰ ਜਦੋਂ ਕਹਿਲੂਰ ਦੇ ਰਾਜੇ ਨੇ ਸਿੱਖਾਂ ਨੂੰ ਬਹੁਤ ਤੰਗ ਕੀਤਾ ਸੀ। ਆਪ ਬਹੁਤ ਦਿਆਲੂ ਸਨ ਤੇ ਕਿਸੇ ਵੀ ਸ਼ਰਨ ਆਏ ਨੂੰ ਜਵਾਬ ਨਹੀਂ ਸਨ ਦਿੰਦੇ। ਆਪ ਦਾ ਹਿਰਦਾ ਬੜਾ ਕੋਮਲ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰੀ ਗੁਰੂ ਜੀ ਦੇ ਚੋਗੇ ਨਾਲ ਅੜ ਕੇ ਕੁਝ ਫੁੱਲ ਧਰਤੀ 'ਤੇ ਡਿੱਗ ਪਏ। ਗੁਰੂ ਸਾਹਿਬ ਦੇ ਕੋਮਲ ਹਿਰਦੇ 'ਤੇ ਇਸ ਦ੍ਰਿਸ਼ ਦਾ ਬੜਾ ਗੂੜ੍ਹਾ ਪ੍ਰਭਾਵ ਪਿਆ ਤੇ ਗੁਰੂ ਜੀ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਆਪ ਨੇ ਇਰਾਦਾ ਕੀਤਾ ਕਿ ਅੱਗੋਂ ਨੂੰ ਚੋਲਾ ਸੰਭਾਲ ਕੇ ਤੁਰਾਂਗੇ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਗੁਰੂ ਨਾਨਕ-ਸੰਦੇਸ਼ ਦੇ ਪ੍ਰਚਾਰ ਹਿੱਤ ਮਾਝੇ ਤੇ ਦੁਆਬੇ ਗਏ ਅਤੇ ਮਾਲਵੇ ਦੇ ਵਿਅਕਤੀ ਫੂਲ ਨੂੰ ਅਜਿਹਾ ਵਰ ਦਿੱਤਾ ਕਿ ਉਸ ਦੇ ਵੰਸ਼ ਨੇ ਕੋਈ ਦੋ ਸੌ ਸਾਲ ਪਟਿਆਲਾ, ਨਾਭਾ ਤੇ ਜੀਂਦ 'ਤੇ ਰਾਜ ਕੀਤਾ। ਇਹਨਾਂ ਨੂੰ ਫੂਲਕੀਆਂ ਰਿਆਸਤਾਂ ਕਿਹਾ ਜਾਂਦਾ ਸੀ।

ਦਾਰਾ ਸ਼ਿਕੋਹ ਔਰੰਗਜ਼ੇਬ ਨਾਲ ਟੱਕਰ ਲੈਣ ਸਮੇਂ ਗੁਰੂ ਜੀ ਪਾਸ ਆਇਆ ਤੇ ਗੁਰੂ ਜੀ ਤੋਂ ਸਹਾਇਤਾ ਮੰਗਣ ਲੱਗਾ। ਗੁਰੂ ਜੀ ਦੀ ਸਹਾਇਤਾ ਤੋਂ ਚਿੜ ਕੇ ਔਰੰਗਜ਼ੇਬ ਜਦੋਂ ਗੱਦੀ

'ਤੇ ਬੈਠਿਆ ਤਾਂ ਉਸ ਨੇ ਗੁਰੂ ਜੀ ਨੂੰ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਪਰ ਆਪਣੇ ਵੱਡੇ ਲੜਕੇ ਰਾਮਰਾਇ ਨੂੰ ਭੇਜ ਦਿੱਤਾ।

ਔਰੰਗਜ਼ੇਬ ਨੇ ਇਹ ਵੇਖਣ ਲਈ ਕਿ ਸਿੱਖ ਧਰਮ ਮੁਸਲਮਾਨੀ ਧਰਮ ਦੇ ਵਿਰੁੱਧ ਤਾਂ ਨਹੀਂ, ਰਾਮਰਾਇ 'ਤੇ ਅਨੇਕਾਂ ਪ੍ਰਸ਼ਨ ਕੀਤੇ ਤੇ ਰਾਮਰਾਇ ਨੇ ਬੜੀ ਯੋਗਤਾ ਨਾਲ ਉੱਤਰ ਦਿੱਤੇ, ਪਰ ਜਦੋਂ ਔਰੰਗਜ਼ੇਬ ਨੇ ਕਿਹਾ ਕਿ—ਸਿੱਖਾਂ ਦੇ ਗ੍ਰੰਥ ਵਿਚ 'ਮਿਟੀ ਮੁਸਲਮਾਨ ਕੀ' ਲਿਖਿਆ ਹੈ ਤਾਂ ਰਾਮਰਾਇ ਨੇ ਕਿਹਾ—ਨਹੀਂ, ਇਹ 'ਮਿੱਟੀ ਬੇਈਮਾਨ ਕੀ' ਹੈ। ਇਸ 'ਤੇ ਔਰੰਗਜ਼ੇਬ ਨੇ ਖ਼ੁਸ਼ ਹੋ ਕੇ ਰਾਮਰਾਇ ਨੂੰ ਡੇਹਰਾਦੂਨ ਜਗੀਰ ਦਿੱਤੀ ਪਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਇਸ ਗੱਲ ਤੋਂ ਬਹੁਤ ਦੁਖੀ ਹੋਏ ਅਤੇ ਗੁਰੂ ਜੀ ਨੇ ਗੁਰਗੱਦੀ ਦਾ ਹੱਕਦਾਰ ਛੋਟੇ ਲੜਕੇ ਹਰਿਕ੍ਰਿਸ਼ਨ ਜੀ ਨੂੰ ਘੋਸ਼ਿਤ ਕਰ ਦਿੱਤਾ। ਰਾਮਰਾਇ ਨੇ ਬਹੁਤ ਮਾਫ਼ੀਆਂ ਮੰਗੀਆਂ, ਪਰ ਗੁਰੂ ਜੀ ਗੁਰਬਾਣੀ ਦਾ ਇੰਨਾ ਵੱਡਾ ਨਿਰਾਦਰ ਨਾ ਸਹਾਰ ਸਕੇ। ਇਸ 'ਤੇ ਰਾਮਰਾਇ ਨੇ ਪ੍ਰਿਥੀਏ ਵਾਂਗ ਕਈ ਮੁਸੀਬਤਾਂ ਖੜੀਆਂ ਕਰ ਦਿੱਤੀਆਂ। ਗੁਰੂ ਜੀ ਨੇ ਰਾਮਰਾਇ ਨੂੰ ਮੀਣਿਆਂ ਤੇ ਧੀਰ ਮੱਲੀਆਂ ਵਾਂਗ ਸਿੱਖ ਭਾਈਚਾਰੇ ਵਿਚੋਂ ਖਾਰਜ ਕਰ ਦਿੱਤਾ।

ਅਪਾਰ ਸਿੱਖਾਂ ਦਾ ਉਧਾਰ ਕਰਕੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜਦੋਂ ਆਪਣਾ ਚੋਲਾ ਛੱਡਣ ਦਾ ਸਮਾਂ ਨੇੜੇ ਆਇਆ ਵੇਖਿਆ ਤਾਂ ਇਕ ਵੱਡਾ ਦਰਬਾਰ ਸਜਾ ਕੇ ਆਪਣੇ ਛੋਟੇ ਸਪੁੱਤਰ ਹਰਿਕ੍ਰਿਸ਼ਨ ਜੀ, ਜੋ ਉਸ ਸਮੇਂ ਕੇਵਲ ਪੰਜ ਸਾਲ ਦੇ ਸਨ, ਨੂੰ ਗੁਰਤਾਗੱਦੀ 'ਤੇ ਬਿਠਾ ਕੇ ਬਾਬੇ ਬੁੱਢੇ ਦੀ ਅੰਸ਼ ਭਾਈ ਭਾਨੇ ਦੇ ਹੱਥੋਂ ਤਿਲਕ ਲਵਾਇਆ ਅਤੇ ਆਪ 6 ਅਕਤੂਬਰ, 1661 ਨੂੰ ਜੋਤੀ ਜੋਤਿ ਸਮਾ ਗਏ। ਇਸ ਤਰ੍ਹਾਂ ਆਪ ਜੀ ਨੇ 17 ਵਰ੍ਹੇ, ਪੰਜ ਮਹੀਨੇ 8 ਦਿਨ ਗੁਰਤਾ ਕੀਤੀ ਤੇ 31 ਵਰ੍ਹੇ 8 ਮਹੀਨੇ 17 ਦਿਨ ਆਯੂ ਭੋਗੀ।

(2/1982)

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਸਨ—ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ ਅਤੇ (ਗੁਰੂ) ਤੇਗ ਬਹਾਦਰ ਸਾਹਿਬ। ਬਾਬਾ ਗੁਰਦਿੱਤਾ ਜੀ ਦੇ ਦੋ ਪੁੱਤਰ ਸਨ—ਬਾਬਾ ਧੀਰਮੱਲ ਜੀ ਅਤੇ (ਗੁਰੂ) ਹਰਿਰਾਇ ਸਾਹਿਬ।

ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਜਨਮ, ਨਗਰ ਕੀਰਤਪੁਰ ਵਿਚ 16 ਜਨਵਰੀ, 1630 ਨੂੰ ਹੋਇਆ ਸੀ। ਕੀਰਤਪੁਰ ਜ਼ਿਲ੍ਹਾ ਰੋਪੜ ਵਿਚ ਹੈ। ਇਹ ਨਗਰ ਸੰਨ 1627 ਵਿਚ ਵੱਸਿਆ ਸੀ। ਦੂਣ ਹੰਡੂਰ ਦੇ ਰਾਜੇ ਤਾਰਾ ਚੰਦ ਤੋਂ ਜ਼ਮੀਨ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਨਾਲ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ। ਇਹ ਉਹੀ ਥਾਂ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ। ਕੀਰਤਪੁਰ ਰੇਲ ਦਾ ਸਟੇਸ਼ਨ ਹੈ, ਸਰਹੰਦ ਤੋਂ ਪਹਾੜ ਪਾਸੇ ਵੱਲ ਨੰਗਲ ਤੱਕ ਜਾਣ ਵਾਲੀ ਰੇਲਵੇ ਲਾਈਨ ਉੱਤੇ ਸਰਹੰਦ ਤੋਂ ਯਾਰ੍ਹਵਾਂ ਤੇ ਰੋਪੜ ਤੋਂ ਤੀਜਾ। ਸਰਹੰਦ ਤੋਂ ਕੀਰਤਪੁਰ 43 ਮੀਲ ਅਤੇ ਰੋਪੜ ਤੋਂ 17 ਮੀਲ ਦੀ ਵਿੱਥ 'ਤੇ ਹੈ। ਕੀਰਤਪੁਰ ਤੋਂ ਅਗਲਾ ਸਟੇਸ਼ਨ ਅਨੰਦਪੁਰ ਤੇ ਉਸ ਤੋਂ ਅਗਲਾ ਨੰਗਲ ਹੈ। ਕੀਰਤਪੁਰ ਤੇ ਅਨੰਦਪੁਰ ਦੀ ਵਿੱਥ ਪੰਜ ਮੀਲਾਂ ਦੀ ਹੈ।

## ਗੁਰਿਆਈ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 3 ਮਾਰਚ, 1644 ਨੂੰ ਐਤਵਾਰ ਕੀਰਤਪੁਰ ਸਾਹਿਬ ਜੋਤੀ-ਜੋਤਿ ਸਮਾਏ ਸਨ। ਆਪਣੇ ਦੇਹਾਂਤ ਤੋਂ ਪਹਿਲਾਂ ਉਹਨਾਂ ਨੇ ਆਪਣੇ ਥਾਂ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ ਸੀ, ਉਸ ਵਕਤ ਇਹਨਾਂ ਦੀ ਉਮਰ 14 ਸਾਲਾਂ ਦੇ ਕਰੀਬ ਸੀ।

## ਔੜ ਅਤੇ ਕਾਲ

ਅਕਬਰ ਰਾਜ ਸਮੇਂ ਮਾਝੇ ਵਿਚ ਤਿੰਨ-ਚਾਰ ਸਾਲ ਬੜੀ ਔੜ ਲੱਗਣ ਦੇ ਕਾਰਨ ਭਿਆਨਕ ਕਾਲ ਪਿਆ ਸੀ। ਸ੍ਰੀ ਗੁਰੂ ਅਰਜਨ ਸਾਹਿਬ ਨੇ ਮਾਝੇ ਦੇ ਪਿੰਡ-ਪਿੰਡ ਵਿਚ ਜਾ ਕੇ ਲੋੜਵੰਦਾਂ ਨੂੰ ਮਾਇਕ ਸਹਾਇਤਾ ਦੇ ਕੇ ਖੂਹ ਲਵਾਏ ਸਨ। ਇਸ ਕਾਲ ਦਾ ਅਸਰ ਜਦੋਂ ਲਾਹੌਰ ਸ਼ਹਿਰ ਉੱਤੇ ਪਿਆ ਤਾਂ ਸਤਿਗੁਰੂ ਜੀ ਅੱਠ ਮਹੀਨੇ ਲਾਹੌਰ ਰਹਿ ਕੇ ਦੁਖੀਆਂ ਦੀ ਹਰ ਤਰ੍ਹਾਂ ਮਦਦ ਕਰਦੇ ਰਹੇ। ਇਹੀ ਕਾਰਨ ਸੀ ਕਿ ਅਕਬਰ ਦੇ ਦਿਲ ਵਿਚ ਗੁਰੂ-ਘਰ ਵਾਸਤੇ ਆਦਰ ਸਤਿਕਾਰ ਸੀ।

ਅਸੀਂ ਇਹ ਭੀ ਪੜ੍ਹਦੇ ਹਾਂ ਕਿ ਜਹਾਂਗੀਰ ਦੇ ਵਕਤ ਲਾਹੌਰ ਅਤੇ ਕਸ਼ਮੀਰ ਵਿਚ ਗਿਲ੍ਹਟੀ-

ਤਾਪ ਨੇ ਬੜੇ ਆਹੂ ਲਾਹੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰੀਆਂ ਦੀ ਮਦਦ ਕਰਨ ਲਈ ਦੋ-ਦੋ ਮੰਜ਼ਿਲਾਂ ਦੀ ਇਕ ਇਕ ਮੰਜ਼ਿਲ ਕਰ ਕੇ ਕਸ਼ਮੀਰ ਗਏ ਸਨ। ਉਥੇ ਇਕ ਸਾਲ ਦੇ ਕਰੀਬ ਉਹਨਾਂ ਲੋਕਾਂ ਦੀ ਉਹ ਹਰ ਤਰ੍ਹਾਂ ਸਹਾਇਤਾ ਕਰਦੇ ਰਹੇ ਸਨ। ਫਿਰ ਲਾਹੌਰ ਆ ਕੇ ਭੀ ਸਤਿਗੁਰੂ ਜੀ ਨੇ ਮਰੀ ਦਾ ਸ਼ਿਕਾਰ ਹੋ ਰਹੇ ਗਰੀਬਾਂ ਦੀ ਮਦਦ ਕੀਤੀ ਸੀ। ਕਸ਼ਮੀਰ ਅਤੇ ਮਾਝੇ ਵਿਚ ਇਸੇ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੜੇ ਹਰਮਨ ਪਿਆਰੇ ਹੋ ਗਏ ਸਨ। ਪਰ ਜਹਾਂਗੀਰ ਉੱਤੇ ਇਸ ਦਾ ਉਲਟ ਅਸਰ ਪਿਆ ਸੀ। ਉਸ ਨੂੰ ਤੌਖਲਾ ਪੈ ਗਿਆ ਸੀ ਕਿ ਕਿਤੇ ਸਿੱਖਾਂ ਦੀ ਵਧਦੀ ਤਾਕਤ ਮੁਗ਼ਲ ਹਕੂਮਤ ਵਾਸਤੇ ਖ਼ਤਰਾ ਨਾ ਬਣ ਜਾਏ।

ਸ਼ਾਹ ਜਹਾਨ ਦੇ ਰਾਜ ਸਮੇਂ ਭੀ ਹਿੰਦੁਸਤਾਨ ਵਿਚ ਭਾਰੀ ਕਾਲ ਪਿਆ ਸੀ। ਪਹਿਲਾਂ ਦੱਖਣ ਵਿਚ, ਫਿਰ ਕਸ਼ਮੀਰ ਵਿਚ ਅਤੇ ਫਿਰ ਪੰਜਾਬ ਵਿਚ। ਕਸ਼ਮੀਰ ਵਿਚ ਤਾਂ ਬਹੁਤੀ ਵਰਖਾ ਨੇ ਫਸਲ-ਮਾਰ ਕਰ ਦਿੱਤੀ, ਦੱਖਣ ਅਤੇ ਪੰਜਾਬ ਵਿਚ ਔੜ ਨੇ ਲੋਕਾਂ ਨੂੰ ਆਤੁਰ ਕਰ ਦਿੱਤਾ। ਸੰਨ 1639 ਵਿਚ ਸ਼ਾਹ ਜਹਾਨ ਨੇ ਪੰਜਾਬ ਵਿਚ ਨਹਿਰਾਂ ਪੁੱਟਣ ਦੇ ਜਤਨ ਤਾਂ ਕੀਤੇ ਕਰਾਏ, ਪਰ ਫਿਰ ਭੀ ਸੰਨ 1646 ਵਿਚ ਇਥੇ ਕਾਲ ਪੈ ਗਿਆ। ਤਿੰਨ ਕੁ ਸਾਲ ਬੜੀ ਔੜ ਲੱਗੀ ਰਹੀ। ਜਿਥੇ ਜਿਥੇ ਇਸ ਔੜ ਨੇ ਤਬਾਹੀ ਮਚਾਈ, ਲੋਕ ਰੋਟੀ ਦੀ ਇਕ ਇਕ ਬੁਰਕੀ ਤੋਂ ਆਤੁਰ ਹੋ ਗਏ। ਇਕ ਇਕ ਰੋਟੀ ਤੋਂ ਸਰੀਰਕ ਇੱਜ਼ਤ ਵਿਕ ਰਹੀ ਸੀ। ਮਨੁੱਖ ਮਨੁੱਖਾਂ ਨੂੰ ਖਾਣ ਲੱਗ ਪਏ। ਮਾਪੇ ਆਪਣੇ ਬੱਚਿਆਂ ਨੂੰ ਵੇਚ ਰਹੇ ਸਨ। ਸ਼ਾਹ ਜਹਾਨ ਨੇ ਸ਼ਾਹੀ ਖ਼ਜ਼ਾਨੇ ਵਿਚੋਂ ਚਾਰ ਕੁ ਹਜ਼ਾਰ ਰੁਪਿਆ ਦੇ ਕੇ ਦਸ ਲੰਗਰ ਖੁਲ੍ਹਾਏ ਸਨ, ਪਰ ਇਤਨੀ ਥੋੜੀ ਰਕਮ ਨਾਲ ਅਤੇ ਫਿਰ ਸਰਕਾਰੀ ਹਾਕਮਾਂ ਦੇ ਰਾਹੀਂ ਵਰਤੀ ਰਕਮ ਨਾਲ ਕਾਲ-ਪੀੜਤਾਂ ਦੀ ਕਿਤਨੀ ਕੁ ਸਹਾਇਤਾ ਹੋ ਸਕਦੀ ਸੀ ?

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਾਹਮਣੇ ਆਪਣੇ ਦਾਦਾ ਅਤੇ ਪੜਦਾਦਾ ਜੀ ਦੇ ਪਾਏ ਪੂਰਨੇ ਮੌਜੂਦ ਸਨ। ਜਿਸ ਦਸਵੰਧ-ਮਰਯਾਦਾ ਨੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਗਰੀਬਾਂ ਨੂੰ ਅਮੋਲਕ ਸਹਾਰਾ ਦਿੱਤਾ ਸੀ, ਉਹੀ ਦਸਵੰਧ ਹੁਣ ਭੀ ਕਾਲ ਪੀੜਤਾਂ ਲਈ ਥੰਮ੍ਹੀ ਸਾਬਤ ਹੋਇਆ। ਸਿੱਖ ਦੀ ਗਿਣਤੀ ਭੀ ਅੱਗੇ ਨਾਲੋਂ ਬਹੁਤ ਵੱਧ ਚੁੱਕੀ ਸੀ। ਹੋਰ ਹੋਰ ਪ੍ਰਾਂਤਾਂ ਵਿਚੋਂ ਸੁਖੀ ਵੱਸਦੇ ਸਿੱਖਾਂ ਨੇ ਦਿਲ ਖੋਲ੍ਹ ਕੇ ਮਾਇਆ ਭੇਜੀ, ਜੋ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਕਾਲ ਪੀੜਤਾਂ ਦੀ ਮਦਦ ਵਾਸਤੇ ਵਰਤੀ।

## ਮੰਦਰਾਂ ਵਿਰੁੱਧ ਸ਼ਾਹੀ ਹੁਕਮ

ਕੋਈ ਭੀ ਧਰਮ ਹੋਵੇ, ਕਿਤਨੇ ਭੀ ਉੱਚੇ ਆਦਰਸ਼ ਵਾਲਾ ਹੋਵੇ, ਜਦੋਂ ਉਹ ਸਿਰਫ਼ ਗੀਤਾਂ-ਰਸਮਾਂ ਦੀ ਹੱਦ-ਬੰਦੀ ਵਿਚ ਆ ਜਾਂਦਾ ਹੈ, ਤਦੋਂ ਉਸ ਧਰਮ ਦੇ ਆਗੂ ਤੇ ਰਾਖੇ ਮਨੁੱਖਤਾ ਦੀ ਕਦਰ ਕਰਨ ਦੇ ਨਿਸ਼ਾਨੇ ਤੋਂ ਉੱਕ ਜਾਂਦੇ ਹਨ। ਨਵੇਂ-ਨਵੇਂ ਧਰਮ-ਅਸਥਾਨ ਭੀ ਬਣਦੇ ਹੀ ਰਹਿੰਦੇ ਹਨ, ਫਿਰ ਭੀ ਧਾਰਮਿਕ ਕ੍ਰਿਆ ਧਰਮ ਅਸਥਾਨਾਂ ਦੇ ਅੰਦਰ ਹੀ ਰਹਿ ਜਾਂਦੀ ਹੈ। ਇਹ ਕਮਜ਼ੋਰੀ ਹਿੰਦੂ ਧਰਮ ਦੇ ਨੇਤਾ ਬ੍ਰਾਹਮਣ ਲੋਕਾਂ ਵਿਚ ਆ ਚੁੱਕੀ ਸੀ। ਖ਼ਲਕਤ ਦਾ ਭਲਾ ਚਾਹੁਣ ਵਾਲੇ ਹਰੇਕ ਵਿਅਕਤੀ ਦਾ ਹੱਕ ਤੇ ਫ਼ਰਜ਼ ਹੈ ਕਿ ਇਸ ਉਕਾਈ ਵਲੋਂ ਜਨਤਾ ਨੂੰ

ਡਰਾਕਲ ਵੀ। ਸੰਨ 1654 ਤੋਂ 1658 ਤੱਕ ਦੁਆਬੇ, ਮਾਲਵੇ ਅਤੇ ਮਾਝੇ ਦੇ ਇਲਾਕੇ ਵਿਚ ਚਾਰ ਸਾਲਾਂ ਦਾ ਚੱਕਰ ਲਾਇਆ।

ਕੀਰਤਪੁਰ ਤੋਂ ਚੱਲ ਕੇ ਵੱਡੀ ਬਹਿਲੀ, ਹਰੀਆਂ ਵੇਲਾਂ, ਭੁੰਗਰਨੀ, ਬੰਬੋਲੀ ਆਦਿਕ ਪਿੰਡਾਂ ਵਿਚ ਠਹਿਰਦੇ ਹੋਏ ਸਤਿਗੁਰੂ ਜੀ ਸ਼ਹਿਰ ਕਰਤਾਰਪੁਰ ਤੋਂ ਬਾਹਰ ਮੀਲ ਕੁ ਪੈਂਡੇ 'ਤੇ ਆ ਉਤਰੇ। ਉਥੇ ਹੁਣ ਮੰਜੀ ਸਾਹਿਬ ਗੁਰਦੁਆਰਾ ਹੈ। ਕਰਤਾਰਪੁਰ ਵਿਚ ਪੰਦਰਾਂ ਕੁ ਦਿਨ ਰਹਿ ਕੇ ਸਤਿਗੁਰੂ ਜੀ ਅੰਮ੍ਰਿਤਸਰ ਆਏ ਅਤੇ ਇਥੇ 6 ਮਹੀਨੇ ਟਿਕੇ। ਸ਼ਹਿਰ ਅੰਮ੍ਰਿਤਸਰ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਨ 1570 ਵਿਚ ਵਸਾਇਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1630 ਵਿਚ ਇਹ ਸ਼ਹਿਰ ਛੱਡਿਆ ਅਤੇ ਮੁੜ ਇਥੇ ਨਹੀਂ ਆਏ। ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਮਾਝੇ ਤੋਂ ਦੁਆਬੇ ਵਿਚ ਤਬਦੀਲ ਕੀਤਾ ਗਿਆ। ਸੰਨ 1654 ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਇਥੇ ਆ ਕੇ 6 ਮਹੀਨੇ ਰਹੇ ਤੇ ਮੁੜ ਵਾਪਸ ਕਰਤਾਰਪੁਰ ਚਲੇ ਗਏ, ਜਿਥੇ ਦਸ ਕੁ ਮਹੀਨੇ ਨਿਵਾਸ ਰੱਖਿਆ। ਮਾਲਵੇ ਦੇ ਪ੍ਰਸਿੱਧ ਪ੍ਰਚਾਰਕ ਭਾਈ ਭਗਤੂ ਜੀ ਇਥੇ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਅਤੇ ਇਥੇ ਹੀ ਚਲਾਣਾ ਕਰ ਗਏ। ਸਤਿਗੁਰੂ ਜੀ ਨੇ ਭਾਈ ਭਗਤੂ ਦੇ ਥਾਂ ਉਸ ਦੇ ਛੋਟੇ ਪੁੱਤਰ ਭਾਈ ਜੀਊਣ ਨੂੰ ਯੋਗ ਪ੍ਰੇਮੀ ਸਿੱਖ ਵੇਖ ਕੇ ਮਾਲਵੇ ਦਾ ਮਸੰਦ ਮੁਕੱਰਰ ਕਰ ਦਿੱਤਾ।

ਮਾਲਵੇ ਦੇ ਇਲਾਕੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਦਾ ਪ੍ਰਚਾਰ ਕਰਨ ਲਈ ਸਤਿਗੁਰੂ ਜੀ ਕਰਤਾਰਪੁਰ ਤੋਂ ਚੱਲ ਪਏ। ਨੂਰ ਮਹੱਲ, ਡਰੌਲੀ, ਭਾਈ ਰੂਪਾ, ਕਾਂਗੜ ਆਦਿ ਨਗਰਾਂ ਤੋਂ ਹੁੰਦੇ ਹੋਏ ਪਿੰਡ ਮਰਾਝ ਪਹੁੰਚੇ। ਇਥੋਂ ਦੇ ਚੌਧਰੀ ਕਾਲੇ ਨੇ ਬੜੀ ਸੇਵਾ ਕੀਤੀ। ਸਤਿਗੁਰੂ ਜੀ ਇਥੇ ਕਈ ਦਿਨ ਟਿਕੇ ਰਹੇ। ਇਕ ਦਿਨ ਚੌਧਰੀ ਕਾਲਾ ਆਪਣੇ ਦੋ ਭਤੀਜਿਆਂ ਫੂਲ ਤੇ ਸੰਦਲੀ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਦਰਬਾਰ ਵਿਚ ਆਇਆ। ਇਹਨਾਂ ਮੁੰਡਿਆਂ ਦੇ ਮਾਪੇ ਮਰ ਚੁੱਕੇ ਸਨ। ਚੌਧਰੀ ਕਾਲਾ ਹੀ ਇਹਨਾਂ ਦੀ ਪਾਲਣਾ-ਪੋਸਣਾ ਕਰਦਾ ਸੀ। ਮੁੰਡਿਆਂ ਨੇ ਸਤਿਗੁਰੂ ਜੀ ਅੱਗੇ ਮੱਥਾ ਟੇਕ ਕੇ ਆਪਣੇ ਢਿੱਡ ਉੱਤੇ ਹੱਥ ਮਾਰਨਾ ਸ਼ੁਰੂ ਕਰ ਦਿੱਤਾ। ਸਤਿਗੁਰੂ ਜੀ ਵੇਖ ਕੇ ਹੱਸ ਪਏ। ਕਾਲੇ ਨੂੰ ਕਾਰਨ ਪੁੱਛਿਆ ਤਾਂ ਉਸ ਨੇ ਉੱਤਰ ਦਿੱਤਾ ਕਿ ਯਤੀਮ ਕੁਝ ਖਾਣ ਨੂੰ ਮੰਗਦੇ ਹਨ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਹਨਾਂ ਦੀ ਸੰਤਾਨ ਤਾਂ ਸਤਲੁਜ ਤੇ ਜਮਨਾ ਦੇ ਵਿਚਕਾਰ ਰਾਜ ਕਰੇਗੀ। ਅਗਲੇ ਦਿਨ ਚੌਧਰੀ ਕਾਲਾ ਆਪਣੀ ਵਹੁਟੀ ਦੇ ਕਹਿਣ 'ਤੇ ਆਪਣੇ ਪੁੱਤਰਾਂ ਨੂੰ ਲੈ ਆਇਆ। ਉਹਨਾਂ ਨੇ ਭੀ ਉਹੀ ਕੁਝ ਕੀਤਾ। ਪਰ ਚੌਧਰੀ ਨੇ ਅਸਲੀ ਸਾਰੀ ਗੱਲ ਸੁਣਾ ਦਿੱਤੀ ਕਿ ਬੱਚੇ ਸਿਖਾ-ਪੜ੍ਹਾ ਕੇ ਲਿਆਂਦੇ ਹਨ। ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਬਚਨ ਕੀਤਾ ਕਿ ਇਹਨਾਂ ਦੀ ਸੰਤਾਨ ਭੀ ਸਭ ਮਾਫੀਦਾਰ ਹੋਵੇਗੀ।

ਪਿੰਡ ਮਰਾਝ ਤੋਂ ਸਤਿਗੁਰੂ ਜੀ ਪਿੰਡ ਬਿੰਝੂ-ਕੇ ਆਏ। ਮਾਲਵੇ ਦੇ ਪ੍ਰਸਿੱਧ ਪ੍ਰਚਾਰਕ ਭਾਈ ਭਗਤੂ ਦਾ ਇਹ ਪਿੰਡ ਜਨਮ-ਅਸਥਾਨ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਮਾਲਵੇ ਵਿਚ ਚਾਰ ਉੱਘੇ ਮਸੰਦ ਸਨ—ਭਾਈ ਬਹਿਲੋ, ਭੂੰਦੜ, ਪੰਜਾਬਾ ਅਤੇ ਭਗਤੂ। ਇਹਨਾਂ ਸਭਨਾਂ ਵਿਚੋਂ ਭਾਈ ਭਗਤੂ ਨੇ ਆਪਣੀ ਜ਼ਿੰਮੇਵਾਰੀ ਬੜੇ ਉੱਦਮ ਤੇ ਸ਼ਰਧਾ ਨਾਲ ਨਿਬਾਹੀ। ਭਾਈ ਭਗਤੂ ਬੈਰਾੜਾਂ ਦੇ ਇਲਾਕੇ ਦਾ ਪ੍ਰਚਾਰਕ ਸੀ। ਬਿੰਝੂ-ਕੇ ਤੋਂ ਵਾਪਸ ਜੰਡਾਂ ਵਾਲੇ ਆਦਿ ਪਿੰਡਾਂ ਤੋਂ ਹੁੰਦੇ ਹੋਏ ਕੀਰਤਪੁਰ ਆ ਗਏ।

ਸਤਿਗੁਰੂ ਜੀ ਦੇ ਵੱਡੇ ਭਰਾ ਬਾਬਾ ਧੀਰਮਲ ਜੀ ਦੇ ਪੁੱਤਰ ਦਾ ਵਿਆਹ ਸੀ। ਕੀਰਤਪੁਰ ਵਿਚ ਤਿੰਨ ਕੁ ਮਹੀਨੇ ਠਹਿਰ ਕੇ ਸ੍ਰੀ ਗੁਰੂ ਹਰਿਰਾਇ ਸਾਹਿਬ ਵਿਆਹ ਵਿਚ ਸ਼ਾਮਲ ਹੋਣ ਲਈ ਦਰਿਆ ਸਤਲੁਜ ਮਾਛੂਵਾੜੇ ਦੇ ਪੱਤਣ ਤੋਂ ਲੰਘ ਕੇ ਕਰਤਾਰਪੁਰ ਆਏ। ਪੰਜ ਕੁ ਮਹੀਨੇ ਇਥੇ ਰਹਿ ਕੇ ਸਤਿਗੁਰੂ ਜੀ ਫਿਰ ਮਾਝੇ ਵਿਚ ਆਏ, ਕੁਝ ਦਿਨ ਗੋਇੰਦਵਾਲ ਠਹਿਰੇ। ਫਿਰ ਵਾਪਸ ਕਰਤਾਰਪੁਰ ਤੋਂ ਹੁੰਦੇ ਹੋਏ ਸਤਲੁਜ ਪਾਰ ਕਰ ਕੇ ਕੀਰਤਪੁਰ ਚਲੇ ਗਏ। ਇਹ ਸਾਰਾ ਚੱਕਰ ਚਾਰ ਕੁ ਸਾਲਾਂ ਦਾ ਸੀ।

## ਦਾਰਾ ਸ਼ਿਕੋਹ ਉੱਤੇ ਅਸਰ

ਅਸੀਂ ਇਹ ਵੇਖ ਚੁੱਕੇ ਹਾਂ ਕਿ ਮੁਗ਼ਲ ਬਾਦਸ਼ਾਹ ਦੀ ਖੁਫੀਆ ਪੁਲਸ ਦਾ ਸਿਲਸਿਲਾ ਬੜਾ ਤਕੜਾ ਅਤੇ ਕਾਮਯਾਬ ਸੀ। ਸ਼ਾਹ ਜਹਾਨ ਨੂੰ ਸਭ ਖ਼ਬਰਾਂ ਪਹੁੰਚ ਰਹੀਆਂ ਸਨ ਕਿ ਬਿਪਤਾ ਵੇਲੇ ਕੌਣ ਦੁਖੀਆਂ ਦਾ ਸੱਚਾ ਦਰਦੀ ਸਾਬਤ ਹੋ ਰਿਹਾ ਹੈ। ਬਾਦਸ਼ਾਹ ਉੱਤੇ ਇਸ ਦਾ ਅਸਰ ਪੈਣਾ ਕੁਦਰਤੀ ਗੱਲ ਸੀ। ਪਰ ਸਤਿਗੁਰੂ ਜੀ ਦੇ ਇਸ ਉੱਦਮ ਦਾ ਸਭ ਤੋਂ ਡੂੰਘਾ ਅਸਰ ਦਾਰਾ ਸ਼ਿਕੋਹ ਉੱਤੇ ਪਿਆ। ਦਾਰਾ ਪੰਜਾਬ ਦਾ ਗਵਰਨਰ ਸੀ, ਉਸੇ ਦਾ ਹੀ ਇਹ ਫ਼ਰਜ਼ ਸੀ, ਵੇਖੇ ਕਿ ਪਰਜਾ ਦੁਖੀ ਨਾ ਰਹੇ। ਦਾਰਾ ਸ਼ਿਕੋਹ ਦੇ ਅੰਦਰ ਗੁਰੂ-ਘਰ ਦੀ ਉੱਚਤਾ ਘਰ ਕਰ ਗਈ। ਮੌਕਾ ਮਿਲਣ 'ਤੇ ਦਾਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਮਿਲਦਾ ਭੀ ਰਿਹਾ। ਉਸ ਨੇ ਇਕ ਵਾਰੀ ਗੁਰੂ ਕੇ ਲੰਗਰ ਵਾਸਤੇ ਜਗੀਰ ਦੇਣ ਦੀ ਭੀ ਕੋਸ਼ਿਸ਼ ਕੀਤੀ, ਪਰ ਸਤਿਗੁਰੂ ਜੀ ਨੇ ਇਹ ਆਖ ਕੇ ਇਨਕਾਰ ਕਰ ਦਿੱਤਾ ਕਿ ਇਹ ਲੰਗਰ ਸਿੱਖਾਂ ਦੇ ਪਿਆਰ ਅਤੇ ਦਸਵੰਧ ਦੇ ਰਾਹੀਂ ਹੀ ਚਲਣਾ ਚਾਹੀਦਾ ਹੈ।

ਸਰੀਰਕ ਸੁੱਖ-ਦੁੱਖ ਹਰੇਕ ਉੱਤੇ ਹੀ ਆਇਆ ਕਰਦੇ ਹਨ। ਵੱਡਿਆਂ ਲੋਕਾਂ ਦੇ ਨਿੱਜੀ ਹਕੀਮ-ਡਾਕਟਰ ਹੁੰਦੇ ਹਨ। ਜਿਤਨਾ ਧਨ-ਦੌਲਤ ਵਧੀਕ, ਉਤਨਾ ਹੀ ਵਧੀਕ ਜਿੰਦ ਨੂੰ ਖਤਰਾ। ਬਾਦਸ਼ਾਹ ਦੇ ਤਾਂ ਖ਼ਾਸ ਇਤਬਾਰੀ ਹਕੀਮ ਹੁੰਦੇ ਹਨ। ਦਾਰਾ ਇਕ ਵਾਰੀ ਬੀਮਾਰ ਪੈ ਗਿਆ, ਬੀਮਾਰੀ ਭੀ ਕੁਝ ਖ਼ਤਰਨਾਕ ਹੀ ਬਣ ਗਈ। ਅਜਿਹੇ ਸਮਿਆਂ 'ਤੇ ਅਜਿਹੇ ਬੰਦਿਆਂ ਦੀ ਜਾਨ ਦੀ ਰਾਖੀ ਕਰਨ ਲਈ ਉਚੇਚੇ ਪ੍ਰਬੰਧ ਕਰਨੇ ਪਿਆ ਕਰਦੇ ਸਨ ਕਿ ਕੋਈ ਸ਼ਰੀਕ ਵਾਰ ਨਾ ਕਰ ਜਾਏ। ਮੁਗ਼ਲ ਬਾਦਸ਼ਾਹ ਵਿਚ ਤਾਂ ਇਹ ਰੀਤ ਹੀ ਚੱਲੀ ਆ ਰਹੀ ਸੀ। ਰਾਜ ਦੀ ਖ਼ਾਤਰ ਭਰਾ ਭਰਾਵਾਂ ਦੇ ਜਾਨੀ ਵੈਰੀ ਬਣਦੇ ਰਹੇ ਸਨ। ਫਿਰ ਭੀ ਸ੍ਰੀ ਗੁਰੂ ਹਰਿਰਾਇ ਸਾਹਿਬ ਦੀ ਨਿਰਵੈਰਤਾ ਅਤੇ ਉੱਚੀ ਮਨੁੱਖਤਾ ਉੱਤੇ ਸ਼ਾਹ ਜਹਾਨ ਅਤੇ ਦਾਰਾ ਨੂੰ ਇਤਨਾ ਯਕੀਨ ਹੋ ਚੁੱਕਾ ਸੀ ਕਿ ਦਾਰਾ ਨੇ ਉਹ ਦਵਾਈ ਨਿਸੰਗ ਹੋ ਕੇ ਵਰਤੀ, ਜੋ ਸਤਿਗੁਰੂ ਜੀ ਨੇ ਉਸ ਵਾਸਤੇ ਭੇਜੀ ਸੀ।

## ਸਿੱਖ ਧਰਮ ਉੱਤੇ ਇਕ ਹੋਰ ਚੋਟ

ਇਸ ਗੱਲ ਨੂੰ ਸਮਝਣ ਵਾਸਤੇ ਦਾਰਾ ਸ਼ਿਕੋਹ ਅਤੇ ਔਰੰਗਜ਼ੇਬ ਦੀ ਪਰਸਪਰ ਟੱਕਰ ਹੈ ਨੂੰ ਹੋਰ ਵਧੀਕ ਵੇਰਵੇ ਨਾਲ ਪੜ੍ਹਨ ਦੀ ਲੋੜ ਹੈ। ਔਰੰਗਜ਼ੇਬ ਨੇ ਆਪਣੇ ਪਿਉ ਸ਼ਾਹ ਜਹਾਨ ਨੂੰ 18 ਜੂਨ 1658 ਈ. ਵਾਲੇ ਦਿਨ ਆਗਰੇ ਕੈਦ ਕੀਤਾ ਸੀ। ਦਾਰਾ ਉਸ ਵੇਲੇ ਆਗਰੇ

ਤੋਂ ਭੱਜ ਕੇ ਦਿੱਲੀ ਅੱਪੜਿਆ ਹੋਇਆ ਸੀ। 22 ਜੂਨ ਨੂੰ ਭੀ ਔਰੰਗਜ਼ੇਬ ਅਜੇ ਆਗਰੇ ਹੀ ਸੀ। ਪਰ ਦਾਰਾ ਦਿੱਲੀ ਤੋਂ 22 ਜੂਨ ਨੂੰ ਲਾਹੌਰ ਵੱਲ ਉੱਠ ਨੱਠਾ ਸੀ। ਔਰੰਗਜ਼ੇਬ ਆਗਰੇ ਵਲ ਦਾ ਪੱਕਾ ਪ੍ਰਬੰਧ ਕਰ ਕੇ ਦਾਰਾ ਦਾ ਪਿੱਛਾ ਕਰਨ ਲਈ ਦਿੱਲੀ ਨੂੰ ਚੱਲਿਆ। 5 ਜੁਲਾਈ ਨੂੰ ਉਹ ਮਥਰਾ ਪਹੁੰਚਿਆ, ਜਿਥੇ ਉਸ ਨੇ ਇਸ ਮੁਹਿੰਮ ਵਿਚ ਆਪਣੇ ਸਾਥੀ ਅਤੇ ਸਕੇ ਭਰਾ ਨੂੰ ਕੈਦ ਕਰ ਲਿਆ। ਦਾਰਾ 13 ਜੁਲਾਈ ਨੂੰ ਲਾਹੌਰ ਪਹੁੰਚ ਗਿਆ, ਪਰ ਔਰੰਗਜ਼ੇਬ ਉਸ ਵੇਲੇ ਅਜੇ ਦਿੱਲੀ ਹੀ ਸੀ। 31 ਜੁਲਾਈ ਨੂੰ ਭੀ ਔਰੰਗਜ਼ੇਬ ਦਿੱਲੀ ਹੀ ਸੀ। ਉਸ ਦਿਨ ਉਸ ਨੇ ਉਥੇ ਆਪਣੇ ਆਪ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਬਣਨ ਦਾ ਐਲਾਨ ਕੀਤਾ ਸੀ। ਦਿੱਲੀ ਦੇ ਸਾਰੇ ਪ੍ਰਬੰਧ ਪੱਕੇ ਕਰ ਕੇ ਔਰੰਗਜ਼ੇਬ ਫ਼ੌਜ ਲੈ ਕੇ ਲਾਹੌਰ ਨੂੰ ਰਵਾਨਾ ਹੋਇਆ। ਰੋਪੜ ਦੇ ਕੋਲੋਂ ਉਸ ਦੀ ਫ਼ੌਜ ਨੇ 15 ਅਗਸਤ ਨੂੰ ਦਰਿਆ ਸਤਲੁਜ ਪਾਰ ਕੀਤਾ। ਰੋਪੜ ਤੋਂ ਔਰੰਗਜ਼ੇਬ ਫ਼ੌਜ ਸਮੇਤ ਗੋਇੰਦਵਾਲ ਆਇਆ, ਜਿਥੇ ਉਹ ਦਰਿਆ ਬਿਆਸ ਤੋਂ ਪਾਰ ਲੰਘ ਕੇ ਲਾਹੌਰ ਪਹੁੰਚਿਆ। ਗੋਇੰਦਵਾਲ ਤੋਂ ਲਾਹੌਰ ਵਧ ਤੋਂ ਵਧ ਦੋ ਦਿਨਾਂ ਦਾ ਪੈਂਡਾ ਹੈ। 13 ਜੁਲਾਈ ਨੂੰ ਲਾਹੌਰ ਪਹੁੰਚਣ ਵਾਲਾ ਦਾਰਾ ਸ਼ਿਕੋਹ ਗੋਇੰਦਵਾਲ ਦੇ ਕੋਲੋਂ 11 ਜੁਲਾਈ ਨੂੰ ਲੰਘਿਆ ਸੀ। ਔਰੰਗਜ਼ੇਬ ਅਜੇ ਉਸ ਵੇਲੇ ਦਿੱਲੀ ਸੀ। ਜਦੋਂ ਉਸ ਦੀਆਂ ਫ਼ੌਜਾਂ ਰੋਪੜ ਦੇ ਕੋਲੋਂ ਸਤਲੁਜ ਲੰਘ ਰਹੀਆਂ ਸਨ, ਉਸ ਤੋਂ ਸਵਾ ਮਹੀਨਾ ਪਹਿਲਾਂ ਦਾਰਾ ਬਿਆਸ ਲੰਘ ਚੁੱਕਿਆ ਸੀ।

ਅਸੀਂ ਪਿੱਛੇ ਪੜ੍ਹ ਚੁਕੇ ਹਾਂ ਕਿ ਸ਼ਾਹ ਜਹਾਨ ਨੇ ਹਿੰਦੂਆਂ ਨੂੰ ਇਸਲਾਮ ਵੱਲ ਪ੍ਰੇਰਨ ਵਾਸਤੇ ਉਹਨਾਂ ਦੇ ਵਿਰੁੱਧ ਕੁਝ ਹੁਕਮ ਜਾਰੀ ਕੀਤੇ ਸਨ, ਜਿਨ੍ਹਾਂ ਦੇ ਕਾਰਨ ਹਿੰਦੂ ਕੌਮ ਉੱਤੇ ਬੜਾ ਸਹਿਮ ਪੈ ਗਿਆ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਇਸ ਸਹਿਮ ਵਿਚ ਹਿੰਦੂ ਜਨਤਾ ਨੂੰ ਸਹਾਰਾ ਦੇਣ ਲਈ ਕੀਰਤਪੁਰ ਤੋਂ ਚੱਲ ਕੇ ਚਾਰ ਸਾਲ (ਸੰਨ 1654 ਤੋਂ 1658) ਤੱਕ ਦੁਆਬੇ, ਮਾਲਵੇ ਅਤੇ ਮਾਝੇ ਦੇ ਪਿੰਡ-ਪਿੰਡ ਚੱਕਰ ਲਾਇਆ ਸੀ।

ਜਦੋਂ ਦਾਰਾ ਸ਼ਿਕੋਹ ਜੀ-ਭਿਆਣਾ ਦਿੱਲੀ ਤੋਂ ਲਾਹੌਰ ਨੂੰ ਨੱਠਾ ਆ ਰਿਹਾ ਸੀ, ਉਹਨੀਂ ਦਿਨੀਂ ਸ੍ਰੀ ਗੁਰੂ ਹਰਿਰਾਇ ਸਾਹਿਬ ਗੋਇੰਦਵਾਲ ਸਨ। ਸ਼ਾਹੀ ਸੜਕ ਗੋਇੰਦਵਾਲ ਦੇ ਪਾਸੋਂ ਹੀ ਲੰਘਦੀ ਸੀ। ਦਾਰਾ ਸ਼ਿਕੋਹ ਸੂਫ਼ੀ ਖ਼ਿਆਲਾਂ ਦਾ ਖੁੱਲ੍ਹ-ਦਿਲਾ ਆਦਮੀ ਸੀ ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਪੁਰਾਣਾ ਕਦਰ-ਦਾਨ ਸੀ। ਲੰਘਦਾ-ਲੰਘਦਾ ਸਤਿਗੁਰੂ ਜੀ ਨੂੰ ਭੀ ਮਿਲਿਆ। ਕੋਈ ਕਾਹਲੀ ਜਾਂ ਘਬਰਾਹਟ ਵਾਲੀ ਗੱਲ ਤਾਂ ਹੈ ਹੀ ਨਹੀਂ ਸੀ, ਔਰੰਗਜ਼ੇਬ ਅਜੇ ਤਿੰਨ ਸੌ ਮੀਲਾਂ ਦੀ ਵਿੱਥ ਉੱਤੇ ਦਿੱਲੀ ਬੈਠਾ ਹੋਇਆ ਸੀ।

ਦਾਰਾ ਅਤੇ ਔਰੰਗਜ਼ੇਬ ਦੇ ਇਸ ਝਗੜੇ ਬਾਰੇ ਇਥੇ ਇਹ ਗੱਲ ਭੀ ਪਾਠਕ ਚੇਤੇ ਰੱਖਣ ਕਿ ਦਾਰਾ ਨੰਗ-ਧੜੰਗ ਹੋ ਕੇ ਨਹੀਂ ਭੱਜਾ ਜਾ ਰਿਹਾ ਸੀ। ਉਹ ਦਿੱਲੀ ਦਾ ਸਾਰਾ ਸ਼ਾਹੀ ਖ਼ਜ਼ਾਨਾ ਉਥੋਂ ਲੈ ਕੇ ਤੁਰਿਆ ਸੀ। ਸ਼ਾਹ ਜਹਾਨ ਨੇ ਭੀ ਆਗਰੇ ਤੋਂ ਆਪਣੇ ਸਾਰੇ ਹੀਰੇ ਜਵਾਹਰਾਤ ਦੇ ਦਿੱਤੇ ਸਨ। ਇਤਨੇ ਕੀਮਤੀ ਖ਼ਜ਼ਾਨੇ, ਫ਼ੌਜਾਂ ਤੇ ਜਰਨੈਲਾਂ ਤੋਂ ਬਿਨਾਂ ਸਾਂਭੇ ਨਹੀਂ ਜਾ ਸਕਦੇ। ਦਾਰਾ ਕੋਲ ਫ਼ੌਜ ਭੀ ਸੀ, ਦਾਰਾ ਦੇ ਪਾਸ ਵਫ਼ਾਦਾਰ ਜਰਨੈਲ ਭੀ ਸਨ ਪਰ ਦਾਰਾ ਦੇ ਕੋਲ ਸੂਰਮਿਆਂ ਵਾਲਾ ਦਿਲ ਨਹੀਂ ਸੀ। ਬਹੁਤੇ ਲਾਡਾਂ ਵਿਚ ਪਲਿਆ ਦਾਰਾ ਕਾਇਰ-ਦਿਲ ਹੋ ਚੁੱਕਾ ਸੀ। ਔਰੰਗਜ਼ੇਬ ਦਾ ਨਾਮ ਸੁਣ ਕੇ ਹੀ ਉਸ ਨੂੰ ਸੱਤੇ ਸੁੱਧਾਂ ਭੁੱਲ ਜਾਂਦੀਆਂ ਸਨ। ਸਾਰਾ ਪੰਜਾਬ ਦਾਰਾ ਨੂੰ ਪਿਆਰ ਕਰਦਾ ਸੀ। ਲਾਹੌਰ 'ਚ ਉਸ ਨੇ ਦਿਨਾਂ ਵਿਚ ਹੀ ਵੀਹ ਹਜ਼ਾਰ ਜਵਾਨ

ਭਰਤੀ ਕਰ ਲਏ ਸਨ, ਪਰ ਔਰੰਗਜ਼ੇਬ ਅਜੇ ਸਤਲੁਜ ਬਿਆਸ ਦੇ ਵਿਚਕਾਰ ਹੀ ਸੀ ਕਿ ਜਰਨੈਲਾਂ ਦੇ ਮੋੜਦਿਆਂ-ਮੋੜਦਿਆਂ ਦਾਰਾ 28 ਅਗਸਤ ਨੂੰ ਲਾਹੌਰੋਂ ਮੁਲਤਾਨ ਨੂੰ ਭੱਜ ਗਿਆ।

ਅਸੀਂ ਵੇਖ ਰਹੇ ਹਾਂ ਕਿ ਬਿਆਸਾ ਲੰਘਣ ਵੇਲੇ ਦਾਰਾ ਨੂੰ ਕਿਸੇ ਹੋਰ ਫ਼ੌਜ ਦੀ ਲੋੜ ਨਹੀਂ ਸੀ, ਰੁਪਏ ਦੀ ਲੋੜ ਨਹੀਂ ਸੀ, ਪਿੱਛੋਂ ਦਿੱਲੀ ਵਲੋਂ ਵੀ ਕੋਈ ਨੇੜੇ ਦਾ ਖ਼ਤਰਾ ਨਹੀਂ ਸੀ। ਸਿਰਫ਼ ਆਪਣੀ ਜਾਣ-ਪਛਾਣ ਦੇ ਕਾਰਨ ਦਾਰਾ ਨੇ ਲੰਘਦਿਆਂ-ਲੰਘਦਿਆਂ ਗੋਇੰਦਵਾਲ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਦਰਸ਼ਨ ਕੀਤੇ।

ਅਸੀਂ ਪਿੱਛੇ ਪੜ੍ਹਦੇ ਚਲੇ ਆ ਰਹੇ ਹਾਂ ਕਿ ਜਾਤਿ-ਅਭਿਮਾਨੀ ਲੋਕਾਂ ਦੀ ਸਿੱਖ ਧਰਮ ਨਾਲ ਟੱਕਰ ਮੁੱਢ ਤੋਂ ਹੀ ਲੱਗ ਪਈ ਸੀ। ਗੋਇੰਦਵਾਲ ਦੇ ਵਸਨੀਕਾਂ ਨੇ ਉਸ ਵਿਚ ਖਾਸ ਹਿੱਸਾ ਲਿਆ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਉਥੇ ਆਇਆ ਵੇਖ ਕੇ ਉਹਨਾਂ ਦੇ ਈਰਖਾ ਵਾਲੇ ਪੁਰਾਣੇ ਜ਼ਖ਼ਮ ਫਿਰ ਛਿੱਲੇ ਗਏ। ਜ਼ਖ਼ਮ ਛਿੱਲੇ ਜਾਣ ਦਾ ਇਕ ਨਵਾਂ ਕਾਰਨ ਭੀ ਬਣ ਗਿਆ ਸੀ। ਸ਼ਾਹ ਜਹਾਨ ਨੇ ਹਿੰਦੂ-ਮੰਦਰਾਂ ਦੇ ਵਿਰੁੱਧ ਤਾਂ ਹੁਕਮ ਜਾਰੀ ਕੀਤੇ ਸਨ ਪਰ ਸਿੱਖ ਗੁਰਦੁਆਰੇ ਸਗੋਂ ਨਵੇਂ ਬਣ ਰਹੇ ਸਨ। ਈਰਖਾ ਦੀ ਇਹ ਚੋਭ ਕੁਦਰਤੀ ਸੀ। ਲਾਹੌਰ ਦੇ ਦਰਬਾਰ ਵਿਚ ਅੱਗੇ ਹੀ ਸਿੱਖ ਧਰਮ ਦੇ ਵਿਰੁੱਧ ਧੜਾ ਬਣਿਆ ਹੋਇਆ ਸੀ, ਉਹ ਸਿਰਫ਼ ਦਾਰਾ ਦੇ ਗਵਰਨਰ ਬਣਨ ਦੇ ਸਮੇਂ ਤੋਂ ਦੱਬੇ ਹੋਏ ਸਨ। ਹੁਣ ਜਦੋਂ ਦਾਰਾ ਦੀ ਤਾਕਤ ਦਾ ਸੂਰਜ ਡੁੱਬ ਗਿਆ, ਔਰੰਗਜ਼ੇਬ ਲਾਹੌਰ ਪਹੁੰਚਿਆ ਤਾਂ ਵਿਰੋਧੀ ਧੜੇ ਨੇ ਉਸ ਦੇ ਕੰਨ ਭਰੇ ਕਿ ਉਸ ਦੇ ਵੈਰੀ ਦਾਰਾ ਸ਼ਿਕੋਹ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਮਦਦ ਦਿੱਤੀ ਸੀ, ਸਿੱਖ ਕੌਮ ਦੀ ਤਾਕਤ ਦਿਨੋਂ ਦਿਨ ਵਧ ਰਹੀ ਹੈ, ਜੋ ਹਕੂਮਤ ਵਾਸਤੇ ਖ਼ਤਰਨਾਕ ਸਾਬਤ ਹੋ ਸਕਦੀ ਹੈ। ਅੱਗੇ ਭੀ ਇਹਨਾਂ ਤੋਂ ਪਹਿਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲ ਹਾਕਮਾਂ ਦੇ ਸਾਹਮਣੇ ਸਿਰ ਚੁੱਕਣ ਦੀ ਦਲੇਰੀ ਕੀਤੀ ਸੀ।

## ਸ਼ਾਹੀ ਸੱਦਾ

28 ਅਗਸਤ, 1658 ਨੂੰ ਲਾਹੌਰੋਂ ਚੱਲ ਕੇ ਦਾਰਾ ਸ਼ਿਕੋਹ 15 ਸਤੰਬਰ ਨੂੰ ਮੁਲਤਾਨ ਪਹੁੰਚਿਆ। ਔਰੰਗਜ਼ੇਬ ਭੀ ਫ਼ੌਜ ਲੈ ਕੇ ਪਿੱਛੇ-ਪਿੱਛੇ। ਔਰੰਗਜ਼ੇਬ 10 ਅਕਤੂਬਰ ਨੂੰ ਮੁਲਤਾਨ ਅੱਪੜਿਆ। ਉਤਨੇ ਚਿਰ ਨੂੰ ਦਾਰਾ ਅਗਾਂਹ ਸਿੰਧ ਵਲ ਚਾਲੇ ਪਾ ਚੁਕਿਆ ਸੀ।

ਔਰੰਗਜ਼ੇਬ ਨੂੰ ਪੰਜਾਬ ਵੱਲ ਗਿਆ ਸੁਣ ਕੇ ਸ਼ੁਜਾਹ ਨੂੰ ਆਸ ਬਣ ਗਈ ਕਿ ਹੁਣ ਮੌਕਾ ਹੈ ਦਿੱਲੀ ਦਾ ਤਖ਼ਤ ਮੱਲ ਲਵਾਂ ਅਤੇ ਆਪਣੇ ਪਿਉ ਸ਼ਾਹ ਜਹਾਨ ਨੂੰ ਕੈਦ ਤੋਂ ਛੁਡਾਵਾਂ। ਸ਼ੁਜਾਹ ਨਵੰਬਰ ਸੰਨ 1658 ਵਿਚ ਪਟਨੇ ਤੋਂ ਚੱਲ ਕੇ 9 ਜਨਵਰੀ 1659 ਨੂੰ ਅਲਾਹਬਾਦ ਪਹੁੰਚਿਆ। ਔਰੰਗਜ਼ੇਬ ਨੂੰ ਭੀ ਉਸ ਦੀ ਤਿਆਰੀ ਦੀਆਂ ਖ਼ਬਰਾਂ ਮਿੱਲ ਚੁੱਕੀਆਂ ਸਨ। ਉਸ ਨੇ ਦਾਰਾ ਦੇ ਪਿੱਛੇ ਕੁਝ ਜਰਨੈਲ ਭੇਜ ਦਿੱਤੇ, ਆਪ ਮੁਲਤਾਨ ਤੋਂ ਵਾਹੋ-ਦਾਹੀ ਵਾਪਸ ਦਿੱਲੀ ਨੂੰ ਮੁੜਿਆ। 20 ਨਵੰਬਰ ਸੰਨ 1658 ਨੂੰ ਔਰੰਗਜ਼ੇਬ ਦਿੱਲੀ ਪਹੁੰਚ ਗਿਆ। 12 ਜਨਵਰੀ 1659 ਨੂੰ ਇਹ ਭੀ ਅਲਾਹਬਾਦ ਜਾ ਅੱਪੜਿਆ। 14 ਜਨਵਰੀ ਨੂੰ ਦੋਹਾਂ ਦਲਾਂ ਦਾ ਟਾਕਰਾ ਹੋਇਆ। ਸ਼ੁਜਾਹ ਨੂੰ ਭਾਂਜ ਹੋਈ। ਆਪਣੇ ਇਤਬਾਰੀ ਤੇ ਸਿਆਣੇ ਜਰਨੈਲ ਮੀਰ ਜੁਮਲਾ ਨੂੰ ਸ਼ੁਜਾਹ ਦਾ ਪਿੱਛਾ ਕਰਨ ਲਈ ਉਧਰ ਛੱਡ ਕੇ ਔਰੰਗਜ਼ੇਬ ਦਿੱਲੀ ਮੁੜ ਆਇਆ। ਅਜੇ ਦਾਰਾ ਵਾਲਾ ਕੰਡਾ ਵਿਚੇ ਹੀ ਸੀ, ਉਹ ਅਜਮੇਰ ਵਾਲੇ ਪਾਸੇ ਫ਼ੌਜਾਂ ਇਕੱਠੀਆਂ ਕਰ ਰਿਹਾ ਸੀ।

ਔਰੰਗਜ਼ੇਬ 24 ਮਾਰਚ 1659 ਨੂੰ ਅਜਮੇਰ ਜਾ ਵੱਜਿਆ। ਦੋਹਾਂ ਭਰਾਵਾਂ ਦੀ ਟੱਕਰ ਹੋਈ। ਦਾਰਾ ਵਿਚ ਦਲੇਰੀ ਕਿਥੋਂ ? ਭਾਂਜ ਖਾ ਕੇ ਅਹਿਮਦਾਬਾਦ ਨੂੰ ਭੱਜ ਪਿਆ। ਔਰੰਗਜ਼ੇਬ ਉਸ ਦੀ ਭੁਗਤ ਸੰਵਾਰਨ ਲਈ ਜਰਨੈਲ ਮੁਕੱਰਰ ਕਰ ਕੇ ਆਪ ਦਿੱਲੀ ਨੂੰ ਵਾਪਸ ਆ ਗਿਆ।

ਹੁਣ ਔਰੰਗਜ਼ੇਬ ਦੋਹਾਂ ਸ਼ਰੀਕ ਭਰਾਵਾਂ ਵਲੋਂ ਨਿਸ਼ਚਿੰਤ ਹੋ ਗਿਆ। ਦੋਹਾਂ ਦਾ ਲੱਕ ਟੁੱਟ ਚੁੱਕਾ ਸੀ। 15 ਜੂਨ 1659 ਨੂੰ ਉਸ ਨੇ ਆਪਣੀ ਕਾਮਯਾਬੀ ਦੇ ਭਾਰੀ ਜਸ਼ਨ ਦਿੱਲੀ ਵਿਚ ਕੀਤੇ। ਇਹ ਇਕ ਤਰ੍ਹਾਂ ਤਾਜਪੋਸ਼ੀ ਦੀ ਦੂਜੀ ਰਸਮ ਸੀ। ਸ਼ੁਜਾਹ ਵਲੋਂ ਥੋੜ੍ਹਾ ਕੁ ਖ਼ਤਰਾ ਫਿਰ ਬਣਨ 'ਤੇ ਔਰੰਗਜ਼ੇਬ ਗੜ੍ਹਮੁਕਤੇਸ਼ਰ (ਗੰਗਾ ਦੇ ਕੰਢੇ) ਗਿਆ, ਉਥੋਂ ਜਨਵਰੀ 1660 ਵਿਚ ਵਾਪਸ ਮੁੜਿਆ ਅਤੇ 13 ਫ਼ਰਵਰੀ 1660 ਨੂੰ ਦਿੱਲੀ ਅੱਪੜਿਆ। ਹੁਣ ਔਰੰਗਜ਼ੇਬ ਬੜੇ ਆਰਾਮ ਨਾਲ 20 ਸਾਲ ਦਿੱਲੀ ਤੇ ਆਗਰੇ ਰਿਹਾ। ਸਿਰਫ਼ ਦੋ ਵਾਰੀ ਉਥੋਂ ਬਾਹਰ ਗਿਆ ਸੀ, 1663 ਵਿਚ ਇਕ ਸਾਲ ਲਈ ਕਸ਼ਮੀਰ ਅਤੇ 1674-75 ਵਿਚ ਡੇਢ ਸਾਲ ਵਾਸਤੇ ਹਸਨ ਅਬਦਾਲ ਦੇ ਇਲਾਕੇ ਵਿਚ ਕੁਝ ਆਕੀ ਹੋਏ ਪੁਰਾਣੇ ਪਠਾਣਾਂ ਦਾ ਸਿਰ ਭੰਨਣ ਲਈ।

ਪੰਜਾਬ ਵਿਚ ਸਿੱਖਾਂ ਦੀ ਵਧ ਰਹੀ ਤਾਕਤ ਦੀਆਂ ਰਿਪੋਰਟਾਂ ਔਰੰਗਜ਼ੇਬ ਨੂੰ ਭੁੱਲ ਨਹੀਂ ਸਕਦੀਆਂ ਸਨ। ਪਰ ਉਹ ਦਿਲੋਂ ਇਹ ਭੀ ਨਹੀਂ ਮੰਨ ਸਕਦਾ ਸੀ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਦਾਰਾ ਦੀ ਕੋਈ ਮਦਦ ਕੀਤੀ ਸੀ। ਕਿਹੜੀ ਮਦਦ ਕਰਦੇ ? ਮੁਗ਼ਲਾਂ ਦੀਆਂ ਪੰਜ ਪੀੜ੍ਹੀਆਂ ਦਾ ਇਕੱਠਾ ਕੀਤਾ ਹੋਇਆ ਖ਼ਜ਼ਾਨਾ ਦਾਰਾ ਦੇ ਪਾਸ ਮੌਜੂਦ ਸੀ। ਉਸ ਖ਼ਜ਼ਾਨੇ ਦਾ ਸਦਕਾ ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜ ਸੀ। ਸਾਰਾ ਹੀ ਪੰਜਾਬ ਉਸ ਨਾਲ ਪਿਆਰ ਕਰਦਾ ਸੀ, ਕਿਉਂਕਿ ਉਹ ਪੰਜਾਬ ਦਾ ਗਵਰਨਰ ਰਹਿ ਚੁੱਕਾ ਸੀ ਅਤੇ ਪਰਜਾ ਦਾ ਦਰਦੀ ਸੀ। ਦਿੱਲੀ ਵਲੋਂ ਉਸ ਨੂੰ ਅਜੇ ਕੋਈ ਖ਼ਤਰਾ ਨਹੀਂ ਸੀ, ਕਿਉਂਕਿ ਔਰੰਗਜ਼ੇਬ ਅਜੇ ਦਿੱਲੀ ਤੋਂ ਪਰ੍ਹੇ ਸੀ, ਸਾਢੇ ਤਿੰਨ ਸੌ ਮੀਲਾਂ ਦੀ ਵਿੱਥ 'ਤੇ। ਦੋਹਾਂ ਦੇ ਵਿਚਕਾਰ ਪੰਜਾਬ ਦੇ ਦੋ ਵੱਡੇ ਦਰਿਆ ਸਨ, ਸਤਲੁਜ ਅਤੇ ਬਿਆਸ, ਜਿਨ੍ਹਾਂ ਵਿਚ ਬਰਸਾਤ ਦੀ ਬਹਾਰੇ ਬੇਅੰਤ ਹੜ੍ਹ ਠਾਠਾਂ ਮਾਰ ਰਹੇ ਸਨ, ਫ਼ੌਜਾਂ ਨੇ ਪਾਰ ਲੰਘਣ ਲਈ ਘੰਟੇ ਨਹੀਂ, ਕਈ ਕਈ ਦਿਨ ਖਰਚ ਕਰਨੇ ਸਨ। ਸੋ ਔਰੰਗਜ਼ੇਬ ਸਮਝਦਾ ਸੀ ਕਿ ਦਾਰਾ ਨੂੰ ਬਾਹਰੋਂ ਕਿਸੇ ਮਦਦ ਦੀ ਲੋੜ ਨਹੀਂ ਸੀ। ਉਸ ਨੂੰ ਘਾਟ ਸੀ ਅੰਦਰੋਂ, ਉਸ ਦੇ ਅੰਦਰ ਮਰਦਾਂ ਵਾਲਾ ਦਿਲ ਨਹੀਂ ਸੀ।

ਹਾਂ, ਸਿੱਖਾਂ ਦੀ ਵਧ ਰਹੀ ਤਾਕਤ ਵਲੋਂ ਅੱਖਾਂ ਮੀਟੀਆਂ ਨਹੀਂ ਜਾ ਸਕਦੀਆਂ ਸਨ। ਪਰ ਔਰੰਗਜ਼ੇਬ ਦੀ ਸਾਰੀ ਤੰਦ-ਤਾਣੀ ਹੀ ਅਜੇ ਕੱਚੀ ਸੀ। ਉਸ ਨੇ ਅਜੇ ਮਾਰਚ 1659 ਵਿਚ ਹੀ ਬਨਾਰਸ-ਫ਼ਰਮਾਨ ਦੀ ਰਾਹੀਂ ਹਿੰਦੂਆਂ ਨੂੰ ਢਾਰਸ ਦੇਣ ਲਈ ਆਖਿਆ ਸੀ ਕਿ ਸਿਰਫ਼ ਮਜ਼ਹਬ ਦੇ ਵਖੇਵੇਂ ਕਾਰਨ ਕਿਸੇ ਗ਼ੈਰ-ਮੁਸਲਿਮ ਉੱਤੇ ਕੋਈ ਵਧੀਕੀ ਨਹੀਂ ਕੀਤੀ ਜਾਏਗੀ। ਫਿਰ ਭੀ ਜਾਤੀ ਪ੍ਰੇਰਨਾ ਅਤੇ ਲਾਲਚ ਤਾਂ ਉਹ ਵਰਤ ਹੀ ਸਕਦਾ ਸੀ। ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਦਿੱਲੀ ਆਉਣ ਲਈ ਸੱਦਾ ਭੇਜਿਆ। ਉਸ ਵੇਲੇ ਤਕ ਸਤਿਗੁਰੂ ਜੀ ਮਾਝੇ-ਮਾਲਵੇ-ਦੁਆਬੇ ਦੇ ਪਿੰਡਾਂ ਦਾ ਚੱਕਰ ਲਾ ਕੇ ਕੀਰਤਪੁਰ ਵਾਪਸ ਆ ਚੁੱਕੇ ਸਨ।

ਸਤਿਗੁਰੂ ਜੀ ਨੇ ਆਪਣੇ ਥਾਂ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮਰਾਇ ਜੀ ਨੂੰ ਭੇਜਿਆ ਅਤੇ ਕੁਝ ਕੁ ਸਿਆਣੇ ਮਸੰਦ (ਪ੍ਰਚਾਰਕ) ਭੀ ਨਾਲ ਦੇ ਦਿੱਤੇ। ਤੁਰਨ ਲੱਗਿਆਂ ਨੂੰ ਗੁਰੂ ਜੀ ਨੇ ਸਿੱਖਿਆ ਦਿੱਤੀ ਕਿ ਹਰੇਕ ਕਾਰਜ ਵਿਚ ਗੁਰੂ ਆਸਰੇ ਰਹਿਣਾ, ਗੁਰੂ ਨੂੰ ਸਦਾ ਅੰਗ-ਸੰਗ

ਸਮਝਣਾ। ਬਾਬਾ ਰਾਮਰਾਇ ਜੀ ਬੜੇ ਪ੍ਰਸੰਨ ਦੇ ਹਾਜ਼ਰ-ਜਵਾਬ ਸਨ। ਉਹਨਾਂ ਦੀ ਵਿਦਵਤਾ ਦਾ ਔਰੰਗਜ਼ੇਬ ਉੱਤੇ ਬਹੁਤ ਅਸਰ ਪਿਆ। ਸਿੱਖ ਇਤਿਹਾਸਕਾਰ ਲਿਖਦੇ ਹਨ ਕਿ ਬਾਦਸ਼ਾਹ ਨੇ ਬਾਬਾ ਰਾਮਰਾਇ ਜੀ ਦੀ ਅਜ਼ਮਤ ਪਰਖਣ ਲਈ ਕਈ ਅਜ਼ਮਾਇਸ਼ਾਂ ਕੀਤੀਆਂ ਤੇ ਬਾਬਾ ਜੀ ਹਰੇਕ ਅਜ਼ਮਾਇਸ਼ ਵਿਚ ਪੂਰੇ ਉਤਰਦੇ ਰਹੇ, ਜਿਸ ਦਾ ਨਤੀਜਾ ਇਹ ਹੋਇਆ ਕਿ ਔਰੰਗਜ਼ੇਬ ਰਾਮਰਾਇ ਜੀ ਦਾ ਬੜਾ ਆਦਰ-ਸਤਿਕਾਰ ਕਰਨ ਲੱਗ ਪਿਆ। ਔਰੰਗਜ਼ੇਬ ਪੱਕਾ ਮੁਸਲਮਾਨ ਸੀ, ਇਸਲਾਮ ਵਿਚ ਉਸ ਦੀ ਸ਼ਰਧਾ ਤਅੱਸਬ ਦੀਆਂ ਹੱਦਾਂ ਤਕ ਅੱਪੜ ਚੁੱਕੀ ਹੋਈ ਸੀ। ਅਸਲ ਵਿਚ ਉਹ ਰਾਮਰਾਇ ਜੀ ਦੇ ਦਿਲ ਨੂੰ ਪਿਆਰ-ਸਤਿਕਾਰ ਨਾਲ ਜਿੱਤ ਕੇ ਆਪਣੇ ਦੀਨ ਵਿਚ ਲਿਆਉਣਾ ਚਾਹੁੰਦਾ ਸੀ, ਕਿਉਂਕਿ ਬਾਬਾ ਰਾਮਰਾਇ ਜੀ ਅਜੇ ਅੱਲ੍ਹੜ ਉਮਰ ਦੇ ਗੱਭਰੂ ਹੀ ਸਨ। ਪਰ ਦਰਬਾਰੀ ਕਾਜ਼ੀ ਮੌਲਵੀ ਬਾਦਸ਼ਾਹ ਦੀ ਇਸ ਨੀਤੀ ਨੂੰ ਸਮਝਦੇ ਹੋਏ ਉਸ ਦੇ ਇਸ ਜ਼ਾਹਰਾ ਝੁਕਾਉ ਨੂੰ ਪਸੰਦ ਨਹੀਂ ਕਰਦੇ ਸਨ। ਉਹ ਕਿਸੇ ਨਾ ਕਿਸੇ ਤਰ੍ਹਾਂ ਦੋਹਾਂ ਵਿਚ ਅਜੋੜ ਦੇਖਣਾ ਚਾਹੁੰਦੇ ਸਨ। ਇਸ ਗਰਜ਼ ਕਰਕੇ ਉਹ ਬਾਦਸ਼ਾਹ ਪਾਸੋਂ ਬਾਬਾ ਰਾਮ ਰਾਇ ਜੀ ਉੱਤੇ ਕਈ ਕਿਸਮ ਦੇ ਸਵਾਲ ਕਰਾਂਦੇ ਰਹਿੰਦੇ ਸਨ। ਪਰ ਬਾਬਾ ਜੀ ਦੀ ਹਾਜ਼ਰ-ਜਵਾਬੀ ਅੱਗੇ ਕਾਜ਼ੀਆਂ ਦੀ ਪੇਸ਼ ਨਹੀਂ ਜਾਂਦੀ ਸੀ, ਬਾਦਸ਼ਾਹ ਦੀ ਸਦਾ ਤਸੱਲੀ ਹੀ ਹੁੰਦੀ ਰਹੀ।

ਸਿੱਖ ਇਤਿਹਾਸ ਵਿਚ ਇਹ ਆਮ ਪ੍ਰਸਿੱਧ ਹੈ ਕਿ ਆਖਰ ਇਕ ਦਿਨ ਕਾਜ਼ੀਆਂ ਦੀ ਪ੍ਰੇਰਨਾ 'ਤੇ ਔਰੰਗਜ਼ੇਬ ਨੇ ਰਾਮਰਾਇ ਜੀ ਤੋਂ ਪੁੱਛਿਆ ਕਿ ਗੁਰੂ ਨਾਨਕ ਦੇਵ ਜੀ ਨੇ ਜੋ ਮੁਸਲਮਾਨਾਂ ਬਾਰੇ ਲਿਖਿਆ ਹੈ, "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ" ਇਸ ਦਾ ਕੀ ਭਾਵ ਹੈ। ਕਾਜ਼ੀਆਂ ਦੀ ਚੋਟ ਆਖਰ ਟਿਕਾਣੇ 'ਤੇ ਵੱਜੀ। ਬਾਦਸ਼ਾਹ ਨਾਲ ਬਣਿਆ ਰਸੂਖ ਕਾਇਮ ਰੱਖਣ ਲਈ ਬਾਬਾ ਰਾਮ ਰਾਇ ਜੀ ਨੇ ਕਹਿ ਦਿੱਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਅਸਲ ਵਿਚ "ਮਿਟੀ ਬੇਈਮਾਨ ਕੀ" ਉਚਾਰਿਆ ਸੀ, ਲਿਖਾਰੀ ਦੀ ਭੁੱਲ ਨਾਲ 'ਮਿਟੀ ਮੁਸਲਮਾਨ ਕੀ' ਲਿਖਿਆ ਗਿਆ ਹੈ। ਆਦਰ-ਸਤਿਕਾਰ ਵਾਲਾ ਦਬਾਉ ਸਿਰਫ਼ ਬਾਬਾ ਰਾਮ ਰਾਇ ਜੀ ਉੱਤੇ ਨਹੀਂ ਪਾਇਆ ਜਾ ਰਿਹਾ ਸੀ, ਇਹ ਜਾਲ ਨਾਲ ਗਏ ਮਸੰਦਾਂ ਉੱਤੇ ਭੀ ਵਿਛਾਇਆ ਜਾ ਰਿਹਾ ਸੀ, ਇਸ ਦੇ ਨਤੀਜੇ ਦੇ ਤੌਰ 'ਤੇ ਹੋ ਸਕਦਾ ਹੈ ਕਿ ਇਹ ਉਕਾਈ ਕਰਨ ਦੀ ਸਲਾਹ ਬਾਬਾ ਰਾਮਰਾਇ ਜੀ ਨੂੰ ਉਹਨਾਂ ਮਸੰਦਾਂ ਵਿਚੋਂ ਕਿਸੇ ਨੇ ਦਿੱਤੀ ਹੋਵੇ, ਜੋ ਕੀਰਤਪੁਰੋਂ ਉਹਨਾਂ ਦੇ ਨਾਲ ਭੇਜੇ ਗਏ ਸਨ। ਫਿਰ ਭੀ ਇਸ ਉਕਾਈ ਦੀ ਜ਼ਿੰਮੇਵਾਰੀ ਬਾਬਾ ਰਾਮਰਾਇ ਜੀ ਦੇ ਸਿਰ ਹੀ ਆਉਂਦੀ ਹੈ।

ਸ਼ਾਹੀ ਰਸੂਖ ਦੀ ਖ਼ਾਤਰ ਗੁਰੂ-ਆਦਰਸ਼ ਨੂੰ ਬਦਲਾ ਦੇਣਾ ਸਿੱਖ ਧਰਮ ਦੇ ਨਿਸ਼ਾਨੇ ਤੋਂ ਇਕ ਉਕਾਈ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਜਦੋਂ ਇਹ ਖ਼ਬਰ ਸੁਣੀ ਤਾਂ ਉਹਨਾਂ ਨੂੰ ਨਿਸ਼ਚੇ ਹੋ ਗਿਆ ਕਿ ਰਾਮਰਾਇ ਜੀ ਹੁਣ ਇਸ ਯੋਗ ਨਹੀਂ ਰਹੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸੂਲਾਂ ਦੀ ਰਾਖੀ ਅਤੇ ਪਰਿਵਾਰ ਦੀ ਜ਼ਿੰਮੇਵਾਰੀ ਇਹਨਾਂ ਦੇ ਸਪੁਰਦ ਕੀਤੀ ਜਾ ਸਕੇ।

ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਬਾਬਾ ਰਾਮਰਾਇ ਜੀ ਨੂੰ ਆਪਣੇ ਇਹਨਾਂ ਖ਼ਿਆਲਾਂ ਦੀ ਖ਼ਬਰ ਭੇਜ ਦਿੱਤੀ ਅਤੇ ਕਹਿ ਭੇਜਿਆ ਕਿ ਤੁਸਾਂ ਹੁਣ ਸਾਡੇ ਪਾਸ ਨਾ ਆਉਣਾ ਕਿਉਂਕਿ ਔਰੰਗਜ਼ੇਬ ਨਾਲ ਰਸੂਖ ਕਾਇਮ ਰੱਖਣ ਦੀ ਖਾਤਰ ਤੁਸਾਂ ਗੁਰੂ ਨਾਨਕ ਪਾਤਿਸ਼ਾਹ ਦੀ ਭਾਰੀ ਨਿਰਾਦਰੀ ਕੀਤੀ ਹੈ।

ਔਰੰਗਜ਼ੇਬ ਆਪਣੀ ਚਾਲ ਵਿਚ ਕਿਸੇ ਹੱਦ ਤਕ ਕਾਮਯਾਬ ਹੋ ਗਿਆ। ਉਸ ਨੇ ਫੁੱਟ ਨੂੰ ਵਧਾਉਣ ਲਈ ਬਾਬਾ ਰਾਮਰਾਇ ਜੀ ਨੂੰ ਜਗੀਰ ਦੇ ਦਿੱਤੀ। ਪਰ ਸਿੱਖ ਕੌਮ ਵਿਚ ਧੜੇ ਪੈਦਾ ਕਰਨ ਵਿਚ ਉਹ ਕਾਮਯਾਬ ਨਾ ਹੋ ਸਕਿਆ। ਸਿੱਖਾਂ ਦੀ ਸ਼ਰਧਾ ਆਪਣੇ ਗੁਰੂ ਦੇ ਚਰਨਾਂ ਵਿਚ ਅਡੋਲ ਰਹੀ। ਇਹ ਸਾਰਾ ਜ਼ਿਕਰ ਫਰਵਰੀ 1660 ਤੋਂ ਪਿੱਛੋਂ ਦਾ ਹੈ।

## ਜੋਤੀ ਜੋਤਿ

ਆਪਣਾ ਅੰਤਿਮ ਸਮਾਂ ਨੇੜੇ ਆਉਂਦਾ ਜਾਣ ਕੇ ਸਤਿਗੁਰੂ ਜੀ ਨੇ ਆਪਣੇ ਥਾਂ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਿਆਈ ਬਖ਼ਸ਼ੀ ਅਤੇ ਆਪ 6 ਅਕਤੂਬਰ, ਸੰਨ 1661 ਨੂੰ ਕੀਰਤਪੁਰ ਵਿਚ ਜੋਤੀ ਜੋਤਿ ਸਮਾਏ।

(10/1992)

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਪੁੱਤਰ—ਬਾਬਾ ਗੁਰਦਿੱਤਾ ਜੀ, ਸੂਰਜ ਮੱਲ ਜੀ, ਅਣੀ ਰਾਏ ਜੀ, ਬਾਬਾ ਅਟੱਲ ਰਾਏ ਜੀ ਅਤੇ ਤੇਗ ਬਹਾਦਰ ਜੀ ਸਨ। ਬਾਬਾ ਅਟੱਲ ਰਾਏ ਜੀ, ਅਣੀ ਰਾਏ ਜੀ ਅਤੇ ਗੁਰਦਿੱਤਾ ਜੀ ਆਪਣੇ ਪਿਤਾ ਜੀ ਦੇ ਜੀਉਂਦਿਆਂ ਹੀ ਪੂਰੇ ਹੋ ਗਏ ਸਨ। ਸੂਰਜ ਮੱਲ ਸੰਸਾਰਕ ਮਾਮਲਿਆਂ ਵਿਚ ਲੋੜੋਂ ਵੱਧ ਖੱਚਤ ਰਹਿਣ ਵਾਲਾ ਸੀ ਅਤੇ (ਗੁਰੂ) ਤੇਗ ਬਹਾਦਰ ਜੀ ਦੁਨਿਆਵੀ ਮਾਮਲਿਆਂ ਵਿਚ ਲੋੜੀਂਦੀ ਦਿਲਚਸਪੀ ਵੀ ਨਹੀਂ ਸੀ ਲੈਂਦੇ। ਬਾਬਾ ਗੁਰਦਿੱਤਾ ਜੀ ਦੇ ਧੀਰ ਮੱਲ ਅਤੇ (ਗੁਰੂ) ਹਰਿਰਾਇ ਜੀ ਦੋ ਪੁੱਤਰ ਸਨ। ਧੀਰ ਮੱਲ ਭਾਵੇਂ ਉਮਰ ਵਿਚ ਵੱਡਾ ਸੀ ਪਰ ਉਹ ਵਫ਼ਾਦਾਰ ਨਹੀਂ ਸੀ ਅਤੇ ਵੈਰੀਆਂ ਨਾਲ ਮਿਲ ਕੇ ਸਾਜ਼ਿਸ਼ਾਂ ਕਰਦਾ ਰਹਿੰਦਾ ਸੀ। ਕੇਵਲ (ਗੁਰੂ) ਹਰਿਰਾਇ ਜੀ ਨੇ ਹੀ ਉਨ੍ਹਾਂ ਔਖੇ ਦਿਨਾਂ ਵਿਚ ਆਪਣੇ ਆਪ ਨੂੰ ਕੌਮ ਦੀ ਅਗਵਾਈ ਦੇ ਯੋਗ ਸਿੱਧ ਕੀਤਾ ਸੀ।

ਸ੍ਰੀ ਗੁਰੂ ਹਰਿਰਾਇ ਜੀ ਦਾ ਪ੍ਰਕਾਸ਼ ਸੰਨ 1630 ਈ.[1] ਨੂੰ ਕੀਰਤਪੁਰ ਵਿਚ ਹੋਇਆ ਸੀ। ਸ਼ੁਰੂ ਤੋਂ ਹੀ ਉਨ੍ਹਾਂ ਨੇ ਆਪਣੇ ਅੰਦਰ ਸ਼ਕਤੀ ਅਤੇ ਕੋਮਲਤਾ ਦਾ ਇਕ ਚੰਗਾ ਮੇਲ ਦਰਸਾਇਆ ਸੀ। ਉਹ ਇਕ ਸ਼ਿਕਾਰੀ ਤਾਂ ਜ਼ਰੂਰ ਸਨ ਅਤੇ ਨਾਲ ਹੀ ਉਹ ਇਤਨੇ ਦਇਆਵਾਨ ਸਨ ਕਿ ਜਿਨ੍ਹਾਂ ਜਾਨਵਰਾਂ ਦਾ ਉਹ ਪਿੱਛਾ ਕਰਦੇ ਸਨ ਜਾਂ ਜਿਨ੍ਹਾਂ ਨੂੰ ਫੜ ਲੈਂਦੇ ਸਨ, ਉਨ੍ਹਾਂ ਨੂੰ ਮਾਰਦੇ ਨਹੀਂ ਸਨ। ਉਹ ਉਨ੍ਹਾਂ ਨੂੰ ਫੜ ਕੇ ਘਰ ਲੈ ਆਉਂਦੇ, ਉਨ੍ਹਾਂ ਨੂੰ ਲੋੜੀਂਦੀ ਖੁਰਾਕ ਦਿੰਦੇ ਅਤੇ ਆਪਣੇ ਚਿੜੀਆ-ਘਰ ਵਿਚ ਸੰਭਾਲ ਕੇ ਰੱਖਦੇ। ਉਨ੍ਹਾਂ ਦੇ ਬਚਪਨ ਸਮੇਂ ਇਕ ਦਿਨ ਜਦੋਂ ਉਹ ਬਾਗ਼ ਵਿਚੋਂ ਦੀ ਲੰਘ ਰਹੇ ਸਨ ਤਾਂ ਉਨ੍ਹਾਂ ਦੇ ਖੁਲ੍ਹੇ ਚੋਗੇ ਵਿਚ ਫਸ ਕੇ ਫੁੱਲਾਂ ਦੀਆਂ ਕੁਝ ਪੱਤੀਆਂ ਟੁੱਟ ਕੇ ਜ਼ਮੀਨ 'ਤੇ ਡਿੱਗ ਪਈਆਂ। ਇਹ ਦ੍ਰਿਸ਼ ਉਹ ਝੱਲ ਨਾ ਸਕੇ ਅਤੇ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹ ਬਾਬਾ ਫ਼ਰੀਦ ਜੀ ਦੀਆਂ ਇਹ ਪੰਗਤੀਆਂ ਬੜੇ ਸ਼ੌਕ ਨਾਲ ਗਾਇਆ ਕਰਦੇ ਸਨ:

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥** *(ਪੰਨਾ ੧੩੮੪)*

(ਭਾਵ ਸਭਨਾਂ ਦੇ ਦਿਲ ਅਮੋਲਕ ਹਨ। ਜੇ ਤੈਨੂੰ (ਮਨੁੱਖ ਨੂੰ) ਰੱਬ ਨੂੰ ਮਿਲਣ ਦੀ ਇੱਛਾ ਹੈ ਤਾਂ ਕਿਸੇ ਦਾ ਦਿਲ ਨਾ ਦੁਖਾਈਂ।)

ਉਨ੍ਹਾਂ ਕਿਹਾ, "ਮੰਦਰ ਜਾਂ ਮਸੀਤ ਦੀ ਮੁਰੰਮਤ ਹੋ ਸਕਦੀ ਹੈ ਜਾਂ ਮੁੜ ਬਣਾਏ ਜਾ ਸਕਦੇ ਹਨ ਪਰ ਟੁੱਟਾ ਹੋਇਆ ਦਿਲ ਮੁਰੰਮਤ ਨਹੀਂ ਹੋ ਸਕਦਾ।" ਉਹ ਦਰਸ਼ਨ ਲਈ ਆਉਣ ਵਾਲੇ ਸਿੱਖਾਂ ਨੂੰ ਸਦਾ ਇਹੋ ਹੀ ਪੁੱਛਦੇ ਕਿ ਕੀ ਉਹ ਲੰਗਰ ਚਲਾਉਂਦੇ ਸਨ ਅਤੇ ਭੋਜਨ ਵੰਡ ਕੇ

ਛਕਦੇ ਸਨ। ਦੂਜਿਆਂ ਦਾ ਭਲਾ ਕਰਨ ਦੀ ਗੱਲ 'ਤੇ ਉਹ ਸਭ ਗੱਲਾਂ ਨਾਲੋਂ ਵੱਧ ਖ਼ੁਸ਼ ਹੁੰਦੇ ਸਨ।

ਇਹ ਸਾਰਾ ਕੁਝ ਹੁੰਦਿਆਂ ਹੋਇਆਂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸ੍ਰੀ ਗੁਰੂ ਹਰਿਰਾਇ ਜੀ ਇਕ ਸਿਪਾਹੀ ਸਨ। ਉਨ੍ਹਾਂ ਨੇ 2200 ਘੋੜਸਵਾਰ ਸੈਨਿਕ ਆਪਣੇ ਪਾਸ ਰੱਖੇ, ਜਿਨ੍ਹਾਂ ਨੂੰ ਲੋੜ ਪੈਣ 'ਤੇ ਇਕ ਦਮ ਵਰਤਿਆ ਜਾ ਸਕਦਾ ਸੀ ਪਰ ਗੁਰੂ ਜੀ ਅਮਨ ਦੀ ਨੀਤੀ ਉੱਤੇ ਚੱਲਣ ਲਈ ਦ੍ਰਿੜ੍ਹ ਸਨ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਸ਼ਾਹ ਜਹਾਨ ਦੇ ਪੁੱਤਰਾਂ ਦੀ ਦਿੱਲੀ ਦੇ ਤਖ਼ਤ ਲਈ ਆਪਸੀ ਲੜਾਈ ਦੌਰਾਨ ਦਾਰਾ ਸ਼ਿਕੋਹ ਵਲੋਂ ਗੁਰੂ ਘਰ ਤੋਂ ਸਹਾਇਤਾ ਦੀ ਗੁਹਾਰ ਲਗਾਈ ਗਈ ਸੀ। ਦਾਰਾ ਸ਼ਿਕੋਹ ਬਹੁਤ ਸਾਰੇ ਹੋਰ ਸੂਫ਼ੀਆਂ ਦੀ ਤਰ੍ਹਾਂ ਸਿੱਖ ਮਤ ਦਾ ਪ੍ਰਸ਼ੰਸਕ ਸੀ ਅਤੇ ਜਾਪਦਾ ਹੈ ਕਿ ਗੁਰੂ ਜੀ ਪ੍ਰਤੀ ਉਸ ਦੇ ਦਿਲ ਅੰਦਰ ਸਤਿਕਾਰ ਸੀ। ਉਨ੍ਹਾਂ ਨੇ ਇਕ ਵਾਰ ਉਸ ਨੂੰ ਦੁਰਲੱਭ ਦਵਾਈ ਭੇਜ ਕੇ ਉਸ ਦੀ ਜਾਨ ਬਚਾਈ ਸੀ। ਔਰੰਗਜ਼ੇਬ ਦੀ ਫ਼ੌਜ ਦੇ ਅੱਗੇ-ਅੱਗੇ ਭੱਜਦਾ ਹੋਇਆ ਦਾਰਾ ਗੋਇੰਦਵਾਲ ਪੁੱਜਾ ਅਤੇ ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਫੜ੍ਹੇ ਜਾਣ ਤੋਂ ਬਚਾਉਣ। ਗੁਰੂ ਜੀ ਨੇ ਪਿੱਛਾ ਕਰ ਰਹੀ ਮੁਗ਼ਲ ਫ਼ੌਜ ਦੇ ਵਿਰੁੱਧ ਦਰਿਆ ਬਿਆਸ ਦਾ ਰਾਹ ਰੋਕਣ ਲਈ ਆਪਣੇ ਆਦਮੀ ਭੇਜੇ ਤਾਂ ਜੋ ਸ਼ਰਨਾਰਥੀ ਸ਼ਹਿਜ਼ਾਦਾ ਬਚ ਨਿਕਲਣ ਵਿਚ ਸਫ਼ਲ ਹੋ ਜਾਏ।

ਔਰੰਗਜ਼ੇਬ ਨੂੰ ਇਹ ਗੱਲ ਨਹੀਂ ਭੁੱਲੀ। ਤਖ਼ਤ ਉੱਤੇ ਬੈਠਦਿਆਂ ਹੀ ਉਸ ਨੇ ਗੁਰੂ ਜੀ ਨੂੰ ਆਪਣੇ ਸਾਹਮਣੇ ਹਾਜ਼ਰ ਹੋਣ ਲਈ ਬੁਲਾਵਾ ਭੇਜਿਆ।[2] ਗੁਰੂ ਜੀ ਆਪ ਨਹੀਂ ਗਏ ਉਨ੍ਹਾਂ ਨੇ ਆਪਣੇ ਪੁੱਤਰ ਰਾਮਰਾਇ ਨੂੰ ਭੇਜਿਆ। ਔਰੰਗਜ਼ੇਬ ਇਸ ਗੱਲ ਦੀ ਤਸੱਲੀ ਕਰਨਾ ਚਾਹੁੰਦਾ ਸੀ ਕਿ ਸਿੱਖ ਮਤ ਵਿਚ ਇਸਲਾਮ ਦੇ ਵਿਰੁੱਧ ਤਾਂ ਕੋਈ ਗੱਲ ਨਹੀਂ ਹੈ। ਬਾਦਸ਼ਾਹ ਨੇ ਰਾਮ ਰਾਏ ਨੂੰ ਬਹੁਤ ਸਾਰੇ ਪ੍ਰਸ਼ਨ ਪੁੱਛੇ। ਉਨ੍ਹਾਂ ਵਿਚੋਂ ਇਕ ਪ੍ਰਸ਼ਨ ਗੁਰੂ ਨਾਨਕ ਜੀ ਦੀਆਂ ਰਚਨਾਵਾਂ ਵਿਚੋਂ ਇਕ ਤੁਕ ਸੀ ਜਿਹੜੀ ਮੁਸਲਮਾਨਾਂ ਦੇ ਇਸ ਵਿਸ਼ਵਾਸ ਨਾਲ ਸੰਬੰਧਿਤ ਸੀ ਕਿ ਜਿਹੜੇ ਮ੍ਰਿਤਕ ਸਰੀਰਾਂ ਨੂੰ ਮੌਤ ਪਿੱਛੋਂ ਸਾੜ ਦਿੱਤਾ ਜਾਂਦਾ ਹੈ, ਉਹ ਦੋਜ਼ਖ਼ ਵਿਚ ਜਾਂਦੇ ਹਨ। ਉਹ ਤੁਕ ਇਉਂ ਹੈ:

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥**
**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥** *(ਪੰਨਾ ੪੬੬)*

ਬਾਦਸ਼ਾਹ ਨੇ ਰਾਮਰਾਇ ਨੂੰ ਪੁੱਛਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਮੁਸਲਮਾਨਾਂ ਦੀ ਨਿੰਦਿਆ ਕਿਉਂ ਕੀਤੀ ਗਈ ਹੈ। ਰਾਮਰਾਇ ਨੇ ਤੁਕ ਵਿਚ ਇਕ ਸ਼ਬਦ ਬਦਲ ਕੇ ਮੌਕਾ ਬਚਾ ਲਿਆ। ਉਸ ਕਿਹਾ ਕਿ 'ਮੁਸਲਮਾਨ' ਸ਼ਬਦ ਕਾਤਬ ਦੀ ਗ਼ਲਤੀ ਨਾਲ ਲਿਖਿਆ ਗਿਆ ਹੈ। ਅਸਲ ਵਿਚ ਇਹ ਸ਼ਬਦ 'ਬੇਈਮਾਨ' ਹੈ। ਬਾਦਸ਼ਾਹ ਖ਼ੁਸ਼ ਹੋ ਗਿਆ ਤੇ ਉਸ ਨੇ ਰਾਮਰਾਇ ਨੂੰ ਦੂਨ ਦੀ ਵਾਦੀ ਵਿਚ ਜਾਗੀਰ ਦੇ ਦਿੱਤੀ[3] ਪਰ ਗੁਰੂ ਜੀ ਨੂੰ ਆਪਣੇ ਇਸ ਪੁੱਤਰ ਵਿਚ ਸੱਚਾਈ ਅਤੇ ਹੌਂਸਲੇ ਦੀ ਘਾਟ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਉਸ ਨੂੰ ਗੁਰਿਆਈ ਦੇ ਜ਼ਿੰਮੇਵਾਰ ਅਹੁਦੇ ਲਈ ਅਯੋਗ ਘੋਸ਼ਿਤ ਕਰ ਦਿੱਤਾ[4] ਅਤੇ ਇਸ ਗੱਲ ਲਈ ਆਪਣਾ ਮਨ ਬਣਾ ਲਿਆ ਕਿ ਰਾਮਰਾਇ ਦੀ ਥਾਂ ਗੁਰਿਆਈ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਦਿੱਤੀ ਜਾਵੇਗੀ।

ਸ੍ਰੀ ਗੁਰੂ ਹਰਿਰਾਇ ਜੀ ਦੇ ਸਮੇਂ ਸਿੱਖ ਮਤ ਨੇ ਚੰਗੀ ਉੱਨਤੀ ਕੀਤੀ। ਉਨ੍ਹਾਂ ਨੇ ਇਕ ਸੰਨਿਆਸੀ ਭਗਤ ਭਗਵਾਨ ਨੂੰ ਜਿਹੜਾ ਸਿੱਖ ਹੋ ਗਿਆ ਸੀ, ਪੰਜਾਬ ਤੋਂ ਬਾਹਰ ਪੂਰਬ ਵਿਚ ਸਿੱਖ ਮਤ ਦੇ ਪ੍ਰਚਾਰ ਲਈ ਭੇਜਿਆ। ਕੈਂਥਲ ਅਤੇ ਬਾਗੜੀਆਂ ਦੇ ਭਾਈ ਪਰਿਵਾਰਾਂ ਨੂੰ ਜਮਨਾ ਅਤੇ ਸਤਲੁਜ ਦਰਿਆਵਾਂ ਦੇ ਦਰਮਿਆਨੀ ਇਲਾਕੇ ਵਿਚ ਪ੍ਰਚਾਰ ਦਾ ਕੰਮ ਸੌਂਪਿਆ ਗਿਆ। ਬਿਆਸ ਅਤੇ ਰਾਵੀ ਦੇ ਵਿਚਕਾਰ ਦੇ 'ਲੰਮਾ' ਇਲਾਕੇ ਵਿਚ ਭਾਈ ਫੇਰੂ ਗੁਰੂ ਜੀ ਦੇ ਮਸੰਦ ਵਜੋਂ ਕੰਮ ਕਰ ਰਿਹਾ ਸੀ।

ਸ੍ਰੀ ਗੁਰੂ ਹਰਿਰਾਇ ਜੀ ਪੂਰੀ ਯੋਗਤਾ ਨਾਲ ਲੱਗਭਗ ਸਤਾਰਾਂ ਸਾਲਾਂ ਤਕ ਗੁਰਿਆਈ ਨਿਭਾਉਣ ਉਪਰੰਤ 6 ਅਕਤੂਬਰ, 1661 ਨੂੰ ਕੀਰਤਪੁਰ ਵਿਖੇ ਜੋਤੀ ਜੋਤਿ ਸਮਾ ਗਏ।

(2/1995)

## ਹਵਾਲੇ ਤੇ ਟਿੱਪਣੀਆਂ

1. ਅਸੀਂ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਨੂੰ ਮੰਨਿਆ ਹੈ ਜੋ 'ਸੂਰਜ ਪ੍ਰਕਾਸ਼' ਨਾਲੋਂ ਪਹਿਲਾਂ ਦੀ ਲਿਖਤ ਹੈ ਜੋ ਮਾਘ 1683 (ਜਨਵਰੀ 1627 ਈ.) ਨੂੰ ਗੁਰੂ ਜੀ ਦੀ ਜਨਮ-ਮਿਤੀ ਮੰਨਦੀ ਹੈ।
2. ਬਖਤ ਮੱਲ ਗੁਰੂ ਸਾਹਿਬ ਨੂੰ ਤਲਬ ਕਰਨ ਦਾ ਹੋਰ ਕਾਰਨ ਦਿੰਦਾ ਹੈ ਕਿ ਬਾਦਸ਼ਾਹ ਗੁਰੂ ਜੀ ਨੂੰ ਕਰਾਮਾਤਾਂ ਕਰਦਿਆਂ ਦੇਖਣਾ ਚਾਹੁੰਦਾ ਸੀ (ਦੇਖੋ 'ਖ਼ਾਲਸਾਨਾਮਾ, ਪੰਨਾ 9)।
3. ਬਖਤ ਮੱਲ, ਪੰਨਾ 10, ਡੇਹਰਾ ਜਿਸ ਦੇ ਦੁਆਲੇ ਡੇਹਰਾਦੂਨ ਦਾ ਸ਼ਹਿਰ ਬਣਿਆ ਹੈ, ਉਸ ਫ਼ਿਰਕੇ ਦਾ ਹੈੱਡਕੁਆਰਟਰ ਹੈ ਜਿਸ ਦਾ ਰਾਮਰਾਇ ਨੇ ਮੁੱਢ ਬੰਨ੍ਹਿਆ ਸੀ। ਉਸ ਦੇ ਪੈਰੋਕਾਰਾਂ ਨੂੰ ਰਾਮਰਾਈਏ ਕਹਿੰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਅੰਮ੍ਰਿਤਧਾਰੀ ਸਿੱਖਾਂ ਵਲੋਂ ਉਨ੍ਹਾਂ ਦਾ ਸਮਾਜਿਕ ਬਾਈਕਾਟ ਕੀਤਾ ਹੋਇਆ ਹੈ।
4. ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਸੱਤ ਔਰਤਾਂ ਨਾਲ, ਜੋ ਸਾਰੀਆਂ ਭੈਣਾਂ ਸਨ, ਵਿਆਹ ਕਰਨ ਵਾਲੀ ਕਹਾਣੀ 'ਸੂਰਜ ਪ੍ਰਕਾਸ਼ ਦੇ ਇਕ ਹੱਥ-ਲਿਖਤੀ ਖਰੜੇ ਵਿਚ ਮਿਲਦੀ ਹੈ ਅਤੇ ਇਹ ਅੰਕਾਂ ਵਾਲੇ ਪੰਨਿਆਂ ਤੋਂ ਬਿਨਾਂ ਪਤਰਿਆਂ ਉੱਤੇ ਲਿਖੀ ਹੋਈ ਹੈ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਪੋਤਰੇ ਪਿੱਛੋਂ ਪਾਏ ਗਏ ਸਨ। ਮੰਦੇ ਭਾਗਾਂ ਨੂੰ ਅੱਜ-ਕੱਲ੍ਹ ਦੀਆਂ ਪ੍ਰਚੱਲਿਤ ਛਾਪਾਂ ਦਾ ਆਧਾਰ ਉਹੀ ਖਰੜਾ ਬਣਿਆ। ਦੂਜੇ ਖਰੜਿਆਂ ਵਿਚ ਇਕ ਵਿਆਹ ਦਾ ਜ਼ਿਕਰ ਹੈ। 'ਮਹਿਮਾ ਪ੍ਰਕਾਸ਼' ਵੀ, ਜੋ ਇਸ ਪੁਸਤਕ ਨਾਲੋਂ ਬਹੁਤ ਪੁਰਾਣੀ ਹੈ, ਇਕੋ ਪਤਨੀ ਦਾ ਜ਼ਿਕਰ ਕਰਦੀ ਹੈ। ਇਸ ਗੱਲ ਸੰਬੰਧੀ 'ਸੂਰਜ ਪ੍ਰਕਾਸ਼' ਵਿਚ ਭਾਈ ਵੀਰ ਸਿੰਘ ਦੀ ਟਿੱਪਣੀ ਦੇਖੀ ਜਾ ਸਕਦੀ ਹੈ।

# ਨਿਰਭਉ-ਨਿਰਵੈਰ : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਸਾਰੀ ਆਯੂ ਨਿਰਭੈ ਹੋ ਕੇ ਕੱਟੀ। ਸੰਗਤਾਂ ਨੇ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਸਕਾਰ ਵੇਲੇ ਹੀ ਦੇਖ ਲਿਆ ਸੀ ਕਿ ਉਨ੍ਹਾਂ ਕਿਵੇਂ ਅੱਗੇ ਵਧ ਕੇ ਚਿਖਾ ਵਿਚ ਛਾਲ ਮਾਰਨ ਵਾਲਿਆਂ ਦੀ ਬਾਂਹ ਪਕੜ ਪਾਸੇ ਕੀਤਾ। ਕਿਸੇ ਦੇ ਡਰ ਭੈ ਵਿਚ ਨਾ ਆਏ। ਆਰੰਭ ਵਿਚ ਵੱਡੇ ਭਰਾ ਧੀਰ ਮੱਲ ਨੇ ਡਰ ਡਰਾਵੇ ਦਿੱਤੇ। ਉਸ ਸ਼ਾਹ ਜਹਾਨ ਨਾਲ ਬਣਾ ਵੀ ਲਈ ਪਰ ਆਪ ਜੀ ਬੇਪਰਵਾਹ ਵਿਚਰਦੇ ਰਹੇ। ਫ਼ੌਜਾਂ ਰੱਖੀਆਂ, ਕਿਲ੍ਹੇ ਉਸਾਰੇ, ਫਸੀਲਾਂ ਬਣਾਈਆਂ, ਨਗਾਰੇ ਵਜਾਏ, ਝੰਡੇ ਝੁਲਾਏ, ਦੁਖੀਆਂ ਨੂੰ ਪਨਾਹਾਂ ਦਿੱਤੀਆਂ, ਸੋਹਣ ਵਰਗੇ ਦੀਵਾਨ ਨੂੰ ਜਦ ਗੁਰੂ-ਸੇਵੀ ਹੋਣ ਕਾਰਨ ਬਿਲਾਸਪੁਰ ਦੇ ਰਾਜੇ ਨੇ ਦੇਸ਼-ਨਿਕਾਲਾ ਦਿੱਤਾ ਤਾਂ ਜਾਗੀਰ ਛੱਡਣੀ ਤਾਂ ਪਰਵਾਨ ਕਰ ਲਈ ਪਰ ਸੋਹਣ ਨੂੰ ਪੂਰਾ ਆਦਰ ਦਿੱਤਾ।

ਜਦ ਪਹਾੜੀ ਰਾਜੇ ਰੁਅਬ ਪਾਉਣ ਦੇ ਖ਼ਿਆਲ ਨਾਲ ਆਏ ਤਾਂ ਐਸੇ ਬਚਨ ਬੋਲੇ ਕਿ ਹੰਕਾਰੀਆਂ ਦਾ ਹੰਕਾਰ ਚਲਿਆ ਗਿਆ। ਰਾਜ ਦੇ ਪਹਿਲਵਾਨਾਂ ਨੂੰ ਸਾਧਾਰਨ ਸਿੱਖਾਂ ਕੋਲੋਂ ਹੀ ਹਰਵਾ ਦਿੱਤਾ।

ਇਕ ਵਾਰੀ ਦਾਰਾ ਦੀ ਬਾਂਹ ਫੜ ਲਈ ਤਾਂ ਅਖੀਰ ਤੱਕ ਨਾ ਛੱਡੀ। ਔਰੰਗਜ਼ੇਬ ਨੇ ਕਈ ਵਾਰੀ ਹਮਲੇ ਕੀਤੇ ਪਰ ਆਪ ਜੀ ਰਤਾ ਭਰ ਵੀ ਉਤੇਜਤ ਨਾ ਹੋਏ। ਔਰੰਗਜ਼ੇਬ ਨੇ ਝਬਾਲ ਦੀ ਅਕਬਰ ਵਾਲੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਪਰ ਆਪ ਜੀ ਨੇ ਗੱਲ ਹੀ ਨਾ ਗੌਲੀ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ।

ਜਦ ਔਰੰਗਜ਼ੇਬ ਦੇ ਸਾਰੇ ਹਮਲੇ ਨਿਸਫਲ ਹੋ ਗਏ ਤੇ ਉਸ ਹੀਲੇ ਕੀਤੇ ਕਿ ਗੁਰੂ ਪਾਤਿਸ਼ਾਹ ਨੂੰ ਕਿਸੇ ਤਰ੍ਹਾਂ ਜ਼ੇਰ ਕੀਤਾ ਜਾਏ। ਮਹਾਰਾਜ ਦਾ ਇਹ ਵੀ ਉੱਤਰ ਸੀ ਕਿ ਅਸਾਂ ਕੋਈ ਉਸ ਦਾ ਖਿਰਾਜ ਨਹੀਂ ਦੇਣਾ ਤੇ ਨਾ ਮੈਨੂੰ ਕੁਝ ਲੈਣ ਦੀ ਖਾਹਿਸ਼ ਹੈ। ਐਸੇ ਧਰੋਹੀ ਦੁਸ਼ਟ ਨਾਲ ਕਦੇ ਮੇਲ ਨਹੀਂ ਕਰਨਾ—ਜਿਸ ਭਰਾਵਾਂ ਨੂੰ ਮਾਰਿਆ, ਪਿਤਾ ਨੂੰ ਕੈਦ ਕੀਤਾ, ਸੰਤ ਮਹਾਤਮਾ, ਫ਼ਕੀਰਾਂ ਨੂੰ ਤਸੀਹੇ ਦਿੱਤੇ ਅਤੇ ਸਰਮਦ ਵਰਗੇ ਖ਼ੁਦਾ ਪਿਆਰੇ ਨੂੰ ਕਤਲ ਕੀਤਾ ਹੈ, ਤਾਂ ਹੀ ਤਾਂ ਇਤਿਹਾਸਕਾਰਾਂ ਲਿਖਿਆ ਹੈ :

**ਮਨ ਮੈਂ ਨ ਧਾਰਾ ਡਰ, ਜ਼ਰਾ ਭਰ ਸ਼ਾਹਿ ਕੇ।**

ਜਦ ਖ਼ਬਰ ਪੁੱਜੀ ਕਿ ਵੱਡੇ ਪੁੱਤਰ ਰਾਮਰਾਇ ਨੇ ਖ਼ੁਸ਼ਾਮਦ ਵਿਚ ਆ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਤੁਕ ਦਾ ਇਕ ਸ਼ਬਦ ਬਦਲਾਇਆ ਹੈ ਤਾਂ ਨਾ ਸਿਰਫ਼ ਉਸ ਨੂੰ ਤਿਆਗਿਆ ਹੀ ਨਹੀਂ ਸਗੋਂ ਇਹ ਭੀ ਕਿਹਾ ਕਿ ਨਲਾਇਕ ਅਤੇ ਥੋੜ੍ਹੀ ਅਕਲ ਵਾਲੇ ਨੂੰ ਕੀ ਹੱਕ ਹੈ ਜੋ ਗੁਰੂ ਨਾਨਕ ਦੇ ਵਾਕ ਉਲਟਾਏ। ਗੁਰੂ ਨਾਨਕ ਸੱਚਾ ਪਾਤਸ਼ਾਹ ਹੈ।

ਪਾਖੰਡੀਆਂ-ਦੰਭੀਆਂ ਨੂੰ ਆਪ ਜੀ ਆੜੇ ਹੱਥ ਲੈਂਦੇ ਸਨ। ਬ੍ਰਾਹਮਣਾਂ ਦੀਆਂ ਕੁਚਾਲਾਂ ਤੋਂ ਪੰਥ ਨੂੰ ਸੁਚੇਤ ਕੀਤਾ ਤੇ ਸਿੱਖੀ ਮਰਯਾਦਾ ਦ੍ਰਿੜ੍ਹ ਕਰਾਂਦੇ ਰਹੇ। ਭਾਈ ਨੰਦ ਲਾਲ ਜੀ ਨੇ ਇਸ ਲਈ ਉਨ੍ਹਾਂ ਨੂੰ ਮੌਤ ਦੇ ਫੰਧੇ ਨੂੰ ਤੋੜਨ ਵਾਲਾ[1] ਅਤੇ ਜਮਰਾਜ ਨੂੰ ਵੀ ਨੀਵਾਂ ਦਿਖਾਲਣ ਵਾਲਾ ਕਿਹਾ ਹੈ। ਉਨ੍ਹਾਂ ਦਾ ਨਾਮ ਹੀ ਅਜਿਹਾ ਹੈ। ਗੁਰੂ ਪਾਤਿਸ਼ਾਹ ਜੀ ਤਾਂ ਹੰਕਾਰ ਵਿਚ ਮਤੇ ਰੁਸਤਮ ਤੇ ਬਹਮਨ ਵਰਗੇ, ਜੋ ਆਸਮਾਨ ਤੋਂ ਉੱਚੀਆਂ ਗੱਲਾਂ ਕਰਦੇ ਸਨ, ਦਾ ਪੰਜਾ ਮਰੋੜ ਦਿੰਦੇ ਹਨ। ਵੱਡੇ-ਵੱਡੇ ਸ਼ਸਤ੍ਰਧਾਰੀ ਉਨ੍ਹਾਂ ਅੱਗੇ ਸਿਰ ਝੁਕਾਂਦੇ ਹਨ। ਉਨ੍ਹਾਂ ਦੀ ਤੱਕਣੀ ਹੀ ਬੱਬਰ ਸ਼ੇਰ ਨੂੰ ਪਾਲਤੂ ਬਣਾ ਦੇਂਦੀ ਹੈ। ਉਹ ਬਾਗੀਆਂ ਤੇ ਸਿਰ-ਫਿਰਿਆਂ ਦਾ ਸਿਰ ਕਲਮ ਕਰਨ ਵਾਲੇ ਹਨ।[2] ਕੋਈ ਬਾਗ਼ੀ ਸਿਰ ਨਹੀਂ ਉਠਾ ਸਕਿਆ। ਇਹ ਵੀ ਇਤਿਹਾਸਕ ਸੱਚਾਈ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ 2200 ਚੋਣਵੇਂ ਸਵਾਰਾਂ ਦੀ ਇਕ ਫ਼ੌਜ ਬਣਾਈ ਸੀ ਜਿਸ ਦਾ ਨਾਂ ਹੀ "ਗੁਰੂ ਹਰਿਰਾਇ ਜੀ ਦਾ ਡੇਰਾ" ਰੱਖਿਆ ਸੀ। ਜਦ ਵੀ ਕੋਈ ਮੁਹਿੰਮ ਸਰ ਨਾ ਹੋਵੇ ਉਸ ਵੇਲੇ ਉਨ੍ਹਾਂ ਸਵਾਰਾਂ ਦੀ ਫ਼ੌਜ ਭੇਜੀ ਜਾਂਦੀ ਸੀ ਅਤੇ ਜਿੱਤਾਂ ਪ੍ਰਾਪਤ ਹੁੰਦੀਆਂ ਸਨ।

ਦੂਜੇ ਪਾਸੇ ਨਿਰਵੈਰ, ਉਦਾਰ ਹਲੀਮ, ਸ਼ਾਂਤ-ਚਿੱਤ, ਸੰਤੋਖੀ, ਦਾਤੇ ਤੇ ਕੋਮਲ ਇਤਨੇ ਕਿ ਪਿਆਰ ਹੀ ਵੰਡਦੇ ਰਹੇ। ਕਨਿੰਘਮ ਨੇ ਠੀਕ ਲਿਖਿਆ ਹੈ ਕਿ ਉਨ੍ਹਾਂ ਦੀ ਸਾਰੀ ਕਾਰ ਵਿਚ ਹਲੀਮੀ ਭਰੀ ਸੀ। ਸਰਬ ਥਾਈਂ ਬਹੁਤ ਹੀ ਮਾਣ ਤੇ ਸਤਿਕਾਰ ਪਾਇਆ।[3]

ਜਿਤਨੇ ਇਹ ਭਾਈ ਤੇ ਸਰਦਾਰ ਹਨ, ਉਨ੍ਹਾਂ ਦੀ ਰਹਿਮਤ ਸਦਕਾ ਹੀ ਵਰੋਸਾਏ ਗਏ ਹਨ।

ਲਤੀਫ਼ ਨੇ ਵੀ ਇਹ ਲਿਖਿਆ ਹੈ ਕਿ ਉਹ ਸ਼ਾਂਤ-ਚਿਤ, ਸੰਤੋਖੀ ਤੇ ਮਿੱਠ-ਬੋਲੜੇ ਸਨ।

ਗਰੀਨ ਲੀਜ਼ ਨੇ 'ਗੌਸਪਲ ਔਫ ਗੁਰੂ ਗ੍ਰੰਥ ਸਾਹਿਬ' ਵਿਚ ਸ੍ਰੀ ਗੁਰੂ ਹਰਿਰਾਇ ਜੀ ਨੂੰ ਮੂਰਤ ਹੀ ਦਇਆ (ਮਰਸੀ) ਦੀ ਕਿਹਾ ਹੈ।

ਭਾਈ ਗੁਰਦਾਸ ਦੂਜੇ ਨੇ 'ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ' ਵਿਚ ਸ੍ਰੀ ਗੁਰੂ ਹਰਿਰਾਇ ਜੀ ਦੀ ਮਹਿਮਾ ਕਰਦੇ ਲਿਖਿਆ ਹੈ ਕਿ ਉਨ੍ਹਾਂ ਨੇ ਐਸੀ ਕਮਾਈ ਕਰ ਲਈ ਸੀ ਕਿ ਸਦਾ ਹੀ ਸਮਾਧੀ ਸਥਿਤ ਰਹੇ। ਜਿਸ ਚੁਭੀ ਰਹੀ ਸੁਰਤਿ ਪ੍ਰਭ ਚਰਨਨ ਦਾ ਜ਼ਿਕਰ ਕਲਗੀਧਰ ਨੇ ਕੀਤਾ ਹੈ, ਉਹੋ ਹੀ ਅਵਸਥਾ ਸਤਵੇਂ ਪਾਤਸ਼ਾਹ ਦੀ ਹੈ। ਇਤਨੀਆਂ ਸ਼ਕਤੀਆਂ ਦੇ ਮਾਲਕ ਹੋ ਕੇ ਵੀ ਕਦੇ ਆਪਾ ਨਾ ਜਣਾਇਆ। "ਜਿਨਿ ਹਰਿ ਪਾਇਓ ਤਿਨਹਿ ਛਪਾਇਓ" ਉਨ੍ਹਾਂ 'ਤੇ ਹੀ ਢੁਕਦਾ ਹੈ।' ਵਾਰ ਦੀ ਪਉੜੀ ਦੇ ਸ਼ਬਦ ਹਨ:

ਸਪਤਮ ਮਹਿਲ ਅਗਮ ਹਰਿਰਾਇਆ।
ਜਿਨ ਸੁੰਨ ਧਿਆਨ ਕਰਿ ਜੋਗ ਕਮਾਇਆ।
ਚੜ੍ਹਿ ਗਗਨ ਗੁਫਾ ਮਹਿ ਰਹਿਓ ਸਮਾਈ।
ਜਹਾ ਬੈਠ ਅਡੋਲ ਸਮਾਧਿ ਲਗਾਈ।
ਸਭ ਕਲਾ ਖੈਂਚ ਕਰਿ ਗੁਪਤ ਰਹਾਯੰ।
ਤਹਿ ਅਪਨ ਰੂਪ ਕੋ ਨਹਿ ਦਿਖਲਾਯੰ।੨੨।

ਦਇਆਲੂ ਇਤਨੇ ਕਿ ਜਦ ਸੁਣਿਆ ਕਿ ਦਾਰਾ ਅਸਾਧ ਰੋਗ ਨਾਲ ਪੀੜਤ ਹੈ, ਤੇ ਜਿਨ੍ਹਾਂ

ਦਵਾਈਆਂ ਨਾਲ ਅਰੋਗ ਹੋ ਸਕਦਾ ਹੈ ਉਹ ਉਨ੍ਹਾਂ ਦੇ ਹੀ ਸ਼ਫਾਖਾਨੇ ਵਿਚ ਹਨ ਤਾਂ ਤੁਰੰਤ ਭੇਜ ਦਿੱਤੀਆਂ। ਸ਼ਾਹ ਜਹਾਨ ਦੀਆਂ ਕੀਤੀਆਂ ਜੰਗਾਂ ਨੂੰ ਵਿਚਾਰ ਵਿਚਕਾਰ ਨਹੀਂ ਪੈਣ ਦਿੱਤਾ। 'ਰੱਖ' ਜੋ ਉਨ੍ਹਾਂ ਬਣਾਈ ਉਥੇ ਸ਼ੇਰ ਬੱਕਰੀ ਸੱਚਮੁੱਚ ਇਕੋ ਹੀ ਘਾਟ ਪਾਣੀ ਪੀਂਦੇ ਸਨ। ਕੋਮਲ ਇਤਨੇ ਕਿ ਦੋ ਪਹਿਰ ਇਕਦਮ ਹੀ ਟਿਕ ਬੈਠੇ ਰਹੇ ਕਿ ਮਤਾਂ ਜ਼ਰਾ ਕੁ ਹਿੱਲਣ ਨਾਲ ਕਿਤੇ ਭਾਈ ਗੋਂਦੇ ਦੇ ਪਿਆਰ ਵਿਚ ਵਿਘਨ ਪਏ। ਭਾਉ-ਭਗਤ ਦੇ ਪ੍ਰੇਮੀ ਇਤਨੇ ਕਿ ਇਕ ਵਾਰੀ ਪ੍ਰਸ਼ਾਦ ਛੱਕਣ ਤੋਂ ਬਾਅਦ ਫਿਰ ਦਿਹਾੜੀ ਮੂੰਹ ਹੀ ਨਾ ਪਾਉਂਦੇ! ਲੋਕ-ਦਰਦੀ ਇਤਨੇ ਕਿ ਪੰਜਾਬ ਵਿਚ ਕਾਲ ਪੈਣ ਦੀ ਖਬਰ ਸੁਣ ਕੇ ਹੁਕਮਨਾਮੇ ਪਠਾਏ ਕਿ ਕਾਰ ਭੇਟ ਉਥੇ ਹੀ ਵਰਤੋ, ਲੰਗਰ ਚਲਾਓ, ਭੁੱਖਾ ਕੋਈ ਰਹਿਣ ਨਾ ਪਾਵੇ। ਮੇਰੀ ਖ਼ੁਸ਼ੀ ਉਸ ਸਿੱਖ 'ਤੇ ਹੈ ਜੋ ਸਮੇਂ ਘੁੱਥੇ ਅਤਿਥੀ ਨੂੰ ਭਾਉ ਕਰ ਪ੍ਰਸਾਦ ਛਕਾਏ। ਗਰੀਨ ਲੀਜ਼ ਨੇ ਸੋਹਣਾ ਲਿਖਿਆ ਹੈ ਕਿ ਉਨ੍ਹਾਂ ਵਰਗਾ ਮਹਿਮਾਨ-ਨਿਵਾਜ਼ ਕੋਈ ਨਹੀਂ ਸੀ। ਬੜੇ ਖ਼ੁਸ਼ ਹੁੰਦੇ ਪ੍ਰਸ਼ਾਦਾ ਛਕਾ ਕੇ।[4] ਆਪੂ ਹਮੇਸ਼ਾਂ ਸਾਰੀ ਜ਼ਿੰਦਗੀ ਹੀ ਪਿੱਛੋਂ ਖਾਧਾ। ਅਲੋਪ ਇਤਨੇ ਕਿ ਘੰਟਿਆਂ-ਬੱਧੀ ਇਕੱਲਿਆਂ ਹੀ ਜੰਗਲਾਂ ਦੀ ਸੈਰ ਕਰਦੇ ਰਹਿੰਦੇ। ਦਾਤੇ ਇਤਨੇ ਕਿ "ਦੇਂਦਾ ਦੇ, ਲੈਦੇ ਥਕਿ ਪਾਹਿ", ਦੇ ਅਰਥ ਲੱਗਦੇ। ਏਸ ਕਾਰਨ ਤਾਂ 'ਗੁਰੂ ਪ੍ਰਣਾਲੀ' ਦੇ ਲਿਖਾਰੀਆਂ ਨੇ ਲਿਖਿਆ:

"ਜਾ ਕੇ ਦਰਬਾਰ ਦੀਸੈ ਨਾਹਿ ਕੋ ਮੰਗਤਾ।"

ਕ੍ਰਿਪਾਲੂ ਇਤਨੇ ਕਿ ਘੋੜੇ ਨੂੰ ਦੌੜਾਂਦੇ ਤਾਂ ਜੋ ਬੱਚਾ ਵੀ ਤ੍ਰਬਕ ਕੇ ਡਿੱਗਾ ਤਾਂ ਯੁਕ ਕੇ ਚੁੱਕਿਆ ਤੇ ਛਾਤੀ ਨਾਲ ਲਾਇਆ ਅਤੇ ਪਿਆਰ ਦਿੱਤਾ।

ਬਾਣੀ ਦਾ ਸਤਿਕਾਰ ਇਤਨਾ ਕਿ ਗੋਡੇ 'ਤੇ ਚੋਟ ਤਾਂ ਲਗਵਾ ਲਈ ਪਰ ਸਨਮਾਨ ਵਿਚ ਢਿੱਲ ਨਾ ਪੈਣ ਦਿੱਤੀ। ਪੁੱਤਰ ਤਿਆਗ ਦਿੱਤਾ ਪਰ ਬਾਣੀ ਦਾ ਅਪਮਾਨ ਨਾ ਸਹਾਰਿਆ। ਗੁਰਬਾਣੀ ਨਾਲ ਪਿਆਰ ਇਤਨਾ ਕਿ ਆਪੂੰ ਕਥਾ ਕਰ ਕੇ ਰਮਜ਼ਾਂ ਖੋਲ੍ਹਦੇ। ਫਕੀਰੀ ਦੀ ਧਾਂਕ ਇਤਨੀ ਕਿ ਦੂਰੋਂ-ਦੂਰੋਂ ਫਕੀਰ, ਸਾਧੂ ਆ ਕੇ ਅਟਕਾਂ ਹਟਾਂਦੇ। ਬੋਲਦੇ ਤਾਂ ਵੇਦ ਦਾ ਗਿਆਨ ਅੰਦਰ ਪ੍ਰਕਾਸ਼ ਹੋ ਜਾਂਦਾ। "ਇਕ ਬੇਦਨ ਭਾਸ਼ਨ ਸਵਤੈ ਪ੍ਰਕਾਸ਼ਨ।" ਸਾਰੀ ਸ੍ਰਿਸ਼ਟੀ ਉਨ੍ਹਾਂ ਦੀ ਆਤਮਕ ਉੱਚਤਾ ਦ੍ਰਿੜ੍ਹਾਂਦੀ ਅਤੇ 'ਕੋਈ ਪ੍ਰੀਤਵੰਤ ਹੋ ਕੇ ਸ਼ੁੱਧ ਹਿਰਦੇ ਦਰਸ਼ਨ ਕੋ ਜਾਤਾ, ਜਿਸ ਮਨੋਰਥ ਦੀ ਇੱਛਾ ਕਰਤਾ, ਤਤਕਾਲ ਹੀ ਪ੍ਰਾਪਤ ਹੁੰਦਾ।' ਜਿਨ੍ਹਾਂ 12 ਬਖ਼ਸ਼ਿਸ਼ਾਂ ਨੇ ਸਿੱਖੀ ਹਿੰਦੁਸਤਾਨ ਅਤੇ ਉਸ ਤੋਂ ਬਾਹਰ ਕੋਨਿਆਂ ਤੱਕ ਫੈਲਾਈ, ਉਨ੍ਹਾਂ ਵਿਚੋਂ ਕੁਝ ਆਪ ਜੀ ਦੀ ਅਸੀਸ ਨਾਲ ਬਣੀਆਂ ਸਨ।

'ਭਗਤਿ ਗਿਰ' ਵਰਗੇ ਸਾਧੂਆਂ ਨੂੰ ਸਿੱਖੀ ਪ੍ਰਚਾਰ ਲਈ ਲਗਾ ਦੇਣਾ ਆਪ ਜੀ ਦੀ ਸ਼ਖ਼ਸੀਅਤ ਦਾ ਹੀ ਚਮਤਕਾਰ ਸੀ।

ਸ੍ਰੀ ਗੁਰੂ ਹਰਿਰਾਇ ਜੀ ਦੀਆਂ ਦੇਣਾਂ ਤੇ ਦਾਤਾਂ ਦਾ ਕੋਈ ਪਾਰਾਵਾਰ ਹੀ ਨਹੀਂ ਹੈ। ਇਹ ਬੜੇ ਗਹੁ ਨਾਲ ਵਾਚਣ ਵਾਲੀ ਗੱਲ ਹੈ ਕਿ ਭਾਈ ਨੰਦ ਲਾਲ ਜੀ ਨੇ ਉਨ੍ਹਾਂ ਦਾ ਨਾਮ ਗੰਜ-ਨਾਮਾ ਵਿਚ 'ਕਰਤਾ ਹਰਿਰਾਇ' ਲਿਖਿਆ ਹੈ। ਉਹ ਕਿਤਨੀਆਂ ਹੀ ਸੰਸਥਾਵਾਂ, ਮਰਯਾਦਾਵਾਂ, ਰਾਜਾਂ, ਸਰਦਾਰੀਆਂ ਤੇ ਨਿਯਮਾਂ ਦੇ ਕਰਤਾ ਸਨ। ਸਿੱਖੀ ਲੋਕ-ਲਹਿਰ ਬਣ ਗਈ।

ਗੁਰਧਾਮਾਂ ਦੀ ਯਾਤਰਾ ਵੇਲੇ ਕੋਈ ਖੋਹਾ-ਖਾਹੀ ਨਾ ਕਰੇ, ਇਸ ਲਈ ਆਪ ਸੰਜਮ ਰੱਖ ਕੇ ਦੱਸਿਆ। ਲੰਗਰ ਦੀ ਮਰਯਾਦਾ ਬੱਧੀ। ਆਦੇਸ਼ ਦਿੱਤਾ ਕਿ 'ਜੇ ਕੋਈ ਧਰਮਸਾਲ ਜਾਏ ਤਾਂ

ਭਾਵੇਂ ਚੁਟਕੀ ਕੁ ਆਟਾ ਲੈ ਜਾਏ' ਦਾ ਹੁਕਮ ਦੇ ਕੇ ਸਿੱਖ ਦੀ ਬ੍ਰਿਤੀ ਲੈਣ ਨਾਲੋਂ ਦੇਣ ਦੀ ਬਣਾਈ ਤਾਂ ਜੋ ਧਰਮਸਾਲ ਦੀ ਝਾਕ ਨਾ ਰਹੇ।

ਇਹ ਹੁਕਮ ਵੀ ਕੀਤਾ ਕਿ ਲੰਗਰ ਸ਼ੁਰੂ ਹੋਣ 'ਤੇ ਨਗਾਰਾ ਜ਼ਰੂਰ ਹੋਵੇ ਤਾਂ ਕਿ ਇਹ ਕੋਈ ਨਾ ਆਖ ਸਕੇ ਕਿ ਸੱਦਾ ਨਹੀਂ ਦਿੱਤਾ ਗਿਆ। ਸਿੱਖਾਂ ਦਾ ਸੁਭਾਅ ਹੀ ਬਣ ਗਿਆ ਕਿ ਪ੍ਰਸ਼ਾਦ ਛਕਣ ਵੇਲੇ ਇਕੱਲਿਆਂ ਵੀ ਹੁੰਦੇ ਤਾਂ ਆਵਾਜ਼ ਉੱਚੀ ਮਾਰ ਲੈਂਦੇ। ਨਾਦਰ ਸ਼ਾਹ ਜਦ ਹਮਲਾਵਰ ਹੋਇਆ ਤਾਂ ਇਹ ਗੁਣ ਸੁਣ ਹੈਰਾਨ ਹੋਇਆ ਸੀ। ਉਸ ਕਿਹਾ ਵੀ ਸੀ ਕਿ ਉੱਚੀ ਆਵਾਜ਼ ਸੁਣ ਕੋਈ ਦੁਸ਼ਮਨ ਆ ਜਾਏ ਤਾਂ ਇਹ ਸਿੱਖ ਲੋਕ ਕੀ ਕਰਦੇ ਹਨ ? ਜ਼ਕਰੀਆ ਖ਼ਾਨ ਨੇ ਕਿਹਾ ਸੀ:

ਉਸ ਸਮੇਂ ਬੈਰੀ ਕਿਮ ਆਵੈ।
ਪਰਮ ਮੀਤ ਸਮ ਤੋਹਿ ਛਕਾਵੈ।

ਅਗਲਾ ਸਵਾਲ ਸੀ—'ਆਪ ਫਿਰ ਕੀ ਖਾਂਦੇ ਹਨ?' ਤਾਂ ਜ਼ਕਰੀਆ ਨੇ ਕਿਹਾ ਸੀ:

"ਬਚੇ ਤੋ ਆਪ ਖਲੇ ਹੈਂ।
ਨਹੀਂ ਤੋ ਲੰਗਰ ਮਸਤ ਬਤੇ ਹੈਂ।"

ਇਹ ਜਾਚਾਂ ਗੁਰੂ ਹਰਿਰਾਇ ਜੀ ਨੇ ਸਿਖਾਲੀਆਂ ਸਨ।

ਇਤਿਹਾਸ ਨੂੰ ਸਾਂਭਣ ਵੱਲ ਵੀ ਆਪ ਜੀ ਨੇ ਹੀ ਪ੍ਰੇਰਨਾ ਦਿੱਤੀ। ਮੰਨਿਆ ਜਾਂਦਾ ਹੈ ਕਿ ਆਪ ਜੀ ਦੀ ਹੀ ਪਾਲਿਤ ਪੁੱਤਰੀ ਬੀਬੀ ਰੂਪ ਕੌਰ ਜੀ ਨੇ 'ਸਤਿਗੁਰੂ ਜੀ ਕੇ ਮੂਹੈ ਕੀਆਂ ਸਾਖੀਆਂ' ਇਕੱਤ੍ਰ ਕੀਤੀਆਂ। ਆਪ ਜੀ ਦੇ ਬਚਨ ਪੜ੍ਹੇ ਤੇ ਪਤਾ ਲੱਗਦਾ ਹੈ ਕਿ ਆਪ ਜੀਵਨ ਦੇ ਹਰ ਪੱਖ ਨੂੰ ਸੰਵਾਰਨ ਲਈ ਰਾਹ ਦੇ ਚਿਰਾਗ ਰੋਸ਼ਨ ਕਰ ਰਹੇ ਸਨ। ਕੁਝ ਕੁ ਬਚਨ ਇਸ ਪ੍ਰਕਾਰ ਸਨ :

—ਬਿਗੜ ਰੂਪ ਅਹੰਕਾਰ ਹੈ। ਅਹੰਕਾਰ ਕਰ ਹੀ ਮੂੰਹ ਬਿਗੜਦਾ ਤੇ ਸੁੰਦਰਤਾ ਜਾਂਦੀ ਹੈ।
—ਪਾਪਾਂ ਦਾ ਮੂਲ ਲੋਭ ਹੈ।
—ਸਿੱਖ ਦੇ ਗੁਜ਼ਰਨ 'ਤੇ ਕਦੇ ਨਹੀਂ ਕਹਿਣਾ ਮੋਇਆ ਹੈ ਜਾਂ ਜਮ ਲੈ ਗਿਆ ਹੈ। ਆਖਣਾ—ਅਕਾਲ ਪਾਸ ਗਿਆ ਹੈ।
—ਗੁਰੂ ਦੀ ਖ਼ੁਸ਼ੀ ਉਸੇ 'ਤੇ ਹੈ ਜੋ ਸਮੇਂ ਘੁਥਿਓਂ ਆਏ ਅਤਿਥੀ ਨੂੰ ਰੁਚਿ ਕਰ ਪ੍ਰਸ਼ਾਦ ਛਕਾਂਦਾ ਹੈ।
—ਮਨ ਜਾਗੇ ਕੀ ਇਹੀ ਨਿਸ਼ਾਨੀ।
ਪ੍ਰਿਯ ਲਾਗਹਿ ਸਤਿਗੁਰ ਬਾਨੀ।
—ਅਥਾਪ ਵਸਤੁ ਹੋਰ ਕੋਈ ਨਹੀਂ, ਸ਼ਬਦ ਦਾ ਗਿਆਨ ਹੈ।
—ਜਿਥੇ ਗੁਰੂ ਵਿਸਰੈ ਤਿਥੈ ਮਿਲਣਾ ਨਾਹੀ।
—ਕਮਾਈ ਵਿਚੋਂ ਸਦਾ ਦਸਵੰਧ ਦੇਣਾ।
—ਮਾਂ ਬਾਪ ਦੀ ਸੇਵਾ ਹੀ ਭਗਤੀ ਹੈ।
—ਹਾਕਮ ਬਣ ਕਿਸੇ 'ਤੇ ਰੁਅਬ ਨਾ ਪਾਓ।
—ਰਾਜ ਦੀ ਜੜ੍ਹ ਪਰਜਾ ਹੈ। ਪਰਜਾ ਨੂੰ ਦੁਖੀ ਰੱਖਣਾ ਜੜ੍ਹ 'ਤੇ ਕੁਹਾੜਾ ਮਾਰਨ ਤੁੱਲ ਹੈ।

—ਰਾਤ ਨੂੰ ਸੌਣ ਵੇਲੇ ਮਹੱਲਾਂ ਦੇ ਦਰਵਾਜ਼ੇ ਖਿੜਕੀਆਂ ਬੰਦ ਕਰ ਕੇ ਹਰਮਾਂ ਵਿਚ ਇਸ ਤਰ੍ਹਾਂ ਅਵੇਸਲੇ ਨਾ ਸੁੱਤੇ ਰਹੋ ਕਿ ਕਿਸੇ ਦੀਨ-ਦੁਖੀ ਦੀ ਆਵਾਜ਼ ਹੀ ਕੰਨੀ ਨਾ ਪਵੇ।

ਪ੍ਰੋਫ਼ੈਸਰ ਪੂਰਨ ਸਿੰਘ ਜੀ ਨੇ ਸਮੁੱਚੀ ਸ਼ਖ਼ਸੀਅਤ ਬਾਰੇ ਬਹੁਤ ਢੁੱਕਵਾਂ ਲਿਖਿਆ ਹੈ ਕਿ ਜਿਹੜੀ ਗੱਲ ਉਨ੍ਹਾਂ ਦੀ ਅੰਤਰ ਆਤਮਾ ਮੰਨਦੀ ਸੀ ਤੇ ਦੂਜਿਆਂ ਨੂੰ ਕਹਿਣੀ ਹੁੰਦੀ ਸੀ, ਪਹਿਲਾਂ ਉਸ ਨੂੰ ਆਪਣੇ 'ਤੇ ਫ਼ੌਜੀ ਜ਼ਬਤ ਵਾਂਗੂੰ ਲਾਗੂ ਕਰਦੇ।[5]

ਉਹ ਕਰਤਾ ਸਨ, ਉਨ੍ਹਾਂ ਸਾਰੀ ਜ਼ਿੰਦਗੀ ਕੋਈ ਫੁੱਲ ਪੁੱਟਿਆ ਨਹੀਂ, ਲਾਉਂਦੇ ਹੀ ਰਹੇ। ਭਾਈ ਨੰਦ ਲਾਲ ਜੀ ਦੇ ਇਨ੍ਹਾਂ ਸ਼ਬਦਾਂ ਨਾਲ ਇਸ ਲਿਖਤ ਨੂੰ ਸਮਾਪਤ ਕਰਨਾ ਹੈ ਕਿ

'ਗੁਰੂ ਕਰਤਾ ਹਰਿਰਾਇ', ਸੱਚ ਦੇ ਪਾਲਣਹਾਰ ਵੀ ਸਨ ਤੇ ਸੱਚ ਦੇ ਧਾਰਨੀ ਵੀ।[6]
ਸੁਲਤਾਨ ਵੀ ਹਨ, ਦਰਵੇਸ਼ ਵੀ।[7]
ਗੁਰੂ ਕਰਤਾ ਹਰਿਰਾਇ
ਲੋਕ ਪ੍ਰਲੋਕ ਦੋਹਾਂ ਜਹਾਨਾਂ ਦੇ ਸਰਦਾਰ ਹਨ।[8]
ਦਰਗਾਹ ਦੇ ਪਿਆਰੇ ਹਨ ਗੁਰੂ ਹਰਿਰਾਇ।[9]

ਉਨ੍ਹਾਂ ਦਾ ਨਾਮ ਸਖਾਵਤ ਦਾ ਸੂਚਕ ਹੈ। ਸਾਧਾਂ ਲਈ ਅਮਰ ਰਸ ਹੈ। ਗੁਰੂ ਕਰਤਾ ਹਰਿਰਾਇ ਜੀ ਦੇ ਵਾਕਾਂ 'ਤੇ ਤੁਰਿਆਂ ਸੱਚ ਦੀ ਪਾਤਿਸ਼ਾਹੀ ਪ੍ਰਾਪਤ ਹੁੰਦੀ ਹੈ ਅਤੇ ਗੁਰੂ ਹਰਿਰਾਇ ਕਮਜ਼ੋਰਾਂ ਅਤੇ ਨਿਆਸਰਿਆਂ ਦੇ ਸਹਾਰਾ ਹਨ:

ਯਾਰਿ ਮੁਤਜ਼ਰੱਆਂ ਗੁਰ ਕਰਤਾ ਹਰਿਰਾਇ।

(2/1997)

## ਹਵਾਲੇ ਤੇ ਟਿੱਪਣੀਆਂ

1. ਅਜ਼ ਹਮ ਗਸਲ-ਇ-ਕਮੰਦ ਇ ਮਰਗ।
ਵ ਹਲਾਕ ਵ ਮਲਕ ਉਲ ਮੌਤ ਇ-ਸਹਿਮਨਾਕ। ਅਜ਼ ਅਜ਼ਮਤਸ਼ ਸੀਨਾ-ਚਾਕ।
2. ਗਰਦਨ-ਜ਼ਨਿ ਸਰਕਸ਼ਾ ਗੁਰ ਕਰਤਾ ਹਰਿਰਾਇ।
3. *ਹਿਸਟਰੀ ਔਫ਼ ਦੀ ਸਿਖਸ*, ਪੰਨਾ 55.
His ministry was mild. Yet such as won for him general respect, and many of 'Bhais', trace their decent to one disciple or other distinguished by (Guru) Har Rai.
4. He took great joy in being hospitable to guests and the characteristic remained with him all throught his life. ਪੰਨਾ 28, Introduction.
5. He had Military discipline for himself in everything that affected his conscience. (*ਟੈਨ ਮਾਸਟਰਜ਼*, ਸਫ਼ਾ 73)
6. ਹਕ ਪਰਵਰ ਹਕ ਕੇਸ਼।
7. ਸੁਲਤਾਨ ਹਮ ਦਰਵੇਸ਼।
8. ਸਰਵਰਿ ਕੋਨੈਨ।
9. ਮਕਬੂਲੇ ਦਰਗਾਹਿ ਵਾਹਬ ਮਤਆਲ।

# ਜੀਵਨ-ਦਰਸ਼ਨ : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਵਿਚ ਨੂੰ ਕਰਤਾਰਪੁਰ ਸਾਹਿਬ (ਪੰਜਾਬ) ਵਿਖੇ, ਬਾਬਾ ਗੁਰਦਿੱਤਾ ਜੀ ਦੇ ਗ੍ਰਿਹਿ ਵਿਖੇ ਹੋਇਆ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਜੀਵਨ-ਬ੍ਰਿਤਾਂਤ ਤੋਂ ਪਹਿਲਾਂ ਮਹਾਨ ਸਤਿਗੁਰੂ ਜੀ ਦੀ ਬੰਸਾਵਲੀ ਬਾਰੇ ਝਾਤ ਮਾਰ ਲੈਣੀ ਉਚਿਤ ਪ੍ਰਤੀਤ ਹੁੰਦੀ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਪੁੱਤਰ ਸਨ—ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਏ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਏ ਜੀ, (ਗੁਰੂ) ਤੇਗ ਬਹਾਦਰ ਜੀ। ਅੱਗੋਂ ਬਾਬਾ ਗੁਰਦਿੱਤਾ ਜੀ ਦੇ ਦੋ ਪੁੱਤਰ ਸਨ—ਧੀਰ ਮੱਲ ਜੀ ਅਤੇ (ਗੁਰੂ) ਹਰਿਰਾਇ ਜੀ। ਸਪੱਸ਼ਟ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਅਤੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਨਾਲ, ਬਾਬਾ ਗੁਰਦਿੱਤਾ ਜੀ ਨੇ ਦੂਣ ਹੰਡੂਰ ਦੇ ਰਾਜੇ ਤਾਰਾ ਚੰਦ ਤੋਂ ਭੋਇੰ ਮੁੱਲ ਲੈ, ਕੀਰਤਪੁਰ ਸਾਹਿਬ ਵਸਾਇਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾਏ ਸਨ ਅਤੇ ਉਨ੍ਹਾਂ ਨੇ ਇਸ ਤੋਂ ਪਹਿਲਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਧੁਰ ਦਰਗਾਹੀ 'ਗੁਰਿਆਈ' ਦੀ ਬਖਸ਼ਿਸ਼ ਕਰ ਦਿੱਤੀ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਪਿਤਾ-ਪੁਰਖੀ ਨਰੋਈ ਪਰੰਪਰਾ ਅਨੁਸਾਰ, ਜਿਥੇ ਲੋਕਾਈ ਨੂੰ ਪ੍ਰਭੂ-ਨਾਮ ਅਤੇ ਗੁਰਬਾਣੀ ਨਾਲ ਜੋੜਨ ਦਾ ਤਕੜਾ ਉਪਰਾਲਾ ਅਰੰਭਿਆ, ਉਥੇ ਸਮਾਜਿਕ ਕਲਿਆਣ ਲਈ ਬਹੁਤ ਸਾਰੇ ਲੋਕ-ਭਲਾਈ ਦੇ ਕੰਮ ਵੀ ਕੀਤੇ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਰੰਭ ਹੋਈ ਇਸ ਮਹਾਨ ਵਿਚਾਰਧਾਰਾ ਵਿਚ ਰਤੀ ਭਰ ਵੀ ਫਰਕ ਨਹੀਂ ਸੀ। ਗੁਰਬਾਣੀ ਦੇ ਮਹਾਨ ਵਾਕ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਗਰੀਬਾਂ, ਨਿਆਸਰਿਆਂ ਅਤੇ ਰੋਗੀਆਂ ਦੀ ਸਹਾਇਤਾ ਲਈ ਕਈ ਮਹਾਨ ਕਾਰਜ ਕੀਤੇ। ਜਹਾਂਗੀਰ ਦੇ ਰਾਜ-ਕਾਲ ਸਮੇਂ ਕਸ਼ਮੀਰ ਵਿਚ ਗਿਲਟੀ ਤਾਪ ਨਾਲ ਬਹੁਤ ਸਾਰੇ ਲੋਕ ਮਰ ਰਹੇ ਸਨ। ਗੁਰੂ ਸਾਹਿਬ ਨੇ ਜਲਦੀ ਨਾਲ ਕਸ਼ਮੀਰ ਪਹੁੰਚ ਕੇ, ਰੋਗੀਆਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ। ਇਸੇ ਪ੍ਰਕਾਰ ਲਾਹੌਰ ਦੇ ਇਲਾਕੇ ਦੇ ਇਰਦ-ਗਿਰਦ ਵੀ ਇਸ ਭਿਆਨਕ ਬਿਮਾਰੀ ਦਾ ਸ਼ਿਕਾਰ ਹੋਏ ਲੋਕਾਂ ਲਈ 'ਮੇਰਾ ਬੈਦੁ ਗੁਰੂ ਗੋਵਿੰਦਾ' ਅਨੁਸਾਰ ਲੰਗਰ, ਬਸਤਰ, ਦਵਾਈਆਂ, ਦਾਰੂ ਆਦਿ ਨਾਲ ਬਹੁਪੱਖੀ ਸਹਾਇਤਾ ਕੀਤੀ। ਪੂਰੇ ਇਲਾਕੇ ਵਿਚ ਗੁਰੂ ਜੀ ਦੀ ਸ਼ੋਭਾ ਦਿਨ-ਬ-ਦਿਨ ਵਧਣ ਲੱਗੀ। ਗੁਰੂ ਜੀ ਜਿੱਥੇ ਰੋਗੀਆਂ ਲਈ ਦਵਾ-ਦਾਰੂ ਅਤੇ ਭੋਜਨ ਆਦਿ ਦਾ ਪ੍ਰਬੰਧ ਕਰਵਾਉਂਦੇ, ਉਥੇ ਲੋਕਾਈ ਨੂੰ ਫੋਕਟ ਭਰਮ-ਜਾਲ, ਵਹਿਮਾਂ, ਅਡੰਬਰਾਂ ਵਿੱਚੋਂ ਕੱਢ ਕੇ ਅਕਾਲ ਪੁਰਖ ਦੇ ਝੰਡੇ ਹੇਠ ਇਕੱਤਰ ਕਰਨ ਲੱਗੇ। ਉਸ ਸਮੇਂ ਪੰਜਾਬ, ਲਾਹੌਰ, ਕਸ਼ਮੀਰ ਵਿਚ ਏਨੀ ਜ਼ਬਰਦਸਤ ਔੜ ਲੱਗੀ ਕਿ ਅਨਾਜ ਦਾ ਕਾਲ ਪੈ ਗਿਆ। ਬਾਦਸ਼ਾਹ

ਸ਼ਾਹ ਜਹਾਨ ਵੱਲੋਂ ਸ਼ਾਹੀ ਖਜ਼ਾਨੇ ਵਿੱਚੋਂ ਕਰਵਾਏ ਗਏ ਅਨਾਜ ਪ੍ਰਬੰਧ ਬਹੁਤ ਹੀ ਘੱਟ ਸਨ। ਲੋਕ ਭੁੱਖ ਨਾਲ ਮਰਨ ਲੱਗੇ। ਉਸ ਤੋਂ ਪਿੱਛੋਂ ਫਿਰ ਮੀਂਹ ਏਨਾ ਪਿਆ ਕਿ ਲੋਕਾਂ ਦੇ ਘਰ-ਬਾਰ ਤਬਾਹ ਹੋ ਗਏ। ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਸਿੱਖ-ਸੰਗਤਾਂ ਵਿਚ ਦਸਵੰਧ ਦੀ ਮਰਯਾਦਾ ਨੂੰ ਵਧੇਰੇ ਪ੍ਰਚਾਰਿਆ ਅਤੇ ਇਸ ਦਸਵੰਧ ਤੋਂ ਪ੍ਰਾਪਤ ਰਸਦਾਂ ਅਤੇ ਧਨ ਨੂੰ ਗਰੀਬਾਂ, ਬੇਸਹਾਰਿਆਂ, ਰੋਗੀਆਂ ਦੀ ਸਹਾਇਤਾ ਲਈ ਵਰਤਿਆ ਜਿਸ ਦੇ ਸਿੱਟੇ ਵਜੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ-ਘਰ ਦੀ ਮਹਿਮਾ ਹੋਰ ਵੀ ਵਧਣ ਲੱਗੀ ਅਤੇ ਲੋਕ ਧੜਾ-ਧੜ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਸੰਗਤ ਨਾਲ ਜੁੜਨ ਲੱਗ ਪਏ। ਗੁਰੂ ਜੀ ਦੀ ਨਿਤਾਪ੍ਰਤੀ ਵਧਦੀ ਹੋਈ ਸੋਭਾ ਤੋਂ ਬਾਦਸ਼ਾਹ ਸ਼ਾਹ ਜਹਾਨ ਵੀ ਔਖਾ ਹੀ ਰਹਿੰਦਾ ਸੀ। ਪਰ ਸ਼ਾਹ ਜਹਾਨ ਇਸ ਗੱਲ ਤੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਵੀ ਸੀ ਕਿ ਉਹ ਪਰਜਾ ਦੀ ਬਿਪਤਾ ਵੇਲੇ, ਦੁਖੀਆਂ ਦੇ ਸੱਚੇ ਦਰਦੀ ਬਣੇ। ਕਿਉਂਕਿ ਗੁਰੂ ਜੀ ਸੰਗਤਾਂ ਸਮੇਤ ਦਿਨ-ਰਾਤ ਇਕ ਕਰ ਕੇ ਸੇਵਾ ਕਰ ਰਹੇ ਸਨ। ਇਸ ਦਾ ਪ੍ਰਭਾਵ ਸ਼ਾਹ ਜਹਾਨ ਉਤੇ ਬਹੁਤ ਵਧੀਆ ਪੈ ਰਿਹਾ ਸੀ। ਉਸ ਸਮੇਂ ਪੰਜਾਬ ਦਾ ਗਵਰਨਰ ਦਾਰਾ ਸ਼ਿਕੋਹ ਸੀ, ਜੋ ਗੁਰੂ ਜੀ ਦੀ ਸੰਗਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਗੁਰੂ-ਘਰ ਦੇ ਲੰਗਰਾਂ ਲਈ, ਕੁਝ ਪਿੰਡਾਂ ਦੀ ਜਗੀਰ ਦੇਣ ਲਈ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਪਰ ਗੁਰੂ ਜੀ ਨੇ ਇਹ ਕਹਿ ਕੇ ਸਾਫ ਨਾਂਹ ਕਰ ਦਿੱਤੀ ਕਿ "ਗੁਰੂ-ਘਰ ਦੇ ਲੰਗਰ ਅਕਾਲ ਪੁਰਖ ਦੀ ਬਖਸ਼ਿਸ਼ ਅਤੇ ਸਿੱਖ ਸੰਗਤਾਂ ਦੇ ਪਿਆਰ ਤੇ ਸਹਿਯੋਗ ਨਾਲ ਹੀ ਚੱਲਦੇ ਹਨ।"

ਸ਼ਾਹ ਜਹਾਨ ਦੇ ਚਾਰ ਪੁੱਤਰ ਸਨ—ਦਾਰਾ ਸ਼ਿਕੋਹ, ਸੁਜਾਹ, ਔਰੰਗਜ਼ੇਬ ਅਤੇ ਮੁਰਾਦ। ਗੱਦੀ ਪ੍ਰਾਪਤ ਕਰਨ ਲਈ ਸਾਰਿਆਂ ਵਿਚ ਈਰਖਾ ਅਤੇ ਵੈਰ ਰਹਿੰਦਾ ਸੀ। 18 ਜੂਨ 1658 ਈ. ਨੂੰ ਔਰੰਗਜ਼ੇਬ ਨੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ, ਮੁਰਾਦ ਨੂੰ ਵੀ ਗ੍ਰਿਫਤਾਰ ਕਰ ਲਿਆ। ਆਪਣੇ ਵੱਡੇ ਭਰਾ ਦਾਰਾ ਨੂੰ ਮਰਵਾ ਦਿੱਤਾ ਅਤੇ ਆਪ ਦਿੱਲੀ ਦੇ ਤਖ਼ਤ ਦਾ ਵਾਰਸ ਬਣ ਬੈਠਾ। ਸਿੱਖਾਂ ਦੀ ਵਧ ਰਹੀ ਤਾਕਤ ਤੇ ਗਿਣਤੀ ਤੋਂ ਔਰੰਗਜ਼ੇਬ ਕਾਫੀ ਔਖਾ ਸੀ। ਉਹ ਇਸ ਲਹਿਰ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਜਾਂ ਇਸ ਗੁਰਮਤਿ-ਲਹਿਰ ਵਿਚ ਫੁੱਟ ਪਾ ਕੇ, ਇਸ ਨੂੰ ਕਮਜ਼ੋਰ ਕਰਨਾ ਉਸ ਦਾ ਨਿਸ਼ਾਨਾ ਸੀ।

ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਦਿੱਲੀ ਆਉਣ ਲਈ ਸੁਨੇਹਾ ਭੇਜਿਆ। ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮਰਾਏ ਜੀ ਦੇ ਨਾਲ ਕੁਝ ਚੰਗੀ ਸੂਝ-ਬੂਝ ਵਾਲੇ ਪ੍ਰਚਾਰਕ (ਮਸੰਦ) ਭੇਜ ਦਿੱਤੇ। ਬਾਬਾ ਰਾਮਰਾਇ ਜੀ ਗੁਰਮਤਿ ਵਿਚ ਚੰਗੀ ਸੂਝ ਰੱਖਣ ਵਾਲੇ ਹਾਜ਼ਰ-ਜੁਆਬ ਸਨ। ਔਰੰਗਜ਼ੇਬ ਉਪਰ ਇਸ ਦਾ ਵਧੀਆ ਪ੍ਰਭਾਵ ਪਿਆ। ਪਰ ਕਾਜ਼ੀਆਂ ਤੇ ਮੁਲਾਣਿਆਂ ਨੂੰ ਔਰੰਗਜ਼ੇਬ ਤੇ ਬਾਬਾ ਰਾਮਰਾਏ ਦੀ ਨੇੜਤਾ ਚੁਭਣ ਲੱਗੀ। ਇਕ ਦਿਨ ਕਾਜ਼ੀਆਂ ਦੇ ਕਹਿਣ 'ਤੇ ਔਰੰਗਜ਼ੇਬ ਨੇ ਬਾਬਾ ਰਾਮਰਾਇ ਜੀ ਤੋਂ ਪੁੱਛਿਆ ਕਿ ਗੁਰਬਾਣੀ ਵਿਚ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥' ਵਿਚ ਮੁਸਲਮਾਨ ਦੀ ਨਿੰਦਿਆ ਲਿਖੀ ਗਈ ਹੈ ਤਾਂ ਝਟਪਟ ਹਾਜ਼ਰ-ਜੁਆਬ ਬਾਬਾ ਰਾਮਰਾਇ ਜੀ ਨੇ ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ ਇਹ ਕਹਿ ਦਿੱਤਾ ਕਿ "ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ 'ਮਿੱਟੀ ਬੇਈਮਾਨ ਕੀ' ਦਾ ਉਚਾਰਣ ਕੀਤਾ ਪਰ ਲਿਖਾਰੀ ਨੇ ਗਲਤੀ ਨਾਲ 'ਮਿਟੀ ਮੁਸਲਮਾਨ ਕੀ' ਲਿਖ ਦਿੱਤਾ ਹੈ।" ਜਦੋਂ ਸ੍ਰੀ

ਗੁਰੂ ਹਰਿਰਾਇ ਸਾਹਿਬ ਨੂੰ ਇਹ ਖ਼ਬਰ ਮਿਲੀ ਕਿ ਧੁਰ ਦਰਗਾਹੀ, ਰੱਬੀ ਗੁਰਬਾਣੀ ਵਿਚ, ਰਾਮ ਰਾਇ ਨੇ ਤਬਦੀਲੀ ਕਰ ਦਿੱਤੀ ਹੈ ਤਾਂ ਗੁਰੂ ਜੀ ਨੇ ਰਾਮ ਰਾਇ ਨੂੰ ਸੁਨੇਹਾ ਭੇਜ ਦਿੱਤਾ ਕਿ "ਤੁਸਾਂ ਔਰੰਗਜ਼ੇਬ ਨਾਲ ਮਿੱਤਰਤਾ ਅਤੇ ਅਸਰ-ਰਸੂਖ ਰੱਖਣ ਲਈ, ਗੁਰੂ ਨਾਨਕ ਪਾਤਸ਼ਾਹ ਦੀ ਨਿਰਾਦਰੀ ਕੀਤੀ ਹੈ, ਇਸ ਲਈ ਤੁਸੀਂ ਸਾਡੇ ਕੋਲ ਬਿਲਕੁਲ ਨਾ ਆਉਣਾ।" ਇਹ ਵੀ ਕਾਰਨ ਸੀ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ, ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ, ਗੁਰਤਾ-ਗੱਦੀ ਦੀ ਅਮੋਲਕ ਦਾਤ ਦਾ ਅਗਲਾ ਵਾਰਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਬਣਾਇਆ ਸੀ।

ਸਾਖੀ ਆਉਂਦੀ ਹੈ ਕਿ ਇਕ ਦਿਨ ਗੁਰੂ ਜੀ ਮੰਜੇ ਉਪਰ ਅਰਾਮ ਕਰ ਰਹੇ ਸੀ ਕਿ ਕੁਝ ਸਿੱਖ-ਸੰਗਤਾਂ ਪ੍ਰੇਮ-ਮਈ ਬਾਣੀ ਦੇ ਰਲ ਕੇ ਸ਼ਬਦ ਪੜ੍ਹਦੀਆਂ ਹੋਈਆਂ ਆਈਆਂ। ਜਦੋਂ ਗੁਰੂ ਜੀ ਨੇ ਆਵਾਜ਼ ਸੁਣੀ, ਇਕ ਦਮ ਕਾਹਲੀ ਨਾਲ ਮੰਜੇ ਤੋਂ ਹੇਠਾਂ ਉਤਰ ਆਏ ਤੇ ਆਪ ਜੀ ਦੇ ਪੈਰ ਨੂੰ ਸੱਟ ਵੀ ਲੱਗ ਗਈ। ਇਹ ਸਭ ਗੁਰੂ ਜੀ ਦਾ ਗੁਰਬਾਣੀ ਅਤੇ ਸੰਗਤਾਂ ਪ੍ਰਤੀ ਅਥਾਹ ਸਤਿਕਾਰ ਹੀ ਸੀ।

ਨਿਰਸੰਦੇਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਆ ਰਹੀ, ਧੁਰ ਦਰਗਾਹੀ ਇਲਾਹੀ ਜੋਤ-ਜੁਗਤ ਦੇ ਵਾਰਸ ਸ੍ਰੀ ਗੁਰੂ ਹਰਿਰਾਇ ਸਾਹਿਬ ਦੀ ਮਹਿਮਾ ਇਕ ਜੀਭ ਅਤੇ ਇਕ ਕਲਮ ਤੋਂ ਲਿਖੀ ਹੀ ਨਹੀਂ ਜਾ ਸਕਦੀ। ਇਹ ਅਕੱਥ, ਅਕਹਿ ਅਤੇ ਅਪਰੰਪਰ ਹੈ। ਜਿੰਨੀ ਕੁ ਸੂਝ ਸਤਿਗੁਰੂ ਜੀ ਨੇ ਬਖਸ਼ਿਸ਼ ਕੀਤੀ, ਕੇਵਲ ਉਸੇ ਅਨੁਸਾਰ ਹੀ ਤੁਛ ਮਾਤਰ ਕਿਹਾ ਜਾ ਸਕਦਾ ਹੈ। ਆਪਣੀ ਮਹਿਮਾ ਉਹ ਆਪ ਹੀ ਜਾਣੇ!

(1/2010)

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ: ਜੀਵਨ-ਦਰਸ਼ਨ

ਪਰਮ ਕਿਰਪਾਲ ਦਇਆਲ ਚਿਤ ਸ੍ਰੀ ਸਤਿਗੁਰ ਹਰਿਰਾਇ।
ਸੇਵਤ ਦੇਵਤ ਚਾਰਫਲ ਹੋਵਤ ਸਦਾ ਸਹਾਇ॥

## ਮਾਤਾ ਨਿਹਾਲ ਕੌਰ ਦੀ ਅਰਦਾਸ

ਮੀਰੀ-ਪੀਰੀ ਦੇ ਧਨੀ, ਦੇਗ-ਤੇਗ ਦੇ ਮਾਲਿਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਜਿਨ੍ਹਾਂ ਬਾਰੇ ਕਥਨ ਹੈ:

ਬਾਬਾ ਗੁਰਦਿੱਤਾ, ਦੀਨ ਦੁਨੀ ਦਾ ਟਿੱਕਾ,
ਜੋ ਮੰਗਿਆ ਸੋ ਦਿੱਤਾ।

ਦੇ ਘਰ ਸੰਨ 1628 ਵਿਚ ਮਾਤਾ ਕਰਮ ਭਰੀ ਨਿਹਾਲ ਕੌਰ ਜੀ ਦੀ ਕੁੱਖ ਤੋਂ ਕਰਤਾਰਪੁਰ ਵਿਖੇ ਧੀਰ ਮੱਲ ਜੀ ਦਾ ਜਨਮ ਹੋਇਆ। ਸਤਿਗੁਰਾਂ ਨੇ ਹਰਿਮੰਦਰ ਸਾਹਿਬ ਅੰਦਰ ਕੜਾਹ ਪ੍ਰਸ਼ਾਦਿ ਕਰਵਾਇਆ ਅਤੇ ਅਰਦਾਸ ਕਰਕੇ ਵਰਤਾਇਆ, ਪੋਤਰੇ ਦੇ ਜਨਮ ਦੀ ਵਧਾਈ ਕੀਤੀ ਪ੍ਰੰਤੂ ਬਚਨ ਕੀਤਾ:

"ਇਹ ਵੀ ਦੂਜਾ ਪਿਰਥੀਆ ਜਨਮਿਆ ਹੈ, ਜਿਸ ਨੇ ਸਾਰੀ ਉਮਰ ਸਾਡੇ ਅਤੇ ਸਾਡੇ ਪਿਤਾ ਜੀ ਨਾਲ ਵੈਰ ਕਮਾਇਆ ਹੈ। ਇਸ ਦਾ ਸੁਭਾਅ ਵੀ ਤੇਹਾ ਹੀ ਹੋਵੇਗਾ।"

ਇਹ ਖ਼ਬਰ ਸੁਣ ਕੇ ਸਤਿਗੁਰਾਂ ਦੀ ਨੂੰਹ ਬੀਬੀ ਕਰਮ ਭਰੀ ਨਿਹਾਲ ਕੌਰ ਜੀ ਨੇ ਆਪਣੇ ਪਤੀ ਦੇਵ, ਬਾਬਾ ਗੁਰਦਿੱਤਾ ਜੀ ਅੱਗੇ ਬੇਨਤੀ ਕੀਤੀ ਕਿ:

"ਜੇ ਇਹ ਪੁੱਤਰ ਗੁਰੂ ਘਰ ਦਾ ਵੈਰੀ ਹੋ ਕੇ ਤੁਰਕਾਂ ਦਾ ਮੇਲੀ ਬਣੇ ਤਾਂ ਚੰਗਾ ਨਹੀਂ, ਕੋਈ ਉਪਾਉ, ਉਦਮ ਕਰੀਏ ਜੋ ਇਸ ਨੂੰ ਸੁਮੱਤ ਆਵੇ।"

ਬਾਬਾ ਗੁਰਦਿੱਤਾ ਜੀ ਬੋਲੇ:

"ਹੇ ਪਿਆਰੀ ਜੀ, ਸਤਿਗੁਰਾਂ ਦਾ ਬਚਨ ਅਟੱਲ ਹੈ, ਉਹਨਾਂ ਨੇ ਵਿਚਾਰ ਕੇ ਹੀ ਆਖਿਆ ਹੈ। ਇਹ ਤਾਂ ਇਸੇ ਤਰ੍ਹਾਂ ਹੀ ਹੋਏਗਾ। ਹਾਂ, ਜੇ ਤੂੰ ਹੋਣਹਾਰ ਸਪੁੱਤਰ ਚਾਹੁੰਦੀ ਹੈਂ ਤਾਂ ਇਸ ਬਚਨ ਦੀ ਪਾਲਣਾ ਕਰ":

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥**
**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥**
**ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ॥**
**ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ॥**
**ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ॥੨੦॥** (ਪੰਨਾ ੯੧)

ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਜਪੁ ਜੀ ਸਾਹਿਬ ਦੇ ਨਿੱਤਨੇਮ ਕਰਿਆ ਕਰੋ। ਅਰਦਾਸ ਕਰਕੇ ਜੋਦੜੀ ਕਰੋ।

ਸੋ, ਪ੍ਰਤੀਬਰਤਾ ਪਤਨੀ ਨੇ ਆਪਣੇ ਪਤੀ ਦੇ ਬਚਨਾਂ ਨੂੰ ਹਿਰਦੇ ਵਿਚ ਚਿਤਰ ਲਿਆ। ਨਿੱਤਨੇਮ ਦਾ ਪਾਠ ਕਰਕੇ ਅਰਦਾਸ ਕੀਤੀ। ਤਿਸ ਦੀ ਬੇਨਤੀ ਸਰਬ ਸ਼ਕਤੀਮਾਨ ਵਾਹਿਗੁਰੂ ਦੇ ਦਰਬਾਰ ਸੁਣੀ ਗਈ।

## ਪ੍ਰਕਾਸ਼

ਬਾਬਾ ਗੁਰਦਿੱਤਾ ਜੀ ਕੀਰਤਪੁਰ ਵਿਖੇ ਰਹਿ ਕੇ ਪਰਜਾ ਨੂੰ ਪੁੱਤਰਾਂ ਸਮਾਨ ਪਾਲਣ ਅਰ ਚਾਰ ਵਰਨ ਸੰਗਤ ਨੂੰ ਮਿੱਠੇ ਬਚਨਾਂ ਦੁਆਰਾ ਸਤਿ ਉਪਦੇਸ਼ ਦਿੰਦੇ। ਪਵਿੱਤਰ ਮਹੀਨਾ ਮਾਘ ਦਾ ਆਇਆ। ਬਸੰਤ ਰਾਗ ਦਾ ਅਲਾਪ ਘਰ ਘਰ ਲੋਕਾਂ ਨੇ ਗਾਇਆ, ਸਭ ਦੇ ਮਨਾਂ ਵਿਖੇ ਹਰਖ ਛਾਇਆ, ਕੀਰਤਪੁਰ ਦੇ ਚਾਰ ਚੁਫੇਰੇ ਸਰਸੋਂ ਫੁਲੀ ਸੋਭਾ ਪਾਵੇ, ਪੌਣ ਨਾਲ ਜਦ ਝੋਲੇ ਖਾਵੇ ਤਾਂ ਐਉਂ ਬਸੰਤ ਬਹਾਰ ਦਿਖਾਵੇ, ਮਾਨੋ ਸੁਨਹਿਰੀ ਸਮੁੰਦਰ ਲਹਿਰਾਵੇ। ਸ਼ੁਭ ਸ਼ਗਨ ਲੱਗੇ ਦਿਖਾਈ ਦੇਣ, ਤਦ 16 ਜਨਵਰੀ 1630 ਈ. ਨੂੰ ਸਵਾ ਪਹਿਰ ਰਾਤ ਰਹਿੰਦੀ ਮਾਤਾ ਕਰਮਭਰੀ ਨਿਹਾਲ ਕੌਰ ਦੀ ਪਵਿੱਤਰ ਕੁੱਖ ਤੋਂ ਸੰਤ ਸਹਾਇ ਸ੍ਰੀ ਗੁਰੂ ਹਰਿਰਾਇ ਜੀ ਪ੍ਰਗਟ ਹੋਏ। ਬੂੰਦਾਂ ਦੇ ਬਹਾਨੇ ਦੇਵਤਿਆਂ ਨੇ ਫੁੱਲ ਬਰਸਾਏ ਅਰ ਮੇਘ ਦੀ ਧੁੰਦ ਵਿਖੇ ਜੈ ਜੈ ਕਾਰ ਸੁਣਾਏ।

ਬਾਬਾ ਗੁਰਦਿੱਤਾ ਜੀ ਨੇ ਇਹ ਜਾਣ ਕੇ ਕਿ ਗੁਰਗੱਦੀ ਦੇ ਵਾਰਿਸ ਆਏ, ਵਾਜੇ ਵਜਵਾਏ, ਦੀਨਾਂ ਅਨਾਥਾਂ, ਜਾਚਕਾਂ ਨੂੰ ਮਨ ਭਾਉਂਦੇ ਦਾਨ ਦਿਵਾਏ ਅਤੇ ਸ੍ਰੀ ਅੰਮ੍ਰਿਤਸਰ ਜੀ, ਆਪਣੇ ਪਿਤਾ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਖ਼ੁਸ਼ਖਬਰੀ ਦੇਣ ਵਾਸਤੇ ਦੂਤ ਪਠਾਏ ਅਤੇ ਬੇਨਤੀ ਕੀਤੀ ਕਿ ਆਪ ਆਇ ਕਰ ਨਾਮ ਰਖੋ। ਦੂਤ ਨੇ ਚਰਨ ਬੰਦਨਾ ਕਰਕੇ ਵਧਾਈ ਦੀ ਖ਼ੁਸ਼ਖਬਰੀ ਸੁਣਾਈ ਤੇ ਗੁਰੂ ਜੀ ਨੇ ਪਟ ਦੀ ਜ਼ਰੀਦਾਰ ਪੁਸ਼ਾਕ ਅਰ ਭੂਖਣ ਦੇ ਕੇ ਤਿਸ ਦਾ ਦਲਿਦਰ ਦੂਰ ਕੀਤਾ। ਕੜਾਹ ਪ੍ਰਸ਼ਾਦਿ ਕਰਵਾਇਆ, ਅਰਦਾਸ ਭੇਟ ਕਰਕੇ ਵਰਤਾਇਆ। ਅੰਮ੍ਰਿਤਸਰ ਵਿਚ ਪੋਥੀ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਬਚਨਾਂ ਦੁਆਰਾ ਨਾਮ 'ਹਰਿਰਾਇ' ਰਖਿਆ ਅਰ ਸੁੰਦਰ ਬਹੁਮੁਲਾ ਝਗੇ, ਕੜੇ, ਕੰਠੇ ਸਣੇ ਕੀਰਤਪੁਰ ਲਈ ਵਿਦਾ ਕੀਤਾ। ਇਹ ਬਾਲਕ ਜਦ ਬੜੇ ਹੋਇ ਤਾਂ ਇਹਨਾਂ ਨੇ ਐਸੇ ਗੁਣ ਦਿਖਾਏ, ਸੋ ਗੁਰੂ ਸਿੰਘਾਸਣ ਪੁਰ ਬਿਰਾਜਮਾਨ ਹੋ ਕੇ ਅਤਿ ਉਤਮ ਨੀਤੀ ਨਾਲ ਉਪਦੇਸ਼ ਕਰਦੇ ਰਹੇ।

## ਸਿਖਿਆ ਤੇ ਸਿਖਲਾਈ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ 14 ਸਾਲ ਇਕ ਮਹੀਨਾ ਤੇਈ ਦਿਨ ਦੀ ਅਵਸਥਾ ਵਿਚ ਗੁਰਿਆਈ ਦੀ ਗੱਦੀ ਪਰ ਬੈਠੇ, ਪਰੰਤੂ ਇਹਨਾਂ ਦੀ ਬਾਲ ਬੁਧਿ ਦੀਆਂ ਕਰਨੀਆਂ, ਕਮਾਈਆਂ ਬਿਰਧਾਂ ਦੀ ਸੁਧ ਨੂੰ ਲੱਜਿਤ ਕਰਦੀਆਂ ਸਨ। ਇਸ ਦਾ ਕਾਰਨ ਉਹਨਾਂ ਦੀ ਕੁਦਰਤੀ ਤੇ ਈਸ਼ਵਰੀ ਬੁੱਧੀ ਦੀ ਦਾਤ ਸੀ। ਪਰ ਨਾਲ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਹਨਾਂ ਦੀ ਦਿਮਾਗੀ, ਮਾਨਸਿਕ, ਆਤਮਿਕ, ਸਮਾਜਿਕ, ਉੱਨਤੀ ਤੇ ਵਿਕਾਸ ਦਾ ਜ਼ਿੰਮਾ ਆਪਣੇ ਸਿਰ ਲਿਆ ਹੋਇਆ ਸੀ। ਆਪ ਜੀ ਨੂੰ ਸ਼ਾਸਤਰ ਵਿਦਿਆ ਦੇ ਨਾਲ-ਨਾਲ ਸ਼ਸਤਰ ਵਿਦਿਆ ਤੇ ਬੀਰਤਾ ਹੁਨਰਾਂ ਦੀ ਸੁਚੱਜੀ ਵਰਤੋਂ ਵੀ ਪਰਦਾਨ ਕੀਤੀ ਗਈ।

ਬਚਪਨ ਤੋਂ ਹੀ ਆਪ ਸੰਤ ਸੁਭਾਅ, ਬੁਲੰਦ ਆਤਮਕ ਦ੍ਰਿਸ਼ਟੀ ਵਾਲੇ ਦਇਆਵਾਨ ਤੇ ਪ੍ਰੇਮ-ਭਰਪੂਰ ਕੋਮਲ ਹਿਰਦੇ ਵਾਲੇ ਸਨ। ਆਪ ਸਰੀਰ ਦੇ ਬਲਵਾਨ, ਤਕੜੇ, ਕਸ਼ਟ ਝੱਲਣ ਵਾਲੇ ਤੇ ਬੀਰਤਾ, ਦਲੇਰੀ ਦੇ ਪੁੰਜ ਸਨ। ਸਰੀਰੋਂ ਫ਼ੌਲਾਦ ਤੇ ਦਿਲੋਂ ਹਿਰਦਿਉਂ ਕੋਮਲ ਫੁੱਲ ਸਨ। ਇਕ ਦਿਨ ਕਰਤਾਰਪੁਰ ਵਿਚ ਬਾਗ਼ ਅੰਦਰ ਸੈਰ ਕਰਦਿਆਂ ਜਦੋਂ ਆਪ ਜੀ ਦੇ ਕਲੀਆਂ ਵਾਲੇ ਜਾਮੇ ਨਾਲ ਲਗ ਕੇ ਕੁਝ ਫੁੱਲ ਟੁੱਟ ਕੇ ਭੌਂ ਉੱਤੇ ਡਿੱਗ ਪਏ, ਕੋਮਲ, ਖ਼ੁਸ਼ਬੋਦਾਰ ਪੱਤੀਆਂ ਧੂੜ ਵਿਚ ਖਿੰਡ ਗਈਆਂ, ਇਹ ਦੇਖ ਕੇ ਉਥੇ ਹੀ ਬੈਠ ਕੇ ਵਿਚਾਰ ਕਰਨ ਲੱਗ ਪਏ, ਆਪ ਨੂੰ ਅਤਿਅੰਤ ਦੁੱਖ ਹੋਇਆ।

ਸੋਚ ਅਤੇ ਸਹਿਮ ਵਿਚ ਖੜਿਆਂ ਬੈਠਿਆਂ ਨੂੰ ਦੇਖ ਕੇ ਸਤਿਗੁਰੂ ਹਰਿਗੋਬਿੰਦ ਸਾਹਿਬ ਨੇੜੇ ਆਏ, ਕਾਰਨ ਪੁੱਛਿਆ, ਉੱਤਰ ਮਿਲਣ 'ਤੇ ਸਿੱਖਿਆ ਦਿੱਤੀ:

> "ਆਪਣੇ ਵਿਸ਼ਾਲ, ਲੰਮੇ ਚੌੜੇ ਜਾਮੇ ਨੂੰ ਸੰਭਾਲੋ, ਕੋਮਲ ਵਸਤਾਂ ਦਾ ਨਾਸ ਨਾ ਕਰੋ। ਜੇ ਸਿਰਜਣਹਾਰ ਨੇ ਤਾਕਤ ਬਖ਼ਸ਼ੀ ਹੈ, ਸੂਰਬੀਰਤਾ ਬਖ਼ਸ਼ੀ ਹੈ, ਅਧਿਕਾਰ ਬਖ਼ਸ਼ੇ ਹਨ, ਉਹਨਾਂ ਦੀ ਉੱਚਿਤ, ਯੋਗ ਵਰਤੋਂ ਕਰੋ। ਸੁਤੇ-ਸਿਧ ਜਾਂ ਵਿਸਰ ਭੋਲੇ ਵੀ ਕਿਸੇ ਨੂੰ ਐਵੇਂ ਦੁੱਖ ਦੇਣੋਂ ਸੰਕੋਚ ਕਰੋ। ਜਿੰਨੀ ਵਧੇਰੇ ਸ਼ਕਤੀ ਹੋਵੇ, ਓਨੀ ਹੀ ਵਧੇਰੇ ਜ਼ੁੰਮੇਵਾਰੀ ਮਹਿਸੂਸ ਕਰੋ।"

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਦਾਦਾ ਗੁਰੂ ਜੀ ਦੇ ਇਸ ਉਪਦੇਸ਼ ਨੂੰ ਸਾਰੀ ਉਮਰ ਧਾਰਨ ਕੀਤਾ।

## ਫ਼ੌਜ ਰੱਖਣਾ

ਗੁਰੂ ਜੀ ਨੇ 2200 ਸਵਾਰ ਸਦਾ ਆਪਣੇ ਨਾਲ ਰੱਖੇ। ਸਿੱਖਾਂ ਨੂੰ ਸਿਧਾਂਤਿਕ ਤੌਰ 'ਤੇ ਫ਼ੌਜ ਰੱਖਣ, ਸਰੀਰਕ ਬਲ ਵਧਾਉਣ ਅਰ ਕਸਰਤ ਕਰਨ ਦੀ ਸਿੱਖਿਆ ਦਿੱਤੀ। ਮਹਾਰਾਜਾ ਰਣਜੀਤ ਸਿੰਘ ਨੇ 2200 ਸੂਰਮਿਆਂ ਦਾ ਇਕ ਜਥਾ ਬਣਾ ਕੇ ਉਸ ਦਾ ਨਾਮ ਸ੍ਰੀ ਗੁਰੂ ਹਰਿਰਾਇ ਜੀ ਦਾ ਡੇਰਾ ਰੱਖਿਆ ਹੋਇਆ ਸੀ। ਜਿਹੜੀ ਲੜਾਈ ਅੜ ਜਾਵੇ ਜਾਂ ਕਿਲ੍ਹਾ ਸਰ ਨਾ ਹੋਵੇ ਤਾਂ ਇਹ ਡੇਰਾ ਚੜ੍ਹਾਈ ਕਰਦਾ ਸੀ, ਤੇ ਸਤਿਗੁਰਾਂ ਦੇ ਨਾਮ 'ਤੇ ਜਾਂਦਿਆਂ ਹੀ ਫ਼ਤਹ ਹੋ ਜਾਂਦੀ ਸੀ।

## ਨਿਤਨੇਮ

ਸਤਿਗੁਰੂ ਜੀ ਸ਼ਿਕਾਰ ਖੇਡਣ ਜਾਇਆ ਕਰਦੇ ਸਨ, ਜਿਉਂਦੇ ਜੀਵਾਂ ਨੂੰ ਫੜ ਲਿਆਉਂਦੇ ਅਤੇ ਆਪਣੇ ਬਾਗ਼ ਵਿਚ ਛੱਡ ਦਿੰਦੇ ਅਤੇ ਉਹਨਾਂ ਦਾ ਦਾਣਾ, ਘਾਹ ਤੇ ਚੋਗਾ ਆਪ ਪਾਉਂਦੇ। ਆਪ ਪੱਕੇ ਨਿਤਨੇਮੀ ਸਨ। ਇਸ਼ਨਾਨ ਕਰਕੇ, ਦਾਨ ਦਿੰਦੇ ਅਤੇ ਇਹੋ ਉਪਦੇਸ਼ ਸਿੱਖਾਂ ਨੂੰ ਦਿੰਦੇ। ਆਪ ਭਾਈ ਗੁਰਦਾਸ ਜੀ ਦੇ ਨਿਮਨ-ਲਿਖਤ ਕਥਨ ਦੀ ਕਮਾਈ ਕਰਦੇ ਸਨ:

**ਪਿਛਲ ਰਾਤੀਂ ਜਾਗਣਾ, ਨਾਮੁ ਦਾਨੁ ਇਸਨਾਨੁ ਦਿੜਾਏ।**
**ਮਿਠਾ ਬੋਲਣੁ ਨਿਵ ਚਲਣੁ, ਹਥਹੁ ਦੇ ਕੈ ਭਲਾ ਮਨਾਏ।**
**ਥੋੜਾ ਸਵਣਾ, ਖਾਵਣਾ, ਥੋੜਾ ਬੋਲਨੁ ਗੁਰਮਤਿ ਪਾਏ।**
**ਘਾਲਿ ਖਾਇ ਸੁਕ੍ਰਿਤੁ ਕਰੈ, ਵਡਾ ਹੋਇ ਨ ਆਪੁ ਗਣਾਏ।** (ਵਾਰ ੨੮/੧੫)

ਆਪ ਅਨੁਸਾਰ ਲੰਗਰ ਚਲਾਉਣਾ ਸਿੱਖਾਂ ਦੀ ਰਹਿਣੀ ਦਾ ਜ਼ਰੂਰੀ ਅੰਗ ਹੈ। ਸਿੱਖਾਂ ਨੂੰ ਘਰਾਂ ਦੀ ਲੰਗਰ ਦੀ ਰੀਤ ਜਾਰੀ ਰੱਖਣ ਲਈ ਪ੍ਰੇਰਨਾ ਕਰਦੇ। ਸਗੋਂ ਇਹ ਪ੍ਰੇਰਨਾ ਦਿੰਦੇ ਕਿ ਲੰਗਰ ਵੇਲਾ ਜਾਂ ਰੋਟੀ ਵੇਲਾ ਨਾ ਵੀ ਹੋਵੇ ਤਾਂ ਵੀ ਆਏ ਅਤਿਥੀ ਲਈ ਪ੍ਰਸ਼ਾਦ ਤਿਆਰ ਕਰਕੇ ਛਕਾਉ। ਇਹੋ ਮਰਯਾਦਾ ਗੁਰੂ ਕੇ ਲੰਗਰ ਲਈ ਲਾਗੂ ਸੀ। ਆਪ ਜੀ ਨੇ ਹਸਪਤਾਲ ਵੀ ਜਾਰੀ ਕੀਤਾ ਹੋਇਆ ਸੀ ਅਤੇ ਮੁਫ਼ਤ ਦਵਾਈਆਂ ਵੰਡਦੇ ਸਨ। ਬਹੁਤੀਆਂ ਜੜ੍ਹੀਆਂ ਬੂਟੀਆਂ ਆਪਣੇ ਬਾਗ਼ ਵਿਚ ਪੈਦਾ ਕਰਦੇ ਸਨ। ਉਸ ਸਮੇਂ ਦੇ ਬਾਦਸ਼ਾਹ ਸ਼ਾਹ ਜਹਾਨ ਦਾ ਵੱਡਾ ਪੁੱਤਰ, ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ, ਹਕੀਮਾਂ ਨੇ ਇਕ ਖਾਸ ਕਿਸਮ ਦੀ ਵਜ਼ਨ ਦੀ ਹਰੜ ਤੇ ਲੌਂਗ ਤਜਵੀਜ਼ ਕੀਤੇ। ਇਹ ਕਿਤੋਂ ਨਾ ਲੱਭਣ, ਸਾਰਾ ਦੇਸ਼ ਢੂੰਡਿਆ। ਅੰਤ ਗੁਰੂ ਜੀ ਦੇ ਹਸਪਤਾਲ ਵਿਚੋਂ ਮਿਲੇ। ਸਤਿਗੁਰਾਂ ਪ੍ਰੇਮ ਸਹਿਤ ਦੇ ਕੇ ਗੁਰੂ ਘਰ ਨਾਲ ਲੜਾਈਆਂ ਕਰਨ ਵਾਲਿਆਂ ਨੂੰ ਵੀ ਤਾਰਿਆ।

## ਸਿੱਖੀ ਪ੍ਰਚਾਰ

ਆਪ ਜੀ ਨੇ ਸਿੱਖੀ ਪ੍ਰਚਾਰ ਹਿਤ ਸੁਥਰੇ ਸ਼ਾਹ, ਭਗਵਾਨ, ਭਾਈ ਫੇਰੂ ਆਦਿ ਸ਼ਰਧਾਲੂ ਵਿਦਵਾਨ ਸਿੱਖਾਂ ਦੀ ਡਿਊਟੀ ਲਗਾਈ। ਆਪ ਵੀ ਦੇਸ਼ ਦਾ ਰਟਨ ਕੀਤਾ। ਆਪ ਜੀ ਨੇ ਫੂਲਬੰਸ ਨੂੰ ਵੀ ਤਾਰਿਆ। ਸੰਨ 1646 ਵਿਚ ਸਤਿਗੁਰੂ ਸਤਿਨਾਮ ਦ੍ਰਿੜ੍ਹਾਉਂਦੇ, ਮਾਲਵੇ ਦੇਸ਼ ਵਿਚ ਪਿੰਡ ਮਹਿਰਾਜ ਪੁੱਜੇ। ਭਾਈ ਫੂਲ ਸਤਿਗੁਰਾਂ ਦਾ ਪ੍ਰੇਮੀ ਬਣ ਗਿਆ। ਉਸ ਦੀ ਸੇਵਾ ਭਾਵ ਤੇ ਨਿਮਰਤਾ ਦੇਖ ਕੇ ਸਤਿਗੁਰੂ ਹਰਿਰਾਇ ਜੀ ਨੇ ਆਪਣੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਰਦਾਨ ਨੂੰ ਪੱਕਾ ਕੀਤਾ ਅਤੇ ਬਚਨ ਕੀਤਾ, ਜਿਸ ਦੇ ਫਲਸਰੂਪ ਫੂਲਕੀਆਂ ਰਿਆਸਤਾਂ,—ਪਟਿਆਲਾ, ਨਾਭਾ ਅਤੇ ਜੀਂਦ ਦੇ ਰਾਜ ਸਥਾਪਿਤ ਹੋਏ। ਆਪ ਨੇ ਪਹਾੜੀ ਰਾਜਿਆਂ ਅਤੇ ਹੋਰ ਅਨੇਕ ਸਿੱਖ ਸੇਵਕਾਂ ਨੂੰ ਤਾਰਿਆ।

## ਜੋਤੀ-ਜੋਤਿ

ਆਪ ਜੀ ਦੇ ਦੋ ਪੁੱਤਰ ਸਨ। ਵੱਡਾ ਰਾਮ ਰਾਇ ਸੀ। ਉਹ ਗੱਦੀ ਦਾ ਅਧਿਕਾਰੀ ਨਾ ਬਣ ਸਕਿਆ। ਉਸ ਨੇ ਗੁਰੂ ਦੀ ਆਗਿਆ ਨਾ ਮੰਨੀ, ਔਰੰਗਜ਼ੇਬ ਦੀ ਖੁਸ਼ਾਮਦ ਕਾਰਨ ਗੁਰਬਾਣੀ ਦੀ ਤੁਕ ਉਲਟਾਈ ਅਤੇ ਗੁਰੂ ਘਰ ਦੇ ਵਿਰੋਧੀਆਂ, ਸਰਕਾਰੀ ਹਾਕਮਾਂ ਤੇ ਧੀਰ ਮੱਲ ਦੇ ਨਾਲ ਮਿਲ ਕੇ ਗੁਰੂ ਘਰ ਨੂੰ ਦਬਾਉਂਦਾ ਰਿਹਾ। ਇਸ ਲਈ ਛੋਟੇ ਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੱਦੀ-ਨਸ਼ੀਨ ਕਰਵਾਇਆ। ਉਸ ਸਮੇਂ ਇਹਨਾਂ ਦੀ ਉਮਰ ਕੇਵਲ ਪੰਜ ਸਾਲ ਸੀ। ਪਰ, ਆਪ ਜੀ ਦੀ ਦਿਬ-ਦ੍ਰਿਸ਼ਟੀ ਅੰਦਰ ਸਤਿਗੁਰੂ ਨਾਨਕ ਦੇਵ ਜੀ ਦੀ ਜੋਤਿ ਰੌਸ਼ਨ ਸੀ। ਉਹਨਾਂ ਨੇ ਇਹ ਸਾਬਤ ਕਰ ਦਿੱਤਾ ਕਿ ਮਹਾਂਪੁਰਸ਼ਾਂ ਦੀ ਉਮਰ ਸਾਲਾਂ ਵਿਚ ਨਹੀਂ ਗਿਣੀ ਜਾਂਦੀ, ਸਗੋਂ ਕਰਨੀਆਂ, ਕਮਾਈਆਂ, ਕੁਰਬਾਨੀਆਂ, ਪ੍ਰਾਪਤੀਆਂ ਅਤੇ ਪਾਏ ਪੂਰਨਿਆਂ ਸਦਕਾ ਮਹਾਨ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਵਿਚ ਫੁਰਮਾਉਂਦੇ ਹਨ:

**ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭਿ ਦੁਖਿ ਜਾਇ॥**

(2/1986)

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਸਤਵੇਂ ਜਾਮੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਤਾਗੱਦੀ ਦੇ ਸਤਾਰਾਂ ਸਾਲ ਦੇ ਅਰਸੇ ਵਿਚ ਸਿੱਖ ਸੰਗਤਾਂ ਨੂੰ ਗੁਰੂ-ਘਰ ਦੀ ਰੀਤੀ ਦ੍ਰਿੜ੍ਹ ਕਰਵਾ ਕੇ ਅਤੇ ਗੁਰਬਾਣੀ ਦਾ ਅਦਬ ਸਤਿਕਾਰ ਅਤੇ ਗੁਰਮਤਿ ਸਿਧਾਂਤਾਂ ਨਾਲ ਪਿਆਰ ਕਰਨਾ ਅਤੇ ਇਨ੍ਹਾਂ ਸਿਧਾਂਤਾਂ ਅਨੁਸਾਰ ਅਮਲੀ ਜੀਵਨ ਜਿਊਣਾ ਸਿਖਾ ਕੇ ਸਿੱਖੀ ਦੇ ਮਹਿਲ ਦੀਆਂ ਨੀਹਾਂ ਨੂੰ ਪੱਕਿਆਂ ਕੀਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਗ੍ਰਿਹਿ ਵਿਖੇ 16 ਜਨਵਰੀ, 1630 ਈ. ਨੂੰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ (ਗੁਰੂ) ਹਰਿਰਾਇ ਜੀ ਪ੍ਰਗਟ ਹੋਏ। ਬਚਪਨ ਕੀਰਤਪੁਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੰਗਤ ਵਿਚ ਬੀਤਿਆ। ਪੜ੍ਹਾਈ-ਲਿਖਾਈ, ਸ਼ਸਤਰ ਵਿੱਦਿਆ, ਘੋੜ-ਸਵਾਰੀ ਦੀ ਸਿਖਿਆ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਦੇਖ-ਰੇਖ ਵਿਚ ਹੀ ਦਿਵਾਈ। ਗੁਰੂ ਜੀ ਬਾਲ ਹਰਿਰਾਇ ਜੀ ਨੂੰ ਨਾਮ-ਬਾਣੀ ਦਾ ਅਭਿਆਸ ਕਰਵਾਉਂਦੇ ਅਤੇ ਕਥਾ-ਕੀਰਤਨ ਸਮੇਂ ਆਪਣੇ ਪਾਸ ਹੀ ਬਿਠਾਉਂਦੇ:

ਜਬ ਗੁਰ ਬੈਠ ਦੀਵਾਨ ਮੈਂ ਭਾਖਤ ਕਥਾ ਵੈਰਾਗ।
ਸਦਾ ਸੰਗ ਰਾਖੈ ਪ੍ਰਭੂ ਹਰਿਰਾਇ ਬਡ ਭਾਗ।

ਬਾਲ ਹਰਿਰਾਇ ਜੀ ਗੁਰੂ ਜੀ ਦੇ ਉਪਦੇਸ਼ਾਂ ਨੂੰ ਕੇਵਲ ਸੁਣਦੇ ਹੀ ਨਹੀਂ ਸਨ ਬਲਕਿ ਨਿਤ ਜੀਵਨ ਵਿਚ ਕਮਾਉਂਦੇ ਸਨ। ਜੋ ਗੁਰੂ ਜੀ ਨੇ ਇਕ ਵਾਰ ਕਹਿ ਦਿੱਤਾ, ਗੰਢ ਮਾਰ ਪੱਲੇ ਬੰਨ੍ਹ ਲਿਆ ਅਤੇ ਸਾਰਾ ਜੀਵਨ ਉਸ ਉਪਦੇਸ਼ ਦੀ ਰਤੀ ਭਰ ਵੀ ਅਵੱਗਿਆ ਨਾ ਹੋਣ ਦਿੱਤੀ।

ਬਚਪਨ ਵਿਚ ਇਕ ਘਟਨਾ ਵਾਪਰੀ ਕਿ ਬਗੀਚੀ ਵਿਚ ਸੈਰ ਸਮੇਂ ਚਲਦਿਆਂ ਚੋਲੇ ਨਾਲ ਅੜ ਕੇ ਇਕ ਖਿੜਿਆ ਫੁੱਲ ਡਾਲੀ ਤੋਂ ਟੁੱਟ ਭੋਇਂ ਡਿੱਗ ਗਿਆ। ਟੁੱਟੇ ਫੁੱਲ ਨੂੰ ਤੱਕ ਕੋਮਲ ਹਿਰਦੇ ਉਪਰ ਬਹੁਤ ਅਸਰ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਾਨਸਿਕ ਅਵਸਥਾ ਦੇਖ ਕੇ ਉਪਦੇਸ਼ ਕੀਤਾ ਕਿ ਦਾਮਨ ਸੰਕੋਚ ਕੇ ਚਲਣਾ ਚਾਹੀਏ:

ਸੁਨ ਬਚਨ ਕੀਨਾ ਭਲੋ। ਸੰਕੋਚ ਦਾਮਨ ਚਲੋ।

ਸੰਕੇਤਕ ਤਰੀਕੇ ਨਾਲ ਗੁਰੂ ਸਾਹਿਬ ਜੀ ਨੇ ਸਮਝਾ ਦਿੱਤਾ ਕਿ ਜਦ ਚੋਲਾ ਵੱਡਾ ਪਹਿਨਿਆ ਹੋਵੇ ਤਾਂ ਜ਼ਿੰਮੇਵਾਰੀਆਂ ਵੀ ਵਧ ਜਾਂਦੀਆਂ ਹਨ, ਸੰਭਲ ਕੇ ਤੁਰਨਾ ਚਾਹੀਦਾ ਹੈ।

ਬਸ, ਇਸ ਤੋਂ ਅੱਗੇ ਸਾਰੇ ਜੀਵਨ ਸਮੇਂ ਇਸ ਉਪਦੇਸ਼ ਉਪਰ ਅਮਲ ਕੀਤਾ। 'ਮਹਿਮਾ ਪ੍ਰਕਾਸ਼' ਅਨੁਸਾਰ—

ਜਬ ਬਸਤ੍ਰ ਪਹਰ ਪ੍ਰਭ ਕਤਹੂ ਜਾਹਿ।
ਦਾਮਨ ਸਮੇਟ ਲੇਵੈ ਕਰ ਮਾਹਿ।
ਜੋ ਛਠਵੈ ਮਹਲ ਬਚਨ ਗੁਰ ਕਹਾ।
ਪ੍ਰਭ ਉਮਰ ਪ੍ਰਜੰਤ ਸੋਈ ਪ੍ਰਨ ਗਹਾ।

ਐਸਾ ਸੰਜਮ ਧਾਰਨ ਕੀਤਾ ਕਿ ਕਿਸੇ ਇਕ ਵੀ ਹਿਰਦੇ ਨੂੰ ਠੇਸ ਨਹੀਂ ਪਹੁੰਚਣ ਦਿੱਤੀ। ਬਾਲਕਾਂ ਨਾਲ ਖੇਲਦੇ ਸੁਰਤ ਹਰੀ ਸਿਮਰਨ ਵਿਚ ਟਿਕੀ ਰਹਿੰਦੀ। 'ਪੰਥ ਪ੍ਰਕਾਸ਼' ਅਨੁਸਾਰ:

ਬਾਲਕ ਕੇ ਖੇਲਨ ਕੇ ਸਮੇਂ। ਹਰਿ ਗੁਰ ਭਗਤ ਵਿਖੇ ਰਹਿ ਰਮੇਂ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਹਰਿਰਾਇ ਜੀ ਦੀ ਇਸ ਲੀਨਤਾ ਨੂੰ ਦੇਖ ਕੇ ਬਹੁਤ ਪ੍ਰਸੰਨ ਹੁੰਦੇ। ਭਗਤੀ, ਵੈਰਾਗ ਅਤੇ ਅਕਾਲ ਪੁਰਖ ਦੇ ਹੁਕਮ ਰਜ਼ਾ ਵਿਚ ਰਹਿਣਾ, ਉਨ੍ਹਾਂ ਦ੍ਰਿੜ੍ਹ ਕਰ ਲਿਆ ਸੀ। ਗਿਆਨ ਦੀ ਗੋਸ਼ਟ ਕਰਦੇ ਸਨ ਤਾਂ ਸੰਗਤਾਂ ਨੂੰ ਅਨੰਦ ਆ ਜਾਂਦਾ ਸੀ। ਸੋ ਹਰ ਪੱਖੋਂ ਯੋਗ ਤੱਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਰਖੂ ਅੱਖ ਨੇ ਗੁਰਿਆਈ ਦੀ ਮਹਾਨ ਜ਼ਿੰਮੇਵਾਰੀ ਆਪ ਜੀ ਨੂੰ ਸੌਂਪੀ।

ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਸ੍ਰੀ ਗੁਰੂ ਹਰਿਰਾਇ ਜੀ ਨੇ ਧਰਮ ਪ੍ਰਚਾਰ ਵੱਲ ਵਿਸ਼ੇਸ਼ ਧਿਆਨ ਦਿੱਤਾ ਅਤੇ ਗੁਰਮਤਿ ਰੀਤੀ ਦ੍ਰਿੜ੍ਹ ਕਰਵਾਉਣੀ ਅਰੰਭੀ। ਗੁਰੂ ਬਾਬਾ ਜੀ ਦੇ ਹੁਕਮ ਅਨੁਸਾਰ ਫੌਜ ਵੀ ਰੱਖੀ; ਪਰ ਯੁੱਧ ਕਰਨ ਤੋਂ ਵੀ ਸੰਕੋਚ ਹੀ ਕੀਤਾ। ਆਪ ਜੀ ਦੀ ਫੌਜ ਵਿਚ 2200 ਤਿਆਰ-ਬਰ-ਤਿਆਰ ਘੋੜ ਸਵਾਰ ਸ਼ਾਮਲ ਸਨ। ਆਪ ਜੀ ਨੇ ਮਾਣ ਹੁੰਦਿਆਂ ਨਿਮਾਣਾ ਅਤੇ ਤਾਣ ਹੁੰਦਿਆਂ ਨਿਤਾਣਾ ਬਣਨ ਦਾ ਸੁਜੀਵ ਸਬੂਤ ਦਿੱਤਾ।

ਜਦ ਮਾਲਵੇ ਦੇ ਇਲਾਕੇ ਵਿਚ ਕਾਲ ਪੈ ਗਿਆ ਤਾਂ ਗੁਰੂ ਜੀ ਨੇ ਸੰਗਤਾਂ ਨੂੰ ਹੁਕਮ ਭੇਜ ਕੇ ਘਰ-ਘਰ ਲੰਗਰ ਲਵਾ ਦਿੱਤੇ। ਹਰੇਕ ਧਰਮਸਾਲਾ ਵਿਚ ਵਿਸ਼ੇਸ਼ ਲੰਗਰ ਲਗਵਾਏ। ਆਪ ਜੀ ਦਾ ਹੁਕਮ ਸੀ ਕਿ ਕੇਵਲ ਦੋ ਵਕਤ ਹੀ ਪਰਸ਼ਾਦਾ ਨਹੀਂ ਦੇਣਾ, ਜਦ ਵੀ ਕੋਈ ਲੋੜਵੰਦ ਆ ਜਾਵੇ ਉਸ ਨੂੰ ਪਿਆਰ ਨਾਲ ਪਰਸ਼ਾਦਾ ਛਕਾਉਣਾ ਹੈ। ਲੰਗਰ ਵਰਤਾਉਣ ਤੋਂ ਪਹਿਲਾਂ ਨਗਾਰਾ ਵਜਾਉਣ ਦੀ ਰੀਤ ਵੀ ਚਲਾਈ ਤਾਂ ਕਿ ਦੂਰ ਬੈਠੇ ਵੀ ਆਵਾਜ਼ ਸੁਣ ਕੇ ਲੰਗਰ ਦਾ ਪਰਸ਼ਾਦਾ ਛਕ ਲੈਣ।

ਗੁਰੂ-ਘਰ ਵਿਚ ਸ਼ੁਰੂ ਤੋਂ ਹੀ ਐਸਾ ਰਿਹਾ ਸੀ ਕਿ ਗੁਰੂ ਸਾਹਿਬਾਨ ਜਿੱਥੇ ਨਾਮ-ਦਾਰੂ ਰਾਹੀਂ ਆਤਮਿਕ ਠੰਢ ਵਰਤਾਉਂਦੇ ਸਨ ਉਥੇ ਸਰੀਰਕ ਰੋਗਾਂ ਨੂੰ ਦੂਰ ਕਰਨ ਦਾ ਵੀ ਉਪਰਾਲਾ ਕਰਦੇ ਸਨ।

ਸ੍ਰੀ ਗੁਰੂ ਅਮਰਦਾਸ ਜੀ ਨੇ ਬੜੀ ਉਚ ਪੱਧਰ 'ਤੇ ਦਵਾਖਾਨਾ ਸ਼ੁਰੂ ਕੀਤਾ ਸੀ ਜਿਸ ਵਿਚ ਕੋਹੜ ਤੇ ਪਾਗਲਪਨ ਦਾ ਵੀ ਇਲਾਜ ਹੁੰਦਾ ਸੀ। ਹਰ ਧਰਮਸ਼ਾਲਾ ਨਾਲ ਦਵਾਖਾਨਾ ਰੱਖਣ ਦਾ ਆਮ ਰਿਵਾਜ ਸੀ। ਸ੍ਰੀ ਗੁਰੂ ਹਰਿਰਾਇ ਜੀ ਨੇ ਵੀ ਕੀਰਤਪੁਰ ਵਿਚ ਇਕ ਬਹੁਤ ਵੱਡਾ ਦਵਾਖਾਨਾ ਤੇ ਸ਼ਫ਼ਾਖਾਨਾ ਬਣਾਇਆ, ਜਿਸ ਵਿਚ ਐਸੀਆਂ ਅਮੋਲਕ ਦਵਾਈਆਂ ਮੌਜੂਦ ਸਨ ਜੋ ਦੇਸ਼ ਦੇ ਹੋਰ ਕਿਸੇ ਹਕੀਮ ਅਤੇ ਸ਼ਾਹੀ ਵੈਦਾਂ ਪਾਸ ਵੀ ਨਹੀਂ ਸਨ। ਇਤਿਹਾਸਕ ਗ੍ਰੰਥਾਂ ਤੋਂ ਇਹ ਗਵਾਹੀ ਮਿਲਦੀ ਹੈ ਕਿ ਸ਼ਹਿਜ਼ਾਦਾ ਦਾਰਾ ਸ਼ਿਕੋਹ ਨੂੰ ਉਸ ਦੇ ਭਰਾ ਔਰੰਗਜ਼ੇਬ ਨੇ

ਧੋਖੇ ਨਾਲ ਸ਼ੇਰ ਦੀ ਮੁੱਛ ਦਾ ਵਾਲ ਖੁਆ ਦਿੱਤਾ ਤਾਂ ਸ਼ਾਹੀ ਹਕੀਮਾਂ ਨੂੰ ਦਾਰਾ ਸ਼ਿਕੋਹ ਦੇ ਇਲਾਜ ਲਈ ਯੋਗ ਦਵਾਈ ਕਿਧਰੋਂ ਨਹੀਂ ਸੀ ਮਿਲ ਰਹੀ। 'ਮਹਿਮਾ ਪ੍ਰਕਾਸ਼' ਅਨੁਸਾਰ—

ਹਰੜ ਤੋਲ ਚੌਦਹ ਸਰਸਾਹੀ। ਇਹ ਗੁਨ ਸੋਭਾ ਤਾ ਮੋ ਆਹੀ।
ਲੇਤੇ ਹਾਥ ਉਦਰ ਦੁਖ ਰੋਗ। ਸਭ ਝਰਪਰੇ ਮਿਟੇ ਸਭ ਸੋਗ।
ਸੀਤੰਗ ਰੋਗ ਬਾਈ ਸਨਮਾਤ। ਵੈ ਲੌਂਗ ਹਾਥ ਤੇ ਲੇ ਮਿਟ ਜਾਤ।
ਏਕ ਲੌਂਗ ਮਾਸਾ ਭਰ ਤੋਲ। ਕਹੂੰ ਨਾ ਮਿਲਾ ਫਿਰੇ ਜਗ ਟੋਲ।

ਸ਼ਾਹ ਜਹਾਨ ਦੇ ਦਰਬਾਰ ਵਿਚ ਜਦ ਗੱਲ ਚੱਲੀ ਤਾਂ ਕਿਸੇ ਦਰਬਾਰੀ ਨੇ ਦੱਸ ਪਾਈ ਕਿ—

ਗੁਰੂ ਹਰਿਰਾਇ ਜੀ ਕੇ ਘਰ ਆਹਿ।

ਬਾਦਸ਼ਾਹ ਨੇ ਆਪਣੇ ਪੁੱਤਰ ਦੀ ਰੋਗੀ ਹਾਲਤ ਦੇਖ ਜਦ ਨਿਮਰਤਾ ਸਹਿਤ ਨੁਸਖਾ ਮੰਗ ਭੇਜਿਆ ਤਾਂ ਨਿਰਵੈਰ ਤੇ ਸਮਦਰਸ਼ੀ ਗੁਰੂ ਜੀ ਨੇ ਸ਼ਹਿਜ਼ਾਦੇ ਦੀ ਜਾਨ ਬਚਾਉਣ ਖ਼ਾਤਰ ਆਪਣੇ ਦਵਾਖਾਨੇ ਤੋਂ ਬਗੈਰ ਦੇਰ ਕੀਤਿਆਂ ਇਹ ਨੁਸਖਾ ਭੇਜਣ ਦੀ ਇਜਾਜ਼ਤ ਦਿੱਤੀ। ਦਾਰਾ ਸ਼ਿਕੋਹ ਦੀ ਜਾਨ ਬਚਾਈ, ਉਹ ਨੌਂ-ਬਰ-ਨੌਂ ਹੋ ਗਿਆ।

ਗੁਰੂ ਜੀ ਨੇ ਦੁਆਬੇ ਅਤੇ ਮਾਲਵੇ ਦੇ ਇਲਾਕਿਆਂ ਵਿਚ ਯਾਤਰਾ ਕਰ ਕੇ ਧਰਮ ਪ੍ਰਚਾਰ ਦੀ ਮੁਹਿੰਮ ਚਲਾਈ। ਇਸ ਯਾਤਰਾ ਸਮੇਂ ਆਪ ਜੀ ਦੇ ਨਾਲ ਚੋਣਵੇਂ ਸਵਾਰ, ਮੁਖੀ ਸਿੱਖ ਅਤੇ ਭਾਈ ਅਬਦੁੱਲਾ ਤੇ ਨੱਥਾ ਵਾਰਾਂ ਗਾਉਣ ਵਾਲੇ ਰਹੇ। ਰੋਪੜ, ਹਰੀਆਂ ਵੇਲਾਂ, ਹੁਸ਼ਿਆਰਪੁਰ, ਚੌਂਤਰਾ ਸਾਹਿਬ, ਕਰਤਾਰਪੁਰ ਸਾਹਿਬ, ਨੂਰਮਹਿਲ, ਪੁਆਂਦੜਾ ਆਦਿ ਅਸਥਾਨਾਂ 'ਤੇ ਟਿਕਾਣੇ ਕਰ, ਸੰਗਤਾਂ ਨੂੰ ਨਾਮ-ਬਾਣੀ ਨਾਲ ਜੋੜ, ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਵੰਡ ਕੇ ਛਕਣ ਦਾ ਉਪਦੇਸ਼ ਕਰ ਕੇ ਅੱਗੋਂ ਮਾਲਵੇ ਦੇ ਇਲਾਕੇ ਵੱਲ ਚਲ ਪਏ। ਡਰੋਲੀ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਇਕ ਖੂਹ ਦੀ ਉਸਾਰੀ ਸ਼ੁਰੂ ਕਰਵਾਈ ਗਈ ਸੀ, ਗੁਰੂ ਜੀ ਨੇ ਉਸ ਨੂੰ ਸੰਪੂਰਨ ਕੀਤਾ। ਮਾਲਵੇ ਦੀਆਂ ਸੰਗਤਾਂ ਦਾ ਪਿਆਰ ਤੇ ਸ਼ਰਧਾ ਦੇਖ ਕੇ ਆਪ ਜੀ ਨੇ 'ਸੁਭਾਗਾ ਮਾਲਵਾ' ਦਾ ਬਚਨ ਕੀਤਾ। ਜ਼ੀਰਾ, ਕਾਂਗੜਾ, ਮੈਹਰਾਜ, ਤਖ਼ਤੂਪੁਰਾ, ਪਹੋਆ ਸਾਹਿਬ, ਥਾਨੇਸਰ, ਮਾਰਕੰਡਾ, ਅੰਬਾਲਾ ਤੋਂ ਵਾਪਸ ਪਹਾੜੀ ਰਸਤੇ ਪਰਤ ਤਕਰੀਬਨ ਸਵਾ ਸਾਲ ਬਾਅਦ ਇਹ ਦੌਰਾ ਸੰਪੂਰਨ ਕਰ ਕੀਰਤਪੁਰ ਸਾਹਿਬ ਪਹੁੰਚੇ।

ਕੁਝ ਸਮਾਂ ਕੀਰਤਪੁਰ ਸਾਹਿਬ ਠਹਿਰਨ ਤੋਂ ਬਾਅਦ ਗੁਰੂ ਜੀ ਨੇ ਮਾਝੇ ਦਾ ਪ੍ਰਚਾਰ-ਦੌਰਾ ਆਰੰਭਿਆ। ਇਸ ਸਮੇਂ ਆਪ ਜੀ ਨੇ ਫਗਵਾੜਾ, ਕਰਤਾਰਪੁਰ, ਬਾਬਾ ਬਕਾਲਾ, ਗੋਇੰਦਵਾਲ ਦਾ ਪ੍ਰਚਾਰ ਦੌਰਾ ਕੀਤਾ ਜਿਸ ਦੌਰਾਨ ਸ਼ਹਿਜ਼ਾਦਾ ਦਾਰਾ ਸ਼ਿਕੋਹ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਔਰੰਗਜ਼ੇਬ ਨੇ ਸ਼ਾਹ ਜਹਾਨ ਨੂੰ ਕੈਦ ਕਰ ਲਿਆ ਸੀ ਅਤੇ ਉਹ ਦਾਰਾ ਦੀ ਗ੍ਰਿਫਤਾਰੀ ਲਈ ਪਿੱਛਾ ਕਰ ਰਿਹਾ ਸੀ।

ਗੁਰੂ ਜੀ ਨੇ ਦਾਰਾ ਨੂੰ ਧੀਰਜ ਦਿੱਤੀ। ਦਾਰਾ ਨੇ ਗੁਰੂ ਜੀ ਨੂੰ ਔਰੰਗਜ਼ੇਬ ਦੀਆਂ ਫ਼ੌਜਾਂ ਨੂੰ ਬਿਆਸਾ ਦੇ ਕੰਢੇ ਕੁਝ ਸਮਾਂ ਅਟਕਾਉਣ ਲਈ ਬੇਨਤੀ ਕੀਤੀ ਤਾਂ ਕਿ ਉਹ ਲਾਹੌਰ ਪੁੱਜ ਸਕੇ। ਗੁਰੂ ਜੀ ਨੇ ਆਪਣੀਆਂ ਫ਼ੌਜਾਂ ਨੂੰ ਘਾਟ 'ਤੇ ਦੋ ਪਹਿਰ ਪਹਿਰਾ ਰੱਖਣ ਦਾ ਹੁਕਮ ਕੀਤਾ

ਅਤੇ ਇਸ ਤਰ੍ਹਾਂ ਔਰੰਗਜ਼ੇਬ ਦੀਆਂ ਫੌਜਾਂ ਨੂੰ ਰੋਕ ਪਾਈ ਰੱਖੀ, ਇਤਨੇ ਨੂੰ ਦਾਰਾ ਲਾਹੌਰ ਪਹੁੰਚ ਗਿਆ ਅਤੇ ਉਸ ਨੇ ਕੁਝ ਫੌਜ ਵੀ ਇਕੱਤਰ ਕਰ ਲਈ। ਪਰ ਅਖੀਰ ਵਿਚ ਦਾਰਾ ਔਰੰਗਜ਼ੇਬ ਦੇ ਕਾਬੂ ਆ ਗਿਆ, ਜਿਸ ਨੇ ਉਸ ਨੂੰ ਕਤਲ ਕਰ ਦਿੱਤਾ।

ਔਰੰਗਜ਼ੇਬ, ਦਾਰਾ ਸ਼ਿਕੋਹ ਦੀ ਇਸ ਮਦਦ ਉਪਰ ਤਿਲਮਿਲਾ ਉਠਿਆ। ਸਭ ਤੋਂ ਦੁਖੀ ਉਹ ਇਸ ਗੱਲ 'ਤੇ ਸੀ ਕਿ ਗੁਰੂ ਜੀ ਨੇ ਉਸ ਦਾ ਰੱਤੀ ਭਰ ਵੀ ਡਰ ਨਹੀਂ ਰੱਖਿਆ। ਪਰ ਗੁਰੂ ਜੀ ਤਾਂ ਨਿਰਭਉ ਤੇ ਨਿਰਵੈਰ ਸਨ। ਉਨ੍ਹਾਂ ਨੂੰ ਨਾ ਤਾਂ ਔਰੰਗਜ਼ੇਬ ਦਾ ਭੈ ਸੀ ਅਤੇ ਨਾ ਹੀ ਦਾਰਾ ਸ਼ਿਕੋਹ ਨਾਲ ਉਨ੍ਹਾਂ ਦਾ ਕੋਈ ਵੈਰ ਸੀ।

ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੱਦਾ ਭੇਜਿਆ। ਗੁਰੂ ਜੀ ਨੇ ਐਸੇ ਜ਼ਾਲਮ ਦੇ ਮੱਥੇ ਲੱਗਣੋਂ ਇਨਕਾਰ ਕਰ ਦਿੱਤਾ। ਸੰਗਤਾਂ ਦੇ ਸੁਝਾਅ 'ਤੇ ਕਿ ਔਰੰਗਜ਼ੇਬ ਨੂੰ ਆਪਣੇ ਮੱਤ ਦੇ ਸਿਧਾਂਤਾਂ ਦੀ ਜਾਣਕਾਰੀ ਦੇਣੀ ਚਾਹੀਦੀ ਹੈ ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਨੂੰ ਜਾਣ ਦੀ ਆਗਿਆ ਕੀਤੀ ਅਤੇ ਨਾਲ ਹੀ ਇਹ ਪੱਕੀ ਕਰ ਦਿੱਤੀ ਕਿ—

ਸੱਚ ਉਪਰ ਦ੍ਰਿੜ੍ਹ ਰਹਿਣਾ ਹੈ, ਭੈ ਨਹੀਂ ਰੱਖਣਾ ਅਰ ਕਰਾਮਾਤਾਂ ਨਹੀਂ ਦਿਖਾਵਣੀਆਂ।

ਬਾਬਾ ਰਾਮ ਰਾਇ ਲਈ ਇਹ ਇਕ ਇਮਤਿਹਾਨ ਦੀ ਘੜੀ ਸੀ, ਜਿਸ ਵਿੱਚੋਂ ਸਫ਼ਲਤਾ ਪ੍ਰਾਪਤ ਕਰਨ ਵਿਚ ਉਹ ਅਸਫ਼ਲ ਰਹੇ। ਉਹ ਮਾਣ ਅਤੇ ਅਹੰਕਾਰ ਵਿਚ ਆ ਗਏ, ਉਨ੍ਹਾਂ ਨੇ ਗੁਰੂ ਜੀ ਦੇ ਬਚਨਾਂ ਨੂੰ ਵਿਸਾਰ ਦਿੱਤਾ। ਔਰੰਗਜ਼ੇਬ ਨੂੰ ਕਰਾਮਾਤਾਂ ਵੀ ਦਿਖਾਈਆਂ ਅਤੇ ਸਭ ਤੋਂ ਭਾਰੀ ਅਵੱਗਿਆ ਗੁਰਬਾਣੀ ਦੀ ਤੁਕ ਬਦਲ ਕੇ ਕੀਤੀ। ਔਰੰਗਜ਼ੇਬ ਨੂੰ ਤਾਂ ਰਾਮ ਰਾਇ ਨੇ ਖੁਸ਼ ਕਰ ਲਿਆ, ਪਰ ਗੁਰੂ ਜੀ ਨੇ ਉਸ ਨੂੰ ਮੱਥੇ ਲਾਉਣ ਤੋਂ ਇਨਕਾਰ ਕਰ ਦਿੱਤਾ।

ਗੁਰੂ ਜੀ ਨੇ ਜਾਣ ਲਿਆ ਕਿ ਰਾਮਰਾਇ ਦਾ ਮਨ ਕਮਜ਼ੋਰ ਨਿਕਲਿਆ ਹੈ, ਜ਼ਿਆਦਾ ਚਤੁਰ ਹੈ ਅਤੇ ਇਹ ਗੁਰਮਤਿ ਦ੍ਰਿੜ੍ਹ ਨਹੀਂ ਕਰ ਸਕਿਆ, ਇਹ ਗੁਰੂ ਰੀਤੀ ਨੂੰ ਜਾਰੀ ਰੱਖ ਸਕਣ ਦੇ ਯੋਗ ਨਹੀਂ। ਇਸ ਲਈ ਗੁਰੂ ਜੀ ਨੇ ਆਪਣੇ ਅਖੀਰੀ ਸਮੇਂ ਤੋਂ ਪਹਿਲਾਂ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਦੀ ਮਹਾਨ ਸੇਵਾ ਦੀ ਸੌਂਪਣਾ ਕੀਤੀ ਅਤੇ 6 ਅਕਤੂਬਰ 1661 ਨੂੰ ਜੋਤੀ ਜੋਤਿ ਸਮਾ ਗਏ।

(7/2008)

## ਦੀਰਘ ਜਾਮਾ...

ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਗ਼ ਦੀ ਸੈਰ ਕਰ ਰਹੇ ਸਨ। ਆਪ ਜੀ ਦੇ ਨਾਲ ਹੋਰ ਸਿੱਖ ਵੀ ਸਨ। ਦੂਰ ਪਿੱਛੇ ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਵੀ ਆ ਰਹੇ ਸਨ। ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਨੇ ਕਲੀਆਂ ਵਾਲਾ ਦੀਰਘ ਜਾਮਾ ਪਾਇਆ ਹੋਇਆ ਸੀ। ਆਪ ਦਾਦਾ ਗੁਰੂ ਜੀ ਨੂੰ ਮਿਲਣ ਲਈ ਕਾਹਲੀ-ਕਾਹਲੀ ਤੁਰ ਰਹੇ ਸਨ। ਹਵਾ ਦੇ ਫੱਰਾਟੇ ਨਾਲ ਆਪ ਦਾ ਦੀਰਘ ਜਾਮਾ ਫੈਲਿਆ ਅਤੇ ਇਕ ਸੋਹਣਾ ਫੁੱਲ ਟੁੱਟ ਕੇ ਹੇਠਾਂ ਡਿੱਗ ਪਿਆ। ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਨੇ ਫੁੱਲ ਨਹੀਂ ਦੇਖਿਆ; ਆਪ ਦਾ ਧਿਆਨ ਸ੍ਰੀ ਗੁਰੂ ਹਰਿਗੋਬਿੰਦ ਜੀ ਵੱਲ ਲੱਗਾ ਹੋਇਆ ਸੀ। ਪਰ ਆਪ ਦੇ ਨਾਲ ਆ ਰਹੇ ਸੇਵਕ ਨੇ ਵੇਖ ਲਿਆ ਕਿ ਫੁੱਲ ਆਪ ਦੇ ਜਾਮੇ ਨਾਲ ਅੜ ਕੇ ਡਿੱਗਾ ਹੈ। ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਗੁਰੂ ਜੀ ਨੂੰ ਜਾ ਮਿਲੇ।

ਇਹ ਟੁੱਟਾ ਫੁੱਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਹਿਲਾਂ ਦੇਖ ਚੁੱਕੇ ਸਨ। ਇਹ ਅਤਿ ਸੁੰਦਰ ਫੁੱਲ ਸੀ। ਗੁਰੂ ਜੀ ਮੁੜਦੀ ਵਾਰੀ ਫਿਰ ਉਸੇ ਰਸਤੇ ਲੰਘੇ ਅਤੇ ਆਪ ਨੇ ਉਹ ਫੁੱਲ ਰਸਤੇ ਵਿਚ ਡਿੱਗਾ ਹੋਇਆ ਦੇਖਿਆ। ਗੁਰੂ ਜੀ ਪੁੱਛਣ ਲੱਗੇ:

ਸ਼ਾਖਾ ਲਗਯੋ ਹੁਤੋ ਹਮ ਹੇਰਾ।
ਅਬ ਇਹ ਕਿਹ ਤੋਰਯੋ ਛਿਤ ਗੇਰਾ ?
ਉਪਮਾ ਮੁਖ ਪ੍ਰਸੰਨ ਕੀ ਪਾਵਤਿ।
ਖਿਰੀ ਪਾਂਖਰੀ ਹੁਤੋ ਸੁਹਾਵਤਿ।
ਸ਼ਾਖਾ ਸਹਿਤ ਤਰੋਵਰੁ ਅਵਨੀ।
ਨਿਜ ਛਬਿ ਤੇ ਦਿਖਰਾਵਤਿ ਰਵਨੀ।
ਅਬ ਛਿਨ ਛਿਨ ਪ੍ਰਤਿ ਇਹ ਕੁਮਲਾਵਤਿ।
ਸ਼ੋਕ ਸਹਿਤ ਮੁਖ ਸਮਤਾ ਪਾਵਤਿ।
ਕਾਰਜ ਕਹਾਂ ਸਰਯੋ ਇਸ ਤੋਰੇ।
ਧਰਨੀ ਪਰਯੋ ਭਈ ਦੁਤਿ ਹੋਰੇ।

ਪਰ ਕਿਸੇ ਨੇ ਅੱਗੋਂ ਉੱਤਰ ਨਾ ਦਿੱਤਾ ਕਿ ਫੁੱਲ ਕਿਸ ਨੇ ਤੋੜਿਆ ਹੈ। ਅੰਤ 'ਤੇ ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਦਾ ਸੇਵਕ ਕਹਿਣ ਲੱਗਾ:

ਸ੍ਰੀ ਹਰਿਰਾਇ ਚਲਤਿ ਉਤਲਾਏ।...
ਦੀਰਘ ਜਾਮਾ ਅਟਕਯੋ ਯਾ ਸੋਂ।
ਪਰਯੋ ਟੂਟ ਧਰ ਤੁਰਨ ਤਾ ਸੋਂ।

ਇਹ ਸੁਣ ਕੇ ਸ੍ਰੀ ਗੁਰੂ ਜੀ ਨੇ ਇਉਂ ਕਿਹਾ:

ਸੁਨਿ ਸ੍ਰੀ ਮੁਖ ਤੇ ਸੁਮਤਿ ਬਤਾਵੈ।
ਜੋ ਦੀਰਘ ਜਾਮਾ ਗਰ ਪਾਵੈ।
ਕਯੋਂ ਨ ਸੰਕੋਚ ਸੰਭਾਰ ਚਲੰਤੇ!
ਜਿਹ ਪਰਸਤਿ ਗਨ ਬਿਘਨ ਪੜੰਤੇ।

ਇਹ ਸੁਣ ਕੇ ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਨੇ ਹਿਰਦੇ ਵਿਚ ਪ੍ਰਣ ਕੀਤਾ:

ਸੁਨੀ ਪਿਤਾਮੇ ਕੀ ਇਮ ਬਾਨੀ।
ਸ੍ਰੀ ਹਰਿਰਾਇ ਬੰਦਨਾ ਠਾਨੀ।
ਤੁਰਤ ਸੰਕੋਚਯੋ ਜਾਮਾ ਗਰ ਕੋ।
ਕਰਯੋ ਸੰਭਾਰਨ ਪਾਇ ਸੁ ਕਰ ਕੋ।
ਤਬ ਤੇ ਮਾਨਯੋ ਬਚਨ ਭਲੇ ਹੈਂ।
ਜਬ ਲੌ ਜਿਏ ਨ ਛੋਰ ਚਲੇ ਹੈਂ।
ਸਤਪਾਲਨ ਕੋ ਜਾਮਾ ਪਾਵੈਂ।
ਚਲਨ ਸਮੇਂ ਕਰ ਤੇ ਸੁਕਚਾਵੈਂ।
ਸੀਖ ਪਿਤਾਮੇ ਕੀ ਨ ਬਿਸਾਰੀ।
ਸ੍ਰੀ ਹਰਿਰਾਇ ਪ੍ਰਤਗਯਾ ਧਾਰੀ। *(ਗੁ: ਪ੍ਰ: ਸੂ:, ਰਾਸ ੮ ਅੰਸੂ ੪੬)*

ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਸਮਾਂ ਪਾ ਕੇ ਗੁਰੂ ਬਣ ਗਏ ਆਪ ਸਾਰਾ ਜੀਵਨ ਸੌ ਕਲੀਆਂ ਵਾਲਾ ਜਾਮਾ ਪਾਉਂਦੇ ਰਹੇ ਪਰ ਸਦਾ ਹੀ ਸੰਕੋਚ ਕੇ ਤੁਰਦੇ ਰਹੇ।

ਇਹ ਸਾਖੀ ਸਿੱਖ ਧਰਮ ਦੇ ਰਹੱਸ ਨੂੰ ਕਈ ਪੱਖਾਂ ਤੋਂ ਖੋਲ੍ਹਦੀ ਹੈ। ਪਹਿਲਾ ਪੱਖ ਇਹ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਚਿੰਨ੍ਹਾਂ ਦੁਆਰਾ ਇਹ ਸੰਕੇਤ ਦਿੱਤਾ ਸੀ ਕਿ ਉਹ ਮੀਰੀ ਤੇ ਪੀਰੀ ਦੇ ਦੋਵੇਂ ਗੁਣ ਧਾਰਨ ਕਰਨਗੇ। ਆਪ ਨੇ ਦੋ ਤਲਵਾਰਾਂ ਸਜਾਈਆਂ ਹਨ। ਇਹੋ ਸਿੱਖ ਧਰਮ ਦਾ ਪਹਿਲਾ ਰਹੱਸ ਹੈ ਕਿ 'ਰਾਜ ਤੇ ਜੋਗ', 'ਜੋਗ ਤੇ ਭੋਗ' 'ਸੰਤ ਤੇ ਸਿਪਾਹੀ' ਨੇ ਇਕ ਥਾਂ ਰਹਿਣਾ ਹੈ। ਗੁਰੂ ਜੀ 'ਦੁਸ਼ਟ-ਦਮਨ' ਵੀ ਸਨ, ਪਰ 'ਬੰਦੀ ਛੋੜ' ਵੀ ਸਨ; ਆਪ 'ਮਹਾਂ ਕਾਲ' ਵੀ ਸਨ ਜਦੋਂ ਦੁਸ਼ਟਾਂ ਦੇ ਦਮਨ ਦਾ ਸਮਾਂ ਹੁੰਦਾ ਸੀ, ਪਰ ਬੜੀ ਵਚਿੱਤ੍ਰ ਗੱਲ ਕਿ ਆਪ ਇਤਨੇ 'ਦਇਆਲ' ਵੀ ਸਨ ਕਿ ਫੁੱਲ ਦੇ ਟੁੱਟਣ ਨਾਲ ਆਪ ਦ੍ਰਵ ਗਏ। ਆਪ ਨੇ ਜਦੋਂ ਫੁੱਲ ਦੀ ਸੁੰਦਰਤਾ ਕੁਮਲਾਈ ਵੇਖੀ ਤਾਂ ਉਸ ਲਈ ਆਪਣੇ ਪੋਤੇ ਨੂੰ ਕਰੜੀ ਤਾੜਨਾ ਕੀਤੀ।

ਦੂਜਾ ਪੱਖ ਇਸ ਸਾਖੀ ਦਾ ਇਹ ਹੈ ਕਿ ਸਿੱਖ ਧਰਮ ਨੇ 'ਜਾਮਾ' ਭਾਵੇਂ 'ਦੀਰਘ' ਪਾਉਣਾ ਹੈ, ਪਰ ਫੁੱਲਾਂ ਦੀ ਸਦਾ ਰੱਖਿਆ ਕਰਨੀ ਹੈ। ਸੁੰਦਰਤਾ, ਖੇੜੇ, ਸ਼ਰਾਫਤ, ਫ਼ਕੀਰੀ, ਮਿਠਾਸ ਦੀ ਰੱਖਿਆ ਸਿੱਖ ਧਰਮ ਦਾ ਉਦੇਸ਼ ਹੈ। ਉਹ ਬਾਦਸ਼ਾਹੀ ਵੀ ਕਰਨਗੇ ਪਰ ਆਤਮ-ਸੰਕੋਚ ਵਿਚ ਵੀ ਰਹਿਣਗੇ। ਉਨ੍ਹਾਂ ਦੀ ਬਾਦਸ਼ਾਹੀ ਵੀ ਇਸ ਪ੍ਰਕਾਰ ਦੀ ਹੋਵੇਗੀ ਕਿ 'ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ' ਹੋਵੇਗੀ। ਉਨ੍ਹਾਂ ਦੇ ਰਾਜ ਵਿਚ ਕਿਸੇ ਨੂੰ ਭੈ ਨਹੀਂ ਹੈ, ਕੋਈ ਨਿਰਦੋਸ਼ ਨਹੀਂ ਮਾਰਿਆ ਜਾਏਗਾ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਸਾਰਾ ਜੀਵਨ ਫੁੱਲਾਂ ਦੀ ਰੱਖਿਆ ਕੀਤੀ। ਆਪ

ਨੇ ਸਾਰਾ ਜੀਵਨ ਜਾਮਾ ਵਿਸ਼ਾਲ ਤੇ ਮਹਾਨ ਰੱਖਿਆ ਪਰ ਸਾਰਾ ਜੀਵਨ ਆਪ ਨੇ ਫੁੱਲਾਂ ਦੀ ਰੱਖਿਆ ਵੀ ਕੀਤੀ। ਇਸ ਰਹੱਸ ਨੂੰ ਸਮਝਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਫੁੱਲ ਕਾਹਦਾ ਚਿੰਨ੍ਹ ਹੈ। ਫੁੱਲ ਦਾ ਰਹੱਸ ਕੀ ਹੈ। ਇਹ ਭੇਤ ਲੱਭਣ ਦਾ ਯਤਨ ਕਰਦੇ ਹਾਂ।

(1) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਿਆਈ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਦੇ ਦਿੱਤੀ ਤੇ ਨਾਲ ਹੀ ਕਿਹਾ ਕਿ ਆਪ ਨੇ 2200 ਫ਼ੌਜ ਸਦਾ ਰੱਖਣੀ, ਪਰ ਲੜਨਾ ਨਹੀ:

ਸਤਿਗੁਰ ਪੋਤਰੇ ਕੋ ਮੁਖ ਦੇਖਿ।
ਹੋਇ ਪ੍ਰਸੰਨ ਸੁ ਬੀਰ ਪਰੇਖ।
ਕਹਯੋ ਤਬੈ ਤੁਮ ਕਬਹੁ ਨ ਲਰਹੁ।
ਸਤ੍ਰਨ ਦਿਸਿ ਤੇ ਸ਼ਾਂਤੀ ਧਰਹੁ।
ਕਿਸ ਬਿਧਿ ਤੇ ਨਹਿ ਕਰਹੁ ਬਖੇਰਾ।
ਨਹੀਂ ਸੰਭਾਰਹੁ ਬੈਰ ਬਡੇਰਾ।
ਸੈਨਾ ਦੋਂ ਸੈ ਦੋਇ ਹਜ਼ਾਰ।
ਰਾਖਹੁ ਸੰਗ ਸੁਚੇਤੀ ਧਾਰਿ। *(ਰਾਸ ੮੧, ਅੰਸੂ ੫੭)*

ਇਹ ਸੁਣ ਕੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ:

ਸੁਨਿ ਕਰਿ ਸ੍ਰੀ ਹਰਿਰਾਇ ਅਨੰਦੇ।
ਚਰਨ ਪਿਤਾਮੇ ਕੇ ਜੁਗ ਬੰਦੇ।

ਸ੍ਰੀ ਗੁਰੂ ਹਰਿਰਾਇ ਜੀ ਨੇ ਅਨੋਖੇ ਤਰੀਕੇ ਨਾਲ ਸਿੱਖਾਂ ਦੀ ਬੀਰਤਾ ਦੀ ਰਾਖੀ ਕੀਤੀ। ਆਪ ਰੋਜ਼ ਸ਼ਿਕਾਰ ਲਈ ਜਾਂਦੇ ਸਨ। ਜੀਵ ਤੇ ਪੰਛੀ ਪਕੜ ਕੇ ਲੈ ਆਉਂਦੇ ਸਨ। ਉਨ੍ਹਾਂ ਨੂੰ ਮਾਰਦੇ-ਖਾਂਦੇ ਨਹੀਂ ਸਨ, ਸਗੋਂ ਉਨ੍ਹਾਂ ਦੀ ਕੋਮਲਤਾ ਤੇ ਪਿਆਰ ਨਾਲ ਪਾਲਣਾ ਹੁੰਦੀ ਸੀ:

ਹਾਥ ਸਰਾਸਨ ਧਾਰਿ ਕਠੋਰ,
ਕਸੇ ਕਟਿ ਕੋ ਘਰ ਪੋਰ ਮੈਂ ਆਵੈਂ।
ਚੰਚਲ ਅੰਗ ਤੁਰੰਗ ਅਰੂਢਤਿ,
ਜਾਤਿ ਸ਼ਿਕਾਰ ਬਿਸਾਲ ਕੁਦਾਵੈਂ।
ਕਾਨਨ ਕੇ ਪਸੁ ਬ੍ਰਿੰਦ ਬਿਹੰਗਮ,
ਆਇਸੁ ਦੀਨਿ ਨਹੀਂ ਤਿਨ ਘਾਵੈਂ।
ਦੇ ਕਰਿ ਖੇਦ ਗਹੈ ਗਨ ਜੀਵਤਿ,
ਲਯਾਵਤਿ ਪਾਲਨ ਕੋ ਕਰ ਲਾਵੈਂ।
ਸੰਗ ਚਢੈਂ ਭਟ ਆਯੁਧ ਕੋ ਧਰਿ,
ਬਿਦ੍ਰੂੰ ਚਮੂ ਮਹਿੰ ਰਾਜਤਿ ਹੈਂ।
ਬੋਲਤਿ ਅੱਗ੍ਰ ਨਕੀਬ ਚਲੈ,
ਬਡਿ ਧੁੰਕਤਿ ਦੁੰਦਭਿ ਬਾਜਤਿ ਹੈਂ।
ਕਾਨਨ ਤੇ ਗਹਿ ਜੀਵਨ ਕੋ,

ਗ੍ਰਿਹ ਲਯਾਇ ਤਿਨੈ ਸੁਖ ਸਾਜਤਿ ਹੈਂ।
ਬਾਘ, ਬਿਲਾਉ, ਸਸੇ, ਮ੍ਰਿਗ, ਰੋਝ,
ਝੰਖਾਰਨਿ ਬ੍ਰਿੰਦ ਜਿ ਭਾਜਤਿ ਹੈਂ। *(ਰਾਸ ੯, ਅੰਸੂ ੧੪)*

ਜੋ ਪਹਿਲਾ ਫੁੱਲ ਤਾਂ ਇਹ ਰੱਬ ਦੇ ਜੀਵ ਹਨ। ਗੁਰੂ ਜੀ ਇਨ੍ਹਾਂ ਪਸ਼ੂ-ਪੰਛੀਆਂ ਤੇ ਜੀਵਾਂ ਦੀ ਪਾਲਣਾ ਕਰਦੇ ਅਤੇ ਆਪਣਾ ਬੀਰਤਾ ਦੀ ਸਿਖਲਾਈ ਦਾ ਮੰਤਵ ਵੀ ਪੂਰਾ ਕਰ ਲੈਂਦੇ। ਸਾਰਾ ਜੀਵਨ ਆਪ ਦਾ ਇਹੋ ਵਿਹਾਰ ਰਹਿਆ। ਇਹ ਸੰਤ-ਸਿਪਾਹੀ ਦਾ ਜੀਵਨ ਹੈ।

(2) ਦੂਜੇ ਫੁੱਲ ਹਨ 'ਬੀਮਾਰ'। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਬੀਮਾਰ ਸੇਵਾ ਵਿਚ ਕਮਾਲ ਕੀਤਾ ਹੈ। ਆਪ ਨੇ ਦਵਾਈਆਂ ਦਾ ਬੜਾ ਪੱਕਾ ਪ੍ਰਬੰਧ ਕੀਤਾ ਅਤੇ ਰੋਗੀਆਂ ਦੀ ਸੇਵਾ, ਦੇਖ-ਰੇਖ ਅਤੇ ਇਲਾਜ ਲਈ ਪੂਰਾ ਯਤਨ ਕੀਤਾ। ਆਪ ਦਾ ਦਵਾਈਖਾਨਾ ਕਿਤਨਾ ਮਹਾਨ ਹੋਣਾ ਹੈ, ਇਸ ਦਾ ਅਨੁਮਾਨ ਇਸ ਇਤਿਹਾਸਿਕ ਘਟਨਾ ਵਿੱਚੋਂ ਲੱਗ ਸਕਦਾ ਹੈ ਕਿ ਸ਼ਾਹ ਜਹਾਨ ਵਰਗੇ ਸ਼ਹਿਨਸ਼ਾਹ ਨੂੰ ਵੀ ਵਿਸ਼ੇਸ਼ ਪ੍ਰਕਾਰ ਦੀ ਹਰੜ ਅਤੇ ਲੌਂਗ ਆਪ ਦੇ ਦਵਾਈਖਾਨੇ ਵਿੱਚੋਂ ਪ੍ਰਵਾਨ ਕਰਨੇ ਪਏ। ਦਾਰਾ ਸ਼ਿਕੋਹ ਬੀਮਾਰ ਹੋ ਗਿਆ। ਔਰੰਗਜ਼ੇਬ ਨੇ ਉਸ ਨੂੰ ਚੌਲਾਂ ਵਿਚ ਸ਼ੇਰ ਦੀ ਮੁੱਛ ਦਾ ਵਾਲ ਖਵਾ ਦਿੱਤਾ। ਇਸ ਬੀਮਾਰੀ ਤੋਂ ਖਲਾਸੀ ਲਈ ਹਕੀਮਾਂ ਨੇ ਇਹ ਨੁਸਖਾ ਦੱਸਿਆ :

ਗਨ ਹਕੀਮ ਪਤਿਸਾਹ ਕੇ ਨਹਿੰ ਚਲਯੋ ਉਪਾਈ।
ਤਬ ਸਭਿ ਹੂੰਨਿ ਬਿਚਾਰਕੈ ਇਮ ਗਿਰਾ ਅਲਾਈ।
ਹਿਰੜ ਆਇ ਬਡਿ ਤੋਲ ਕੀ ਚੌਦੈਂ ਸਿਰਸਾਹੀ।
ਇਕ ਮਾਸੇ ਕੋ ਲੌਂਗ ਹੁਇ ਅਨਵਾਵਹੁ ਪਾਹੀ।
ਇਸ ਅੰਤਰ ਮੁਛ ਸ਼ੇਰ ਕੀ ਬਾਹਰ ਨਿਕਸੈ ਹੈ।
ਤਬ ਬਿਮਾਰੀ ਜਾਇ ਹੈ, ਜਬ ਤਿਸ ਕੋ ਖੈ ਹੈ।

ਸ਼ਾਹ ਜਹਾਨ ਦੇ ਦੂਤ ਸਾਰੇ ਪਾਸੇ ਖੋਜ ਕਰ ਚੁੱਕੇ, ਪਰ ਇਸ ਵਜ਼ਨ ਦੇ ਹਰੜ ਤੇ ਲੌਂਗ ਨਾ ਮਿਲੇ। ਉਹ ਅੰਤ ਗੁਰੂ ਜੀ ਪਾਸ ਆਏ ਤੇ ਇਹ ਵਸਤਾਂ ਮੰਗੀਆਂ, ਕਾਰਨ ਦੱਸਿਆ:

ਸੁਨਿ ਕੈ ਸ੍ਰੀ ਹਰਿਰਾਇ ਤਬ ਥੋਰੇ ਮੁਸਕਾਏ।
ਚਮਕਤਿ ਹੈਂ ਸੁੰਦਰ ਦਸਨ ਕੇਤਕਿ ਦਰਸਾਏ।
ਬੋਲੇ ਸਭਿਨਿ ਸੁਨਾਇਕੈ ਤੁਰਕੇਸੁਰ ਭਾਰੋ।
ਇਮ ਜੇ ਪ੍ਰੀਤਿ ਪ੍ਰਤੀਤ ਹੈ ਤਿਸ ਰਿਦੈ ਮਝਾਰੋ।
ਉਚਿਤ ਦੇਨਿ ਵਸਤੂ ਦੁਲਭ ਪੁਨ ਸੁਤ ਬੀਮਾਰੀ।
ਹੁਇ ਲਚਾਰ ਜਾਚਨ ਕਰੀ ਸ਼ਰਧਾ ਉਰਧਾਰੀ।
ਦਾਰਾ-ਸ਼ਕੋਹ ਸੁ ਭਲੋ ਹੈ ਪਰਮੇਸ਼ਰ ਪਯਾਰੋ।
ਸਤਿਸੰਗ ਅਭਿਲਾਖਤੋ ਪਰਹਰਹਿ ਬਿਕਾਰੋ।

ਅਤੇ ਸਾਰੀਆਂ ਚੀਜ਼ਾਂ ਮੰਗਵਾ ਕੇ 'ਸ਼ਾਹਜਹਾਂ ਪਾਤਸ਼ਾਹ ਕੋ ਕਾਰਜ ਇਹ ਕੀਜੈ।' ਸੋ ਇਹ 'ਰੋਗੀ' ਵੀ ਫੁੱਲ ਹਨ। ਗੁਰੂ ਜੀ ਨੇ ਇਨ੍ਹਾਂ ਦੀ ਰੱਖਿਆ ਵੀ ਕੀਤੀ।

(3) ਸੰਸਾਰ ਵਿੱਚੋਂ ਫਕੀਰਾਂ ਤੇ ਭਗਤਾਂ ਤੁਲ ਹੋਰ ਕੋਈ ਸੁੰਦਰ ਤੇ ਕੋਮਲ ਫੁੱਲ ਨਹੀਂ।

ਇਨ੍ਹਾਂ ਫੁੱਲਾਂ ਦੀ ਰੱਖਿਆ ਲਈ ਹੀ ਤੇ ਸਿੱਖ ਧਰਮ ਦੀ ਸਥਾਪਨਾ ਹੋਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਤੇ 'ਅਕਾਲ ਉਸਤਤ' ਵਿਚ ਇਸ ਸਿਧਾਂਤ ਨੂੰ ਦ੍ਰਿੜ੍ਹਾਇਆ ਹੋਇਆ ਹੈ। ਪਰ ਪਹਿਲਾਂ ਵੀ ਇਹੋ ਸਿਧਾਂਤ ਹੀ ਪ੍ਰਵਾਨ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੀ ਐਸੇ 'ਨਗਰ' ਦਾ ਵਰਣਨ ਕੀਤਾ ਹੋਇਆ ਹੈ, 'ਹਲੇਮੀ ਰਾਜ' ਦਾ। ਭਗਤ ਰਵਿਦਾਸ ਜੀ ਨੇ ਵੀ ਇਸੇ ਨੂੰ 'ਬੇਗਮਪੁਰੇ' ਦਾ ਸ਼ਹਿਰ ਮੰਨਿਆ ਹੈ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਵੀ ਇਸੇ ਫੁੱਲ ਦੀ ਰੱਖਿਆ ਕੀਤੀ। ਆਪ ਨੇ ਜਦੋਂ ਦਾਰਾ ਸ਼ਿਕੋਹ ਲਈ ਵੀ ਬਹੁ-ਮੁੱਲੀਆਂ ਵਸਤਾਂ ਦਿੱਤੀਆਂ ਤਾਂ ਆਪ ਨੇ ਸਿਧਾਂਤ ਇਹ ਹੀ ਪੇਸ਼ ਕੀਤਾ ਕਿ:

ਦਾਰਸ਼ਕੋਹ ਸੁ ਭਲੋ ਹੈ ਪਰਮੇਸੁਰ ਪਯਾਰੋ।
ਸੰਤ ਸੰਗ ਅਭਿਲਾਖਤੋ ਪਰਹਰਹਿ ਬਿਕਾਰੋ।

ਦਾਰਾ ਸ਼ਿਕੋਹ ਸੰਤ-ਫਕੀਰ ਬੰਦਾ ਸੀ। ਗੁਰੂ ਜੀ ਉਸ ਦਾ ਸਤਿਕਾਰ ਕਰਦੇ ਸਨ।

ਮਗਰੋਂ ਜਦੋਂ ਸ਼ਾਹ ਜਹਾਨ ਦੇ ਬੰਦੀ ਬਣਾਏ ਜਾਣ ਉਤੇ ਔਰੰਗਜ਼ੇਬ ਨੇ ਦਾਰਾ ਸ਼ਿਕੋਹ ਨੂੰ ਭਜਾਇਆ ਤਾਂ ਦਾਰਾ ਸ਼ਿਕੋਹ ਤੇ ਗੁਰੂ ਜੀ ਦਾ ਮੇਲ ਹੋਇਆ। ਗੁਰੂ ਜੀ ਉਸ ਨੂੰ ਉਪਦੇਸ਼ ਦੇਂਦਿਆਂ ਵੀ ਇਹ ਹੀ ਕਹਿੰਦੇ ਹਨ ਕਿ ਦਾਰਾ ਸੰਤ ਹੈ:

ਸ੍ਰੀ ਸਤਿਗੁਰ ਹਰਿਰਇ ਜੀ ਭੁਗਤਿ ਮੁਕਤਿ ਕੇ ਦਾਨ।
ਰਿਦਾ ਸ਼ੁਧ ਦੇਖਤ ਕਰਯੋ ਦਾਰਸ਼ਕੋਹ ਸੁਜਾਨ।
ਤੁਰਕੇਸਨ ਕੋ ਬੰਸ ਮਝਾਰੇ।
ਸ਼ੁਭ ਮਤਿ ਉਪਜਯੋ ਗੁਣ ਬੀਚਾਰੇ।
ਮਰੂ ਦੇਸ਼ ਜਿਮ ਸੁਰਤਰ ਹੋਵਾ।
ਜਿਮ ਕਾਕਨਿ ਕੇ ਕੋਕਿਲ ਜੋਵਾ।
ਬਕਨਬੰਸ ਕਲ ਹੰਸ ਉਪੰਨਾ।
ਕੋ ਖੁਦਾਇ ਦਰਵੇਸ ਪ੍ਰਸੰਨਾ।
ਪਰਮਾਰਥ ਮਹਿੰ ਸੁਮਤਿ ਲਗਾਈ।
ਜਨਮ ਮਰਨ ਕੀ ਖ੍ਵੈ ਦੁਚਿਤਾਈ।
ਬਿਖੇ ਬਾਸੁਨਾ ਦੁਰਮਤਿ ਨਾਸੀ।
ਕਰੀ ਨਿਕੰਦ ਸ਼ਰ੍ਹਾ ਗਰ ਫਾਸੀ।
ਉਤਮ ਪੰਥ ਚਲਨ ਚਿਤ ਚਹਯੋ।
ਪੂਰਨ ਬਡਭਾਗਨਿ ਤੇ ਲਹਯੋ। *(ਰਾਸ ੯, ਅੰ: ੭੬)*

ਆਪ ਕਹਿੰਦੇ ਹਨ ਕਿ ਦਾਰਾ ਸ਼ਿਕੋਹ ਦਾ ਜਨਮ ਤੁਰਕ ਬੰਸ ਵਿਚ ਇਸ ਤਰ੍ਹਾਂ ਅਚੰਭਾ ਤੇ ਸੁਖਦਾਈ ਹੈ ਜਿਵੇਂ ਰੇਤਲੇ ਮਾਰੂਥਲ ਵਿਚ ਬ੍ਰਿਛ ਦਿਸ ਪਵੇ, ਕਾਂਵਾਂ ਵਿਚ ਕੋਇਲ ਦਿਸ ਪਏ ਅਤੇ ਬਗਲਿਆਂ ਵਿਚ ਹੰਸ ਦਿਸ ਆਵੇ, ਇਹ ਖ਼ੁਦਾ ਦਾ ਬੰਦਾ ਤੁਰਕਾਂ ਵਿੱਚੋਂ ਉਪਜਿਆ ਹੈ। ਆਪ ਨੇ ਇਸੇ ਲਈ ਇਸ ਫੁੱਲ ਨੂੰ ਹੋਰ ਪ੍ਰਫੁਲਿਤ ਕਰਨ ਲਈ ਇਸ ਨੂੰ ਉਪਦੇਸ਼ ਦਿੱਤਾ, ਇਸ ਦੀ ਰੱਖਿਆ ਲਈ ਸ਼ੁਭ ਭਾਵਨਾ ਕੀਤੀ, ਆਪਣੇ ਆਪ ਨੂੰ ਖ਼ਤਰੇ ਵਿਚ ਪਾ ਲਿਆ।

ਸੋ ਸੰਤ ਦਾ ਕਦਰ ਵੀ ਫੁੱਲ ਦਾ ਕਦਰ ਹੈ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਇਹ

ਰੱਖਿਆ ਵੀ ਕੀਤੀ। ਆਪ ਨੇ ਸਿਮਰਨ ਲਈ ਵੀ ਭਾਵਨਾ ਰੱਖੀ, ਆਪ ਨੇ ਉਨ੍ਹਾਂ ਮੰਦਰਾਂ ਲਈ ਵੀ ਭਾਵਨਾ ਰੱਖੀ ਜਿਨ੍ਹਾਂ ਨੂੰ ਡੇਗ ਕੇ ਮਸਜਿਦਾਂ ਬਣਾਈਆਂ ਜਾ ਰਹੀਆਂ ਸਨ।

(4) ਇਕ ਫੁੱਲ ਬੱਚਾ ਹੈ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦੀਰਘ ਜਾਮੇ ਨੇ ਸਦਾ ਇਨ੍ਹਾਂ ਫੁੱਲਾਂ ਦੀ ਵੀ ਸੰਭਾਲ ਕੀਤੀ ਹੈ। ਉਨਾਂ ਨੇ ਯਤੀਮ ਬੱਚਿਆਂ ਨੂੰ ਰਾਜੇ ਬਣਾ ਦਿੱਤਾ—ਦਇਆ ਦੇ ਘਰ ਵਿਚ ਆ ਕੇ।

ਲੋਹੀਆਂ ਦੂਸਰ ਸੰਧਲੀ ਬਾਲ ਅਵਸਥਾ ਮਾਂਹਿ।
ਕਾਲੇ ਕੇਰ ਭਤੀਜ ਦ੍ਵੈ ਪਿਤਾ ਮਾਤ ਮ੍ਰਿਤੁ ਤਾਂਹਿ।
ਅਲਪ ਬੈਸ ਮਹਿੰ ਦੋਨਹੁ ਰਹੇ।
ਮਾਤਾ ਪਿਤਾ ਮ੍ਰਿਤੂ ਪਦ ਲਹੇ।
ਕਾਲੇ ਤਬ ਹਿਤ ਕਰਿ ਪ੍ਰਤਿਪਾਰੇ।
ਨਿਜ ਪੁੱਤ੍ਰਨਿ ਸਮ ਤਿਨਹੁ ਨਿਹਾਰੇ।
ਇਕ ਦਿਨ ਦੋਨਹੁ ਕੋ ਲੇ ਸੰਗ।
ਇਕ ਉਠਾਇ ਲਿਯੇ ਅੰਕ ਉਤੰਗ।
ਦੁਤੀਏ ਕੋ ਅੰਗੁਰੀ ਗਹਿਵਾਈ।
ਆਵਤਿ ਭਾ ਸਮੀਪ ਸੁਖਦਾਈ।

ਕਾਲਾ ਦੋਹਾਂ ਭਤੀਜਿਆਂ ਨੂੰ ਗੁਰੂ ਜੀ ਪਾਸ ਲੈ ਆਇਆ। ਦੋਵੇਂ ਬੱਚੇ ਭੁੱਖੇ ਹੋਣ ਦਾ ਸੰਕੇਤ ਦੇਣ ਲਈ ਢਿੱਡ ਵਜਾ ਰਹੇ ਸਨ। ਗੁਰੂ ਜੀ ਨੇ ਪੁੱਛਿਆ, 'ਇਹ ਬਾਲਿਕ ਦੋਨਹੁ ਕਯਾ ਕਰਿਹੀ' ਤੇ ਕਾਲੇ ਨੇ ਉਨ੍ਹਾਂ ਦੀ ਸਾਰੀ ਅਵਸਥਾ ਦੱਸੀ। ਗੁਰੂ ਜੀ ਦਾ ਦੀਰਘ ਜਾਮਾ ਫੈਲਿਆ ਅਤੇ ਇਨ੍ਹਾਂ ਨਿਆਸਰੇ ਬਾਲਕਾਂ (ਫੁੱਲਾਂ) 'ਤੇ ਬਖ਼ਸ਼ਸ਼ ਹੋਈ:

ਸੁਨਿ ਕੇ ਸ੍ਰੀ ਹਰਿਰਾਇ ਬਖਾਨਾ। ਇਹ ਮਹਾਨ ਤੇ ਬਨਹਿੰ ਮਹਾਨਾ।
ਜੋ ਤੈਂ ਊਪਰ ਗਹਯੋ ਉਠਾਇ। ਇਸ ਕੋ ਬੰਸ ਬਧਹਿ ਅਧਿਕਾਇ।
ਮਹਿ ਪਾਲਕ ਬਡ ਸੈਨ ਸਮੇਤਾ। ਸਕਲ ਪਦਾਰਥ ਹੋਹਿੰ ਨਿਕੇਤਾ।
ਜਮਨਾ ਮਹਿੰ ਜਲ ਪਾਨ ਕਰਾਵੈ। ਚਢਿ ਤੁਰੰਗ ਨਿਜ ਓਜ ਜਨਾਵੈ।
ਬਹੁ ਪੁਸ਼ਤਨ ਲੋ ਰਾਜ ਕਮਾਵਹਿ! ਗੁਰ ਸੇਵਕ ਬਨ ਜਗਤ ਸੁਹਾਵਹਿ।
ਨੀਚੇ ਬਾਲਿਕ ਜੋ ਅਬ ਖਰੋ। ਇਸ ਕੋ ਬੰਸ ਹੋਹਿ ਜਗ ਖਰੋ।
ਰਾਜ ਸਹਿਤ ਚੌਧਰਤਾ ਕਰੇ। ਨਾਮ ਚੌਧਰੀ ਸਭਿ ਮਹਿ ਪਰੇ। *(ਰਾਸ ੧੦, ਅੰ: ੯)*

ਇਹੋ ਬੱਚੇ ਫੂਲਬੰਸੀ ਰਾਜੇ ਹੋਏ।

(5) ਸੰਸਾਰ ਦੇ ਫੁੱਲਾਂ ਵਿੱਚੋਂ ਮਹਾਨ ਤੇ ਉਤਮ ਫੁੱਲ 'ਸੱਚੀ ਬਾਣੀ' ਹੈ। ਸਾਰੇ ਸਿੱਖ-ਗੁਰੂ ਸਾਹਿਬਾਨ ਨੇ ਯਤਨ ਕੀਤਾ ਹੈ ਕਿ ਗੁਰਬਾਣੀ ਨੂੰ ਪੂਰਨ ਸ਼ੁਧ ਸਰੂਪ ਵਿਚ ਸੁਰੱਖਿਅਤ ਕੀਤਾ ਜਾਏ।

ਪਰ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਹੱਦ ਮੁਕਾ ਦਿੱਤੀ ਜਦੋਂ ਆਪ ਨੇ ਬਾਣੀ ਵਿਚ ਇਕ ਲਫ਼ਜ਼ ਦੀ ਤਬਦੀਲੀ ਲਈ ਆਪਣੇ ਪੁੱਤਰ ਰਾਮਰਾਇ ਨੂੰ ਤਿਆਗ ਦਿੱਤਾ। ਇਹ ਕਮਜ਼ੋਰੀ ਕਿ ਰਾਮਰਾਇ ਨੇ 'ਮਿਟੀ ਮੁਸਲਮਾਨ' ਦੀ ਥਾਂ 'ਮਿਟੀ ਬੇਈਮਾਨ' ਕਹਿ ਦਿੱਤਾ—ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ ਅਤੇ ਹੁਕਮ ਦਿੱਤਾ:

ਬਡ ਐਸ਼੍ਵਾਰਜ ਹੇਰ ਕਰਿ ਫੂਲਾ। ਆਸ਼ੈ ਸਤਿਗੁਰ ਉਰ ਤੇ ਭੂਲਾ।
ਅਬ ਹਮਰੇ ਮੁਖ ਲਾਗਹਿ ਨਾਹੀ। ਰਹਹੁ ਆਪ ਤੁਰਕੇਸ਼ਰ ਪਾਹੀ।
ਛੋਰਦਿ ਅਬ ਤੇ ਮੈਲ ਹਮਾਰੋ। ਕਰਿ ਐਸ਼੍ਵਰਜ ਕੋ ਰਹੋ ਸੁਖਾਰੋ।
ਦਰਸਹਿ ਨਹਿ ਦਰਸਾਵਹਿ ਦਰਸ਼ਨ। ਕਰਹੁ ਤੁਰਕ ਲਛਮੀ ਜੁ ਸਪਰਸ਼ਨ।
ਇਤਿ ਮੁਖ ਕਰਿ ਇਸ ਦੇਸ਼ ਨ ਆਵਹੁ। ਉਤ ਹੀ ਬਸ ਕਰਿ ਬੈਸ ਬਿਤਾਵਹੁ।
ਅਪਰਾਧੀ ਸ੍ਰੀ ਨਾਨਕ ਕੇਰ। ਹਮ ਸੋ ਨੇਰ ਹੋਗਿ ਕਿਮ ਫੇਰ।

*(ਰਾਸ ੯, ਅੰਸੂ ੫੮)*

ਬਾਣੀ ਹੀ ਸਿੱਖ ਧਰਮ ਦਾ ਉਤਮ ਫੁੱਲ ਹੈ। ਇਹੋ ਹੀ ਸਾਡਾ ਸਿੱਖ ਧਰਮ ਦਾ ਸੰਸਾਰ ਨੂੰ ਢੋਆ ਹੈ। ਇਸ ਦੇ ਸ਼ੁੱਧ ਰੂਪ ਦੀ ਰੱਖਿਆ ਦੀਰਘ ਜਾਮੇ ਵਾਲੇ ਨੇ ਕਰਨੀ ਸਿਖਲਾਈ। ਬਾਣੀ ਹੀ ਤੇ ਗੁਰੂ ਹੈ।

(6) ਰਾਮਰਾਇ ਦੀ ਇਹ ਕਮਜ਼ੋਰੀ ਐਸੀ ਸੀ ਜੋ ਬਿਲਕੁਲ ਹੀ ਸਿੱਖ ਆਚਰਨ ਦੇ ਉਲਟ ਸੀ। ਸਿੱਖ ਵਿਚ ਆਪਣੇ ਵਿਚਾਰ ਲਈ ਸਾਹਸ ਹੈ, ਆਪਣੇ ਆਦਰਸ਼ ਲਈ ਸਾਹਸ ਹੈ। ਰਾਮ ਰਾਇ ਨੇ ਸਮੁੱਚੇ ਸਿੱਖ ਆਚਰਨ ਦੀ ਤੌਹੀਨ ਕੀਤੀ ਜਦੋਂ ਆਪ ਨੇ ਗੁਰਵਾਕ ਨੂੰ ਲਾਲਚ ਤੇ ਰੋਹਬ ਵਿਚ ਆ ਕੇ ਬਦਲ ਦਿੱਤਾ। ਸਹਵਨ ਗ਼ਲਤੀਆਂ ਬਾਣੀ ਪੜ੍ਹਦਿਆਂ ਕਈ ਵਾਰੀ ਹੋ ਜਾਂਦੀਆਂ ਹਨ, ਪਰ ਇਹ ਇਸ ਤਰ੍ਹਾਂ ਦੀ ਉਕਾਈ ਨਹੀਂ ਸੀ। ਇਹ ਤੇ ਜਾਣ ਬੁਝ ਕੇ ਲਾਲਚ ਤੇ ਡਰ ਵਿਚ ਆ ਕੇ ਕੀਤੀ ਗੁਰੂ ਦੀ ਨਿਰਾਦਰੀ ਸੀ। ਇਸ ਲਈ ਇਸ ਦੀ ਸਜ਼ਾ ਇਹੋ ਹੀ ਹੋ ਸਕਦੀ ਸੀ। ਉਹ ਸਿੱਖ ਨਹੀਂ ਹੈ ਜਿਸ ਵਿਚ Courage of Convictions ਨਹੀਂ ਹੈ। ਗੁਰੂ ਸਾਹਿਬ ਨੇ ਇਸ ਹਿਰਦੇ ਕਮਲ ਦੀ ਵੀ ਇਸ ਤਰ੍ਹਾਂ ਰੱਖਿਆ ਕੀਤੀ। ਹਿਰਦੇ ਦੇ ਬਲ ਦੀ ਰੱਖਿਆ ਕੀਤੀ; ਸਿੱਖੀ ਸਾਹਸ ਦੀ ਰੱਖਿਆ ਕੀਤੀ। ਹਿਰਦੇ ਕਮਲ ਨੂੰ ਬਿਗਾਸ ਦਿੱਤਾ। ਹਿਰਦਾ ਹੀ ਉਤਮ ਫੁੱਲ ਬਾਣੀ ਨੇ ਮੰਨਿਆ ਹੈ। ਸਿੱਖ ਦੇ ਆਦਰਸ਼ ਹਨ ਅਤੇ ਉਨ੍ਹਾਂ ਆਦਰਸ਼ਾਂ ਲਈ, ਉਸ ਅੰਦਰ ਸਾਹਸ ਹੈ। ਉਹ ਸਾਹਸ ਹੀ ਉਸ ਦੀ ਸ਼ਕਤੀ ਹੈ। ਇਸ ਸਾਹਸ ਦੀ ਰੱਖਿਆ ਉਤਮ ਰੱਖਿਆ ਹੈ ਅਤੇ ਦੀਰਘ ਜਾਮੇ ਵਾਲੇ ਗੁਰੂ ਜੀ ਨੇ ਇਸ 'ਹਿਰਦੇ ਕਮਲ' ਦੀ ਰੱਖਿਆ ਕਰ ਕੇ ਦੱਸੀ।

'ਕੌਮ' ਹੀ ਸਭ ਤੋਂ ਉਤਮ ਫੁੱਲ ਹੈ। ਸਪੱਸ਼ਟ ਹੈ ਕਿ 'ਦੀਰਘ ਜਾਮੇ ਤੇ ਫੁੱਲ' ਦੀ ਸਾਖੀ ਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੀਵਨ ਦੀ ਅਸਲ ਸ਼ਿਲ੍ਹਾ ਬਣੀ। ਇਹੋ ਹੀ ਆਪ ਦੇ ਬਚਪਨ ਦੀ ਮਹਾਨ ਘਟਨਾ ਹੈ; ਇਹੋ ਹੀ ਆਪ ਨੂੰ ਆਪਣੇ ਦਾਦਾ-ਗੁਰੂ ਦੀ ਛੋਹ ਹੈ।

ਆਪ ਅਤਿਅੰਤ ਕਠਨ ਹਾਲਾਤ ਵਿਚ ਕੌਮ ਨੂੰ ਫੁੱਲ ਦੀ ਤਰ੍ਹਾਂ ਬਚਾ ਕੇ ਰੱਖ ਸਕੇ। 1644 ਈ. ਤੋਂ 1661 ਈ. ਤੀਕ ਆਪ ਗੁਰਿਆਈ 'ਤੇ ਬਿਰਾਜਮਾਨ ਰਹੇ ਅਤੇ ਇਹ ਬਹੁਤ ਹੀ ਕਠਨ ਸਮਾਂ ਸੀ ਜਦੋਂ ਔਰੰਗਜ਼ੇਬੀ ਅੱਤਿਆਚਾਰ ਜੋਬਨ 'ਤੇ ਸੀ। 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਕਰਤਾ ਨੇ ਆਪ ਦੀ ਗੁਰਤਾ ਸਮੇਂ ਦੇ ਹਾਲਾਤ ਵਿਚ ਹੀ ਔਰੰਗਜ਼ੇਬੀ ਧੱਕੇ ਦਾ ਜ਼ਿਕਰ ਕੀਤਾ ਹੈ ਜਦੋਂ 'ਸਰਮਦ' ਕਤਲ ਕੀਤਾ ਗਿਆ, ਸੂਫ਼ੀ ਫਕੀਰਾਂ ਨਾਲ ਧੱਕਾ ਕੀਤਾ ਗਿਆ, ਦਾਰਾ ਸ਼ਿਕੋਹ ਨੂੰ ਮਾਰਿਆ ਗਿਆ ਅਤੇ ਬੇਨਵਾ ਫ਼ਕੀਰਾਂ ਨਾਲ ਜ਼ੁਲਮ ਹੋਇਆ। ਇਸ ਸਮੇਂ ਮਥੁਰਾ, ਜੈਪੁਰ, ਪੁਸ਼ਕਰ, ਅਜਮੇਰ ਤੇ ਕਾਂਸ਼ੀ ਦੇ ਮੰਦਰ ਤਬਾਹ ਕੀਤੇ ਗਏ। (ਵੇਖੋ: ਰਾਸ 9, ਅੰਸੂ 21 ਤੋਂ 33) ਗੁਰੂ ਜੀ ਨੇ ਕਮਾਲ ਦੇ ਤਰੀਕੇ ਨਾਲ ਸਿੱਖ ਲਹਿਰ ਦੇ ਫੁੱਲ ਦੀ ਰੱਖਿਆ ਕੀਤੀ।

(5/1964)

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਔਰੰਗਜ਼ੇਬ ਨੂੰ ਕਿਉਂ ਨਾ ਮਿਲੇ ?

ਸਾਡੇ ਇਤਿਹਾਸ ਨੇ ਤਿੰਨ ਹਮਲਿਆਂ ਦਾ ਜ਼ਿਕਰ ਕੀਤਾ ਹੈ ਜੋ ਉਤੋੜਤੀ ਗੁਰੂ ਜੀ 'ਤੇ ਔਰੰਗਜ਼ੇਬ ਦੇ ਕਹਿਣ 'ਤੇ ਕੀਤੇ ਗਏ।

## ਪਹਿਲਾ ਹੱਲਾ

ਦਸ ਹਜ਼ਾਰੀ ਮਨਸਬ ਵਾਲੇ ਜ਼ਾਮਿਲ ਖ਼ਾਨ ਵਲੋਂ ਪਹਿਲਾ ਹਮਲਾ ਹੋਇਆ। ਅਜੇ ਉਸ ਇਕ ਪੜਾਅ ਹੀ ਕੀਤਾ ਸੀ ਕਿ ਕੱਚਾ ਮਾਸ ਖਾਣ ਨਾਲ ਪੇਟ ਵਿਚ ਐਸਾ ਸੂਲ ਉੱਠਿਆ ਕਿ ਜਾਨ ਲੇਵਾ ਹੋਇਆ।

'ਮਹਿਮਾ ਪ੍ਰਕਾਸ਼' ਦੇ ਸ਼ਬਦਾਂ ਵਿਚ ਉਸ ਅਮੀਰ ਨੇ ਅਜੇ ਇਕ ਮੰਜ਼ਲ ਹੀ ਤਹਿ ਕੀਤੀ ਸੀ ਕਿ—

ਤਿਸ ਅਮੀਰ ਕੇ ਰੋਗ ਕਛੁ ਭਇਆ।
ਬਢਾ ਰੋਗ ਤਹ ਹੀ ਮਰ ਗਿਆ।[1]

ਫਿਰ ਕੰਧਾਰ ਦੇ ਇਕ ਜਰਨੈਲ ਦੂੰਦੇ ਖ਼ਾਨ ਨੂੰ ਭੇਜਿਆ ਗਿਆ। ਉਹ ਜਦ ਕਰਤਾਰਪੁਰ (ਜਲੰਧਰ) ਲਾਗੇ ਪੁੱਜਾ ਤਾਂ ਉਸ ਨੂੰ ਸੁੱਤਿਆਂ ਹੀ ਦੁਸ਼ਮਨਾਂ ਮਾਰ ਦਿੱਤਾ। ਫ਼ੌਜਾਂ ਵਿਚ ਐਸੀ ਭਗਦੜ ਮੱਚੀ ਕਿ ਆਪਣੇ-ਆਪਣੇ ਟਿਕਾਣਿਆਂ 'ਤੇ ਵਾਪਸ ਚਲੀ ਗਈ।

ਹੁਣ ਤੀਜੀ ਵਾਰ ਸਹਾਰਨਪੁਰ ਦੇ ਨਾਹਰ ਖ਼ਾਨ ਨੇ ਪੂਰੀ ਤਿਆਰੀ ਕਰ ਕੇ ਕੀਰਤਪੁਰ 'ਤੇ ਚੜ੍ਹਾਈ ਕਰਨ ਲਈ ਕੂਚ ਕੀਤਾ। ਅਜੇ ਫ਼ੌਜ ਲੈ ਦਾਮਲਾ ਯਮਨਾ ਨਗਰ ਤੋਂ ਚਾਰ ਮੀਲ ਪੁੱਜਾ ਹੀ ਸੀ ਕਿ ਹੈਜ਼ੇ ਦੀ ਅਜਿਹੀ ਵਬਾ ਫ਼ੌਜਾਂ ਵਿਚ ਫੈਲੀ ਕਿ ਨਾਹਰ ਖ਼ਾਨ ਤੇ ਹੋਰ ਫ਼ੌਜੀਆਂ ਦੀਆਂ ਮੌਤਾਂ ਹੋ ਗਈਆਂ। ਰਹਿੰਦੀਆਂ ਨੂੰ ਜਦ ਪਤਾ ਲੱਗਾ ਤਾਂ ਇਹ ਸਭ ਗੁਰੂ ਕਰੋਪੀ ਕਰਕੇ ਹੋ ਰਿਹਾ ਹੈ ਤਾਂ ਉਹਨਾਂ ਅੱਗੇ ਵਧਣ ਤੋਂ ਇਨਕਾਰ ਕਰ ਦਿੱਤਾ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸ੍ਰੀ ਗੁਰੂ ਹਰਿਰਾਇ ਜੀ ਨੂੰ ਬਚਨ ਸਨ ਕਿ—ਤੁਹਾਡੇ 'ਤੇ ਜੋ ਵਾਰ ਕਰਨ ਦਾ ਵੀ ਸੰਕਲਪ ਕਰੇਗਾ, ਉਸ ਦਾ ਨਾਸ਼ ਹੋ ਜਾਵੇਗਾ। ਕਿਤਨੀ ਵਾਰੀ ਹੋਰ ਫ਼ੌਜ ਚੜ੍ਹਾਈ ਗਈ, ਪਰ ਆਲਮਗੀਰ ਦੀ ਕੁਝ ਨਾ ਚੱਲੀ।

'ਮਹਿਮਾ ਪ੍ਰਕਾਸ਼' ਦੇ ਹੀ ਸ਼ਬਦਾਂ ਵਿਚ :

ਪੁਨਿ ਔਰ ਅਮੀਰ ਕੀਆ ਠੌਰ।
ਤਾ ਕੋ ਰੋਗ ਭਇਆ ਕੁਛ ਔਰ।
ਕੇਤਕ ਬਾਰ ਫ਼ੌਜ ਪਠਾਈ।
ਜੋ ਗੁਰ ਪਰ ਕਰੇ ਚੜ੍ਹਤੀ ਜਾਈ। *(ਸਾਖੀ 11, 26)*

## ਔਰੰਗਜ਼ੇਬ ਵਲੋਂ ਚਿੱਠੀ

ਆਪਣੀ ਰਤਾ ਵੀ ਵਾਹ ਨਾ ਚਲਦੀ ਦੇਖ ਔਰੰਗਜ਼ੇਬ ਨੇ ਕਪਟ ਦਾ ਸਹਾਰਾ ਲਿਆ ਅਤੇ ਆਪਣੇ ਹੱਥੀਂ ਗੁਰੂ ਜੀ ਨੂੰ ਚਿੱਠੀ ਲਿਖੀ। ਜਿਸ ਵਿਚ ਲਿਖਿਆ ਸੀ :

ਗੁਰੂ ਨਾਨਕ ਦਾ ਘਰ ਬੇਲਾਗ ਸੱਚੇ ਫਕੀਰਾਂ ਦਾ ਹੈ,
ਬੁਤ-ਪ੍ਰਸਤੀ, ਧੂਣੀ ਰਮਾਣੀ, ਕਬਰਾਂ ਪੂਜਣੀਆਂ ਤੇ
ਜਟਾਵਾਂ ਵਧਾਉਣ ਦੀ ਕੋਈ ਬਨਾਵਟ ਤਕ ਨਹੀਂ।
ਤੁਮ ਹਮਾਰੀ ਸਲਤਨਤ ਮੇਂ ਖਲਲ ਕਰਤੇ ਹੋ।
ਭਲਾ ਨਾਹੀ। ਆਪ ਕੋ ਤੋ ਹਮ ਸੇ ਮੇਲ ਕੀਆ ਚਾਹੀਏ।
ਦਾਰਾ ਕੋ ਤੁਮ ਬਾਦਸ਼ਾਹੀ ਦੀ ਥੀ ਸੋ ਕਹਾ ਗਈ ?
ਅਰ ਤੁਮਰੇ ਕੋ ਮਿਲਨੇ ਕਾ ਹਮ ਕੋ ਸ਼ੌਕ ਹੈ,
ਜ਼ਰੂਰ ਮਿਲਣਾ ਚਾਹੀਏ।[2]

ਸ੍ਰੀ ਗੁਰੂ ਹਰਿਰਾਇ ਜੀ ਦਾ ਮੋੜਵਾਂ ਉੱਤਰ, ਇਹ ਚਿੱਠੀ ਸ਼ਿਵ ਦਿਆਲ ਨਾਂ ਦਾ ਇਕ ਦੀਵਾਨ ਲੈ ਕੇ ਕੀਰਤਪੁਰ ਆਇਆ। ਚਿੱਠੀ ਸਾਰੀ ਸੰਗਤ ਨੂੰ ਪੜ੍ਹ ਕੇ ਸੁਣਾਈ ਗਈ। ਵਿਚਾਰਾਂ ਹੋਈਆਂ। ਬਹੁਤਿਆਂ ਦਾ ਵਿਚਾਰ ਸੀ ਕਿ ਬਾਦਸ਼ਾਹ ਨਾਲ ਬਣਾ ਕੇ ਹੀ ਰੱਖਣੀ ਚਾਹੀਦੀ ਹੈ ਤਾਂ ਕਿ ਹੋਰ ਬਖੇੜਾ ਨਾ ਵਧੇ।

ਗੁਰੂ ਮਹਾਰਾਜ ਨੇ ਜਦ ਵਿਚਾਰਾਂ ਸੁਣ ਲਈਆਂ ਤਾਂ ਆਪ ਜੀ ਨੇ ਨਿਰਣਾ ਦਿੱਤਾ ਕਿ ਜੋ ਤੁਸੀਂ ਲੋਕ ਕਹਿ ਰਹੇ ਹੋ ਇਹ ਕੋਝੀ ਸਿਆਸਤ ਹੈ, ਮੈਂ ਧਰਮ ਕੀਤਾ ਹੈ ਕਿ ਐਸੇ ਸ਼ਾਤਰ ਜ਼ਾਲਿਮ ਦੇ ਮੱਥੇ ਨਹੀਂ ਲੱਗਣਾ, ਮਿਲਣਾ ਤਾਂ ਬੜੀ ਦੂਰ ਦੀ ਗੱਲ ਹੈ। ਡਰ-ਡਰਾਵੇ, ਹੱਲੇ ਅਤੇ ਹਮਲੇ ਤੁਸਾਂ ਦੇਖ ਹੀ ਲਿਆ ਹੈ, ਗੁਰੂ ਘਰ ਦਾ ਕੁਝ ਵਿਗਾੜ ਨਹੀਂ ਸਕਦੇ।

**ਸਿਰ ਊਪਰਿ ਠਾਢਾ ਗੁਰੁ ਸੂਰਾ ॥** *(ਪੰਨਾ ੨੯੩)*

ਇਹ ਮੋੜਵਾਂ ਉੱਤਰ ਲਿਖਿਆ—

ਮੇਰਾ ਕੋਈ ਵਾਸਤਾ ਤੇਰੇ ਸਿਉਂ ਨਹੀਂ ਹੈ।[3]
ਮੈਂ ਕਿਸੇ ਦਾ ਮੁਲਕ ਨਹੀਂ ਨੱਪਿਆ।
ਨਾਂਹ ਹੀ ਤੇਰੇ ਕੋਈ ਦਮ ਦੇਣੇ ਹਨ।

ਸਭ ਤੋਂ ਵੱਡੀ ਗੱਲ ਜੋ ਦੀਨ-ਦੁਨੀ ਦੇ ਪਾਤਸ਼ਾਹ ਨੇ ਲਿਖੀ ਸੀ ਉਹ ਸੀ—

"ਨਾਂਹ ਤੈਨੂੰ ਕੋਈ ਖਿਰਾਜ ਦੇਣਾ ਹੈ ਅਤੇ ਨਾਂਹ ਹੀ ਕੁਝ ਲੈਣ ਦੀ ਖਾਹਿਸ਼ ਹੈ। ਕਿਆ ਬੇਪਰਵਾਹੀ ਸੀ ਨਿਰਭਉ ਦਾਤੇ ਦੀ।"

ਤੇਰੇ ਦਾਮ ਨਹੀਂ ਹਮ ਦੇਨੇ।
ਅਰ ਨਹਿ ਖਾਹਿਸ਼ ਤੁਮ ਤੇ ਲੈਨੇ।[4]

ਨਾਂਹ ਹੀ ਕੋਈ ਪੀਰ ਮੁਰੀਦਾਂ ਵਾਲਾ ਸਲੂਕ ਹੈ—

ਪੀਰ ਮੁਰੀਦੀ ਨਾਹਿ ਨ ਕੋਈ।

"ਦਾਰਾ ਨੂੰ ਤਖ਼ਤ ਨਾ ਮਿਲਣ ਵਾਲੀ ਗੱਲ ਤੂੰ ਲਿਖੀ ਹੈ, ਜ਼ਰਾ ਗਹੁ ਨਾਲ ਦੇਖ! ਉਸ ਨੂੰ ਦੀਨੀ ਪਾਤਿਸ਼ਾਹੀ ਮਿਲੀ ਹੈ। ਲੋਕਾਂ ਦੇ ਦਿਲਾਂ 'ਤੇ ਉਹ ਰਾਜ ਕਰ ਰਿਹਾ ਹੈ।

'ਮਹਿਮਾ ਪ੍ਰਕਾਸ਼' ਵਾਰਤਿਕ ਦੇ ਸ਼ਬਦ ਵੀ ਪੜ੍ਹਨ ਯੋਗ ਹਨ—

ਮਹਾਰਾਜ ਨੇ ਲਿਖਵਾਇਆ—

ਹਮਾਰੀ ਕਿਸੀ ਸੋ ਊਚੀ ਨੀਮੀ ਨਾਹੀ।
ਅਰ ਕਿਸੀ ਸੋ ਦਾਵਾ ਨਹੀਂ।
ਹਮਾਰੀ ਤਰਫ ਸੇ ਖਲਲ ਨਹੀਂ।
ਖਲਲ ਤੇਰੀ ਮਤਿ ਮੇ ਹੈ।
ਅਰ ਦਾਰਾ ਸ਼ਕੋਹ ਕੋ ਬਾਦਸ਼ਾਹੀ ਦੀਨ ਕੀ ਦੀਆ ਹੈ।
ਸੋ ਤੁਮ ਕੋ ਦੇਖਨੇ ਨਹੀਂ ਆਵਤੀ।

ਇਤਿਹਾਸ ਦਾ ਕਹਿਣਾ ਹੈ ਕਿ ਔਰੰਗਜ਼ੇਬ ਇਹ ਚਿੱਠੀ ਪੜ੍ਹ ਕੇ ਬਹੁਤ ਹੀ ਸ਼ਟਪਟਾਇਆ ਸੀ—

ਪੜ੍ਹ ਬਾਦਸ਼ਾਹ ਅਤਿ ਕੋਪ ਰਿਸਾਇਆ

ਆਪਣੇ ਦਰਬਾਰੀਆਂ ਨੂੰ ਕਿਹਾ ਕਿ—

"ਇਕ ਉਹ ਲਿਖਣ ਤੇ ਵੀ ਮਿਲਣ ਨਹੀਂ ਆਉਂਦੇ, ਦੂਜੇ, ਮੋਏ ਦਾਰਾ ਦੀ ਸਿਫ਼ਤ ਕਰਦੇ।"

ਸਖ਼ਤ ਕਦਮ ਉਠਾਉਣ ਦੀ ਉਸ ਗੱਲ ਕਹੀ। ਦਰਬਾਰੀਆਂ ਤੇ ਖ਼ਾਸ ਕਰ ਮਿਰਜ਼ਾ ਰਾਜਾ ਜੈ ਸਿੰਘ ਨੇ ਕਿਹਾ ਕਿ—

"ਇਹ ਗੁਰੂ ਨਾਨਕ ਦਾ ਘਰ ਹੈ, ਇਸ ਦੀ ਅਜ਼ਮਤ ਬਹੁਤ ਵੱਡੀ ਹੈ। ਸੋ ਠੀਕ ਇਹ ਹੀ ਹੈ ਕਿ ਨਿਮ੍ਰਤਾ ਸਹਿਤ ਲਿਖਿਆ ਜਾਏ ਅਤੇ ਸਿਆਣੇ ਵਤ ਹੱਥ ਸੁਨੇਹਾ ਘੱਲਿਆ ਜਾਏ।"

## ਦੂਤ ਕੀਰਤਪੁਰ

ਸੋ ਬਾਹਰ ਸਲੂਕ, ਅੰਤਰ ਕਪਟ ਦੀ ਚਿੱਠੀ ਲੈ ਦੂਤ ਕੀਰਤਪੁਰ ਆਇਆ। ਮਹਾਰਾਜ ਨੇ ਫਿਰ ਇਹ ਬਚਨ ਦੁਹਰਾਏ ਕਿ—

ਦਿੱਲੀ ਸ਼ਾਹ ਨੂੰ ਨਾਂਹ ਮਿਲਣ ਦੇ ਇਹ ਪੰਜ ਕਾਰਨ ਹਨ।

ਇਕ ਤਾਂ ਉਸ ਨੇ ਲੋਕਾਂ ਨੂੰ ਡਰਾਉਣ ਦਾ ਰਾਹ ਅਪਨਾਇਆ ਹੈ ਅਤੇ ਜਿਨ੍ਹਾਂ ਨੇ ਖ਼ੁਦਾ ਦਾ ਰਾਹ ਪਛਾਣਿਆ ਹੈ, ਉਹ ਔਰੰਗਜ਼ੇਬ ਜਿਹੇ ਛਲੀ ਬਾਦਸ਼ਾਹ ਤੋਂ ਨਹੀਂ ਡਰਦੇ—

"ਜੋ ਨਿਸ਼ੰਗ, ਮੱਗ ਲਖਯੋ ਖ਼ੁਦਾਇ।
ਨਹੀਂ ਤਰਾਸ ਨੌਰੰਗੇ 'ਤੇ ਪਾਇ।"

ਔਰੰਗਜ਼ੇਬ ਦੀਨਦਾਰ ਨਹੀਂ ਹੈ,

ਦੁਤੀਏ—'ਜਗ ਸੋਂ ਦਰੋਹ ਮਚਾਯੋ।" ਜਗਤ ਧਰੋਹੀ ਹੈ।

ਤੀਜੇ—'ਤ੍ਰਿਤੀਏ ਪਿਤਾ ਭ੍ਰਾਤ ਸੰਘਾਰੇ।'[5] ਭਰਾਵਾਂ ਦੇ ਖ਼ੂਨ ਵਿਚ ਤਰ ਤੇ ਪਿਤਾ ਦੀ ਛਾਤੀ

'ਤੇ ਪੈਰ ਧਰ ਰਾਜ ਤਖ਼ਤਾਂ 'ਤੇ ਬੈਠਾ ਹੈ। ਫਾਹੀਮ ਹੀਜੜੇ ਹੱਥੀਂ ਉਸ ਹਕੀਮ ਮੁਕੱਰਮ ਖਾਨ ਨੂੰ ਜ਼ਹਿਰ ਵੀ ਭੇਜਿਆ ਸੀ ਕਿ ਪਿਤਾ ਸ਼ਾਹ ਜਹਾਨ ਨੂੰ ਖਵਾਲ ਦੇਵੇ। ਮੁਕੱਰਮ ਖਾਨ ਨੇ ਉਹ ਜ਼ਹਿਰ ਆਪ ਹੀ ਖਾ ਲਿਆ ਸੀ, ਪਰ ਆਪਣੀ ਹੱਥੀਂ ਧਰੋਹ ਨਹੀਂ ਸੀ ਕਮਾਇਆ ਅਤੇ ਹਕੀਮੀ ਦੇ ਪੇਸ਼ੇ ਨੂੰ ਲਾਜ ਨਾ ਲੱਗਣ ਦਿੱਤੀ।

ਚਤੁਰਥ—'ਸੰਤ ਕਰੇ ਦੁਖਿਆਰੇ।'

ਕਿਤਨੇ ਹੀ ਸੰਤਾਂ, ਸੂਫ਼ੀਆਂ, ਮਹਾਂਪੁਰਸ਼ਾਂ ਨੂੰ ਦੁਖੀ ਕਰ ਰਿਹਾ ਹੈਂ ਅਤੇ ਜਾਨੋਂ ਮਾਰ ਰਿਹਾ ਹੈਂ। ਕਿਸ ਚਲਾਕੀ ਨਾਲ ਫ਼ਕੀਰਾਂ ਨੂੰ ਨਵੇਂ ਬਸਤਰ, ਦੇਣ ਬਹਾਨੇ ਉਸ ਨੇ ਗੋਦੜੀਆਂ ਵਿਚ ਇਕੱਠੀ ਕੀਤੀ ਰਕਮ ਹੀ ਹਥਿਆ ਲਈ ਸੀ।[6] ਸ਼ੀਆਂ ਨੂੰ ਮਾਰ ਖ਼ੁਸ਼ ਹੁੰਦਾ ਸੀ। ਮੁੱਲਾਂ ਸ਼ਾਹ ਬਦਖੱਸ਼ਾਨੀ ਦੀ ਬੇਇਜ਼ਤੀ ਕੀਤੀ ਸੀ। ਅਲਾਹਬਾਦ ਦੇ ਪ੍ਰਸਿੱਧ ਫ਼ਕੀਰ ਸ਼ੇਖ ਮੁਹੀਬ ਅੱਲਾਹ ਦੇ ਪੈਰੋਕਾਰਾਂ ਨੂੰ ਤਸੀਹੇ ਹੀ ਦੇਂਦਾ ਰਿਹਾ। ਕਾਦਰੀਆਂ ਦੇ ਸ਼ੇਖ ਨਿਯਾਮਤ ਉੱਲਾ ਨਾਰਨੋਲ ਵਾਲਿਆਂ ਨੂੰ ਜੋ ਉਸ ਸਮੇਂ ਬੰਗਾਲ ਵਿਚ ਸਨ, ਇਤਨੇ ਤਸੀਹੇ ਦਿੱਤੇ ਕਿ ਉਹ ਅਪਾਹਜ ਹੀ ਬਣਾ ਦਿੱਤੇ ਗਏ।

ਸ਼ੇਖ ਬੁਰਹਾਨ ਸ਼ਾਤਰੀ ਦਾ ਸਿਰ ਹੀ ਉਡਵਾ ਦਿੱਤਾ। ਸ਼ਾਹ ਦੌਲਾ ਗੁਜਰਾਤ ਵਾਲੇ ਦੇ ਚੇਲਿਆਂ ਬਹਾਵਲ ਸ਼ਾਹ ਅਤੇ ਉਸ ਦੇ ਪੁੱਤਰਾਂ ਤੇ ਬੇਗ਼ਮ, ਸ਼ਾਹ ਜਹਾਂਗੀਰ ਦ੍ਰਵੇਸ਼-ਇ-ਮਸਤ, ਸ਼ਾਹ ਹਸਨ ਦੂਰ, ਸ਼ਾਹਦਰਾ ਵਾਲੇ, ਸ਼ੇਖ ਹਸਨ ਫ਼ਰੀਦ ਲਾਹੌਰ ਤੇ ਹੋਰ ਅਨੇਕਾਂ ਨੂੰ ਤੰਗ ਕਰਦਾ ਤੇ ਜਾਨੋਂ ਮਾਰਦਾ ਰਿਹਾ।

ਪੰਜਮ—'ਬ੍ਰਹਮ ਗਯਾਨ ਜਿਸ ਹੋਵਾ।
ਤਿਸ ਕੋ ਹਤਿ ਪੁਨ ਸੁਖ ਸੋ ਸੋਵਾਂ।'

ਬ੍ਰਹਮ ਗਿਆਨੀ ਸਰਮਦ ਵਰਗੇ ਨੂੰ ਭਰੇ ਦਰਬਾਰ ਵਿਚ ਮਾਰਿਆ ਹੈ। ਇਤਨੇ ਪਾਪ ਕਮਾਉਣ ਵਾਲੇ ਦੁਸ਼ਟ ਨੂੰ ਕਿਹੜਾ ਸੰਤ ਮਿਲਣਾ ਚਾਹੇਗਾ—

'ਇਤਯਾਦਿਕ ਮਨ ਪਾਪਨਿ ਪੁਸ਼ਟ।
ਕੌਣ ਸੰਤ ਮਿਲਿ ਹੈ ਇਸ ਦੁਸ਼ਟ।'

ਪਰ ਸਾਰਿਆਂ ਨੇ ਜਦ ਕਿਹਾ ਕਿ ਤੁਸੀਂ ਨਹੀਂ ਤਾਂ ਪੁੱਤਰ ਨੂੰ ਜ਼ਰੂਰ ਭੇਜੋ ਤਾਂ ਸ੍ਰੀ ਗੁਰੂ ਨਾਨਕ ਜੀ ਦੇ ਮੱਤ ਦੀ ਸੋਝੀ ਔਰੰਗਜ਼ੇਬ ਨੂੰ ਹੋ ਜਾਏ।

'ਰਾਮਰਾਇ ਦਿੱਲੀ ਪਠਾਯਾ।'

ਬਾਬਾ ਰਾਮਰਾਇ ਜੀ ਦੀ ਉਮਰ ਉਸ ਸਮੇਂ 11 ਸਾਲ ਦੀ ਸੀ, ਆਪ ਜੀ ਸ੍ਰੀ ਗੁਰੂ ਹਰਿਰਾਇ ਜੀ ਦੇ ਵੱਡੇ ਪੁੱਤਰ ਸਨ। ਸਿੱਖ ਇਤਿਹਾਸ ਨੇ ਉਨ੍ਹਾਂ ਬਾਰੇ ਸ਼ਬਦ ਹੀ, 'ਰਹਤੇ ਬਰਤੇ' ਭਾਵ ਤੇਜ਼-ਤਰਾਰ ਹੀ ਵਰਤੇ ਸਨ। ਸਭ ਬੁਲਾਂਦੇ ਹੀ 'ਕਰਤਾ' ਸਨ। ਬੜੇ ਗੁਨੀ ਸਨ।

ਮਹਾਰਾਜ ਦੇ ਦਰੋਂ ਰਹਮਤਾਂ ਵੀ ਦਿੱਤੀਆਂ ਤੇ ਕਿਹਾ—

"ਬੇਟਾ! ਮਨ ਵਿਚ ਸ਼ੰਕਾ ਨਹੀਂ ਲਿਆਉਣਾ। ਭੈ ਨਹੀਂ ਰੱਖਣਾ। ਕਰਾਮਾਤਾਂ ਨਹੀਂ ਦਿਖਾਉਣੀਆਂ, ਕਿਉਂਕਿ—

"ਸਿਧ ਪ੍ਰਗਟ ਕਰਨੀ ਜਗਤ,
ਨਹੀਂ ਸੰਤਨ ਕੋ ਕਾਮ।

ਨਿਹਕਾਮੀ ਨਿਹਭਗਤ ਸਦਾ,
ਸ਼ਾਂਤ ਸਹਜ ਸੁਖ ਧਾਮ।

"ਹੋਰ ਸ਼ਾਹ ਨੂੰ ਖ਼ੁਸ਼ ਕਰਨ ਲਈ ਖ਼ੁਸ਼ਾਮਦ ਦਾ ਸਹਾਰਾ ਕਦੇ ਨਹੀਂ ਲੈਣਾ। ਸ਼ਾਹ ਕੀ ਖ਼ੁਸ਼ਾਮਦ ਕੇ ਹੇਤ ਮਤ ਕਿਤ ਕੁਝ ਕਹਿਣਾ। ਜੋ ਔਰੰਗਜ਼ੇਬ ਪੁਛੇ ਉਹ ਸਾਫ਼ ਸਾਫ਼ ਕਹਿਣਾ। ਰਲੇ ਜਾਂ ਕਮਜ਼ੋਰੀ ਵਾਲੀ ਕੋਈ ਗੱਲ ਨਹੀਂ ਕਰਨੀ।"

ਸਿੱਖ ਘਰ ਦੀ ਸਾਰੀ ਮਰਯਾਦਾ ਸਮਝਾਂਦੇ ਕਿਹਾ—

"ਅਸੀਂ ਤੇਰੇ ਅੰਗ-ਸੰਗ ਸਹਾਇਕ ਹਾਂ। ਤੇਰੀ ਰਸਨਾ 'ਤੇ ਗੁਰੂ ਨਾਨਕ ਸਾਹਿਬ ਦੀ ਸ਼ਕਤੀ ਨਿਵਾਸ ਕਰ ਰਹੀ ਹੈ। ਜੋ ਕੁਝ ਚਾਹੇਂਗਾ, ਉਹ ਰੰਗ ਵਰਤ ਜਾਏਗਾ। ਸੰਭਲ ਕੇ ਵਰਤਣੀਆਂ ਇਹ ਸ਼ਕਤੀਆਂ। ਆਪਣੇ ਬਜ਼ੁਰਗਾਂ ਦੀ ਵਡਿਆਈ ਨੂੰ ਕਦੇ ਛੁਟਿਆਣਾ ਨਹੀਂ ਤੇ ਰੱਬ ਦੇ ਭੈ ਵਿਚ ਰਹਿਣਾ ਹੀ ਸਰੇਸ਼ਟ ਕਰਣੀ ਹੈ।"

ਰਾਮਰਾਇ ਨਾਲ ਪ੍ਰਸਿੱਧ ਸਿੱਖ ਵੀ ਭੇਜੇ। ਉਹਨਾਂ ਵਿਚੋਂ ਭਾਈ ਗੁਰਦਾਸ, ਤਾਰਾ, ਇਹ ਦੋਵੇਂ ਬਹਿਲੋ, ਜਿਨ੍ਹਾਂ ਦੀ ਕਰਣੀ ਨੂੰ ਦੇਖ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਬਹਿਲੋ ਸਭ ਤੋਂ ਪਹਿਲੋਂ' ਕਹਿ ਨਿਵਾਜਿਆ ਸੀ, ਦੇ ਪੋਤਰੇ ਸਨ। ਭਾਈ ਗੁਰਦਾਸ, ਰਾਮਰਾਇ ਦੇ ਮੁਸਾਹਿਬ ਸਨ। ਉਹ ਵੀ ਵੱਡੇ ਵਿਦਵਾਨ ਸਨ। ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹੇ। ਭਾਈ ਤਾਰਾ ਧਨੁੱਖ ਵਿਦਿਆ ਵਿਚ ਨਿਪੁੰਨ ਸਨ। ਘੁੜਾਣੀ ਦੇ ਭਾਈ ਪੰਜਾਬਾ ਤੇ ਜੋਕੀ ਖ਼ੁਸ਼ਾਲੀ ਵੀ ਨਾਲ ਕੀਤੇ। 22 ਸਵਾਰ ਵੀ ਨਾਲ ਦਿੱਤੇ।

ਰਾਮਰਾਇ ਰੋਪੜ, ਖਰੜ, ਘੜੂੰਏ, ਬਹੋ, ਸ਼ਾਹਬਾਦ, ਥਾਨੇਸਰ, ਪਾਨੀਪਤ ਹੁੰਦੇ ਹੋਏ ਦਿੱਲੀ ਪੁੱਜੇ। ਰਾਮ ਰਾਇ ਜੀ ਨੇ ਟਿਕਾਣਾ ਮਜਨੂੰ ਟਿੱਲੇ ਕੀਤਾ।

(2/1984)

## ਹਵਾਲੇ ਤੇ ਟਿੱਪਣੀਆਂ

1. ਸਾਖੀ 17, ਪਾਤਸ਼ਾਹੀ ਸੱਤਵੀਂ।
2. *ਮਹਿਮਾ ਪ੍ਰਕਾਸ਼ ਵਾਰਤਿਕ*।
3. ਤੋਂ ਸੰਗ ਨਹਿ ਕੁਝ ਕਾਮ ਹਮਾਰਾ।
4. *ਸੂਰਜ ਪ੍ਰਕਾਸ਼*, ਰਾਸ ੯, ਅੰਸੂ ੩੪।
   "ਦੇਨੇ ਨਹੀ ਦਾਮ ਅਰ ਲੇਨੇ ਕੀ ਨਹੀਂ ਖਾਹਿਸ਼" ਦੇ ਬਚਨ ਲਿਖੇ।
5. ਦਾਰਾ ਨੂੰ ਸਤੰਬਰ 1659 ਵਿਚ ਕਤਲ ਕੀਤਾ ਅਤੇ ਕੱਟਿਆ ਸਿਰ ਬੇਕਿਰਕ ਔਰੰਗਜ਼ੇਬ ਨੇ ਤਸ਼ਤਰੀ 'ਤੇ ਰੱਖ ਸ਼ਾਹ ਜਹਾਨ ਕੋਲ ਵੀ ਭੇਜਿਆ। ਦਾਰਾ ਦੇ ਪੁੱਤਰ ਸੁਲੇਮਾਨ ਸ਼ਿਕੋਹ ਨੂੰ ਦਸੰਬਰ 1661 ਵਿਚ ਮਾਰਿਆ। ਮੁਰਾਦ ਨੂੰ ਪੰਜਾਬੋਂ ਮੁੜਦਿਆਂ ਹੀ ਕਿਲ੍ਹੇ ਦੀ ਦੀਵਾਰ ਤੋਂ ਗਿਰਾ ਕੇ ਗਵਾਲੀਅਰ ਭੇਜ ਮਾਰ ਦਿੱਤਾ, ਇਥੋਂ ਤਕ ਕਿ ਰੌਸ਼ਨ ਆਰਾ ਵਰਗੀ ਭੈਣ ਨੂੰ ਇਲਜ਼ਾਮ ਲਗਾ ਕੇ ਜ਼ਹਿਰ ਦੇ ਦਿੱਤਾ।
6. ਖੋਜਿਆਂ ਦੇ ਆਗੂ ਸ਼ਾਹ ਜੀ ਨੂੰ ਦਿੱਲੀ ਬੁਲਾ ਕੇ ਰਾਹ ਵਿਚ ਹੀ ਗੁਜਰਾਤ ਦੇ ਗਵਰਨਰਾਂ ਕੋਲੋਂ ਜ਼ਹਿਰ ਦਿਲਵਾ ਦਿੱਤਾ ਸੀ।

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ : ਜੀਵਨ ਅਤੇ ਕਾਰਜ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ 16 ਜਨਵਰੀ, 1630 ਈ. ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਲੱਗਭਗ 10 ਕੁ ਸਾਲ ਦੀ ਉਮਰ ਵਿਚ 1640 ਈ. ਨੂੰ ਆਪ ਜੀ ਦਾ ਵਿਆਹ ਬੀਬੀ ਕਿਸ਼ਨ ਕੌਰ (ਸੁਲੱਖਣੀ) ਜੀ ਨਾਲ ਹੋਇਆ। ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਘਰ, ਸਮੇਂ ਨਾਲ, ਦੋ ਪੁੱਤਰ ਬਾਬਾ ਰਾਮਰਾਇ ਤੇ (ਗੁਰੂ) ਹਰਿਕ੍ਰਿਸ਼ਨ ਜੀ ਪੈਦਾ ਹੋਏ। ਆਪ ਜੀ ਦੇ ਘਰ ਇਕ ਬੇਟੀ ਰੂਪ ਕੁਇਰ ਹੋਣ ਦੇ ਵੀ ਸੰਕੇਤ ਮਿਲਦੇ ਹਨ, ਪਰ ਇਤਿਹਾਸ ਇਸ ਸੰਬੰਧੀ ਸਪੱਸ਼ਟ ਫ਼ੈਸਲਾ ਨਹੀਂ ਕਰ ਸਕਿਆ।[1]

## ਗੁਰਿਆਈ

ਛੇਵੇਂ ਪਾਤਸ਼ਾਹ 3 ਮਾਰਚ 1644 ਈ. ਨੂੰ ਜੋਤੀ ਜੋਤਿ ਸਮਾਏ ਸਨ ਤੇ ਉਨ੍ਹਾਂ ਆਪਣੇ ਜਿਉਂਦੇ-ਜੀਅ ਹੀ ਗੁਰਗੱਦੀ ਦੀ 'ਪਾਤਸ਼ਾਹੀ' ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਸੌਂਪ ਦਿੱਤੀ ਸੀ, ਇਸ ਸਮੇਂ ਆਪ ਜੀ ਦੀ ਉਮਰ 14 ਕੁ ਸਾਲਾਂ ਦੀ ਸੀ।[2]

## ਕਾਰਜ

ਗੁਰੂ ਸਾਹਿਬ ਦੁਆਰਾ ਕੀਤੇ ਵਿਭਿੰਨ ਪ੍ਰਕਾਰੀ-ਕਾਰਜ, ਭਾਵੇਂ ਕਾਫ਼ੀ ਵਿਸਥਾਰ ਦੀ ਮੰਗ ਕਰਦੇ ਹਨ, ਪਰ ਇਥੇ ਇੰਨਾ ਜਾਣ ਲੈਣਾ ਹੀ ਜ਼ਰੂਰੀ ਹੈ ਕਿ ਛੇਵੇਂ ਪਾਤਸ਼ਾਹ ਤੋਂ ਬਾਅਦ ਸਿੱਖ ਲਹਿਰ ਦਾ ਸਮੇਂ ਦੀ ਬਾਦਸ਼ਾਹਤ ਨਾਲ ਖ਼ੂਨੀ ਟਕਰਾਅ ਸ਼ੁਰੂ ਹੋ ਗਿਆ ਸੀ, ਜਿਸ ਨੂੰ ਪੂਰੀ ਤਰ੍ਹਾਂ ਸੰਗਠਿਤ ਸਿੱਖ ਸੰਗਤਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਚੇਤੰਨ ਹੋ ਕੇ ਮੌਕਾ ਸੰਭਾਲਿਆ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਵੇਲੇ ਹਾਲਾਤ ਸਾਜ਼ਗਾਰ ਨਹੀਂ ਸਨ ਕਿ ਸੰਗਠਿਤ ਹੋ ਰਹੀ ਸਿੱਖ ਲਹਿਰ ਨੂੰ ਸਮਕਾਲੀ ਤਾਕਤਵਰ ਤੁਰਕ ਸਲਤਨਤ ਨਾਲ ਟਕਰਾਅ ਦਿੱਤਾ ਜਾਵੇ। ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਹਮੇਸ਼ਾਂ ਬਚਾਓ ਪੱਖ ਦੀ ਨੀਤੀ ਨੂੰ ਅਪਣਾਇਆ। ਦੇਸ਼ ਵਿਚ ਰਾਜਨੀਤਿਕ ਉਤਰਾਵਾਂ-ਚੜ੍ਹਾਵਾਂ ਵਿਚ ਆਪਣੇ-ਆਪ ਨੂੰ ਨਿਰਪੱਖ ਰੱਖਿਆ। ਸਿੱਖ ਲਹਿਰ ਨੂੰ ਮੁਗ਼ਲਾਂ ਅਤੇ ਕਹਿਲੂਰ ਆਦਿ ਰਿਆਸਤਾਂ ਵਿਚ ਉਲਝਣ ਨਹੀਂ ਦਿੱਤਾ। ਸੰਨ 1645 ਈ. ਵਿਚ ਜਦੋਂ ਮੁਗ਼ਲਾਂ ਨੇ ਕਹਿਲੂਰ ਰਿਆਸਤ 'ਤੇ ਹਮਲਾ ਕਰ ਕੇ ਉਥੋਂ ਦੇ ਰਾਜੇ ਨੂੰ ਬੰਦੀ ਬਣਾ ਲਿਆ ਤਾਂ ਗੁਰੂ ਸਾਹਿਬ ਲੱਗਭਗ ਨਿਰਪੱਖ ਹੀ ਰਹੇ ਸਨ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਸਿਆਣਪ ਨਾਲ ਹਕੂਮਤ, ਸਿੱਖ ਲਹਿਰ ਦੇ ਨੇੜੇ ਹੋਈ। ਜਦੋਂ ਦਾਰਾ ਸ਼ਿਕੋਹ ਕਿਸੇ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਗਿਆ ਤਾਂ ਉਸ ਲਈ

ਇਕ ਖਾਸ ਕਿਸਮ ਦੀ ਹਰੜ, ਗਜਮੋਤੀ ਤੇ ਲੌਂਗ ਦਾ ਮਿਸ਼ਰਣ ਗੁਰੂ ਸਾਹਿਬ ਕੋਲੋਂ ਹੀ ਪ੍ਰਾਪਤ ਹੋਇਆ ਸੀ।[3]

ਫੂਲਕੀਆਂ ਖ਼ਾਨਦਾਨ ਦੇ ਵੱਡੇ-ਵਡੇਰੇ ਫੂਲ ਅਤੇ ਸੰਦਲੀ, ਜੋ ਪਟਿਆਲਾ, ਨਾਭਾ ਅਤੇ ਜੀਂਦ ਦੇ ਰਾਜੇ ਅਥਵਾ ਬਜ਼ੁਰਗ ਸਨ, ਨੂੰ ਰਾਜਸੀ ਅਸ਼ੀਰਵਾਦ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੋਂ ਹੀ ਪ੍ਰਾਪਤ ਹੋਇਆ ਸੀ।[4] ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਨ੍ਹਾਂ ਨੂੰ ਖੁਸ਼ਹਾਲੀ ਦਾ ਅਸ਼ੀਰਵਾਦ ਦਿੱਤਾ ਸੀ।[5]

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੀ ਸਿੱਖ ਲਹਿਰ ਨੇ ਸਮੇਂ-ਸਮੇਂ ਕਈ ਸੰਸਥਾਵਾਂ ਨੂੰ ਜਨਮ ਦਿੱਤਾ, ਜਿਨ੍ਹਾਂ ਦੇ ਆਧਾਰ ਉਤੇ ਸਿੱਖ ਧਰਮ, ਇਕ ਜਥੇਬੰਦਕ ਰੂਪ ਲੈ ਰਿਹਾ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਤਕ ਪਹੁੰਚਦਿਆਂ-ਪਹੁੰਚਦਿਆਂ ਲੰਗਰ, ਸੰਗਤ, ਮੰਜੀ, ਮਸੰਦ, ਦਸਵੰਧ, ਗੁਰਦੁਆਰਾ (ਜਿਸ ਦਾ ਪਹਿਲਾ ਰੂਪ ਧਰਮਸ਼ਾਲਾ ਸੀ[6] , ਭਾਵ ਪ੍ਰਚਾਰ-ਕੇਂਦਰ) ਆਦਿ ਸੰਸਥਾਵਾਂ ਪੂਰੀ ਤਰ੍ਹਾਂ ਪ੍ਰਫੁਲਤ ਹੋ ਕੇ ਜਗਤ ਸਾਹਮਣੇ ਪ੍ਰਗਟ ਹੋ ਚੁਕੀਆਂ ਸਨ। ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਨਾ ਕੇਵਲ ਇਨ੍ਹਾਂ ਸੰਸਥਾਵਾਂ ਨੂੰ ਸੰਭਾਲਿਆ ਸਗੋਂ ਵਿਕਸਿਤ ਵੀ ਕੀਤਾ ਅਤੇ ਸਿੱਖੀ ਦੇ ਪ੍ਰਚਾਰ ਨੂੰ ਪੱਕੇ ਪੈਰੀਂ ਕਰਨ ਵਾਸਤੇ 'ਚਾਰ ਧੂਣੇ' ਤੇ 'ਛੇ ਬਖ਼ਸ਼ਿਸ਼ਾਂ' ਵੀ ਸਥਾਪਤ ਕੀਤੀਆਂ। ਦੱਖਣੀ ਭਾਰਤ ਵਿਚ, ਸਮੇਂ ਨਾਲ ਇਨ੍ਹਾਂ ਧੂਣਿਆਂ/ਬਖ਼ਸ਼ਿਸ਼ਾਂ ਦਾ ਜਾਲ ਵਿਛ ਗਿਆ।[7]

## ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੇ ਦਾਰਾ ਸ਼ਿਕੋਹ

ਲੱਗਭਗ ਸਾਰੇ ਹੀ ਗੁਰਮੁਖੀ-ਸ੍ਰੋਤ ਇਸ ਵਿਚਾਰ ਨੂੰ ਪੇਸ਼ ਕਰਦੇ ਹਨ ਕਿ ਸ਼ਾਹ ਜਹਾਨ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਜਦੋਂ ਔਰੰਗਜ਼ੇਬ ਤੋਂ ਹਾਰ ਕੇ (ਅਸਲ ਵਿਚ ਡਰ ਕੇ) ਲਾਹੌਰ ਪਹੁੰਚਣ ਲਈ ਗੋਇੰਦਵਾਲ ਨਜ਼ਦੀਕ ਦਰਿਆ ਬਿਆਸ ਪਾਰ ਕਰ ਕੇ ਲੰਘਿਆ ਤਾਂ ਇਸ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਸ਼ਾਹੀ ਫ਼ੌਜ ਉਸ ਦਾ ਪਿੱਛਾ ਕਰ ਰਹੀ ਹੈ, ਕਿਰਪਾ ਕਰਕੇ ਉਸ ਦੀ ਮਦਦ ਕੀਤੀ ਜਾਵੇ। ਬੇਨਤੀ ਮੰਨ ਕੇ ਗੁਰੂ ਸਾਹਿਬ ਨੇ ਆਪਣੇ ਸੈਨਿਕਾਂ ਨੂੰ ਸ਼ਾਹੀ ਫ਼ੌਜ ਰੋਕਣ ਵਾਸਤੇ ਤਾਇਨਾਤ ਕਰ ਦਿੱਤਾ ਤੇ ਦਾਰਾ ਠੀਕ-ਠਾਕ ਲਾਹੌਰ ਪਹੁੰਚ ਗਿਆ।

ਅਸਲ ਵਿਚ ਉਪਰੋਕਤ ਵਿਚਾਰ ਪੂਰੀ ਤਰ੍ਹਾਂ ਸਹੀ ਨਹੀਂ ਲਗਦੇ, ਇਸ ਦਾ ਕਾਰਨ ਗੁਰਮੁਖੀ-ਸ੍ਰੋਤਾਂ ਦੀ ਜਾਣਕਾਰੀ ਦਾ ਵਧੇਰੇ ਆਧਾਰ ਮੌਖਿਕ ਹੋਣਾ ਹੈ ਅਤੇ ਮੌਖਿਕ ਜਾਣਕਾਰੀ ਵਿਚ ਅਜਿਹੀ ਗ਼ਲਤੀ ਲੱਗਣੀ ਕੋਈ ਗ਼ੈਰ-ਕੁਦਰਤੀ ਨਹੀਂ।

ਸ਼ਾਹ ਜਹਾਨ ਦੇ ਚਾਰ ਪੁੱਤਰਾਂ (ਦਾਰਾ, ਮੁਹੰਮਦ ਸੁਜਾਅ, ਔਰੰਗਜ਼ੇਬ ਅਤੇ ਮੁਰਾਦ) ਵਿੱਚੋਂ ਦਾਰਾ ਵੱਡਾ ਹੋਣ ਕਰਕੇ ਰਾਜ-ਭਾਗ ਦਾ ਕੰਮ ਸੰਭਾਲਦਾ ਸੀ, ਕਿਉਂਕਿ ਸ਼ਾਹ ਜਹਾਨ ਅਖ਼ੀਰਲੀ ਉਮਰ ਵਿਚ ਬਹੁਤ ਕਮਜ਼ੋਰ ਹੋ ਗਿਆ ਸੀ।[8] ਭਾਵੇਂ ਦਾਰਾ ਸ਼ਿਕੋਹ ਯੁਵਰਾਜ ਸੀ ਅਤੇ ਰਾਜ ਦੇ ਘਾਟੇ-ਵਾਧੇ ਦਾ ਜ਼ਿੰਮੇਵਾਰ ਸੀ, ਪਰ ਉਹ ਔਰੰਗਜ਼ੇਬ ਤੋਂ ਬਹੁਤ ਡਰਦਾ ਸੀ।[9] ਔਰੰਗਜ਼ੇਬ ਨੇ ਸ਼ਾਹ ਜਹਾਨ ਨੂੰ ਕੈਦ ਕਰ ਲਿਆ ਤੇ ਦਾਰਾ ਦੀ ਸਾਰੀ ਤਾਕਤ ਖ਼ਤਮ ਕਰ ਦਿੱਤੀ। ਔਰੰਗਜ਼ੇਬ ਹੱਥੋਂ ਹਾਰ ਕੇ ਦਾਰਾ ਅਫ਼ਗਾਨਿਸਤਾਨ ਵੱਲ ਜਾਣ ਲਈ ਪੰਜਾਬ ਵਿਚ ਗੋਇੰਦਵਾਲ ਕੋਲ ਦੀ ਲੰਘਿਆ, ਜਿੱਥੇ ਉਹ ਆਪਣੇ ਦਾਰਸ਼ਨਿਕ ਤੇ ਸਾਧੂ-ਸੁਭਾਅ ਮੁਤਾਬਿਕ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ ਸਾਹਿਬ ਨੇ ਗੁਰੂ-ਘਰ ਦੀ ਪਰਵਿਰਤੀ

ਅਨੁਸਾਰ ਸੁਭਾਵਿਕ ਹੀ ਉਸ ਦੀ ਲੰਗਰ-ਪਾਣੀ ਤੇ ਹੋਰ ਯਥਾਯੋਗ ਮਦਦ ਕੀਤੀ ਤੇ ਦਰਿਆ ਬਿਆਸ ਪਾਰ ਕਰਨ ਲਈ ਕਿਸ਼ਤੀਆਂ ਆਦਿਕ ਦੀ ਮਦਦ ਕੀਤੀ, ਕਿਉਂਕਿ ਦਾਰਾ ਨਾਲ 'ਵੀਹ ਹਜ਼ਾਰ'[10] ਸੈਨਾ ਵੀ ਸੀ। ਦਾਰਾ ਨੂੰ ਗੁਰੂ ਸਾਹਿਬ ਨੇ ਕੋਈ ਸੈਨਿਕ ਮਦਦ ਨਹੀਂ ਦਿੱਤੀ ਸੀ ਕਿਉਂਕਿ ਸਮੇਂ ਦੀ ਹਕੂਮਤ ਨਾਲ ਉਲਝ ਕੇ ਗੁਰੂ ਸਾਹਿਬ ਸਿੱਖ ਲਹਿਰ ਦਾ ਉਥਾਨ ਨਹੀਂ ਰੋਕਣਾ ਚਾਹੁੰਦੇ ਸਨ। ਦੂਸਰਾ, ਜੇਕਰ ਗੁਰੂ ਸਾਹਿਬ ਬਾਗ਼ੀ ਦਾਰਾ ਦੀ ਸੈਨਿਕ ਮਦਦ ਕਰਦੇ ਤਾਂ ਔਰੰਗਜ਼ੇਬ ਨਾਲ ਸੈਨਿਕ ਟਕਰਾਅ ਲਾਜ਼ਮੀ ਸੀ, ਪਰ ਅਜਿਹਾ ਗੁਰੂ ਸਾਹਿਬ ਦੀ ਸਿਆਣਪ ਕਰਕੇ ਨਹੀਂ ਹੋਇਆ। ਪਰ ਔਰੰਗਜ਼ੇਬ, ਦਾਰਾ ਦੀ ਗੁਰੂ ਸਾਹਿਬ ਦੁਆਰਾ ਕੀਤੀ ਨੈਤਿਕ ਮਦਦ ਵੀ ਨਹੀਂ ਭੁੱਲਿਆ ਸੀ, ਇਸ ਲਈ ਰਾਜ-ਭਾਗ ਸੰਭਾਲਦਿਆਂ ਹੀ ਉਸ ਨੇ ਗੁਰੂ ਜੀ ਨੂੰ ਮਿਲਣ ਲਈ ਬੁਲਾਵਾ ਭੇਜਿਆ ਸੀ।[11]

## ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੇ ਰਾਮਰਾਇ

ਰਾਮਰਾਇ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਵੱਡਾ ਪੁੱਤਰ ਸੀ, ਜਿਹੜਾ ਅਕਸਰ ਪ੍ਰਿਥੀਚੰਦ ਵਾਲੀ ਲਾਈਨ 'ਤੇ ਚੱਲ ਰਿਹਾ ਸੀ। ਪਹਿਲਾਂ ਕੀਤੇ ਸੰਕੇਤ ਮੁਤਾਬਿਕ ਔਰੰਗਜ਼ੇਬ ਨੇ ਰਾਜ-ਭਾਗ ਸੰਭਾਲਦੇ ਸਾਰ ਹੀ ਗੁਰੂ ਜੀ ਨੂੰ ਦਿੱਲੀ ਬੁਲਾਵਾ ਭੇਜਿਆ ਸੀ, ਪਰ ਸਿੱਖ ਸੰਗਤਾਂ ਦੇ ਸਲਾਹ-ਮਸ਼ਵਰੇ ਅਨੁਸਾਰ ਗੁਰੂ ਸਾਹਿਬ ਆਪ ਦਿੱਲੀ ਨਹੀਂ ਗਏ ਸਗੋਂ ਆਪਣੇ ਸਪੁੱਤਰ ਰਾਮਰਾਇ ਨੂੰ ਭੇਜ ਦਿੱਤਾ। ਇਹ ਗੱਲ 1660 ਈ. ਦੇ ਲਗਭਗ ਅੰਤ ਦੀ ਹੈ। ਜਿਵੇਂ ਕਿ ਇਤਿਹਾਸ ਤੋਂ ਆਮ ਵਿਦਿਤ ਹੈ ਕਿ ਰਾਮਰਾਇ ਤੇ ਬਾਦਸ਼ਾਹ ਵਿਚਾਲੇ ਜੋ ਗੱਲਬਾਤ ਹੋਈ, ਉਸ ਦਾ ਸਾਰ-ਤੱਤ ਗੁਰਬਾਣੀ ਕੇਂਦਰਤ ਹੀ ਸੀ ਕਿਉਂਕਿ ਸਥਾਪਿਤ ਧਿਰਾਂ ਨੂੰ ਬਹੁਤਾ ਭੈ ਗੁਰਬਾਣੀ ਵਿੱਚੋਂ ਹੀ ਆਉਂਦਾ ਸੀ। ਰਾਮਰਾਇ ਤੇ ਔਰੰਗਜ਼ੇਬ ਦੀ ਵਿਚਾਰ-ਗੋਸ਼ਟੀ ਵਿੱਚੋਂ ਲਾਲਚ ਰਾਹੀਂ ਰਾਮਰਾਇ ਤੋਂ ਬਾਣੀ ਵਿਆਖਿਆ ਗ਼ਲਤ ਕਰਵਾ ਦਿੱਤੀ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਰਾਮਰਾਇ ਨੂੰ, ਇਸ ਘਟਨਾ ਉਪਰੰਤ, ਹਮੇਸ਼ਾਂ ਵਾਸਤੇ ਤਿਆਗ ਦਿੱਤਾ ਸੀ। ਹੋਰ ਸਿੱਖ ਸੰਗਤਾਂ ਨੂੰ ਵੀ ਰਾਮਰਾਈਆਂ ਤੋਂ ਦੂਰ ਰਹਿਣ ਦੇ ਹੁਕਮਨਾਮੇ ਭੇਜੇ ਗਏ। ਔਰੰਗਜ਼ੇਬ ਨੇ ਰਾਮਰਾਇ ਨੂੰ ਖ਼ੁਸ਼ ਕਰਨ ਲਈ ਜਗੀਰ ਦੇ ਦਿੱਤੀ ਸੀ, ਜਿਹੜੀ ਕਹਿੰਦੇ ਹਨ ਕਿ 'ਦੂਨ' ਵਿਚ ਹੁਣ ਵੀ ਰਾਮਰਾਈਆਂ ਦੇ ਨਾਂ 'ਬੋਲਦੀ' ਹੈ।

### ਯਾਤਰਾਵਾਂ

ਆਪਣੇ ਗੁਰਿਆਈ-ਕਾਲ (1644-61 ਈ.) ਦੌਰਾਨ ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਤੋਂ ਬਾਹਰ ਜਾ ਕੇ ਵੀ ਸਿੱਖੀ ਦਾ ਪ੍ਰਚਾਰ ਕੀਤਾ। ਇਨ੍ਹਾਂ ਪ੍ਰਚਾਰ-ਦੌਰਿਆਂ ਅਥਵਾ ਰਸਤੇ ਤੇ ਸਥਾਨਾਂ ਬਾਰੇ ਭਾਵੇਂ ਵਿਦਵਾਨਾਂ ਤੇ ਸਿੱਖ-ਸ੍ਰੋਤਾਂ ਵਿਚ ਕਾਫ਼ੀ ਭਿੰਨਤਾ ਵਾਲੇ ਵਿਚਾਰ ਪਾਏ ਜਾਂਦੇ ਹਨ, ਪਰ ਗੁਰੂ ਸਾਹਿਬ ਦੇ ਹੇਠ ਲਿਖੇ ਸਥਾਨਾਂ ਉਤੇ ਜਾਣ ਬਾਰੇ ਸਾਨੂੰ ਵਿਭਿੰਨ ਸ੍ਰੋਤਾਂ/ ਵਿਦਵਾਨਾਂ ਤੋਂ ਜਾਣਕਾਰੀ ਮਿਲ ਜਾਂਦੀ ਹੈ:[12]

(1) ਅੰਮ੍ਰਿਤਸਰ, ਗੋਇੰਦਵਾਲ, ਖਡੂਰ ਸਾਹਿਬ, ਵੱਡੀ ਲਹਿਲ, ਹਰੀਆਂ ਵੇਲਾਂ, ਭੁੰਗਰਨੀ, ਬੰਬੇਲੀ, ਕਰਤਾਰਪੁਰ, ਨੂਰ ਮਹਿਲ, ਪੁਆਧੜਾ, ਗਹਲਾਂ, ਭਾਈ ਕੀ ਡਰੋਲੀ, ਮਾੜੀ ਪਿੰਡ, ਮਰਾਝ,

ਮੀਝੇਂ ਕੀ ਮੌੜੀ, ਪਲਾਹੀ ਨਗਰ, ਫਰਾਲ ਸੰਧਵਾਂ, ਦੁਸਾਂਝ ਮਸੰਦਾਂ ਕੇ, ਹਕੀਮਪੁਰ, ਚੰਦਪੁਰ, ਦੌਲੇਵਾਲ।

(2) ਬੁੰਗਾ, ਰੋਪੜ, ਪਿਹੋਵਾ, ਥਾਨੇਸਰ, ਸਿਆਲਕੋਟ, ਸ੍ਰੀਨਗਰ ਆਦਿ।

## ਗੁਰੂ ਜੀ ਦੇ ਪ੍ਰਮੁੱਖ ਸਿੱਖ

ਗੁਰਿਆਈ-ਕਾਲ ਦੇ ਆਪਣੇ ਥੋੜ੍ਹੇ ਜਿਹੇ ਸਮੇਂ ਵਿਚ ਗੁਰੂ ਸਾਹਿਬ ਦੇ ਸੰਪਰਕ ਵਿਚ ਕਿੰਨੇ-ਕੁ ਸਿੱਖ ਅਥਵਾ ਜਗਿਆਸੂ ਆਏ? ਇਹ ਅਨੁਮਾਨ ਲਾਉਣਾ ਨਾ ਕੇਵਲ ਔਖਾ ਹੈ, ਬਲਕਿ ਅਸੰਭਵ ਵੀ ਹੈ, ਕਿਉਂਕਿ ਇਕ ਤਾਂ ਇਸ ਤੱਥ ਦੇ ਸਾਡੇ ਕੋਲ ਸਬੂਤ ਕੋਈ ਨਹੀਂ, ਦੂਸਰਾ ਸਿੱਖ ਸੰਗਤਾਂ ਦਾ ਪ੍ਰਵਾਹ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲਦਾ ਆਇਆ ਹੈ ਤੇ ਹਰੇਕ ਗੁਰੂ ਸਾਹਿਬ ਦੇ ਨਾਲ-ਨਾਲ ਵਹਿੰਦਾ ਤੁਰਿਆ ਆਇਆ ਹੈ, ਇਸ ਲਈ ਕਿਸੇ ਸਿੱਖ ਅਥਵਾ ਸੰਗਤ ਨੂੰ ਕਿਸੇ ਵਿਸ਼ੇਸ਼ ਗੁਰੂ ਨਾਲ ਸੰਬੰਧਿਤ ਕਰਨਾ ਵੀ ਔਖਾ ਹੈ, ਪਰ ਫਿਰ ਵੀ ਜੋ ਮੁਖੀ ਸਿੱਖ ਗੁਰੂ ਸਾਹਿਬ ਦੀ ਸੰਗਤ ਵਿਚ ਵਿਸ਼ੇਸ਼ ਉੱਘੇ ਸਨ, ਉਨ੍ਹਾਂ ਵਿੱਚੋਂ ਕੁਝ ਦੇ ਨਾਂ ਇਸ ਤਰ੍ਹਾਂ ਲਏ ਜਾ ਸਕਦੇ ਹਨ:[13]

1 ਭਾਈ ਪੁੰਗਰ ਜੀ
2 ਭਾਈ ਗੋਂਦਾ ਜੀ
3 ਭਾਈ ਜਿਊਣਾ ਜੀ
4 ਭਾਈ ਬਿਧੀ ਚੰਦ ਜੀ
5 ਭਾਈ ਕਾਲ ਦੁਲਟ ਜੀ
6 ਭਾਈ ਨੰਦ ਲਾਲ ਪੁਰੀ ਜੀ
7 ਭਾਈ ਭਗਤੂ ਜੀ
8 ਭਾਈ ਗਉਰਾ ਜੀ
9 ਭਾਈ ਫੇਰੂ ਜੀ ਆਦਿ।

## ਯਾਦ-ਚਿੰਨ੍ਹ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਮੁੱਖ ਤੌਰ 'ਤੇ ਦੋ ਪ੍ਰਚਾਰ ਦੌਰੇ ਕੀਤੇ, ਇਨ੍ਹਾਂ ਦੌਰਿਆਂ ਦੇ ਸਮੇਂ ਦੌਰਾਨ ਆਪ ਜਿੱਥੇ-ਜਿਥੇ ਵੀ ਜਾਂ ਜਿਸ-ਜਿਸ ਰਸਤੇ 'ਪੁਰ ਵੀ ਲੰਘੇ, ਉਥੇ-ਉਥੇ ਹੀ ਲੱਗਭਗ ਯਾਦ-ਚਿੰਨ੍ਹਾਂ ਦੇ ਰੂਪ ਵਿਚ ਆਪ ਨਾਲ ਸੰਬੰਧਿਤ ਗੁਰਦੁਆਰਾ ਸਾਹਿਬ ਬਣੇ ਹੋਏ ਹਨ ਜਾਂ ਕਈ ਥਾਂ ਯਾਦ-ਚਿੰਨ੍ਹ (Relico), ਜਿਵੇਂ ਕੱਪੜੇ (ਚੋਲਾ), ਕੋਈ ਦਰੱਖ਼ਤ, ਗੁਰੂ-ਦਰਬਾਰ ਦੀ ਹੱਥ-ਲਿਖਤ ਬੀੜ ਆਦਿ ਸੰਭਾਲੇ ਹੋਏ ਹਨ। ਬਹੁਤ ਸਾਰੇ ਯਾਦ-ਚਿੰਨ੍ਹ ਸਮਕਾਲੀ ਜਾਂ ਉਤਰ-ਸਮਕਾਲੀ ਵਿਭਿੰਨ ਪ੍ਰਕਾਰੀ ਪਰਸਥਿਤੀਆਂ (ਖ਼ਾਸ ਕਰ ਰਾਜਸੀ ਤੇ ਯੁੱਗ-ਗਰਦੀਆਂ) ਕਾਰਨ ਸਮੇਂ ਦੀ ਧੂੜ ਵਿਚ ਮਿਟ ਗਏ ਹਨ। ਹੇਠਾਂ ਕੁਝ ਕੁ ਥਾਵਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ:[14]

ਕੀਰਤਪੁਰ, ਬੁੰਗਾ, ਰੋਪੜ, ਵੱਡੀ ਬਹਿਲੀ/ਲਾਹਲੀ, ਹਰੀਆਂ ਵੇਲਾਂ, ਭੁੰਗਰਨੀ, ਬੰਬੇਲੀ, ਨੂਰ ਮਹਿਲ, ਪੁਆਧੜਾ, ਡਰੋਲੀ, ਮੇਹਰਾਜ, ਮਹਿਲ, ਅੰਬ ਸਾਹਿਬ, ਜਸਪਾਲ ਭਾਈ ਕੇ, ਦੁਸਾਂਝ

ਮਸੰਦਾਂ ਕੇ, ਪਲਾਹੀ, ਮੁਕੰਦਪੁਰ, ਨਨਕਾਣਾ, ਗਲੋਟੀਆਂ ਖੁਰਦ, ਅਮਰਗੜ੍ਹ (ਗੋਨਿਆਣਾ ਮੰਡੀ), ਚਣੌਲੀ, ਹਕੀਮਪੁਰ, ਹਰਿਰਾਇਪੁਰ ਆਦਿ।

| **ਪ੍ਰਮੁੱਖ ਤਿਥਾਵਲੀ :** | **(ਈਸਵੀ ਸੰਨ ਵਿਚ)** |
|---|---|
| ਪ੍ਰਕਾਸ਼ | 1630 |
| ਵਿਆਹ | 1640 |
| ਗੁਰਗੱਦੀ | 1644 |
| ਨਾਹਣ ਜਾਣਾ | 1645 |
| ਰਾਮਰਾਇ ਜਨਮ | 1647 |
| ਬੀਬੀ ਰੂਪ ਕੁਇਰ ਜਨਮ | 1649 |
| ਦਾਰਾ ਦਾ ਸੰਪਰਕ | 1650 |
| ਦੁਆਬੇ ਦੀ ਫੇਰੀ | 1652 |
| ਮਾਲਵੇ ਦੀ ਫੇਰੀ | 1653 |
| (ਗੁਰੂ) ਹਰਿਕ੍ਰਿਸ਼ਨ ਪ੍ਰਕਾਸ਼ | 1656 |
| (ਦੁਬਾਰਾ) ਦਾਰਾ ਸੰਪਰਕ | 1658 |
| ਕਸ਼ਮੀਰ ਫੇਰੀ | 1660 |
| ਰਾਮਰਾਇ ਦਿੱਲੀ ਦਰਬਾਰ | 1661 |
| ਜੋਤੀ ਜੋਤਿ | 1661 |

## ਸ੍ਰੋਤ ਸੂਚਨਾ : (I ਗੁਰਮੁਖੀ, II ਫ਼ਾਰਸੀ, III ਫੁਟਕਲ)

I. ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੀਵਨ-ਸਮਾਚਾਰਾਂ ਨੂੰ ਸੰਭਾਲਣ ਅਥਵਾ ਦੱਸਣ ਵਿਚ ਸਭ ਤੋਂ ਵੱਡਾ ਯੋਗਦਾਨ ਗੁਰਮੁਖੀ-ਸ੍ਰੋਤਾਂ ਦਾ ਹੈ, ਭਾਵੇਂ ਵਿਭਿੰਨ ਸ੍ਰੋਤਾਂ ਵਿਚ ਇਕਸਾਰਤਾ ਵੀ ਨਹੀਂ ਅਤੇ ਕਈ ਅਣ-ਇਤਿਹਾਸਕ ਤੱਥ ਵੀ ਹਨ, ਅਜਿਹਾ ਹੋਣਾ ਮੱਧ-ਕਾਲੀਨ ਯੁੱਗ-ਗਰਦੀਆਂ ਤੇ ਅਸੁਰੱਖਿਅਤ ਵਾਤਾਵਰਨ ਵਿਚ ਕੋਈ ਗ਼ੈਰ-ਕੁਦਰਤੀ ਨਹੀਂ। ਦੂਸਰੇ ਨੰਬਰ 'ਤੇ ਇਕ-ਦੋ ਫ਼ਾਰਸੀ ਲਿਖਤਾਂ ਹਨ। ਇਥੇ ਅਸੀਂ ਇਨ੍ਹਾਂ ਸ੍ਰੋਤਾਂ ਦੀ ਸਿਰਫ਼ ਸੂਚੀ ਤੇ ਪ੍ਰਾਪਤੀ ਸਥਾਨਾਂ ਬਾਰੇ ਹੀ ਦੱਸ ਸਕਦੇ ਹਾਂ, ਇਨ੍ਹਾਂ ਦਾ ਮੂਲ-ਪਾਠ, ਟਿੱਪਣੀ ਜਾਂ ਵਿਸ਼ਲੇਸ਼ਣ ਕਰਨਾ ਤਾਂ 'ਗੁਰੂ ਹਰਿਰਾਇ ਸਾਹਿਬ: ਸ੍ਰੋਤ-ਪੁਸਤਕ' ਦੀ ਮੰਗ ਕਰਦਾ ਹੈ:

**(ਕਾਲ-ਕ੍ਰਮਾਨੁਸਾਰ)**

1. *ਭਾਈ ਨੰਦ ਲਾਲ ਗ੍ਰੰਥਾਵਲੀ* (1682-1705 ਈ), (ਸੰਪਾ.) ਡਾ. ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1989, ਪੰਨੇ 177-8.
2. *ਗੁਰੂ ਗੋਬਿੰਦ ਸਿੰਘ ਬਾਣੀ* (1698), ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਪੋਥੀ ਪਹਿਲੀ), (ਸੰਪਾ.) ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1995 (ਤੀਜਾ ਸੰਸਕਰਣ) ਪੰਨੇ 70, 154.

3. ਕੰਕਣ, *ਦਸ ਗੁਰ ਕਥਾ*[15] (1710-15), (ਸੰਪਾ.) ਡਾ. ਗੁਰਮੁਖ ਸਿੰਘ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ—1991, ਪੰਨੇ 50-51.
4. ਸੇਵਾਦਾਸ, *ਪਰਚੀਆਂ*[16] (1711-34), (ਸੰਪਾ.) ਪ੍ਰੋ. ਹਰੀ ਸਿੰਘ, (ਸੋਧਕ) ਡਾ. ਗੰਡਾ ਸਿੰਘ, ਭਾਸ਼ਾ ਵਿਭਾਗ, ਪਟਿਆਲਾ-1961, ਪੰਨੇ 63-78.
5. ਭਾਈ ਭਗਤ ਸਿੰਘ, *ਗੁਰਬਿਲਾਸ ਪਾਤਸ਼ਾਹੀ ੬*[17] (1718), (ਸੰਪਾ.) ਗਿ. ਜੋਗਿੰਦਰ ਸਿੰਘ ਤੇ ਡਾ. ਅਮਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ (ਸ਼੍ਰੋ: ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ, ਜੂਨ-1998, ਪੰਨੇ 772-80, 794, 797 ਆਦਿ।
6. ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*[18] (1769), (ਸੰਪਾ.) ਡਾ. ਰਾਏਜਸਬੀਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ-2001, ਪੰਨੇ 60-61.
7. ਭਾਈ ਜੈਤਾ ਜੀ, *ਸ੍ਰੀ ਗੁਰ ਕਥਾ*, (ਉਤਾਰਾਕਾਰ) ਗਿ ਗਰਜਾ ਸਿੰਘ, (ਸੰਪਾ.) ਡਾ. ਗੁਰਮੁਖ ਸਿੰਘ, ਲਿਟਰੇਚਰ ਹਾਊਸ, ਅੰਮ੍ਰਿਤਸਰ-2003, ਬੰਦ-19, ਪੰਨਾ 55.
8. *ਗੁਰਰਤਨਾਵਲੀ* (1773), (ਸੰਪਾ.) ਡਾ. ਮਨਵਿੰਦਰ ਸਿੰਘ, ਪ੍ਰਕਾ. ਸੰਪਾ. ਖ਼ੁਦ, ਅੰਮ੍ਰਿਤਸਰ-1995, ਪੰਨੇ 108-15.
9. *ਮਹਿਮਾ ਪ੍ਰਕਾਸ਼ ਵਾਰਤਕ* (1773), (ਸੰਪਾ.) ਡਾ. ਕੁਲਵਿੰਦਰ ਸਿੰਘ ਬਾਜਵਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ 2004, ਸਾਖੀਆਂ 102-19, ਪੰਨੇ 147-67.
10. ਬਾਵਾ ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ ਕਵਿਤਾ* (1776), (ਸੰਪਾ.) ਡਾ. ਉਤਮ ਸਿੰਘ ਭਾਟੀਆ, ਭਾਸ਼ਾ ਵਿਭਾਗ, ਪਟਿਆਲਾ-1999 (ਦੂਜੀ ਵਾਰ), ਭਾਗ ਦੂਜਾ (ਖੰਡ-2), ਪੰਨੇ 513-601.
11. *ਗੁਰੂ ਕੀਆਂ ਸਾਖੀਆਂ*[19], (ਸੰਪਾ.) ਗਿ. ਗਰਜਾ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਈ-1995 (ਤੀਜੀ ਵਾਰ), ਸਾਖੀਆਂ 1-15, ਪੰਨੇ 42-59.
12. ਭਾਈ ਸੇਵਾ ਸਿੰਘ ਭਟ, *ਸ਼ਹੀਦ ਬਿਲਾਸ*, (ਸੰਪਾ.) ਗਿ. ਗਰਜਾ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਦਸੰਬਰ-1961, ਪੰਨੇ 44, 47.
13. *ਗੁਰ ਪ੍ਰਣਾਲੀਆਂ* (18-19ਵੀਂ ਸਦੀ), (ਸੰਪਾ.) ਭਾਈ ਰਣਧੀਰ ਸਿੰਘ, ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ, ਅਪ੍ਰੈਲ-1977, ਪੰਨੇ 93, 112, 128, 156, 191, 221, 234, 242, 249, 257, 267, 285.
14. ਭਾਈ ਵੀਰ ਸਿੰਘ (ਬੱਲ), *ਗੁਰਕੀਰਤ ਪ੍ਰਕਾਸ਼* (1834), (ਸੰਪਾ.) ਡਾ. ਗੁਰਬਚਨ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1986, ਹੁਲਾਸ 7, ਪੰਨੇ 219-34.
15. ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* (1843), (ਸੰਪਾ.) ਭਾਈ ਵੀਰ ਸਿੰਘ, ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ-1929, ਜਿਲਦ 8.

16. ਗਿਆਨੀ ਗਿਆਨ ਸਿੰਘ, *ਸ੍ਰੀ ਗੁਰੁ ਪੰਥ ਪ੍ਰਕਾਸ਼* (1878), (ਸੰਪਾ.) ਗਿ. ਕ੍ਰਿਪਾਲ ਸਿੰਘ, ਸ਼ਹੀਦ ਬੁੰਗਾ ਸ੍ਰੀ ਅੰਮ੍ਰਿਤਸਰ, ਅਕਤੂਬਰ-1970, ਭਾਗ 2.

17. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖਾਲਸਾ* (1899), (ਸੰਪਾ.) ਡਾ. ਕਰਮ ਸਿੰਘ ਰਾਜੂ, ਭਾਸ਼ਾ ਵਿਭਾਗ, ਪਟਿਆਲਾ-1999 (ਚੌਥੀ ਵਾਰ), ਪੰਨੇ 615-53.

**II**

(1) *ਦਾਬਿਸਤਾਨ-ਏ-ਮਜ਼ਾਹਿਬ* (1644), (ਸੰਪਾ.) ਨਾਜ਼ਰ ਅਸ਼ਰਫ, ਕਲਕੱਤਾ 1809 (ਫ਼ਾਰਸੀ)

1.1 *ਸਿੱਖ ਇਤਿਹਾਸ ਦੇ ਕੁਝ ਇਤਿਹਾਸਕ ਪੱਤਰੇ*[20], (ਸੰਪਾ./ਅਨੁ.) ਡਾ. ਗੰਡਾ ਸਿੰਘ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ 1999. (ਦੁਬਾਰਾ), ਪੰਨਾ 20.

2. ਕਨ੍ਹਈਆ ਲਾਲ, *ਤਾਰੀਖ਼-ਇ-ਪੰਜਾਬ* (1872), (ਪੰਜਾਬੀ ਅਨੁ.) ਡਾ. ਜੀਤ ਸਿੰਘ ਸੀਤਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1968.

3. ਸੁਜਾਨ ਰਾਏ, *ਖੁਲਾਸਾਤੁਤ-ਤਵਾਰੀਖ਼*[21] (1695), (ਪੰਜਾਬੀ ਅਨੁ.) ਪੰਜਾਬੀ ਯੂਨੀਵਰਸਿਟੀ, ਪਟਿਆਲਾ-1972.

**III**

ਹੇਠ ਲਿਖੇ ਗ੍ਰੰਥ ਵੀ ਸ੍ਰੋਤ/ਸੰਦਰਭ ਲਈ ਮਹੱਤਵਪੂਰਨ ਹਨ:

(1) ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪਟਿਆਲਾ-1999 (ਛੇਵੀਂ ਵਾਰ)।

(2) ਗਿਆਨੀ ਠਾਕੁਰ ਸਿੰਘ, *ਸ੍ਰੀ ਗੁਰਦੁਆਰਾ ਦਰਸ਼ਨ*, ਅੰਮ੍ਰਿਤਸਰ-1923

(3) ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਅੰਬਾਲਾ-1884 (ਪੱਥਰ ਛਾਪ)।

(4) ਵਿਸਾਖਾ ਸਿੰਘ ਸੰਤ, (ਮਾਲਵਾ ਇਤਿਹਾਸ) (ਤਿੰਨ ਭਾਗ), ਜਗਰਾਉਂ 1948-53.

ਨੋਟ : 18-19ਵੀਂ ਸਦੀ ਦੇ ਅਨੇਕਾਂ ਕਵੀਆਂ ਨੇ ਗੁਰ-ਉਸਤਤਿ ਵਿਚ ਬੇਅੰਤ ਹਿੰਦੀ/ਬ੍ਰਿਜੀ/ਪੰਜਾਬੀ ਕਵਿਤਾ ਉਚਾਰੀ ਹੈ, ਇਥੇ ਇਨ੍ਹਾਂ ਕਵੀਆਂ ਦੇ ਸਮੁੱਚੇ ਵੇਰਵੇ ਤਾਂ ਸੰਭਵ ਹੀ ਨਹੀਂ, ਪਰ ਹੇਠਾਂ ਦਿੱਤੀਆਂ ਜਾ ਰਹੀਆਂ ਪੁਸਤਕਾਂ ਵਿੱਚੋਂ 150 ਅਜਿਹੇ ਕਵੀਆਂ ਦੀ ਟੋਹ ਜ਼ਰੂਰ ਮਿਲ ਜਾਵੇਗੀ, ਜਿਨ੍ਹਾਂ ਬਾਕੀ (ਸਾਰੇ) ਗੁਰੂ ਸਾਹਿਬਾਨ ਦੀ ਉਸਤਤਿ ਨਾਲ ਸ੍ਰੀ ਗੁਰੂ ਹਰਿਰਾਇ ਸਾਹਿਬ ਉਸਤਤਿ ਵੀ ਕੀਤੀ। ਇਨ੍ਹਾਂ ਕਵੀਆਂ ਦੀਆਂ ਲਿਖਤਾਂ ਦਾ ਸੰਗ੍ਰਹਿ/ਟੋਹ '*ਗੁਰੂ ਹਰਿਰਾਇ ਸਾਹਿਬ—ਅਭਿਨੰਦਨ*' ਤਿਆਰ ਕਰਨ ਵਿਚ ਮਦਦ ਦੇਵੇਗਾ:

(1) *ਗੁਰੂ ਮਹਿਮਾ ਰਤਨਾਵਲੀ*, (ਸੰਗ੍ਰਹਿਤ) ਭਾਈ ਕਾਨ੍ਹ ਸਿੰਘ ਨਾਭਾ, (ਸੰਪਾ.) ਪ੍ਰੋ. ਪ੍ਰੀਤਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ-1984 (ਲਗਭਗ 90 ਕਵੀ)।

(2) *ਸ੍ਰੀ ਗੁਰੂ ਨਾਨਕ ਅਭਿਨੰਦਨ*, (ਸੰਪਾ.) ਡਾ ਦੇਵਿੰਦਰ ਸਿੰਘ ਵਿਦਿਆਰਥੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ-1978 (ਲੱਗਭਗ 100 ਕਵੀ)।

(3) *ਸ੍ਰੀ ਗੁਰੂ ਅਮਰਦਾਸ ਅਭਿਨੰਦਨ*, (ਸੰਪਾ.) ਡਾ. ਬਲਵੰਤ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ-1985 (ਲੱਗਭਗ 51 ਕਵੀ)।

(4) *ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ*, (ਸੰਪਾ.) ਡਾ ਦੇਵਿੰਦਰ ਸਿੰਘ ਵਿਦਿਆਰਥੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ-1983 (ਲੱਗਭਗ 100 ਕਵੀ)।

## ਸੰਦਰਭ-ਸੂਚਨਾ

ਇਥੇ ਸਿਰਫ਼ ਉਹੀ ਕਾਰਜ ਸ਼ਾਮਿਲ ਹਨ, ਜਿਹੜੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨਾਲ ਸਿੱਧੇ ਰੂਪ ਵਿਚ ਸੰਬੰਧਿਤ ਹਨ। ਪੇਪਰ, ਅਪ੍ਰਕਾਸ਼ਿਤ ਆਦਿ ਕਾਰਜ ਇਸ ਸੂਚੀ ਵਿਚ ਸ਼ਾਮਿਲ ਨਹੀਂ। ਦਸ ਗੁਰੂ ਸਾਹਿਬਾਨ ਦੇ ਪ੍ਰਸੰਗ ਵਿਚ ਲਿਖੇ ਇਤਿਹਾਸਾਂ ਵਿਚ ਆਇਆ ਸਤਵੇਂ ਪਾਤਸ਼ਾਹ ਦਾ ਜ਼ਿਕਰ ਵੀ ਇਥੇ ਸ਼ਾਮਿਲ ਨਹੀਂ, ਇਹ ਸੂਚੀ ਮੁਕੰਮਲ ਨਹੀਂ।

### (ਗੁਰਮੁਖੀ ਅੱਖਰ-ਕ੍ਰਮਾਨੁਸਾਰ)


1. ਅਰੂਪ ਸਿੰਘ, ਸ., *ਸਤਵੀਂ ਬਾਦਸ਼ਾਹੀ ਕੀ ਜਨਮਸਾਖੀ*, ਨਵਲ ਕਿਸ਼ੋਰ ਪ੍ਰੈਸ, ਲਾਹੌਰ—1904 ਉਰਦੂ।
2. ਐਮ.ਜੀ. ਗੁਪਤਾ, ਸ੍ਰੀ, (ਸੰਪਾ.) *ਸ੍ਰੀ ਗੁਰੂ ਹਰਿਰਾਇ ਜੀ: ਜੀਵਨ, ਦਰਸ਼ਨ ਅਤੇ ਯਾਤਰਾਵਾਂ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ-2001 ਵਿਭਿੰਨ ਵਿਦਵਾਨਾਂ ਦੇ ਲੱਗਭਗ 16 ਪੇਪਰਾਂ ਦਾ ਸੰਗ੍ਰਹਿ।
3. ਸਤਿਬੀਰ ਸਿੰਘ, ਪ੍ਰਿੰ., *ਨਿਰਭਉ ਨਿਰਵੈਰ*, ਨਿਊ ਬੁਕ ਕੰਪਨੀ, ਜਲੰਧਰ 1981
4. ਸਾਹਿਬ ਸਿੰਘ, ਪ੍ਰਿੰ., *ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਗਸਤ-2003, (ਬਾਰ੍ਹਵੀਂ ਵਾਰ)।
5. ਸੁਖਦਿਆਲ ਸਿੰਘ ਤੇ ਸਤਿਨਾਮ ਕੌਰ, *ਸ੍ਰੀ ਗੁਰੂ ਹਰਿਰਾਇ ਜੀ: ਜੀਵਨ, ਯਾਤਰਾਵਾਂ ਤੇ ਸਰੋਤ*, ਨਿਸ਼ਾਤ ਪ੍ਰਕਾਸ਼ਨ, ਬੀ-1/795, ਪ੍ਰੇਮ ਨਗਰ, ਸਿਵਲ ਲਾਈਨਜ਼, ਲੁਧਿਆਣਾ-1988.
6. ਸੁਚਿੰਦਰ ਕੌਰ ਫੁੱਲ, ਡਾ., *ਸ੍ਰੀ ਗੁਰੂ ਹਰਿਰਾਇ ਜੀ*, ਆਧੁਨਿਕ ਕਿਤਾਬ ਘਰ, ਮਾਈ ਹੀਰਾਂ ਗੇਟ, ਜਲੰਧਰ-1992.
7. ਸ਼ੇਰ ਸਿੰਘ, ਗਿਆਨੀ, *ਜੀਵਨ ਸਤਵੀਂ ਪਾਤਸ਼ਾਹੀ: ਗੁਰੂ ਹਰਿਰਾਇ-1.*
8. *ਸ੍ਰੀ ਗੁਰੂ ਹਰਿਰਾਇ ਜੀ ਦਾ ਜੀਵਨ-ਬਿਰਤਾਂਤ*, ਖਾਲਸਾ ਟ੍ਰੈਕਟ ਸੁਸਾਇਟੀ, ਸ੍ਰੀ ਅੰਮ੍ਰਿਤਸਰ-1897.
9. *ਸ੍ਰੀ ਗੁਰੂ ਹਰਿਰਾਇ ਜੀ ਦਾ ਸੰਖੇਪ ਜੀਵਨ ਚਰਿੱਤਰ*, ਖਾਲਸਾ ਨੈਸ਼ਨਲ ਏਜੰਸੀ, ਅੰਮ੍ਰਿਤਸਰ-1910 ਉਰਦੂ ਵਿਚ।
10. ਹਜ਼ਾਰਾ ਸਿੰਘ, ਪੰਡਿਤ, *ਜਨਮਸਾਖੀ ਗੁਰੂ ਹਰਿਰਾਇ ਜੀ*, ਖਾਲਸਾ ਕਾਲਜ ਕੌਂਸਲ, ਅੰਮ੍ਰਿਤਸਰ-1933.

11. ਹਰਚੰਦ ਸਿੰਘ (ਬੇਦੀ), ਡਾ., *ਸਿਮਰਹੁ ਗੁਰੂ ਹਰਿਰਾਇ* (ਜੀਵਨ ਸਮਾਚਾਰ), ਖਾਲਸਾ ਕਾਲਜ, ਅੰਮ੍ਰਿਤਸਰ-2000.
12. ਹਰਨਾਮ ਦਾਸ ਸਹਿਰਾਈ, *ਸਤਲੁਜ ਅਜੇ ਜੇਰਾ ਕਰ*, ਅੰਮ੍ਰਿਤਸਰ-1988.
13. ਗੁਰਚਰਨ ਸਿੰਘ (ਔਲਖ), ਡਾ., *ਸਿਮਰੋ ਸ੍ਰੀ ਹਰਿਰਾਇ*, ਲਾਹੌਰ ਬੁਕ ਸ਼ਾਪ, ਲੁਧਿਆਣਾ-2004.
14. ਗੁਰਮੁਖ ਸਿੰਘ 'ਗੁਰਮੁਖ', ਸ., *ਸ੍ਰੀ ਗੁਰੂ ਹਰਿਰਾਇ ਜੀ* (ਗੁਰਦਰਸ਼ਨ ਨੰ. 7), ਲਾਹੌਰ ਬੁਕ ਸ਼ਾਪ, ਲੁਧਿਆਣਾ-1955.
15. ਜਸਬੀਰ ਸਿੰਘ (ਸਰਨਾ), ਡਾ., *ਗੁਰੂ ਹਰਿਰਾਇ ਸਾਹਿਬ*, ਗੁਰੂ ਨਾਨਕ ਸਿੱਖ ਮਿਸ਼ਨ, ਅਮਰੀਕਾ-2002.
16. ਧਰਮਪਾਲ ਸਿੰਗਲ, ਸ੍ਰੀ, *ਗੁਰੂ ਹਰਿਰਾਇ ਸਾਹਿਬ ਜੀ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ-2006.

## ਸੰਦਰਭ-ਸੂਚਨਾ ਦਾ ਵਿਵਰਣਾਤਮਿਕ ਵੇਰਵਾ

ਉਪਰੋਕਤ ਸੰਦਰਭ-ਸੂਚਨਾ ਵਿਚ ਵਧੇਰੇ ਕਾਰਜ ਪ੍ਰਚਾਰਾਤਮਿਕ ਦ੍ਰਿਸ਼ਟੀਕੋਣ ਤੋਂ ਸਾਧਾਰਨ ਜਗਿਆਸੂ-ਪੂਰਤੀ ਲਈ ਹਨ। ਖੋਜ ਅਥਵਾ ਅਕਾਦਮਿਕ ਦ੍ਰਿਸ਼ਟੀ ਤੋਂ ਸ. ਸੁਖਦਿਆਲ ਸਿੰਘ, ਡਾ. ਹਰਚੰਦ ਸਿੰਘ (ਬੇਦੀ), ਡਾ. ਗੁਰਚਰਨ ਸਿੰਘ (ਔਲਖ) ਆਦਿ ਦੇ ਕਾਰਜ ਮਹੱਤਵਪੂਰਨ ਹਨ, ਇਨ੍ਹਾਂ ਵਿਚ ਗੁਰੂ ਸਾਹਿਬ ਨਾਲ ਸੰਬੰਧਿਤ ਮੂਲ-ਸ੍ਰੋਤਾਂ ਦੀ ਟੇਕ ਲਈ ਗਈ ਹੈ ਤੇ ਉਨ੍ਹਾਂ ਦਾ ਆਲੋਚਨਾਤਮਿਕ ਅਧਿਐਨ ਕੀਤਾ ਗਿਆ ਹੈ। ਸ. ਸੁਖਦਿਆਲ ਸਿੰਘ ਤੇ ਡਾ. ਹਰਚੰਦ ਸਿੰਘ (ਬੇਦੀ) ਦੀ ਪੁਸਤਕ ਵਿਚ 8 ਗੁਰਮੁਖੀ ਸ੍ਰੋਤਾਂ ਦੇ ਮੂਲ-ਪਾਠ ਵੀ ਦਿੱਤੇ ਗਏ ਹਨ। ਇਨ੍ਹਾਂ ਪੁਸਤਕਾਂ ਵਿਚ ਗੁਰੂ ਸਾਹਿਬ ਦੀਆਂ ਯਾਤਰਾਵਾਂ, ਯਾਦ ਚਿੰਨ੍ਹਾਂ ਤੇ ਵਿਵਾਦੀ-ਮਸਲਿਆਂ ਨੂੰ ਵੀ ਵਿਚਾਰਿਆ ਗਿਆ ਹੈ।

ਸ੍ਰੀ ਐਮ.ਜੀ. ਗੁਪਤਾ, ਪ੍ਰਿੰ. ਸਤਿਬੀਰ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਜਸਬੀਰ ਸਿੰਘ (ਸਰਨਾ), ਸ੍ਰੀ ਧਰਮਪਾਲ ਸਿੰਗਲ ਆਦਿ ਦੇ ਕਾਰਜ ਲੱਗਭਗ ਇੱਕੋ ਸ਼੍ਰੇਣੀ ਤੇ ਸਤਰ ਦੇ ਹਨ। ਇਨ੍ਹਾਂ ਦੇ ਕਾਰਜਾਂ ਵਿਚ ਵਿਗਿਆਨਕ ਨੁਕਤਾ-ਨਿਗਾਹ ਤੋਂ ਇਤਿਹਾਸਕ ਵਿਸ਼ਲੇਸ਼ਣ ਸ਼ਾਮਲ ਹੈ।

ਡਾ. ਸੁਚਿੰਦਰ ਕੌਰ ਫੁੱਲ ਦਾ ਕਾਰਜ ਬੱਚਿਆਂ ਲਈ ਹੈ ਤੇ ਸ੍ਰੀ ਹਰਨਾਮ ਦਾਸ ਸਹਿਰਾਈ ਦਾ ਕਾਰਜ ਗੁਰੂ-ਚਰਿੱਤਰ ਨੂੰ ਨਾਵਲ ਵਿਚ ਪੇਸ਼ ਕਰਨ ਦਾ ਯਤਨ ਹੈ। ਗਿਆਨੀ ਸ਼ੇਰ ਸਿੰਘ ਦੇ ਕਾਰਜ ਦੀ ਸਿਰਫ਼ ਸੂਚਨਾ ਹੀ ਪ੍ਰਾਪਤ ਹੈ, ਦੇਖਿਆ ਨਹੀਂ ਜਾ ਸਕਿਆ। ਬਾਕੀ ਦੇ ਕਾਰਜ ਵੀ ਸਮੇਂ ਤੇ ਲੋੜ ਦੇ ਪ੍ਰਸੰਗ ਵਿਚ ਮੁੱਲਵਾਨ ਹਨ।

# ਹਵਾਲੇ ਤੇ ਟਿੱਪਣੀਆਂ

1. *ਗੁਰੂ ਕੀਆਂ ਸਾਖੀਆਂ* (ਸੰਪਾ. ਗਿ. ਗਰਜਾ ਸਿੰਘ, ਪੰਨੇ 38-39) ਰਚਨਾ ਅਨੁਸਾਰ "ਏਕ ਦਿਹੁੰ ਦੈਆ ਰਾਮ ਸਿਲੀ ਖਤਰੀ ਅਨੂਪ ਨਗਰੀ ਸੇ ਕੀਰਤਪੁਰ ਆਇਆ। ਇਸੇ ਆਪਣੀ ਬੇਟੀ ਸੁਲਖਣੀ ਕੀ ਮੰਗਣੀ ਹਰਿਰਾਇ ਜੀ ਕੇ ਸਾਥ ਕੀ... ਸ੍ਰੀ ਹਰਿਰਾਇ ਜੀ ਨੇ ਸੁਭ ਵਿਵਾਹ ਦਿਵਸ ਸੰਮਤ ਸੋਲਾਂ ਸੌ ਸਤਾਨਮੇ ਸਤਰਾਂ ਹਾੜ (੧੭ ਹਾੜ, ੧੬੯੭ ਬਿ./1640 ਈ.) ਕਾ ਹੈ।... ਦੂਜੇ ਬਰਖ ਸਾਲ ਸੋਲਾਂ ਸੈ ਨੜਿਨਮੇਂ ਅਸਾੜ ਸੁਦੀ ਤੀਜ ਕੇ ਦਿਹੁੰ (ਤੀਜ ਸੁਦੀ, ਹਾੜ, ੧੬੯੯ ਬਿ./1642 ਈ.) ਬੇਟੀ ਸੁਲਖਣੀ ਕਾ ਮੁਕਲਾਵਾ ਤੋਰਾ। ਸੰਮਤ ਸਤਰਾਂ ਸੈ ਤੀਨ ਚੇਤ ਬਦੀ ਪੰਚਮੀ ਸੋਮਵਾਰ ਕੇ ਦਿਹੁੰ (15 ਮਾਰਚ, 1647) ਰਾਮਰਾਇ (ਪੈਦਾ ਹੁਏ)। ਸੰਮਤ ਸਤਰਾਂ ਸੈ ਛੇ ਵਿਸਾਖੀ ਸੁਦੀ ਸਾਤ ਕੇ ਦਿਹੁੰ (9 ਅਪ੍ਰੈਲ 1649) ਏਕ ਬਾਲਕੀ (ਰੂਪ ਕੁਇਰ) ਪੈਦਾ ਹੋਈ। ਸੰਮਤ ਸਤਰਾਂ ਸੈ ਨਾਵਾਂ ਸਾਵਨ ਵਦੀ ਦਸਮੀ (20 ਜੁਲਾਈ, 1652) ਹਰਿਕ੍ਰਿਸ਼ਨ (ਪੈਦਾ ਹੋਏ)... ਮਾਤਾ ਬਸੀ (ਮਾਂ ਗੁਰੂ ਹਰਿਰਾਇ) ਸੁਲਖਣੀ ਕੋ (ਕਭੀ) ਤਿਰਬੈਣੀ, ਕਭੀ ਕੋਟ ਕਲਿਆਣੀ ਕਹਿ ਕੇ ਬੁਲਾਤੀ ਥੀ।"

**ਨੋਟ :** ਅੱਜ ਵੀ ਨੂੰਹਾਂ ਨੂੰ ਪੇਕੇ ਪਿੰਡ ਦੇ ਨਾਂ ਹੇਠ ਬੁਲਾਉਣ ਦਾ ਰਿਵਾਜ ਹੈ ਤੇ ਸਹੁਰੇ-ਪੇਕੇ ਨਾਵਾਂ ਵਿਚ ਫ਼ਰਕ ਤਾਂ ਆਮ ਗੱਲ ਹੈ। ਪੁਸ਼ਟੀ ਲਈ ਹੋਰ ਵੇਖੋ: S. Teja Singh Ganda Singh, *A Short History of the Sikhs*, (1469-1765), Punjabi University, Patiala-2006, p. 47.

2. ਵੇਖੋ: *ਗੁਰੂ ਕੀਆਂ ਸਾਖੀਆਂ*, ਪੰਨਾ 38.
3. ਇਸ ਵਿਸਤ੍ਰਿਤ ਕਹਾਣੀ ਲਈ ਵੇਖੋ; *ਮਹਿਮਾ ਪ੍ਰਕਾਸ* (ਭਾਗ-2, ਖੰਡ-2), ਪੰਨਾ 547; ਗਿ. ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ 623.
4. S. Teja Singh Ganda Singh, *A Short History of the Sikhs*, (1469-1765), p. 47.
5. *Ibid.*
6. ਇਸ ਸਬੰਧੀ ਭਾਈ ਗੁਰਦਾਸ ਜੀ ਲਿਖਦੇ ਹਨ : ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ। ਵਾਰ ੧, ਪਉੜੀ ੨੭.
7. 'ਧੂਣੇ' ਤੇ 'ਬਖਸ਼ਿਸ਼ਾਂ' ਦਾ ਸਬੰਧ ਛੇਵੇਂ ਤੇ ਸਤਵੇਂ ਪਾਤਸ਼ਾਹਾਂ ਦੋਹਾਂ ਨਾਲ ਜੋੜਿਆ ਜਾਂਦਾ ਹੈ। ਇਸ ਸਬੰਧੀ ਵਿਸਤਾਰ ਸਹਿਤ ਵੇਖੋ: ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ-1972; ਪ੍ਰੋ. ਪਿਆਰਾ ਸਿੰਘ (ਪਦਮ), *ਸਿੱਖ ਸੰਪ੍ਰਦਾਵਲੀ*, ਪਟਿਆਲਾ-1990.
8. ਇਸ ਸਬੰਧੀ ਵੇਖੋ: ਪ੍ਰੋ. ਪ੍ਰੀਤਮ ਸਿੰਘ, *'ਉਦਾਸੀ ਸੰਪ੍ਰਦਾਇ ਦਾ ਭੂਤ ਤੇ ਭਵਿੱਖ'*, ਦਸਵਾਂ ਗੁਰੂ ਨਾਨਕ ਤੇ ਹੋਰ ਲੇਖ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਈ-1999, ਪੰਨੇ 135-49.
9. ਮੁਨਸ਼ੀ ਸੁਜਾਨ ਰਾਏ ਭੰਡਾਰੀ, *ਖ਼ੁਲਾਸਤੁਤ-ਤਵਾਰੀਖ਼*, (ਪੰਜਾਬੀ ਅਨੁ), ਪੰਜਾਬੀ ਯੂਨੀਵਰਸਿਟੀ, ਪਟਿਆਲਾ-1972, ਪੰਨਾ 502.
10. ਉਹੀ, ਪੰਨਾ 503.
11. ਇਸ ਮਸਲੇ ਦੀ ਵਿਸਤ੍ਰਿਤ ਚਰਚਾ ਲਈ ਵੇਖੋ : ਡਾ. ਹਰਚੰਦ ਸਿੰਘ (ਬੇਦੀ), *ਸਿਮਰਹੁ ਗੁਰੂ ਹਰਿਰਾਇ*, ਖਾਲਸਾ ਕਾਲਜ, ਅੰਮ੍ਰਿਤਸਰ-2000.
12. ਯਾਤਰਾਵਾਂ ਬਾਰੇ ਪੂਰਾ ਵਿਸਤਾਰ ਵੇਖੋ: ਸ. ਸੁਖਦਿਆਲ ਸਿੰਘ, ਸਤਨਾਮ ਕੌਰ, *ਸ੍ਰੀ ਗੁਰੂ ਹਰਿਰਾਇ ਜੀ: ਜੀਵਨ, ਯਾਤਰਾਵਾਂ ਤੇ ਸਰੋਤ*, ਨਿਸ਼ਾਂਤ ਪ੍ਰਕਾਸ਼ਨ, ਲੁਧਿਆਣਾ-1988, ਪੰਨੇ, 20-34.
13. ਗੁਰੂ ਜੀ ਦੇ ਸਿੱਖਾਂ ਬਾਰੇ ਵਿਸਤਾਰ ਵੇਖੋ : ਡਾ. ਗੁਰਬਚਨ ਸਿੰਘ (ਔਲਖ), *ਸਿਮਰੌ ਸ੍ਰੀ ਹਰਿਰਾਇ*, ਲਾਹੌਰ ਬੁੱਕ ਸ਼ਾਪ, ਲੁਧਿਆਣਾ—2004, ਪੰਨਾ 67; ਡਾ. ਜਸਬੀਰ ਸਿੰਘ (ਸਰਨਾ), *ਗੁਰੂ ਹਰਿਰਾਇ ਸਾਹਿਬ*, ਅਮਰੀਕਾ-2002.
14. ਵਿਸਤਾਰ ਵੇਖੋ : ਉਪਰੋਕਤ ਪਦ-ਟਿੱਪਣੀ, 13 ਦੀਆਂ ਪੁਸਤਕਾਂ।
15. ਹੋਰ ਸੰਪਾਦਨ ਵੇਖੋ : *ਦਸ ਗੁਰ ਕਥਾ*, (ਸੰਪਾ.) ਡਾ. ਕਿਰਪਾਲ ਸਿੰਘ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਮਿਤੀਹੀਣ ਅਤੇ *ਸੰਖੇਪ ਦਸ ਗੁਰ ਕਥਾ*, (ਸੰਪਾ), ਸੱਯਦ ਫਰਹਾ ਅਦੀਲ, ਸੁਚੇਤ ਕਿਤਾਬ ਘਰ, ਲਾਹੌਰ, ਮਈ—2001.
16. ਹੋਰ ਵੇਖੋ: *ਪਰਚੀ ਪਾਤਸ਼ਾਹੀ ਦਸਵੀਂ ਕੀ*, (ਸੰਪਾ.) ਪ੍ਰੋ. ਪਿਆਰਾ ਸਿੰਘ (ਪਦਮ), ਲੋਅਰ ਮਾਲ ਪਟਿਆਲਾ-1988;

ਇਸ ਦਾ ਅੰਗਰੇਜ਼ੀ ਅਨੁਵਾਦ ਵੀ ਹੈ : *Parchian Sewadas* (Episodes from lives of The Guru), (tr.) S. Kharak Singh & S. Gurtej Singh, Institute of Sikh Studies, Chandigarh-1995.

17. ਹੋਰ ਵੇਖੋ: *ਗੁਰਬਿਲਾਸ ਪਾਤਸ਼ਾਹੀ ਛੇਵੀਂ*, (ਸੰਪਾ.), ਗਿ. ਇੰਦਰ ਸਿੰਘ (ਗਿੱਲ), ਅੰਮ੍ਰਿਤਸਰ 1968; *ਗੁਰਬਿਲਾਸ ਪਾਤਸ਼ਾਹੀ ੬*, (ਸੰਪਾ.) ਡਾ. ਗੁਰਮੁਖ ਸਿੰਘ, ਪਟਿਆਲਾ-1997
18. ਇਸ ਰਚਨਾ ਦੀ ਸੰਪਾਦਨਾ ਪ੍ਰੋ. ਪਿਆਰਾ ਸਿੰਘ (ਪਦਮ) (ਅੰਮ੍ਰਿਤਸਰ-1997) ਤੇ ਡਾ. ਰਤਨ ਸਿੰਘ (ਜੱਗੀ) (ਪਰਖ, 1972) ਨੇ ਵੀ ਕੀਤੀ ਹੈ।
19. ਇਸ ਰਚਨਾ ਦਾ ਅੰਗਰੇਜ਼ੀ ਅਨੁਵਾਦ ਵੀ ਹੈ, ਵੇਖੋ: *Guru Kian Saakhian: Taler of the Sikh Gurus*, (Eng. tr.) S. Pritpal Singh (Binder), Singh Brothers, Amritsar-2005.
20. ਇਸ ਵਿਚ ਸਿਰਫ਼ ਸਿੱਖਾਂ ਨਾਲ ਸੰਬੰਧਿਤ ਸਮੱਗਰੀ ਹੀ ਅਨੁਵਾਦੀ ਗਈ ਹੈ।
21. ਫ਼ਾਰਸੀ ਵਿਚ ਇਸ ਨੂੰ ਜ਼ਫਰ ਹਸਨ ਨੇ ਸੰਪਾਦਿਤ ਕਰ ਕੇ 1918 ਈ. ਵਿਚ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ ਸੀ।

(1/2009)

# ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਪਰਉਪਕਾਰੀ ਕਾਰਜ

ਗੁਰੂ ਨਾਨਕ ਪਾਤਸ਼ਾਹ ਦਾ ਘਰ ਸਦਾ ਹੀ ਪਰਉਪਕਾਰੀ ਕਾਰਜਾਂ ਨਾਲ ਸੰਬੰਧਿਤ ਰਿਹਾ ਹੈ। ਸਤਵੇਂ ਪਾਤਸ਼ਾਹ ਗੁਰੂ ਹਰਿਰਾਇ ਸਾਹਿਬ ਦਾ ਸਮੁੱਚਾ ਜੀਵਨ ਸਰਬ-ਕਲਿਆਣਕਾਰੀ ਪਰਉਪਕਾਰੀ ਕਾਰਜਾਂ ਨਾਲ ਸਰਸ਼ਾਰ ਦਿੱਸਦਾ ਹੈ। ਆਪ ਬੜੇ ਕੋਮਲਭਾਵੀ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਤੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ (ਗੁਰੂ) ਹਰਿਰਾਇ ਸਾਹਿਬ ਜਿਥੇ ਸਰੀਰਕ ਪੱਖੋਂ ਤਕੜੇ ਤੇ ਰਿਸ਼ਟ-ਪੁਸ਼ਟ ਸਨ ਉਥੇ ਆਪ ਦੀ ਪ੍ਰਕ੍ਰਿਤੀ ਅਤਿਅੰਤ ਸੰਵੇਦਨਸ਼ੀਲ ਤੇ ਗੰਭੀਰ ਵੀ ਸੀ। ਆਪ ਦੇ ਚਿਹਰੇ ਤੋਂ ਖੇੜਾ ਅਤੇ ਗਹਿਰ-ਗੰਭੀਰਤਾ ਡੁੱਲ੍ਹ-ਡੁੱਲ੍ਹ ਪੈਂਦੀ। ਆਪ ਮੁੱਢਲੇ ਬਚਪਨ ਤੋਂ ਹੀ ਸੰਤ ਸੁਭਾਅ, ਆਤਮਕ ਗੁਣਾਂ ਦੀ ਖਾਣ ਅਤੇ ਦਇਆ ਤੇ ਪ੍ਰੇਮ ਦੇ ਸਾਗਰ ਸਨ। ਆਪ ਦੇ ਇਨ੍ਹਾਂ ਗੁਣਾਂ ਨੇ ਹੀ ਆਪ ਨੂੰ ਗੁਰ-ਪਦਵੀ ਦੇ ਅਧਿਕਾਰੀ ਤੇ ਆਪਣੇ ਦਾਦਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਉਤਰਾਧਿਕਾਰੀ ਬਣਾਇਆ। ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਨਾਲ ਲੜਾਈਆਂ ਮਗਰੋਂ ਸਮੇਂ ਦੇ ਮੁਗ਼ਲ ਸ਼ਾਸਕਾਂ ਨੇ ਉਨ੍ਹਾਂ ਨਾਲ ਮਿੱਤਰਤਾ ਦਾ ਹੱਥ ਵਧਾਉਣ ਵਿਚ ਹੀ ਭਲਾ ਸਮਝਿਆ। ਇਸ ਤਰ੍ਹਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਸਮੁੱਚੇ ਤੌਰ 'ਤੇ ਆਪਣੇ ਦਾਦਾ ਗੁਰੂ ਜੀ ਦੇ ਨਿਸਬਤ, ਉੱਥਲ-ਪੁੱਥਲ ਤੋਂ ਲਗਭਗ ਰਹਿਤ ਸੁਖ-ਸ਼ਾਂਤੀ ਭਰਿਆ ਸਮਾਂ ਪ੍ਰਾਪਤ ਹੋਇਆ ਜਿਸ ਨੂੰ ਆਪ ਨੇ ਗੁਰਬਾਣੀ ਤੇ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ ਅਤੇ ਸਿੱਖੀ ਦੇ ਪ੍ਰਸਾਰ ਲਈ, ਭਰਪੂਰ ਲਾਹਾ ਲੈਂਦਿਆਂ ਹੋਇਆਂ, ਉਪਯੋਗ ਵਿਚ ਲਿਆਂਦਾ। ਆਪ ਜੀ ਦੇ ਲਗਭਗ 17 ਵਰ੍ਹਿਆਂ ਦੇ ਗੁਰਿਆਈ ਕਾਲ ਵਿਚ ਸਿੱਖੀ ਦਾ ਵਿਆਪਕ ਪਾਸਾਰ ਹੋਇਆ।

ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਗੁਰ-ਗੱਦੀ 'ਤੇ ਬੈਠਣ ਤੋਂ ਪਹਿਲਾਂ ਦੇ ਸਮੇਂ ਦੀ ਇਕ ਘਟਨਾ ਉਲੇਖ ਕਰਨ ਯੋਗ ਹੈ। (ਗੁਰੂ) ਹਰਿਰਾਇ ਜੀ ਦਾ ਫੁੱਲਾਂ-ਬੂਟਿਆਂ ਪ੍ਰਤੀ ਪਿਆਰ ਬੜਾ ਤੀਬਰ ਤੇ ਗੂੜ੍ਹਾ ਸੀ। ਇਕ ਵਾਰ ਆਪ ਬਾਗ਼ ਵਿਚ ਟਹਿਲ ਰਹੇ ਸਨ ਕਿ ਆਪ ਦੇ ਖੁੱਲ੍ਹੇ ਚੋਲੇ ਨਾਲ ਅੜ ਕੇ ਕੁਝ ਫੁੱਲ ਭੁੰਝੇ ਡਿੱਗ ਪਏ। ਜਾਨਦਾਰ ਸੁੰਦਰ ਫੁੱਲਾਂ ਦਾ ਮਿੱਟੀ ਵਿਚ ਰੁਲਣਾ ਤੇ ਆਪਣੀ ਹੋਂਦ ਹਸਤੀ ਗੁਆਉਣਾ (ਗੁਰੂ) ਹਰਿਰਾਇ ਸਾਹਿਬ ਲਈ ਅਸਹਿ ਹੋ ਗਿਆ। ਆਪ 'ਤੇ ਉਦਾਸੀ ਦਾ ਆਲਮ ਭਾਰੂ ਹੋ ਗਿਆ। ਇਸ ਮੌਕੇ 'ਤੇ ਦਿਲਾਂ ਦੀਆਂ ਜਾਨਣ ਵਾਲੇ ਪ੍ਰੀਤਮ ਹਰਿਰਾਇ ਜੀ ਦੇ ਦਾਦਾ-ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਉਥੇ ਆਏ। ਆਪ ਨੇ (ਗੁਰੂ) ਹਰਿਰਾਇ ਸਾਹਿਬ ਨੂੰ ਇਸ ਮੌਕੇ 'ਤੇ ਅਨਮੋਲ ਸਿਖਿਆ ਭਰੇ ਪਿਆਰ-ਭਿੱਜੇ ਬੋਲਾਂ-ਬਚਨਾਂ ਨਾਲ ਵਰੋਸਾਇਆ, ਜਿਸ ਵਿਚ ਕੋਮਲ ਪ੍ਰਕਿਰਤੀ ਨੂੰ ਬਰਕਰਾਰ ਰੱਖਣ ਪਰ ਨਾਲ ਹੀ ਸੁਚੇਤਨਾ ਤੇ ਸਾਵਧਾਨੀ ਵਰਤਣ ਲਈ ਕਿਹਾ ਗਿਆ। ਆਗਿਆਕਾਰਤਾ ਦੀ ਮੂਰਤ ਪੋਤਰੇ ਨੇ ਗੁਰੂ-ਬਾਬੇ ਦੇ ਇਨ੍ਹਾਂ ਬੋਲਾਂ-ਬਚਨਾਂ ਨੂੰ ਆਪਣੇ ਆਗਾਮੀ ਜੀਵਨ ਦੀ ਦਿਸ਼ਾ-ਨਿਰਦੇਸ਼ ਲਈ ਸਦਾ ਯਾਦ

ਰੱਖਿਆ। ਇਨ੍ਹਾਂ ਵਿਚ ਵਿਦਮਾਨ ਨਸੀਹਤ ਉਨ੍ਹਾਂ ਦੇ ਜੀਵਨ ਦਾ ਅਨਿੱਖੜ ਅੰਗ ਬਣੀ ਰਹੀ।

(ਗੁਰੂ) ਹਰਿਰਾਇ ਸਾਹਿਬ ਗੁਰ-ਗੱਦੀ 'ਤੇ ਬੈਠਣ ਤੋਂ ਪਹਿਲਾਂ ਵੀ ਅਤੇ ਮਗਰੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 'ਪੀਉ ਦਾਦੇ' ਦੁਆਰਾ ਬਖ਼ਸ਼ੇ ਅਗੰਮੀ ਖ਼ਜ਼ਾਨੇ ਨੂੰ ਖੁੱਲ੍ਹ ਕੇ ਵਰਤਦੇ-ਵਰਤਾਉਂਦੇ। ਭਾਵਾਵੇਸ਼ ਵਿਚ ਸ਼ੇਖ ਫਰੀਦ ਜੀ ਦਾ ਇਹ ਸਲੋਕ ਆਪ ਬਾਰ ਬਾਰ ਉਚਾਰਦੇ :

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥੧੩੦॥**

*(ਪੰਨਾ ੧੩੮੪)*

ਆਪ ਸਦਾ ਹੀ ਤੱਕ ਵਿਚ ਰਹਿੰਦੇ ਕਿ ਕੋਈ ਪਰਉਪਕਾਰੀ ਕਾਰਜ ਕਰਨ ਨੂੰ ਮਿਲੇ। ਸ਼ਰਨ ਆਏ ਮਨੁੱਖਾਂ ਤੇ ਪਸ਼ੂ-ਪੰਛੀਆਂ ਦੀ ਸੇਵਾ-ਸੰਭਾਲ ਵਿਚੋਂ ਆਪ ਨੂੰ ਅੰਤਾਂ ਦੀ ਤ੍ਰਿਪਤੀ ਮਿਲਦੀ। (ਗੁਰੂ) ਹਰਿਰਾਇ ਸਾਹਿਬ ਨੂੰ ਗੁਰਗੱਦੀ ਦੀ ਪ੍ਰਾਪਤੀ ਹੋਣ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ, 2200 ਘੋੜ ਸਵਾਰਾਂ ਦੀ ਇਕ ਸੈਨਾ ਹਰ ਸਮੇਂ ਤਿਆਰ-ਬਰ-ਤਿਆਰ ਰੱਖਣ ਲਈ ਆਦੇਸ਼-ਨਿਰਦੇਸ਼ ਪ੍ਰਾਪਤ ਹੋਇਆ। ਅਜਿਹਾ ਹੀ ਕੀਤਾ ਗਿਆ। ਭਾਵੇਂ ਸਮਾਂ ਸੁਖ-ਸ਼ਾਂਤੀ ਵਾਲਾ ਆ ਗਿਆ ਸੀ ਪਰ ਇਹਤਿਆਤ ਤੇ ਸਾਵਧਾਨੀ ਵਜੋਂ ਅਜਿਹਾ ਕਰਨਾ ਜ਼ਰੂਰੀ ਸੀ। ਵੈਰੀਆਂ ਤੇ ਦੋਖੀਆਂ ਦਾ ਕੀ ਵਿਸਾਹ ਹੁੰਦਾ ਹੈ ? ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ 2200 ਘੋੜ ਸਵਾਰਾਂ ਦੀ ਸੈਨਾ ਹਰ ਸਮੇਂ ਤਿਆਰ-ਬਰ-ਤਿਆਰ ਰੱਖ ਕੇ ਇਸ ਸਿਧਾਂਤ ਦੀ ਸੱਚਾਈ ਤੇ ਸਾਰਥਕਤਾ ਨੂੰ ਪ੍ਰਗਟ ਕੀਤਾ ਕਿ ਜੰਗ ਦੀ ਤਿਆਰੀ ਹੀ ਅਮਨ ਦਾ ਸਹੀ ਰਾਹ ਹੈ। ਸੁਖ-ਸ਼ਾਂਤੀ ਭਰੇ ਸਮੇਂ ਵਿਚ ਅਰਥਾਤ ਜੰਗਾਂ-ਯੁੱਧਾਂ ਤੇ ਲੜਾਈਆਂ ਦੇ ਅਭਾਵ ਵਿਚ ਸੈਨਿਕਾਂ ਤੇ ਘੋੜਿਆਂ ਦਾ ਅਭਿਆਸ ਨਿਰੰਤਰ ਕਰਵਾਇਆ ਜਾਂਦਾ ਤੇ ਗੁਰੂ ਜੀ ਇਸ ਵਿਚ ਵਿਸ਼ੇਸ਼ ਰੁਚੀ ਲੈਂਦੇ। ਆਪ ਆਪਣੀ ਸੂਰਬੀਰ ਘੋੜ ਸਵਾਰਾਂ ਤੇ ਘੋੜਿਆਂ ਦੀ ਖੁਰਾਕ ਦਾ ਵੀ ਖ਼ਾਸ ਧਿਆਨ ਰੱਖਦੇ। ਕੀਰਤਪੁਰ ਵਿਖੇ ਚੁਬੱਚਾ ਸਾਹਿਬ ਇਸ ਦੇ ਸਬੂਤ ਵਜੋਂ ਖੜ੍ਹਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਪੈੜਾਂ 'ਤੇ ਚਲਦਿਆਂ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਸ਼ਿਕਾਰ ਕਰਨ ਦਾ ਅਭਿਆਸ ਵੀ ਜਾਰੀ ਰੱਖਿਆ। ਪਰ ਇਸ ਸੰਬੰਧ ਵਿਚ ਆਪ ਦੀ ਪਹੁੰਚ ਵਿਸਮਾਦੀ ਰੂਪ ਵਿਚ ਪਰਉਪਕਾਰੀ ਰਹੀ। ਸ਼ਿਕਾਰ ਦੀ ਮੁਹਿੰਮ ਸਮੇਂ ਆਪ ਦਾ ਵੱਧ ਤੋਂ ਵੱਧ ਸੰਭਵ ਜਤਨ ਹੁੰਦਾ ਹੈ ਕਿ ਜਾਨਵਰ ਨੂੰ ਮਾਰਨ ਨਾਲੋਂ ਜਿਉਂਦਾ ਫੜਿਆ ਜਾਏ। ਫੜੇ ਗਏ ਜਿਉਂਦੇ ਜਾਨਵਰਾਂ ਨੂੰ ਪਰਉਪਕਾਰੀ ਸਤਿਗੁਰੂ ਆਪਣੇ ਬਾਗ਼ ਵਿਚ ਰੱਖਦੇ, ਪਿਆਰ ਤੇ ਖ਼ਿਆਲ ਨਾਲ ਉਨ੍ਹਾਂ ਦੀ ਰੱਖਿਆ-ਸੁਰੱਖਿਆ ਤੇ ਪਾਲਣਾ ਕਰਦੇ। ਇਹ ਉਨ੍ਹਾਂ ਦਾ ਅਜਬ ਸ਼ੌਂਕ ਸੀ।

ਗੁਰਬਾਣੀ ਦੇ ਅਗੰਮੀ ਖ਼ਜ਼ਾਨੇ ਦੇ ਨਾਲ-ਨਾਲ, ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖ ਭਾਈ ਗੁਰਦਾਸ ਹੁਰਾਂ ਦੇ ਅਨਮੋਲ ਬਚਨ ਵੀ ਵਾਰਾਂ ਅਤੇ ਕਬਿੱਤ-ਸਵੱਯਾਂ ਦੇ ਰੂਪ ਵਿਚ ਗੁਰੂ-ਪਾਤਸ਼ਾਹ ਸੰਗਤਾਂ ਨੂੰ ਉਪਦੇਸ਼ ਦੇਣ ਹਿੱਤ ਖੁੱਲ੍ਹੇ ਦਿਲ ਵਰਤਦੇ-ਵਰਤਾਉਂਦੇ। ਭਾਈ ਸਾਹਿਬ ਦੀ ਅਠਾਈਵੀਂ ਵਾਰ ਦੀ ਪੰਦਰ੍ਹਵੀਂ ਪਉੜੀ, ਜਿਸ ਦਾ ਆਪ ਬਾਰ-ਬਾਰ ਉਲੇਖ ਕਰਦੇ ਤੇ ਹਵਾਲੇ ਵਜੋਂ ਪ੍ਰਯੋਗ ਕਰਦੇ, ਉਸ ਦਾ ਮੂਲ ਆਧਾਰ ਇਸ ਵਿਚ ਵਰਣਨ ਕੀਤਾ ਗਿਆ ਗੁਰਸਿੱਖ ਦਾ ਪਰਉਪਕਾਰੀ ਜੀਵਨ ਹੈ। ਪਉੜੀ ਦਾ ਮੂਲ ਇਸ ਪ੍ਰਕਾਰ ਹੈ :

ਪਿਛਲ ਰਾਤੀਂ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।
ਸਾਧਸੰਗਤਿ ਮਿਲਿ ਗਾਂਵਦੇ ਰਾਤਿ ਦਿਹੈਂ ਨਿਤ ਚਲਿ ਚਲਿ ਜਾਏ।
ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨੁ ਪਰਚਾਏ।
ਆਸਾ ਵਿਚਿ ਨਿਰਾਸੁ ਵਲਾਏ॥

*(ਭਾਈ ਗੁਰਦਾਸ ੧੫/੨੮)*

ਪੰਗਤ ਅਥਵਾ ਲੰਗਰ ਦੀ ਪਹਿਲੇ ਪਾਤਸ਼ਾਹ ਦੇ ਹੀ ਸਮੇਂ ਤੋਂ ਤੁਰੀ ਮਰਯਾਦਾ ਹਰ ਆਉਣ ਵਾਲੇ ਗੁਰੂ-ਪਾਤਸ਼ਾਹ ਦੇ ਸਮੇਂ ਹੋਰ ਵਿਸਥਾਰ-ਵਿਸਮਾਦੀ ਰੂਪ ਧਾਰਨ ਕਰਦੀ ਰਹੀ। ਸ੍ਰੀ ਗੁਰੂ ਹਰਿਰਾਇ ਸਾਹਿਬ ਇਸ ਨੂੰ ਵਿਸ਼ੇਸ਼ ਤੌਰ 'ਤੇ ਇਸ ਦੇ ਪਰਉਪਕਾਰੀ ਮਨੋਰਥ ਅਨੁਸਾਰ ਦੇਖਦੇ ਰਹੇ ਤੇ ਗੁਰੂ-ਘਰ ਦੇ ਇਲਾਵਾ ਆਪ ਨੇ ਆਪਣੇ ਵਿਸ਼ੇਸ਼ ਉਪਦੇਸ਼ਾਂ, ਉਪਰਾਲਿਆਂ ਤੇ ਪ੍ਰੇਰਨਾ ਦਾ ਸਦਕਾ ਇਸ ਮਰਯਾਦਾ ਨੂੰ ਪਿੰਡ ਪੱਧਰ ਅਤੇ ਗ੍ਰਿਹ ਪੱਧਰ 'ਤੇ ਢਾਲਣ ਦਾ ਪਰਉਪਕਾਰੀ ਕਰਮ ਕੀਤਾ ਤਾਂ ਜੋ ਲੋੜਵੰਦਾਂ ਨੂੰ ਕਿਤੇ ਵੀ ਠਹਿਰਨਾ ਪਵੇ ਤਾਂ ਉਨ੍ਹਾਂ ਨੂੰ ਪ੍ਰਸ਼ਾਦਾ ਪ੍ਰਾਪਤ ਹੋ ਸਕੇ, ਕਿਉਂ ਜੋ ਖਾਣਾ ਤਾਂ ਸਰੀਰ ਦੀ ਮੁੱਢਲੀ ਤੇ ਸਭ ਤੋਂ ਪਹਿਲੀ ਲੋੜ ਹੈ। ਆਪ ਆਪਣੇ ਸਿੱਖਾਂ ਨੂੰ ਤਾਕੀਦ ਦੇ ਰੂਪ ਵਿਚ ਪ੍ਰੇਰਦੇ :

"ਜੋ ਵੀ ਲੋੜਵੰਦ ਤੁਹਾਡੇ ਪਾਸ ਆਵੇ ਉਸ ਨੂੰ ਪ੍ਰਸ਼ਾਦ ਜ਼ਰੂਰ ਛਕਾਓ। ਜਿਹੜੇ ਅਜਿਹਾ ਕਰਨਗੇ ਉਨ੍ਹਾਂ 'ਤੇ ਗੁਰੂ ਦੀ ਕਿਰਪਾ ਹੋਵੇਗੀ।"

ਪਾਤਸ਼ਾਹ ਦੀ ਅਜਿਹੀ ਪ੍ਰੇਰਨਾ ਦਾ ਸਦਕਾ ਉਨ੍ਹਾਂ ਦੇ ਸਮੇਂ ਥਾਂ-ਥਾਂ ਲੰਗਰ ਲੱਗਣ ਲੱਗੇ। ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਰੋਗੀਆਂ ਨੂੰ ਕਾਰਗਰ ਦਵਾ-ਦਾਰੂ ਦੇਣ ਅਤੇ ਅਰੋਗਤਾ ਅਤੇ ਤੰਦਰੁਸਤੀ ਦੀਆਂ ਬਖ਼ਸ਼ਿਸ਼ਾਂ ਕਰਨ ਦੇ ਪਰਉਪਕਾਰੀ ਕਾਰਜਾਂ ਦਾ ਵਿਸ਼ੇਸ਼ ਪ੍ਰਬੰਧ ਵਿਧਾਨ ਬਣਾਇਆ। ਆਪ ਨੇ ਵਿਸ਼ੇਸ਼ ਰੁਚੀ ਲੈ ਕੇ ਇਕ ਬਹੁਤ ਵੱਡਾ ਦਵਾਖਾਨਾ ਖੋਲ੍ਹਿਆ, ਜਿਸ ਵਿਚ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਵਾ ਕੇ ਰੱਖਣ ਦਾ ਪ੍ਰਬੰਧ ਕੀਤਾ। ਇਹ ਦਵਾਖਾਨਾ ਰੋਗੀਆਂ ਲਈ ਦਿਨ-ਰਾਤ ਖੁੱਲ੍ਹਾ ਰਹਿੰਦਾ ਤੇ ਨਿਸ਼ਕਾਮ ਸੇਵਾ-ਸੰਭਾਲ ਵੀ ਮੁਹੱਈਆ ਕਰਦਾ। ਇਸ ਦਵਾਖਾਨੇ ਤੋਂ ਇਕ ਵਾਰ ਸ਼ਾਹ ਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਦੀ ਸਖ਼ਤ ਬਿਮਾਰੀ ਦੀ ਹਾਲਤ 'ਚ ਸਿਆਣੇ ਹਕੀਮ ਵਲੋਂ ਸੁਝਾਈ ਗਈ ਇਕ ਖ਼ਾਸ ਵਜ਼ਨ ਦੀ ਹਰੜ ਤੇ ਲੌਂਗ ਉਪਲਬਧ ਹੋਏ। ਗੁਰੂ-ਘਰ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਵਿਸ਼ੇਸ਼ ਤੌਰ 'ਤੇ ਵੈਰ ਕਮਾਉਂਦੇ ਰਹਿਣ ਵਾਲੇ ਸ਼ਾਹ ਜਹਾਨ ਨੂੰ, ਉਸ ਦੇ ਬਿਮਾਰ ਪੁੱਤਰ ਲਈ ਨਿਰਵੈਰ ਅਤੇ ਪਰਉਪਕਾਰੀ ਸਤਿਗੁਰੂ ਜੀ ਨੇ ਮੰਗੀਆਂ ਉਪਰੋਕਤ ਦੋਹਾਂ ਚੀਜ਼ਾਂ ਭੇਜੀਆਂ। ਦਾਰਾ ਸ਼ਿਕੋਹ ਰੋਗ-ਮੁਕਤ ਹੋਇਆ, ਧੰਨਵਾਦ ਕਰਨ ਗੁਰੂ ਘਰ ਚੱਲ ਕੇ ਆਇਆ ਤੇ ਗੁਰੂ-ਪਾਤਸ਼ਾਹ ਦੇ ਦਰਸ਼ਨ ਕਰ ਗਦ-ਗਦ ਹੋਇਆ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੀ ਸੈਨਾ ਨੂੰ ਵੀ, ਜਿਥੋਂ ਤੱਕ ਸੰਭਵ ਹੋਇਆ ਪਰਉਪਕਾਰੀ ਕਾਰਜਾਂ ਲਈ ਪ੍ਰਯੋਗ ਕੀਤਾ। ਆਪ ਦੁਆਰਾ ਕੀਤੀ ਗਈ ਦਾਰਾ ਸ਼ਿਕੋਹ ਦੀ ਸਹਾਇਤਾ ਦਾ ਵਿਸ਼ੇਸ਼ ਤੌਰ 'ਤੇ ਉਲੇਖ ਕਰਨਾ ਬਣਦਾ ਹੈ। ਸ਼ਾਹ ਜਹਾਨ ਦੇ ਪੁੱਤਰਾਂ ਦਰਮਿਆਨ

ਕਸ਼ਮਕਸ਼ ਚੱਲ ਰਹੀ ਸੀ ਜਿਸ ਵਿਚ ਆਯੂ ਵਿਚ ਸਭ ਤੋਂ ਵੱਡਾ ਤੇ ਰੂਹਾਨੀ ਤੇ ਸੂਫ਼ੀ ਵਿਚਾਰਾਂ ਤੋਂ ਪ੍ਰਭਾਵਿਤ ਦਾਰਾ ਸ਼ਿਕੋਹ, ਸਭ ਤੋਂ ਵੱਧ ਕਰੂਰ ਤੇ ਬੇਕਿਰਕ ਔਰੰਗਜ਼ੇਬ ਦੁਆਰਾ ਮਗਰ ਲਾਈ ਫ਼ੌਜ ਤੋਂ ਬਚਦਾ-ਬਚਾਉਂਦਾ ਸਿਰ ਲੁਕਾਉਂਦਾ ਹੋਇਆ ਜੀਅ-ਭਿਆਣਾ ਗੁਰੂ-ਦਰਬਾਰ ਪੁੱਜਾ ਤੇ ਸਹਾਇਤਾ ਲਈ ਨਿਮਰਤਾ ਸਹਿਤ ਬੇਨਤੀ ਕੀਤੀ। ਪਰਉਪਕਾਰੀ ਸਤਿਗੁਰੂ ਜੀ ਨੇ ਆਪਣੇ ਘੋੜ-ਸਵਾਰ ਸੈਨਿਕ ਬਿਆਸ ਦੇ ਕੰਢੇ ਭੇਜੇ ਜਿਨ੍ਹਾਂ ਦੁਆਰਾ ਬੇੜੀਆਂ ਨੂੰ ਆਪਣੇ ਅਧਿਕਾਰ ਹੇਠ ਲੈਂਦਿਆਂ ਹੋਇਆਂ ਮਗਰ ਲੱਗੀ ਸੈਨਾ ਨੂੰ ਦਰਿਆ ਪਾਰ ਕਰਨ ਤੋਂ ਇਕ ਦਿਨ ਤਕ ਰੋਕੀ ਰੱਖਿਆ। ਦਾਰਾ ਸ਼ਿਕੋਹ ਨੂੰ ਪ੍ਰਸ਼ਾਦ-ਪਾਣੀ ਛਕਾ ਕੇ ਧੀਰਜ ਬੰਨ੍ਹਾਉਂਦਿਆਂ ਵਿਦਾ ਕਰ ਦਿੱਤਾ ਗਿਆ। ਦਾਰਾ ਇਸ ਪਰਉਪਕਾਰੀ ਕਾਰਜ ਬਦਲੇ ਆਪਣੇ ਜੀਵਨ ਦੇ ਅੰਤਮ ਸੁਆਸਾਂ ਤਕ ਗੁਰੂ ਸਾਹਿਬ ਪ੍ਰਤੀ ਅਹਿਸਾਨਮੰਦ ਰਿਹਾ। ਗੁਰੂ ਸਾਹਿਬ ਦੇ ਇਸ ਪਰਉਪਕਾਰੀ ਕਾਰਜ ਨਾਲ ਇਕ ਨੇਕ-ਜਨ ਦਾਰਾ ਸ਼ਿਕੋਹ ਦੀ ਜ਼ਿੰਦਗੀ ਤਾਂ ਬਚੀ ਹੀ, ਇਸ ਦੇ ਨਾਲ ਹੀ ਸੰਭਵ ਲੜਾਈ ਵੀ ਟਲੀ ਤੇ ਕਈ ਮਨੁੱਖ, ਜਿਨ੍ਹਾਂ ਦੀਆਂ ਉਸ ਵਿਚ ਜਾਨਾਂ ਜਾਣੀਆਂ ਸਨ, ਜਿਉਂਦੇ ਰਹੇ ਤੇ ਆਪਣੇ ਪਰਿਵਾਰ ਪਾਲਦੇ ਰਹੇ। ਗੁਰੂ-ਪਾਤਸ਼ਾਹ ਨੇ ਇਸ ਤਰ੍ਹਾਂ ਸੈਨਿਕ ਸ਼ਕਤੀ ਨੂੰ ਅਮਨ ਤੇ ਸੁਖ-ਸ਼ਾਂਤੀ ਦੇ ਉਦੇਸ਼ ਹਿੱਤ ਪ੍ਰਯੋਗ ਕੀਤਾ।

ਸੁਥਰੇ ਸ਼ਾਹ, ਭਗਵਾਨ ਗਿਰ ਅਥਵਾ ਭਗਤ ਭਗਵਾਨ, ਭਾਈ ਸੰਗਤ ਅਥਵਾ ਫੇਰੂ, ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ ਅਤੇ ਭਾਈ ਭਗਤੂ ਆਦਿ ਨੂੰ ਸਿੱਖੀ ਪ੍ਰਚਾਰ ਲਈ ਕ੍ਰਿਆਸ਼ੀਲ ਕਰਨਾ ਅਤੇ ਟਕੇ ਉਗਰਾਹੁਣ ਦੇ ਉਦੇਸ਼ ਨਾਲ ਆਏ ਪਹਾੜੀ ਰਾਜਿਆਂ ਨੂੰ ਆਪ ਦੁਆਰਾ ਦਿੱਤਾ ਉਪਦੇਸ਼ ਵੀ ਆਪ ਦੇ ਪਰਉਪਕਾਰੀ ਕਾਰਜ ਹਨ। ਇਸ ਪ੍ਰਥਾਏ ਪਹਾੜੀ ਰਾਜਿਆਂ ਨੂੰ ਆਪ ਦੇ ਮੁਖਾਰਬਿੰਦ ਤੋਂ ਉਚਾਰੇ ਬੋਲ ਸਨ:

> ਹੰਕਾਰ ਦਾ ਤਿਆਗ ਕਰੋ, ਹਲੀਮੀ ਵਾਲਾ ਰਾਜ ਕਰੋ, ਪਰਜਾ ਨੂੰ ਦੁਖੀ ਨਾ ਕਰੋ। ਪਰਜਾ ਨੂੰ ਦੁਖੀ ਕਰੋਗੇ ਤਾਂ ਕਰਤਾਰ ਦੀ ਕਰੋਪੀ ਅਤੇ ਨਰਕਾਂ ਦੇ ਭਾਗੀ ਬਣੋਗੇ। ਪਰ-ਨਾਰੀ ਅਤੇ ਪਰ-ਧਨ ਦਾ ਤਿਆਗ ਕਰੋ, ਸ਼ਰਾਬ ਨਾ ਪੀਓ, ਪਰਜਾ ਦੀਆਂ ਸ਼ਿਕਾਇਤਾਂ ਸੁਣ ਕੇ ਉਨ੍ਹਾਂ ਦੇ ਦੁੱਖ ਦੂਰ ਕਰੋ। ਪਰਜਾ ਜੜ੍ਹ ਹੁੰਦੀ ਹੈ, ਰਾਜੇ ਰੁੱਖ ਦੀਆਂ ਸ਼ਾਖਾਂ ਹੁੰਦੇ ਹਨ। ਜਿਹੜਾ ਰਾਜਾ ਪਰਜਾ ਨੂੰ ਦੁਖੀ ਕਰਦਾ ਹੈ, ਉਹ ਆਪਣੀ ਜੜ੍ਹੀਂ ਕੁਹਾੜਾ ਮਾਰਦਾ ਹੈ। ਲੋਕਾਂ ਦੇ ਭਲੇ ਲਈ ਤਾਲ, ਖੂਹ, ਪੁਲ, ਪਾਠਸ਼ਾਲਾ ਤੇ ਧਰਮਸ਼ਾਲਾ ਖੋਲ੍ਹੋ ਅਤੇ ਧਰਮ ਦਾ ਪ੍ਰਚਾਰ ਕਰੋ।[1]

ਐਸੇ ਪਰਉਪਕਾਰੀ ਸਤਿਗੁਰੂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਓ ਅਸੀਂ ਆਪਣੇ ਇਸ ਜੀਵਨ ਵਿਚ ਸਰਬ-ਕਲਿਆਣਕਾਰੀ ਮਾਰਗ 'ਤੇ ਤੁਰਨ ਦਾ ਪ੍ਰਣ ਕਰੀਏ।

(2/2002)

1. *ਸਿੱਖ ਇਤਿਹਾਸ*, ਕ੍ਰਿਤ ਪ੍ਰੋ. ਕਰਤਾਰ ਸਿੰਘ।

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ: ਵਰਤਮਾਨ ਪ੍ਰਸੰਗਿਕਤਾ

ਦੁਨੀਆਂ ਦੇ ਅਜ਼ੀਮ ਅਤੇ ਅਦੁੱਤੀ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ 'ਜੀਵਨ-ਜੁਗਤ' ਅਤੇ 'ਗੁਰਮਤਿ ਸਿਧਾਂਤ' ਜਗਤ ਦੇ ਸਾਹਮਣੇ ਰੱਖੇ ਅਤੇ ਉਨ੍ਹਾਂ ਪਿੱਛੋਂ ਨੌਂ ਗੁਰੂ ਸਾਹਿਬਾਨ ਨੇ ਕਠਿਨ ਘਾਲਨਾਵਾਂ ਘਾਲ ਕੇ, ਕੁਰਬਾਨੀਆਂ ਦੇ ਕੇ ਅਤੇ ਮਹਾਨ ਸ਼ਹੀਦੀਆਂ ਪਾ ਕੇ ਨਿਭਾਏ। ਗੁਰਮਤਿ ਵਿਚ ਲੋਭ, ਲਾਲਚ, ਤਮਾ, ਤ੍ਰਿਸ਼ਨਾਵਾਂ ਅਤੇ ਲਾਲਸਾਵਾਂ ਨਾਲੋਂ ਸਤ, ਸੰਤੋਖ, ਸੰਜਮ ਅਤੇ ਸਬਰ ਨੂੰ ਅਤੀ ਉਤਮ ਸਮਝਿਆ ਗਿਆ ਹੈ। ਇਹੋ ਹੀ ਕਾਨੂੰਨੇ-ਕੁਦਰਤ ਹੈ। ਇਸ ਸਬਰ, ਸੰਜਮ ਅਤੇ ਸੰਤੋਖ ਦੇ ਨਿਯਮ ਅਨੁਸਾਰ ਹੀ ਚੰਦ, ਸੂਰਜ, ਧਰਤੀ ਅਤੇ ਤਾਰੇ-ਸਿਤਾਰੇ ਆਪਣੇ-ਆਪਣੇ ਘੇਰੇ ਅੰਦਰ ਘੁੰਮ ਰਹੇ ਹਨ, ਕਾਰਜਸ਼ੀਲ ਹਨ। ਜੇਕਰ ਇਥੇ ਸੰਜਮ ਟੁੱਟ ਜਾਏ ਤਾਂ ਸਾਰੇ ਬ੍ਰਹਿਮੰਡ ਵਿਚ ਮੁਕੰਮਲ ਵਿਨਾਸ਼ਕਾਰੀ ਸਥਿਤੀ ਪੈਦਾ ਹੋ ਜਾਵੇਗੀ। ਸਬਰ ਅਤੇ ਸੰਜਮ ਵਿਚ ਵਿਚਰਦਿਆਂ ਮਨੁੱਖ ਕੁਦਰਤ ਦੀ ਮੁੱਖ ਧਾਰਾ ਨਾਲ ਜੁੜ ਕੇ ਮਹਾਨ ਹੋ ਜਾਂਦਾ ਹੈ ਪਰੰਤੂ ਇਸ ਨਾਲੋਂ ਟੁੱਟ ਕੇ ਭਾਵ ਮਨਮਤਿ ਧਾਰਨ ਕਰਕੇ ਇਸ ਮੁੱਖ ਧਾਰਾ ਤੋਂ ਟੁੱਟ ਜਾਂਦਾ ਹੈ ਅਤੇ ਉਹ ਅਲੱਗ-ਥਲੱਗ ਪੈ ਜਾਂਦਾ ਹੈ। ਸਤਿਗੁਰਾਂ ਦਾ ਫੁਰਮਾਨ ਹੈ:

**ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥**
**ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥** *(ਪੰਨਾ ੧੩੮੪)*

ਰਾਮਰਾਇ ਨੇ ਸਬਰ, ਸੰਤੋਖ ਅਤੇ ਸੰਜਮ ਨੂੰ ਤਿਆਗ ਕਰ ਕੇ ਨਿੱਜੀ ਸੁਆਰਥਾਂ ਦੀ ਪ੍ਰਾਪਤੀ ਹਿੱਤ ਰਾਜ-ਦਰਬਾਰ ਦਾ ਪ੍ਰਭਾਵ ਕਬੂਲ ਕਰ ਕੇ ਵੱਡਾ ਉਪੱਦ੍ਰਵ ਕੀਤਾ, ਜਿਸ ਦੀ ਸਜ਼ਾ ਉਸ ਨੂੰ ਪਹਿਲਾਂ ਆਪਣੇ 'ਗੁਰੂ ਪਿਤਾ' ਅਤੇ ਸਿੱਖ ਸੰਗਤ ਤੋਂ ਛੇਕੇ ਜਾਣ ਨਾਲ ਮਿਲੀ।

ਇਸ ਲੇਖ ਵਿਚ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਬਾਰੇ ਵਿਚਾਰ ਕਰ ਰਹੇ ਹਾਂ ਤਾਂ ਜੋ ਪਾਠਕਾਂ ਨੂੰ ਸਤਿਗੁਰਾਂ ਦੇ ਜੀਵਨ, ਪ੍ਰਾਪਤੀਆਂ ਅਤੇ ਕਾਰਜਸ਼ੀਲਤਾ ਬਾਰੇ ਚਾਨਣਾ ਹੋਣ ਦੇ ਨਾਲ-ਨਾਲ ਇਹ ਵੀ ਸਪਸ਼ਟ ਹੋ ਸਕੇ ਕਿ ਕਿਸ ਪ੍ਰਕਾਰ ਗੁਰਮਤਿ ਸਿਧਾਂਤ ਉਤੇ ਸਾਬਤ-ਕਦਮੀ ਪਹਿਰਾ ਦਿੰਦਿਆਂ ਗੁਰੂ ਜੀ ਨੇ ਆਪਣੇ ਪੁੱਤਰ ਨਾਲੋਂ ਸਿਧਾਂਤ ਨੂੰ ਸਰਬਉਚ ਸਮਝਿਆ ਅਤੇ ਨਿੱਜੀ ਸੁਆਰਥ ਹਿੱਤ ਗੁਰਮਤਿ ਸਿਧਾਂਤ, ਗੁਰਬਾਣੀ ਅਤੇ ਗੁਰ ਉਪਦੇਸ਼ ਤੋਂ ਮੂੰਹ ਮੋੜਦਿਆਂ "ਏ ਭੂਪਤਿ ਸਭ ਦਿਵਸ ਚਾਰਿ ਕੇ" ਨੂੰ ਖੁਸ਼ ਕਰਨ ਲਈ ਆਪਣੇ ਵੱਡੇ ਪੁੱਤਰ ਰਾਮਰਾਇ ਵੱਲੋਂ ਕੀਤੀ ਕਰਤੂਤ ਕਾਰਨ ਉਸ ਨੂੰ ਸਿਰਫ਼ ਤਿਆਗਿਆ ਹੀ ਨਹੀਂ ਸਗੋਂ ਸਿੱਖ ਸੰਗਤਾਂ ਨੂੰ ਰਾਮਰਾਇ ਨੂੰ ਕਦੀ ਵੀ ਮੂੰਹ ਨਾ ਲਾਉਣ ਦਾ ਆਦੇਸ਼ ਵੀ ਕਰ ਦਿੱਤਾ, ਜੋ ਗੁਰੂ-ਆਦੇਸ਼ ਅੱਜ ਤੀਕ ਵੀ ਸਿੱਖ ਸੰਗਤਾਂ ਲਈ ਪਾਲਣਾ ਕਰਨ ਯੋਗ ਹੈ। ਅਜੋਕੇ ਸਮੇਂ ਜਦੋਂ ਬੱਚਿਆਂ ਦੇ ਮਾਤਾ-ਪਿਤਾ ਬੱਚਿਆਂ ਦੀ ਥੋਥੀ ਅਤੇ ਥੋੜ੍ਹ-ਚਿਰੀ ਪਰੰਤੂ ਘਾਤਕ ਖੁਸ਼ੀ ਨੂੰ ਮੁੱਖ ਰੱਖਦਿਆਂ ਆਪਣੇ

ਸਾਰੇ ਸਿਧਾਂਤਾਂ, ਸੱਭਿਆਚਾਰ ਅਤੇ ਵਿਰਸੇ ਨੂੰ ਤਿਲਾਂਜਲੀ ਦੇਈ ਜਾ ਰਹੇ ਹਨ, ਸ੍ਰੀ ਗੁਰੂ ਹਰਿਰਾਇ ਜੀ ਵੱਲੋਂ ਵਿਖਾਇਆ ਰਸਤਾ ਹੋਰ ਵੀ ਜ਼ਿਆਦਾ ਮਹੱਤਵ ਵਾਲਾ ਹੋ ਜਾਂਦਾ ਹੈ। ਆਓ! ਸਤਿਗੁਰਾਂ ਦੇ ਜੀਵਨ, ਘਾਲਨਾਵਾਂ ਅਤੇ ਸਿਧਾਂਤ ਦੀ ਪਰਪੱਕਤਾ ਬਾਰੇ ਜਾਣਕਾਰੀ ਪ੍ਰਾਪਤ ਕਰੀਏ ਤਾਂ ਜੋ ਅਸੀਂ ਆਪਣੀ ਜੀਵਨ-ਸ਼ੈਲੀ ਵਿਚ ਉਪਯੋਗੀ ਤਬਦੀਲੀ ਲਿਆ ਸਕੀਏ ਅਤੇ ਗੁਰੂ ਜੀ ਵੱਲੋਂ ਦਰਸਾਏ ਮਾਰਗ ਦੇ ਪਾਂਧੀ ਬਣਦਿਆਂ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਹੋ ਸਕੀਏ।

ਸ੍ਰੀ ਗੁਰੂ ਹਰਿਰਾਇ ਸਾਹਿਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਅਤੇ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੇ ਸਪੁੱਤਰ ਸਨ। ਉਨ੍ਹਾਂ ਦਾ ਪ੍ਰਕਾਸ਼ ੧੯ ਮਾਘ ਸੰਮਤ ੧੬੮੬ ਬਿ: ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਬਚਪਨ ਤੋਂ ਹੀ ਸੰਤ-ਸੁਭਾਅ ਅਤੇ ਪਰਮੇਸ਼ਰ ਦੀ ਭਜਨ-ਬੰਦਗੀ ਵਿਚ ਲੱਗੇ ਰਹਿਣ ਵਾਲੇ ਸਤਿ-ਸੰਤੋਖ ਦੀ ਮੂਰਤ ਸਨ। ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਹੁਤ ਸਤਿਕਾਰ ਕਰਦੇ ਅਤੇ ਸਦਾ ਉਨ੍ਹਾਂ ਦੀ ਹਜ਼ੂਰੀ ਵਿਚ ਰਹਿੰਦੇ ਸਨ।

ਗੁਰੂ ਜੀ ਬਹੁਤ ਕੋਮਲ ਸੁਭਾਅ ਅਤੇ ਸ਼ਾਂਤ ਰਹਿਣ ਵਾਲੇ ਸਨ। 1644 ਈ. ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਪਿੱਛੋਂ ਗੁਰਗੱਦੀ ਦੀ ਪੂਰੀ ਜ਼ਿੰਮੇਵਾਰੀ ਆਪ ਨੇ ਸੰਭਾਲੀ। ਗੁਰੂ ਜੀ ਦੇ ਨਾਲ ਉਚ-ਕੋਟੀ ਦੇ 2200 ਸਿੰਘ ਸੂਰਮੇ ਜਵਾਨਾਂ ਦੀ ਇਕ ਫੌਜੀ ਟੁਕੜੀ ਨਾਲ ਰਹਿੰਦੀ ਸੀ ਜੋ ਖਾਲਸਾ ਪੰਥ ਦਾ ਜੁਝਾਰੂ ਰੂਪ ਉਜਾਗਰ ਕਰਦੀ ਸੀ। ਪਰ ਉਹ ਲੜਾਈ ਝਗੜੇ ਤੋਂ ਸਦਾ ਦੂਰ ਰਹਿੰਦੇ ਸਨ। ਇੱਥੇ ਇਹ ਵੀ ਵਰਣਨਯੋਗ ਹੈ ਕਿ ਕਿਸੇ ਵੀ ਗੁਰੂ ਸਾਹਿਬ ਨੇ ਕਿਸੇ ਉਤੇ ਪਹਿਲਾਂ ਹਮਲਾ ਨਹੀਂ ਕੀਤਾ। ਹਾਂ! ਹਮਲਾਵਰ ਦਾ ਮੂੰਹ ਜ਼ਰੂਰ ਮੋੜਿਆ ਅਤੇ ਉਸ ਨੂੰ ਧੂਲ ਚਟਾ ਦਿੱਤੀ। ਆਪ ਜੀ ਦਾ ਬਹੁਤ ਸਮਾਂ ਪਰਮੇਸ਼ਰ ਦੀ ਭਗਤੀ ਵਿਚ ਹੀ ਬਤੀਤ ਹੁੰਦਾ। ਗੁਰੂ ਜੀ ਦਿਆਲੂ ਵੀ ਬਹੁਤ ਸਨ। ਕਿਸੇ ਸਵਾਲੀ ਜਾਂ ਸ਼ਰਨ ਆਏ ਨੂੰ ਕਦੇ ਜਵਾਬ ਨਹੀਂ ਸਨ ਦਿੰਦੇ। ਗੁਰੂ ਜੀ ਦੇ ਖਜ਼ਾਨੇ ਵਿਚ ਬਹੁਤ ਦੁਰਲੱਭ ਅਤੇ ਕੀਮਤੀ ਚੀਜ਼ਾਂ ਜਮ੍ਹਾਂ ਹੋ ਗਈਆਂ ਸਨ। ਸੰਗਤਾਂ ਵੱਲੋਂ ਭੇਟ ਕੀਤੇ ਕੀਮਤੀ ਪਦਾਰਥ ਵਿਸ਼ੇਸ਼ ਤੌਰ 'ਤੇ ਸੰਭਾਲੇ ਜਾਂਦੇ ਸਨ ਕਿਉਂਕਿ ਇਨ੍ਹਾਂ ਨਾਲ ਕਿਸੇ ਦੀ ਵੀ ਸਹਾਇਤਾ ਕੀਤੀ ਜਾ ਸਕਦੀ ਸੀ।

ਇਕ ਵਾਰ ਬਾਦਸ਼ਾਹ ਸ਼ਾਹ ਜਹਾਨ ਦਾ ਬੇਟਾ ਦਾਰਾ ਸ਼ਿਕੋਹ ਬਹੁਤ ਬਿਮਾਰ ਹੋ ਗਿਆ। ਹਕੀਮਾਂ ਨੇ ਦੱਸਿਆ ਕਿ ਇਹਦੇ ਰਾਜ਼ੀ ਕਰਨ ਲਈ ਦਸ ਤੋਲੇ ਦੀ ਹਰੜ ਅਤੇ ਮਾਸੇ ਦਾ ਲੌਂਗ ਚਾਹੀਦੇ ਹਨ। ਇਹ ਚੀਜ਼ਾਂ ਕਿਤੋਂ ਨਾ ਲੱਭੀਆਂ ਤਾਂ ਪੀਰ ਹਸਨ ਅਲੀ ਅਤੇ ਸ਼ੇਖ ਅਲੀ ਗੰਗੋਹੀ ਨੇ ਦੱਸਿਆ ਕਿ ਇਹ ਦੁਰਲੱਭ ਚੀਜ਼ਾਂ ਉਨ੍ਹਾਂ ਨੇ ਗੁਰੂ ਹਰਿਰਾਇ ਸਾਹਿਬ ਦੇ ਖਜ਼ਾਨੇ ਵਿਚ ਵੇਖੀਆਂ ਹਨ। ਸ਼ਾਹ ਜਹਾਨ ਨੇ ਆਕਲ ਖਾਂ ਅਤੇ ਗੁਲਬੇਲ ਖਾਂ ਨੂੰ ਗੁਰੂ ਜੀ ਪਾਸੋਂ ਇਹ ਅਮੋਲਕ ਪਦਾਰਥ ਲੈਣ ਲਈ ਭੇਜਿਆ। ਉਨ੍ਹਾਂ ਨੇ ਗੁਰੂ ਜੀ ਨੂੰ ਆ ਕੇ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਇਹ ਦੋਵੇਂ ਚੀਜ਼ਾਂ ਮੰਗਵਾ ਕੇ ਦਿੱਤੀਆਂ, ਜਿਸ ਤੋਂ ਦਾਰਾ ਸ਼ਿਕੋਹ ਤੰਦਰੁਸਤ ਹੋ ਗਿਆ। 1707 ਬਿ. ਵਿਚ ਦਾਰਾ ਸ਼ਿਕੋਹ ਲਾਹੌਰ ਨੂੰ ਜਾਂਦਾ ਹੋਇਆ ਗੁਰੂ ਜੀ ਦਾ ਧੰਨਵਾਦ ਕਰਨ ਲਈ ਕੀਰਤਪੁਰ ਸਾਹਿਬ ਵਿਖੇ ਆਇਆ। ਮੁਗਲ ਬਾਦਸ਼ਾਹ ਨਾਲ ਭਾਵੇਂ ਗੁਰੂ-ਘਰ ਦੇ ਸੰਬੰਧ ਬਾਬਰ ਦੇ ਸਮੇਂ ਤੋਂ ਹੀ ਟਕਰਾਉ ਵਾਲੇ ਹੋ ਚੁੱਕੇ ਸਨ ਅਤੇ ਸ਼ਾਹ ਜਹਾਨ ਦੇ ਪਿਤਾ ਬਾਦਸ਼ਾਹ ਜਹਾਂਗੀਰ ਨੇ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਸੀ ਅਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ ਪਰੰਤੂ ਗੁਰੂ-ਘਰ ਦਾ ਬਿਰਦ ਹੈ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥" ਗੁਰੂ ਅਕਾਲ ਰੂਪ ਹੈ ਜੋ ਸਦ ਪਰਉਪਕਾਰੀ ਹੈ। ਇਸੇ ਸਿਧਾਂਤ ਨੂੰ ਮੁੱਖ ਰੱਖਦਿਆਂ ਗੁਰੂ ਜੀ ਨੇ ਉਨ੍ਹਾਂ ਦੀ ਲੋੜ ਵੀ ਪੂਰੀ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਚਾਲੂ ਪਰੰਪਰਾਵਾਂ ਅਨੁਸਾਰ ਗੁਰੂ-ਘਰ ਵਿਚ ਆਤਮਿਕ ਉਪਦੇਸ਼ ਦੇ ਨਾਲ-ਨਾਲ ਸ਼ਰਧਾਲੂਆਂ ਦੇ ਸਰੀਰਕ ਰੋਗਾਂ ਦੇ ਇਲਾਜ ਦਾ ਪ੍ਰਬੰਧ ਵੀ ਕੀਤਾ ਜਾਂਦਾ ਸੀ।

ਗੁਰੂ ਜੀ ਮਾਲਵੇ ਦੇ ਲੋਕਾਂ ਨੂੰ ਉਪਦੇਸ਼ ਕਰਨ ਆਏ ਤਾਂ ਭਾਈ ਰੂਪਾ, ਕਾਂਗੜ ਆਦਿ ਪਿੰਡਾਂ ਨੂੰ ਹੁੰਦੇ ਹੋਏ ਮਹਿਰਾਜ ਪਿੰਡ ਪਹੁੰਚੇ। ਇੱਥੇ ਭਾਈ ਮੋਹਨ ਦੇ ਪੁੱਤਰ ਚੌਧਰੀ ਕਾਲੇ ਨੇ ਤਨ-ਮਨ-ਧਨ ਨਾਲ ਗੁਰੂ ਜੀ ਦੀ ਟਹਿਲ ਕੀਤੀ। ਇਕ ਦਿਨ ਚੌਧਰੀ ਕਾਲਾ ਆਪਣੇ ਭਤੀਜੇ ਫੂਲ ਅਤੇ ਸੰਦਲੀ ਨੂੰ ਵੀ ਨਾਲ ਲੈ ਕੇ ਆਇਆ। ਉਹ ਦੋਵੇਂ ਬਾਲਕ ਭੁੱਖੇ ਹੋਣ ਕਾਰਨ ਗੁਰੂ ਜੀ ਦੇ ਸਾਹਮਣੇ ਪੇਟ ਉਤੇ ਹੱਥ ਮਾਰਨ ਲੱਗੇ। ਗੁਰੂ ਜੀ ਨੇ ਹੱਸ ਕੇ ਕਿਹਾ, "ਬਾਲਕ ਕੀ ਮੰਗਦੇ ਹਨ?" ਚੌਧਰੀ ਕਾਲੇ ਨੇ ਕਿਹਾ ਕਿ ਇਹ ਲੰਗਰ ਮੰਗਦੇ ਹਨ। ਗੁਰੂ ਜੀ ਨੇ ਬਚਨ ਕੀਤਾ ਇਨ੍ਹਾਂ ਦੀ ਸੰਤਾਨ ਰਾਜ ਕਰੇਗੀ ਅਤੇ ਕਈ ਥਾਂ ਇਨ੍ਹਾਂ ਦੇ ਲੰਗਰ ਚੱਲਣਗੇ!" ਬਾਬਾ ਫੂਲ ਦੇ ਦੋ ਪੁੱਤਰ ਭਾਈ ਤਰਲੋਕਾ ਅਤੇ ਭਾਈ ਰਾਮਾ ਦੀ ਸੰਤਾਨ ਨੇ ਨਾਭਾ, ਪਟਿਆਲਾ ਅਤੇ ਜੀਂਦ ਰਿਆਸਤਾਂ ਕਾਇਮ ਕੀਤੀਆਂ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੀ ਇਨ੍ਹਾਂ ਹੀ ਫੂਲਕੀਏ ਵਿੱਚੋਂ ਸਰਦਾਰ ਗਜਪੱਤ ਸਿੰਘ ਜੀਂਦ ਵਾਲੇ ਦਾ ਦੋਹਤਰਾ ਸੀ। ਇਸ ਤਰ੍ਹਾਂ ਗੁਰੂ ਸਾਹਿਬ ਦੇ ਬਚਨ ਸੱਚ ਹੋਏ।

ਗੁਰੂ ਅਤੇ ਸਿੱਖ ਦਾ ਰਿਸ਼ਤਾ ਹੀ ਅਜਿਹਾ ਹੈ ਕਿ ਇਸ ਨੂੰ ਅੱਖਰਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ, ਇਹ ਕੇਵਲ ਸ਼ਰਧਾ ਭਾਵਨਾ ਦੁਆਰਾ ਹੀ ਅਨੁਭਵ ਕੀਤਾ ਜਾ ਸਕਦਾ ਹੈ। ਜੇਕਰ ਸਿੱਖ ਨੇ ਗੁਰੂ-ਆਸ਼ੇ ਦੇ ਉਲਟ ਕੋਈ ਕਾਰਜ ਕੀਤਾ ਵੀ ਹੈ ਅਤੇ ਉਸ ਦੀ ਸੁਧਾਈ ਕਰਨ ਹਿੱਤ ਸਜ਼ਾ ਲਾਈ ਗਈ ਹੈ ਤਾਂ ਵੀ ਸਿੱਖ ਦੇ ਪਸਚਾਤਾਪ ਕਰਨ ਉਤੇ ਉਸ ਨੂੰ ਬਖਸ਼ਿਆ ਜਾਂਦਾ ਹੈ ਕਿਉਂਕਿ ਗੁਰੂ ਸਦ-ਬਖਸ਼ਿੰਦ ਹੀ ਨਹੀਂ ਸਗੋਂ ਗੁਰੂ ਤਾਂ "ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥" ਦੇ ਸਮਰੱਥ ਹੈ। ਜਿੱਥੋਂ ਤੀਕ ਸਿੱਖ ਦਾ ਸਵਾਲ ਹੈ, ਉਹ ਸਤਿਗੁਰੂ ਅਤੇ ਗੁਰੂ ਘਰ ਨੂੰ ਪੂਰਨ ਰੂਪ ਵਿਚ ਸਮਰਪਿਤ ਹੁੰਦਾ ਹੈ ਅਤੇ ਗੁਰੂ-ਘਰ ਦੀ ਅਜਮਤ ਲਈ ਆਪਣਾ ਸਭ ਕੁਝ ਜੀਅ-ਪ੍ਰਾਣ ਵੀ ਕੁਰਬਾਨ ਕਰਨ ਲਈ ਤੱਤਪਰ ਰਹਿੰਦਾ ਹੈ। ਪਰ ਅੱਜ ਅਸੀਂ ਇਹ ਗੁਣ ਬੜੀ ਤੇਜ਼ੀ ਨਾਲ ਛੱਡ ਰਹੇ ਹਾਂ। ਸਾਨੂੰ ਇਨ੍ਹਾਂ ਗੁਣਾਂ ਨੂੰ ਨਾ ਗੁਆਉਣ ਪੱਖੋਂ ਬਹੁਤ ਸਜੱਗ ਰਹਿਣਾ ਪਵੇਗਾ।

ਗੁਰੂ ਸਾਹਿਬ ਜੀ ਦੇ ਜੀਵਨ ਦੇ ਹੋਰ ਪੱਖਾਂ ਵਿਚ ਉਨ੍ਹਾਂ ਦਾ ਨਰਮ ਅਤੇ ਕੋਮਲ ਸੁਭਾਅ ਪਰੰਤੂ ਗੁਰਮਤਿ ਸਿਧਾਂਤਾਂ ਦੀ ਪਾਲਣਾ ਵਿਚ ਪੱਕੇ ਤੌਰ 'ਤੇ ਅਚੱਲ ਦ੍ਰਿੜ੍ਹ ਇਰਾਦਾ ਸੀ। ਸਿਧਾਂਤ ਅਤੇ ਮਰਿਆਦਾ ਦੇ ਮਸਲੇ ਵਿਚ ਗੁਰੂ ਜੀ ਕਦੇ ਵੀ ਕਿਸੇ ਕਿਸਮ ਦੀ ਢਿੱਲ ਨੂੰ ਪਸੰਦ ਨਹੀਂ ਕਰਦੇ ਸਨ। ਦੁਸ਼ਟ ਲੋਕਾਂ ਦੇ ਸਿਖਾਏ ਹੋਏ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਰਾਇ ਜੀ ਨੂੰ ਦਿੱਲੀ ਬੁਲਾਇਆ। ਗੁਰੂ ਜੀ ਨੇ ਚੋਣਵੇਂ ਗੁਰਸਿੱਖਾਂ ਦੀ ਰਾਇ ਅਨੁਸਾਰ ਆਪਣੀ ਥਾਂ ਆਪਣੇ ਪੁੱਤਰ

ਰਾਮਰਾਇ ਨੂੰ ਔਰੰਗਜ਼ੇਬ ਪਾਸ ਭੇਜ ਦਿੱਤਾ। ਬਾਬਾ ਰਾਮਰਾਇ ਜੀ ਨੇ ਸ੍ਰੀ ਗੁਰੂ ਹਰਿਰਾਇ ਜੀ ਦੀ ਆਗਿਆ ਦੇ ਉਲਟ ਬਹੁਤ ਸਾਰੀਆਂ ਕਰਾਮਾਤਾਂ ਦਿਖਾ ਕੇ ਔਰੰਗਜ਼ੇਬ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਔਰੰਗਜ਼ੇਬ ਵੀ ਪੱਕਾ ਜਨੂੰਨੀ ਸੀ। ਉਹ ਵੀ ਵਾਰ-ਵਾਰ ਬਾਬਾ ਰਾਮ ਰਾਇ ਦੀ ਪ੍ਰੀਖਿਆ ਲੈਂਦਾ ਹੀ ਰਿਹਾ। ਇਕ ਦਿਨ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਤੁਕ ਪੜ੍ਹੀ, "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥" ਤਾਂ ਬਾਬਾ ਰਾਮਰਾਇ ਜੀ ਨੇ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਕਹਿ ਦਿੱਤਾ ਕਿ ਗੁਰੂ ਨਾਨਕ ਜੀ ਨੇ 'ਮਿੱਟੀ ਬੇਈਮਾਨ ਕੀ' ਕਿਹਾ ਹੈ। ਕਿਸੇ ਲਿਖਾਰੀ ਨੇ ਗਲਤੀ ਨਾਲ 'ਮੁਸਲਮਾਨ ਕੀ' ਲਿਖ ਦਿੱਤਾ ਹੋਵੇਗਾ। ਸ੍ਰੀ ਗੁਰੂ ਹਰਿਰਾਇ ਜੀ ਨੂੰ ਜਦੋਂ ਇਸ ਗੱਲ ਦੀ ਖਬਰ ਮਿਲੀ ਤਾਂ ਉਹ ਬਹੁਤ ਨਰਾਜ਼ ਹੋਏ ਅਤੇ ਕਿਹਾ ਕਿ ਰਾਮਰਾਇ ਨੇ ਗੁਰੂ ਨਾਨਕ ਸਾਹਿਬ ਜੀ ਦੀ ਗੁਰਬਾਣੀ ਨੂੰ ਬਦਲਿਆ ਹੈ। ਇਸ ਲਈ ਸਾਨੂੰ ਆਪਣੀ ਸ਼ਕਲ ਨਾ ਦਿਖਾਏ। ਉਨ੍ਹਾਂ ਸਿੱਖ ਸੰਗਤਾਂ ਨੂੰ ਬਾਬਾ ਰਾਮ ਰਾਇ ਨਾਲ ਮੇਲ ਨਾ ਰੱਖਣ ਲਈ ਹੁਕਮਨਾਮੇ ਭੇਜ ਦਿੱਤੇ। ਸਤਿਗੁਰੂ ਗੁਰਬਾਣੀ ਮਹਿਮਾ ਅਤੇ ਵਡਿਆਈ ਇਉਂ ਕਰਦੇ ਹਨ: "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥" ਤਥਾ "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥" ਅਤੇ ਇਸੇ ਤਰ੍ਹਾਂ "ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥" ਤਥਾ "ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥ ਅਤੇ ਗੁਰਬਾਣੀ ਸਾਰੇ ਸੰਸਾਰ ਲਈ ਚਾਨਣ ਹੈ। ਸਰਬ-ਸਾਂਝਾ ਹੈ। ਨਿਰੰਕਾਰ ਰੂਪ ਹੈ। ਗੁਰਵਾਕ ਹੈ, "ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥" ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਸਿੱਖ ਸੰਗਤ ਨੂੰ ਸੱਚੀ, ਰੱਬ ਰੂਪ ਗੁਰਬਾਣੀ ਸਰਵਣ ਕਰਨ, ਗਾਉਣ ਲਈ ਪ੍ਰੇਰਨਾ ਕਰਦੇ ਹੋਏ ਸਮਝਾਉਂਦੇ ਹਨ,"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥" ਇਸ ਤਰ੍ਹਾਂ ਸਪੱਸ਼ਟ ਹੈ ਕਿ ਬਾਣੀ ਹੀ ਗੁਰੂ ਹੈ। ਗੁਰੂ ਹੀ ਪਰਮੇਸਰ ਹੈ। ਇਸ ਲਈ ਇਹ ਮਨੁੱਖੀ ਕਿੰਤੂ-ਪਰੰਤੂ ਤੋਂ ਉਪਰ ਹੈ। ਇਹ ਅੰਮ੍ਰਿਤ ਰੂਪ ਹੈ। ਰੱਬੀ ਹੁਕਮ ਹੈ। ਨਾਮ ਹੈ। ਇਹ ਧੁਰ ਕੀ ਬਾਣੀ ਹੈ। ਪਾਰਬ੍ਰਹਮ ਪਰਮੇਸ਼ਰ ਦੀ ਉਪਮਾ-ਵਡਿਆਈ-ਪਰਮੇਸ਼ਰ ਰੂਪ ਹੀ ਹੈ। ਇਸ ਲਈ ਗੁਰਬਾਣੀ ਵਿਚ ਕੋਈ ਵੀ ਵਾਧ-ਘਾਟ ਜਾਂ ਰਲਾ ਨਹੀਂ ਕੀਤਾ ਜਾ ਸਕਦਾ।

ਬਾਬਾ ਰਾਮਰਾਇ ਜੀ ਪਿਤਾ ਦੀ ਨਾਰਾਜ਼ਗੀ ਤੋਂ ਫਿਕਰਮੰਦ ਹੋਇਆ ਦਿੱਲੀ ਤੋਂ ਚੱਲ ਕੇ ਕੀਰਤਪੁਰ ਸਾਹਿਬ ਆਇਆ ਤਾਂ ਗੁਰੂ ਜੀ ਨੇ ਦਰਵਾਜ਼ੇ ਬੰਦ ਕਰਵਾ ਦਿੱਤੇ ਅਤੇ ਅੰਦਰ ਨਾ ਵੜਨ ਦਿੱਤਾ। ਬਾਬਾ ਰਾਮਰਾਇ ਇਧਰ-ਉਧਰ ਫਿਰਦਾ ਰਿਹਾ ਕਿਸੇ ਨੇ ਉਸ ਨੂੰ ਮੂੰਹ ਨਾ ਲਾਇਆ। ਉਹ ਕੁਝ ਦੇਰ ਧੀਰ ਮੱਲ ਕੋਲ ਰਿਹਾ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਇਹ ਗੁਰੂ-ਘਰ ਦੀ ਪਰੰਪਰਾ ਰਹੀ ਹੈ ਕਿ ਪੁੱਤਰਾਂ ਨਾਲੋਂ ਪਰਮੇਸ਼ਰ ਦੀ ਮਰਜ਼ੀ ਅਤੇ ਸਿਧਾਂਤ ਨੂੰ ਪ੍ਰਮੁੱਖ ਸਮਝਿਆ ਜਾਂਦਾ ਹੈ। ਇਸ ਸਿਧਾਂਤ ਨੂੰ ਸਹੀ ਰੂਪ ਵਿਚ ਸੰਭਾਲਣ ਵਾਸਤੇ ਸਾਨੂੰ ਖਾਸ ਸਾਵਧਾਨੀ ਰੱਖਣ ਦੀ ਜ਼ਰੂਰਤ ਹੈ। ਗੁਰੂ ਜੀ ਨੇ ਆਪਣੇ ਛੋਟੇ ਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਉਤੇ ਬਿਠਾਉਣ ਦੀ ਰਸਮ ਅਦਾ ਕੀਤੀ ਅਤੇ ਆਪ ਜੀ ਕੱਤਕ ਵਦੀ ੯ ਸੰਮਤ ੧੭੧੮ ਬਿਕਰਮੀ

ਨੂੰ ਜੋਤੀ-ਜੋਤਿ ਸਮਾ ਗਏ। ਗੁਰੂ ਜੀ ਦੇ ਬਚਨਾਂ ਵਿਚ ਅਥਾਹ ਸ਼ਕਤੀ ਸੀ। ਉਨ੍ਹਾਂ ਨੂੰ ਦਿੱਲੀ ਲਿਜਾਣ ਲਈ ਔਰੰਗਜ਼ੇਬ ਨੇ ਕਈ ਫੌਜਦਾਰ ਭੇਜੇ। ਉਹ ਰਸਤੇ ਵਿਚ ਹੀ ਖ਼ਤਮ ਹੋ ਗਏ। ਜਿਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਉਤੇ ਹਮਲਾਵਰ ਹੋ ਕੇ ਆਉਂਦੇ ਸੁਲਹੀ ਖਾਨ ਅਤੇ ਸੁਲਬੀ ਖਾਨ ਭੱਠੇ ਵਿਚ ਡਿੱਗ ਕੇ ਮੌਤ ਦਾ ਗ੍ਰਾਸ ਬਣ ਗਏ ਸਨ। ਇਸੇ ਤਰ੍ਹਾਂ ਪਹਿਲਾਂ ਜ਼ਾਲਮ ਖਾਂ ਉਮਰਾਵ ਦਸ ਹਜ਼ਾਰੀ ਨੂੰ ਭੇਜਿਆ। ਉਹ ਕੱਚਾ ਮਾਸ ਖਾਣ ਕਰਕੇ ਢਿੱਡ ਵਿਚ ਸੂਲ ਉਠਣ ਕਰਕੇ ਮਰ ਗਿਆ। ਫਿਰ ਦੂਦੇ ਖਾਂ ਕੰਧਾਰੀ ਨੂੰ ਤੋਰਿਆ। ਉਸ ਨੂੰ ਉਸ ਦੇ ਵੈਰੀ ਨੇ ਸੁੱਤੇ ਪਏ ਨੂੰ ਵੱਢ ਸੁੱਟਿਆ। ਤੀਜੀ ਵਾਰੀ ਨਾਹਰ ਖਾਂ ਨਵਾਬ ਸਹਾਰਨਪੁਰੀਏ ਨੂੰ ਭੇਜਿਆ। ਉਸ ਦੀ ਫੌਜ ਵਿਚ ਹੈਜ਼ਾ ਫੈਲ ਗਿਆ। ਸਾਰੇ ਸਰਦਾਰ ਡਰਦੇ ਮਾਰੇ ਭੱਜ ਗਏ। ਚੌਥੀ ਵਾਰ ਸ਼ਿਵ ਦਿਆਲ ਦੀਵਾਨ ਨੂੰ ਭੇਜਿਆ ਕਿ ਕਿਸੇ ਤਰ੍ਹਾਂ ਗੁਰੂ ਜੀ ਨੂੰ ਲੈ ਕੇ ਆਵੇ। ਉਨ੍ਹਾਂ ਨੇ ਆ ਕੇ ਗੁਰੂ ਜੀ ਨੂੰ ਬੇਨਤੀ ਕੀਤੀ। ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮਰਾਇ ਨੂੰ ਹੁਕਮ ਕੀਤਾ। ਉਨ੍ਹਾਂ ਨੇ ਰਾਮਰਾਇ ਨੂੰ ਕਿਹਾ, "ਅਸੀਂ ਤੇਰੇ ਅੰਗ-ਸੰਗ ਹੋਵਾਂਗੇ। ਔਰੰਗੇ ਤੋਂ ਡਰਨ ਦੀ ਲੋੜ ਨਹੀਂ। ਤੇਰੀ ਰਸਨਾ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਕਤੀ ਨਿਵਾਸ ਕਰੇਗੀ। ਤੂੰ ਜੋ ਚਾਹੇਂਗਾ ਉਹੋ ਹੋ ਜਾਵੇਗਾ।" ਸੱਚਮੁੱਚ ਉਸੇ ਤਰ੍ਹਾਂ ਹੁੰਦਾ ਰਿਹਾ। ਪਰ ਉਹ ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਸੱਚ ਸਾਬਤ ਕਰਨ ਤੋਂ ਥਿੜਕ ਗਿਆ। ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਬਾਬਾ ਰਾਮ ਰਾਇ ਦਾ ਇਹ ਨਾ ਬਖਸ਼ੇ ਜਾਣ ਵਾਲਾ ਅਪਰਾਧ ਸੀ। ਇਸ ਲਈ ਉਨ੍ਹਾਂ ਨੇ ਬਾਬਾ ਰਾਮ ਰਾਇ ਨਾਲੋਂ ਨਾਤਾ ਤੋੜ ਲਿਆ। ਇਹ ਬਚਨ ਵੀ ਉਨ੍ਹਾਂ ਪੂਰਾ ਨਿਭਾਇਆ। ਇਸ ਵਿਚ ਕਿਸੇ ਕਿਸਮ ਦੀ ਕੋਈ ਰਿਆਇਤ ਜਾਂ ਛੋਟ ਨਹੀਂ ਦਿੱਤੀ। ਗੁਰਬਾਣੀ ਵਿਚ ਪੂਰਨ ਸੰਤਾਂ ਮਹਾਂਪੁਰਖਾਂ ਦਾ ਅਜਿਹਾ ਵਰਤਾਰਾ ਪ੍ਰਗਟ ਕੀਤਾ ਗਿਆ ਹੈ:

**ਵਰਤਨਿ ਜਾ ਕੈ ਕੇਵਲ ਨਾਮ॥ ਅਨਦ ਰੂਪ ਕੀਰਤਨੁ ਬਿਸ੍ਰਾਮ॥**
**ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥**
**ਕੋਟਿ ਕੋਟਿ ਅਘ ਕਾਟਨਹਾਰਾ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥**
**ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥**

*(ਪੰਨਾ ੩੯੨)*

ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਸਿਫ਼ਤ ਕਰਦੇ ਹੋਏ ਲਿਖਿਆ ਹੈ:

ਸ਼ਹਨਸ਼ਾਹਿ ਹੱਕ ਨਸਕ ਗੁਰੂ ਕਰਤਾ ਹਰਿਰਾਇ।
ਫ਼ਰਮਾ ਦਿਹੇ ਨਹੁ ਭਬਕ ਗੁਰੂ ਕਰਤਾ ਹਰਿਰਾਇ।
ਗਰਦਨ-ਜ਼ਨਿ ਸਰਕਸ਼ਾਂ ਗੁਰੂ ਕਰਤਾ ਹਰਿਰਾਇ।
ਯਾਰਿ ਮੁਤਜ਼ਰੱਆਂ ਗੁਰੂ ਕਰਤਾ ਹਰਿਰਾਇ।

ਭਾਵ ਸ੍ਰੀ ਗੁਰੂ ਹਰਿਰਾਇ ਜੀ ਵਾਹਿਗੁਰੂ ਦੀ ਸੋਝੀ ਦੇਣ ਵਾਲੇ ਸ਼ਹਿਨਸ਼ਾਹ ਹਨ ਅਤੇ ਨੌਂ ਅਕਾਸ਼ਾਂ ਦੇ ਮਾਲਕ ਹਨ। ਉਹ ਨਿੰਦਕਾਂ ਦਾ ਨਾਸ਼ ਕਰਨ ਵਾਲੇ ਹਨ ਅਤੇ ਨਿਰਮਾਣ ਸੇਵਕਾਂ ਦੀ ਸਹਾਇਤਾ ਕਰਦੇ ਹਨ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੀਵਨ ਅਤੇ ਗੁਰਮਤਿ ਸਿਧਾਂਤ ਦੇ ਮਿਸਾਲੀ ਪਹਿਰੇਦਾਰ

ਹੋਣ ਬਾਰੇ ਉਕਤ ਚਰਚਾ ਸਾਡੇ ਸਾਰਿਆਂ ਲਈ ਇਕ ਚਾਨਣ-ਮੁਨਾਰੇ ਦਾ ਕਾਰਜ ਕਰੇਗੀ। ਅੱਜ ਜਦੋਂ ਮਨੁੱਖੀ ਰਿਸ਼ਤੇ ਤਾਰ-ਤਾਰ ਹੋ ਰਹੇ ਹਨ, ਨਿੱਜੀ ਸੁਆਰਥਾਂ ਅਤੇ ਔਲਾਦ ਦੇ ਮੋਹ ਕਰਕੇ ਆਪਣੇ ਮਹਾਨ ਸਿਧਾਂਤਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ, ਕੌਮੀ ਨੁਕਸਾਨ ਕੀਤਾ ਜਾ ਰਿਹਾ ਹੈ, ਦੇਸ਼ ਦਾ ਸਭ ਕੁਝ ਦਾਅ ਉਤੇ ਲਾਇਆ ਜਾ ਰਿਹਾ ਹੈ, ਧਾਰਮਿਕ ਸਿਧਾਂਤ ਅਤੇ ਮਰਿਆਦਾ ਲੀਰੋ-ਲੀਰ ਕੀਤੀ ਜਾ ਰਹੀ ਹੈ, ਸਮਾਜਿਕ ਸਿਸਟਮ ਤਹਿਸ-ਨਹਿਸ ਹੋ ਰਿਹਾ ਹੈ, ਅਸੀਂ ਆਪਣੇ ਮਹਾਨ ਅਤੇ ਉਤਮ ਸੱਭਿਆਚਾਰ ਨੂੰ ਤਿਲਾਂਜਲੀ ਦੇ ਕੇ ਦੂਜਿਆਂ ਦੇ ਸੱਭਿਆਚਾਰ ਨੂੰ ਅਪਣਾ ਰਹੇ ਹਾਂ, ਉਸ ਨਾਲ "ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥" ਵਾਲੀ ਸਾਡੀ ਹਾਲਤ ਹੋ ਰਹੀ ਹੈ, ਜੋ ਘਾਤਕ ਹੈ। ਸਾਨੂੰ ਆਪਣੇ ਸਰੋਤ, ਆਪਣੀਆਂ ਜੜ੍ਹਾਂ, ਆਪਣੀ ਵਿਰਾਸਤ ਅਤੇ ਆਪਣੇ ਸੱਭਿਆਚਾਰ ਨਾਲ ਜੁੜਨਾ ਹੋਵੇਗਾ। ਅਸਲ ਵਿਚ ਵਿਗਿਆਨਕ ਤਰੱਕੀ ਪਰੰਤੂ ਅਧਿਆਤਮਕ ਅਤੇ ਸੱਭਿਆਚਾਰਕ ਅਧੋਗਤੀ ਦੇ ਵਰਤਮਾਨ ਦੌਰ ਦੌਰਾਨ ਸਾਡੇ ਲਈ ਸਹੀ ਰਸਤਾ ਆਪਣੇ ਪਿਛੋਕੜ ਨਾਲ ਜੁੜਦਿਆਂ ਹੋਇਆਂ ਆਪਣੇ ਵਰਤਮਾਨ ਵਿਚ ਸੁਚੇਤ ਹੋ ਕੇ ਵਿਚਰਦਿਆਂ ਭਵਿੱਖਮੁਖੀ ਹੋਣਾ ਹੋਵੇਗਾ।

ਇਸ ਦੇ ਨਾਲ ਹੀ ਇਹ ਤੱਥ ਵੀ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ, ਸੰਤਾਂ-ਮਹਾਂਪੁਰਸ਼ਾਂ, ਭੱਟਾਂ ਅਤੇ ਗੁਰਸਿੱਖਾਂ ਵੱਲੋਂ ਉਚਾਰੀ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਜਿਸ ਦਾ ਸੰਪਾਦਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਅਤੇ ਜਿਸ ਦੀ ਸੰਪੂਰਨਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੀ ਗਈ, ਉਸ ਵਿਚ ਕਿਸੇ ਇਕ ਵਿਅਕਤੀ ਜਾਂ ਸੰਸਾਰ ਭਰ ਵਿਚ ਵੱਸ ਰਹੇ ਸਮੁੱਚੇ ਸਿੱਖ-ਜਗਤ ਜਾਂ ਕਿਸੇ ਵੀ ਸੰਸਥਾ ਜਾਂ ਵਿਅਕਤੀ ਭਾਵੇਂ ਉਹ ਕਿਤਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਨਾਲ ਛੇੜ-ਛਾੜ ਕਰਨ, ਤਬਦੀਲੀ ਕਰਨ, ਇੱਥੋਂ ਤੀਕ ਕਿ ਗੁਰਬਾਣੀ ਦੀ ਲਗ-ਮਾਤਰ ਵਿਚ ਤਬਦੀਲੀ ਕਰਨ ਦਾ ਵੀ ਅਧਿਕਾਰ ਨਹੀਂ ਹੈ। ਇਹ ਵੀ ਇਕ ਸੱਚਾਈ ਹੀ ਹੈ ਕਿ ਮੁੱਢ ਤੋਂ ਹੀ ਪੰਥ-ਦੋਖੀ ਅਤੇ ਗੁਰਮਤਿ-ਵਿਰੋਧੀ ਸ਼ਕਤੀਆਂ ਗੁਰਬਾਣੀ ਨਾਲ ਛੇੜ-ਛਾੜ ਕਰਨ ਲਈ ਜਤਨਸ਼ੀਲ ਰਹੀਆਂ ਹਨ ਭਾਵੇਂ ਉਨ੍ਹਾਂ ਨੂੰ ਹਮੇਸ਼ਾਂ ਹੀ ਮੂੰਹ ਦੀ ਖਾਣੀ ਪਈ ਹੈ। ਆਧੁਨਿਕ ਸਮੇਂ ਦੇ ਕੁਝ ਨਕਲੀ ਅਭਿਮਾਨੀ ਵਿਦਵਾਨ, ਅਖੌਤੀ ਵਿਗਿਆਨੀ, ਖੋਜੀ, ਤਰਕ ਰਹਿਤ ਤਰਕਸ਼ੀਲ ਅਤੇ ਡੇਰੇਦਾਰ ਮਨਮਤ ਅਤੇ ਹਉਮੈ ਦੇ ਸ਼ਿਕਾਰ ਹੋ ਕੇ ਅਜਿਹੇ ਛੜਯੰਤਰ ਰਚ ਰਹੇ ਹਨ ਪਰੰਤੂ ਇਸ ਦੇ ਨਾਲ ਹੀ ਸਿੱਖ ਪੰਥ ਨੂੰ ਵੀ ਸੁਚੇਤ ਰਹਿਣਾ ਹੋਵੇਗਾ ਕਿਉਂਕਿ ਚੋਰਾਂ ਅਤੇ ਡਾਕੂਆਂ ਨੇ ਆਪਣੇ ਕੰਮ ਵਿਚ ਲੱਗੇ ਰਹਿਣਾ ਹੈ, ਘਰ ਦੇ ਵਾਰਸਾਂ ਨੂੰ ਸਜੱਗ ਹੋ ਕੇ ਉਸ ਦੀ ਰਾਖੀ ਕਰਨੀ ਹੀ ਹੋਵੇਗੀ। ਘਰ ਹਮੇਸ਼ਾਂ ਹੀ ਸੁੱਤਿਆਂ ਜਾਂ ਅਵੇਸਲਿਆਂ ਦੇ ਹੀ ਲੁੱਟੇ ਜਾਂਦੇ ਹਨ, ਜਾਗਦਿਆਂ ਵੱਲ ਤਾਂ ਕੋਈ ਤੱਕਣ ਦਾ ਹੌਸਲਾ ਜਾਂ ਜੁਅਰਤ ਨਹੀਂ ਕਰਦਾ। ਇਸ ਲਈ ਖਾਲਸਾ ਪੰਥ ਨੂੰ ਸਦ ਜਾਗਤ ਹੀ ਰਹਿਣਾ ਹੋਵੇਗਾ। ਇਹ ਘਾਤਕ ਅਤੇ ਕੋਝੇ ਜਤਨ ਵੱਖ-ਵੱਖ ਪੱਧਰਾਂ ਉਤੇ ਹੋ ਰਹੇ ਹਨ ਜਿਵੇਂ ਰਾਜਨੀਤਿਕ ਲੋਕਾਂ ਵੱਲੋਂ ਆਪਣੇ ਸੌੜੇ ਰਾਜਨੀਤਿਕ ਲਾਭਾਂ ਹਿੱਤ ਆਪਣੇ ਸਿਧਾਂਤ ਨਾਲ ਸਮਝੌਤਾ ਕਰਨ ਅਤੇ ਦੂਸਰੇ ਆਪਣੇ ਸਿਧਾਂਤ ਨੂੰ ਸਿੱਖ ਸਿਧਾਂਤ ਨਾਲੋਂ ਉਤਮ ਦੱਸਣ ਵਾਲਿਆਂ ਵੱਲੋਂ, ਆਪਣੇ ਨਿੱਜੀ ਸੁਆਰਥਾਂ ਹਿੱਤ ਵੱਖ-ਵੱਖ ਭੇਖਾਂ ਵਿਚ ਵਿਚਰ ਰਹੇ ਲੋਕਾਂ ਵੱਲੋਂ ਇਹ ਜਤਨ ਜਾਰੀ ਰਹੇ ਹਨ, ਅਤੇ ਅੱਜ ਵੀ ਜਾਰੀ ਹਨ। ਸਭ ਨਾਲੋਂ

ਖਤਰਨਾਕ ਗੱਲ ਉਨ੍ਹਾਂ ਦੀ ਹੈ ਜੋ ਆਪਣੇ ਨਿੱਜੀ ਸੁਆਰਥਾਂ ਲਈ ਸਿੱਖੀ ਭੇਸ ਵਿਚ ਵਿਚਰਦਿਆਂ ਵਿਰੋਧੀਆਂ, ਈਰਖਾਲੂਆਂ, ਪੰਥ-ਦੋਖੀਆਂ ਦੇ ਹੱਥ-ਠੋਕੇ ਬਣ ਕੇ ਗੁਰਮਤਿ ਸਿਧਾਂਤ ਉਤੇ ਵਾਰ-ਵਾਰ ਹਮਲੇ ਕਰ ਰਹੇ ਹਨ। ਭਾਵੇਂ ਅੰਤ ਨੂੰ "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥" ਅਨੁਸਾਰ ਫ਼ਤਿਹ ਸੱਚ ਅਤੇ ਨੇਕੀ ਦੀ ਹੀ ਹੋਈ ਹੈ। ਇਸ ਲਈ ਖਾਲਸਾ ਪੰਥ ਨੂੰ ਸਮੇਂ ਦੀਆਂ ਚੁਣੌਤੀਆਂ ਨੂੰ ਸਮਝਣਾ ਹੋਵੇਗਾ ਅਤੇ ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਹੋਣਾ ਹੋਵੇਗਾ। ਨਿਰਸੰਦੇਹ! "ਸ਼ਾਹ ਮੁਹੰਮਦਾ ਅੰਤ ਨੂੰ ਸੋਈ ਹੋਸੀ ਜੋ ਕਰੇਗਾ ਖਾਲਸਾ ਪੰਥ ਮੀਆਂ।"

ਆਓ! ਗੁਰੂ ਹਰਿਰਾਇ ਸਾਹਿਬ ਵੱਲੋਂ ਦਰਸਾਏ ਅਦੁੱਤੀ ਅਤੇ ਵਿਲੱਖਣ ਮਾਰਗ ਦੇ ਪਾਂਧੀ ਬਣੀਏ। ਧਰਮ ਨਾਲੋਂ ਧੜੇ ਨੂੰ ਬਿਹਤਰ ਨਾ ਸਮਝੀਏ। ਜਿਨ੍ਹਾਂ ਮਹਾਨ ਗੁਰਮੁਖ ਜੀਊੜਿਆਂ ਨੇ ਧਰਮ, ਹੱਕ, ਸੱਚ ਅਤੇ ਸਿਧਾਂਤ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਉਨ੍ਹਾਂ ਦੀਆਂ ਜੀਵਨੀਆਂ ਨੂੰ ਆਪਣਾ ਪੱਥ-ਪਰਦਰਸ਼ਕ ਮੰਨੀਏ।

(1/2011)

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਮਾਤਾ : ਮਾਤਾ ਨਿਹਾਲ ਕੌਰ ਜੀ

ਗੁਰਬਾਣੀ ਦਾ ਪਵਿੱਤਰ ਕਥਨ ਹੈ, "ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥" ਸਾਡੇ ਸੱਭਿਆਚਾਰ ਅੰਦਰ ਮਨੁੱਖੀ ਜੀਵਨ ਅਤੇ ਰਿਸ਼ਤਿਆਂ ਦੇ ਪ੍ਰਸੰਗ ਵਿਚ 'ਮਾਂ' ਹੋਣ, ਵਿਸ਼ੇਸ਼ ਕਰਕੇ ਕਿਸੇ ਮਹਾਨ ਮਨੁੱਖ ਦੀ ਜਨਨੀ ਹੋਣ ਨੂੰ ਵੱਡਾ ਮਾਣ ਅਤੇ ਗੌਰਵ ਹਾਸਲ ਹੈ। ਇਸ ਪੱਖੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਮਾਤਾ ਜੀ ਦਾ ਰੁਤਬਾ ਬਹੁਤ ਹੀ ਸਨਮਾਨ ਵਾਲਾ ਅਤੇ ਪੂਜਣਯੋਗ ਹੈ ਕਿਉਂਕਿ ਉਨ੍ਹਾਂ ਨੂੰ ਇਕ ਮਹਾਨ ਹਸਤੀ (ਗੁਰੂ ਜੀ) ਦੀ ਜਣਨੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਤਿਕਾਰਯੋਗ ਮਾਤਾ ਜੀ ਨੂੰ ਬੀਬੀ ਨੰਤੀ/ਅਨੰਤੀ ਜੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਉਨ੍ਹਾਂ ਦਾ ਪੇਕੇ ਘਰ ਦਾ ਨਾਂ ਸੀ। ਸਹੁਰੇ ਘਰ ਉਨ੍ਹਾਂ ਦਾ ਨਾਂ ਨਿਹਾਲ ਕੌਰ ਰੱਖਿਆ ਗਿਆ।

ਸਿੱਖ ਇਤਿਹਾਸ ਨਾਲ ਸੰਬੰਧਿਤ ਕਿਸੇ ਵੀ ਪ੍ਰਮਾਣਿਕ ਗ੍ਰੰਥ ਵਿਚ ਮਾਤਾ ਨਿਹਾਲ ਕੌਰ (ਅਨੰਤੀ ਜੀ) ਦੇ ਜਨਮ ਦਾ ਬਿਲਕੁਲ ਸਹੀ ਦਿਨ, ਮਹੀਨਾ ਅਤੇ ਸਾਲ ਉਪਲਬਧ ਨਹੀਂ ਹੈ। 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਮਿਲਦੇ ਅਸਿੱਧੇ ਹਵਾਲੇ ਅਨੁਸਾਰ 1623 ਈ: ਵਿਚ ਜਦੋਂ ਬੀਬੀ ਨਿਹਾਲ ਕੌਰ (ਅਨੰਤੀ ਜੀ) ਦਾ ਵਿਆਹ ਬਾਬਾ ਗੁਰਦਿੱਤਾ ਜੀ ਨਾਲ ਸੰਪੰਨ ਹੋਇਆ, ਉਦੋਂ ਉਨ੍ਹਾਂ ਦੀ ਉਮਰ ਅੰਦਾਜ਼ਨ ਛੇ (06) ਸਾਲ ਸੀ।[1] ਇਸ ਹਿਸਾਬ ਨਾਲ ਮੰਨਿਆ ਜਾ ਸਕਦਾ ਹੈ ਕਿ ਬੀਬੀ ਅਨੰਤੀ ਜੀ ਦਾ ਜਨਮ ਸੰਨ 1617 ਈ: ਵਿਚ ਬਟਾਲਾ ਵਿਖੇ ਹੋਇਆ। ਸਿੱਖ ਇਤਿਹਾਸ ਅੰਦਰ ਬਟਾਲਾ ਉਹ ਨਿਆਰਾ ਇਤਿਹਾਸਿਕ ਨਗਰ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਗੁਰਦਿੱਤਾ ਜੀ ਦਾ ਸਹੁਰਾ ਪਿੰਡ ਅਤੇ ਬਾਬਾ ਸ੍ਰੀ ਚੰਦ ਜੀ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਨਾਨਕਾ ਪਿੰਡ ਹੋਣ ਦਾ ਗੌਰਵ ਹਾਸਲ ਹੈ। ਬੀਬੀ ਜੀ ਦੇ ਮਾਤਾ-ਪਿਤਾ ਅਰਥਾਤ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਪੂਜਨੀਕ ਨਾਨੀ ਅਤੇ ਨਾਨਾ ਜੀ ਦਾ ਨਾਂ ਸੁਖਦੇਈ ਅਤੇ ਰਾਮਾ ਜੀ ਸੀ।

ਗੁਰੂ ਜੀ ਦੇ ਮਾਤਾ, ਮਾਤਾ ਨਿਹਾਲ ਕੌਰ ਬਹੁਤ ਹੀ ਉਚੀ ਰੂਹਾਨੀ ਬਿਰਤੀ ਅਤੇ ਭਜਨ-ਬੰਦਗੀ ਕਰਨ ਵਾਲੀ ਨਿਰਮਲ ਆਤਮਾ ਸਨ। ਗੁਰੂ-ਘਰ ਨਾਲ ਪ੍ਰੇਮ ਅਤੇ ਅਧਿਆਤਮਵਾਦ ਦੀ ਗੁੜ੍ਹਤੀ ਉਨ੍ਹਾਂ ਨੂੰ ਆਪਣੇ ਪਿਤਾ ਰਾਮਾ ਜੀ ਪਾਸੋਂ ਰੂਹਾਨੀ ਵਿਰਾਸਤ ਦੇ ਰੂਪ ਵਿਚ ਪ੍ਰਾਪਤ ਹੋਈ ਜਦੋਂ ਕਿ ਨਿਮਰਤਾ, ਸਲੀਕਾ, ਸਦਾਚਾਰ ਅਤੇ ਸਹਿਣਸ਼ੀਲਤਾ ਦੇ ਗੁਣ ਉਨ੍ਹਾਂ ਨੂੰ ਆਪਣੀ ਮਾਂ ਸੁਖਦੇਈ ਜੀ ਕੋਲੋਂ ਸੰਸਕਾਰਾਂ ਦੇ ਰੂਪ ਵਿਚ ਸੁਤੇਸਿੱਧ ਹੀ ਪ੍ਰਾਪਤ ਹੋਏ। ਅਤਿ ਗੌਰਵਸ਼ਾਲੀ

ਅਤੇ ਅਮੀਰ ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਇਤਿਹਾਸਿਕ ਨਗਰ ਬਟਾਲਾ ਦੇ ਨਿਵਾਸੀ ਭਾਈ ਰਾਮਾ ਜੀ, ਭਾਈ ਸਾਈਂ ਦਾਸ ਜੀ ਵਾਂਗ ਗੁਰੂ-ਘਰ ਦੇ ਬਹੁਤ ਹੀ ਪਰਪੱਕ ਅਤੇ ਨਿਸ਼ਠਾਵਾਨ ਸ਼ਰਧਾਲੂ ਸੇਵਕ ਸਨ। ਸਿੱਖ ਸੰਗਤਾਂ ਵਿਚ ਉਹ ਕੇਵਲ ਗੁਰੂ ਘਰ ਦੇ ਨਜ਼ਦੀਕੀ ਰਿਸ਼ਤੇਦਾਰ ਹੋਣ ਕਾਰਨ ਹੀ ਸਤਿਕਾਰ ਦੇ ਪਾਤਰ ਨਹੀਂ ਸਨ ਬਣੇ ਹੋਏ ਸਗੋਂ ਆਪਣੀ ਨੇਕ, ਨੀਅਤੀ, ਸਾਦਗੀ, ਭਜਨ-ਬੰਦਗੀ ਦੀ ਵੱਡੀ ਕਮਾਈ ਅਤੇ ਵਿਸ਼ੇਸ਼ ਕਰਕੇ ਆਪਣੇ ਸਰਬ ਕਲਾ ਸਮਰੱਥ ਸਤਿਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪ੍ਰਤੀ ਸ਼ਿੱਦਤੀ ਪਿਆਰ ਭਾਵਨਾ ਸਦਕਾ ਸਿੱਖ ਸ਼ਰਧਾਲੂ ਵਜੋਂ ਸਿੱਖ ਸੰਗਤਾਂ ਦੀਆਂ ਅੱਖਾਂ ਦੇ ਤਾਰੇ ਬਣੇ ਹੋਏ ਸਨ।

ਡਰੌਲੀ ਨਿਵਾਸੀ ਭਾਈ ਸਾਈਂ ਦਾਸ ਜੀ ਵਾਂਗ ਉਨ੍ਹਾਂ ਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਰਿਸ਼ਤਾ ਵੀ "ਪੀਰ ਮੁਰੀਦਾਂ ਪਿਰਹੜੀ" ਦੀ ਉਚਤਮ ਅਤੇ ਸੁੱਚਤਮ ਮਿਸਾਲ ਸੀ। ਕਿਹਾ ਜਾ ਸਕਦਾ ਹੈ ਕਿ ਇਕ ਯੋਗ ਮੁਰੀਦ ਦੇ ਰੂਪ ਵਿਚ ਇਹ ਭਾਈ ਰਾਮਾ ਜੀ ਦੀ ਨਿਮਰਤਾ, ਗੁਰੂ-ਘਰ ਪ੍ਰਤੀ ਅਤਿ ਦੀ ਪ੍ਰਤੀਬੱਧਤਾ, ਸਮਰਪਣ ਅਤੇ ਪਿਆਰ ਭਾਵਨਾ ਹੀ ਸੀ, ਜਿਸ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਆਪਣੇ ਜੇਠੇ ਪੁੱਤਰ ਬਾਬਾ ਗੁਰਦਿੱਤਾ ਜੀ ਦਾ ਵਿਆਹ ਉਨ੍ਹਾਂ ਦੀ ਸਪੁੱਤਰੀ ਬੀਬੀ ਨਿਹਾਲ ਕੌਰ ਨਾਲ ਕਰਨਾ ਪ੍ਰਵਾਨ ਕੀਤਾ ਸੀ। ਗੁਰੂ ਜੀ ਨੂੰ ਇਸ ਗੱਲ ਦਾ ਭਲੀ-ਭਾਂਤ ਅੰਦਾਜ਼ਾ ਸੀ ਕਿ ਐਸੇ ਪਿਆਰੇ ਅਤੇ ਨਿਰਮਲ ਬਿਰਤੀ ਵਾਲੇ ਸਮਰੱਥਾਵਾਨ ਇਨਸਾਨ ਦੀ ਪੁੱਤਰੀ ਕਿੰਨੀ ਸਮਰੱਥ ਅਤੇ ਯੋਗ ਹੋਵੇਗੀ।

ਹੋਇਆ ਇਵੇਂ ਕਿ ਇਕ ਵਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਵਿਖੇ ਚੱਲ ਰਹੇ ਦੀਵਾਨ ਵਿਚ ਸੁਸ਼ੋਭਿਤ ਸਨ। ਉਨ੍ਹਾਂ ਦੇ ਸਨਮੁੱਖ ਅਨੇਕਾਂ ਵੈਰਾਗੀ ਮਨ ਵਾਲੇ ਪ੍ਰੀਤਵਾਨ ਸਿੱਖ, ਜਿਨ੍ਹਾਂ ਵਿਚ ਗੁਰੂ-ਘਰ ਦਾ ਇਕ ਅਨਿੰਨ ਭਗਤ ਬਟਾਲਾ ਨਿਵਾਸੀ ਰਾਮਾ ਖੱਤਰੀ ਵੀ ਸ਼ਾਮਲ ਸੀ। ਦੂਰੋਂ-ਨੇੜਿਉਂ ਸਿੱਖ ਸੰਗਤਾਂ ਅਤੇ ਵਿਸ਼ੇਸ਼ ਕਰਕੇ ਸ਼ਸਤਰਧਾਰੀ ਸਿੱਖ ਯੋਧੇ ਸਤਿਗੁਰਾਂ ਦੇ ਦਰਸ਼ਨਾਂ ਹਿੱਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਜੇ ਇਸ ਦੀਵਾਨ ਵਿਚ ਸ਼ਰਧਾ ਪੂਰਵਕ ਹਾਜ਼ਰੀਆਂ ਭਰ ਰਹੇ ਸਨ। ਸਿੱਖ ਸੰਗਤਾਂ ਸੱਚੇ ਪਾਤਸ਼ਾਹ ਜੀ ਦੇ ਖੁੱਲ੍ਹੇ ਦਰਸ਼ਨ-ਦੀਦਾਰਿਆਂ ਦਾ ਆਨੰਦ ਮਾਣ ਰਹੀਆਂ ਸਨ ਕਿ ਗੁਰੂ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਬੜੇ ਹੀ ਸੁੰਦਰ ਸ਼ਸਤਰਾਂ ਅਤੇ ਬਸਤਰਾਂ ਨਾਲ ਸਜੇ ਹੋਏ ਅਚਾਨਕ ਉਥੇ ਆਣ ਪਹੁੰਚੇ। ਉਸ ਸਮੇਂ (1623 ਈ: ਵਿਚ) ਗੁਰਦਿੱਤਾ ਜੀ ਬਚਪਨ ਤੋਂ ਜਵਾਨੀ ਦੀ ਅਵਸਥਾ ਵਿਚ ਪੈਰ ਰੱਖ ਰਹੇ ਸਨ।

ਉਨ੍ਹਾਂ ਦੀ ਚੜ੍ਹਦੀ ਜਵਾਨੀ ਦਾ ਜਲੌਅ, ਚੜ੍ਹਦੇ ਸੂਰਜ ਦੀ ਲਾਲੀ ਨੂੰ ਮਾਤ ਪਾਉਂਦਾ ਸੀ। ਉਨ੍ਹਾਂ ਦੇ ਦਗ-ਦਗ ਕਰਦੇ ਚਿਹਰੇ ਨੂੰ ਵੇਖ, ਵੇਖਣ ਵਾਲਿਆਂ ਦੀ ਭੁੱਖ ਲਹਿੰਦੀ ਸੀ। ਦਰਬਾਰ ਵਿਚ ਪਹੁੰਚ, ਉਨ੍ਹਾਂ ਨੇ ਬੜੇ ਅਦਬ, ਧੀਰਜ, ਸਲੀਕੇ ਅਤੇ ਨਿਮਰਤਾ ਨਾਲ ਸਤਿਗੁਰਾਂ ਦੇ ਚਰਨਾਂ 'ਤੇ ਆਪਣਾ ਸੀਸ ਨਿਵਾਇਆ। ਸਤਿਗੁਰਾਂ ਨੇ ਸਿਰ ਪਲੋਸਿਆ ਅਤੇ ਪਿਆਰ ਨਾਲ ਆਪਣੇ ਪਾਸ ਬਿਠਾ ਲਿਆ। ਸਤਿਗੁਰਾਂ ਦੀ ਪਵਿੱਤਰ, ਤੇਜੱਸਵੀ ਅਤੇ ਨੂਰਾਨੀ ਹਜ਼ੂਰੀ ਵਿਚ ਬਿਲਕੁਲ ਕੋਲ ਬੈਠੇ ਬਾਬਾ ਗੁਰਦਿੱਤਾ ਜੀ ਦੀ ਸ਼ਖ਼ਸੀ ਚਮਕ ਦੀ ਥਰਥਰਾਹਟ ਅਤੇ ਖੁਸ਼ਬੋ ਨੇ ਉਂਞ ਤਾਂ ਸਾਰੀ ਸੰਗਤ ਦੇ ਮਨ ਨੂੰ ਹੀ ਮੋਹ ਲਿਆ ਸੀ ਪਰ ਉਨ੍ਹਾਂ ਦੇ ਵਿਅਕਤਿਤਵ ਦੇ ਜਾਦੂ ਨੇ ਭਾਈ ਰਾਮਾ ਜੀ ਨੂੰ ਖਾਸ ਤੌਰ 'ਤੇ ਡਾਢਾ ਮੁਤਾਸਿਰ ਕੀਤਾ। ਬਾਬਾ ਗੁਰਦਿੱਤਾ ਜੀ ਦੇ

ਖਿੱਚ ਨਾਲ ਭਰਪੂਰ ਚੁੰਬਕੀ ਸ਼ਖ਼ਸੀ ਪ੍ਰਭਾਵ ਨੇ ਉਨ੍ਹਾਂ ਨੂੰ ਇਕ ਪ੍ਰਕਾਰ ਨਾਲ ਥਾਏਂ ਕੀਲ ਲਿਆ।

ਉਨ੍ਹਾਂ ਨੇ ਮਨ ਹੀ ਮਨ ਬਾਬਾ ਗੁਰਦਿੱਤਾ ਜੀ ਨੂੰ ਆਪਣੀ ਪਿਆਰੀ ਸਪੁੱਤਰੀ ਅਨੰਤੀ ਦੇ ਵਰ ਵਜੋਂ ਪਸੰਦ ਅਤੇ ਪ੍ਰਵਾਨ ਕਰ ਲਿਆ ਅਤੇ ਇਸ ਸਬੰਧੀ ਸਤਿਗੁਰਾਂ ਪਾਸ ਬੇਨਤੀ ਕਿਵੇਂ ਕੀਤੀ ਜਾਵੇ, ਇਸ ਮੁੱਦੇ ਨੂੰ ਲੈ ਕੇ ਡੂੰਘੀ ਉਧੇੜ-ਬੁਣ ਵਿਚ ਪੈ ਗਏ।

ਸਿੱਖ ਸਿਮਰਤੀ ਨਾਲ ਸੰਬੰਧਿਤ ਕੁਝ ਵਿਸ਼ੇਸ਼ ਇਤਿਹਾਸਿਕ ਯਾਦਾਂ ਦੇ ਝਰੋਖੇ 'ਚੋਂ ਵਰਤਮਾਨ ਵਿਚ ਪਰਤਦਿਆਂ ਭਾਈ ਰਾਮਾ ਜੀ ਦਾ ਅਧੀਰ ਮਨ ਬਿਲਕੁਲ ਅਡੋਲ ਹੋ ਗਿਆ ਅਤੇ ਅਹਿਸਾਸ ਹੋਇਆ ਕਿ ਮੇਰੇ ਦਿਆਲੂ ਸਤਿਗੁਰੂ ਜੀ ਤਾਂ ਨਿਮਾਣਿਆਂ ਨੂੰ ਮਾਣ, ਨਿਓਟਿਆਂ ਨੂੰ ਓਟ ਅਤੇ ਨਿਆਸਰਿਆਂ ਨੂੰ ਆਸਰਾ ਦੇਣ ਵਾਲੇ ਬਹੁਤ ਹੀ ਮਹਾਨ ਗਰੀਬ ਨਿਵਾਜ਼ ਅਤੇ ਭਗਤ ਵੱਛਲ ਹਨ। ਉਹ ਧਨ-ਦੌਲਤਾਂ ਦੇ ਦੀਵਾਨੇ ਨਹੀਂ ਸਗੋਂ ਪਿਆਰ ਦੇ ਭੁੱਖੇ ਹਨ। ਵਿਸ਼ਵਾਸ ਹੋ ਗਿਆ ਕਿ ਆਪਣੇ ਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਲਈ, ਇਕ ਅਮੀਰ ਚੰਦੂ ਦੀਵਾਨ ਦੀ ਧੀ ਦਾ ਰਿਸ਼ਤਾ ਠੁਕਰਾ ਕੇ ਇਕ ਗਰੀਬ ਸਿੱਖ ਦੀ ਧੀ ਨਾਲ ਆਪਣੇ ਪੁੱਤਰ ਨੂੰ ਵਿਆਹੁਣ ਵਾਲੇ, ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਪਾਤਸ਼ਾਹ ਦੇ ਇਹ ਮਹਾਨ ਬਲਕਾਰੀ ਸਪੁੱਤਰ, ਮੀਰੀ-ਪੀਰੀ ਦੇ ਮਾਲਕ, ਗਰੀਬ ਨਿਵਾਜ਼ ਸੱਚੇ ਪਾਤਸ਼ਾਹ, ਮੈਨੂੰ ਕਦਾਚਿਤ ਨਿਰਾਸ਼ ਨਹੀਂ ਕਰਨਗੇ। ਮੇਰੇ ਸ਼ਰਨ ਪਏ ਦੀ ਲਾਜ ਜ਼ਰੂਰ ਹੀ ਰੱਖਣਗੇ। ਐਸਾ ਚਿਤਵਦਿਆਂ ਭਾਈ ਰਾਮਾ ਜੀ ਦੀ ਦੁਬਿਧਾ ਬਿਲਕੁਲ ਕਾਫੂਰ ਹੋ ਗਈ ਅਤੇ ਉਹ ਉਸੇ ਛਿਣ ਪੂਰੇ ਆਤਮ-ਵਿਸ਼ਵਾਸ ਅਤੇ ਸਮਰਪਣ ਭਾਵ ਨਾਲ ਗਲ ਵਿਚ ਪੱਲੂ ਪਾ ਸਤਿਗੁਰਾਂ ਦੇ ਸਨਮੁੱਖ ਹੱਥ ਜੋੜ ਅਰਜ਼ ਗੁਜ਼ਾਰਨ ਵਾਲੀ ਮੁਦਰਾ ਵਿਚ ਖੜੇ ਹੋ ਗਏ। ਭਾਈ ਰਾਮਾ ਜੀ ਦੇ ਮਨ ਮੰਦਰ ਵਿਚ ਫੁੱਲ ਵਾਂਗ ਖਿੜਿਆ ਆਤਮ-ਵਿਸ਼ਵਾਸ ਦਾ ਜਜ਼ਬਾ ਡੂੰਘੀ ਹਿਰਦੇਗਤ ਅਰਦਾਸ ਵਿਚ ਪਲਟ ਗਿਆ :—

> "ਉਰ ਮਹਿਂ ਗੁਰੂ ਸੁਭਾਉ ਬਿਚਾਰਾ।—ਇਹ ਨਹਿਂ ਚਾਹਤਿ ਧਨੀ ਉਦਾਰਾ॥
> ਬਸੀ ਪ੍ਰੇਮ ਕੇ ਕਰੁਨਾ ਕਰਿਤੇ। ਰੰਕਨਿ ਕੋ ਬਹੁ ਆਦਰ ਧਰਿਤੇ॥
> ਚੰਦੂ ਸ਼ਾਹੁ ਦਿਵਾਨ ਮਹਾਨਾ। ਤਯਾਗਯੋ, ਨਹੀਂ ਕਦਾਚਿਤ ਮਾਨਾ॥
> ਸਿੱਖ ਗਰੀਬਨਿ ਕੀ ਲੇ ਸੁਤਾ। ਕਿਯ ਸਨਬੰਧ ਮਾਨ ਬਹੁ ਦਿਤਾ॥
> ਇਨ ਤੇ ਸਭਿ ਕਿਛ ਹੀ ਬਨਿ ਆਵੈ। ਹੋਤਿ ਰੰਕ ਨਰ ਰਾਉ ਬਨਾਵੈ—॥
> ਇਮ ਬਿਚਾਰ ਕਰਿ ਅਰਜ਼ ਗੁਜ਼ਾਰੀ। ਹਾਥ ਜੋਰਿ ਕਰਿ ਖਰੋ ਅਗਾਰੀ॥"[2]

ਸਤਿਗੁਰਾਂ ਪ੍ਰਤੀ ਅਥਾਹ ਸ਼ਰਧਾ ਅਤੇ ਪਿਆਰ ਭਾਵਨਾ ਕਾਰਨ ਭਾਈ ਰਾਮਾ ਜੀ ਦਾ ਮਨ ਏਨਾ ਭਰਿਆ ਹੋਇਆ ਸੀ ਕਿ ਉਹ ਮੁੱਖੋਂ ਕੁਝ ਬੋਲ ਨਾ ਸਕੇ। ਇਬਾਦਤ ਕਰਨ ਵਾਂਗ ਉਹ ਕਿੰਨਾ ਹੀ ਚਿਰ ਚੁੱਪ-ਚਾਪ ਹੱਥ ਜੋੜ ਖੜੇ ਰਹੇ। ਪਿਆਰ ਵਿਚ ਡੂੰਘੇ ਉਤਰੇ ਮਨੁੱਖਾਂ ਦਾ ਮੰਨਣਾ ਹੈ ਕਿ "ਪਿਆਰ ਬੋਲਦਾ ਨਹੀਂ, ਇਹ ਗੂੰਗਾ ਹੁੰਦੈ। ਇਹ ਬਿਨਾਂ ਬੋਲਿਆਂ ਹੀ ਬਹੁਤ ਕੁਝ ਬੋਲ ਦਿੰਦੈ। ਅਰਦਾਸ ਵਾਂਗ ਇਹ ਬਿਨਾਂ ਦੱਸਿਆਂ ਬਹੁਤ ਕੁਝ ਦੱਸ ਦਿੰਦਾ ਹੈ।" ਗੁਰਬਾਣੀ ਦਾ ਅਨੁਭਵੀ ਕਥਨ ਹੈ, "ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥" ਭਗਤ ਵਛਲ ਅੰਤਰਜਾਮੀ ਸਤਿਗੁਰੂ, ਭਾਈ ਰਾਮਾ ਜੀ ਦੇ ਦਿਲ ਦੀ ਗੱਲ ਬੁੱਝ ਗਏ। ਉਹ ਇਹ ਵੀ ਜਾਣ ਗਏ ਕਿ ਭਾਈ ਰਾਮਾ ਜੀ ਆਪ, ਆਪਣੇ ਦਿਲ ਦੀ ਗੱਲ ਜ਼ਬਾਨ 'ਤੇ ਨਹੀਂ ਲਿਆ ਸਕਣਗੇ। ਇਸ ਕਰਕੇ ਸਤਿਗੁਰਾਂ ਨੇ ਸ਼ਰਨ ਆਏ ਭਾਈ ਰਾਮਾ ਜੀ ਨੂੰ ਬੜੇ ਪਿਆਰ

ਅਤੇ ਧਿਆਨ ਨਾਲ ਨਿਹਾਰਦਿਆਂ ਖੁਦ ਪਹਿਲ ਕੀਤੀ ਅਤੇ ਦਿਲ ਦੀ ਗੱਲ ਦੱਸਣ ਲਈ ਪ੍ਰੇਰਿਤ ਕਰਦਿਆਂ ਨਿਮਨਲਿਖਤ ਬਚਨ ਉਚਾਰੇ :—

ਸ੍ਰੀ ਗੁਰੁ ਹਰਿਗੋਵਿੰਦ ਨਿਹਾਰਾ। ਅਭਿਲਾਖੀ ਲਖਿ ਬਾਕ ਉਚਾਰਾ॥
'ਕਿਮ ਤੂ ਖਰੋ, ਕਹਾਂ ਉਰ ਬਾਛੇ ? ਕਹੋ ਮਨੋਰਥ ਅਬਿ ਤੂੰ ਆਛੇ'॥[3]

ਦੀਨ-ਦਿਆਲ ਕ੍ਰਿਪਾਲੂ ਸਤਿਗੁਰਾਂ ਦਾ ਨਿੱਘਾ ਅਤੇ ਪਿਆਰ ਭਰਿਆ ਰਵੱਈਆ ਵੇਖ ਭਾਈ ਰਾਮਾ ਜੀ ਝਿਜਕਦੇ-ਝਿਜਕਦੇ ਅਤਿ ਦੀ ਹਲੀਮੀ ਨਾਲ ਸਿਰ ਝੁਕਾ ਕੇ, ਸਤਿਗੁਰਾਂ ਦੇ ਬਿਲਕੁਲ ਕੋਲ ਚਲੇ ਗਏ ਅਤੇ ਹੌਲੀ ਜਿਹੀ ਬੇਨਤੀ ਕੀਤੀ :—

ਤਬਿ ਰਾਮੇ ਨਿਜ ਬਿਨੈ ਸੁਨਾਈ। 'ਮੈਂ ਚਾਹਤਿ ਚਿਤ ਕਰਨਿ ਸਗਾਈ॥
ਖਸ਼ਟ ਬਰਖ ਕੀ ਕੰਨਯਾਂ ਮੋਰੇ। ਦਾਸੀ ਕਰਨਿ ਚਹੌਂ ਸੁਤ ਤੋਰੇ।
ਦੀਨ ਬੰਧੁ ਲਖਿ ਬਿਰਦ ਤੁਹਾਰਾ। ਸੁਕਚਿਤਿ ਚਿਤ ਤੇ ਕੀਨਿ ਉਚਾਰਾ'।[4]

ਭਾਈ ਰਾਮਾ ਜੀ ਦੀ ਪਿਆਰ ਗੁੱਧੀ ਸਨਿਮਰ ਅਤੇ ਸੁਹਿਰਦ ਬੇਨਤੀ ਸੁਣ ਗੁਰੂ ਪਾਤਸ਼ਾਹ ਮਨ ਹੀ ਮਨ ਬਹੁਤ ਪ੍ਰਸੰਨ ਹੋਏ। ਰਾਮਾ ਜੀ ਦੀ ਸਿੱਖੀ ਅਤੇ ਸ਼ਰਧਾ-ਭਾਵਨਾ ਦੇ ਤਾਂ ਉਹ ਪਹਿਲਾਂ ਹੀ ਡਾਢੇ ਕਾਇਲ ਸਨ। ਉਪਰੋਂ ਉਨ੍ਹਾਂ ਵੱਲੋਂ ਆਪਣੀ ਧੀ ਦਾ ਡੋਲਾ ਬਾਬਾ ਗੁਰਦਿੱਤਾ ਜੀ ਨੂੰ ਦੇਣ ਦੀ ਕੀਤੀ ਅਰਜ਼ ਨੇ ਗੁਰੂ ਜੀ ਨੂੰ ਹੋਰ ਵੀ ਵਿਸਮਾਦ-ਵਿਸਮਾਦ ਕਰ ਦਿੱਤਾ। ਭਾਈ ਰਾਮਾ ਜੀ ਦੀ ਅਰਜ਼ੋਈ ਪ੍ਰਤੀ ਹਾਂ-ਪੱਖੀ ਹੁੰਗਾਰਾ ਭਰਦਿਆਂ ਸਤਿਗੁਰਾਂ ਨੇ ਉਸੇ ਛਿਣ ਭਾਈ ਬਿਧੀ ਚੰਦ ਜੀ ਨੂੰ ਪਾਸ ਬੁਲਾਇਆ ਅਤੇ ਹੁਕਮ ਕੀਤਾ ਕਿ ਭਾਈ ਰਾਮਾ ਜੀ ਨੂੰ ਸਤਿਕਾਰ ਪੂਰਵਕ ਸਾਡੇ ਨਿੱਜ ਸਥਾਨ 'ਤੇ ਲੈ ਜਾਓ ਅਤੇ ਰਿਸ਼ਤੇ ਸੰਬੰਧੀ ਸਾਰੀ ਗੱਲਬਾਤ ਮਾਤਾ ਗੰਗਾ ਜੀ ਨੂੰ ਦੱਸੋ। ਸਾਰੇ ਪੱਖ ਵਿਚਾਰ ਕੇ ਸਤਿਕਾਰਯੋਗ ਮਾਤਾ ਜੀ ਜਿਵੇਂ ਉਚਿਤ ਸਮਝਣਗੇ ਤਿਵੇਂ ਹੀ ਹੋਵੇਗਾ। ਅਰਥਾਤ ਸਾਰਾ ਕੁਝ ਪੂਜਨੀਕ ਮਾਤਾ ਜੀ ਦੀ ਸਲਾਹ ਅਨੁਸਾਰ ਹੀ ਕੀਤਾ ਜਾਵੇਗਾ।

ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਭਾਈ ਬਿਧੀ ਚੰਦ ਜੀ ਭਾਈ ਰਾਮਾ ਜੀ ਨੂੰ ਆਦਰ ਸਹਿਤ ਗੁਰੂ ਜੀ ਦੇ ਨਿੱਜ ਸਥਾਨ 'ਤੇ ਲੈ ਗਏ ਅਤੇ ਆਪ ਮਾਤਾ ਗੰਗਾ ਜੀ ਨੂੰ ਮਿਲਣ ਹਿੱਤ ਉਨ੍ਹਾਂ ਦੇ ਨਿਵਾਸ ਵਾਲੀ ਥਾਂ ਜਾ ਪਹੁੰਚੇ। ਸਾਰੀ ਗੱਲਬਾਤ ਮਾਤਾ ਜੀ ਨੂੰ ਦੱਸਣ ਉਪਰੰਤ ਜਦੋਂ ਉਨ੍ਹਾਂ ਨੇ ਮਾਤਾ ਜੀ ਦੀ ਰਾਏ ਪੁੱਛੀ ਤਾਂ ਮਾਤਾ ਜੀ ਨੇ ਆਪਣੀ ਨੂੰਹ ਦਮੋਦਰੀ ਜੀ ਨੂੰ ਭਰੋਸੇ ਵਿਚ ਲੈਣ ਉਪਰੰਤ ਖੁਸ਼ੀ ਪੂਰਵਕ ਇਹ ਰਿਸ਼ਤਾ ਪ੍ਰਵਾਨ ਕਰ ਲੈਣ ਦੀ ਹਾਮੀ ਭਰ ਦਿੱਤੀ। ਪੋਤਰੇ ਦੇ ਸਾਕ ਨੂੰ ਲੈ ਕੇ ਦਾਦੀ ਮਾਂ, ਮਾਤਾ ਗੰਗਾ ਜੀ ਏਨੇ ਖ਼ੁਸ਼ ਸਨ ਕਿ ਉਨ੍ਹਾਂ ਨੇ ਉਸੇ ਪਲ, ਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਸਤਿਗੁਰਾਂ) ਨੂੰ ਬਿਨਾਂ ਹੋਰ ਦੇਰੀ ਕੀਤਿਆਂ, ਨਿਰਸੰਕੋਚ ਹੋ ਨਾ ਕੇਵਲ ਰਿਸ਼ਤਾ ਸਵੀਕਾਰ ਕਰ ਲੈਣ ਸਗੋਂ ਲੱਗਦੇ ਹੱਥ ਸਗਾਈ ਦੀ ਸ਼ੁਭ ਰਸਮ ਵੀ ਜਲਦੀ ਤੋਂ ਜਲਦੀ ਅਦਾ ਕਰਨ ਦਾ ਸੰਦੇਸ਼ ਭੇਜ ਦਿੱਤਾ :—

—ਬਿਧੀਆ ਮਾਤਾ ਨਿਕਟ ਪਠਾਯੋ। ਸਭ ਸੰਦੇਸ ਤਿੰਹ ਜਾਇ ਸੁਨਾਯੋ॥
ਗੰਗ ਮਾਤ ਸੁਨ ਮਨ ਸੁਖ ਪਾਈ। ਮੁਖ ਸਿਉਂ ਕਹਾ ਨ ਦੇਰ ਸੁਹਾਈ॥[5]
—ਇਸ ਮੈਂ ਸੰਸੈ ਕਰਹੁ ਨ ਕੋਇ। ਲੇਹੁ ਸ਼ਗੁਨ ਜਿਮ ਰੀਤਿ ਸੁ ਹੋਇ॥[6]

ਭਾਈ ਬਿਧੀ ਚੰਦ ਜੀ ਨੇ ਵਾਪਸ ਆ ਕੇ ਮਾਤਾ ਜੀ ਦਾ ਸੰਦੇਸ਼ ਜਦੋਂ ਸਤਿਗੁਰਾਂ ਨੂੰ ਦੱਸਿਆ ਤਾਂ ਉਹ ਬਹੁਤ ਪ੍ਰਸੰਨ ਹੋਏ। ਮਾਤਾ ਜੀ ਦੀ ਆਗਿਆ ਦਾ ਪਾਲਣ ਕਰਦਿਆਂ ਉਨ੍ਹਾਂ ਨੇ ਸਮਾਜ ਦੇ ਪ੍ਰਚਲਿਤ ਦਸਤੂਰ ਅਨੁਸਾਰ ਪੁੱਤਰ ਦੀ ਸਗਾਈ ਦੀ ਰਸਮ ਅਦਾ ਕਰਨ ਹਿੱਤ ਆਪਣੀ ਦੇਖ-ਰੇਖ ਹੇਠ ਗੁਰ-ਮਰਯਾਦਾ ਅਨੁਸਾਰ ਇਕ ਸਾਦੇ ਜਿਹੇ ਸਮਾਗਮ ਦਾ ਆਯੋਜਨ ਕੀਤਾ।

ਬਹੁਰ ਛੁਹਾਰਾ ਮੁਖ ਮਹਿ ਦੀਨੋ। ਜੈ ਜੈ ਕਾਰ ਸਭਨ ਤਬ ਕੀਨੋ॥
ਬਾਂਟ ਪ੍ਰਸਾਦਿ ਛੁਹਾਰੇ ਗਰੀ। ਤਖ਼ਤ ਬੰਦਨਾ ਹਰਖਤ ਧਰੀ॥[7]

ਗੁਰੂ-ਘਰ ਨਾਲ ਰੂਹਾਨੀ ਦੇ ਨਾਲ-ਨਾਲ ਹੁਣ ਸਮਾਜਿਕ ਅਤੇ ਪਰਿਵਾਰਿਕ ਸੰਬੰਧ ਵੀ ਜੁੜ ਜਾਣ 'ਤੇ ਭਾਈ ਰਾਮਾ ਜੀ ਤਾਂ ਏਨੇ ਖੁਸ਼ ਸਨ ਕਿ ਉਨ੍ਹਾਂ ਦੇ ਪੈਰ ਧਰਤੀ 'ਤੇ ਨਹੀਂ ਸਨ ਲੱਗ ਰਹੇ। ਸਗਾਈ ਦੀ ਰਸਮ ਖਤਮ ਹੁੰਦਿਆਂ ਹੀ ਸਤਿਗੁਰੂ ਸੱਚੇ ਪਾਤਸ਼ਾਹ ਉਚੇਚੇ ਤੌਰ 'ਤੇ ਪੁੱਤਰ ਬਾਬਾ ਗੁਰਦਿੱਤਾ ਜੀ, ਭਾਈ ਰਾਮਾ ਜੀ, ਪਰਿਵਾਰ ਦੇ ਜੀਆਂ ਅਤੇ ਹੋਰ ਅਨੇਕਾਂ ਸਿੱਖ ਸੰਗਤਾਂ ਸਹਿਤ ਬੜੇ ਅਦਬ ਨਾਲ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਗਏ ਅਤੇ ਅਕਾਲ ਪੁਰਖ ਪਰਮਾਤਮਾ ਅੱਗੇ ਸ਼ੁਕਰਾਨੇ ਦੀ ਅਰਦਾਸ ਕੀਤੀ।

ਇਕ ਸਿੱਖ ਦੀ ਧੀ (ਅਨੰਤੀ) ਦਾ ਗੁਰੂ ਜੀ ਦੇ ਸਪੁੱਤਰ (ਬਾਬਾ ਗੁਰਦਿੱਤਾ ਜੀ) ਨਾਲ ਰਿਸ਼ਤਾ ਤੈਅ ਹੋਣਾ ਅਰਥਾਤ ਇਕ ਆਮ ਸਿੱਖ ਦਾ ਗੁਰੂ ਘਰ ਨਾਲ ਸਮਾਜਿਕ ਸੰਬੰਧ ਜੁੜਨਾ, ਗੁਰਮਤਿ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਦੇ ਗੌਰਵ ਨੂੰ ਚਾਰ ਚੰਨ ਲਾਉਣ ਵਾਲੀ ਇਕ ਐਸੀ ਛੋਟੀ ਪਰ ਵੱਡੇ ਪ੍ਰਭਾਵ ਵਾਲੀ ਅਨੋਖੀ ਘਟਨਾ ਸੀ, ਜਿਸ ਨੇ ਜਿੱਥੇ ਇਕ ਪਾਸੇ ਗੁਰੂ ਅਤੇ ਸਿੱਖ ਦੇ ਅਤਿ ਨਿੱਘੇ ਰਿਸ਼ਤੇ ਦੀ ਪਾਕੀਜ਼ਗੀ, ਗਹਿਰਾਈ ਅਤੇ ਮਹਿਮਾ ਨੂੰ ਬੁਲੰਦੀਆਂ ਦੀ ਪੱਧਰ 'ਤੇ ਪਹੁੰਚਾਉਣ ਪੱਖੋਂ ਨਵੀਆਂ ਅਤੇ ਮਜ਼ਬੂਤ ਪੈੜਾਂ ਪਾਉਣ ਦਾ ਉਲੇਖਯੋਗ ਕਾਰਜ ਕੀਤਾ, ਉਥੇ ਦੂਜੇ ਪਾਸੇ ਇਸ ਰਿਸ਼ਤੇ ਵਿਚਲੇ ਰੂਹਾਨੀ ਜਲੌਅ ਅਤੇ ਪਿਆਰ ਦੇ ਅਤਿ ਪੁਖ਼ਤਾ ਬੰਧਨ (ਨੂਰ) ਨੂੰ ਉਜਾਗਰ ਅਤੇ ਦ੍ਰਿੜ੍ਹ ਕਰਵਾਉਣ ਦਾ ਅਹਿਮ ਕਾਰਜ ਵੀ ਕੀਤਾ। ਸਤਿਗੁਰਾਂ ਨੇ ਆਪਣੇ ਗੁਰੂ ਪਿਤਾ ਜੀ ਦੁਆਰਾ 'ਸੁਖਮਨੀ ਸਾਹਿਬ' ਵਿਚ ਉਚਾਰਨ ਕੀਤੇ ਨਿਮਨਲਿਖਤ ਤੇਜੱਸਵੀ ਬੋਲਾਂ ਨੂੰ ਅਮਲੀ ਪੱਧਰ 'ਤੇ ਜੀਊ ਕੇ ਇਹ ਸਾਬਤ ਕਰ ਦਿੱਤਾ ਕਿ ਸੱਚਾ ਗੁਰੂ ਐਵੇਂ-ਮੁੱਚੀ (ਕੇਵਲ ਸਿਧਾਂਤਕ ਪੱਧਰ 'ਤੇ) ਨਹੀਂ, ਸਗੋਂ ਸੱਚੀ-ਮੁੱਚੀ ਅਰਥਾਤ ਵਿਵਹਾਰਕ ਪੱਧਰ 'ਤੇ ਆਪਣੇ ਸਿੱਖ ਦਾ ਨਾ ਕੇਵਲ ਵਰਤਮਾਨ ਅਤੇ ਭਵਿੱਖ ਹੀ ਸੰਵਾਰਦਾ ਹੈ ਸਗੋਂ ਉਸ ਨੂੰ ਹਮੇਸ਼ਾਂ ਆਪਣੇ ਹਿਰਦੇ ਦੇ ਅਤਿ ਨੇੜੇ ਵੀ ਰੱਖਦਾ ਹੈ:

**ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥**
**ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖੁ ਵਡਭਾਗੀ ਹੇ॥**
**ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥**
**ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥** *(ਪੰਨਾ ੨੮੬)*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਿਨਾਂ ਕੋਈ ਹਿਚਕਚਾਹਟ ਵਿਖਾਉਂਦਿਆਂ ਜਿਸ ਪਿਆਰ, ਸਤਿਕਾਰ ਅਤੇ ਦਰਿਆਦਿਲੀ ਨਾਲ ਆਪਣੇ ਇਕ ਪਿਆਰੇ ਸਿੱਖ ਭਾਈ ਰਾਮਾ ਜੀ ਨੂੰ ਆਪਣਾ ਕੁੜਮ ਬਣਾਉਣਾ ਸਵੀਕਾਰ ਕੀਤਾ, ਉਹ ਇਸ ਤੱਥ ਦਾ ਪ੍ਰਤੱਖ ਪ੍ਰਮਾਣ ਹੈ ਕਿ

ਗੁਰੂ ਜੀ ਗੁਰਬਾਣੀ (ਗੁਰਮਤਿ ਦਰਸ਼ਨ) ਦੇ ਕੇਵਲ ਸਿਧਾਂਤਕ ਪ੍ਰਸ਼ੰਸਕ ਨਹੀਂ ਸਗੋਂ ਵਿਵਹਾਰਕ ਪੈਰੋਕਾਰ ਸਨ। ਉਨ੍ਹਾਂ ਦੀ ਕਥਨੀ ਅਤੇ ਕਰਣੀ ਵਿਚ ਰੱਤੀ ਭਰ ਵੀ ਦੁਫੇੜ ਨਹੀਂ ਸਗੋਂ ਮੁਕੰਮਲ ਇਕਸੁਰਤਾ ਸੀ। ਨਿਰਸੰਦੇਹ ਉਨ੍ਹਾਂ ਨੇ ਗੁਰਮਤਿ ਵਿਚਾਰਧਾਰਾ ਨੂੰ ਆਪਣੇ ਮਨ, ਵਿਅਕਤਿਤਵ, ਚਰਿੱਤਰ, ਆਚਰਣ-ਵਿਚਰਣ ਅਤੇ ਜੀਵਨ ਵਿਚ ਲੱਕੜ ਵਿਚ ਅੱਗ ਅਤੇ ਫੁੱਲ ਵਿਚ ਮਹਿਕ ਵਾਂਗ ਰਮਾਇਆ ਹੋਇਆ ਸੀ।

ਸਿੱਖ ਇਤਿਹਾਸ ਦੱਸਦਾ ਹੈ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਪੂਜਨੀਕ ਮਾਤਾ ਅਤੇ ਬਾਬਾ ਗੁਰਦਿੱਤਾ ਦੀ ਦੇ ਘਰੋਂ, ਮਾਤਾ ਅਨੰਤੀ (ਨਿਹਾਲ ਕੌਰ) ਜੀ ਤਕਰੀਬਨ 47 ਸਾਲ ਦੀ ਆਰਜ਼ਾ ਹੰਢਾ ਕੇ 1664 ਈ: ਵਿਚ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿ ਗਏ।[8]

## ਹਵਾਲੇ ਅਤੇ ਟਿੱਪਣੀਆਂ :

1. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, (ਜਿਲਦ ਸਤਵੀਂ) ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ 1963, ਸਫਾ 2729-30 "ਖਸ਼ਟ ਬਰਖ ਕੀ ਕੰਨਯਾਂ ਮੋਰੇ। ਦਾਸੀ ਕਰਨਿ ਚਹੌਂ ਸੁਤ ਤੋਰੇ॥" ਭਗਤ ਸਿੰਘ, *ਗੁਰ ਬਿਲਾਸ ਪਾਤਸ਼ਾਹੀ ਛੇਵੀਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 414 "ਕੰਨਿਆ ਮਮ ਖਟ ਬਰਖ ਕੀ ਹਮ ਕਉ ਜਾਨ ਅਨਾਥ। ਦਾਸੀ ਨਿਜ ਸੁਤ ਕੀਜੀਏ ਪ੍ਰਭ ਮੋਹਿ ਦੀਨਾ ਨਾਥ॥"
2. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, (ਜਿਲਦ ਸਤਵੀਂ), ਪੰਨਾ 2729.
3. *ਉਹੀ*।
4. *ਉਹੀ*, ਪੰਨਾ 2729-30.
5. ਭਗਤ ਸਿੰਘ, *ਗੁਰ ਬਿਲਾਸ ਪਾਤਸ਼ਾਹੀ ਛੇਵੀਂ*, ਪੰਨਾ 414.
6. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, (ਜਿਲਦ ਸਤਵੀਂ), ਪੰਨਾ 2730.
7. ਭਗਤ ਸਿੰਘ, *ਉਪਰੋਕਤ*.
8. ਕੌਸ਼ਿਸ਼, ਭਾਈ ਸ੍ਵਰੂਪ ਸਿੰਘ, *ਗੁਰੂ ਕੀਆਂ ਸਾਖੀਆਂ*(ਸੰਪਾਦਕ—ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2003, ਪੰਨਾ 68.

(5/2013)

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਸਪੁੱਤਰੀ ਬੀਬੀ ਰੂਪ ਕੌਰ ਜੀ

ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਹਿਲ ਮਾਤਾ ਦਮੋਦਰੀ ਜੀ ਤੋਂ ਬਾਬਾ ਗੁਰਦਿੱਤਾ ਜੀ, ਅਣੀ ਰਾਇ ਜੀ ਅਤੇ ਬੀਬੀ ਵੀਰੋ ਜੀ ਦਾ ਜਨਮ ਹੋਇਆ। ਬੀਬੀ ਵੀਰੋ ਜੀ ਦੀ ਸ਼ਾਦੀ ਮੱਲਾਪੁਰ ਨਿਵਾਸੀ ਭਾਈ ਧਰਮ ਚੰਦ (ਖੋਸਲਾ) ਦੇ ਸਪੁੱਤਰ ਭਾਈ ਸਾਧੂ ਰਾਮ ਜੀ ਨਾਲ ਹੋਈ। ਬਾਬਾ ਗੁਰਦਿੱਤਾ ਜੀ ਦੀ ਸ਼ਾਦੀ ਬਟਾਲਾ ਨਿਵਾਸੀ ਸ੍ਰੀ ਰਾਮਾ ਸਰੀਨ ਦੀ ਸਪੁੱਤਰੀ ਅਨੰਤੀ ਦੇਵੀ ਨਾਲ ਹੋਈ। ਬਾਬਾ ਗੁਰਦਿੱਤਾ ਜੀ ਨੇ ਉਦਾਸੀ ਮਤ ਦੇ ਚਾਰ ਧੂਣੇ ਸਥਾਪਿਤ ਕਰ ਕੇ ਉਦਾਸੀਆਂ ਨੂੰ ਗੁਰਬਾਣੀ ਦਾ ਪ੍ਰਚਾਰ ਅਤੇ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਕਰਨ ਲਈ ਦੂਰ-ਦੂਰ ਭੇਜਿਆ। ਬਾਬਾ ਗੁਰਦਿੱਤਾ ਜੀ ਦੇ ਘਰ ਦੋ ਪੁੱਤਰ ਧੀਰ ਮੱਲ ਜੀ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ ਹੋਇਆ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਹਰ ਤਰ੍ਹਾਂ ਨਾਲ ਯੋਗ ਜਾਣ ਕੇ ਗੁਰਿਆਈ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਿਰਾਇ ਜੀ ਨੂੰ ਸੌਂਪ ਦਿੱਤੀ।

ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਘਰ ਦੋ ਪੁੱਤਰ—ਰਾਮਰਾਇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅਤੇ ਇਕ ਪੁੱਤਰੀ ਬੀਬੀ ਰੂਪ ਕੌਰ ਜੀ ਦਾ ਜਨਮ ਹੋਇਆ। ਬੀਬੀ ਰੂਪ ਕੌਰ ਜੀ ਦੇ ਜਨਮ ਸਮੇਂ ਪਰਿਵਾਰ ਵਿਚ ਬਹੁਤ ਖੁਸ਼ੀਆਂ ਮਨਾਈਆਂ ਗਈਆਂ ਸਨ। ਬੀਬੀ ਰੂਪ ਕੌਰ ਜੀ ਦਾ ਚਿਹਰਾ ਬਹੁਤ ਸੁੰਦਰ ਸੀ ਜਿਸ ਕਾਰਨ ਆਪ ਜੀ ਦੀ ਦਾਦੀ ਨੇ ਆਪ ਦਾ ਨਾਮ ਰੂਪ ਕੌਰ ਰੱਖਿਆ। ਕਈ ਵਿਦਵਾਨਾਂ ਦਾ ਮਤ ਹੈ ਕਿ ਬੀਬੀ ਰੂਪ ਕੌਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਾਲਿਤ ਪੁੱਤਰੀ ਸੀ ਜਿਸ ਨੂੰ ਗੁਰੂ ਜੀ ਨੇ ਬੜੇ ਲਾਡ-ਪਿਆਰ ਨਾਲ ਪਾਲਿਆ ਸੀ। 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਬੀਬੀ ਰੂਪ ਕੌਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਾਲਿਤ ਪੁੱਤਰੀ ਸੀ। ਭਾਈ ਕੇਸਰ ਸਿੰਘ (ਛਿੱਬਰ) ਅਨੁਸਾਰ ਬੀਬੀ ਰੂਪ ਕੌਰ ਜੀ ਨੇ ਗੁਰੂ ਸਾਹਿਬ ਦੇ ਘਰ ਜਨਮ ਲਿਆ ਸੀ। ਉਨ੍ਹਾਂ ਦੀ ਕ੍ਰਿਤ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ' ਅਨੁਸਾਰ:

ਤਬ ਧਾਮ ਹਰਿਰਾਇ ਜੀ ਦੇ ਬੀਬੀ ਇਕ ਭਈ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਬੱਚਿਆਂ ਨੂੰ ਵਿੱਦਿਆ ਵਿਚ ਨਿਪੁੰਨ ਕਰਨ ਲਈ ਵਿਸ਼ੇਸ਼ ਵਿਵਸਥਾ ਕੀਤੀ। ਜਦੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਨੂੰ ਪਿੱਛਾ ਕਰਦੀ ਆ ਰਹੀ ਔਰੰਗਜ਼ੇਬ ਦੀ ਫੌਜ ਤੋਂ ਬਚਾਇਆ ਅਤੇ ਸ੍ਰੀ ਗੋਇੰਦਵਾਲ ਵਾਲੇ ਘਾਟ

ਤੋਂ ਪਾਰ ਕਰਾ ਕੇ ਸੁਰੱਖਿਅਤ ਸਥਾਨ 'ਤੇ ਪਹੁੰਚਾਇਆ ਤਾਂ ਔਰੰਗਜ਼ੇਬ ਨੂੰ ਪਤਾ ਲੱਗਣ 'ਤੇ ਨਰਾਜ਼ ਹੋ ਗਿਆ। ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਰਾਜ ਦਰਬਾਰ ਵਿਚ ਬੁਲਾਇਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਵੱਡੇ ਪੁੱਤਰ ਰਾਮਰਾਇ ਨੂੰ ਦੀਵਾਨ ਦਰਗਾਹ ਮੱਲ ਅਤੇ ਕੁਝ ਹੋਰ ਸੂਝਵਾਨ ਸਿੱਖਾਂ ਸਮੇਤ ਦਿੱਲੀ ਭੇਜਿਆ। ਰਾਮਰਾਇ ਨੇ ਆਪਣੀ ਸਮਝ ਅਨੁਸਾਰ ਔਰੰਗਜ਼ੇਬ ਦੀ ਨਰਾਜ਼ਗੀ ਦੂਰ ਕਰਨੀ ਸ਼ੁਰੂ ਕਰ ਦਿੱਤੀ। ਬਾਦਸ਼ਾਹ ਦੇ ਦਰਬਾਰ ਵਿਚ ਕਿਸੇ ਚੁਗ਼ਲਖ਼ੋਰ ਨੇ ਬਾਦਸ਼ਾਹ ਨੂੰ ਭੜਕਾਉਣ ਲਈ ਕਹਿ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁਸਲਮਾਨਾਂ ਵਿਰੁੱਧ ਗੱਲਾਂ ਸ਼ਾਮਿਲ ਕੀਤੀਆਂ ਹੋਈਆਂ ਹਨ। ਇਸ ਸੰਬੰਧ ਵਿਚ-ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ ਵਾਲਾ ਸਲੋਕ ਉਚੇਚੇ ਤੌਰ 'ਤੇ ਦੱਸ ਦਿੱਤਾ। ਰਾਮਰਾਇ ਨੇ ਆਪਣੀ ਚਤੁਰਾਈ ਨਾਲ 'ਮਿਟੀ ਮੁਸਲਮਾਨ ਕੀ' ਨੂੰ 'ਮਿਟੀ ਬੇਈਮਾਨ ਕੀ' ਕਹਿ ਦਿੱਤਾ। ਇਸ ਉੱਤਰ ਨਾਲ ਬਾਦਸ਼ਾਹ ਤਾਂ ਖ਼ੁਸ਼ ਹੋ ਗਿਆ ਪਰ ਸ੍ਰੀ ਗੁਰੂ ਹਰਿਰਾਇ ਜੀ ਨੇ ਬਾਣੀ ਵਿਚ ਇਸ ਪ੍ਰਕਾਰ ਦੀ ਬਦਲੀ ਨੂੰ ਸਹਿਣ ਨਹੀਂ ਕੀਤਾ। ਉਨ੍ਹਾਂ ਨੇ ਰਾਮਰਾਇ ਨੂੰ ਮੱਥੇ ਨਾ ਲੱਗਣ ਦਾ ਆਦੇਸ਼ ਦੇ ਦਿੱਤਾ। ਰਾਮਰਾਇ ਨੂੰ ਔਰੰਗਜ਼ੇਬ ਨੇ ਸਿੱਖਾਂ ਵਿਰੁੱਧ ਹੋਰ ਭੜਕਾਉਣ ਅਤੇ ਆਪਣੇ ਨਾਲ ਰਲਾਉਣ ਲਈ ਦੇਹਰਾਦੂਨ ਵਿਚ ਵੱਡੀ ਜਾਗੀਰ ਜਾਰੀ ਕਰ ਦਿੱਤੀ। ਗੁਰੂ ਘਰ ਵੱਲੋਂ ਛੇਕੇ ਜਾਣ ਕਰਕੇ ਰਾਮਰਾਇ ਦੀ ਪਤਨੀ ਬੀਬੀ ਰਾਜ ਕੌਰ ਨੇ ਵੀ ਉਸ ਨੂੰ ਤਿਆਗ ਦਿੱਤਾ ਅਤੇ ਮਨੀਮਾਜਰੇ ਵਿਚ ਨਿਵਾਸ ਕਰ ਲਿਆ।

ਬੀਬੀ ਰੂਪ ਕੌਰ ਜੀ ਦੀ ਉਮਰ ਲਗਭਗ 12 ਸਾਲ ਹੋਵੇਗੀ ਜਦੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਜੋਤੀ-ਜੋਤਿ ਸਮਾ ਗਏ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰਗੱਦੀ 'ਤੇ ਬੈਠੇ।

ਕੀਰਤਪੁਰ ਸਾਹਿਬ ਵਿਖੇ ਵੈਸਾਖੀ ਦਾ ਪੁਰਬ ਬੜੇ ਸ਼ਰਧਾ-ਭਾਵਨਾ ਨਾਲ ਮਨਾਇਆ ਜਾ ਰਿਹਾ ਸੀ। ਦੂਰੋਂ-ਦੂਰੋਂ ਸੰਗਤਾਂ ਪਹੁੰਚੀਆਂ ਹੋਈਆਂ ਸਨ। ਜ਼ਿਲ੍ਹਾ ਸਿਆਲਕੋਟ ਦੇ ਪਿੰਡ ਪਸਰੂਰ ਤੋਂ ਭਾਈ ਪੈੜਾ ਮੱਲ ਵੀ ਆਪਣੇ ਪਰਿਵਾਰ ਸਮੇਤ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਹੋਇਆ ਸੀ। ਉਸ ਦੇ ਨਾਲ ਉਸ ਦਾ ਪੁੱਤਰ ਭਾਈ ਖੇਮਕਰਨ ਵੀ ਸੀ। ਇਨ੍ਹਾਂ ਦੀ ਸੇਵਾ ਭਾਵਨਾ ਤੋਂ ਮਾਤਾ ਕ੍ਰਿਸ਼ਨ ਕੌਰ ਜੀ ਬਹੁਤ ਪ੍ਰਭਾਵਿਤ ਹੋਏ। ਇਨ੍ਹਾਂ ਨੇ ਭਾਈ ਪੈੜਾ ਜੀ ਪਾਸ ਉਨ੍ਹਾਂ ਦੇ ਪੁੱਤਰ ਭਾਈ ਖੇਮਕਰਨ ਨਾਲ ਬੀਬੀ ਰੂਪ ਕੌਰ ਜੀ ਦੇ ਰਿਸ਼ਤੇ ਦੀ ਗੱਲ ਚਲਾਈ। ਭਾਈ ਪੈੜਾ ਜੀ ਨੇ ਇਹ ਰਿਸ਼ਤਾ ਖਿੜੇ ਮੱਥੇ ਪਰਵਾਨ ਕਰ ਲਿਆ। 3 ਦਸੰਬਰ, 1662 ਈ: ਨੂੰ ਇਨ੍ਹਾਂ ਦਾ ਵਿਆਹ ਹੋਇਆ।

ਸ਼ਾਦੀ ਸਮੇਂ ਬੀਬੀ ਰੂਪ ਕੌਰ ਦੀ ਦਾਦੀ ਜੀ ਨੇ ਡੋਲੀ ਤੋਰਨ ਲੱਗਿਆਂ ਪੰਜ ਨਿਸ਼ਾਨੀਆਂ ਦੇ ਕੇ ਉਨ੍ਹਾਂ ਨੂੰ ਅੰਗ-ਸੰਗ ਰੱਖਣ ਲਈ ਪ੍ਰੇਰਨਾ ਕੀਤੀ। ਇਹ ਵਸਤਾਂ ਸਨ ਬਾਬਾ ਗੁਰਦਿੱਤਾ ਜੀ ਦੀ ਸੇਲੀ ਤੇ ਟੋਪੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਟਾਰ, ਗੁਰੂ ਜੀ ਦੀਆਂ ਸਾਖੀਆਂ ਦੀ ਪੋਥੀ ਅਤੇ ਰੇਹਲ। ਇਹ ਪੰਜੇ ਵਸਤਾਂ ਬੀਬੀ ਰੂਪ ਕੌਰ ਜੀ ਨੇ ਜਾਨ ਤੋਂ ਵੀ ਵੱਧ ਸੰਭਾਲ ਕੇ ਰੱਖੀਆਂ। ਬੀਬੀ ਰੂਪ ਕੌਰ ਜੀ ਦਾ ਜਿੰਨਾ ਸਤਿਕਾਰ ਪੇਕੇ ਪਿੰਡ ਵਿਚ ਸੀ ਉਸ ਤੋਂ ਵੀ ਕਿਤੇ ਵੱਧ ਸਹੁਰੇ ਪਰਿਵਾਰ ਵਾਲਿਆਂ ਨੇ ਕੀਤਾ। ਸ਼ਾਦੀ ਤੋਂ ਬਾਅਦ ਬੀਬੀ ਰੂਪ ਕੌਰ ਜੀ ਆਪਣੇ ਪਤੀ ਭਾਈ ਖੇਮਕਰਨ ਜੀ ਨਾਲ ਕੀਰਤਪੁਰ ਸਾਹਿਬ ਵਿਖੇ ਹੀ ਰਹਿਣ ਲੱਗ ਪਏ। ਜਦੋਂ ਸ੍ਰੀ

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 1664 ਈ: ਨੂੰ ਦਿੱਲੀ ਜਾਣ ਲਈ ਰਵਾਨਾ ਹੋਏ ਤਾਂ ਉਨ੍ਹਾਂ ਨੇ ਆਪਣਾ ਪਹਿਲਾ ਪੜਾਅ ਆਪਣੀ ਭੈਣ ਬੀਬੀ ਰੂਪ ਕੌਰ ਜੀ ਪਾਸ ਹੀ ਕੀਤਾ ਸੀ। ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਖੇ ਜੋਤੀ-ਜੋਤਿ ਸਮਾ ਗਏ ਉਸ ਸਮੇਂ ਮਾਤਾ ਕ੍ਰਿਸ਼ਨ ਕੌਰ ਜੀ ਤਾਂ ਗੁਰੂ ਜੀ ਦੇ ਨਾਲ ਦਿੱਲੀ ਹੀ ਸਨ। ਸੰਗਤਾਂ ਕੀਰਤਪੁਰ ਸਾਹਿਬ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ ਤਾਂ ਬੀਬੀ ਰੂਪ ਕੌਰ ਜੀ ਨੇ ਹੀ ਸੰਗਤ ਦੀ ਸੇਵਾ-ਸੰਭਾਲ ਕੀਤੀ।

ਬੀਬੀ ਰੂਪ ਕੌਰ ਜੀ ਦੇ ਘਰ ਇਕ ਪੁੱਤਰ ਦਾ ਜਨਮ ਹੋਇਆ ਜਿਸ ਦਾ ਨਾਂ ਅਮਰ ਚੰਦ ਰੱਖਿਆ ਗਿਆ। ਬਾਅਦ ਵਿਚ ਅਮਰ ਚੰਦ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰ ਕੇ ਆਪਣਾ ਨਾਂ ਅਮਰ ਸਿੰਘ ਰੱਖ ਲਿਆ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ 'ਤੇ ਬੈਠੇ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹੀਦੀ ਦੇਣ ਲਈ ਸ੍ਰੀ ਅਨੰਦਪੁਰ ਸਾਹਿਬ ਤੋਂ ਰਵਾਨਾ ਹੋਏ ਤਾਂ ਉਸ ਸਮੇਂ ਵੀ ਉਹ ਇਕ ਰਾਤ ਲਈ ਬੀਬੀ ਰੂਪ ਕੌਰ ਜੀ ਪਾਸ ਕੀਰਤਪੁਰ ਸਾਹਿਬ ਰੁਕੇ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਕਈ ਵਾਰ ਬੀਬੀ ਰੂਪ ਕੌਰ ਜੀ ਪਾਸ ਕੀਰਤਪੁਰ ਸਾਹਿਬ ਆਏ।

ਰਾਮਰਾਇ ਜੀ ਦੀ ਪਤਨੀ ਰਾਜ ਕੌਰ ਦਾ ਦਿਹਾਂਤ ਮਨੀਮਾਜਰਾ ਵਿਖੇ ਹੀ ਹੋਇਆ। ਇਨ੍ਹਾਂ ਦੀ ਯਾਦ ਵਿਚ ਉਥੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਬੀਬੀ ਰੂਪ ਕੌਰ ਦੀ ਵੰਸ਼ ਦੇ ਸੋਢੀ ਸਾਹਿਬਾਨ ਹੀ ਕਰਦੇ ਸਨ। ਇਸ ਅਸਥਾਨ ਦੀ ਆਮਦਨ ਜ਼ਿਆਦਾ ਨਾ ਹੋਣ ਕਰਕੇ ਮਹਾਰਾਜਾ ਪਟਿਆਲਾ ਨੇ 1801 ਈ: ਵਿਚ ਇਨ੍ਹਾਂ ਨੂੰ ਬਨੂੜ ਨੇੜੇ ਦਿਆਲਪੁਰ ਪਿੰਡ ਦੀ ਜਾਗੀਰ ਜਾਰੀ ਕਰ ਦਿੱਤੀ। ਇਨ੍ਹਾਂ 'ਚੋਂ ਬਹੁਤ ਸਾਰੇ ਇੱਥੇ ਆ ਕੇ ਅਬਾਦ ਹੋ ਗਏ।

ਕੀਰਤਪੁਰ ਸਾਹਿਬ ਵਿਖੇ ਬੀਬੀ ਰੂਪ ਕੌਰ ਜੀ ਦੇ ਨਿਵਾਸ ਸਥਾਨ ਵਾਲੀ ਥਾਂ 'ਤੇ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ। ਇੱਥੇ ਬੀਬੀ ਰੂਪ ਕੌਰ ਜੀ ਦੀਆਂ ਵਿਰਾਸਤੀ ਨਿਸ਼ਾਨੀਆਂ ਵੀ ਸੰਭਾਲੀਆਂ ਹੋਈਆਂ ਹਨ। ਇਨ੍ਹਾਂ ਵਿਚ ਬੀਬੀ ਰੂਪ ਕੌਰ ਜੀ ਦਾ ਕਢਾਈ ਕੀਤਾ ਹੋਇਆ ਰੁਮਾਲ, ਪੱਖਾ, ਬਾਬਾ ਸ੍ਰੀ ਚੰਦ ਜੀ ਦੀ ਸੇਲੀ ਤੇ ਟੋਪੀ ਜੋ ਉਨ੍ਹਾਂ ਨੇ ਬਾਬਾ ਗੁਰਦਿੱਤਾ ਜੀ ਨੂੰ ਦਿੱਤੀ ਸੀ, ਮੰਜੀ ਅਤੇ ਬੀਬੀ ਰੂਪ ਕੌਰ ਜੀ ਨਾਲ ਸੰਬੰਧਿਤ ਇਕ ਪੋਥੀ 'ਸ੍ਰੀ ਸਤਿਗੁਰੂ ਜੀ ਦੇ ਮੂੰਹ ਦੀਆਂ ਸਾਖੀਆਂ' ਹੈ।

'ਸ੍ਰੀ ਸਤਿਗੁਰੂ ਜੀ ਦੇ ਮੂੰਹ ਦੀਆਂ ਸਾਖੀਆਂ' ਪੋਥੀ ਸਾਖੀਆਂ ਦਾ ਸੰਗ੍ਰਹਿ ਹੈ। ਇਸ ਪੋਥੀ ਦੇ ਕੁਲ 559 ਸਫੇ ਹਨ। ਸਫਾ 492 ਤੋਂ 559 ਤਕ ਸਾਖੀਆਂ ਹਨ। ਇਨ੍ਹਾਂ ਸਾਖੀਆਂ ਨੂੰ 1978 ਈ: ਵਿਚ ਡਾ. ਨਰਿੰਦਰ ਕੌਰ (ਭਾਟੀਆ) ਵੱਲੋਂ ਸੰਪਾਦਿਤ ਕਰ ਕੇ ਪੁਸਤਕ ਰੂਪ ਵਿਚ ਛਾਪਿਆ ਗਿਆ ਹੈ। ਇਸ ਵਿਚ ਕੁੱਲ 38 ਸਾਖੀਆਂ ਹਨ। ਪਹਿਲੀਆਂ 33 ਸਾਖੀਆਂ ਦਾ ਸ੍ਰੋਤ ਬੀਬੀ ਰੂਪ ਕੌਰ ਜੀ ਵਾਲੀ ਪੋਥੀ ਦੱਸਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਬੀਬੀ ਰੂਪ ਕੌਰ ਜੀ ਆਪਣੇ ਪਿਤਾ ਜੀ ਦੇ ਮੁਖ ਤੋਂ ਉਚਾਰਨ ਕੀਤੀਆਂ ਸਾਖੀਆਂ ਨੂੰ ਆਪਣੇ ਹੱਥਾਂ ਨਾਲ ਲਿਖ ਕੇ ਸਾਂਭ ਲਿਆ ਕਰਦੇ ਸਨ। ਇਹੋ ਕਾਰਨ ਹੈ ਕਿ ਬੀਬੀ ਰੂਪ ਕੌਰ ਜੀ ਨੂੰ ਪਹਿਲੀ ਸਿੱਖ ਬੀਬੀ ਲਿਖਾਰੀ ਹੋਣ ਦਾ ਮਾਣ ਵੀ ਦਿੱਤਾ ਜਾਂਦਾ ਹੈ। ਬੀਬੀ ਰੂਪ ਕੌਰ ਜੀ ਦੀ ਪੋਥੀ ਵਿਚ ਗੁਰੂ

ਜੀ ਬੋਲਦੇ, ਕਹਿੰਦੇ ਕਹਾਂਦੇ, ਸਮਝਾਂਦੇ ਸ਼ਬਦ ਵਰਤੇ ਗਏ ਹਨ। ਇਸ ਪੋਥੀ ਵਿਚ ਬੀਬੀ ਰੂਪ ਕੌਰ ਜੀ ਨੇ ਗੁਰੂ ਜੀ ਦੇ ਉਪਦੇਸ਼ਾਂ ਨੂੰ ਬੜੇ ਖ਼ੂਬਸੂਰਤ ਢੰਗ ਨਾਲ ਲਿਖਿਆ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਸਿੱਖ ਕਿਸ ਤਰ੍ਹਾਂ ਅਰਦਾਸ ਬੇਨਤੀ ਕਰਦੇ ਹਨ, ਕਿਸ ਤਰ੍ਹਾਂ ਨਾਲ ਗੁਰੂ ਜੀ ਦੇ ਉਠਾਏ ਹਰ ਸਵਾਲ ਦਾ ਜਵਾਬ ਦਿੰਦੇ ਹਨ। ਗੁਰਦੁਆਰਾ ਸਾਹਿਬਾਨ ਜਾਣ ਵੇਲੇ ਕਿਸ ਤਰ੍ਹਾਂ ਅਦਬ-ਸਤਿਕਾਰ ਰੱਖਿਆ ਜਾਂਦਾ ਹੈ। ਇਸ ਪੋਥੀ ਦੇ ਪਹਿਲੇ 70 ਅਤੇ 400 ਤੋਂ ਅੱਗੇ ਦੇ ਸਫੇ ਸਮੇਂ ਦੀ ਮਾਰ ਹੇਠ ਆ ਕੇ ਖ਼ਰਾਬ ਹੋ ਚੁੱਕੇ ਹਨ।

## ਪੁਸਤਕ ਸੂਚੀ:


1. *ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਦੇ ਗੁਰਦੁਆਰੇ।*
2. ਡਾ. ਰਤਨ ਸਿੰਘ (ਜੱਗੀ)—*ਸਿੱਖ ਪੰਥ ਵਿਸ਼ਵਕੋਸ਼।*
3. ਡਾ. ਸਿਮਰਨ ਕੌਰ—*ਪ੍ਰਸਿੱਧ ਸਿੱਖ ਬੀਬੀਆਂ।*
4. ਡਾ. ਮਹਿੰਦਰ ਕੌਰ (ਗਿੱਲ)—*ਤੂੰ ਸਤਵੰਤੀ ਤੂੰ ਪਰਧਾਨ।*
5. ਭਾਈ ਕੇਸਰ ਸਿੰਘ (ਛਿੱਬਰ)—*ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ।*
6. ਡਾ. ਨਰਿੰਦਰ ਕੌਰ (ਭਾਟੀਆ)—*ਸ੍ਰੀ ਸਤਿਗੁਰੂ ਜੀ ਦੇ ਮੂੰਹ ਦੀਆਂ ਸਾਖੀਆਂ।*
7. ਭਾਈ ਕਾਨ੍ਹ ਸਿੰਘ ਨਾਭਾ—*ਮਹਾਨ ਕੋਸ਼।*


(3/2013)

# ਸਿਮਰੌਂ ਸ੍ਰੀ ਹਰਿਰਾਇ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ—ਬਾਬਾ ਅਟੱਲ ਰਾਇ ਜੀ, ਬਾਬਾ ਅਣੀ ਰਾਇ ਜੀ, ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ ਅਤੇ ਸ੍ਰੀ (ਗੁਰੂ) ਤੇਗ ਬਹਾਦਰ ਜੀ। ਬਾਬਾ ਗੁਰਦਿੱਤਾ ਜੀ ਦੇ ਦੋ ਸਾਹਿਬਜ਼ਾਦੇ ਸਨ—ਬਾਬਾ ਧੀਰਮੱਲ ਜੀ ਅਤੇ ਸ੍ਰੀ (ਗੁਰੂ) ਹਰਿਰਾਇ ਜੀ। ਸਤਵੇਂ ਨਾਨਕ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਜਨਵਰੀ, 1630 ਈ. ਨੂੰ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਜੀ ਦੇ ਘਰ, ਮਾਤਾ ਨਿਹਾਲ ਕੌਰ ਦੇ ਉਦਰ ਤੋਂ ਹੋਇਆ। ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਜੀ ਨੇ ਗੁਰੂ ਪਿਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਦੇਸ਼ ਅਨੁਸਾਰ ਵਸਾਇਆ ਸੀ। ਇਸ ਅਸਥਾਨ 'ਤੇ ਹੀ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਜੀ ਨੂੰ ਮਿਲੇ ਸਨ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਬਚਪਨ ਤੋਂ ਹੀ ਕੁਦਰਤ ਪ੍ਰੇਮੀ, ਸ਼ਾਂਤ ਸੁਭਾਅ, ਦਇਆ, ਕੋਮਲਤਾ ਆਦਿ ਸਦਗੁਣਾਂ ਦੇ ਧਾਰਨੀ ਸਨ। ਖਾਣ-ਪੀਣ, ਬੋਲਣ ਸੰਬੰਧੀ ਬਹੁਤ ਹੀ ਸੰਜਮੀ ਸਨ। ਆਪ ਜੀ ਦਾ ਬਚਪਨ ਗੁਰੂ ਪਿਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਬੀਤਿਆ। ਅਰੰਭਕ ਅਧਿਆਤਮਕ ਤੇ ਸੰਸਾਰਿਕ, ਸਰੀਰਿਕ ਸਿੱਖਿਆ ਅਤੇ ਸ਼ਸਤਰ ਵਿੱਦਿਆ ਵੀ ਆਪ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੀ ਦੇਖ-ਰੇਖ ਅਤੇ ਸੁਚੱਜੀ ਅਗਵਾਈ ਵਿਚ ਪ੍ਰਾਪਤ ਕੀਤੀ। ਆਪ ਜੀ ਸੁਭਾਅ ਦੇ ਨਰਮ, ਸਰੀਰ ਦੇ ਤਕੜੇ ਅਤੇ ਅਧਿਆਤਮਕ ਪੱਖੋਂ ਬਹੁਤ ਬਲਵਾਨ ਤੇ ਵਿਰਸੇ ਤੋਂ ਅਮੀਰ ਸਨ।

ਆਪ ਜੀ ਦਾ ਵਿਆਹ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕਿਸ਼ਨ ਕੌਰ ਜੀ ਨਾਲ 1640 ਈ. ਵਿਚ ਅਨੂਪ ਸ਼ਹਿਰ (ਯੂ.ਪੀ.) ਵਿਖੇ ਹੋਇਆ। ਆਪ ਜੀ ਦੇ ਦੋ ਸਪੁੱਤਰ ਸਨ—ਬਾਬਾ ਰਾਮਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ।

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ, ਜਿਨ੍ਹਾਂ ਵਿੱਚੋਂ ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ-ਕਾਲ ਵਿਚ ਹੀ ਪ੍ਰਲੋਕ ਸਿਧਾਰ ਗਏ। ਬਾਬਾ ਸੂਰਜ ਮੱਲ ਜੀ ਨਿਰੋਲ ਸੰਸਾਰਿਕ ਬਿਰਤੀ ਅਤੇ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਬੀਰਤਾ, ਤਿਆਗ ਤੇ ਅਧਿਆਤਮਕ ਬਿਰਤੀ ਦੇ ਮਾਲਕ ਸਨ। ਬਾਬਾ ਗੁਰਦਿੱਤਾ ਜੀ ਦੇ ਵੱਡੇ ਸਪੁੱਤਰ ਬਾਬਾ ਧੀਰਮੱਲ ਜੀ ਵੀ ਗੁਰੂ-ਘਰ ਪ੍ਰਤੀ ਵਫ਼ਾਦਾਰ ਸਾਬਤ ਨਾ ਹੋਏ, ਕੇਵਲ ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਹੀ ਗੁਰਿਆਈ ਦੇ ਯੋਗ ਵਾਰਸ ਸਾਬਤ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 3 ਮਾਰਚ, 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤਿ ਸਮਾ ਗਏ। 8 ਮਾਰਚ, 1644 ਈ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ

ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ ਗਈ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ (ਜੋ ਉਸ ਸਮੇਂ ਸ੍ਰੀ ਹਰਿਮੰਦਿਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਗ੍ਰੰਥੀ ਸਨ) ਨੇ ਗੁਰਿਆਈ ਦੀ ਮਰਯਾਦਾ ਨਿਭਾਈ। ਉਸ ਸਮੇਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਉਮਰ 14 ਸਾਲ ਦੀ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਤਮ ਆਦੇਸ਼ ਅਨੁਸਾਰ ਆਪ ਜੀ ਨੇ ਆਪਣੇ ਨਾਲ ਹਮੇਸ਼ਾਂ 2200 ਘੋੜ ਸਵਾਰ ਰੱਖੇ ਪਰ ਸਮੁੱਚਾ ਜੀਵਨ ਅਮਨ-ਸ਼ਾਂਤੀ ਨਾਲ ਗੁਜ਼ਾਰਿਆ। ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਸ਼ਿਕਾਰ ਖੇਡਣ ਦੀ ਜੰਗਜੂ ਪਰਵਿਰਤੀ ਨੂੰ ਜਾਰੀ ਰੱਖਿਆ। ਸ੍ਰੀ ਗੁਰੂ ਹਰਿਰਾਇ ਜੀ ਨੇ ਗੁਰੂ ਪਿਤਾ ਦੇ ਉਪਦੇਸ਼ ਨੂੰ ਜੀਵਨ ਭਰ ਨਿਭਾਇਆ। ਕੇਵਲ ਇਕ ਫੁੱਲ ਦੇ ਟੁੱਟਣ ਨਾਲ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਸੀ 'ਦਾਮਨ ਸੰਕੋਚ ਚਲੋ'। ਸਾਰਾ ਜੀਵਨ ਸਹਿਜ, ਸੰਜਮ ਤੇ ਸੀਤਲਤਾ ਨਾਲ ਗੁਜ਼ਾਰਿਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਮੇਂ ਸਿੱਖ ਧਰਮ ਨੇ ਚੰਗੀ ਉਨਤੀ ਕੀਤੀ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਕਈ ਮਹੱਤਵਪੂਰਨ ਕਦਮ ਪੁੱਟੇ ਅਤੇ ਲੋਕ ਭਲਾਈ ਦੇ ਕੰਮ ਕੀਤੇ। ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ ਸਾਨੂੰ ਗੁਰਬਾਣੀ ਪੜ੍ਹਨੀ ਤੇ ਸੁਣਨੀ ਚਾਹੀਦੀ ਹੈ। ਗੁਰਬਾਣੀ ਪੜ੍ਹਨ-ਸੁਣਨ ਵਾਲੇ 'ਤੇ ਅਸਰ ਕਰਦੀ ਹੀ ਕਰਦੀ ਹੈ, ਜਿਵੇਂ ਘਿਓ ਵਾਲੇ ਭਾਂਡੇ 'ਚੋਂ ਥੰਦਿਆਈ ਟੁੱਟਣ 'ਤੇ ਵੀ ਨਹੀਂ ਜਾਂਦੀ ਇਵੇਂ ਹੀ ਗੁਰਬਾਣੀ ਸਦੀਵੀ ਅਸਰ ਕਰਦੀ ਹੈ। ਮਸੰਦਾਂ ਤੇ ਮੀਣਿਆਂ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਹਮੇਸ਼ਾਂ ਵਿਰੋਧ ਕੀਤਾ। ਗੁਰਿਆਈ 'ਤੇ ਬਿਰਾਜਮਾਨ ਹੋਣ ਤੋਂ ਕੁਝ ਸਮਾਂ ਬਾਅਦ ਔੜ ਨਾਲ ਭਾਰੀ ਕਾਲ ਪੈ ਗਿਆ, ਜਿਸ ਕਾਰਨ ਲੋਕਾਈ ਤਰਾਹ-ਤਰਾਹ ਕਰ ਉਠੀ। ਲੋਕ ਰੋਟੀ ਤੋਂ ਆਤੁਰ ਹੋ ਗਏ। ਪੇਟ ਦੀ ਭੁੱਖ ਨੇ ਲੋਕਾਂ ਨੂੰ ਦਰ-ਦਰ ਦੇ ਧੱਕੇ ਖਾਣ ਲਈ ਮਜਬੂਰ ਕਰ ਦਿੱਤਾ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰੂ-ਘਰ ਦੀ ਪਰੰਪਰਾ ਅਨੁਸਾਰ ਦੁਖੀਆਂ ਦੀ ਤਨ-ਮਨ-ਧਨ ਨਾਲ ਸੇਵਾ ਕੀਤੀ। ਇੱਥੋਂ ਤਕ ਕਿ ਪੰਜਾਬ ਤੋਂ ਬਾਹਰ ਵੱਸਦੇ ਗੁਰਸਿੱਖਾਂ, ਗੁਰੂ-ਘਰ ਦੇ ਪ੍ਰੀਤਵਾਨਾਂ ਨੂੰ ਵੀ ਪ੍ਰੇਰ ਕੇ ਦੁਖੀ ਮਾਨਵਤਾ ਦੀ ਸੇਵਾ ਕੀਤੀ ਤੇ ਕਰਵਾਈ। ਸਤਿਗੁਰੂ ਜੀ ਨੇ ਭੁੱਖਿਆਂ ਲਈ ਲੰਗਰ, ਬਿਮਾਰਾਂ ਲਈ ਸ਼ਫ਼ਾਖਾਨੇ ਖੋਲ੍ਹ ਦਿੱਤੇ। ਸਤਿਗੁਰੂ ਜੀ ਵੱਲੋਂ ਮਨੁੱਖ ਜਾਤੀ ਦੇ ਕਲਿਆਣਕਾਰੀ ਕਾਰਜਾਂ ਨੂੰ ਤੱਕ ਕੇ ਦਾਰਾ ਸ਼ਿਕੋਹ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਬਾਦਸ਼ਾਹੀ ਜਾਗੀਰ ਨਾਲ ਗੁਰੂ ਕੇ ਅਸੀਮਤ ਲੰਗਰ ਭੰਡਾਰਾਂ ਨੂੰ ਸੀਮਤ ਨਹੀਂ ਕਰਨਾ ਚਾਹੁੰਦੇ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਮਹਿਮਾ ਸੁਣ 'ਸ਼ਾਹ-ਰੂਮੀ' ਜਦ ਹਿੰਦੁਸਤਾਨ ਦੀ ਸੈਰ ਕਰਨ ਆਇਆ ਤਾਂ ਗੁਰੂ-ਦਰਸ਼ਨਾਂ ਲਈ ਗੁਰੂ-ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ-ਦਰਬਾਰ ਵਿਚ ਹਮੇਸ਼ਾਂ ਵੱਡੇ-ਛੋਟੇ ਨਾਲ, ਬਿਨਾਂ ਕਿਸੇ ਜਾਤੀ ਜਾਂ ਖੇਤਰੀ ਵਿਤਕਰੇ ਦੇ, ਬਰਾਬਰ ਸਲੂਕ ਕੀਤਾ ਜਾਂਦਾ ਹੈ। ਗੁਰੂ-ਘਰ ਵਿਚ ਆਏ ਹਰ ਲੋੜਵੰਦ ਦੀ ਲੋੜ ਪੂਰੀ ਕੀਤੀ ਜਾਂਦੀ। ਬਿਮਾਰ ਆਵੇ ਤਾਂ ਦਵਾ-ਦਾਰੂ, ਭੁੱਖਾ-ਪਿਆਸਾ ਆਵੇ ਤਾਂ ਖਾਣ-ਪੀਣ ਲਈ ਪਦਾਰਥ, ਅਰਾਮ ਕਰਨ ਲਈ ਆਵੇ ਤਾਂ ਨਿਵਾਸ ਅਸਥਾਨ, ਮਾਨਸਿਕ ਤ੍ਰਿਪਤੀ ਲਈ ਆਵੇ ਤਾਂ ਨਾਮ-ਦਾਰੂ ਅਤੇ ਸ਼ਰਨ ਆਉਣ ਵਾਲੇ ਨੂੰ ਸ਼ਰਨ ਦਿੱਤੀ ਜਾਂਦੀ।

ਗੁਰੂ ਜੀ ਨੇ ਕੀਰਤਪੁਰ ਦੀ ਧਰਤੀ 'ਤੇ ਇਲਾਜ ਵਾਸਤੇ ਵਰਤੀਆਂ ਜਾਂਦੀਆਂ ਜੜ੍ਹੀਆਂ-

ਬੂਟੀਆਂ ਦਾ ਬਾਗ਼ ਲਗਵਾਇਆ ਤੇ ਇਕ ਖੋਜ ਕੇਂਦਰ ਸਥਾਪਿਤ ਕੀਤਾ। ਜੇਕਰ ਦਾਰਾ ਸ਼ਿਕੋਹ ਬਿਮਾਰ ਹੋਇਆ ਤਾਂ ਇਲਾਜ ਲਈ ਦਵਾਈਆਂ, ਜੜ੍ਹੀਆਂ-ਬੂਟੀਆਂ ਗੁਰੂ-ਦਰਬਾਰ ਵੱਲੋਂ ਭੇਜੀਆਂ ਗਈਆਂ, ਜਿਸ ਨਾਲ ਉਸ ਦਾ ਅਸਾਧ ਰੋਗ ਠੀਕ ਹੋਇਆ। ਘਰੇਲੂ ਝਗੜੇ ਕਰਕੇ ਦਾਰਾ ਸ਼ਿਕੋਹ ਬਾਦਸ਼ਾਹ ਔਰੰਗਜ਼ੇਬ ਦੀ ਮਾਰ ਤੋਂ ਡਰਦਾ, ਗੁਰੂ-ਦਰਬਾਰ ਵਿਚ ਹਾਜ਼ਰੀ ਭਰ ਕੇ ਦਰਿਆ ਬਿਆਸ ਪਾਰ ਕਰਦਾ ਹੈ।

ਬਾਦਸ਼ਾਹ ਸ਼ਾਹ ਜਹਾਨ ਦੇ ਆਖਰੀ ਦਿਨਾਂ ਵਿਚ ਪਰਿਵਾਰਿਕ ਫੁੱਟ ਚਰਮ-ਸੀਮਾ 'ਤੇ ਪਹੁੰਚ ਚੁੱਕੀ ਸੀ। ਔਰੰਗਜ਼ੇਬ ਨੇ ਬਗ਼ਾਵਤ ਕਰ ਕੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਦਾਰਾ ਸ਼ਿਕੋਹ ਵੀ ਔਰੰਗਜ਼ੇਬ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਜਾਨ ਬਚਾਉਣ ਲਈ ਦਿੱਲੀ ਤੋਂ ਦੌੜ ਗਿਆ। ਦਾਰਾ ਸ਼ਿਕੋਹ ਦਾ ਪਿੱਛਾ ਕਰਦਾ-ਕਰਦਾ ਬਾਦਸ਼ਾਹ ਔਰੰਗਜ਼ੇਬ ਵੀ ਲਾਹੌਰ ਪਹੁੰਚ ਗਿਆ ਪਰ ਦਾਰਾ ਸ਼ਿਕੋਹ ਉਥੋਂ ਵੀ ਅੱਗੇ ਦੌੜ ਗਿਆ। ਔਰੰਗਜ਼ੇਬ ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ, ਦੂਸਰਾ ਸਿੱਖਾਂ ਦੀ ਵਧ ਰਹੀ ਸ਼ਕਤੀ ਤੋਂ ਔਰੰਗਜ਼ੇਬ ਚਿੰਤਤ ਸੀ। ਇਸ ਲਈ ਬਾਦਸ਼ਾਹ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਆਪਣੀ ਥਾਵੇਂ ਆਪਣੇ ਵੱਡੇ ਸਪੁੱਤਰ ਬਾਬਾ ਰਾਮਰਾਇ ਨੂੰ ਭੇਜਿਆ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਹਦਾਇਤ ਕੀਤੀ ਕਿ ਗੁਰੂ ਆਸਰੇ ਰਹਿਣਾ ਅਤੇ ਗੁਰੂ ਆਸ਼ੇ ਵਿਰੁੱਧ ਕੋਈ ਗੱਲਬਾਤ ਨਹੀਂ ਕਰਨੀ। ਬਾਬਾ ਰਾਮਰਾਇ ਜੀ ਸੰਸਾਰਿਕ ਤੌਰ 'ਤੇ ਬਹੁਤ ਹੀ ਵਿਦਵਾਨ ਤੇ ਹਾਜ਼ਰ ਜੁਆਬ ਸਨ। ਦਿੱਲੀ ਜਾ ਕੇ ਉਨ੍ਹਾਂ ਬਾਦਸ਼ਾਹ ਔਰੰਗਜ਼ੇਬ ਦੇ ਹਰ ਸੁਆਲ ਦਾ ਜੁਆਬ ਤਸੱਲੀਬਖ਼ਸ਼ ਦਿੱਤਾ। ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ। ਪਰ ਜਦ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਗੁਰਬਾਣੀ ਦੀ ਪਾਵਨ ਪੰਗਤੀ "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ" ਦੇ ਅਰਥ ਪੁੱਛੇ ਤਾਂ ਰਾਮਰਾਇ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਕਿਹਾ ਕਿ ਸ਼ਬਦ 'ਮੁਸਲਮਾਨ' ਨਹੀਂ, 'ਬੇਈਮਾਨ' ਹੈ, ਪਰ ਕਾਤਿਬ ਦੀ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ। ਬਾਬਾ ਰਾਮਰਾਇ ਜੀ ਨੇ ਅਜਿਹਾ ਕਰ ਕੇ ਬਾਦਸ਼ਾਹ ਦੀ ਖ਼ੁਸ਼ੀ ਤਾਂ ਹਾਸਲ ਕਰ ਲਈ ਪਰ ਗੁਰੂ-ਦਰਬਾਰ ਤੋਂ ਹਮੇਸ਼ਾਂ ਲਈ ਦੂਰ ਹੋ ਗਿਆ ਕਿਉਂਕਿ ਜਦ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਇਸ ਵਾਰਤਾ ਦਾ ਪਤਾ ਲੱਗਾ ਤਾਂ ਉਨ੍ਹਾਂ ਕਹਿ ਭੇਜਿਆ ਕਿ 'ਤੁਸਾਂ ਸਾਡੇ ਮੱਥੇ ਨਹੀਂ ਲੱਗਣਾ, ਤੁਸਾਂ ਦੁਨਿਆਵੀ ਵਡਿਆਈ ਖ਼ਾਤਰ ਇਲਾਹੀ ਬਾਣੀ ਦਾ ਨਿਰਾਦਰ ਕੀਤਾ ਹੈ।'

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਗੁਰੂ-ਕਾਲ ਵਿਚ ਮਾਝੇ, ਮਾਲਵੇ ਤੇ ਦੁਆਬੇ ਦੇ ਇਲਾਕਿਆਂ ਵਿਚ ਕਈ ਪ੍ਰਚਾਰ ਦੌਰੇ ਕੀਤੇ। ਗੁਰੂ ਜੀ ਨੇ ਸਿੱਖ ਮਤ ਦੇ ਪ੍ਰਚਾਰ-ਪ੍ਰਸਾਰ ਲਈ ਪ੍ਰਚਾਰਕ ਪੰਜਾਬ ਤੋਂ ਬਾਹਰ ਵੀ ਭੇਜੇ। ਭਾਈ ਗੋਂਦਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰੇਮੀ ਸਿੱਖ ਸੀ ਜਿਸ ਨੂੰ ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਕਾਬਲ ਭੇਜਿਆ। ਕੁਝ ਸਮਾਂ ਗੁਰੂ ਜੀ ਸ੍ਰੀ ਅੰਮ੍ਰਿਤਸਰ ਵੀ ਰਹੇ। ਕਰਤਾਰਪੁਰ, ਨੂਰ ਮਹਿਲ, ਡਰੋਲੀ, ਭਾਈ ਰੂਪਾ, ਆਦਿ ਥਾਵਾਂ ਤੋਂ ਹੁੰਦੇ ਹੋਏ ਮਰਾਝ ਪਹੁੰਚੇ। ਇੱਥੋਂ ਦਾ ਚੌਧਰੀ ਕਾਲਾ ਗੁਰੂ-ਦਰਬਾਰ ਦਾ ਬਹੁਤ ਹੀ ਪ੍ਰੀਤਵਾਨ ਸੀ, ਉਸ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਇਕ ਦਿਨ ਚੌਧਰੀ ਕਾਲਾ ਆਪਣੇ

ਯਤੀਮ ਭਤੀਜਿਆਂ ਨੂੰ ਨਾਲ ਲੈ ਕੇ ਗੁਰੂ-ਦਰਸ਼ਨਾਂ ਲਈ ਹਾਜ਼ਰ ਹੋਇਆ। ਚੌਧਰੀ ਕਾਲਾ ਹੀ ਇਨ੍ਹਾਂ ਦੀ ਦੇਖਭਾਲ, ਪਾਲਣ-ਪੋਸ਼ਣ ਕਰਦਾ ਸੀ। ਗੁਰੂ-ਦਰਬਾਰ ਵਿਚ ਹਾਜ਼ਰ ਹੋ ਕੇ ਉਨ੍ਹਾਂ ਬੱਚਿਆਂ ਨੇ ਆਪਣੇ ਢਿੱਡ ਵਜਾਉਣੇ ਸ਼ੁਰੂ ਕਰ ਦਿੱਤੇ। ਚੌਧਰੀ ਕਾਲੇ ਨੇ ਪੁੱਛਣ 'ਤੇ ਗੁਰੂ ਜੀ ਨੂੰ ਦੱਸਿਆ ਕਿ ਇਹ ਭੁੱਖੇ ਹਨ, ਖਾਣ ਨੂੰ ਮੰਗਦੇ ਹਨ। ਗੁਰੂ ਜੀ ਨੇ ਬਖਸ਼ਿਸ਼ ਕੀਤੀ ਕਿ ਇਨ੍ਹਾਂ ਦੀ ਸੰਤਾਨ ਤਾਂ ਦਰਿਆ ਸਤਲੁਜ ਦੇ ਵਿਚਕਾਰ ਰਾਜ ਭਾਗ ਕਰੇਗੀ। ਕਿਹਾ ਜਾਂਦਾ ਹੈ ਕਿ ਗੁਰੂ ਜੀ ਦੀ ਬਖਸ਼ਿਸ਼ ਸਦਕਾ ਹੀ ਫੂਲ ਬੰਸ ਨੂੰ ਪਟਿਆਲਾ, ਜੀਂਦ ਤੇ ਨਾਭਾ ਰਿਆਸਤਾਂ ਦਾ ਰਾਜ ਭਾਗ ਪ੍ਰਾਪਤ ਹੋਇਆ।

ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਜੀ ਨੇ ਗੁਰਿਆਈ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਦਿੱਤੀ। ਆਪ ਜੀ 6 ਅਕਤੂਬਰ, 1661 ਈ. ਨੂੰ ਕੀਰਤਪੁਰ ਹੀ ਜੋਤੀ-ਜੋਤਿ ਸਮਾ ਗਏ। ਹਰ ਗੁਰਸਿੱਖ ਸਦਵਾਉਣ ਵਾਲਾ ਸਵੇਰੇ-ਸ਼ਾਮ, ਹਰ ਦੀਵਾਨ ਸਮੇਂ ਅਰਦਾਸ ਦੇ ਇਹ ਬੋਲ 'ਸਿਮਰੌ ਸ੍ਰੀ ਹਰਿਰਾਇ' ਪੜ੍ਹ-ਸੁਣ ਕੇ ਗੁਰੂ ਦੀ ਸ਼ਰਧਾ ਸਤਿਕਾਰ ਭੇਟ ਕਰਦਾ ਹੋਇਆ ਉਨ੍ਹਾਂ ਦੇ ਜੀਵਨ-ਦਰਸ਼ਨ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ।

(2/2017)

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ: ਪ੍ਰਮੁੱਖ ਇਤਿਹਾਸਕ ਅਸਥਾਨ

1. **ਗੁਰਦੁਆਰਾ ਸ਼ੀਸ਼ ਮਹੱਲ ਸਾਹਿਬ, ਕੀਰਤਪੁਰ ਸਾਹਿਬ:** ਇਸ ਅਸਥਾਨ 'ਤੇ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ। ਇਸ ਅਸਥਾਨ ਨੂੰ ਗੁਰੂ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੈ।

2. **ਗੁਰਦੁਆਰਾ ਸਾਹਿਬ ਮੁਕੰਦਪੁਰ:** 'ਮਾਲਵਾ ਸਿੱਖ ਇਤਿਹਾਸ' ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਕੀਰਤਪੁਰ ਸਾਹਿਬ ਜਾਂਦੇ ਹੋਏ ਰਸਤੇ ਵਿਚ ਸੰਗਤਾਂ ਨੂੰ ਗੁਰ ਉਪਦੇਸ਼ ਦੇਣ ਲਈ ਮੁਕੰਦਪੁਰ ਬਿਰਾਜੇ ਸਨ।

3. **ਗੁਰਦੁਆਰਾ ਤਖ਼ਤ ਸਾਹਿਬ, ਕੀਰਤਪੁਰ ਸਾਹਿਬ:** 'ਮਹਾਨ ਕੋਸ਼' ਦੇ ਕਰਤਾ ਅਨੁਸਾਰ ਗੁਰਦੁਆਰਾ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਸ੍ਰੋਤਾਂ ਅਨੁਸਾਰ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਗੱਦੀਨਸ਼ੀਨੀ ਇਸ ਅਸਥਾਨ 'ਤੇ ਹੋਈ ਸੀ।

4. **ਗੁਰਦੁਆਰਾ ਹਰਿਮੰਦਰ ਸਾਹਿਬ, ਕੀਰਤਪੁਰ ਸਾਹਿਬ:** ਗੁਰਦੁਆਰਾ ਹਰਿਮੰਦਰ ਸਾਹਿਬ ਵਿਖੇ ਗੁਰੂ ਜੀ ਦੇ ਸਮੇਂ ਦਾ ਇਕ ਨੌਂ ਲੱਖਾ ਬਾਗ਼ ਹੈ। ਸ੍ਰੋਤਾਂ ਮੁਤਾਬਿਕ ਦਾਰਾ ਸ਼ਿਕੋਹ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਇਸੇ ਬਾਗ਼ ਵਿਚ ਮਿਲਣ ਵੀ ਆਇਆ ਸੀ। ਗੁਰੂ ਜੀ ਨੇ ਉਸ ਦੇ ਇਲਾਜ ਲਈ ਇਕ ਹਰੜ ਤੇ ਲੌਂਗ ਦੇ ਕੇ ਉਸ ਨੂੰ ਲੰਮੀ ਬੀਮਾਰੀ ਤੋਂ ਛੁਟਕਾਰਾ ਦਿਵਾਇਆ ਸੀ।

5. **ਗੁਰਦੁਆਰਾ ਪਤਾਲਪੁਰੀ ਸਾਹਿਬ, ਕੀਰਤਪੁਰ ਸਾਹਿਬ:** ਗੁਰਦੁਆਰਾ ਪਤਾਲਪੁਰੀ ਸਾਹਿਬ, ਕੀਰਤਪੁਰ ਵਿਖੇ ਉਸ ਅਸਥਾਨ 'ਤੇ ਸੁਸ਼ੋਭਿਤ ਹੈ, ਜਿਥੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ।

6. **ਗੁਰਦੁਆਰਾ ਦਮਦਮਾ ਸਾਹਿਬ, ਕੀਰਤਪੁਰ ਸਾਹਿਬ:** ਗੁਰਦੁਆਰਾ ਦਮਦਮਾ ਸਾਹਿਬ ਕੀਰਤਪੁਰ ਸਾਹਿਬ ਦੇ ਵਿਚਕਾਰ ਸਥਿਤ ਹੈ ਜਿਥੇ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ ਕਰਦੀਆਂ ਸਨ ਅਤੇ ਗੁਰੂ ਜੀ ਇਥੇ ਰੋਜ਼ ਦੀਵਾਨ ਸਜਾਇਆ ਕਰਦੇ ਸਨ।

7. **ਗੁਰਦੁਆਰਾ ਗੁਰੂ ਹਰਿਰਾਇ ਸਾਹਿਬ ਪਾਤਸ਼ਾਹ ਸਤਵੀਂ, ਪੁਆਦੜਾ:** ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਯਾਦ ਵਿਚ ਫਿਲੌਰ ਦੇ ਇਕ ਪਿੰਡ ਪੁਆਦੜਾ ਵਿਖੇ ਗੁਰਦੁਆਰਾ ਪਾਤਸ਼ਾਹੀ ਸਤਵੀਂ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਨੂਰਮਹਿਲ ਤੋਂ ਚੱਲ ਕੇ ਇਥੇ ਬਿਰਾਜੇ ਸਨ।

8. **ਗੁਰਦੁਆਰਾ ਸ੍ਰੀ ਹਰਿਰਾਇ ਸਾਹਿਬ, ਦੁਸਾਂਝ ਕਲਾਂ**: ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਵਿਸ਼ਰਾਮ ਕਰਨ ਲਈ ਇਥੇ ਬਿਰਾਜੇ ਸਨ।

9. **ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ, ਫ਼ਰਾਲਾ**: ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਜ਼ਿਲ੍ਹਾ ਜਲੰਧਰ ਦੇ ਪਿੰਡ ਫ਼ਰਾਲਾ ਵਿਖੇ ਗੁਰੂ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਇਥੇ ਠਹਿਰੇ ਸਨ।

10. **ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਸਤਵੀਂ, ਕਰਤਾਰਪੁਰ ਸਾਹਿਬ**: ਇਹ ਅਸਥਾਨ ਜਲੰਧਰ ਦੇ ਨਗਰ ਕਰਤਾਰਪੁਰ ਸਾਹਿਬ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਗੁਰੂ ਸਾਹਿਬ ਜੀ ਕੀਰਤਪੁਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਜਾਣ ਸਮੇਂ ਇਥੇ ਠਹਿਰੇ ਸਨ ਅਤੇ ਟਾਹਲੀ ਦੇ ਦਰੱਖ਼ਤ ਨਾਲ ਆਪਣਾ ਘੋੜਾ ਬੰਨ੍ਹਿਆ ਸੀ। ਜਿਸ ਕਾਰਨ ਗੁਰਦੁਆਰਾ ਸਾਹਿਬ ਦਾ ਨਾਂ ਟਾਹਲੀ ਸਾਹਿਬ ਪ੍ਰਸਿੱਧ ਹੋ ਗਿਆ।

11. **ਗੁਰਦੁਆਰਾ ਮੰਜੀ ਸਾਹਿਬ, ਕਰਤਾਰਪੁਰ ਸਾਹਿਬ**: ਗੁਰੂ-ਘਰ ਦੇ ਸਿੱਖ ਭਾਈ ਭਗਤੂ ਜੀ ਸੱਤਵੇਂ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਸਾਹਿਬ ਆਉਂਦੇ ਸਮੇਂ ਰਸਤੇ 'ਚ ਹੀ ਕੁਝ ਸਮਾਂ ਬਿਮਾਰ ਰਹਿ ਕੇ ਅਕਾਲ ਚਲਾਣਾ ਕਰ ਗਏ। ਇਸ ਅਸਥਾਨ 'ਤੇ ਗੁਰੂ ਜੀ ਨੇ ਆਪਣੇ ਸੇਵਕ ਭਾਈ ਭਗਤੂ ਜੀ ਦਾ ਆਪਣੇ ਹੱਥੀਂ ਅੰਤਿਮ ਸੰਸਕਾਰ ਕੀਤਾ।

12. **ਗੁਰਦੁਆਰਾ ਮੰਜੀ ਸਾਹਿਬ, ਨੂਰਮਹਿਲ**: 'ਮਹਾਨ ਕੋਸ਼' ਅਨੁਸਾਰ ਗੁਰੂ ਸਾਹਿਬ ਆਪਣੇ ਇਕ ਸਿੱਖ ਭਾਈ ਫਤੇ ਸ਼ਾਹ ਦੀ ਪ੍ਰੇਮ ਮਈ ਬੇਨਤੀ ਉਪਰੰਤ ਇਥੇ ਠਹਿਰੇ ਸਨ।

13. **ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ, ਬਾਠ**: 'ਮਹਾਨ ਕੋਸ਼' ਅਨੁਸਾਰ ਫਿਲੌਰ ਦੇ ਪਿੰਡ ਬਾਠ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

14. **ਗੁਰਦੁਆਰਾ ਸੁਖਚੈਨਆਣਾ ਸਾਹਿਬ, ਫਗਵਾੜਾ**: ਇਹ ਗੁਰ ਅਸਥਾਨ ਫਗਵਾੜਾ ਸ਼ਹਿਰ ਤੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸੁਸ਼ੋਭਿਤ ਹੈ। ਇਸ ਅਸਥਾਨ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

15. **ਗੁਰਦੁਆਰਾ ਪਲਾਹ ਸਾਹਿਬ**: ਫਗਵਾੜਾ ਦੇ ਨੇੜੇ ਪਿੰਡ ਪਲਾਹੀ ਵਿਖੇ ਗੁਰਦੁਅਰਾ ਪਲਾਹ ਸਾਹਿਬ ਸਥਿਤ ਹੈ। ਗੁਰੂ ਸਾਹਿਬ ਆਪਣੀ ਮਾਲਵਾ ਫੇਰੀ ਤੋਂ ਵਾਪਸ ਕਰਤਾਰਪੁਰ ਸਾਹਿਬ ਆਉਂਦੇ ਸਮੇਂ ਰਸਤੇ ਵਿਚ ਇਥੇ ਠਹਿਰੇ ਸਨ। ਇਸ ਗੁਰਦੁਆਰਾ ਸਾਹਿਬ ਨੂੰ ਗੁਰਪਲਾਹ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

16. **ਗੁਰਦੁਆਰਾ ਗੁਰੂ ਹਰਿਰਾਇ ਸਾਹਿਬ, ਫਗਵਾੜਾ**: 'ਮਹਾਨ ਕੋਸ਼' ਅਨੁਸਾਰ ਇਹ ਗੁਰਦੁਆਰਾ ਫਗਵਾੜਾ ਸ਼ਹਿਰ ਦੇ ਬਾਂਸਾਂ ਵਾਲੇ ਬਜ਼ਾਰ ਵਿਚ ਸਥਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ

ਵਾਪਸ ਆਉਂਦੇ ਸਮੇਂ ਆਪਣੇ ਸਿੱਖ ਭਾਈ ਸੰਤੂ ਲੁਹਾਰ ਦੀ ਬੇਨਤੀ 'ਤੇ ਇਥੇ ਕੁਝ ਸਮਾਂ ਠਹਿਰੇ ਸਨ।

17. **ਗੁਰਦੁਆਰਾ ਝੰਡਾ ਸਾਹਿਬ**: ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਇਹ ਗੁਰਦੁਆਰਾ ਫਗਵਾੜੇ ਦੇ ਪਿੰਡ ਚੱਕ ਪ੍ਰੇਮਾ ਵਿਖੇ ਸੁਸ਼ੋਭਿਤ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਇਥੇ ਵਿਸ਼ਰਾਮ ਲਈ ਰੁਕੇ ਸਨ।

18. **ਗੁਰਦੁਆਰਾ ਚੌਂਤੇ ਸਾਹਿਬ ਜੀ**: ਸੱਤਵੇਂ ਪਾਤਸ਼ਾਹ ਦੀ ਯਾਦ ਵਿਚ ਫਗਵਾੜੇ ਦੇ ਇਕ ਪਿੰਡ ਬੰਬੇਲੀ ਵਿਖੇ ਗੁਰਦੁਆਰਾ ਸਾਹਿਬ ਚੌਂਤੇ ਜੀ ਸਥਿਤ ਹੈ। ਇਥੇ ਗੁਰੂ ਜੀ ਕੱਚੇ ਥੜ੍ਹੇ 'ਤੇ ਕੁਝ ਸਮਾਂ ਆ ਕੇ ਠਹਿਰੇ ਸਨ। ਇਹਿਤਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਭੁੰਗਰਨੀ ਤੋਂ ਚੱਲ ਕੇ ਇਥੇ ਬਿਰਾਜੇ ਸਨ।

19. **ਗੁਰਦੁਆਰਾ ਝੰਡਾ ਸਾਹਿਬ ਪਾਤਸ਼ਾਹੀ ਸਤਵੀਂ**: ਇਹ ਗੁਰਦੁਆਰਾ ਨਵਾਂ ਸ਼ਹਿਰ ਦੇ ਪਿੰਡ ਸਿੱਧਵਾਂ ਵਿਚ ਗੁਰੂ ਜੀ ਦੀ ਪਵਿੱਤਰ ਆਮਦ ਵਿਚ ਸੁਭਾਇਮਾਨ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਇਥੇ ਠਹਿਰੇ ਸਨ। ਗੁਰੂ ਜੀ ਦੀ ਪਵਿੱਤਰ ਛੋਹ ਪ੍ਰਾਪਤ ਦਰੱਖ਼ਤ ਅੱਜ ਵੀ ਇਥੇ ਮੌਜੂਦ ਹੈ।

20. **ਗੁਰਦੁਆਰਾ ਨਾਨਕਸਰ ਸਾਹਿਬ, ਹਕੀਮਪੁਰ**: ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਨਾਨਕਸਰ ਸਾਹਿਬ ਨਵਾਂ ਸ਼ਹਿਰ ਦੇ ਪਿੰਡ ਹਕੀਮਪੁਰ ਵਿਚ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਇਥੇ ਰੁੱਕੇ ਸਨ। ਇਸ ਅਸਥਾਨ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵੀ ਪਵਿੱਤਰ ਛੋਹ ਪ੍ਰਾਪਤ ਹੈ।

21. **ਗੁਰਦੁਆਰਾ ਚੁਬੱਚਾ ਸਾਹਿਬ, ਕੀਰਤਪੁਰ ਸਾਹਿਬ**: ਇਹ ਗੁਰ ਅਸਥਾਨ ਕੀਰਤਪਰ ਸਾਹਿਬ ਵਿਖੇ ਗੁਰਦੁਆਰਾ ਦਮਦਮਾ ਸਾਹਿਬ ਦੇ ਨੇੜੇ ਹੀ ਸਥਿਤ ਹੈ।

22. **ਗੁਰਦੁਆਰਾ ਹਰਿਰਾਇ ਸਾਹਿਬ, ਚੰਦਪੁਰ**: 'ਮਹਾਨ ਕੋਸ਼' ਦੇ ਕਰਤਾ ਅਨੁਸਾਰ ਗੁਰੂ ਜੀ ਦੀ ਪਵਿੱਤਰ ਯਾਦ ਵਿਚ ਕੀਰਤਪੁਰ ਸਾਹਿਬ ਦੇ ਨਜ਼ਦੀਕ ਹੀ ਪਿੰਡ ਚੰਦਪੁਰ ਵਿਖੇ ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸੁਸ਼ੋਭਿਤ ਹੈ ਜਿਸ ਨੂੰ ਗੁਰਦੁਆਰਾ ਨੀਰਾ ਸਾਹਿਬ ਵੀ ਕਿਹਾ ਜਾਂਦਾ ਹੈ।

23. **ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ, ਦੌਲੋਵਾਲ**: ਕੀਰਤਪੁਰ ਸਾਹਿਬ ਦੇ ਇਕ ਪਿੰਡ ਦੌਲੋਵਾਲ ਵਿਖੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਜੀ ਚੌਮਾਸੇ ਦੀ ਰੁੱਤ ਵਿਚ ਅਕਸਰ ਇਥੇ ਆਇਆ ਕਰਦੇ ਸਨ।

24. **ਗੁਰਦੁਆਰਾ ਬਰੋਟਾ ਸਾਹਿਬ**: ਇਹ ਅਸਥਾਨ ਕੀਰਤਪੁਰ ਸਾਹਿਬ ਦੇ ਨੇੜੇ ਪਿੰਡ ਭਗੋਲਾ ਵਿਖੇ ਹੈ। ਇਥੇ ਗੁਰੂ ਸਾਹਿਬ ਦੀ ਪਾਵਨ ਚਰਨ ਛੋਹ ਪ੍ਰਾਪਤ ਬੋਹੜ ਦਾ ਦਰੱਖ਼ਤ ਅੱਜ ਵੀ ਹੈ।

25. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਸਤਵੀਂ ਫਤਹਿਪੁਰ ਸਿੰਘਾਂ:** ਪੰਜਾਬ ਦੇ ਜ਼ਿਲ੍ਹਾ ਰੂਪ ਨਗਰ ਦੇ ਇਲਾਕੇ ਫਤਹਿਪੁਰ ਸਿੰਘਾਂ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

26. **ਗੁਰਦੁਆਰਾ ਸਾਹਿਬ ਚਨੌਲੀ, ਕੀਰਤਪੁਰ ਸਾਹਿਬ:** ਚਨੌਲੀ ਪਿੰਡ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਵੀ ਚਰਨ ਛੋਹ ਪ੍ਰਾਪਤ ਹੈ। ਇਥੇ ਗੁਰੂ ਸਾਹਿਬਾਨ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

27. **ਗੁਰਦੁਆਰਾ ਦੇਗ ਸਾਹਿਬ, ਘੜੂੰਆਂ:** ਇਹ ਗੁਰਦੁਆਰਾ ਜ਼ਿਲ੍ਹਾ ਰੂਪ ਨਗਰ ਦੇ ਪਿੰਡ ਘੜੂੰਆਂ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਯਾਦ ਵਿਚ ਸਥਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਕੁਰੁਕਸ਼ੇਤਰ ਤੋਂ ਵਾਪਸ ਆਉਂਦੇ ਸਮੇਂ ਇਥੇ ਠਹਿਰੇ ਸਨ।

28. **ਗੁਰਦੁਆਰਾ ਭੱਠਾ ਸਾਹਿਬ, ਕੋਟਲਾ ਨਿਹੰਗ ਖ਼ਾਂ:** ਦਰਿਆ ਸਤਲੁਜ ਦੇ ਕੰਢੇ ਸਥਿਤ ਜ਼ਿਲ੍ਹਾ ਰੂਪ ਨਗਰ ਦੇ ਪਿੰਡ ਕੋਟਲਾ ਨਿਹੰਗ ਖਾਂ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੈ।

29. **ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਪਾਤਸ਼ਾਹੀ ਸਤਵੀਂ, ਗਹਿਲ:** ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਯਾਦ ਵਿਚ ਬਰਨਾਲਾ ਦੇ ਪਿੰਡ ਗਹਿਲ ਵਿਖੇ ਸੁਸ਼ੋਭਿਤ ਹੈ। 'ਮਹਾਨ ਕੋਸ਼' ਅਨੁਸਾਰ ਗੁਰੂ ਸਾਹਿਬ ਮਹਿਰਾਜ ਵਲੋਂ ਜਾਂਦੇ ਹੋਏ ਇਸ ਥਾਂ 'ਤੇ ਬਿਰਾਜੇ ਸਨ।

30. **ਗੁਰਦੁਆਰਾ ਸਾਹਿਬ ਭਾਈ ਰੂਪਾ:** ਜ਼ਿਲ੍ਹਾ ਬਠਿੰਡਾ ਦਾ ਪਿੰਡ ਭਾਈ ਰੂਪਾ ਜੋ ਕੇ ਛੇਵੇਂ ਪਾਤਸ਼ਾਹ ਜੀ ਨੇ ਆਪਣੇ ਪਰਮ ਸੇਵਕ ਭਾਈ ਰੂਪਾ ਦੇ ਨਾਂ 'ਤੇ ਵਸਾਇਆ ਸੀ। ਇਥੇ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਭਾਈ ਰੂਪਾ ਸੁਸ਼ੋਭਿਤ ਹੈ। ਇਥੇ ਇਕ ਰੱਥ ਅੱਜ ਵੀ ਮੌਜੂਦ ਹੈ। ਇਤਿਹਾਸਕ ਸ੍ਰੋਤ ਦੱਸਦੇ ਹਨ ਕਿ ਇਹ ਰੱਥ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਛੋਹ ਪ੍ਰਾਪਤ ਹੈ।

31. **ਗੁਰਦੁਆਰਾ ਸਾਹਿਬ ਪਾਤਸ਼ਾਹੀ ਸੱਤਵੀਂ, ਭੋਖੜੀ:** ਜ਼ਿਲ੍ਹਾ ਬਠਿੰਡਾ ਦੇ ਪਿੰਡ ਹਰਿਰਾਇਪੁਰ (ਭੋਖੜੀ) ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਸਥਿਤ ਹੈ।

32. **ਗੁਰਦੁਆਰਾ ਸਾਹਿਬ ਪਾਤਿਸ਼ਾਹ ਸੱਤਵੀਂ, ਮਹਿਰਾਜ:** ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਆਪਣੀ ਪ੍ਰਚਾਰ ਫੇਰੀ ਦੌਰਾਨ ਮਹਿਰਾਜ ਪਹੁੰਚੇ। ਇਥੇ ਹੀ ਗੁਰੂ ਜੀ ਨੇ ਫੂਲ ਵੰਸ਼ ਨੂੰ ਅਸ਼ੀਰਵਾਦ ਦਿੱਤਾ ਸੀ।

33. **ਗੁਰਦੁਆਰਾ ਜੰਡ ਸਾਹਿਬ, ਲਹਿਲੀ ਕਲਾਂ:** ਇਤਿਹਾਸਕ ਪਿੰਡ ਲਹਿਲੀ ਕਲਾਂ

ਹੁਸ਼ਿਆਰਪੁਰ ਦਾ ਪਿੰਡ ਹੈ ਜੋ ਚੱਬੇਵਾਲ ਅਤੇ ਬਜਰੌਰ ਆਦਿ ਪਿੰਡਾਂ ਦੇ ਨਜ਼ਦੀਕ ਸਥਿਤ ਹੈ। ਇਸ ਪਿੰਡ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਜੰਡ ਸਾਹਿਬ ਸੁਸ਼ੋਭਿਤ ਹੈ। ਇਥੇ ਇਕ ਜੰਡ ਦੇ ਦਰੱਖ਼ਤ ਨਾਲ ਗੁਰੂ ਸਾਹਿਬ ਨੇ ਆਪਣਾ ਘੋੜਾ ਬੰਨ੍ਹਿਆ ਸੀ। ਇਥੇ ਹੀ ਦਾਰਾ ਸ਼ਿਕੋਹ ਨੇ ਆਪ ਜੀ ਨੂੰ ਘੋੜੇ ਭੇਟ ਕੀਤੇ ਸਨ।

34. **ਗੁਰਦੁਆਰਾ ਹਰੀਆਂ ਵੇਲਾਂ, ਪਾਤਸ਼ਾਹੀ ਸੱਤਵੀਂ, ਬਜਰੌਰ**: ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪਿੰਡ ਚੱਗਰਾ, ਬੋਹਣ, ਚੱਬੇਵਾਲ ਅਤੇ ਬਜਰੌਰ ਦੇ ਵਿਚਕਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਹਰੀਆਂ ਵੇਲਾਂ ਸੁਸ਼ੋਭਿਤ ਹੈ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਇਥੇ ਪ੍ਰੇਮਦਾਸ ਦੀਆਂ ਸੁੱਕੀਆਂ ਵੇਲਾਂ ਨੂੰ ਹਰਿਆ ਕੀਤਾ ਸੀ।

35. **ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ, ਭੂੰਗਰਾਨੀ**: ਇਤਿਹਾਸਕ ਗੁਰਦੁਆਰਾ ਗੁਰੂ ਹਰਿਰਾਇ ਸਾਹਿਬ ਪਾਤਸ਼ਾਹੀ ਸੱਤਵੀਂ, ਹੁਸ਼ਿਆਰਪੁਰ ਦੇ ਪਿੰਡ ਭੂੰਗਰਾਨੀ (ਭੂੰਗਾਨੀ) ਵਿਖੇ ਸ੍ਰੀ ਗੁਰੂ ਹਰਿਰਾਇ ਜੀ ਦੀ ਪਾਵਨ ਯਾਦ ਵਿਚ ਸੁਭਾਇਮਾਨ ਹੈ।

36. **ਗੁਰਦੁਆਰਾ ਨਾਨਕਸਰ ਤਖਤੂਪੁਰਾ**: ਪੰਜਾਬ ਦੇ ਜ਼ਿਲ੍ਹਾ ਮੋਗਾ ਦੀ ਤਹਿਸੀਲ ਨਿਹਾਲ ਸਿੰਘ ਵਾਲਾ ਦੇ ਪਿੰਡ ਤਖਤੂਪੁਰਾ ਵਿਚ ਚਾਰ ਗੁਰੂ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

37. **ਗੁਰਦੁਆਰਾ ਗੁਰੂਸਰ ਸਾਹਿਬ ਪੱਤੋ ਹੀਰਾ ਸਿੰਘ**: ਮੋਗਾ ਦੀ ਤਹਿਸੀਲ ਨਿਹਾਲ ਸਿੰਘ ਵਾਲਾ ਦੇ ਪਿੰਡ ਪੱਤੋ ਹੀਰਾ ਸਿੰਘ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਗੁਰ ਸਥਾਨ ਹੈ। ਜਿਸ ਨੂੰ ਹੋਰ ਗੁਰੂ ਸਾਹਿਬਾਨ (ਪਹਿਲੇ ਗੁਰੂ ਜੀ, ਛੇਵੇਂ ਗੁਰੂ ਜੀ, ਦਸਵੇਂ ਗੁਰੂ ਜੀ) ਦੀ ਚਰਨ ਛੋਹ ਪ੍ਰਾਪਤ ਹੈ।

38. **ਗੁਰਦੁਆਰਾ ਅੰਬ ਸਾਹਿਬ, ਪਾਤਸ਼ਾਹੀ ਸਤਵੀਂ, ਮੋਹਾਲੀ**: ਇਹ ਗੁਰਦੁਆਰਾ ਪਾਤਸ਼ਾਹੀ ਸਤਵੀਂ ਦੀ ਯਾਦ ਵਿਚ ਚੰਡੀਗੜ੍ਹ ਦੇ ਮੋਹਾਲੀ ਦੇ ਨਜ਼ਦੀਕ ਪਿੰਡ ਲੰਬੇ ਵਿਚ ਸਥਿਤ ਹੈ। ਗੁਰੂ ਸਾਹਿਬ ਦੀ ਪਵਿੱਤਰ ਛੋਹ ਪ੍ਰਾਪਤ ਅੰਬ ਦਾ ਦਰੱਖ਼ਤ ਇਥੇ ਅੱਜ ਵੀ ਮੌਜੂਦ ਹੈ।

39. **ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ, ਜਸਪਾਲ ਭਾਈਕੇ**: ਲੁਧਿਆਣਾ ਦੇ ਇਕ ਪਿੰਡ ਜਸਪਾਲ ਭਾਈਕੇ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸ੍ਰੋਤਾਂ ਅਨੁਸਾਰ ਇਥੇ ਗੁਰੂ ਸਾਹਿਬ ਨੇ ਆਪਣੇ ਲਾਂਗਰੀ ਸਿੱਖ ਸਾਗਰ ਮੱਲ ਨੂੰ ਇਕ ਜੋੜੀ ਤਖਤਾ ਅਤੇ ਇਕ ਲੋਹ ਤਵੀ ਦੀ ਬਖ਼ਸ਼ਿਸ਼ ਵੀ ਕੀਤੀ ਸੀ।

40. **ਗੁਰਦੁਆਰਾ ਮਹਿਲ ਸਾਹਿਬ**: ਬਰਨਾਲਾ ਤੋਂ 25 ਕਿਲੋਮੀਟਰ ਦੂਰ ਇਕ ਨਗਰ ਭਦੌੜ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦਗਾਰ ਸਥਿਤ ਹੈ।

41. **ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ, ਡਰੌਲੀ**: ਜ਼ਿਲ੍ਹਾ ਫਿਰੋਜ਼ਪੁਰ ਦੇ ਨਗਰ ਡਰੌਲੀ

ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਸਥਿਤ ਹੈ। ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਇਥੇ ਦੋ ਮਹੀਨੇ ਠਹਿਰੇ ਅਤੇ ਸੰਗਤਾਂ ਦੀ ਸਹੂਲਤ ਲਈ ਖੂਹ ਲਗਵਾਇਆ ਸੀ। ਜਿਸ ਕਰਕੇ ਇਸ ਨੂੰ ਗੁਰਦੁਆਰਾ ਖੂਹ ਸਾਹਿਬ ਵੀ ਕਿਹਾ ਜਾਂਦਾ ਹੈ।

42. **ਗੁਰਦੁਆਰਾ ਸਾਹਿਬ ਪਾਤਸ਼ਾਹੀ ਤੀਸਰੀ ਅਤੇ ਸਤਵੀਂ, ਥਾਨੇਸਰ**: ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕੁਰੂਕਸ਼ੇਤਰ ਦੇ ਪ੍ਰਸਿੱਧ ਨਗਰ ਥਾਨੇਸਰ ਦੇ ਮਹੱਲਾ 'ਖ਼ਾਕਰੋਬਾ' ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਸਥਿਤ ਹੈ।

43. **ਗੁਰਦੁਆਰਾ ਮੰਜੀ ਸਾਹਿਬ, ਪਹੋਆ**: ਇਹ ਹਰਿਆਣਾ ਪ੍ਰਾਂਤ ਦੇ ਕੁਰੂਕਸ਼ੇਤਰ ਜ਼ਿਲ੍ਹੇ ਦਾ ਪੁਰਾਤਨ ਹਿੰਦੂ ਤੀਰਥ ਹੈ ਜੋ ਸਰਸਵਤੀ ਨਦੀ ਦੇ ਕੰਢੇ 'ਤੇ ਵਸਿਆ ਹੋਇਆ ਹੈ। ਇਸ ਨਗਰ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੈ। ਇਥੇ ਗੁਰੂ ਸਾਹਿਬਾਨ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ। ਇਸ ਗੁਰ-ਅਸਥਾਨ ਦੀ ਉਸਾਰੀ ਕੈਥਲ ਦੇ ਰਾਜਾ ਭਾਈ ਉਦੈ ਸਿੰਘ ਨੇ ਕਰਵਾਈ ਸੀ।

44. **ਗੁਰਦੁਆਰਾ ਚਾਏ ਗੁਰੂ ਹਰਿਰਾਇ ਸਾਹਿਬ, ਸ੍ਰੀਨਗਰ**: ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਕਸ਼ਮੀਰ ਦੇ ਸ਼ਹਿਰ ਸ੍ਰੀਨਗਰ ਵਿਖੇ ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਸੁਸ਼ੋਭਿਤ ਸੀ ਜਿਸ ਨੂੰ ਚਾਏ ਗੁਰੂ ਹਰਿਰਾਇ ਸਾਹਿਬ, ਗੁਰਦੁਆਰਾ ਕਿਹਾ ਜਾਂਦਾ ਸੀ, ਇਥੇ ਇਕ ਖੂਹ ਹੁੰਦਾ ਸੀ। 'ਚਾਏ' ਤੋਂ ਭਾਵ ਖੂਹ ਤੋਂ ਹੀ ਹੈ। ਇਹ ਕਾਠੀ ਦਰਵਾਜ਼ੇ ਦੇ ਨਜ਼ਦੀਕ ਹੀ ਸਥਿਤ ਸੀ।

45. **ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ, ਗਲੋਟੀਆਂ ਖੁਰਦ**: ਪਾਕਿਸਤਾਨ ਵਿਖੇ ਗੁਜਰਾਂਵਾਲਾ ਤੋਂ ਕੋਈ 23 ਕਿਲੋਮੀਟਰ ਦੂਰ ਗੁਜਰਾਂਵਾਲਾ-ਸਿਆਲਕੋਟ ਪ੍ਰਮੁੱਖ ਸੜਕ 'ਤੇ ਸਥਿਤ ਪਿੰਡ ਗਲੋਟੀਆਂ ਖੁਰਦ ਦੇ ਵਿਚਕਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਯਾਦਗਾਰ ਵਜੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਸਤਵੀਂ ਸਥਿਤ ਹੈ।

46. **ਗੁਰਦੁਆਰਾ ਟਾਹਲੀ ਸਾਹਿਬ, ਘੱਕਾ ਕੋਟਲੀ, ਸ਼ੱਕਰਗੜ੍ਹ**: ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੀ ਤਹਿਸੀਲ ਸ਼ੱਕਰਗੜ੍ਹ ਦੇ ਪਿੰਡ ਘੱਕਾ ਕੋਟਲੀ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦਗਾਰ ਗੁਰਦੁਆਰਾ ਟਾਹਲੀ ਸਾਹਿਬ ਸਥਿਤ ਹੈ।

# ਜੀਵਨ-ਦਰਸ਼ਨ
# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਜਗਤ ਫੇਰੀ ਦਾ ਸੰਖੇਪ ਵੇਰਵਾ

| | |
|---|---|
| **ਪ੍ਰਕਾਸ਼ ਪੁਰਬ** | : 7 ਜੁਲਾਈ, ਸੰਨ 1656। |
| **ਪ੍ਰਕਾਸ਼ ਅਸਥਾਨ** | : ਸ਼ੀਸ਼ ਮਹਿਲ, ਕੀਰਤਪੁਰ ਸਾਹਿਬ, ਜ਼ਿਲ੍ਹਾ ਰੋਪੜ। |
| **ਪਿਤਾ** | : ਸ੍ਰੀ ਗੁਰੂ ਹਰਿਰਾਇ ਸਾਹਿਬ ਜੀ। |
| **ਮਾਤਾ** | : ਮਾਤਾ ਕਿਸ਼ਨ (ਕ੍ਰਿਸ਼ਨ ਕੌਰ) ਜੀ। |
| **ਗੁਰਿਆਈ** | : 7 ਅਕਤੂਬਰ ਸੰਨ 1661, ਕੀਰਤਪੁਰ। |
| **ਜੋਤੀ-ਜੋਤਿ ਦਿਵਸ** | : 30 ਮਾਰਚ ਸੰਨ 1664, ਦਿੱਲੀ। |

# ਜੋਤਿ ਸਮਰਪੀ ਅਸਟ ਗੁਰ

## ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਨਿਰਣਾ

ਜਦ ਰਾਮਰਾਇ ਨੇ ਔਰੰਗਜ਼ੇਬ ਦੀ ਖੁਸ਼ਾਮਦ ਦੀ ਹੱਦ ਕਰ ਦਿੱਤੀ ਸੀ ਤਾਂ ਜਿਥੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਇਹ ਫੁਰਮਾਇਆ ਸੀ ਕਿ ਉਹ ਸਾਡੇ ਮੂੰਹ ਨਾ ਲੱਗੇ, ਉਥੇ ਨਾਲ ਹੀ ਬਚਨ ਕਹੇ ਸਨ ਕਿ—

ਗੁਰਤਾ ਉਚਿਤ ਨਹੀਂ, ਰਾਖਯੋ ਮਾਨ।

ਭਾਵ ਸਪੱਸ਼ਟ ਸੀ ਕਿ ਰਾਮਰਾਇ ਇਤਨੀ ਵੱਡੀ ਜ਼ਿੰਮੇਵਾਰੀ ਦੇ ਚੁੱਕਣ ਯੋਗ ਨਹੀਂ।

ਉਸ ਵੇਲੇ ਇਹ ਬਚਨ ਵੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਕੀਤੇ ਸਨ ਕਿ ਗੁਰੂ-ਪਦ ਦੀ ਭਾਰੀ ਜ਼ਿੰਮੇਵਾਰੀ ਵੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਹੀ ਚੁੱਕ ਸਕਦੇ ਸਨ। 'ਸਰਬ ਸਹਾਰਹਿ ਗੁਰਤਾ ਭਾਰ' ਦੇ ਵਾਕ ਮਹਾਰਾਜ ਨੇ ਉਚਾਰੇ ਸਨ।

ਇਹ ਵੀ ਫੁਰਮਾਇਆ ਸੀ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪ੍ਰਿਥਵੀ ਸਮਾਨ ਖਿਮਾਵਾਨ ਹਨ, ਪਹਾੜ ਵਾਂਗ ਅਹਿੱਲ ਹਨ, ਨਾਮ ਵਿਚ ਹਰ ਵੇਲੇ ਜੁੜੇ ਰਹਿੰਦੇ ਹਨ ਤੇ ਦੁੱਖਾਂ ਰੂਪੀ ਹਿਰਨ ਉਨ੍ਹਾਂ ਦੀ ਇਕੋ ਭੱਬਕ ਨਾਲ ਨੱਸ ਜਾਣਗੇ:

ਸਿਮਰਹਿ ਨਾਮ ਕਿ ਸੁਨਿ ਹੈਂ ਕਾਨਨਿ।
ਦੁੱਖ ਮ੍ਰਿਗਨਿ ਕੋ ਸਿੰਘ ਜਿਮ ਕਾਨਨ।

*(ਰਾਸਿ ੧੦, ਅੰਸੂ ੨੭)*

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਪ੍ਰਭਾ ਦੇ ਪ੍ਰਭਾਵ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ 7 ਜੁਲਾਈ, 1656 ਨੂੰ ਕੀਰਤਪੁਰ ਸਾਹਿਬ 'ਚ ਸ਼ੀਸ਼ ਮਹੱਲ ਵਿਖੇ ਹੋਇਆ। ਸ੍ਰੀ ਗੁਰੂ ਹਰਿ ਰਾਇ ਜੀ ਨੇ ਜਨਮ ਸਮੇਂ ਹੀ ਭਵਿੱਖ ਵਾਕ ਕੀਤੇ ਸਨ ਕਿ ਜੋ ਕਾਰਜ ਇਹ ਨਿਭਾਉਣਗੇ, ਹੋਰ ਕੋਈ ਨਹੀਂ ਨਿਭਾ ਸਕੇਗਾ।

ਆਪ ਜੀ ਦਾ ਚਿਹਰਾ ਅਤਿ ਮਨਮੋਹਨਾ ਤੇ ਕੋਮਲ ਸੀ। 'ਅਦਭੁਤ ਸੁੰਦਰ ਰੂਪ ਧਰ' ਕੇ ਸ਼ਬਦ ਸਾਖੀਕਾਰਾਂ ਲਿਖੇ ਹਨ। ਪ੍ਰਸਿੱਧ ਕਵੀ ਕੇਸ਼ਵਦਾਸ ਦੇ ਪੁੱਤਰ ਕੁਵਰੇਸ਼ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਬਾਰੇ ਲਿਖਿਆ ਹੈ ਕਿ ਉਨ੍ਹਾਂ ਵੱਲ ਦੇਖਿਆਂ-ਤ੍ਰਿਸ਼ਨਾ ਮੁੱਕ ਜਾਂਦੀ ਸੀ; ਦੇਖਿਆਂ ਮਨ ਨੂੰ ਖਿੱਚ ਪੈਂਦੀ ਸੀ।

ਜਦ ਬੈਠਣ ਯੋਗ ਹੋਏ ਤਾਂ ਸਮਾਧੀ ਲਗਾ ਬੈਠਦੇ, ਕੀਰਤਨ ਤੇ ਪਾਠ ਟਿਕ ਕੇ ਸੁਣਦੇ। ਜਦ ਆਪੂੰ ਪਾਠ ਕਰਨ ਯੋਗ ਹੋਏ ਤਾਂ ਸੁਰ ਵਿਚ ਪਾਠ ਕਰਦੇ। ਸਰੀਰ ਦੇ ਛੁਹਲੇ ਸਨ। ਸੁਭਾਅ ਦੇ ਸ਼ੀਲ। ਹੱਥੀਂ ਸੇਵਾ ਕਰਦੇ ਅਤੇ ਪਿਤਾ ਵਾਂਗ ਸੰਗਤਾਂ ਨੂੰ ਪ੍ਰਸ਼ਾਦ ਛਕਾ ਬਹੁਤ ਹੀ ਪ੍ਰਸੰਨ ਹੁੰਦੇ।

ਨੁਹਾਰ ਬਾਰੇ ਲਿਖਿਆ ਹੈ ਕਿ ਨੈਨ ਕਮਲ ਵਰਗੇ ਅਤੇ ਛਬਿ ਬਹੁਤ ਹੀ ਸੁੰਦਰ ਬਣ ਗਈ ਸੀ। ਕਿਸੇ ਵੱਲ ਦੇਖਦੇ ਤਾਂ ਇੰਝ ਲੱਗਦਾ ਜਿਵੇਂ ਉਸ 'ਤੇ ਕਿਰਪਾ ਕਰ ਰਹੇ ਹਨ। ਜਦ ਬੋਲਦੇ ਤਾਂ ਇੰਝ ਲਗਦਾ ਕਿ ਗਿਆਨ ਦਾ ਸੂਰਜ ਚੜ੍ਹ ਗਿਆ ਹੈ।

ਬਹੁਤਾ ਸਮਾਂ ਪਿਤਾ ਜੀ ਪਾਸ ਹੀ ਠਹਿਰਦੇ ਤੇ ਉਨ੍ਹਾਂ ਦੀ ਕਰਣੀ ਦਾ ਪ੍ਰਭਾਵ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਹਰ ਕਰਮ 'ਤੇ ਪੈ ਰਿਹਾ ਸੀ।

## ਗੁਰਤਾ ਦੇ ਲਾਇਕ

ਇਕ ਵਾਰੀ ਰਾਮਰਾਇ ਵੀ ਪਾਠ ਕਰ ਰਿਹਾ ਸੀ ਤੇ ਨੇੜੇ ਹੀ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਪਾਠ ਕਰਦੇ ਸਨ ਤਾਂ ਸੁਣਨ ਵਾਲੇ ਸਿੱਖ ਨੇ ਗੁਰੂ ਜੀ ਪਾਸ ਆ ਕੇ ਦੋਵਾਂ ਪੁੱਤਰਾਂ ਦੀ ਬਹੁਤ ਹੀ ਉਪਮਾ ਕੀਤੀ ਕਿ ਸਾਹਿਬਜ਼ਾਦੇ ਨਾਮ-ਰੰਗ ਵਿਚ ਰੰਗੇ ਹੋਏ ਹਨ।

ਸੱਤਵੇਂ ਪਿਤਾ ਜੀ ਦੇ ਬਚਨ ਹਨ– ਗੁਰੂ ਦੀ ਉਪਮਾ ਇਹ ਹੀ ਹੈ ਕਿ ਜਿਸ ਦੀ ਦ੍ਰਿਸ਼ਟੀ ਨਾਲ ਹੀ ਸੁੱਕੇ ਹਰੇ ਹੋ ਜਾਣ। ਮੁਰਦੇ ਜੀ ਪੈਣ, ਬੁਜ਼ਦਿਲ, ਕਾਇਰ ਕੇਹਰ ਸਮ ਸਾਹਸੀ ਹੋਣ।

ਇਹ ਹਰ ਕੋਈ ਜਾਣ ਗਿਆ ਸੀ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਬੋਲ ਲੋਕਾਂ ਦੇ ਹਿਰਦਿਆਂ 'ਤੇ ਅਮਿੱਟ ਭਾਵ ਛੱਡਣਗੇ।

## ਮਰਯਾਦਾ ਦਰਸਾਈ

ਰਾਮਰਾਇ ਇਸ ਕੋਸ਼ਿਸ਼ ਵਿਚ ਸੀ ਕਿ ਮਸੰਦਾਂ ਤੇ ਸੰਗਤਾਂ ਨੂੰ ਗੰਢ ਕੇ ਆਪਣੇ ਗੁਰੂ ਹੋਣ ਦਾ ਢੰਡੋਰਾ ਦੇਵੇ। ਹੁੱਜਤਾਂ ਉਹ ਬਹੁਤ ਕਰ ਰਿਹਾ ਸੀ। ਜਦ ਗੁਰੂ ਜੀ ਨੇ ਹੁਕਮਨਾਮੇ ਭੇਜੇ ਸਨ ਕਿ ਕੋਈ ਉਸ ਨੂੰ ਦਮੜੀ ਕੌਡੀ ਨਾ ਦੇਵੇ ਤਾਂ ਉਸ ਇਹ ਆਖ ਕੇ ਧਨ ਇਕੱਠਾ ਕਰ ਲਿਆ ਸੀ ਕਿ ਗੁਰੂ ਜੀ ਨੇ ਤਾਂ ਕੌਡੀ ਦੀ ਮਨਾਹੀ ਕੀਤੀ ਹੈ, ਰੁਪਿਆਂ ਦੀ ਨਹੀਂ। ਗੁਰੂ ਜੀ ਨੇ ਹੁਕਮਨਾਮੇ ਦੂਰ ਦੇਸ਼ਾਂ ਤਕ ਭੇਜ ਦਿੱਤੇ ਕਿ ਸਾਰੇ ਕੀਰਤਪੁਰ ਸਾਹਿਬ ਪੁੱਜਣ।

ਧੀਰਮੱਲ ਵੀ ਰਾਮਰਾਇ ਦੇ ਕਹਿਣ 'ਤੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਪਾਸ ਆਇਆ ਤੇ ਕਿਹਾ ਕਿ ਅੱਗੇ ਬਹੁਤ ਬਖੇੜੇ ਪਏ ਹਨ। ਰਾਮਰਾਇ ਦੀ ਔਰੰਗਜ਼ੇਬ ਨਾਲ ਸੁਲਾਹ ਹੈ, ਸੋ ਗੁਰ-ਗੱਦੀ ਉਸ ਨੂੰ ਦੇਵੋ, ਨਾ ਦੇਣ ਨਾਲ ਬੜੀ ਦੁਬਿਧਾ ਪਵੇਗੀ।

ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ ਕਿ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੀਹ ਪਾਈ ਹੈ, ਅਸੀਂ ਤਾਂ ਉਸ 'ਤੇ ਹੀ ਟੁਰ ਰਹੇ ਹਾਂ। ਬਾਬਾ ਸ੍ਰੀਚੰਦ ਤੇ ਬਾਬਾ ਲਖਮੀ ਚੰਦ ਤਾਂ ਸਭ ਗੁਣ ਲਾਇਕ ਸਨ। ਉਹਨਾਂ ਤਾਂ ਸਿਰਫ਼ ਕਹਿਣਾ ਨਹੀਂ ਸੀ ਪਾਲਿਆ ਤਾਂ ਗੁਰ-ਗੱਦੀ (ਦਾਸ) ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦੇ ਦਿੱਤੀ ਸੀ।

ਇਸੇ ਤਰ੍ਹਾਂ ਜਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਡਿੱਠਾ ਕਿ ਪੁੱਤਰਾਂ ਹਿਰਦੇ ਸਰਲਤਾ ਹੀ ਨਹੀਂ ਤਾਂ ਬਾਬਾ ਅਮਰਦਾਸ ਜੀ ਨੂੰ ਸੌਂਪ ਦਿੱਤੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਨਿਰਮਾਣ ਜਾਣ ਗੁਰਗੱਦੀ ਦਿੱਤੀ।

ਫਿਰ ਸ੍ਰੀ ਗੁਰੂ ਰਾਮਦਾਸ ਜੀ ਨੇ ਦੇਖਿਆ ਕਿ ਵੱਡਾ ਪੁੱਤਰ ਪ੍ਰਿਥੀ ਚੰਦ ਤਾਂ ਕੇਵਲ ਦਰਬ ਇਕੱਠਾ ਕਰਨ ਦੇ ਆਹਰ ਲੱਗਾ ਹੋਇਆ ਹੈ ਤੇ ਸਿਵਾਇ ਚਾਤਰੀ ਦੇ ਕੁਝ ਨਹੀਂ ਕਰਦਾ ਤੇ ਸੰਤੋਖ-ਸ਼ਾਂਤੀ ਵਾਲੀ ਕੋਈ ਚੀਜ਼ ਉਸ ਪਾਸ ਨਹੀਂ ਤਾਂ ਗੁਰੂ-ਗੱਦੀ ਉਸ ਨੂੰ ਨਾ ਦਿੱਤੀ। ਤੁਸੀਂ ਤਾਂ ਭਲੀ ਪ੍ਰਕਾਰ ਜਾਣਦੇ ਹੋ ਕਿ ਕਿਸੇ ਬਖੀਲੀ ਕਰਨ ਵਾਲੇ, ਆਪ-ਹੁਦਰੇ, ਮਾਇਆ ਪਿੱਛੇ ਖਹੁ-ਖਹੁ ਕਰਨ ਵਾਲੇ ਨੂੰ ਇਹ ਜ਼ਿੰਮੇਵਾਰੀ ਨਹੀਂ ਸੌਂਪੀ ਜਾ ਸਕਦੀ। ਰਾਮਰਾਇ ਨੇ ਦਿੱਲੀ ਜਾ ਕੇ ਕਰਾਮਾਤਾਂ ਦਿਖਾਈਆਂ, ਅਸੀਂ ਚੁੱਪ ਰਹੇ :

> "ਕਰੀ ਸੁ ਕਰੀ, ਅਪਰ ਹਮ ਮਾਨੀ।"

ਪਰ ਇਹ ਕਿਵੇਂ ਸਹਾਰ ਹੁੰਦਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਥੋੜੀ ਮੱਤ ਵਾਲਾ ਕੁਝ ਦਮੜਿਆਂ ਪਿੱਛੇ ਹੀ ਵਟਾ ਦੇਵੇ। ਧੀਰਮੱਲ ਚੁੱਪ ਕਰ ਮੁੜ ਗਿਆ।

ਇਹ ਪ੍ਰਿਥੀ ਚੰਦ, ਧੀਰਮੱਲ ਜਾਂ ਰਾਮਰਾਇ ਗੁਰੂ-ਗੱਦੀ ਨੂੰ ਐਸ਼ਵਰਯ ਦੀ ਚੀਜ਼ ਖ਼ਿਆਲ ਕਰਦੇ ਸਨ। ਗੁਰਤਾ ਤਾਂ ਆਤਮ ਪਦ ਪਾ ਕੇ ਆਪਾ ਵਾਰਨਾ ਹੈ। ਨਿੱਜ ਸੁੱਖਾਂ ਦਾ ਤਿਆਗ ਕਰਕੇ ਸ੍ਰਿਸ਼ਟੀ ਦੇ ਉਧਾਰ ਲਈ ਜੁੱਟ ਜਾਣਾ ਹੈ। ਹਰ ਚੋਣ ਨਤੀਜੇ ਤੋਂ ਬੇਪਰਵਾਹ ਹੋ ਕੇ ਕੀਤੀ ਜਾਂਦੀ ਸੀ।

ਇਕ ਹੋਰ ਪੱਖੋਂ ਦੇਖੋ— ਦੋਵੇਂ, ਰਾਮਰਾਇ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਇਕੋ ਮਾਂ ਦੇ ਜਾਏ ਹਨ। ਗੁਰ-ਜੋਤ ਸੂਰਜ ਦੀਆਂ ਕਿਰਨਾਂ ਪੈ ਦੋਵਾਂ 'ਤੇ ਰਹੀਆਂ ਹਨ, ਪਰ ਜਦ ਖ਼ਾਲੀ ਹਿਰਦੇ ਤੇ ਡੂੰਘੇ ਟੋਇਆਂ ਤੇ ਪਈਆਂ ਤੇ ਵਿਚੋਂ ਹੀ ਰੁਲ ਪੁਲ ਗਈਆਂ। ਜਦ ਉਹੋ ਹੀ ਕਿਰਣਾਂ ਹਿਵੈ ਘਰ, ਬਰਫ਼ ਦੀਆਂ ਚੋਟੀਆਂ 'ਤੇ ਪਈਆਂ ਤਾਂ ਚਮਕ ਉੱਠੀਆਂ, ਚੰਨ ਬਣ ਜਗਤ ਨੂੰ ਸੀਤਲਤਾ ਦੇਣ ਲੱਗੀਆਂ। ਜ਼ਰਾ ਰਲਾ ਕੇ ਪੜ੍ਹੋ ਦੋਵੇਂ ਵਾਕ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਅਜ਼ਮਤ ਸਮਝ ਆ ਜਾਵੇਗੀ। ਹੁਕਮ ਸੀ, ਜੋ ਰਾਮ ਰਾਇ ਦੇ ਮੱਥੇ ਲੱਗੇਗਾ, ਉਹ ਮੇਰਾ ਸਿੱਖ ਨਹੀਂ। ਪਰ ਦੂਜੇ ਪਾਸੇ :

> **ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥**

## ਗੁਰਿਆਈ ਬਖਸ਼ੀ

ਇਕੱਠੀਆਂ ਸੰਗਤਾਂ ਨੂੰ ਫਿਰ ਆਦੇਸ਼ ਦਿੱਤਾ ਕਿ ਇਹ ਲੋਭੀ ਲੋਕ ਆਪੋ-ਧਾਪੀ ਪਾਉਣਗੇ। ਜਹਾਜ਼ ਨੂੰ ਤੋੜਨ-ਫੋੜਨ ਦੀ ਕੋਸ਼ਿਸ਼ ਕਰਨਗੇ; ਕਰਾਮਾਤਾਂ ਦਿਖਾਲ ਕੇ ਦੰਭ ਖਿਲਾਰਨਗੇ, ਪਰ ਤੁਸੀਂ ਦ੍ਰਿੜ੍ਹ ਰਹਿਣਾ। ਗੁਰੂ ਕੋਈ ਸਰੀਰ ਨਹੀਂ ਹੈ, ਜੋਤ ਹੈ, ਅਨੁਭਵ ਹੈ। ਉਹ ਅਨੁਭਵ ਗੁਰਬਾਣੀ ਵਿਚ ਹੈ। 'ਆਸਾ ਦੀ ਵਾਰ' ਦੇ ਕੀਰਤਨ ਉਪਰੰਤ ਆਪ ਜੀ ਨੇ ਚੌਰ ਕਰਨ ਵਾਲੇ ਸਿੱਖ ਨੂੰ ਹੁਕਮ ਦਿੱਤਾ ਕਿ ਚੌਰ ਹੁਣ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ 'ਤੇ ਕਰੋ।

ਆਪ ਜੀ ਨੇ ਸਿੰਘਾਸਨ ਤੋਂ ਉਠ ਕੇ ਤਖ਼ਤ 'ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਬਿਠਾਲ ਕੇ ਪ੍ਰਕਰਮਾ ਕੀਤੀਆਂ, ਮੱਥਾ ਟੇਕਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਸਮਾਨ ਹੀ ਆਦਰ ਦਿੱਤਾ :

ਹਾਥ ਜੋਰ ਕੈ ਮਸਤਕ ਟੇਕਿਓ।
ਸ੍ਰੀ ਨਾਨਕ ਬਪੁ ਸੁਤ ਕੋ ਭੇਟਿਓ।

ਸ਼ਬਦ ਦੀ ਥਾਪਨਾ ਦਿੱਤੀ ਤੇ ਸੰਗਤਾਂ ਨੂੰ ਕਿਹਾ—

ਸਾਡੇ ਸਮਾਨ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਹਨ। ਲੋਕ-ਪ੍ਰਲੋਕ ਦੇ ਇਹੀ ਮਾਲਕ ਹਨ। ਇਹਨਾਂ ਪਾਸ ਹੀ ਮੁਕਤੀ ਦੀ ਕੁੰਜੀ ਹੈ। ਜਗ-ਗੁਰਤਾ ਇਨ੍ਹਾਂ ਪਾਸ ਹੀ ਹੈ। ਸ਼ਰਧਾ ਧਾਰ ਕੇ ਵੀ ਲੜ ਪਕੜੇਗਾ ਸਭ ਫਲ ਪ੍ਰਾਪਤ ਹੋਣਗੇ:

ਮਾਲਿਕ ਲੋਕ ਪ੍ਰਲੋਕਹਿ ਕੇਰਾ।
ਫਲ ਪ੍ਰਾਪਤਿ ਜਿਹ ਭਾਉ ਘਨੇਰਾ॥੨੩॥

*(ਰਾਸਿ ੧੦, ਅੰਸੂ ੨੭)*

ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਗੁਰਦਿੱਤਾ ਜੀ ਨੇ ਗੁਰ-ਗੱਦੀ ਸਮਰਪਨ ਦੀ ਮਰਯਾਦਾ ਨਿਭਾਈ। ਸੰਗਤਾਂ ਸਿਰ ਨਿਵਾਇਆ ਤੇ ਭੇਟਾ ਚਰਨੀਂ ਰੱਖੀਆਂ। ਨਗਾਰੇ ਵੱਜੇ:

ਧੁਜਨੀ ਮਹਿ ਧੌਸੇ ਧੁੰਕਾਰੇ।

*(ਉਹੀ)*

ਇਹ ਯਾਦ ਰਹੇ ਕਿ ਨਗਾਰੇ ਵਜਾਉਣਾ ਸੁਤੰਤਰਤਾ ਦਾ ਹੀ ਚਿੰਨ੍ਹ ਹੈ। ਉਧਰ ਜਦ ਰਾਮ ਰਾਇ ਨੂੰ ਇਹ ਖ਼ਬਰ ਪੁੱਜੀ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਤਾਂ 'ਗਿਰਯੋ ਮੂਰਛਾ ਖਾਇ'।

(10/1992)

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਸਰੂਪ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ 'ਸਰੂਪ' ਸ਼ੁੱਧ ਰੂਪ ਵਿਚ ਅਧਿਆਤਮਕ ਸਰੂਪ ਹੈ। ਇਤਿਹਾਸਕ ਤੌਰ 'ਤੇ ਭਾਵੇਂ ਗੁਰੂ ਹਰਿਕ੍ਰਿਸ਼ਨ ਪਾਤਿਸ਼ਾਹੀ ਅੱਠਵੀਂ ਗੁਰੂ-ਸ਼ਖ਼ਸੀਅਤ ਅਖਵਾਂਦੇ ਹਨ, ਪਰ ਜੋਤਿ, ਗਿਆਨ-ਅਨੁਭਵ, ਬੋਲ-ਬਿਰਤੀ, ਛੋਹ-ਦ੍ਰਿਸ਼ਟੀ ਤੇ ਪਰਉਪਕਾਰੀ ਸੁਭਾਅ ਤੇ ਅਕਾਲ ਰੂਪ ਹੀ ਹਨ। 'ਅਕਾਲ' ਦੀ ਪ੍ਰਥਮਤਾ ਤੇ ਵਿਆਪਕਤਾ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ-ਪ੍ਰੰਪਰਾ ਦੇ ਜੀਵਨ ਵਿਚ ਪ੍ਰਧਾਨ ਸੀ। 'ਅਕਾਲ' ਨੂੰ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਪ੍ਰਥਮ ਤੇ ਸਰਬ-ਵਿਆਪੀ ਤੱਤ ਸਵੀਕਾਰ ਕੀਤਾ ਹੈ। ਜਿਥੇ 'ਸੁਰਤਿ' ਅਕਾਲੀ ਹੋ ਜਾਵੇ, 'ਬੋਲ ਬਿਰਤੀ' ਕਾਲ ਤੇ ਸੀਮਾ ਤੋਂ ਮੁਕਤ ਹੋ ਜਾਵੇ, ਉਥੇ ਸਹਿਜੇ ਹੀ 'ਅਨੁਭਵ-ਪ੍ਰਕਾਸ਼' ਦਾ ਉਦੈ ਹੁੰਦਾ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਭਾਵੇਂ ਅਧਿਆਤਮਕ ਝਰੋਖੇ ਤੋਂ ਦੇਖਿਆ ਜਾਵੇ, ਭਾਵੇਂ ਸਮਾਜਿਕ ਤੇ ਰਾਜਨੀਤਕ ਦ੍ਰਿਸ਼ਟੀ ਤੋਂ ਵਾਚਿਆ ਜਾਵੇ ਤੇ ਭਾਵੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਾਤਿਸ਼ਾਹ ਦੀ ਯਾਦ ਵਿਚ ਸਥਿਤ ਗੁਰਦੁਆਰਾ ਬੰਗਲਾ ਸਾਹਿਬ ਵਾਸਤੇ ਅਜੋਕੀ ਜ਼ਿੰਦਗੀ ਵਿਚੋਂ ਉਭਰੀ 'ਮਾਨਵਤਾ' ਨੂੰ ਦੇਖਿਆ ਜਾਵੇ, ਸਪੱਸ਼ਟ ਦਿੱਸਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਦਾ ਸਰੂਪ ਨਿਸ਼ਚੇ ਹੀ ਅਧਿਆਤਮਕ ਹੈ ਤੇ 'ਅਨੁਭਵ-ਪ੍ਰਕਾਸ਼' ਨਾਲ ਸ਼ਿੰਗਾਰਿਆ ਹੋਇਆ ਹੈ।

'ਅਨੁਭਵ-ਪ੍ਰਕਾਸ਼' ਦਾ ਉਮਰ ਨਾਲ ਕੋਈ ਸੰਬੰਧ ਨਹੀਂ। 72 ਸਾਲ ਦੀ ਉਮਰ ਵਿਚ ਵੀ 'ਅਨੁਭਵ-ਪ੍ਰਕਾਸ਼' ਦਾ ਉਦੈ ਹੋ ਸਕਦਾ ਹੈ, ਜਿਵੇਂ ਗੁਰੂ ਅਮਰਦਾਸ ਜੀ ਦੇ ਹਿਰਦੇ ਵਿਚੋਂ ਹੁੰਦਾ ਹੈ ਤੇ ਪੰਜ ਸਾਲ ਦੀ ਉਮਰ ਵਿਚ ਵੀ ਇਸ 'ਅਨੁਭਵ-ਪ੍ਰਕਾਸ਼' ਨੂੰ ਵੇਖਿਆ ਜਾ ਸਕਦਾ ਹੈ, ਜਿਵੇਂ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨ ਦੀਦਾਰ ਤੋਂ ਦਿੱਸਦਾ ਹੈ। 'ਅਨੁਭਵ-ਪ੍ਰਕਾਸ਼' ਉੱਤੇ ਨਿਰੰਤਰ 'ਪ੍ਰਭੂ' ਦਾ ਅਧਿਕਾਰ ਰਹਿੰਦਾ ਹੈ, ਕਿਸੇ ਵਿਅਕਤੀ ਅਧਿਕਾਰ ਦਾ ਇਹ ਕਦੀ ਵੀ ਅੰਗ ਨਹੀਂ ਬਣਿਆ। ਪ੍ਰਭੂ ਦੇ ਅਨੁਭਵ-ਪ੍ਰਕਾਸ਼ ਦੀ ਪ੍ਰਾਪਤੀ ਸਦਾ 'ਬਖ਼ਸ਼ਿਸ਼' ਨਾਲ ਹੀ ਹੁੰਦੀ ਹੈ। ਅਨੁਭਵ-ਪ੍ਰਕਾਸ਼ ਦੀ ਬਖ਼ਸ਼ਿਸ਼ ਕਿਸੇ ਉੱਤੇ ਤੇ ਕਿਸ ਉਮਰ ਵਿਚ ਹੋਣੀ ਹੈ, ਇਸ ਰਹੱਸ ਦਾ ਕਿਸੇ ਨੂੰ ਪਤਾ ਨਹੀਂ, ਪਰ ਗੁਰੂ ਸਾਹਿਬ ਇਹ ਵਿਸ਼ਵਾਸ ਜ਼ਰੂਰ ਦਿਵਾਂਦੇ ਹਨ ਕਿ ਜਿਨ੍ਹਾਂ ਨੇ ਸੇਵਾ, ਸਿਮਰਨ ਤੇ ਸਹਿਜ ਖੇਤਰ ਵਿਚ ਉੱਦਮ ਕੀਤਾ ਹੈ ਤੇ ਹਰਿ ਨੂੰ ਬੁੱਝਿਆ ਹੈ, ਉਹ ਬਖ਼ਸ਼ਿਸ਼-ਪ੍ਰਾਪਤੀ ਦੇ ਯੋਗ ਸਿੱਧ ਹੁੰਦੇ ਹਨ।

ਰਾਮਰਾਇ ਦੇ ਮੁਕਾਬਲੇ ਉੱਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬਚਪਨ ਵਿਚ ਹੀ ਆਪਣੀ ਅਕਾਲੀ ਬੋਲ-ਬਿਰਤੀ ਦਾ ਜੋ ਪ੍ਰਗਟਾਵਾ ਕੀਤਾ, ਆਪਣੇ ਆਪ ਨੂੰ ਹਉਂ ਤੋਂ ਮੁਕਤ, ਨਿਰਭਉ ਤੇ ਨਿਰਵੈਰ ਸਾਬਤ ਕੀਤਾ, ਗੁਰੂ-ਦਰਬਾਰ ਨੂੰ ਆਪਾ ਸਮਰਪਣ ਕਰਕੇ ਸਮਾਜਕ ਤੇ ਰਾਜਸੀ ਸਥਿਤੀ ਵਿਚ ਵੀ ਆਪਣੇ ਆਪ ਨੂੰ ਬਲਬੀਰ ਸਿਰਜਣ ਦਾ ਜੋ ਪ੍ਰਭਾਵ ਦਿੱਤਾ, ਉਸ ਦਾ ਹੀ ਵੱਡਾ ਫਲ ਇਹ ਮੂਰਤੀਮਾਨ ਹੋਇਆ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਵੱਡੇ ਸਪੁੱਤਰ ਰਾਮ

ਰਾਇ ਨੂੰ ਗੁਰਿਆਈ ਤੋਂ ਵੰਚਿਤ ਕਰ ਦਿੱਤਾ ਤੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਿਆਈ ਯੋਗ ਸਮਝ ਕੇ, ਬਖ਼ਸ਼ਿਸ਼ ਦੇ ਭੰਡਾਰ ਨਾਲ ਰੰਗ ਕੇ, ਪੰਜ ਸਾਲ ਦੀ ਉਮਰ ਵਿਚ ਹੀ ਗੁਰੂ-ਸਿੰਘਾਸਣ ਉੱਤੇ ਬਿਠਾ ਦਿੱਤਾ।

ਪੰਜ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰੂ-ਸਿੰਘਾਸਣ ਉੱਤੇ ਬਿਠਾਣ ਦਾ ਅਰਥ ਇਹ ਸੀ ਕਿ ਗੁਰੂ ਨਾਨਕ-ਘਰ ਵਿਚ ਪ੍ਰਵਾਨਗੀ ਦੈਵੀ ਚਰਿੱਤਰ ਦੀ ਹੈ, ਹਉਮੈ, ਡਰ, ਸ਼ੋਰ, ਲੋਭ-ਲਾਲਚ ਤੇ ਖ਼ੁਸ਼ਾਮਦ ਦੀ ਨਹੀਂ।

ਸ੍ਰੀਚੰਦ ਤੋਂ ਲੈ ਕੇ ਰਾਮ ਰਾਇ ਤਕ ਜਿਨ੍ਹਾਂ ਗੁਰੂ-ਪੁੱਤਰਾਂ ਨੇ ਹੁਕਮ ਮੰਨਣ ਦੀ ਥਾਂ ਹਉਂ-ਅਧਿਕਾਰ ਦਾ ਪ੍ਰਗਟਾਵਾ ਕੀਤਾ ਹੈ, ਜਿਨ੍ਹਾਂ ਨੇ ਨਿਮ੍ਰਤਾ ਤੇ ਸੇਵਾ ਦੀ ਥਾਂ ਲੋਭ-ਲਾਲਚ ਦਾ ਪਾਖੰਡ ਰਚਿਆ ਹੈ, ਜਿਨ੍ਹਾਂ ਨੇ ਸ਼ਬਦ-ਕਮਾਈ ਦੀ ਥਾਂ ਵੇਲੇ ਦੀਆਂ ਹਕੂਮਤਾਂ ਦਾ ਸਹਿਯੋਗ ਲੈ ਕੇ ਸ਼ਕਤੀ ਉੱਤੇ ਕਬਜ਼ਾ ਕਰਨ ਦਾ ਹੋਛਾ ਯਤਨ ਕੀਤਾ ਹੈ, ਉਹ ਕਦੀ ਵੀ ਗੁਰਿਆਈ ਤੇ ਗੁਰੂ-ਘਰ ਵਿਚ ਪ੍ਰਵਾਨਗੀ ਦਾ ਨਿਸ਼ਾਨ ਪ੍ਰਾਪਤ ਨਹੀਂ ਕਰ ਸਕੇ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਾਤਿਸ਼ਾਹ ਜੀ ਨੇ ਬਾਲ ਉਮਰ ਵਿਚ ਬਖ਼ਸ਼ਿਸ਼ ਰੂਪ ਵਿਚ ਗੁਰਿਆਈ ਪ੍ਰਾਪਤ ਕਰਕੇ, ਨਿਰੰਤਰ ਤਿੰਨ ਸਾਲ ਜੋ ਗੁਰੂ-ਕਰਤੱਵ ਨਿਭਾਇਆ ਹੈ, ਉਸ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ; ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਸਰੂਪ ਜਿਥੇ ਦੈਵੀ ਚਰਿੱਤਰ ਨਾਲ ਸ਼ਿੰਗਾਰਿਆ ਹੋਇਆ ਹੈ, ਉਥੇ ਉਹ ਬਲਬੀਰ ਹੋਣ ਦਾ ਵੀ ਮਾਣ ਤੇ ਪ੍ਰਭਾਵ ਉਜਾਗਰ ਕਰਦਾ ਹੈ।

ਭਾਈ ਗੁਰਦਾਸ ਸਿੰਘ ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਰੂਪ ਨੂੰ ਰੂਪਮਾਨ ਕਰਦੇ ਹਨ ਤਾਂ ਉਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ 'ਅਸ਼ਟਮ ਬਲਬੀਰਾ' ਹੀ ਆਖਦੇ ਹਨ। ਅਸ਼ਟਮ ਬਲਬੀਰਾ ਦਾ ਭਾਵ ਹੈ ਕਿ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਬੀਰਤਾ ਪੱਖੋਂ ਬੜੇ ਬਲਵਾਨ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਬਾਲ ਉਮਰ ਵਿਚ ਵੀ ਔਰੰਗਜ਼ੇਬੀ ਹਕੂਮਤ ਦੇ ਦਿੱਤੇ ਲੋਭ-ਲਾਲਚ ਤੇ ਡਰ-ਡਰਾਵੇ ਨੂੰ ਸਵੀਕਾਰ ਨਾ ਕਰਨਾ ਨਿਸ਼ਚੇ ਹੀ 'ਬਲਬੀਰਾ' ਦਾ ਚਮਤਕਾਰ ਹੈ। ਸੰਗਤ ਦੀ ਬੇਨਤੀ ਨੂੰ ਮੰਨ ਕੇ, ਦੁੱਖ ਤੇ ਸੰਕਟ ਹਰਨ ਲਈ ਦਿੱਲੀ ਦੀ ਸੰਗਤ ਨਾਲ ਤਾਂ ਸਾਂਝ ਪਾ ਲੈਣਾ, ਪਰ ਬਾਦਸ਼ਾਹ ਔਰੰਗਜ਼ੇਬ ਨਾਲ ਮੁਲਾਕਾਤ ਕਰਨ ਤੋਂ ਇਨਕਾਰ ਕਰ ਦੇਣਾ, ਇਹ 'ਬਲਬੀਰਾ' ਕਰੱਤਵ ਤੋਂ ਕਿਸੇ ਤਰ੍ਹਾਂ ਘੱਟ ਨਹੀਂ। ਆਪਣੀ ਅਧਿਆਤਮਕ ਬੀਰਤਾ ਕਾਰਨ ਨਿਰੱਖਰ ਘਾਹੀ ਨੂੰ ਗਿਆਨੀ ਤੇ ਸੂਰਮਾ ਸਿਰਜ ਦੇਣਾ, ਇਹ ਵੀ ਬੀਰਤਾ ਦੇ ਇਤਿਹਾਸ ਦੀ ਇਕ ਅਦੁੱਤੀ ਉਦਾਹਰਣ ਹੈ। ਰਾਮ ਰਾਇ ਦੀਆਂ ਕਰਾਮਾਤਾਂ ਤੋਂ ਅਤੇ ਮੁਗ਼ਲ ਹਕੂਮਤ ਦੇ ਡਰਾਵਿਆਂ ਤੋਂ ਬੇਪਰਵਾਹ ਹੋ ਕੇ ਭਰਪੂਰ ਸਹਿਜ ਤੇ ਬੀਰਤਾ ਨਾਲ ਸਿੱਖ ਧਰਮ ਤੇ ਸਿੱਖ ਲਹਿਰ ਦੀ ਅਗਵਾਈ ਕਰਨਾ, ਖਾਸ ਕਰਕੇ ਗੁਰੂ-ਗੱਦੀ ਦੀ ਪ੍ਰਾਪਤੀ ਵਾਸਤੇ ਉਪਜੀ ਦਾਹਵੇਦਾਰੀ ਦੀ ਸਥਿਤੀ ਵਿਚ ਅਨੁਭਵ-ਪ੍ਰਕਾਸ਼ ਨਾਲ ਸ਼ਿੰਗਾਰੇ, ਧਰਮ ਦੀ ਆਜ਼ਾਦੀ ਦੇ ਆਸ਼ਕ, ਬੀਰਤਾ ਦੇ ਬਲੀਦਾਨ ਦੀ ਅਦੁੱਤੀ ਪ੍ਰੰਪਰਾ ਦੇ ਮੋਢੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਲਈ ਯੋਗ ਤੇ ਸਮਰੱਥ ਸਮਝ ਕੇ 'ਬਾਬਾ-ਬਕਾਲੇ' ਦੇ ਰਹੱਸ ਨੂੰ ਪ੍ਰਗਟ ਕਰਨਾ, ਨਿਸ਼ਚੇ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਪਾਤਿਸ਼ਾਹ ਦਾ ਜਿਥੇ 'ਬਲਬੀਰਾ' ਕਰਤੱਵ ਹੈ, ਉਥੇ ਗੁਰੂ-ਪ੍ਰੰਪਰਾ ਦੇ ਗੌਰਵ ਨੂੰ ਸੁਰੱਖਿਅਤ ਰੱਖਣ ਦਾ ਵੀ ਪ੍ਰਤੀਕ ਹੈ। ਗੁਰੂ-ਪ੍ਰੰਪਰਾ ਦੇ ਗੌਰਵ ਨੂੰ ਸਥਿਰ ਤੇ ਸੁਰੱਖਿਅਤ ਰੱਖ ਸਕਣਾ ਹੀ ਗੁਰੂ ਹਰਿਕ੍ਰਿਸ਼ਨ ਜੀ ਦੀ ਵਡਿਆਈ ਦਾ ਅਦੁੱਤੀ ਪ੍ਰਮਾਣ ਹੈ।

(8/1983)

# ਸ੍ਰੀ ਹਰਿਕ੍ਰਿਸ਼ਨ ਧਿਆਈਐ...

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਪਿਤਾ ਸ੍ਰੀ ਗੁਰੂ ਹਰਿਰਾਇ ਜੀ, ਮਾਤਾ ਸ੍ਰੀ ਕ੍ਰਿਸ਼ਨ ਕੌਰ ਜੀ ਦੇ ਘਰ 7 ਜੁਲਾਈ, 1656 ਨੂੰ ਕੀਰਤਪੁਰ ਸਾਹਿਬ ਵਿਚ ਪ੍ਰਕਾਸ਼ ਧਾਰਿਆ। ਆਪ ਦੇ ਹਿਰਦੇ ਅੰਦਰ ਗੁਰਬਾਣੀ ਦਾ ਅਥਾਹ ਪਿਆਰ ਅਤੇ ਸਤਿਕਾਰ ਸੀ। ਗੁਰਬਾਣੀ ਦਾ ਪਾਠ ਕਰਦਿਆਂ ਇਸ ਕਦਰ ਧਿਆਨ-ਮਗਨ ਹੋ ਜਾਂਦੇ ਕਿ ਆਪ ਸਰੀਰਕ ਅਹਿਸਾਸ ਤੋਂ ਉੱਪਰ ਉੱਠ ਜਾਂਦੇ।

ਸੰਨ 1660 ਵਿਚ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਕੁਟਲ ਨੀਤੀ ਅਧੀਨ ਦਿੱਲੀ ਆਉਣ ਦਾ ਸੱਦਾ ਭੇਜਿਆ। ਸ੍ਰੀ ਗੁਰੂ ਹਰਿ ਰਾਇ ਜੀ ਔਰੰਗਜ਼ੇਬ ਨੂੰ ਆਪ ਦਰਸ਼ਨ ਦੇਣਾ ਨਹੀਂ ਚਾਹੁੰਦੇ ਸਨ, ਇਸ ਲਈ ਉਹਨਾਂ ਨੇ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਔਰੰਗਜ਼ੇਬ ਦੀ ਨਿਸ਼ਾ ਕਰਨ ਲਈ ਦਿੱਲੀ ਭੇਜ ਦਿੱਤਾ। ਉਥੇ ਜਾ ਕੇ ਉਸ ਨੇ ਗੁਰੂ-ਘਰ ਬਾਰੇ ਔਰੰਗਜ਼ੇਬ ਵੱਲੋਂ ਕੀਤੇ ਸਵਾਲਾਂ ਦੇ ਬੜੀ ਪ੍ਰਬੀਨਤਾ ਸਹਿਤ ਜੁਆਬ ਦਿੱਤੇ ਤੇ ਔਰੰਗਜ਼ੇਬ ਦੀ ਨਿਸ਼ਾ ਕਰ ਦਿੱਤੀ।

ਉਸ ਨੇ ਫਿਰ ਰਾਮ ਰਾਇ ਨੂੰ ਪੁੱਛਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਲਿਖੀ ਗਈ ਹੈ ਕਿ:

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥**
**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥** *(ਪੰਨਾ ੪੬੬)*

ਇਸ ਤਰ੍ਹਾਂ ਇਹ ਲਿਖ ਕੇ ਇਸਲਾਮ ਦੀ ਤੌਹੀਨ ਕੀਤੀ ਗਈ ਹੈ। ਇਹ ਕਿਉਂ?

ਰਾਮਰਾਇ ਨੇ ਇਹ ਕਹਿ ਦਿੱਤਾ ਕਿ ਅਸਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਮਿਟੀ ਬੇਈਮਾਨ ਕੀ' ਕਿਹਾ ਸੀ, ਪਰ ਲਿਖਾਰੀ ਨੇ ਭੁੱਲ ਨਾਲ 'ਮਿਟੀ ਮੁਸਲਮਾਨ ਕੀ' ਲਿਖ ਦਿੱਤਾ ਹੈ।

ਔਰੰਗਜ਼ੇਬ ਤਾਂ ਇਹ ਸੁਣ ਕੇ ਸੰਤੁਸ਼ਟ ਹੋ ਗਿਆ, ਪਰ ਜਦੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਰਾਮਰਾਇ ਦੇ ਇਸ ਕਥਨ (ਕੁਕਰਮ) ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਰਾਮਰਾਇ ਨੂੰ ਹੁਕਮ ਕਰ ਦਿੱਤਾ ਕਿ ਜਿਸ ਮੂੰਹ ਨਾਲ ਉਸ ਨੇ ਗੁਰਬਾਣੀ ਦੀ ਬੇਅਦਬੀ ਕੀਤੀ ਹੈ ਉਹ ਹੁਣ ਮੈਨੂੰ ਮੂੰਹ ਨਾ ਦਿਖਾਏ।

ਇਸ ਤਰ੍ਹਾਂ ਰਾਮਰਾਇ ਗੁਰੂ-ਘਰ ਤੋਂ ਛੇਕਿਆ ਗਿਆ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰ-ਗੱਦੀ ਬਖ਼ਸ਼ ਦਿੱਤੀ ਅਤੇ ਆਪ 6 ਅਕਤੂਬਰ 1661 ਈ. ਨੂੰ ਜੋਤੀ-ਜੋਤਿ ਸਮਾ ਗਏ।

ਇਉਂ ਪੰਜ ਸਾਲ ਤਿੰਨ ਮਹੀਨੇ ਦੀ ਉਮਰ ਵਿਚ ਹੀ ਆਪ ਗੁਰ-ਗੱਦੀ 'ਤੇ ਬਿਰਾਜਮਾਨ ਹੋ ਗਏ। ਬੇਸ਼ਕ ਉਮਰ ਛੋਟੀ ਸੀ, ਪਰ ਉਨ੍ਹਾਂ ਦੇ ਅੰਦਰ ਗੁਰ-ਜੋਤਿ ਉਹੀ ਪ੍ਰਕਾਸ਼ਮਾਨ ਹੋਈ

ਜਿਹੜੀ ਕਿ ਆਪ ਤੋਂ ਪਹਿਲੇ ਗੁਰੂ ਸਾਹਿਬਾਨ ਵਿਚ ਪ੍ਰਕਾਸ਼ਮਾਨ ਹੋ ਕੇ ਗਿਆਨ ਦਾ ਪ੍ਰਕਾਸ਼ ਦੇ ਕੇ ਲੋਕਾਂ ਦਾ ਉਧਾਰ ਕਰਦੀ ਆ ਰਹੀ ਸੀ। ਹੁਣ ਆਪ ਅੰਦਰ ਗੁਰੂ ਵਾਲੀਆਂ ਸਾਰੀਆਂ ਸ਼ਕਤੀਆਂ ਅਤੇ ਸਿਫਤਾਂ ਨੇ ਆ ਨਿਵਾਸ ਕੀਤਾ ਸੀ। ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:

ਬਾਲਿਕ ਬਯ ਅਤਿ ਸ਼ਕਤਿ ਦਰਸ਼ਨ ਤੇ ਦੁਖ ਜਾਇ।
ਸ੍ਰੀ ਹਰਿ ਕ੍ਰਿਸ਼ਨ ਅਨੰਦ ਘਨ ਬੰਦੋਂ ਪੰਕਜ ਪਾਇ।

*(ਗੁਰ ਪ੍ਰਤਾਪ ਸੂਰਜ ਗ੍ਰੰਥ)*

***ਅਰਥ :*** ਗੁਰੂ ਹਰਿਕ੍ਰਿਸ਼ਨ ਦੀ ਭਾਂਵੇਂ ਬਾਲ-ਉਮਰ ਵਿਚ ਹਨ ਪਰ ਸ਼ਕਤੀ ਅਥਾਹ ਹੈ। ਉਨ੍ਹਾਂ ਦੇ ਦਰਸ਼ਨ ਕਰਨ ਨਾਲ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਬਹੁਤ ਅਨੰਦ ਵਿਚ ਹਨ। ਮੈਂ ਉਨ੍ਹਾਂ ਦੇ ਚਰਨ ਕਮਲਾਂ 'ਤੇ ਨਮਸਕਾਰ ਕਰਦਾ ਹਾਂ।

ਭਾਈ ਸਰੂਪ ਦਾਸ ਭੱਲਾ ਜੀ ਨੇ ਵੀ ਲਿਖਿਆ ਹੈ:

ਲਘੁ ਸਰੂਪ ਗੁਨ ਅਮਿਤ ਅਪਾਰ।
ਜਿਮ ਬਟਕ ਬੀਜ ਦੀਰਘ ਬਿਸਥਾਰ। *(ਮਹਿਮਾ ਪ੍ਰਕਾਸ਼)*

***ਅਰਥਾਤ :*** ਗੁਰੂ ਹਰਿਕ੍ਰਿਸ਼ਨ ਜੀ ਦਾ ਸਰੀਰ ਤਾਂ ਨਿੱਕਾ ਹੈ ਪਰ ਉਨ੍ਹਾਂ ਦੇ ਗੁਣ ਬੇਅੰਤ ਹਨ। ਜਿਸ ਤਰ੍ਹਾਂ ਬੋਹੜ ਦਾ ਬੀਜ ਛੋਟਾ ਹੁੰਦਾ ਹੈ ਪਰ ਉਸੇ ਦਾ ਹੀ ਫਿਰ ਬ੍ਰਿਛ ਹੋ ਕੇ ਬਿਸਥਾਰ ਬਹੁਤ ਹੋ ਜਾਂਦਾ ਹੈ। ਫਿਰ ਲਿਖਦੇ ਹਨ ਕਿ ਸੁੰਦਰ, ਮੁਕਤੀ ਦੇ ਦਾਤੇ, ਬਾਲਕ ਰੂਪ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨ ਨਾਲ ਹੀ ਮਨ ਚਾਹਿਆ ਕਾਰਜ ਪੂਰਾ ਹੋ ਜਾਂਦਾ ਹੈ:

ਬਾਲ ਮੁਕੰਦ ਰੂਪ ਛਬ ਛਾਜੇ।
ਤਿਨ ਦਰਸ਼ਨ ਪੂਰਨ ਹੋਇ ਕਾਜੇ।

ਭਾਈ ਗਿਆਨ ਸਿੰਘ ਜੀ ਨੇ ਵੀ ਸ਼ਾਹਦੀ ਭਰੀ ਹੈ:

ਜਦਯਪਿ ਹੁਤੇ ਬਾਲ ਬਪ ਸੋਈ।
ਤਦਯਪਿ ਬੁਧਿ ਬ੍ਰਿਧਨ ਸਮ ਹੋਈ।

ਭਾਵ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਸਰੀਰ ਤਾਂ ਬਾਲਕਾਂ ਵਾਲਾ ਹੈ, ਪਰ ਬੁੱਧੀ ਬਜ਼ੁਰਗਾਂ ਵਾਲੀ ਹੈ।

ਸ਼ੇਖ ਸਾਅਦੀ ਨੇ ਠੀਕ ਕਥਨ ਕੀਤਾ ਹੈ:

ਤਵਾਂਗਰੀ ਬਦਿਲ ਅਸਤ ਨਾ ਕਿ ਬਮਾਲ ਅਸਤ।
ਬਜ਼ੁਰਗੀ ਬ ਅਕਲ ਅਸਤ ਨਾ ਕਿ ਬਸਾਲ।

***ਅਰਥਾਤ :*** ਅਮੀਰੀ ਦੌਲਤ ਨਾਲ ਨਹੀਂ ਦਿਲ ਦੀ ਵਿਸ਼ਾਲਤਾ ਨਾਲ ਹੁੰਦੀ ਹੈ। ਬਜ਼ੁਰਗੀ ਉਮਰ ਨਾਲ ਨਹੀਂ, ਅਕਲ ਨਾਲ ਹੁੰਦੀ ਹੈ।

ਸੰਗਤਾਂ ਭਾਰੀ ਗਿਣਤੀ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨਾਂ ਲਈ ਆਉਣ ਲੱਗੀਆਂ ਅਤੇ ਉਹ ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਉਨ੍ਹਾਂ ਨੂੰ ਆਤਮਿਕ ਉਪਦੇਸ਼ ਦਿੰਦੇ, ਉਨ੍ਹਾਂ ਦੇ ਮਨੋਰਥ ਪੂਰੇ ਕਰਦੇ। ਦੋਵੇਂ ਵੇਲੇ ਦੀਵਾਨ ਸੱਜਦੇ ਤੇ ਨਾਮੁ ਬਾਣੀ ਦਾ ਪ੍ਰਚਾਰ ਹੁੰਦਾ।

ਨਾਮ-ਬਾਣੀ ਦੀ ਕਮਾਈ ਅਤੇ ਆਪ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਲੋਕਾਂ ਦੇ ਦੁੱਖ, ਰੋਗ ਤੇ ਸੰਤਾਪ ਦੂਰ ਹੋਣ ਲੱਗ ਪਏ। ਇਕ ਵੇਰ ਆਪ ਬਾਹਰ ਸੈਰ ਨੂੰ ਜਾ ਰਹੇ ਸਨ ਕਿ ਰਸਤੇ ਵਿਚ ਇਕ ਬ੍ਰਾਹਮਣ ਕੁਸ਼ਟੀ ਨੇ ਆਪ ਜੀ ਦੇ ਅੱਗੇ ਹੋ ਆਪ ਨੂੰ ਬੜੀ ਆਦਰਤਾ ਨਾਲ ਰੋਗ-ਨਵਿਰਤੀ ਲਈ ਬੇਨਤੀ ਕੀਤੀ। ਆਪ ਨੇ ਉਸ 'ਤੇ ਕ੍ਰਿਪਾ-ਦ੍ਰਿਸ਼ਟੀ ਕੀਤੀ ਤੇ ਉਹ ਨੌਂ ਬਰ ਨੌਂ ਹੋ ਗਿਆ। ਇਸ ਤਰ੍ਹਾਂ ਆਪ ਜੀ ਦੀ ਮਹਿਮਾ ਦੀ ਚਰਚਾ ਦੂਰ-ਦੂਰ ਤੱਕ ਹੋਣ ਲੱਗੀ।

ਦੂਜੇ ਪਾਸੇ ਰਾਮਰਾਇ ਨੇ ਗੁਰੂ ਹਰਿਕ੍ਰਿਸ਼ਨ ਜੀ ਦੀ ਗੱਦੀ-ਨਸ਼ੀਨੀ ਬਾਅਦ ਕੁਝ ਮਸੰਦਾਂ ਨੂੰ ਆਪਣੇ ਨਾਲ ਗੰਢ ਕੇ ਇਸ ਤਰ੍ਹਾਂ ਦੇ ਯਤਨ ਆਰੰਭ ਦਿੱਤੇ ਕਿ ਕਿਸੇ ਤਰ੍ਹਾਂ ਸਿੱਖ ਉਸ ਨੂੰ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਉੱਤਰ-ਅਧਿਕਾਰੀ ਮੰਨ ਕੇ ਗੁਰੂ ਮੰਨ ਲੈਣ ਪਰ ਉਸ ਦੇ ਇਹ ਸਾਰੇ ਯਤਨ ਨਿਸ਼ਫਲ ਹੋ ਗਏ ਅਤੇ ਸਭ ਸਿੱਖ ਸੰਗਤਾਂ ਨੇ ਗੁਰੂ ਹਰਿ ਰਾਇ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਹੀ ਗੁਰੂ ਮੰਨ ਲਿਆ।

ਅਖੀਰ ਰਾਮ ਰਾਇ ਨੇ ਔਰੰਗਜ਼ੇਬ ਨੂੰ ਜਾ ਫਰਿਆਦ ਕੀਤੀ ਕਿ ਉਸ ਨੂੰ ਗੁਰ-ਗੱਦੀ ਦਿਵਾਈ ਜਾਵੇ, ਕਿਉਂਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਵੱਡਾ ਪੁੱਤਰ ਹੋਣ ਦੇ ਨਾਤੇ ਗੁਰ-ਗੱਦੀ 'ਤੇ ਉਸ ਦਾ ਹੱਕ ਬਣਦਾ ਹੈ।

ਔਰੰਗਜ਼ੇਬ ਵੀ ਦਿਲੋਂ ਗੁਰੂ-ਘਰ ਦਾ ਵਿਰੋਧੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਸਿੱਖ ਧਰਮ ਵਧੇ-ਫੁਲੇ। ਉਹ ਤਾਂ ਚਾਹੁੰਦਾ ਸੀ ਕਿ ਗ਼ੈਰ-ਮੁਸਲਮਾਨਾਂ ਨੂੰ ਇਸਲਾਮ ਦੇ ਘੇਰੇ 'ਚ ਲਿਆਂਦਾ ਜਾਵੇ। ਉਸ ਨੇ ਰਾਮਰਾਇ ਦੇ ਜ਼ੋਰ ਪਾਉਣ 'ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਬੁਲਾਉਣਾ ਸਵੀਕਾਰ ਕਰ ਲਿਆ। ਉਹ ਤਾਂ ਪਹਿਲਾਂ ਹੀ ਰਾਮ ਰਾਇ ਦਾ ਪੱਖੀ ਸੀ ਤੇ ਉਸ ਨੂੰ ਜਾਗੀਰ ਵੀ ਦਿੱਤੀ ਹੋਈ ਸੀ। ਉਸ ਨੇ ਸੋਚਿਆ ਕਿ ਦੋਹਾਂ ਭਰਾਵਾਂ ਵਿਚ ਫੁੱਟ ਪਵੇਗੀ ਤੇ ਸਿੱਖੀ-ਪ੍ਰਚਾਰ ਵਿਚ ਠੱਲ੍ਹ ਪਵੇਗੀ। ਉਸ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਕਿਹਾ ਕਿ ਉਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਆਦਰ ਸਹਿਤ ਦਿੱਲੀ ਲਿਆਉਣ ਦਾ ਪ੍ਰਬੰਧ ਕਰੇ।

ਰਾਜਾ ਜੈ ਸਿੰਘ ਗੁਰੂ-ਘਰ ਦਾ ਸ਼ਰਧਾਲੂ ਸੀ। ਉਸ ਨੇ ਆਪਣੇ ਵੱਲੋਂ ਤੇ ਔਰੰਗਜ਼ੇਬ ਵੱਲੋਂ ਬੜੀ ਨਿਮ੍ਰਤਾ ਅਤੇ ਪ੍ਰੇਮ ਪੂਰਵਕ ਬੇਨਤੀ ਲਿਖੀ ਅਤੇ ਦਿੱਲੀ ਦੀ ਸੰਗਤ ਵੱਲੋਂ ਵੀ ਬੇਨਤੀ ਲਿਖਵਾ ਕੇ ਦੀਵਾਨ ਪਰਸ ਰਾਮ ਹੱਥ ਬੇਨਤੀ-ਪੱਤਰ ਦੇ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਵੱਲ ਭੇਜ ਦਿੱਤਾ।

ਦੀਵਾਨ ਪਰਸ ਰਾਮ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਸੰਨ 1664 ਵਿਚ ਕੀਰਤਪੁਰ ਜਾ ਨਮਸਕਾਰ ਕੀਤੀ ਅਤੇ ਰਾਮ ਰਾਇ ਦੀਆਂ ਕੁਚਾਲਾਂ ਬਾਰੇ ਦੱਸਦਿਆਂ ਦਿੱਲੀ ਜਾਣ ਲਈ ਬੇਨਤੀ ਕੀਤੀ। ਨਾਲ ਹੀ ਉਸ ਨੇ ਰਾਜਾ ਜੈ ਸਿੰਘ ਅਤੇ ਸੰਗਤਾਂ ਵਲੋਂ ਬੇਨਤੀ-ਪੱਤਰ ਮਹਾਰਾਜ ਨੂੰ ਦਿੱਤਾ। ਗੁਰੂ ਜੀ ਨੇ ਰਾਜਾ ਜੈ ਸਿੰਘ ਅਤੇ ਸੰਗਤ ਦੀ ਪ੍ਰੇਮ-ਭਿੰਨੀ ਬੇਨਤੀ ਨੂੰ ਮੱਖ ਰੱਖਦਿਆਂ ਦਿੱਲੀ ਜਾਣਾ ਤਾਂ ਪਰਵਾਨ ਕਰ ਲਿਆ, ਪਰ ਇਹ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਉਹ ਆਪਣੇ ਪਿਤਾ ਗੁਰੂ ਹਰਿ ਰਾਇ ਜੀ ਵੱਲੋਂ ਹੋਏ ਹੁਕਮ ਅਨੁਸਾਰ ਔਰੰਗਜ਼ੇਬ ਨੂੰ ਦਰਸ਼ਨ ਨਹੀਂ ਦੇਣਗੇ:

> ਨਹਿਂ ਮਲੇਛ ਕੋ ਦਰਸ਼ਨ ਦੇ ਹੈਂ।
> ਹੁਇ ਸਮੀਪ ਤਿਸ ਕੋ ਨਹਿਂ ਲੈਹੈਂ। *(ਗੁਰ ਪ੍ਰਤਾਪ ਸੂਰਜ)*

ਬਸੰਤ ਪੰਚਮੀ, ਸੰਨ 1664 ਤੋਂ ਬਾਅਦ ਗੁਰੂ ਜੀ ਦਿੱਲੀ ਨੂੰ ਰਵਾਨਾ ਹੋ ਗਏ। ਇਹ

ਖ਼ਬਰ ਸੁਣ ਕੇ ਸੰਗਤ ਬਹੁਤ ਬਿਹਬਲ ਹੋਈ ਅਤੇ ਭਾਰੀ ਗਿਣਤੀ ਵਿਚ ਗੁਰੂ ਜੀ ਦੇ ਚਰਨ-ਕਮਲਾਂ ਦੇ ਭੌਰੇ ਗੁਰੂ ਜੀ ਨਾਲ ਹੋ ਤੁਰੇ। ਰਸਤੇ ਵਿਚ ਜਿਉਂ-ਜਿਉਂ ਸੰਗਤਾਂ ਨੂੰ ਪਤਾ ਲੱਗਦਾ ਆਪ ਦੇ ਦਰਸ਼ਨਾਂ ਨੂੰ ਆਉਂਦੀਆਂ।

ਇਸ ਤਰ੍ਹਾਂ ਜਾਂਦੇ-ਜਾਂਦੇ ਜਦ ਜ਼ਿਲ੍ਹਾ ਅੰਬਾਲੇ ਦੇ ਪਿੰਡ ਪੰਜੋਖਰੇ ਪੁੱਜੇ ਤਾਂ ਇਕ ਥਾਂ ਰੇਤ ਦੀ ਢੇਰੀ ਕਰਕੇ ਉਪਰ ਝੰਡੀ ਗੱਡ ਕੇ ਤੇ ਮੁਖੀ ਸਿੱਖ ਸੇਵਕਾਂ ਅਤੇ ਮਾਤਾ ਜੀ ਤੋਂ ਬਿਨਾਂ ਬਾਕੀ ਸੰਗਤ ਨੂੰ ਹੁਕਮ ਕੀਤਾ ਕਿ ਇਸ ਤੋਂ ਅੱਗੇ ਸਾਡੇ ਨਾਲ ਕੋਈ ਨਾ ਜਾਵੇ। ਜੋ ਇਹ ਹੁਕਮ ਮੰਨੇਗਾ ਉਸ ਪੁਰ ਗੁਰੂ ਕੀ ਖ਼ੁਸ਼ੀ ਹੋਵੇਗੀ। ਗੁਰੂ ਜੀ ਦੇ ਹੁਕਮ ਅਨੁਸਾਰ ਇਥੋਂ ਸੰਗਤ ਮੁੜ ਗਈ। ਜਿਨ੍ਹਾਂ ਮੁਖੀ ਸਿੱਖਾਂ ਵਿਚੋਂ ਜੋ ਗੁਰੂ ਜੀ ਦੇ ਨਾਲ ਅੱਗੇ ਗਏ ਉਨ੍ਹਾਂ ਵਿਚ ਭਾਈ ਦਰਗਾਹ ਮੱਲ ਜੀ, ਭਾਈ ਮਤੀ ਦਾਸ ਜੀ , ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਸਤੀ ਦਾਸ ਜੀ ਤੇ ਭਾਈ ਗੁਰਬਖਸ਼ ਮੱਲ ਜੀ ਦੇ ਨਾਂ ਖਾਸ ਵਰਣਨਯੋਗ ਹਨ।

ਇਥੇ ਪੰਜੋਖਰੇ ਵਿਚ ਇਕ ਬ੍ਰਾਹਮਣ ਪੰਡਤ ਲਾਲ ਚੰਦ ਨੇ ਇਤਰਾਜ਼ ਕੀਤਾ ਕਿ ਸ੍ਰੀ ਕ੍ਰਿਸ਼ਨ ਜੀ ਨੇ ਤਾਂ ਗੀਤਾ ਉਚਾਰਨ ਕੀਤੀ ਸੀ ਤੇ ਆਪ ਜੀ ਦਾ ਨਾਂ ਵੀ ਕ੍ਰਿਸ਼ਨ ਜੀ ਵਾਲਾ ਹੈ, ਸਗੋਂ ਉਸ ਤੋਂ ਵੱਧ 'ਗੁਰੂ ਹਰਿਕ੍ਰਿਸ਼ਨ ਜੀ' ਅਖਵਾਂਦੇ ਹੋ, ਆਪ ਇਹ ਗੀਤਾ ਦੇ ਅਰਥ ਹੀ ਕਰਕੇ ਦੱਸ ਦਿਉ। ਗੁਰੂ ਜੀ ਨੇ ਪੰਡਤ ਨੂੰ ਕਿਹਾ ਕਿ ਜਾਹ, ਆਪਣੀ ਮਰਜ਼ੀ ਨਾਲ ਕੋਈ ਬੰਦਾ ਲੈ ਆ। ਪ੍ਰਭੂ-ਕਿਰਪਾ ਨਾਲ ਉਹ ਅਰਥ ਕਰ ਦੇਵੇਗਾ। ਇਹ ਸੁਣ ਕੇ ਉਹ ਪੰਡਤ ਪਿੰਡ ਦੇ ਛੱਜੂ ਝੀਊਰ ਨੂੰ ਲੈ ਆਇਆ, ਜੋ ਮਹਾਂ ਮੂਰਖ ਸੀ। ਉਸ ਨੇ ਆਪ ਤਾਂ ਕੀ ਪੜ੍ਹਨਾ ਸੀ, ਕਿਸੇ ਨੂੰ ਪੜ੍ਹਦੇ ਭੀ ਨਹੀਂ ਦੇਖਿਆ ਸੀ। ਗੱਲ ਕਰਨੀ ਭੀ ਨਹੀਂ ਜਾਣਦਾ ਸੀ, ਜਿਵੇਂ ਭਾਈ ਸੰਤੋਖ ਸਿੰਘ ਜੀ ਨੇ ਵਰਣਨ ਕੀਤਾ ਹੈ:

ਮਹਾਂ ਮੂਢ ਬੋਲਿਬ ਨਹਿਂ ਜਾਨੈ।
ਪੇਟ ਭਰਨਿ ਲੌ ਕਾਰਜ ਲਾਨੈ।
ਕਾਰੋ ਬਰਨ ਬਸਤ੍ਰ ਤਨ ਫਾਰੇ।
ਜਿਨ ਪਢਤੇ ਨਰ ਨਹੀਂ ਨਿਹਾਰੇ॥੩੩॥
ਆਪ ਪਢਨਿ ਤੌ ਜਾਨਹਿ ਕਹਾਂ।
ਬਹੁ ਕੁਰੂਪ ਅਤਿ ਮੂਰਖ ਮਹਾਂ। *(ਗੁਰ ਪ੍ਰਤਾਪ ਸੂਰਜ, ਰਾਸਿ ੧੦, ਅੰਸੂ ੩੮)*

ਗੁਰੂ ਜੀ ਨੇ ਛੱਜੂ ਝੀਊਰ 'ਤੇ ਕ੍ਰਿਪਾ-ਦ੍ਰਿਸ਼ਟੀ ਕੀਤੀ ਤੇ ਉਸ ਦੇ ਸਿਰ 'ਤੇ ਆਪਣੀ ਛੜੀ ਛੁਹਾਈ। ਉਸ ਨੇ ਪੰਡਤ ਲਾਲ ਚੰਦ ਨੂੰ ਗੀਤਾ ਦੇ ਅਰਥ ਸੁਣਾਏ। ਇਹ ਸੁਣ ਕੇ ਉਹ ਹੈਰਾਨ ਹੋ ਗਿਆ। ਉਸ ਦਾ ਹੰਕਾਰ ਟੁੱਟ ਗਿਆ ਤੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ। ਗੁਰੂ ਜੀ ਦਾ ਚਰਨਾਮ੍ਰਿਤ ਲੈ ਕੇ ਗੁਰੂ ਜੀ ਦਾ ਅਨਿੰਨ ਸਿੱਖ ਬਣ ਗਿਆ। ਸੱਚਮੁੱਚ ਗੁਰਬਾਣੀ ਦਾ ਪ੍ਰਤੱਖ ਸਬੂਤ ਲੋਕਾਂ ਦੇਖਿਆ:

**ਮਹਾ ਮੁਗਧ ਤੇ ਕੀਆ ਗਿਆਨੀ॥**
**ਗੁਰ ਪੂਰੇ ਕੀ ਅਕਥ ਕਹਾਨੀ॥** *(ਪੰਨਾ ੧੩੩੮)*

ਜਦੋਂ ਆਪ ਦਿੱਲੀ ਪੁੱਜੇ ਤਾਂ ਆਪ ਦਾ ਮਿਰਜ਼ਾ ਰਾਜਾ ਜੈ ਸਿੰਘ ਵੱਲੋਂ ਆਦਰ ਅਤੇ ਸਤਿਕਾਰ ਸਹਿਤ ਸਵਾਗਤ ਕੀਤਾ ਗਿਆ ਤੇ ਆਪ ਦਾ ਉਤਾਰਾ ਰਾਜਾ ਜੈ ਸਿੰਘ ਦੇ ਬੰਗਲੇ

ਵਿਚ ਕਰਵਾਇਆ ਗਿਆ। ਇਥੇ ਰਾਜਾ ਜੈ ਸਿੰਘ ਦੀ ਪਟਰਾਣੀ ਨੇ ਭਾਵਨਾ ਕੀਤੀ ਕਿ ਜੇ ਗੁਰੂ ਜੀ ਅੰਤਰਜਾਮੀ ਹਨ ਤਾਂ ਉਸ ਦੀ ਪਹਿਚਾਣ ਕਰਕੇ ਉਸ ਦੀ ਗੋਦੀ ਵਿਚ ਬਹਿ ਜਾਣ।

ਗੁਰੂ ਜੀ ਨੂੰ ਰਾਜੇ ਨੇ ਮਹਿਲ ਅੰਦਰ ਚਰਨ ਪਾਣ ਦੀ ਬੇਨਤੀ ਕੀਤੀ। ਪਟਰਾਣੀ ਸਭ ਦੇ ਪਿੱਛੇ ਗੋਲੀਆਂ ਵਾਲੇ ਬਸਤਰ ਪਾ ਕੇ ਬਹਿ ਗਈ ਤੇ ਉਸ ਨੇ ਅੰਦਰ ਹੋਰ ਜ਼ਨਾਨੀਆਂ ਆਪਣੇ ਨਾਲ ਬਿਠਾ ਲਈਆਂ, ਜਿਨ੍ਹਾਂ ਚੰਗੇ, ਚਮਕੀਲੇ, ਦਿਲ-ਖਿਚਵੇਂ ਬਸਤਰ ਪਹਿਨੇ ਹੋਏ ਸਨ।

ਗੁਰੂ ਜੀ ਅੰਦਰ ਗਏ। ਇਹਨਾਂ ਸਭਨਾਂ ਦੇ ਸਿਰ ਵਾਰੋ-ਵਾਰੀ ਆਪਣੀ ਛੜੀ ਛੁਹਾਂਦੇ ਗਏ ਤੇ ਕਹਿੰਦੇ ਗਏ ਕਿ ਇਹ ਪਟਰਾਣੀ ਨਹੀਂ। ਆਖਰ ਪਟਰਾਣੀ ਦੇ ਸਿਰ ਛੜੀ ਰੱਖ ਕੇ ਕਿਹਾ, "ਸਭਿਨਿ ਸਿਰੋਮਣੀ ਤੂੰ ਪਟਰਾਣੀ" ਤੇ ਉਸ ਦੀ ਗੋਦ ਵਿਚ ਬਹਿ ਗਏ। ਆਪ ਦਾ ਚਰਨਾਮ੍ਰਿਤ ਲੈ ਕੇ ਰਾਜਾ ਜੈ ਸਿੰਘ ਤੇ ਪਟਰਾਣੀ ਆਪ ਦੇ ਸਿੱਖ ਹੋਏ।

ਇਹਨਾਂ ਦਿਨਾਂ ਵਿਚ ਦਿੱਲੀ ਵਿਚ ਹੈਜ਼ੇ ਅਤੇ ਚੀਚਕ (ਮਾਤਾ) ਦਾ ਬਹੁਤ ਜ਼ੋਰ ਸੀ। ਬੀਮਾਰ ਲੋਕ ਗੁਰੂ ਜੀ ਦੀ ਸੋਭਾ ਸੁਣ ਕੇ ਆਪ ਦੇ ਦਰਸ਼ਨਾਂ ਨੂੰ ਆਉਣ ਲੱਗ ਪਏ। ਆਪ ਦੇ ਦਰਸ਼ਨ ਅਤੇ ਆਪ ਦੀ ਚਰਨ-ਛੁਹ ਪ੍ਰਾਪਤ ਅੰਮ੍ਰਿਤ ਜਲ ਨਾਲ ਰੋਗੀਆਂ ਦੇ ਰੋਗ ਨਵਿਰਤ ਹੋਣ ਲੱਗ ਪਏ, ਜਿਵੇਂ ਕਿ ਭਾਈ ਸੰਤੋਖ ਸਿੰਘ ਜੀ ਨੇ 'ਸੂਰਜ ਪ੍ਰਕਾਸ਼' ਵਿਚ ਅੰਕਿਤ ਕੀਤਾ ਹੈ:

ਸੁਨਿ ਸੁਨਿ ਪਹੁੰਚਤਿ ਹੈਂ ਰੁਜਵਾਰੇ।
ਭਰੀ ਭੀਰ ਰਹਿ ਸਤਿਗੁਰ ਦ੍ਵਾਰੇ॥੫॥
ਹੋਹਿ ਰੋਗ ਕੋ ਦੋਖ ਬਿਨਾਸੇ।
ਜਿਮ ਤਮ ਤੋਮ ਤਰਨਿ ਕੇ ਪਾਸੇ। *(ਰਾਸਿ ੧੦, ਅੰਸੂ ੪੧)*

ਰਾਜਾ ਜੈ ਸਿੰਘ ਦੇ ਜਿਸ ਬੰਗਲੇ ਵਿਚ ਗੁਰੂ ਜੀ ਠਹਿਰੇ ਸਨ ਉਸ ਥਾਂ 'ਤੇ ਹੀ ਅੱਜ ਗੁਰਦੁਆਰਾ ਬੰਗਲਾ ਸਾਹਿਬ ਸੁਸ਼ੋਭਿਤ ਹੈ।

ਔਰੰਗਜ਼ੇਬ ਨੇ ਗੁਰੂ ਜੀ ਦੀ ਮਹਿਮਾ ਸੁਣ ਕੇ ਰਾਮ ਰਾਇ ਦੀ ਦਰਖਾਸਤ ਰੱਦ ਕਰ ਦਿੱਤੀ। ਗੁਰੂ ਜੀ ਨੇ ਔਰੰਗਜ਼ੇਬ ਦੀ ਬੇਨਤੀ ਦੇ ਬਾਵਜੂਦ ਔਰੰਗਜ਼ੇਬ ਨੂੰ ਦਰਸ਼ਨ ਨਾ ਦਿੱਤੇ ਅਤੇ ਆਪਣੇ ਸੰਕਲਪ 'ਤੇ ਦ੍ਰਿੜ੍ਹ ਰਹੇ:

ਨਹਿ ਮਲੇਛ ਕੋ ਦਰਸ਼ਨ ਦੈਹੈਂ।

ਔਰੰਗਜ਼ੇਬ ਨੇ ਆਪਣਾ ਸ਼ਾਹਜ਼ਾਦਾ ਮੁਅੱਜ਼ਮ ਸ਼ਾਹ ਗੁਰੂ ਜੀ ਪਾਸ ਭੇਜਿਆ। ਉਹ ਗੁਰੂ ਜੀ ਦੇ ਦਰਸ਼ਨ ਅਤੇ ਸੰਗਤ ਤੋਂ ਬਹੁਤ ਪ੍ਰਭਾਵਿਤ ਹੋਇਆ।

ਗੁਰੂ ਜੀ ਨੇ ਆਪਣੀ ਜੀਵਨ-ਯਾਤਰਾ ਸੰਪੂਰਨ ਹੋਣ ਦਾ ਸੰਕੇਤ ਦਿੱਤਾ ਤੇ ਭਾਣਾ ਮੰਨਣ ਲਈ ਉਪਦੇਸ਼ ਕੀਤਾ। ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਸੰਗਤ 'ਚ ਸੰਕੇਤ ਦਿੱਤਾ ਕਿ ਅਗਲੇ ਗੁਰੂ 'ਬਾਬਾ ਬਕਾਲੇ' ਹਨ। ਉਪਰੰਤ 30 ਮਾਰਚ, 1664 ਈ. ਨੂੰ ਜੋਤੀ-ਜੋਤਿ ਸਮਾ ਗਏ। ਗੁਰੂ ਦਸਮੇਸ਼ ਦੇ ਸ਼ਬਦਾਂ ਵਿਚ ਉਹਨਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ, ਜੋ ਸ੍ਰੀ ਭਗਉਤੀ ਜੀ ਦੀ ਵਾਰ ਅਤੇ ਅਰਦਾਸ ਵਿਚ ਅੰਕਤ ਹਨ:

**ਸ੍ਰੀ ਹਰਿਕ੍ਰਿਸ਼ਨ ਧਿਆਈਐ**
**ਜਿਸ ਡਿਠੇ ਸਭਿ ਦੁਖਿ ਜਾਇ॥**

(7/1986)

# ਸ੍ਰੀ ਹਰਿਕ੍ਰਿਸ਼ਨ ਧਿਆਈਐ...

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਵਾਰ ਸ੍ਰੀ ਭਗਉਤੀ ਜੀ' ਵਿਚ ਆਪਣੇ ਤੋਂ ਪਹਿਲੇ ਨੌਂ ਗੁਰੂ-ਸਰੂਪਾਂ ਦੀ ਉਸਤਤ ਕਰਦਿਆਂ ਚੌਥੀ ਤੁਕ ਵਿਚ ਅਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੰਬੰਧੀ ਫੁਰਮਾਇਆ ਹੈ:

**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥**

ਹਰ ਗੁਰਸਿੱਖ ਜਦੋਂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਤਾਂ ਉਹ ਇਨ੍ਹਾਂ ਸ਼ਬਦਾਂ ਦਾ ਉਚਾਰਨ ਕਰਦਾ ਹੋਇਆ ਬਹੁਤ ਪਿਆਰ, ਸ਼ਰਧਾ ਤੇ ਸਤਿਕਾਰ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਅਕੀਦਤ ਪੇਸ਼ ਕਰਦਾ ਹੈ। 'ਅਰਦਾਸ' ਦੇ ਇਹ ਬੋਲ ਅਜਿਹੇ ਹਨ, ਜਿਹੜੇ ਪ੍ਰੇਰਨਾ ਦਿੰਦੇ ਹਨ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਜ਼ਰੂਰ ਧਿਆਉਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੇ ਦਰਸ਼ਨ ਕੀਤਿਆਂ ਸਮੁੱਚੀ ਮਨੁੱਖਤਾ ਦੇ ਸਭ ਤਰ੍ਹਾਂ ਦੇ ਦੁੱਖਾਂ ਦੀ ਨਵਿਰਤੀ ਹੁੰਦੀ ਹੈ। ਇਸ ਤੁਕ ਤੋਂ ਦਸਮੇਸ਼ ਪਿਤਾ ਰਾਹੀਂ ਬਾਲਾ ਪ੍ਰੀਤਮ-ਗੁਰੂ ਦੀ ਮਾਨਤਾ, ਮਹਾਨਤਾ ਤੇ ਗੌਰਵਤਾ ਦਾ ਪਤਾ ਲੱਗਦਾ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਬਚਪਨ ਵਿਚ ਹੀ ਆਪਣੀ ਅਕਾਲੀ ਬੋਲ-ਬਿਰਤੀ ਦਾ ਜੋ ਪ੍ਰਗਟਾਵਾ ਕੀਤਾ, ਆਪਣੇ ਆਪ ਨੂੰ ਹਉਂ ਤੋਂ ਮੁਕਤ, ਨਿਰਭਉ ਤੇ ਨਿਰਵੈਰ ਸਾਬਤ ਕੀਤਾ, ਗੁਰੂ-ਦਰਬਾਰ ਨੂੰ ਆਪਾ ਸਮਰਪਣ ਕਰ ਕੇ, ਸਮਾਜਿਕ ਤੇ ਰਾਜਸੀ ਸਥਿਤੀ ਵਿਚ ਵੀ ਆਪਣੇ ਆਪ ਨੂੰ 'ਬਲਬੀਰਾ' ਸਿਰਜਣ ਦਾ ਜੋ ਪ੍ਰਭਾਵ ਦਿੱਤਾ, ਉਸ ਦਾ ਹੀ ਵੱਡਾ ਫਲ ਇਹ ਮੂਰਤੀਮਾਨ ਹੋਇਆ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਿਆਈ ਯੋਗ ਸਮਝ ਕੇ ਸਵਾ ਪੰਜ ਸਾਲ ਦੀ ਉਮਰ ਵਿਚ ਹੀ ਗੁਰੂ ਸਿੰਘਾਸਨ ਉਤੇ ਬਿਠਾ ਦਿੱਤਾ। ਅਜਿਹੇ ਮਹਾਨ ਗੁਰੂ ਜੀ ਦੇ ਜੀਵਨ ਤੇ ਸ਼ਖ਼ਸੀਅਤ ਬਾਰੇ ਵਿਚਾਰਦੇ ਹਾਂ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਪਾਵਨ ਕੁੱਖ ਤੋਂ 7 ਜੁਲਾਈ ਸੰਨ 1656 ਈ: ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਜੀ ਦੇ ਦਾਦਾ ਬਾਬਾ ਗੁਰਦਿੱਤਾ ਜੀ ਤੇ ਪੜਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਨ। ਰਾਮਰਾਇ ਆਪ ਜੀ ਦਾ ਵੱਡਾ ਭਰਾ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਧੁਰ ਦਰਗਾਹੋਂ ਦੈਵੀ ਗੁਣਾਂ ਵਾਲੀ ਆਤਮਿਕ ਉਚਤਾ ਪ੍ਰਾਪਤ ਹੋਈ ਸੀ ਅਤੇ ਜਨਮ ਤੋਂ ਹੀ ਗੁਰਮਤਿ ਦੀ ਸਿੱਖਿਆ-ਦੀਖਿਆ ਮਿਲਣ ਲੱਗ ਪਈ ਸੀ। ਆਪ ਨੇ ਛੋਟੀ ਉਮਰ ਵਿਚ ਹੀ ਪਿਤਾ ਜੀ ਦੀ ਸੰਗਤ ਵਿਚ ਰਹਿ ਕੇ ਸਭ ਤਰ੍ਹਾਂ ਦੀ ਉਚੇਰੀ ਵਿੱਦਿਆ, ਗੁਰਬਾਣੀ ਤੇ ਗੁਰਮਤਿ ਸਿਧਾਂਤਾਂ ਦੀ ਸੂਝ ਅਤੇ ਦੂਜੇ ਧਰਮਾਂ ਦਾ ਗਿਆਨ ਗ੍ਰਹਿਣ ਕਰ ਲਿਆ ਸੀ। ਆਪ ਅੰਤਰ-ਬੋਧ ਦੇ ਧਾਰਨੀ ਅਤੇ ਬ੍ਰਹਮ ਗਿਆਨ ਨਾਲ ਓਤ-

ਪੋਤ ਸਨ। ਵੇਖਣ-ਸੁਣਨ ਵਾਲੇ ਮਹਾਨ ਵਿਦਵਾਨ ਵੀ ਬਾਲਕ ਦੀ ਦੈਵੀ ਉਚਤਾ ਤੇ ਅਲੌਕਿਕ ਸੂਝ-ਬੂਝ ਤੋਂ ਹੈਰਾਨ ਹੋ ਜਾਂਦੇ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਹਿਰਦਾ ਬਹੁਤ ਕੋਮਲ ਸੀ। ਉਨ੍ਹਾਂ ਵਿਚ ਪਰਉਪਕਾਰ ਦੀ ਭਾਵਨਾ ਬੇਮਿਸਾਲ ਸੀ। ਪਿਤਾ ਜੀ ਦੇ ਆਗਿਆਕਾਰ ਸਪੁੱਤਰ ਸਨ ਤੇ ਗੁਰੂ-ਪਿਤਾ ਦੀ ਨੀਤੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਆਪਣੇ ਛੋਟੇ ਸਪੁੱਤਰ ਵਿਚ ਗੁਰੂ-ਜੋਤ ਦੇ ਅੰਸ਼, ਜੋ ਉਨ੍ਹਾਂ ਨੇ ਵਿਰਸੇ ਵਿਚ ਪ੍ਰਾਪਤ ਕੀਤੇ ਸਨ, ਦਿਖਾਈ ਦੇ ਰਹੇ ਸਨ।

**ਗੁਰਿਆਈ ਦੀ ਪ੍ਰਾਪਤੀ :** ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣਾ ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆਇਆ ਜਾਣ ਕੇ ਆਪਣੇ ਛੋਟੇ ਸਪੁੱਤਰ ਨੂੰ ਹਰ ਤਰ੍ਹਾਂ ਨਾਲ ਯੋਗ ਸਮਝਿਆ ਅਤੇ ਗੁਰਬਾਣੀ ਦੇ ਮਹਾਂਵਾਕ—"ਤਖਤਿ ਬਹੈ ਤਖਤੈ ਕੀ ਲਾਇਕ" ਅਨੁਸਾਰ ਸੰਨ 1661 ਈ: ਵਿਚ ਸਾਰੀ ਸੰਗਤ ਦੇ ਸਨਮੁਖ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਿਆਈ ਸੌਂਪ ਦਿੱਤੀ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਤੇ ਜੁਗਤਿ ਦਾ ਗੁਰੂ-ਵਾਰਸ ਸਥਾਪਿਤ ਕਰਦਿਆਂ ਇਹ ਅਸ਼ੀਰਵਾਦ ਵੀ ਦਿੱਤਾ ਕਿ ਜਿਹੜਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਦੇ ਦਰਸ਼ਨ ਕਰੇਗਾ, ਉਸ ਦੇ ਦੁੱਖ-ਦਲਿੱਦਰ ਤੇ ਰੋਗ-ਸੰਤਾਪ ਸਹਿਜੇ ਹੀ ਮਿਟ ਜਾਣਗੇ; ਸੁਖ ਸਹਿਜ ਤੇ ਅਨੰਦ ਉਸ ਦਾ ਧਨ ਬਣ ਜਾਵੇਗਾ। ਆਪ ਦਾ ਦਰਸ਼ਨ-ਦੀਦਾਰ ਨਿਸ਼ਚੇ ਹੀ "ਸਭਿ ਦੁਖਿ ਜਾਇ" ਦਾ ਪ੍ਰਤੱਖ ਪ੍ਰਮਾਣ ਹੈ। ਇਸ ਤਰ੍ਹਾਂ ਸਵਾ ਪੰਜ ਸਾਲ ਦੀ ਉਮਰ ਵਿਚ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸਮਰੱਥ ਤੇ ਯੋਗ ਗੁਰੂ ਦੇ ਰੂਪ ਵਿਚ ਪ੍ਰਗਟ ਹੋਏ ਅਤੇ ਸਿੱਖਾਂ ਦੇ ਅਠਵੇਂ ਗੁਰੂ-ਜੋਤਿ ਦੇ ਵਾਰਸ ਹੋਏ ਹਨ। ਆਪ ਜੀ ਸਭ ਤੋਂ ਛੋਟੀ ਉਮਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਤਮਿਕ ਰੱਬੀ ਖ਼ਜ਼ਾਨੇ ਦੇ ਮਾਲਕ ਬਣੇ।

ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਨੰਤ ਜੋਤ ਗੁਰੂ-ਰੂਪ ਹੋ ਕੇ ਗੁਰੂ ਸਾਹਿਬਾਨ ਵਿਚ ਵਿਚਰਦੀ ਹੋਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਵਿਚ ਪ੍ਰਵੇਸ਼ ਕਰ ਗਈ। ਉਨ੍ਹਾਂ ਦੀ ਜੀਵਨ-ਜੋਤ ਤੇ ਜੁਗਤ ਪੂਰਬਲੇ ਗੁਰੂ ਸਾਹਿਬਾਨ ਵਾਲੀ ਹੀ ਸੀ। ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਅਨੁਸਾਰ ਜਦੋਂ ਇਹ ਅਨੰਤ ਜੋਤ ਇਕ ਗੁਰੂ ਤੋਂ ਦੂਸਰੇ ਗੁਰੂ ਵਿਚ ਪ੍ਰਵੇਸ਼ ਕਰਦੀ ਹੈ, ਉਸ ਵਿਚ ਮੁਕੰਮਲ ਰੂਪ ਵਿਚ ਇਕਮਿਕ ਹੋ ਜਾਂਦੀ ਹੈ ਤਾਂ ਕੇਵਲ ਕਾਇਆ ਹੀ ਪਲਟਦੀ ਹੈ। ਇਸ ਦੀ ਜੁਗਤ ਤੇ ਵਰਤਾਰਾ ਉਹੀ ਰਹਿੰਦਾ ਹੈ ਜੋ ਅਨੰਤ ਦਾ ਹੋ ਸਕਦਾ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੀ। (ਯਾਦ ਰਹੇ ਕਿ ਗੁਰਬਾਣੀ ਵਿਚ 'ਨਾਨਕ' ਸ਼ਬਦ ਗੁਰੂ-ਵਿਅਕਤੀ ਲਈ ਨਹੀਂ, ਸਗੋਂ ਸ਼ਬਦ-ਜੋਤ ਦੇ ਪ੍ਰਤੀਕਾਤਮਿਕ ਰੂਪ ਵਿਚ ਵਰਤਿਆ ਗਿਆ ਹੈ।) ਇਸ ਤਰ੍ਹਾਂ ਇਹ ਜੋਤ ਨਵੇਂ ਹੋਣ ਵਾਲੇ ਗੁਰੂ, ਜਿਸ ਵਿਚ ਇਹ ਹਲੂਲ ਕਰ ਗਈ ਹੋਵੇ, ਉਸ ਦੀ ਉਮਰ ਦੇ ਲਿਹਾਜ਼ ਤੋਂ ਉੱਪਰ ਰਹਿੰਦੀ ਹੈ। ਜੋਤ ਤਾਂ ਸਦੀਵੀ ਹੈ। ਇਸ ਦੀ ਕੋਈ ਉਮਰ ਨਹੀਂ ਹੁੰਦੀ। ਗੁਰੂ-ਵਿਅਕਤੀ ਦੇ ਸਰੀਰ ਦੇ ਬਚਪਨ ਜਾਂ ਬੁਢਾਪੇ ਦਾ ਇਸ ਉੱਤੇ ਕੋਈ ਅਸਰ ਨਹੀਂ ਹੁੰਦਾ।

**ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ :** ਜਿਸ ਸਿਆਣਪ, ਦੂਰ-ਦਰਸ਼ਤਾ, ਨਿਪੁੰਨਤਾ, ਦ੍ਰਿੜ੍ਹਤਾ, ਲਗਨ ਤੇ ਜ਼ਿੰਮੇਵਾਰੀ ਨਾਲ ਆਪ ਜੀ ਨੇ ਸਿੱਖੀ ਦੀ ਸੇਵਾ ਤੇ ਅਗਵਾਈ ਕੀਤੀ, ਉਸ ਦਾ ਖਿਆਲ ਕਰ ਕੇ ਸਧਾਰਨ ਪ੍ਰਾਣੀ ਦੀ ਬੁੱਧੀ ਚਕ੍ਰਿਤ ਹੋ ਜਾਂਦੀ ਹੈ। ਇਸ ਦੇ ਬਾਰੇ ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ :

ਜੇਤਕ ਥੀ ਗੁਰੁ ਘਰ ਕੀ ਰੀਤੀ। ਅਸ਼ਟਮ ਗੁਰੁ ਸਬ ਗਹੀ ਬਿਨੀਤੀ।
ਜਦਯਪਿ ਹੁਤੇ ਬਾਲ ਬਧ ਸੋਈ। ਤਦਯਪਿ ਬੁਧਿ ਬ੍ਰਿਧਨ ਸਮ ਹੋਈ।
ਸਭ ਵਿਵਹਾਰ ਔਰ ਪਰਮਾਰਥ। ਪੂਰਨ ਕਰੇਂ ਸਿਖਨ ਕੇ ਸ੍ਵਾਰਥ।
ਅਜ਼ਮਤ ਔਰ ਅਰੂਜ ਅਪਾਰਾ। ਅਸ਼ਟਮ ਗੁਰ ਬਹੁ ਬਿਧ ਬਿਸਤਾਰਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੁਆਰਾ ਛੋਟੀ ਉਮਰ ਵਿਚ ਸੁਯੋਗ ਢੰਗ ਨਾਲ ਸਿੱਖਾਂ ਦੀ ਅਧਿਆਤਮਿਕ ਰਹਿਨੁਮਾਈ ਕਰਨੀ ਆਪ ਜੀ ਦੀ ਰੂਹਾਨੀ ਕਲਾ ਦਾ ਮਹਾਨ ਕ੍ਰਿਸ਼ਮਾ ਹੈ। ਆਪ ਨੇ ਦੂਰ-ਦੁਰਾਡੇ ਰਹਿਣ ਵਾਲੀਆਂ ਸਿੱਖ ਸੰਗਤਾਂ ਦੀ ਚੰਗੀ ਅਗਵਾਈ ਕੀਤੀ। ਦੂਰ ਪ੍ਰਦੇਸ਼ਾਂ ਵਿਚ ਧਰਮ ਪ੍ਰਚਾਰਕ ਨਿਯੁਕਤ ਕੀਤੇ ਅਤੇ ਆਪ ਵੀ ਸੱਚ ਦੇ ਖੋਜੀਆਂ ਨੂੰ ਉਪਦੇਸ਼ ਦਿੱਤੇ। ਸਿੱਖ ਧਰਮ ਵਿਚ ਸਰੀਰ ਦੀ ਪੂਜਾ ਨਾਲੋਂ ਸ਼ਬਦ ਦੀ ਪੂਜਾ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਜੋ ਅੰਮ੍ਰਿਤ ਰੂਪ ਆਤਮ-ਉਪਦੇਸ਼ਾਂ ਦਾ ਨੂਰ ਝਰਦਾ ਸੀ, ਗੁਰਸਿੱਖ ਹਿਰਦਿਆਂ ਵਿੱਚੋਂ ਅਗਿਆਨਤਾ ਦੂਰ ਕਰਕੇ ਉਨ੍ਹਾਂ ਨੂੰ ਨੀਯਤ ਕੀਤਾ ਜਾਂਦਾ ਸੀ। ਗੁਰੂ ਜੀ ਦੇ ਅਤੀ ਕੋਮਲ ਸਰੀਰ ਤੋਂ ਰੂਹਾਨੀ ਆਭਾ ਪੂਰੇ ਜੋਬਨ ਵਿਚ ਚਮਕਾਰੇ ਮਾਰਦੀ ਸੀ। ਬੇਸ਼ਕ ਆਪ ਬਾਲ-ਅਵਸਥਾ ਵਿਚ ਸਨ ਪਰ ਯੋਗਤਾ ਤੇ ਕਰਨੀ ਕਰਕੇ ਸੰਪੂਰਨ ਸਨ। ਫ਼ਾਰਸੀ ਦੀ ਇਹ ਅਖਾਉਤ ਅਠਵੇਂ ਪਾਤਸ਼ਾਹ 'ਤੇ ਠੀਕ ਢੁਕਦੀ ਹੈ—"ਬਜ਼ੁਰਗੀ ਬ-ਅਕਲ ਨ ਬਸਾਲ।" ਭਾਵ ਵਡਿਆਈ ਨਿਰਮਲ ਬੁੱਧੀ ਤੇ ਗੁਣਾਂ ਉੱਤੇ ਨਿਰਭਰ ਹੈ ਨਾ ਕਿ ਵੱਡੀ ਉਮਰ ਉੱਤੇ। ਆਪ ਜੀ ਨੇ ਗੁਰੂ-ਘਰ ਦੀ ਸਾਰੀ ਮਰਯਾਦਾ ਗੁਰਮਤਿ ਅਨੁਸਾਰ ਨਿਭਾਈ ਤੇ ਸਿੱਖਾਂ ਨੂੰ ਸੁਯੋਗ ਰਹਿਨੁਮਾਈ ਦਿੱਤੀ। ਆਪ ਦੇ ਮਿਕਨਾਤੀਸੀ ਸ਼ਬਦਾਂ ਦੇ ਪ੍ਰਭਾਵ ਤੇ ਪ੍ਰਚਾਰ ਸਦਕਾ ਸਿੱਖੀ ਨੇ ਦੂਰ-ਦੂਰ ਤਕ ਮਕਬੂਲਤਾ ਹਾਸਲ ਕੀਤੀ। ਭਾਈ ਜੈਤਾ ਜੀ ਤੇ ਭਾਈ ਲੱਖੀ ਸ਼ਾਹ ਜੀ ਵਰਗੇ ਆਪਾ ਵਾਰਨ ਵਾਲੇ ਅਨੇਕਾਂ ਸ਼ਰਧਾਲੂ ਸਿੱਖ ਸਜ ਗਏ। ਬਹੁਤ ਥੋੜ੍ਹੇ ਸਮੇਂ ਵਿਚ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਕੀਰਤੀ ਦੂਰ-ਦੂਰ ਤਕ ਫੈਲ ਗਈ।

**ਰਾਮਰਾਇ ਵੱਲੋਂ ਵਿਰੋਧਤਾ:** ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਵਧ ਰਹੀ ਵਡਿਆਈ ਨੂੰ ਵੇਖ ਕੇ ਰਾਮਰਾਇ ਈਰਖਾ ਦੀ ਅੱਗ ਵਿਚ ਸੜਨ ਲੱਗਾ ਤੇ ਉਸ ਨੇ ਛੋਟੇ ਭਰਾ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਦਿੱਲੀ ਦਰਬਾਰ ਵਿਚ ਜਾ ਕੇ ਔਰੰਗਜ਼ੇਬ ਅੱਗੇ ਫਰਿਆਦ ਕੀਤੀ ਕਿ "ਵੱਡਾ ਹੋਣ ਕਾਰਨ ਗੁਰਤਾਗੱਦੀ 'ਤੇ ਮੇਰਾ ਹੱਕ ਹੈ। ਮੇਰੇ ਨਾਲ ਪਿਤਾ ਜੀ ਨੇ ਧੱਕਾ ਕੀਤਾ ਹੈ। ਬਾਦਸ਼ਾਹ ਆਲਮਗੀਰ! ਮੈਂ ਆਪ ਜੀ ਦਾ ਵਫਾਦਾਰ ਹਾਂ ਤੇ ਅੱਗੇ ਤੋਂ ਵੀ ਤੁਸਾਂ ਦਾ ਰਿਣੀ ਰਹਾਂਗਾ। ਗੁਰਤਾ ਦਾ ਹੱਕ ਮੇਰਾ ਹੈ।" ਔਰੰਗਜ਼ੇਬ ਬੜਾ ਚਲਾਕ ਸੀ। ਉਸ ਨੇ ਸੋਚਿਆ ਕਿ ਜੇ ਮੇਰੇ ਵਫ਼ਾਦਾਰ ਨੂੰ ਗੁਰਤਾਗੱਦੀ ਮਿਲ ਜਾਵੇਗੀ, ਤਾਂ ਮੈਂ ਸਾਰੀ ਲੋਕਾਈ ਦਾ ਧਰਮ-ਪਰਿਵਰਤਨ ਬੜੀ ਅਸਾਨੀ ਨਾਲ ਕਰ ਸਕਦਾ ਹਾਂ। ਸ਼ਾਹੀ ਹੁਕਮ ਭੇਜ ਦਿੱਤਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਆਉਣ ਤੇ ਬਾਦਸ਼ਾਹ ਨਾਲ ਵਿਚਾਰ-ਵਟਾਂਦਰਾ ਕਰਨ। ਜਦੋਂ ਰਾਮਰਾਇ ਦੀ ਸ਼ਿਕਾਇਤ ਸੁਣ ਕੇ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਦਰਬਾਰ ਵਿਚ ਹਾਜ਼ਰ ਹੋਣ ਲਈ ਸ਼ਾਹੀ ਕਾਸਦ ਨੂੰ ਚਿੱਠੀ ਦੇ ਕੇ ਕੀਰਤਪੁਰ ਸਾਹਿਬ ਭੇਜਿਆ ਤਾਂ ਆਪ ਜੀ ਨੇ ਗੁਰੂ-ਪਿਤਾ ਦੇ ਅੰਤਮ ਸੰਦੇਸ਼ "ਨਹਿੰ ਮਲੇਛ ਕੋ ਦਰਸ਼ਨ ਦੈਹੈਂ" ਨੂੰ ਸਮਰਪਿਤ ਹੋ ਕੇ ਔਰੰਗਜ਼ੇਬ ਨੂੰ ਦਿੱਲੀ ਜਾ ਕੇ ਮਿਲਣ ਤੋਂ ਸਾਫ਼ ਇਨਕਾਰ ਕਰ ਦਿੱਤਾ। 'ਸੂਰਜ ਪ੍ਰਕਾਸ਼' ਦੇ ਕਰਤਾ ਨੇ ਇਸ ਘਟਨਾ ਨੂੰ ਇਉਂ ਬਿਆਨ ਕੀਤਾ ਹੈ:

ਸੁਨਿ ਕੇ ਸ੍ਰੀ ਹਰਿ ਕ੍ਰਿਸ਼ਨ ਸੁਜਾਨਾ। ਸਭਿਨਿ ਸੁਨਾਵਤਿ ਬਾਕ ਬਖਾਨਾ।
ਨਹਿਂ ਮਲੇਛ ਕੋ ਦਰਸ਼ਨ ਦੇਹੈਂ। ਹੋਇ ਸਮੀਪ ਤਿਸ ਕੋ ਨਹਿਂ ਲੈ ਹੈਂ।
ਇਹੀ ਨੇਮ ਪਿਤ ਕੀਨਿ ਹਮਾਰੇ। ਤਿਸ ਪ੍ਰਕਾਰ ਹਮ ਭੀ ਉਰ ਧਾਰੇਂ।

ਪਰ ਜਦੋਂ ਰਾਜਾ ਜੈ ਸਿੰਘ ਨੇ ਦਿੱਲੀ ਦੀਆਂ ਸੰਗਤਾਂ ਦੀ ਇੱਛਾ ਅਨੁਸਾਰ ਦਿੱਲੀ ਚਰਨ ਪਾਉਣ ਲਈ ਬੇਨਤੀ ਕੀਤੀ ਤਾਂ ਆਪ ਜੀ ਨੇ ਸੰਗਤਾਂ ਦੀ ਅਰਜ਼ੋਈ ਨੂੰ ਪ੍ਰਵਾਨ ਕਰਦਿਆਂ ਦਿੱਲੀ ਵੱਲ ਚਾਲੇ ਪਾ ਦਿੱਤੇ। ਮਾਤਾ ਕ੍ਰਿਸ਼ਨ ਕੌਰ ਜੀ ਤੇ ਹੋਰ ਮੁਖੀ ਸਿੱਖ ਆਪ ਨਾਲ ਚੱਲ ਪਏ।

**ਹੰਕਾਰੀ ਪੰਡਤ ਦਾ ਹੰਕਾਰ ਤੋੜਨਾ:** ਦਿੱਲੀ ਵੱਲ ਜਾਂਦੇ ਰਾਹ ਵਿਚ ਪੰਜੋਖਰੇ ਦੇ ਸਥਾਨ 'ਤੇ ਪੜਾਅ ਦੌਰਾਨ ਹੰਕਾਰੀ ਪੰਡਤ ਲਾਲ ਚੰਦ ਗੁਰੂ-ਪਾਤਸ਼ਾਹ ਕੋਲ ਆਇਆ ਤੇ ਕਹਿਣ ਲੱਗਾ ਕਿ "ਨਾਮ ਤਾਂ ਹਰਿਕ੍ਰਿਸ਼ਨ ਰੱਖਿਆ ਹੈ ਪਰ 'ਗੀਤਾ-ਗਿਆਨ' ਦਾ ਤਾਂ ਤੁਹਾਨੂੰ ਕੋਈ ਅਨੁਭਵ ਨਹੀਂ। ਕ੍ਰਿਸ਼ਨ ਜੀ ਨੇ ਤਾਂ ਗੀਤਾ ਰਚੀ ਸੀ ਤੁਸੀਂ ਗੀਤਾ ਦੇ ਅਰਥ ਕਰ ਕੇ ਦੱਸੋ!" ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਪਿਆਰ ਨਾਲ ਉਸ ਨੂੰ ਆਖਿਆ ਕਿ "ਜੇ ਤੂੰ ਗੀਤਾ ਦਾ ਅਰਥ-ਗਿਆਨ ਜਾਣਨਾ ਚਾਹੁੰਦਾ ਹੈਂ ਤਾਂ ਕਿਸੇ ਸਧਾਰਨ ਵਿਅਕਤੀ ਨੂੰ ਲੈ ਆ, ਉਹ ਵੀ ਇਸ ਦੇ ਅਰਥ ਕਰ ਕੇ ਦੱਸ ਦੇਵੇਗਾ।" ਇਤਿਹਾਸ ਗਵਾਹ ਹੈ ਕਿ ਇਕ ਛੱਜੂ ਨਾਮੀ ਵਿਅਕਤੀ ਨੂੰ ਲਿਆਂਦਾ ਗਿਆ। ਸਰਬਕਲਾ ਸਮਰੱਥ ਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਇਕ ਛੜੀ ਉਸ ਦੇ ਸਿਰ ਉਤੇ ਰੱਖ ਕੇ ਕਿਹਾ, "ਪੰਡਤ ਜੀ ਨੂੰ ਗੀਤਾ ਦੇ ਅਰਥ ਕਰ ਕੇ ਸਮਝਾਓ।" ਉਸ ਨੇ ਸਹਿਜੇ ਹੀ ਬਿਬੇਕ ਬੁੱਧੀ ਸਹਿਤ ਗੀਤਾ ਦੇ ਅਰਥ ਕਰ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਪੰਡਤ ਲਾਲ ਚੰਦ ਚਰਨੀਂ ਢਹਿ ਪਿਆ ਤੇ ਮੁਆਫ਼ੀ ਮੰਗੀ। ਇਉਂ ਅਠਵੇਂ ਗੁਰਦੇਵ ਨੇ ਲਾਲ ਚੰਦ ਪੰਡਤ ਦਾ ਹੰਕਾਰ ਤੋੜਿਆ। ਪੰਜੋਖਰੇ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਦਿੱਲੀ ਵੱਲ ਚੱਲ ਪਏ।

**ਦਿੱਲੀ ਵਿਚ ਸਿੱਖ ਧਰਮ ਦਾ ਪ੍ਰਚਾਰ ਤੇ ਵਿਸਥਾਰ:** ਦਿੱਲੀ ਪਹੁੰਚਣ 'ਤੇ ਰਾਜਾ ਜੈ ਸਿੰਘ ਤੇ ਸਿੱਖ ਸੰਗਤਾਂ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਭਾਰੀ ਸੁਆਗਤ ਕੀਤਾ। ਰਾਜਾ ਗੁਰੂ-ਘਰ ਦਾ ਪੱਕਾ ਸ਼ਰਧਾਲੂ ਸੀ। ਉਸ ਨੇ ਆਪ ਜੀ ਦਾ ਨਿਵਾਸ ਆਪਣੇ ਬੰਗਲੇ ਵਿਚ ਕਰਵਾਇਆ। ਉਹ ਨਿੱਜੀ ਤੌਰ 'ਤੇ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਰਿਹਾ। ਇਕ ਦਿਨ ਉਸ ਦੀ ਰਾਣੀ ਨੇ ਸਤਿਗੁਰਾਂ ਦੇ ਦੀਦਾਰ ਦੀ ਤਾਂਘ ਪ੍ਰਗਟ ਕੀਤੀ ਤਾਂ ਰਾਜੇ ਨੇ ਗੁਰੂ ਜੀ ਨੂੰ ਮਹਿਲ ਵਿਚ ਬੁਲਾ ਲਿਆ। ਰਾਣੀ ਨੇ ਗੁਰੂ ਜੀ ਦੀ ਦਿੱਬ-ਦ੍ਰਿਸ਼ਟੀ ਨੂੰ ਪਰਖਣ ਲਈ ਆਪ ਗੋਲ੍ਹੀਆਂ ਵਾਲੇ ਕੱਪੜੇ ਪਾ ਲਏ ਤੇ ਉਨ੍ਹਾਂ ਵਿਚ ਹੀ ਬੈਠ ਗਈ। ਗੁਰੂ ਜੀ ਨੇ ਆਪਣੀ ਛੜੀ ਰਾਣੀ ਦੇ ਸਿਰ 'ਤੇ ਰੱਖ ਕੇ ਚਿਹਰੇ ਵੱਲ ਗਹੁ ਨਾਲ ਵੇਖਿਆ ਤੇ ਕਿਹਾ, "ਇਹ ਹੈ ਪਟਰਾਣੀ।" ਗੁਰੂ ਜੀ ਨੇ ਰਾਣੀ ਤੇ ਰਾਜੇ ਦੇ ਮਨੋਰਥ ਪੂਰੇ ਕੀਤੇ। ਰਾਜਾ ਗੁਰੂ ਸਾਹਿਬ ਦੀ ਆਤਮਿਕ ਉਚਤਾ ਤੋਂ ਬਹੁਤ ਪ੍ਰਭਾਵਿਤ ਹੋਇਆ।

ਰਾਜਾ ਜੈ ਸਿੰਘ ਦੇ ਬੰਗਲੇ 'ਤੇ ਰੋਜ਼ਾਨਾ ਹਰਿ-ਜਸ ਤੇ ਕੀਰਤਨ ਹੋਣ ਲੱਗਾ। ਦਿੱਲੀ ਦੀਆਂ ਸੰਗਤਾਂ ਹੁੰਮ-ਹੁਮਾ ਕੇ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਆਣ ਜੁੜਦੀਆਂ ਤੇ ਸਤਿਸੰਗ ਦਾ ਲਾਭ ਉਠਾ ਕੇ ਨਿਹਾਲ ਹੁੰਦੀਆਂ। ਗੁਰੂ ਜੀ ਨਾਮ ਬਾਣੀ ਦੇ ਉਪਦੇਸ਼ ਦੁਆਰਾ ਸੰਸਾਰੀ ਜੀਵਾਂ ਦੇ ਤਨ-ਮਨ ਦੇ ਅਸਾਧ ਰੋਗ ਦੂਰ ਕਰਦੇ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੀਵਨ ਤੇ ਉਪਦੇਸ਼ਾਂ ਨੂੰ ਵੇਖਦੇ ਹਾਂ ਤਾਂ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਜੀ ਦਾ ਜੀਵਨ, ਚਿੰਤਨ, ਉਪਦੇਸ਼ ਤੇ ਸੰਦੇਸ਼ ਸ਼ੁੱਧ ਰੂਪ ਵਿਚ ਗੁਰਬਾਣੀ-ਸੱਚ ਤੇ ਗੁਰਮਤਿ ਰੰਗ ਵਾਲਾ ਹੈ। ਗੁਰੂ

ਜੀ ਨੇ ਵਰਣ-ਵੰਡ ਦੇ ਸਿਧਾਂਤ ਦਾ ਸਖਤੀ ਨਾਲ ਵਿਰੋਧ ਕੀਤਾ, ਚੰਗੇ ਕਰਮ ਕਰਨ ਦੀ ਪ੍ਰੇਰਨਾ ਦਿੱਤੀ, ਇਸਤਰੀ ਨੂੰ ਸਮਾਜ ਵਿਚ ਸਤਿਕਾਰ ਦਿੱਤਾ, ਕੁੜੀ ਮਾਰਨ ਵਾਲਿਆਂ ਦਾ ਗੁਰੂ-ਦਰਬਾਰ ਵਿਚ ਆਉਣਾ ਮਨ੍ਹਾ ਕਰ ਦਿੱਤਾ, ਨਸ਼ਿਆਂ ਦੀ ਵਰਤੋਂ ਨਾ ਕਰਨ 'ਤੇ ਜ਼ੋਰ ਦਿੱਤਾ ਆਦਿ।

ਆਪ ਜੀ ਨੇ ਉਨ੍ਹਾਂ ਸਾਰੇ ਉਦੇਸ਼ਾਂ ਤੇ ਆਦਰਸ਼ਾਂ ਉਤੇ ਨਿਡਰਤਾ ਨਾਲ ਪਹਿਰਾ ਦਿੱਤਾ ਜਿਹੜੇ ਗੁਰੂ-ਸੰਸਥਾ ਅਤੇ ਸਿੱਖ ਲਹਿਰ ਵੱਲੋਂ ਮਿਥੇ ਗਏ ਸਨ। ਚੂੰਕਿ ਜੋਤ ਤੇ ਜੁਗਤਿ ਇੱਕੋ ਸੀ, ਬਾਣੀ ਤੇ ਬੋਲ ਇੱਕੋ ਸੀ, ਦ੍ਰਿਸ਼ਟ ਤੇ ਚਿੰਤਨ ਇੱਕੋ ਸੀ, ਆਦੇਸ਼ ਤੇ ਉਪਦੇਸ਼ ਇੱਕੋ ਜਿਹਾ ਸੀ, ਇਸ ਲਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਸਮਕਾਲੀ ਸਮਾਜਿਕ ਸਥਿਤੀ ਨੂੰ ਸੋਧਣ ਵਾਸਤੇ ਜਿਹੜੇ ਉਪਦੇਸ਼ ਦਿੱਤੇ, ਉਹ ਇੰਨੇ ਸੁਧਾਰ ਵਾਲੇ, ਸਾਰਥਕ ਤੇ ਸਿਰਜਣਾਤਮਕ ਸਨ ਕਿ ਸਮਕਾਲੀ ਸਮਾਜ ਨੂੰ ਪਵਿੱਤਰ ਤੇ ਆਦਰਸ਼ ਸਿਰਜਣ ਵਿਚ ਵੀ ਉਹ ਬੜੇ ਸਹਾਇਕ ਹੋਏ। ਨਿਰਸੰਦੇਹ, ਸਿੱਖ ਧਰਮ ਦੇ ਪ੍ਰਚਾਰ ਤੇ ਵਿਸਥਾਰ ਵਾਸਤੇ ਆਪ ਜੀ ਨੇ ਅਹਿਮ ਰੋਲ ਅਦਾ ਕੀਤਾ।

**ਜੋਤੀ-ਜੋਤਿ ਸਮਾਉਣਾ**: ਇਨ੍ਹੀਂ ਦਿਨੀਂ ਦਿੱਲੀ ਵਿਚ ਚੇਚਕ ਤੇ ਹੈਜ਼ੇ ਦੀ ਭਿਆਨਕ ਬਿਮਾਰੀ ਫੈਲੀ ਹੋਈ ਸੀ। ਆਪ ਪਾਸ ਰੋਗੀ ਆਉਂਦੇ। ਗੁਰੂ ਜੀ ਆਪ ਵੀ ਲੋਕਾਂ ਦੀਆਂ ਪੀੜਾਂ ਹਰਨ ਲਈ ਘਰਾਂ ਵਿਚ ਜਾਂਦੇ ਤੇ ਆਪਣੇ ਹੱਥੀਂ ਸੇਵਾ ਕਰ ਕੇ ਦੁਖੀਆਂ ਦੇ ਦੁੱਖ ਦੂਰ ਕਰਦੇ ਸਨ। ਦਿਨ-ਰਾਤ ਚੇਚਕ ਨਾਲ ਪੀੜਤ ਰੋਗੀਆਂ ਵਿਚ ਵਿਚਰਨ ਕਾਰਨ ਗੁਰੂ ਜੀ 'ਤੇ ਵੀ ਇਸ ਬਿਮਾਰੀ ਦਾ ਹਮਲਾ ਹੋ ਗਿਆ। ਰੋਗ ਵਧ ਜਾਣ ਕਾਰਨ ਸਿੱਖ ਸੰਗਤਾਂ ਵਿਚ ਘਬਰਾਹਟ ਪੈਦਾ ਹੋ ਗਈ। ਆਪ ਜੀ ਨੇ ਸ਼ਹਿਰ ਤੋਂ ਬਾਹਰਵਾਰ ਖੁੱਲ੍ਹੀ ਥਾਂ 'ਤੇ ਜਾਣ ਦੀ ਇੱਛਾ ਪ੍ਰਗਟ ਕੀਤੀ। ਆਪ ਜੀ ਜਮਨਾ ਦਰਿਆ ਦੇ ਕੰਢੇ 'ਤੇ ਰਮਣੀਕ ਸਥਾਨ 'ਤੇ ਚਲੇ ਗਏ ਤੇ ਕਾਦਰ ਦੀ ਕੁਦਰਤ ਵਿਚ ਅੰਤਲਾ ਸਮਾਂ ਬਿਤਾਇਆ। ਇਕ ਦਿਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਮਾਤਾ ਜੀ ਤੇ ਸਿੱਖ ਸੰਗਤਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਜੋਤੀ-ਜੋਤ ਸਮਾਉਣ ਦਾ ਸਮਾਂ ਨੇੜੇ ਆ ਗਿਆ ਹੈ। ਫਿਰ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਪਿੱਛੋਂ ਕਿਸੇ ਨੇ ਰੋਣਾ ਨਹੀਂ, ਸਗੋਂ ਭਾਣੇ ਵਿਚ ਰਹਿ ਕੇ ਪਰਮਾਤਮਾ ਦਾ ਸਿਮਰਨ ਤੇ ਕੀਰਤਨ ਕਰਨਾ। ਅੰਤ, ਸਿੱਖ ਸੰਗਤਾਂ ਨੂੰ 'ਬਾਬਾ...ਬਕਾਲੇ' ਦਾ ਸੰਕੇਤ ਦੇ ਕੇ ਆਪ "ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥" ਗੁਰਵਾਕ ਅਨੁਸਾਰ ਆਪ ਜੀ 30 ਮਾਰਚ, 1664 ਈ: ਨੂੰ ਜੋਤੀ-ਜੋਤ ਸਮਾ ਗਏ।

## ਸਹਾਇਕ ਪੁਸਤਕਾਂ


1. *ਸੱਚਖੰਡ ਪੱਤਰ*, ਅਗਸਤ 1983, ਸਫਾ 19—20.
2. *ਸਿੱਖ ਇਤਿਹਾਸ*, ਭਾਗ ਪਹਿਲਾ, ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।
3. *ਸੱਚਖੰਡ ਪੱਤਰ*, ਜੁਲਾਈ, 1986, ਸਫਾ 16.
4. *ਸੱਚਖੰਡ ਪੱਤਰ*, ਅਕਤੂਬਰ/ਨਵੰਬਰ, 1997, ਸਫਾ 26-27.
5. *ਗੁਰਮਤਿ ਪ੍ਰਕਾਸ਼*, ਸਤੰਬਰ 1970, ਸਫਾ 50-51.
6. *ਗੁਰਮਤਿ ਪ੍ਰਕਾਸ਼*, ਜੁਲਾਈ 2008, ਸਫਾ 14.
7. *ਸੱਚਖੰਡ ਪੱਤਰ*, ਜੂਨ 2004 ਸਫਾ 9.


(7/2013)

# ...ਜਿਸ ਡਿਠੇ ਸਭਿ ਦੁਖਿ ਜਾਇ

ਜੁਗੋ ਜੁਗ ਅਟੱਲ, ਚੌਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਬਾਰ ਵਿਚ ਦੋਵੇਂ ਹੱਥ ਜੋੜ ਕੇ ਗਲ ਵਿਚ ਪੱਲਾ ਪਾ ਕੇ ਜਦੋਂ ਸਿੱਖ ਅਰਦਾਸ ਕਰਦੇ ਹਨ ਤਾਂ ਉਹ ਦਸ ਗੁਰੂ ਸਾਹਿਬਾਨ (ਦਸਾਂ ਪਾਤਿਸ਼ਾਹੀਆਂ) ਦਾ ਧਿਆਨ ਕਰਕੇ ਨਾਮ-ਦਾਨ ਦੀ ਬਖ਼ਸ਼ਿਸ਼ ਅਤੇ ਆਪਣੀਆਂ ਮਨੋ-ਕਾਮਨਾਵਾਂ ਪੂਰੀਆਂ ਕਰਨ ਦੀ ਯਾਚਨਾ ਕਰਦੇ ਹਨ। ਅਰਦਾਸ ਦੀ ਪਹਿਲੀ ਪਉੜੀ ਪੰਥ ਦੇ ਵਾਲੀ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤਰ ਮੁਖਾਰਬਿੰਦ ਤੋਂ ਉਚਾਰਨ ਹੋਈ ਹੈ। ਇਸ ਵਿਚ ਸਤਿਗੁਰੂ ਜੀ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਨਾਮ ਨਾਲ ਖ਼ਾਸ ਤੇ ਢੁਕਵੇਂ ਵਿਸ਼ੇਸ਼ਣ ਲਗਾਏ ਹਨ:

**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥**
**ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥**

'ਅਰਦਾਸ' ਦੀ ਪਉੜੀ ਦੇ ਵਿਚਾਰ ਕਰਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਵਿਸ਼ੇਸ਼ਣਾਂ ਦੀ ਪੁਸ਼ਟੀ ਲਈ ਇਤਿਹਾਸਕ ਤੱਥ ਮੌਜੂਦ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਿਮਰਨ ਕਰਨ ਨਾਲ ਨਿਸ਼ਚੇ ਤੇ ਭਰੋਸੇ ਵਾਲੇ ਗੁਰਸਿੱਖਾਂ ਦਾ ਵਿਸ਼ਵਾਸ ਹੈ ਕਿ ਨਉ ਨਿਧਾਂ ਅਤੇ ਅਠਾਰਾਂ ਸਿੱਧਾਂ ਪ੍ਰਾਪਤ ਹੋ ਜਾਂਦੀਆਂ ਹਨ। ਉਹ ਕਿਵੇਂ ਪ੍ਰਾਪਤ ਹੁੰਦੀਆਂ ਹਨ ਤੇ ਕਿਨ੍ਹਾਂ-ਕਿਨ੍ਹਾਂ ਨੂੰ ਪ੍ਰਾਪਤ ਹੋਈਆਂ, ਇਨ੍ਹਾਂ ਦੋਹਾਂ ਪ੍ਰਸ਼ਨਾਂ ਦਾ ਉੱਤਰ ਦੇਣ ਲੱਗੀਏ ਤਾਂ ਇਕ ਪੂਰੀ ਪੁਸਤਕ ਲਿਖੀ ਜਾ ਸਕਦੀ ਹੈ ਪ੍ਰੰਤੂ ਇਸ ਲੇਖ ਵਿਚ ਅਸੀਂ ਕੇਵਲ "ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥" ਬਾਰੇ ਹੀ ਸੰਖੇਪ ਤੌਰ 'ਤੇ ਕੁਝ ਜਾਣਕਾਰੀ ਦੇਣ ਦਾ ਯਤਨ ਕਰਨਾ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਪੰਜ ਸਾਲ ਦੀ ਅਵਸਥਾ ਵਿਚ ਗੁਰਗੱਦੀ 'ਤੇ ਬਿਰਾਜਮਾਨ ਹੋਏ ਅਤੇ ਕੇਵਲ ਅੱਠ ਸਾਲ ਦੀ ਉਮਰ ਭੋਗ ਕੇ ਗੁਰੂ-ਜੋਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹਿਰਦੇ ਵਿਚ ਰੱਖ ਕੇ ਪੰਜ ਭੂਤਕ ਸਰੀਰ ਦੇ ਤੌਰ 'ਤੇ ਇਸ ਅਸਾਰ ਸੰਸਾਰ ਵਿਚੋਂ ਸੱਚਖੰਡ ਪਿਆਨਾ ਕਰ ਗਏ।

ਗੁਰ-ਇਤਿਹਾਸ ਦੇ ਖੋਜੀਆਂ ਦਾ ਕਥਨ ਹੈ ਕਿ ਜਦੋਂ ਆਪ ਸੰਗਤਾਂ ਨੂੰ ਦਰਸ਼ਨ ਦੇਣ ਬਾਹਰ ਆਉਂਦੇ ਸਨ ਤਾਂ ਰਸਤੇ ਦੇ ਦੋਹੀਂ ਪਾਸੀਂ ਹਜ਼ਾਰਾਂ ਰੋਗੀ ਆਪ ਜੀ ਦੇ ਦਰਸ਼ਨ ਕਰਨ ਲਈ ਖੜ੍ਹੇ ਹੁੰਦੇ ਸਨ। ਜਿਸ ਨੂੰ ਪਵਿੱਤਰ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਸੀ ਉਸ ਦੇ ਤਨ ਤੇ ਮਨ ਦੇ ਸਾਰੇ ਰੋਗ ਕੱਟੇ ਜਾਂਦੇ ਸਨ। ਉਸ ਵੇਲੇ ਸਾਰੇ ਹਿੰਦੁਸਤਾਨ ਵਿਚ ਇਹ ਗੱਲ ਪ੍ਰਸਿੱਧ ਹੋ ਚੁੱਕੀ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਜੋ ਅੱਠਵਾਂ ਪਾਤਸ਼ਾਹ

ਬਿਰਾਜਮਾਨ ਹਨ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਸਾਰੇ ਦੁੱਖ ਨਵਿਰਤ ਹੋ ਜਾਂਦੇ ਹਨ। ਇਸ ਹਕੀਕਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਰਦਾਸ ਵਾਲੀ ਪਉੜੀ ਉਚਾਰਨ ਕਰਨ ਸਮੇਂ ਪ੍ਰਗਟ ਕੀਤਾ।

ਇਸ ਦੇ ਪ੍ਰਤੱਖ ਪ੍ਰਮਾਣ ਵਜੋਂ ਇਤਿਹਾਸਕਾਰਾਂ ਨੇ ਦੱਸਿਆ ਹੈ ਕਿ ਜਦ ਆਪ ਦਿੱਲੀ ਵਿਚ (ਗੁਰਦੁਆਰਾ ਬੰਗਲਾ ਸਾਹਿਬ ਵਾਲੇ ਸਥਾਨ 'ਤੇ) ਬਿਰਾਜਮਾਨ ਸਨ ਤਾਂ ਦਿੱਲੀ ਹੈਜ਼ਾ ਫੈਲ ਗਿਆ। ਲੋਕ ਭਾਰੀ ਗਿਣਤੀ ਵਿਚ ਮਰਨ ਲੱਗੇ। ਸਾਰਾ ਸ਼ਹਿਰ ਇਕ ਪ੍ਰਕਾਰ ਦੇ ਸ਼ੋਕ ਸਾਗਰ ਵਿਚ ਡੁੱਬ ਰਿਹਾ ਸੀ। ਸ਼ਹਿਰ ਦੇ ਪਤਵੰਤੇ ਸੱਜਣਾਂ ਦਾ ਇਕ ਪ੍ਰਤੀਨਿਧ ਮੰਡਲ ਗੁਰੂ ਜੀ ਪਾਸ ਆਇਆ ਤੇ ਬੇਨਤੀ ਕੀਤੀ ਕਿ ਮਹਾਰਾਜ! ਗੁਰੂ ਨਾਨਕ ਦੇ ਘਰ ਵਿਚ ਤਾਂ ਰੱਬੀ ਬਖ਼ਸ਼ਿਸ਼ਾਂ ਦੇ ਅਤੁੱਟ ਭੰਡਾਰ ਹਨ। ਸ਼ਹਿਰ ਵਾਸੀਆਂ 'ਤੇ ਕਿਰਪਾ ਕਰੋ! ਇਸ ਰੋਗ ਤੋਂ ਛੁਟਕਾਰਾ ਪਾਉਣ ਦਾ ਕੋਈ ਉਪਾਅ ਦੱਸੋ? ਗੁਰੂ ਜੀ ਨੇ ਬਾਣੀ ਦਾ ਪਾਠ ਕਰਕੇ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਸ਼ਹਿਰ ਵਾਸੀਆਂ 'ਤੇ ਮਿਹਰ ਕਰੋ! ਇਸ ਬੀਮਾਰੀ ਤੋਂ ਮੁਕਤ ਕਰੋ! ਇਤਿਹਾਸ ਵਿਚ ਲਿਖਿਆ ਹੈ ਕਿ ਜਿਥੇ ਇਸ ਵੇਲੇ ਇਸ ਘਟਨਾ ਦੀ ਯਾਦ ਵਿਚ ਗੁਰਦੁਆਰਾ ਚੁਬੱਚਾ ਸਾਹਿਬ ਮੌਜੂਦ ਹੈ ਉਥੇਂ ਜੋ ਚੁਬੱਚਾ ਸੀ ਉਸ ਦੇ ਜਲ ਨਾਲ ਅਨੇਕਾਂ ਰੋਗੀਆਂ ਦਾ ਰੋਗ ਨਵਿਰਤ ਹੋ ਗਿਆ ਤੇ ਸ਼ਹਿਰ ਵਿਚੋਂ ਹੈਜ਼ੇ ਦੀ ਬੀਮਾਰੀ ਵੀ ਖ਼ਤਮ ਹੋ ਗਈ।

**ਮੂਰਖ ਪੰਡਤ**: ਗੁਰਬਾਣੀ ਵਿਚ ਫ਼ਰਮਾਨ ਆਇਆ ਹੈ:

**ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥**

'ਆਸਾ ਜੀ ਦੀ ਵਾਰ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ:

**ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥**

*(ਪੰਨਾ ੪੬੯)*

ਇਨ੍ਹਾਂ ਮਹਾਂਵਾਕਾਂ ਦੀ ਹਕੀਕਤ ਨੂੰ ਪ੍ਰਗਟਾਉਣ ਵਾਲੀ ਇਕ ਸਾਖੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਦੇ ਜੀਵਨ ਨਾਲ ਸੰਬੰਧਿਤ ਹੈ। ਆਪ ਕੀਰਤਪੁਰ ਸਾਹਿਬ ਤੋਂ ਦਿੱਲੀ ਨੂੰ ਜਾਂਦੇ ਹੋਏ ਪੰਜੋਖਰਾ ਸਾਹਿਬ ਵਾਲੇ ਅਸਥਾਨ 'ਤੇ ਠਹਿਰੇ ਹੋਏ ਸਨ। ਉਥੇ ਇਕ ਪੰਡਿਤ ਆਇਆ ਜਿਸ ਨੇ ਬਹਿਸ ਕਰਕੇ ਕਈ ਸਭਾਵਾਂ ਵਿਚ ਜਿੱਤਾਂ ਪ੍ਰਾਪਤ ਕਰਕੇ ਬਹੁਤ ਸਾਰੀਆਂ ਪੁਸਤਕਾਂ ਦੇ ਭਾਰ ਲੱਦੇ ਹੋਏ ਸਨ। ਉਹਦੀ ਇਹ ਸ਼ਰਤ ਹੁੰਦੀ ਸੀ ਕਿ ਜੋ ਮੇਰੇ ਪਾਸੋਂ ਹਾਰ ਜਾਏਗਾ ਮੈਂ ਉਸ ਦੀਆਂ ਸਾਰੀ ਪੁਸਤਕਾਂ ਖੋਹ ਲਵਾਂਗਾ। ਇਹ ਪੰਡਤ ਵਿਦਿਆ-ਹੰਕਾਰ ਵਿਚ ਮਸਤ ਸੀ। ਇਸ ਨੇ ਸਿੱਖਾਂ ਤੋਂ ਪੁੱਛਿਆ, "ਇਹ ਤੰਬੂ ਕਿਸ ਦੇ ਲੱਗੇ ਹੋਏ ਨੇ?" ਸਿੱਖਾਂ ਨੇ ਕਿਹਾ, "ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ।" ਉਸ ਨੇ ਕਿਹਾ, "ਤੁਹਾਡੇ ਗੁਰੂ ਦੀ ਉਮਰ ਕਿੰਨੀ ਹੈ।" ਸਿੱਖਾਂ ਨੇ ਕਿਹਾ, "7-8 ਸਾਲ।" ਪੰਡਤ ਹੱਸ ਪਿਆ ਤੇ ਕਹਿਣ ਲੱਗਾ, "ਨਾਮ ਤਾਂ ਤੁਹਾਡੇ ਗੁਰੂ ਨੇ ਭਗਵਾਨ ਕ੍ਰਿਸ਼ਨ ਨਾਲੋਂ ਵੀ ਵੱਡਾ ਰਖਾਇਆ ਹੋਇਆ ਹੈ। ਕੀ ਤੁਹਾਡਾ ਗੁਰੂ ਗੀਤਾ ਦੇ ਅਰਥ ਕਰ ਸਕਦਾ ਹੈ?" ਸਿੱਖਾਂ ਨੇ ਇਹ ਵਾਰਤਾ ਗੁਰੂ ਜੀ ਨੂੰ ਦੱਸੀ। ਪੰਡਤ ਵੀ ਹੰਕਾਰ ਵਿਚ ਮੱਤਾ ਹੋਇਆ ਇਸ ਖ਼ਿਆਲ ਨਾਲ ਗੁਰੂ-ਦਰਬਾਰ ਵਿਚ ਆ ਗਿਆ ਕਿ ਚਰਚਾ-ਵਾਰਤਾ ਵਿਚ ਸਿੱਖਾਂ ਦੇ ਗੁਰੂ ਨੂੰ ਹਰਾ ਕੇ ਆਪਣੀ ਪੰਡਤਾਈ ਦੀ ਧਾਂਕ ਹੋਰ ਜਮਾ ਲਵਾਂਗਾ। ਗੁਰੂ

ਜੀ ਨੇ ਉਸ ਪੰਡਤ ਨੂੰ ਕਿਹਾ, "ਪੰਡਤ ਜੀ! ਸਾਡੇ ਉੱਤੇ ਤਾਂ ਗੁਰੂ ਨਾਨਕ ਸਾਹਿਬ ਦੀ ਮਿਹਰ ਹੈ। ਸਾਡੇ ਗੁਰਦੇਵ ਪਿਤਾ ਨੇ ਸਾਨੂੰ ਕਈ ਧਾਰਮਿਕ ਗ੍ਰੰਥ ਪੜ੍ਹਾਏ ਹਨ। ਜੇ ਅਸੀਂ ਗੀਤਾ ਦੇ ਅਰਥ ਸੁਣਾ ਦਿੱਤੇ ਤਾਂ ਤੁਸੀਂ ਹੋਰ ਕਈ ਹੁਜਤਾਂ ਕਰਨੀਆਂ ਹਨ। ਤੁਸੀਂ ਕੋਈ ਐਸਾ ਵਿਅਕਤੀ ਲਿਆਓ ਜੋ ਨਿਰੋਲ ਅਨਪੜ੍ਹ ਹੋਵੇ, ਅਸੀਂ ਉਸ ਤੋਂ ਵੀ ਗੀਤਾ ਦੇ ਅਰਥ ਕਰਵਾ ਦੇਵਾਂਗੇ।"

ਪੰਡਤ ਪਿੰਡ ਵਿਚ ਗਿਆ ਤੇ ਇਕ ਗੂੰਗੇ ਤੇ ਬਹਿਰੇ ਝੀਵਰ ਨੂੰ ਲੈ ਆਇਆ। ਗੁਰੂ ਜੀ ਨੇ ਉਸ ਦੇ ਸਿਰ 'ਤੇ ਛੜੀ ਰੱਖੀ ਤਾਂ ਉਸ ਦੇ ਕਪਾਟ ਖੁੱਲ੍ਹ ਗਏ। ਪੰਡਤ ਨੇ ਗੀਤਾ ਦੇ ਜੋ ਸ਼ਲੋਕ ਉਚਾਰਨ ਕੀਤੇ ਝੀਵਰ ਨੇ ਉਸ ਦੇ ਅਰਥ ਕੀਤੇ ਤੇ ਐਸੀ ਸੁੰਦਰ ਵਿਆਖਿਆ ਕੀਤੀ ਕਿ ਪੰਡਤ ਹੈਰਾਨ ਰਹਿ ਗਿਆ ਤੇ ਵਿਦਿਆ ਦਾ ਹੰਕਾਰ ਤਿਆਗ ਕੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ। ਗੁਰੂ ਜੀ ਨੇ ਕਿਹਾ, "ਪੰਡਤ ਜੀ! ਕਿਤਾਬੀ ਗਿਆਨ ਨਾਲੋਂ ਰੱਬੀ ਗਿਆਨ ਮਹਾਨ ਹੈ। ਜਿਸ ਨੂੰ ਅਨੁਭਵੀ ਗਿਆਨ ਹੋ ਜਾਂਦਾ ਹੈ ਉਸ ਨੂੰ ਕਿਤਾਬੀ ਗਿਆਨ ਦੀ ਲੋੜ ਨਹੀਂ ਰਹਿੰਦੀ।" ਗੁਰਬਾਣੀ ਦਾ ਫ਼ਰਮਾਨ ਹੈ:

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥**
**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥**
**ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥**
**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥**
**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥** *(ਪੰਨਾ ੪੬੭)*

ਇਸ ਦਾ ਇਹ ਭਾਵ ਨਹੀਂ ਕਿ ਪੜ੍ਹਨਾ ਕੋਈ ਮਾੜੀ ਗੱਲ ਹੈ। ਵਿਦਿਆ ਪੜ੍ਹਨੀ ਸੰਸਾਰਕ ਜੀਵਨ ਦੀ ਸਫਲਤਾ ਲਈ ਬਹੁਤ ਜ਼ਰੂਰੀ ਹੈ। ਗੁਰੂ ਜੀ ਨੇ ਫੁਰਮਾਇਆ ਹੈ:

**ਵਿਦਿਆ ਵੀਚਾਰੀ ਤਾਂ ਪਰਉਪਕਾਰੀ॥** *(ਪੰਨਾ੩੫੬)*

ਪ੍ਰੰਤੂ ਨਿਰੇ ਕਿਤਾਬੀ ਗਿਆਨੀ ਨੂੰ ਹੀ ਸਭ ਕੁਝ ਸਮਝ ਲੈਣਾ ਬਹੁਤ ਵੱਡੀ ਗ਼ਲਤੀ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਨੇ ਵਿਦਿਆ ਦੇ ਹੰਕਾਰੀ ਪੰਡਤ ਨੂੰ ਇਸ ਹਕੀਕਤ ਦਾ ਗਿਆਨ ਕਰਾਇਆ।

(8/1979)

## ...ਜਿਸ ਡਿਠੇ ਸਭਿ ਦੁਖਿ ਜਾਇ

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੀ ਜੋਤ ਬਾਕੀ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਇਕੋ ਮਾਲਾ ਦੇ ਮਣਕੇ ਹੁੰਦੇ ਹੋਏ ਵੀ ਆਪਣੀ-ਆਪਣੀ ਥਾਂ ਇਤਨੇ ਵਿਚਿਤਰ ਤੇ ਭਾਵ-ਪੂਰਤ ਹਨ ਕਿ ਇਨਸਾਨੀ ਅਕਲ ਦੰਗ ਰਹਿ ਜਾਂਦੀ ਹੈ। ਉਹਨਾਂ ਨੂੰ ਵੇਖਦਾ ਅਤੇ ਵਿਚਾਰਦਾ ਇਕ ਸਰਲ ਤੇ ਸ਼ਰਧਾਲੂ ਮਨ ਅਵੱਸ਼ ਵਿਸਮਾਦਤ ਹੋ ਅਗੰਮੀ ਤੇ ਅਰਸ਼ੀ ਮੰਡਲਾਂ ਵਿਚ ਗਵਾਚ ਜਾਂਦਾ ਹੈ।

239 ਸਾਲ ਨੌਂ ਕੁ ਮਹੀਨੇ ਦੇ ਗੁਰੂ ਕਾਲ ਵਿਚ ਹਰੇਕ ਗੁਰੂ ਸਾਹਿਬ ਨੇ ਆਦਿ ਵਿਚ ਹੀ ਮਿੱਥੀ ਗਈ ਵਿਉਂਤ ਤੇ ਜੁਗਤੀ ਅਨੁਸਾਰ ਜ਼ਿੰਦਗੀ ਦੇ ਕਿਸੇ ਨਾ ਕਿਸੇ ਵਿਸ਼ੇਸ਼ ਪਹਿਲੂਆਂ (ਪੱਖਾਂ) ਨੂੰ ਉਜਾਗਰ ਕੀਤਾ ਅਤੇ ਪਾਂਧੀ (ਜਗਿਆਸੂ) ਲਈ ਜੀਵਨ-ਪੰਧ ਦੀਆਂ ਘੁੰਡੀਆਂ ਖੋਲ੍ਹੀਆਂ। ਇਹ ਸਿਲਸਿਲਾ ਉਦੋਂ ਤਕ ਜਾਰੀ ਰਿਹਾ ਜਦ ਤੀਕ 230 ਸਾਲ ਉਪਰੰਤ 1699 ਈ. ਦੀ ਇਤਿਹਾਸਕ ਵੈਸਾਖੀ ਵਾਲੇ ਦਿਨ, ਇਕ ਪੂਰਨ ਮਨੁੱਖ—ਖ਼ਾਲਸੇ ਦੀ ਘਾੜਤ ਘੜ ਕੇ ਉਸ ਨੂੰ ਹੋਰ ਨੌਂ, ਦਸ ਸਾਲ ਆਪਣੀ ਦੇਖ ਰੇਖ ਵਿਚ ਪ੍ਰਪੱਕ ਨਾ ਕੀਤਾ ਗਿਆ। ਮਨੁੱਖ-ਬੁੱਧੀ ਨੂੰ ਚਕ੍ਰਿਤ ਕਰਨ ਵਾਲੀ ਹਕੀਕਤ ਇਹ ਹੈ ਕਿ ਗੁਰੂਆਂ ਦੇ ਕੇਵਲ ਸਰੀਰ ਬਦਲੇ, ਪ੍ਰੰਤੂ ਜੋਤ[1] ਤੇ ਜੁਗਤੀ ਇਕ ਸਮਾਨ ਇਕੋ ਹੀ ਵਰਤੀ। ਜੋਤ ਤੇ ਜੁਗਤ ਦੇ ਅੱਗੇ ਤੁਰਨ ਵਿਚ ਨਾ ਸਰੀਰਾਂ ਦੀ ਤਬਦੀਲੀ ਹੀ ਬਾਧਕ ਹੋਈ ਅਤੇ ਨਾ ਹੀ ਆਯੂ ਦਾ ਵੱਡਾ ਜਾਂ ਛੋਟਾ ਹੋਣਾ। ਸ਼ੇਖ ਸਾਅਦੀ ਵੱਲੋਂ ਦਰਸਾਈ ਗਈ ਇਸ ਸੱਚਾਈ ਦਾ ਸਭ ਤੋਂ ਵੱਡਾ ਪ੍ਰਮਾਣ ਏਸੇ ਹੀ ਗੁਰੂ ਚਰਿੱਤਰ ਤੋਂ ਮਿਲਦਾ ਹੈ—"ਬਜ਼ੁਰਗੀ ਬ-ਅਕਲ, ਨ ਬਸਾਲ।" ਭਾਵ— ਵਡਿਆਈ, ਨਿਰਮਲ ਬੁਧ ਤੇ ਗੁਣਾਂ ਉੱਤੇ ਨਿਰਭਰ ਹੈ ਨਾ ਕਿ ਕੇਵਲ ਵੱਡੀ ਉਮਰ ਉੱਤੇ।

ਇਹੀ ਕਾਰਨ ਹੈ ਕਿ ਜੇ 94 ਸਾਲ ਦੀ ਬਿਰਧ ਆਯੂ ਵਿਚ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਨਿਰਮਲ ਪੰਥ ਨੂੰ ਉਜਲਾ ਕੇ ਪ੍ਰਪੱਕ ਕਰਦੇ ਦਿੱਸਦੇ ਹਨ ਤਾਂ ਉਵੇਂ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਵੀ ਉਸੇ ਗਾਡੀ ਰਾਹ ਉੱਤੇ ਨਵੇਂ ਮੀਲ ਪੱਥਰ ਗੱਡਦੇ ਵਿਖਾਈ ਦਿੰਦੇ ਹਨ।

ਆਓ, ਦੁਨੀਆਂ ਵਿਚ ਵਰਤੇ ਇਸ ਅਜੂਬੇ ਨੂੰ ਸਮਝਣ ਤੇ ਕਿਸੇ ਅਗੰਮੀ ਸਰੂਰ ਵਿਚ ਅਨੰਦਤ ਹੋਣ ਲਈ ਬਾਲਾ ਪ੍ਰੀਤਮ ਜੀ ਦੇ ਜੀਵਨ ਚਰਿੱਤਰਾਂ ਉੱਤੇ ਇਕ ਸੰਖੇਪ ਜਿਹੀ ਝਾਤ ਮਾਰੀਏ :-

ਆਪ ਜੀ ਦਾ ਪ੍ਰਕਾਸ਼ 7 ਜੁਲਾਈ 1656 ਨੂੰ 'ਸ਼ੀਸ਼ ਮਹਿਲ' ਕੀਰਤਪੁਰ ਸਾਹਿਬ (ਰੂਪਨਗਰ) ਵਿਖੇ ਸ੍ਰੀ ਗੁਰੂ ਹਰਿਰਾਇ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦੀ ਸੰਖੇਪ ਜਿਹੀ ਜੀਵਨ ਯਾਤਰਾ ਵਿਚ ਵਾਪਰੀਆਂ ਕੁਝ ਕੁ ਉੱਘੀਆਂ ਘਟਨਾਵਾਂ ਦਾ ਬਿਉਰਾ ਇਸ ਪ੍ਰਕਾਰ ਹੈ :-

## ਗੁਰਿਆਈ

ਗੁਰੂ-ਘਰ ਦੀ ਇਹ ਰੀਤ ਅਥਵਾ ਮਰਯਾਦਾ ਰਹੀ ਹੈ ਕਿ ਏਥੇ ਗੁਰਗੱਦੀ ਦੁਨਿਆਵੀ ਰੀਤ ਦੇ ਵਿਪ੍ਰੀਤ, ਯੋਗਤਾ ਦੇ ਆਧਾਰ ਉੱਤੇ ਹੀ ਪ੍ਰਾਪਤ ਹੁੰਦੀ ਹੈ। ਇਹਨਾਂ ਦਾ ਵੱਡਾ ਭਰਾ ਰਾਮਰਾਇ ਬੜਾ ਸਿਆਣਾ, ਚਤੁਰ, ਨੀਤੀ-ਨਿਪੁੰਨ ਸਨ ਅਤੇ ਸਿੱਖ ਸੰਗਤਾਂ ਤੇ ਮਸੰਦਾਂ ਵਿਚ ਸਤਿਕਾਰ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ। ਜਦ ਔਰੰਗਜ਼ੇਬ ਨੇ, ਸ੍ਰੀ ਗੁਰੂ ਹਰਿਰਾਇ ਜੀ ਨੂੰ ਦਿੱਲੀ ਆਉਣ ਦਾ ਬੁਲਾਵਾ ਭੇਜਿਆ ਤਾਂ ਉਨ੍ਹਾਂ ਨੇ ਆਪਣੀ ਥਾਂ ਰਾਮਰਾਇ ਨੂੰ ਭੇਜਿਆ ਅਤੇ ਨਾਲ ਹੀ ਹਰ ਤਰ੍ਹਾਂ ਨਾਲ ਚੌਕਸ ਰਹਿਣ ਦੀ ਵੀ ਹਿਦਾਇਤ ਕੀਤੀ। ਜਦ ਰਾਮਰਾਇ ਨੇ ਗੁਰੂ-ਆਸ਼ੇ ਦੇ ਵਿਰੁੱਧ ਗੱਲਾਂ ਕਰਕੇ ਬਾਦਸ਼ਾਹ ਦੀ ਖ਼ੁਸ਼ਨੂਦੀ ਹਾਸਲ ਕਰਨ ਦਾ ਅਯੋਗ ਯਤਨ ਕੀਤਾ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਇਕ ਤੁਕ "ਮਿਟੀ ਮੁਸਲਮਾਨ ਕੀ" ਦੀ ਥਾਂ "ਮਿਟੀ ਬੇਈਮਾਨ ਕੀ" ਕਹਿਣ ਦੀ ਘੋਰ ਅਵੱਗਿਆ ਕੀਤੀ ਤਾਂ ਗੁਰੂ ਹਰਿ ਰਾਇ ਜੀ ਨੇ ਉਸ ਨੂੰ ਮੁੜ ਮੂੰਹ ਨਾ ਲਾਇਆ ਤੇ ਸਦਾ ਲਈ ਤਿਆਗ ਦਿੱਤਾ।

ਗੁਰਬਾਣੀ ਦਾ ਇੰਨਾ ਵੱਡਾ ਸਤਿਕਾਰ ਤੇ ਇਤਨੀ ਦ੍ਰਿੜ੍ਹਤਾ, ਵਾਕਈ ਸਿੱਖ ਇਤਿਹਾਸ ਦਾ ਇਕ ਅਤਿ ਸੁਨਹਿਰੀ ਪੰਨਾ ਹੈ ਤੇ ਗੁਰ-ਮਾਰਗ ਉੱਤੇ ਚੱਲਣ ਲਈ ਰੌਸ਼ਨ ਮੁਨਾਰਾ ਹੈ।

## ਦਿੱਲੀ-ਯਾਤਰਾ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਨੀਤੀ ਇਹ ਸੀ ਕਿ "ਨਹਿੰ ਮਲੇਸ਼ ਕੋ ਦਰਸ਼ਨ ਦੇ ਹੈਂ।" ਆਪ ਜੀ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਅਕਤੂਬਰ 1661 ਵਿਚ ਗੁਰਗੱਦੀ 'ਤੇ ਬਿਰਾਜਮਾਨ ਹੋਣ ਉਪਰੰਤ ਵੀ ਇਸੇ ਨੀਤੀ ਨੂੰ ਅਪਨਾਉਣ ਲਈ ਆਗਿਆ ਕੀਤੀ ਸੀ। ਰਾਮਰਾਇ ਇਸ ਗੱਲ ਦਾ ਭੇਤੀ ਸੀ ਤੇ ਬਾਦਸ਼ਾਹ ਵੀ ਇਸ ਤੋਂ ਅਣਜਾਣ ਨਹੀਂ ਸੀ। ਬਾਦਸ਼ਾਹ ਨੇ ਸਿੱਧਾ ਆਪ ਲਿਖਣ ਦੀ ਥਾਂ ਮਿਰਜ਼ਾ ਰਾਜਾ ਜੈ ਸਿੰਘ ਪਾਸੋਂ ਗੁਰੂ ਜੀ ਵੱਲ ਬਿਨੈ-ਪੱਤਰ ਲਿਖਵਾਇਆ, ਪ੍ਰੰਤੂ ਗੁਰੂ ਜੀ ਨੇ ਨਾਂਹ ਕਰ ਦਿੱਤੀ। ਜਦ ਦਿੱਲੀ ਦੀ ਸੰਗਤ ਦੀ ਦਰਸ਼ਨਾਂ ਹਿੱਤ ਲਿਖੀ ਚਿੱਠੀ ਰਾਜੇ ਦੇ ਅਹਿਲਕਾਰਾਂ ਨੇ ਪੜ੍ਹ ਕੇ ਸੁਣਾਈ ਤਾਂ ਆਪ ਜੀ ਨੇ ਕਿਹਾ ਕਿ "ਜਿਥੇ ਸੰਗਤ ਯਾਦ ਕਰੇਗੀ, ਉਥੇ ਅਸੀਂ ਜ਼ਰੂਰ ਪੁੱਜਾਂਗੇ।"

ਦਿੱਲੀ ਦੇ ਰਾਹ ਵਿਚ ਵਾਪਰੀਆਂ ਘਟਨਾਵਾਂ ਵਿਚੋਂ ਇਕ ਘਟਨਾ ਬੜੀ ਅਲੌਕਿਕ ਅਤੇ ਸਤਿਗੁਰੂ ਜੀ ਦੀ ਪ੍ਰਤਿਭਾ ਨੂੰ ਦਰਸਾਉਣ ਵਾਲੀ ਹੈ:

ਗੁਰੂ ਜੀ ਨੇ ਇਕ ਰਾਤ ਪੰਜੋਖਰੇ ਕੱਟੀ। ਉਥੋਂ ਦਾ ਹੰਕਾਰੀ ਪੰਡਤ ਲਾਲ ਚੰਦ ਆਪ ਜੀ ਨੂੰ ਮਿਲਿਆ ਤੇ ਕਹਿਣ ਲੱਗਾ, "ਤੁਸੀਂ ਆਪਣੇ ਆਪ ਨੂੰ ਗੁਰੂ ਹਰਿਕ੍ਰਿਸ਼ਨ ਅਖਵਾਉਂਦੇ ਹੋ, ਵੱਡੇ ਬਣਦੇ ਹੋ। ਸ੍ਰੀ ਕ੍ਰਿਸ਼ਨ ਨੇ ਤਾਂ ਗੀਤਾ ਰਚੀ ਸੀ, ਤੁਸੀਂ ਉਸ ਦੇ ਅਰਥ ਹੀ ਕਰਕੇ ਵਿਖਾਓ।"

ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਧੁਰੋਂ ਪ੍ਰਾਪਤ ਕੀਤੀ ਨਿਮਰਤਾ ਦੇ ਧਾਰਨੀ ਸਤਿਗੁਰੂ ਜੀ ਨੇ ਕਿਹਾ, "ਭਾਈ, ਅਸੀਂ ਤੇ ਅਕਾਲ ਪੁਰਖ ਦੇ ਸੇਵਕ ਹਾਂ। ਕਲਾ ਅਕਾਲ ਪੁਰਖ ਦੀ ਹੀ ਵਰਤਦੀ ਹੈ। ਅਸੀਂ ਤੇਰੇ ਨਾਲ ਸ਼ਾਸਤਰਾਰਥ ਤਾਂ ਫੇਰ ਕਰਾਂਗੇ, ਪਹਿਲਾਂ ਤੂੰ ਨਗਰ ਵਿਚੋਂ ਆਪਣੀ ਮਰਜ਼ੀ ਦਾ ਕੋਈ ਬੰਦਾ ਲੈ ਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਤੇ ਮੇਹਰ ਦੁਆਰਾ ਉਹ ਗੀਤਾ ਦੇ ਅਰਥ ਕਰਕੇ ਤੇਰੀ ਨਿਸ਼ਾ ਕਰੇਗਾ।"

ਪੰਡਤ ਲਾਲ ਚੰਦ ਗਿਆ ਤੇ ਛੱਜੂ ਝੀਵਰ, ਜੋ ਨਿਰਅੱਖਰ ਸੀ, ਨੂੰ ਨਾਲ ਲੈ ਆਇਆ। ਸਤਿਗੁਰਾਂ ਨੇ ਉਸ ਨੂੰ ਨਦਰੀ ਨਦਰ ਨਿਹਾਲ ਕੀਤਾ ਤੇ ਕਿਹਾ ਕਿ ਉਹ ਪੰਡਤ ਦੀ ਨਿਸ਼ਾ ਕਰੇ। ਗੁਰੂ ਜੀ ਨੇ ਉਸ ਦੇ ਨੇਤਰਾਂ ਵਿਚ ਨੇਤਰ ਪਾਏ ਤੇ ਸਿਰ ਉੱਤੇ ਆਪਣੀ ਸੋਟੀ ਰੱਖ ਦਿੱਤੀ। ਪੰਡਤ ਨੇ ਗੀਤਾ ਦੇ ਔਖੇ ਤੋਂ ਔਖੇ ਸਲੋਕਾਂ ਦੇ ਅਰਥ ਪੁੱਛੇ। ਉਨ੍ਹਾਂ ਦੇ ਉਸ ਨੇ ਤੁਰੰਤ ਅਰਥ ਕਰ ਦਿੱਤੇ। ਪੰਡਤ ਇਹ ਕੌਤਕ ਵੇਖ ਕੇ ਸਤਿਗੁਰੂ ਜੀ ਦੇ ਚਰਨੀਂ ਢੱਠਾ, ਮਾਫੀ ਮੰਗੀ ਤੇ ਸਿੱਖ ਬਣਿਆ।

## ਦਿੱਲੀ-ਬਿਸਰਾਮ

ਦਿੱਲੀ ਵਿਚ ਗੁਰੂ ਜੀ ਰਾਜਾ ਜੈ ਸਿੰਘ ਦੇ ਬੰਗਲੇ, ਜਿਥੇ ਅੱਜਕਲ ਗੁਰਦੁਆਰਾ ਬੰਗਲਾ ਸਾਹਿਬ ਹੈ, ਵਿਚ ਠਹਿਰੇ। ਬਾਦਸ਼ਾਹ ਨੇ ਦਰਸ਼ਨਾਂ ਲਈ ਇੱਛਾ ਪ੍ਰਗਟ ਕੀਤੀ ਤਾਂ ਆਪ ਨੇ ਪਿਤਾ ਜੀ ਵੱਲੋਂ ਕੀਤੇ ਗਏ ਆਦੇਸ਼ ਦੀ ਰੌਸ਼ਨੀ ਵਿਚ ਉੱਤਰ ਦੇ ਭੇਜਿਆ ਕਿ ਉਹਨਾਂ ਦਾ ਵੱਡਾ ਭਰਾ ਬਾਦਸ਼ਾਹ ਪਾਸ ਹੈ। ਰਾਜਸੀ ਮਾਮਲਿਆਂ ਬਾਰੇ ਉਹਨਾਂ ਨਾਲ ਹੀ ਗੱਲਬਾਤ ਕਰ ਲਈ ਜਾਵੇ। ਪ੍ਰਭੂ-ਭਗਤਾਂ ਤੇ ਸੰਸਾਰੀ ਮਾਇਆ ਧਾਰੀਆਂ ਦਾ ਆਪਸ ਵਿਚ ਕੀ ਮੇਲ ? ਗੁਰੂ ਜੀ ਨੂੰ ਸੰਗਤਾਂ ਤੇ ਰੋਗੀਆਂ ਦੀ ਸੇਵਾ ਤੋਂ ਵੇਹਲ ਨਹੀਂ ਸੀ। ਬਾਦਸ਼ਾਹ ਨੂੰ ਉਪਦੇਸ਼ ਵਜੋਂ ਇਹ ਸ਼ਬਦ ਲਿਖ ਭੇਜਿਆ :

**ਕਿਆ ਖਾਧੈ ਕਿਆ ਪੈਧੈ ਹੋਇ॥ ਜਾ ਮਨਿ ਨਾਹੀ ਸਚਾ ਸੋਇ॥**
**ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ॥**
**ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥**
**ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ॥**
**ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥੨॥** *(ਪੰਨਾ ੧੪੨)*

ਜਦ ਸ਼ਾਹਜ਼ਾਦਾ ਮੁਅੱਜ਼ਮ ਦਰਸ਼ਨਾਂ ਲਈ ਆਇਆ ਤਾਂ ਆਪ ਨੇ ਉਸ ਨੂੰ ਆਤਮਕ ਉਪਦੇਸ਼ ਦੇ ਕੇ ਨਿਹਾਲ ਕੀਤਾ। ਜਦ ਰਾਮਰਾਇ ਨੂੰ ਗੁਰਗੱਦੀ ਨਾ ਦਿੱਤੇ ਜਾਣ ਦੀ ਗੱਲ ਤੁਰੀ ਤਾਂ ਗੁਰੂ ਜੀ ਨੇ ਇਸ ਸੰਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚੱਲੀ ਆ ਰਹੀ ਚੋਣ ਦੀ ਕਸਵੱਟੀ ਵੱਲ ਇਸ਼ਾਰਾ ਕਰਦਿਆਂ ਸ਼ਾਹਜ਼ਾਦੇ ਨੂੰ ਸਮਝਾਇਆ ਕਿ ਰਾਮ ਰਾਇ ਨੇ ਕਿਵੇਂ ਬਾਦਸ਼ਾਹ ਦੇ ਲਿਹਾਜ਼ ਮੁਲਾਹਜ਼ੇ ਵਿਚ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਦਲੀ ਹੈ ਅਤੇ ਕਿਵੇਂ ਗੁਰਗੱਦੀ ਬਾਰੇ ਉਸ ਦਾ ਦਾਅਵਾ ਝੂਠਾ ਹੈ।

## ਕਰਾਮਾਤੀ ਸ਼ਕਤੀ ਦੀ ਪਰਖ

ਸ਼ਾਹਜ਼ਾਦੇ ਨਾਲ ਹੋਈ ਉਪਰੋਕਤ ਵਿਚਾਰ-ਚਰਚਾ ਤੋਂ ਬਾਦਸ਼ਾਹ ਗੁਰੂ ਜੀ ਦੀ ਸਿਆਣਪ ਦਾ ਤਾਂ ਕਾਇਲ ਹੋ ਗਿਆ, ਪ੍ਰੰਤੂ ਇਸਲਾਮੀ ਵਿਚਾਰਧਾਰਾ ਦਾ ਧਾਰਨੀ ਹੋਣ ਕਾਰਨ ਉਸ ਨੇ ਗੁਰੂ ਜੀ ਦੀ ਕਰਾਮਾਤੀ ਸ਼ਕਤੀ ਨੂੰ ਵੀ ਪਰਖਣਾ ਚਾਹਿਆ ਅਤੇ ਇਹ ਕਾਰਜ ਰਾਜਾ ਜੈ ਸਿੰਘ ਦੇ ਜ਼ੁੰਮੇ ਲਾਇਆ। ਉਹ ਇਸ ਮੰਤਵ ਦੀ ਪੂਰਤੀ ਲਈ ਗੁਰੂ ਜੀ ਨੂੰ ਆਪਣੇ ਮਹਿਲਾਂ ਵਿਚ ਇਹ ਬਿਨੈ ਕਰਕੇ ਲੈ ਗਿਆ ਕਿ ਉਥੇ ਪਟਰਾਣੀ ਤੇ ਹੋਰ ਪਰਿਵਾਰ ਉਹਨਾਂ ਦੇ ਦਰਸ਼ਨ ਕਰਨਾ

ਲੋਚਦਾ ਹੈ। ਮਹਿਲਾਂ ਵਿਚ ਪਹੁੰਚ ਕੇ ਗੁਰੂ ਜੀ ਨੂੰ ਕਿਹਾ ਗਿਆ ਕਿ ਉਹ ਪਰਿਵਾਰ ਵਿਚੋਂ ਪਟਰਾਣੀ ਦੀ ਪਹਿਚਾਣ ਕਰਨ। ਆਪ ਜੀ ਹੋਰਨਾਂ ਦੇ ਸਿਰ ਉੱਤੇ ਸੋਟੀ ਰੱਖਦੇ ਹੋਏ ਇਹ ਕਹੀ ਜਾਣ ਕਿ "ਇਹ ਪਟਰਾਣੀ ਨਹੀਂ", ਪ੍ਰੰਤੂ ਜਦ ਪਟਰਾਣੀ ਦੇ ਸਿਰ ਉੱਤੇ ਸੋਟੀ ਰੱਖੀ ਤਾਂ ਕਿਹਾ, "ਇਹ ਹੈ ਪਟਰਾਣੀ"। ਉਪਰੰਤ ਉਸ ਦੀ ਗੋਦੀ ਵਿਚ ਬੈਠ ਗਏ ਅਤੇ ਪੁੱਤਰ ਦੀ ਮਨੋਕਾਮਨਾ ਪੂਰੀ ਹੋਣ ਲਈ ਬਚਨ ਕਹੇ।

## ਜੋਤੀ-ਜੋਤ ਸਮਾਉਣਾ

ਉਹਨੀਂ ਦਿਨੀਂ ਦਿੱਲੀ ਵਿਚ ਬੁਖ਼ਾਰ ਤੇ ਚੇਚਕ ਦੀ ਬੀਮਾਰੀ ਫੁੱਟ ਪਈ। ਸਤਿਗੁਰੂ ਜੀ ਨੇ ਰੋਗੀਆਂ ਦੀ ਦਿਨ-ਰਾਤ ਇਕ ਕਰਕੇ ਸੇਵਾ ਕੀਤੀ। ਗੁਰੂ ਜੀ ਦੇ ਪਾਵਨ ਦਰਸ਼ਨਾਂ ਨਾਲ ਲੋਕਾਂ ਦੇ ਤਨ ਤੇ ਮਨ ਦੇ ਰੋਗ ਦੂਰ ਹੋਣ ਲੱਗੇ। ਰੋਗੀਆਂ ਦੇ ਰੋਗ ਕੱਟਣ ਲਈ ਬੰਗਲੇ ਨਾਲ ਇਕ ਚੁਬੱਚਾ ਬਣਵਾਇਆ, ਜਿਥੇ ਚਰਨਾਮ੍ਰਿਤ ਪੀ ਕੇ ਰੋਗੀ ਅਰੋਗ ਹੋਣ ਲੱਗੇ। 'ਸੂਰਜ ਪ੍ਰਕਾਸ਼' ਅਨੁਸਾਰ ਗੁਰੂ ਜੀ ਨੇ ਫ਼ੁਰਮਾਇਆ:

ਚਰਨਾਮ੍ਰਿਤ ਹਮਰਾ ਜੋ ਪੀਵੈ।<br>
ਸੋ ਜਨ ਤੁਰਤ ਰੋਗ ਬਿਨ ਥੀਵੈ।<br>
ਜਿਨੇ ਚੁਬੱਚੇ ਕਾ ਜਲ ਪੀਓ।<br>
ਸੋ ਉਬਰਿਓ ਗੁਰ ਜਸ ਬਡ ਥੀਓ।

ਆਖ਼ਰ ਸਤਿਗੁਰੂ ਨੂੰ ਵੀ ਚੇਚਕ (ਮਾਤਾ) ਨਿਕਲ ਆਈ। ਸੰਗਤ ਡੋਲ ਗਈ ਪ੍ਰੰਤੂ ਆਪ ਜੀ ਨੇ ਸਭ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ ਤੇ ਧੀਰਜ ਧਾਰਨ ਕਰਨ ਅਤੇ ਭਾਣਾ ਮੰਨਣ ਲਈ ਭਰਪੂਰ ਪ੍ਰੇਰਨਾ ਕੀਤੀ। ਆਪ ਜੀ ਨੇ ਆਪਣੀ ਸੰਸਾਰ ਫੇਰੀ ਸੱਤ ਸਾਲ ਅੱਠ ਮਹੀਨੇ ਦੇ ਚੌਵੀ ਦਿਨ ਵਿਚ ਸੰਪੂਰਨ ਕੀਤੀ। ਆਪ 30 ਮਾਰਚ, 1664 ਨੂੰ ਦਿੱਲੀ ਜੋਤੀ ਜੋਤ ਸਮਾ ਗਏ।

ਅੰਤ ਸਮੇਂ ਆਪ ਜੀ ਨੇ ਸੰਗਤ ਨੂੰ ਸੰਬੋਧਿਤ ਹੁੰਦੇ ਹੋਏ ਫੁਰਮਾਇਆ, "ਬਾਬਾ ਬਕਾਲੇ।"

ਗੁਰੂ ਜੀ ਦਾ ਇਉਂ ਸੰਕੇਤ ਕਰਨਾ ਤੇ ਸਿੱਖਾਂ ਨੂੰ ਸਹੀ ਗੁਰੂ ਅਥਵਾ ਆਗੂ ਲੱਭਣ ਲਈ ਪਰਚਾ ਪਾਉਣਾ ਵੀ, ਉਹਨਾਂ ਨੂੰ ਦੇਣ-ਯੋਗ ਸਿੱਖਿਆ ਤੇ ਉਪਦੇਸ਼ ਦਾ ਇਕ ਅੰਗ ਸੀ।

ਸਤਿਗੁਰੂ ਜੀ ਦੀਆਂ ਮਨ ਤੇ ਤਨ ਦੇ ਰੋਗ ਦੂਰ ਕਰਨ ਵਾਲੀਆਂ ਸ਼ਕਤੀਆਂ ਨੂੰ ਹੀ ਅਨੁਭਵ ਕਰਦਿਆਂ ਦਸਮੇਸ਼ ਜੀ ਨੇ ਫ਼ੁਰਮਾਇਆ ਹੈ:

**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥**

*(ਵਾਰ ਸ੍ਰੀ ਭਗਉਤੀ ਜੀ ਕੀ)*

## ਹਵਾਲੇ ਤੇ ਟਿੱਪਣੀਆਂ

1. ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ *(ਪੰਨਾ ੯੬੬)*

(9/1974)

# ਸੇਵਾ ਦੇ ਪੁੰਜ : ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ 7 ਜੁਲਾਈ 1656 ਈ. ਨੂੰ ਕੀਰਤਪੁਰ ਸਾਹਿਬ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਅਤੇ ਸ੍ਰੀ ਗੁਰੂ ਹਰਿਰਾਇ ਜੀ ਦੇ ਗ੍ਰਹਿ ਵਿਖੇ ਹੋਇਆ। 5 ਸਾਲ ਦੀ ਛੋਟੀ ਜਿਹੀ ਆਯੂ ਵਿਚ 7 ਅਕਤੂਬਰ, 1661 ਈ. ਨੂੰ ਗੁਰਿਆਈ ਪ੍ਰਾਪਤ ਕਰ ਲੈਣ ਦੀ ਘਟਨਾ ਨੇ ਸਭਨਾਂ ਨੂੰ ਚੱਕ੍ਰਿਤ ਕਰਕੇ ਰੱਖ ਦਿੱਤਾ। ਇਸੇ ਕਾਰਨ ਇਨ੍ਹਾਂ ਦੇ ਵੱਡੇ ਭਰਾ ਰਾਮਰਾਇ ਨੇ 'ਬਾਲਕ ਗੁਰੂ' ਹੋਣ ਦਾ ਸਿੱਖ ਸੰਗਤਾਂ ਅੰਦਰ ਭਰਮ-ਭੁਲੇਖਾ ਪਾਏ ਜਾਣ ਦਾ ਅਤੇ ਸਮਕਾਲੀ ਵਿਦਵਾਨਾਂ ਨੂੰ 'ਛੋਟੀ ਉਮਰੇ ਥੋੜ੍ਹਾ ਚਿਰ ਗੁਰੂ ਰਹਿਣ ਕਰਕੇ ਇਨ੍ਹਾਂ ਦਾ ਜੀਵਨ ਘਟਨਾ ਰਹਿਤ ਸੀ' ਲਿਖਣ ਦਾ ਬਹਾਨਾ ਮਿਲ ਗਿਆ। ਜਦੋਂ ਅਸੀਂ ਅਸ਼ਟਮ ਬਲਬੀਰਾ ਜੀ ਦੇ ਗੁਰਿਆਈ ਕਾਲ ਦੇ ਸਮੇਂ ਵੱਲ ਝਾਤੀ ਮਾਰਦੇ ਹਾਂ ਤਾਂ ਇਨਾਂ ਦੇ ਜੀਵਨ-ਚਰਿੱਤਰਾਂ ਨੂੰ ਤੱਕ ਕੇ ਹੈਰਾਨ ਹੋ ਜਾਂਦੇ ਹਾਂ ਕਿ ਕਿਵੇਂ ਨਿਰਭੈ ਤੇ ਨਿਡਰਤਾ ਨਾਲ ਵਿਚਰਦਿਆਂ ਝੂਠੀ ਖੁਸ਼ਾਮਦ ਤੋਂ ਉੱਪਰ ਉੱਠ ਕੇ ਸਮਕਾਲੀ ਰਾਜਸੱਤਾ ਨਾਲ ਕੋਈ ਰਾਜਸੀ ਸਮਝੌਤਾ ਨਾ ਕਰਕੇ, ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਗੁਰੂਤਵ ਦੇ ਆਤਮਕ, ਸਮਾਜਕ ਤੇ ਧਾਰਮਕ ਕਰਤੱਵਾਂ ਨੂੰ ਨਿਭਾਉਂਦੇ ਹੋਇਆਂ ਸਿੱਖ ਕੌਮ ਤੇ ਮਾਨਵਤਾ ਲਈ ਆਦਰਸ਼ ਬਣੇ। ਕੀਰਤਪੁਰ ਸਾਹਿਬ ਤੋਂ ਦਿੱਲੀ ਤਕ ਵਾਪਰੀਆਂ ਆਪ ਦੇ ਜੀਵਨ ਦੀਆਂ ਸਾਰੀਆਂ ਘਟਨਾਵਾਂ ਸਾਡੇ ਲਈ ਰੋਸ਼ਨ ਮੁਨਾਰਾ ਹਨ।

1661 ਤੋਂ 1664 ਈ. ਤੱਕ ਦੇ ਗੁਰਿਆਈ ਕਾਲ ਵਿਚ ਗੁਰੂ ਜੀ ਨੇ ਅਜਿਹੇ ਪੂਰਨੇ ਪਾਏ ਜਿਨ੍ਹਾਂ ਨੂੰ ਤੱਕ ਕੇ ਅਸੀਂ ਕਹਿ ਸਕਦੇ ਹਾਂ ਕਿ ਇਹ ਸਮਾਂ ਸਿੱਖ ਇਤਿਹਾਸ ਵਿਚ ਸਿੱਖ ਸਿਧਾਂਤਾਂ ਨੂੰ ਕਰੜਾਈ ਨਾਲ ਲਾਗੂ ਕਰਵਾਉਣ ਵਾਲਾ, ਸੇਵਾ ਤੇ ਸਿਮਰਨ ਦੀਆਂ ਦਾਤਾਂ ਵੰਡਣ ਵਾਲਾ ਤੇ ਦੀਨ-ਦੁਖੀਆਂ ਦੇ ਦੁੱਖ ਹਰਨ ਵਾਲਾ ਸੀ। ਆਪ ਜੀ ਨੇ ਮਸੰਦਾਂ ਨੂੰ ਮਨਮਾਨੀਆਂ ਕਰਨ ਤੋਂ ਰੋਕਣ ਲਈ ਹੁਕਮਨਾਮੇ ਜਾਰੀ ਕੀਤੇ। ਪੰਜੋਖਰਾ ਸਾਹਿਬ ਵਿਖੇ ਛੱਜੂ ਝਿਊਰ ਪਾਸੋਂ ਅੰਮ੍ਰਿਤਮਈ ਕ੍ਰਿਪਾ ਦ੍ਰਿਸ਼ਟੀ ਕਰਕੇ ਗੀਤਾ ਦੇ ਅਰਥ ਕਰਵਾ ਕੇ ਪੰਡਤ ਲਾਲ ਚੰਦ ਦਾ ਹੰਕਾਰ ਹੀ ਨਹੀਂ ਤੋੜਿਆ ਸਗੋਂ ਜਨ-ਸਾਧਾਰਨ ਵਿਚ ਵਿਦਵਾਨਾਂ ਵਾਲੇ ਗੁਣ ਵੀ ਭਰੇ। ਰਾਜਾ ਜੈ ਸਿੰਘ ਦੀ ਪਟਰਾਣੀ ਨੂੰ ਗੋਲੀਆਂ ਵਿਚੋਂ ਪਛਾਣ ਕੇ ਔਰੰਗਜ਼ੇਬ ਦੀ ਸਾਜ਼ਿਸ਼ ਨੰਗੀ ਕੀਤੀ। ਸਿੱਖਾਂ ਨੂੰ ਤੰਬਾਕੂਨੋਸ਼ੀ, ਸ਼ਰਾਬ, ਜੂਆ ਅਤੇ ਹੋਰ ਕੁਰੀਤੀਆਂ ਆਦਿ ਤਿਆਗਣ ਦੇ ਉਪਦੇਸ਼ ਦਿੰਦਿਆਂ ਕੇਸਾਂ ਦੀ ਸਾਂਭ-ਸੰਭਾਲ ਕਰਨ ਦੀ ਪ੍ਰੇਰਨਾ ਕੀਤੀ। ਕੁੜੀਮਾਰਾਂ ਨੂੰ ਮੂੰਹ ਨਾ ਲਾਉਣ, ਗੁਰੂ-ਪਿਤਾ ਦੇ ਹੁਕਮ ਅਨੁਸਾਰ ਗੁਰੂ-ਦੋਖੀ ਧੀਰਮੱਲ ਤੇ ਰਾਮਰਾਇ ਨੂੰ ਗੁਰੂ-ਦਰਬਾਰ ਵਿਚ ਨਾ ਆਉਣ ਦੇਣਾ ਤੇ ਇਨ੍ਹਾਂ ਨਾਲੋਂ ਸਿੱਖਾਂ ਨੂੰ ਰੋਟੀ-ਬੇਟੀ ਦੀ ਸਾਂਝ ਤੋੜਨ ਲਈ ਕਹਿਣਾ, ਬਾਦਸ਼ਾਹ ਔਰੰਗਜ਼ੇਬ ਦੀਆਂ ਵੰਗਾਰਾਂ ਨੂੰ ਪੂਰੀ ਦ੍ਰਿੜ੍ਹਤਾ ਤੇ ਨਿਡਰਤਾ ਨਾਲ ਪ੍ਰਵਾਨ ਕਰਦਿਆਂ, ਦਰਸ਼ਨ ਨਾ ਦੇਣ ਉੱਪਰ ਕਾਇਮ ਰਹਿਣਾ, ਦਿੱਲੀ ਵਿਖੇ ਹੈਜ਼ੇ ਤੇ ਚੇਚਕ ਦੀ ਬਿਮਾਰੀ ਦਾ ਸ਼ਿਕਾਰ

ਹੋਏ ਰੋਗੀਆਂ ਦੀ ਸੰਗਤ ਨੂੰ ਨਾਲ ਲੈ ਕੇ ਹੱਥੀਂ ਸੇਵਾ ਕਰਨੀ, ਰੋਗੀਆਂ ਦੇ ਜਿਸਮਾਨੀ ਤੇ ਮਾਨਸਿਕ ਰੋਗ ਦੂਰ ਕਰਨੇ ਅਜਿਹੀਆਂ ਘਟਨਾਵਾਂ ਤੇ ਕੌਤਕ ਹਨ, ਜਿਨ੍ਹਾਂ ਨੂੰ ਦੇਖ ਕੇ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਜੀ ਦੇ ਕਾਰਜ, ਚਿੰਤਨ ਤੇ ਕਰਤੱਵ ਪਹਿਲੇ ਗੁਰੂ ਸਾਹਿਬਾਨ ਵਰਗੇ ਹੀ ਸਨ। ਇਸ ਤਰ੍ਹਾਂ ਨਾ ਕੇਵਲ ਆਪ ਜੀ ਨੇ ਸਿੱਖੀ ਦੀ ਅਣਖ ਤੇ ਆਭਾ ਨੂੰ ਹੀ ਕਾਇਮ ਤੇ ਉੱਚਾ ਰੱਖਿਆ ਸਗੋਂ ਸਿੱਖਾਂ ਨੂੰ ਹੱਥੀਂ ਸੇਵਾ ਕਰਨ, ਨਿਰਭੈ ਰਹਿਣ ਤੇ ਦੱਬੇ-ਕੁਚਲੇ ਲੋਕਾਂ ਨੂੰ ਇੱਜ਼ਤ ਤੇ ਸਨਮਾਨ ਨਾਲ ਜਿਉਣ ਦਾ ਚੱਜ-ਆਚਾਰ ਵੀ ਸਿਖਾਇਆ।

ਇਨ੍ਹਾਂ ਦੀ ਅੰਮ੍ਰਿਤਮਈ ਦ੍ਰਿਸ਼ਟੀ ਨੇ ਨਾ ਕੇਵਲ ਸੰਗਤਾਂ ਦੇ ਸਰੀਰਕ ਰੋਗ ਹੀ ਕੱਟੇ ਸਗੋਂ ਅਨੇਕਾਂ ਪਾਪੀਆਂ-ਅਪਰਾਧੀਆਂ ਦੇ ਮਾਨਸਿਕ, ਅਧਿਆਤਮਕ ਤੇ ਰਾਜਨੀਤਕ ਬੰਧਨਾਂ ਨੂੰ ਵੀ ਕੱਟਿਆ। ਦਿੱਲੀ ਨਿਵਾਸੀ ਜਦੋਂ ਹਰ ਰੋਜ਼ ਬਿਮਾਰੀ ਕਾਰਨ ਮੌਤ ਦੇ ਮੂੰਹ ਵਿਚ ਜਾਣ ਲੱਗੇ ਤਾਂ ਆਪ ਜੀ ਰੋਗੀਆਂ ਦੇ ਰੋਗ ਦੂਰ ਕਰਨ ਵਿਚ ਅਜਿਹੇ ਜੁਟੇ ਕਿ ਖ਼ੁਦ ਵੀ ਉਸੇ ਬਿਮਾਰੀ ਦੀ ਲਪੇਟ ਵਿਚ ਆ ਕੇ 30 ਮਾਰਚ, 1664 ਈ. ਨੂੰ ਸਰੀਰਕ ਚੋਲਾ ਤਿਆਗਣ ਸਮੇਂ ਨੌਵੇਂ ਗੁਰੂ ਬਕਾਲਾ ਵਿਖੇ ਹੋਣ ਦਾ ਇਸ਼ਾਰਾ ਕਰਕੇ ਨਿਰੰਕਾਰ ਜੀ ਦੀ ਜੋਤ ਵਿਚ ਅਭੇਦ ਹੋ ਗਏ।

1. ਰੋਪੜ ਦਾ ਰਹਿਣ ਵਾਲਾ ਇਕ ਵਿਅਕਤੀ ਆਪਣੇ ਘਰ ਜੰਮਦੀ ਲੜਕੀ ਨੂੰ ਮਾਰ ਦਿੰਦਾ ਸੀ। ਗੁਰੂ ਜੀ ਨੇ ਉਸ ਨੂੰ ਅਜਿਹਾ ਕੁਕਰਮ ਕਰਨ ਤੋਂ ਰੋਕਣ ਲਈ ਸੰਗਤਾਂ ਵਿਚ ਬੈਠਣ ਤੋਂ ਮਨ੍ਹਾਂ ਕਰਦਿਆਂ ਸੰਗਤਾਂ ਦੇ ਨਾਮ ਫ਼ਰਮਾਨ ਜਾਰੀ ਕੀਤਾ ਕਿ ਕੁੜੀਮਾਰ ਨਾਲ ਨਹੀਂ ਵਰਤਣਾ, ਰੋਟੀ-ਬੇਟੀ ਦੀ ਸਾਂਝ ਨਹੀਂ ਰੱਖਣੀ। ਇਸ 'ਤੇ ਉਸ ਨੇ ਮੁਆਫ਼ੀ ਮੰਗੀ ਤੇ ਗੁਰੂ ਜੀ ਨੇ ਉਸ ਨੂੰ ਬਖ਼ਸ਼ ਦਿੱਤਾ। ਅੱਜ ਜਿਹੜੇ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਨਾਹੀ ਕਰਨ ਦੇ ਬਾਵਜੂਦ ਵੀ ਟੈਸਟ ਕਰਵਾਉਣ ਉਪਰੰਤ ਲੜਕੀਆਂ ਨੂੰ ਗਰਭ ਅੰਦਰ ਹੀ ਖ਼ਤਮ ਕਰ ਦਿੰਦੇ ਹਨ, ਉਹ ਕਦੇ ਵੀ ਗੁਰੂ-ਘਰ ਅੰਦਰ ਬਖਸ਼ੇ ਨਹੀਂ ਜਾਣਗੇ। ਗੁਰਮਤਿ ਅੰਦਰ ਲੜਕੇ ਤੇ ਲੜਕੀ ਵਿਚ ਕੋਈ ਭੇਦ ਨਹੀਂ ਸਮਝਣਾ ਚਾਹੀਦਾ। ਇਹ ਸਾਖੀ ਔਰਤ ਵਰਗ ਦਾ ਸਤਿਕਾਰ ਅਤੇ ਬਰਾਬਰੀ ਦੇ ਸਨਮਾਨ ਦੀ ਤਾਕੀਦ ਕਰਦੀ ਹੈ।

2. ਇਕ ਵਾਰੀ ਇਕ ਵਿਅਕਤੀ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਕਿ ਦਾਤਾਰ ਜੀਓ, ਮੈਂ ਸਰੀਰਕ ਅਤੇ ਮਾਨਸਿਕ ਰੋਗਾਂ ਤੋਂ ਅਤਿਅੰਤ ਪੀੜਤ ਹਾਂ। ਕ੍ਰਿਪਾ ਕਰਕੇ ਮੇਰੇ ਦੁੱਖ ਦੂਰ ਕਰੋ। ਗੁਰੂ ਜੀ ਨੇ ਉਸ ਨੂੰ ਕੇਸਾਧਾਰੀ ਸਾਬਤ ਸੂਰਤ ਬਣ ਕੇ, ਨਾਮ-ਸਿਮਰਨ ਅਤੇ ਹੱਥੀਂ ਸੇਵਾ ਕਰਨ ਦਾ ਉਪਦੇਸ਼ ਦੇ ਕੇ ਉਸ ਦੇ ਦੁੱਖ ਦੂਰ ਕੀਤੇ।

3. ਸਤਿਗੁਰਾਂ ਨੇ ਜਜੀਆ ਨਾਮ ਦੇ ਇਕ ਵਿਅਕਤੀ ਨੂੰ ਭਰੇ ਦੀਵਾਨ ਵਿਚ ਸੰਗਤਾਂ ਦੇ ਸਨਮੁੱਖ ਉਪਦੇਸ਼ ਦਿੰਦਿਆਂ ਕਿਹਾ ਕਿ ਜਿੰਨਾ ਚਿਰ ਉਹ ਜਗਤ-ਜੂਠ ਤੰਬਾਕੂ ਦਾ ਸੇਵਨ ਕਰਨਾ ਬੰਦ ਨਹੀਂ ਕਰਦਾ, ਓਨਾ ਚਿਰ ਉਸ ਨੂੰ ਕਦੇ ਵੀ ਆਤਮਿਕ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਤਿਗੁਰਾਂ ਫ਼ਰਮਾਇਆ ਕਿ ਤੰਬਾਕੂ ਵਿਚੋਂ ਨਿਕਲਣ ਵਾਲਾ ਧੂੰਆਂ ਮਨ ਨੂੰ ਹੀ ਮੈਲਾ ਨਹੀਂ ਕਰਦਾ, ਸਗੋਂ ਇਸ ਨਾਲ ਆਤਮਾ ਵੀ ਮੈਲੀ ਹੋ ਜਾਂਦੀ ਹੈ। ਪਰਮਾਤਮਾ ਦੇ ਦਰ 'ਤੇ ਪਹੁੰਚਣ ਲਈ ਗੁਰਸਿੱਖਾਂ ਨੂੰ ਚਾਹੀਦਾ ਹੈ ਕਿ ਕਦੇ ਵੀ ਇਸ ਦਾ ਸੇਵਨ ਨਾ ਕਰਨ। ਗੁਰੂ ਜੀ ਦਾ ਇਹ ਉਪਦੇਸ਼ ਗੁਰਸਿੱਖਾਂ ਲਈ ਅੱਜ ਵੀ ਓਨਾ ਹੀ ਜ਼ਰੂਰੀ ਹੈ, ਕਿਉਂਕਿ ਬੀੜੀ, ਸਿਗਰਟ ਤੇ ਜਰਦੇ ਆਦਿ ਰਾਹੀਂ ਅੱਜ ਸਾਡੇ ਨੌਜਵਾਨ ਭਿਆਨਕ ਮਾਰੂ ਰੋਗਾਂ ਵਿਚ ਗ੍ਰਸੇ ਜਾ ਰਹੇ ਹਨ।

4. ਕਾਬਲ ਵੱਲੋਂ ਆ ਰਹੀ ਸੰਗਤ ਦੇ ਜਥੇ ਵਿਚ ਇਕ ਚੋਰ ਇਸ ਨੀਅਤ ਨਾਲ ਰਲ ਗਿਆ ਕਿ ਕੀਰਤਪੁਰ ਸਾਹਿਬ ਵਿਖੇ ਸੰਗਤਾਂ ਦਾ ਭਾਰੀ ਇਕੱਠਾ ਹੁੰਦਾ ਹੈ ਤੇ ਮੈਨੂੰ ਉਥੇ ਚੋਰੀ ਕਰਨ ਤੇ ਜੇਬ ਕੱਟਣ ਆਦਿ ਦੀ ਮੌਜ ਲੱਗੀ ਰਹੇਗੀ। ਜਦੋਂ ਉਹ ਪਹਿਲੇ ਹੀ ਦਿਨ ਜਥੇ ਨਾਲ ਸਤਿਗੁਰਾਂ ਦੇ ਦਰਬਾਰ ਵਿਚ ਆਇਆ ਤਾਂ ਸਤਿਗੁਰਾਂ ਨੇ ਉਸ ਵੱਲ ਮਿਹਰ ਭਰੀ ਨਜ਼ਰ ਨਾਲ ਤੱਕਦਿਆਂ ਗੁਰੂ-ਵਾਕ ਉਚਾਰਨ ਕੀਤਾ— "ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥" ਗੁਰੂ ਜੀ ਦੇ ਮੁਖਾਰਬਿੰਦ ਵਿਚੋਂ ਨਿਕਲੀ ਗੁਰਬਾਣੀ ਨੇ ਸੁਣ ਕੇ ਉਹ ਉੱਚੀ-ਉੱਚੀ ਰੋਣ ਲੱਗ ਪਿਆ ਤੇ ਕਹਿਣ ਲੱਗਾ ਕਿ "ਗੁਰੂ ਜੀ! ਮੈਨੂੰ ਚੋਰੀ ਦੀ ਭੈੜੀ ਆਦਤ ਤੋਂ ਬਚਾਓ, ਮੈਂ ਚੋਰੀ ਕਰਕੇ ਪਾਪ ਦੀ ਖੱਟੀ ਕਰਦਾ ਆ ਰਿਹਾ ਹਾਂ। ਮੈਨੂੰ ਬਖ਼ਸ਼ ਲਵੋ। ਮੈਂ ਅਪਰਾਧੀ ਹਾਂ!" ਗੁਰੂ ਜੀ ਨੇ ਮਿਹਰ ਭਰੀ ਦ੍ਰਿਸ਼ਟੀ ਨਾਲ ਉਸ ਉੱਪਰ ਬਖ਼ਸ਼ਿਸ਼ ਕਰਦਿਆਂ ਉਸ ਨੂੰ ਅੱਗੋਂ ਤੋਂ ਅਜਿਹਾ ਨਾ ਕਰਨ ਅਤੇ ਸੇਵਾ-ਸਿਮਰਨ ਕਰਨ ਦਾ ਸ਼ੁਭ ਉਪਦੇਸ਼ ਦਿੱਤਾ ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ "ਚੋਰੀ ਅਤੇ ਮਾੜੇ ਕਰਮਾਂ ਤੋਂ ਬਚ ਕੇ, ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਕਰਦਿਆਂ, ਗਰੀਬ-ਮਜ਼ਲੂਮ ਦੀ ਰੱਖਿਆ ਕਰਦਿਆਂ ਮਨੁੱਖੀ ਜੀਵਨ ਸਫਲਾ ਬਣਾਉਣਾ ਚਾਹੀਦਾ ਹੈ।"

5. ਬਾਲਾ ਪ੍ਰੀਤਮ ਜੀ ਨੇ ਗੋਂਦਾ ਨਾਮ ਦੇ ਇਕ ਵਿਅਕਤੀ ਨੂੰ ਸ਼ਰਾਬ ਅਤੇ ਜੂਏ ਦੀ ਇੱਲਤ ਤੋਂ ਛੁਟਕਾਰਾ ਦਿਵਾਉਂਦਿਆਂ ਸੰਗਤਾਂ ਨੂੰ ਕਿਹਾ ਕਿ "ਗੁਰੂ ਦੇ ਸਿੱਖਾਂ ਨੂੰ ਕਦੇ ਵੀ ਸ਼ਰਾਬ ਨਹੀਂ ਪੀਣੀ ਚਾਹੀਦੀ।" ਗੁਰਬਾਣੀ ਫ਼ੁਰਮਾਨ ਕਰਦੀ ਹੈ—"ਝੂਠਾ ਮਦੁ ਮੂਲਿ ਨ ਪੀਚਈ", ਕਿਉਂਕਿ ਇਸ ਨਾਲ ਕੇਵਲ ਸਰੀਰ ਹੀ ਰੋਗੀ ਨਹੀਂ ਹੁੰਦਾ ਸਗੋਂ ਮਨ ਅੰਦਰ ਵਿਕਾਰ ਵੀ ਪੈਦਾ ਹੁੰਦੇ ਹਨ ਤੇ ਆਤਮਾ ਮਲੀਨ ਹੋ ਜਾਂਦੀ ਹੈ; ਇੱਜ਼ਤ ਖ਼ਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਜੂਆ ਮਨੁੱਖ ਦੀ ਮੱਤ ਮਾਰ ਦਿੰਦਾ ਹੈ। ਸ਼ਰਾਬ ਅਤੇ ਹੋਰ ਨਸ਼ੇ ਕਰਨ ਦੀਆਂ ਬੁਰੀਆਂ ਆਦਤਾਂ ਪ੍ਰਭੂ ਤੋਂ ਵਿਛੋੜੇ ਦਾ ਕਾਰਨ ਬਣਦੀਆਂ ਹਨ। ਅੱਜ ਦਾ ਸਿੱਖ ਸ਼ਰਾਬ ਦੇ ਦਰਿਆ ਵਿਚ ਰੁੜ੍ਹਦਾ ਜਾ ਰਿਹਾ ਹੈ। ਆਓ! ਸਤਿਗੁਰਾਂ ਦੀ ਪਾਵਨ ਸਿੱਖਿਆ ਉੱਪਰ ਚਲਦਿਆਂ ਹੋਇਆਂ ਆਤਮਿਕ ਸੁੱਖ ਅਤੇ ਕੰਚਨ ਵਰਗੇ ਸਰੀਰ ਲਈ ਨਾਮੁਰਾਦ ਸ਼ਰਾਬ ਦਾ ਤਿਆਗ ਕਰੀਏ।

(7/2003)

# ਬਾਲਾ ਪ੍ਰੀਤਮ—ਅੱਠਵੀਂ ਗੁਰੂ-ਜੋਤਿ

ਜਾਬਰਾਂ ਨੂੰ ਚਾਰ ਵੱਡੀਆਂ ਹਾਰਾਂ ਦੇਣ ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਛੇਵੇਂ ਸਤਿਗੁਰੂ ਜੀ ਨੇ ਗੁਰਤਾ ਆਪਣੇ ਪੋਤਰੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਤੀ, ਜਿਨ੍ਹਾਂ ਦਾ ਵੱਡਾ ਭਰਾ ਧੀਰ ਮੱਲ ਗੁਰੂ-ਘਰ ਤੋਂ ਬੇਮੁੱਖ ਹੋ ਚੁੱਕਾ ਸੀ, ਪਰ ਨਾਲ ਹੀ ਉਹ ਸਿੱਖਾਂ ਦਾ ਗੁਰੂ ਬਣਨ ਦਾ ਵੀ ਵੱਡਾ ਚਾਹਵਾਨ ਸੀ ਤੇ ਅਖੀਰ ਉਮਰ ਤਕ ਉਹ ਇਨ੍ਹਾਂ ਕੋਸ਼ਿਸ਼ਾਂ ਵਿਚ ਲੱਗਾ ਰਿਹਾ। ਗੁਰੂ ਅਖਵਾ ਲੈਣਾ ਤਾਂ ਸੌਖਾ ਹੈ, ਪਰ ਗੁਰੂ ਦੀ ਮਹਾਨਤਾ ਵਾਲੇ ਗੁਣ ਆਪਣੇ ਅੰਦਰ ਪੈਦਾ ਕਰ ਸਕਣੇ ਇਹ ਕੋਈ ਆਸਾਨ ਕੰਮ ਨਹੀਂ। ਇਹ ਬਖ਼ਸ਼ਸ਼ ਤਾਂ ਕੇਵਲ ਮਹਾਨ ਤੇ ਧੁਰੋਂ ਆਈ ਗੁਰੂ-ਜੋਤਿ ਦੇ ਹੀ ਹਿੱਸੇ ਆਈ ਸੀ। ਗੁਰੂ-ਜੋਤਿ ਆਪਣੇ ਟਿਕਣ ਵਾਲੇ ਹਿਰਦੇ ਦੇ ਗੁਣਾਂ ਦੀ ਪਹਿਲਾਂ ਪਰਖ ਕਰਦੀ ਤੇ ਫਿਰ ਉਥੇ ਟਿਕ ਕੇ ਸੰਸਾਰੀ ਜੀਵਾਂ ਦੀ ਕਲਿਆਣ ਕਰਨ ਦਾ ਕੰਮ ਸੰਭਾਲ ਲੈਂਦੀ ਸੀ। ਸੰਸਾਰੀ ਜੀਵਾਂ ਦਾ ਕਲਿਆਣ ਕਰ ਸਕਣ ਵਾਲੇ ਗੁਰੂ ਦੀ ਗੱਦੀ 'ਤੇ ਕੋਈ ਕੇਵਲ ਇਸ ਦੀ ਸੋਭਾ ਤੇ ਪ੍ਰਭੁਤਾ ਦਾ ਚਾਹਵਾਨ ਕਿਵੇਂ ਕਾਬਜ਼ ਹੋ ਸਕਦਾ ਸੀ, ਜਦ ਕਿ ਗੁਰੂ (ਅਗਿਆਨ ਨੂੰ ਨਾਸ਼ ਕਰਨਾ ਤੇ ਸੱਚ ਦਾ ਪ੍ਰਕਾਸ਼ ਕਰ ਸਕਣਾ) ਵਾਲੀ ਸਮਰੱਥਾ ਦਾ ਉਸ ਵਿਚ ਨਿਵਾਸ ਨਾ ਹੋਵੇ? ਭਾਵੇਂ ਕਈ ਗੁਰੂ-ਪੁੱਤਰ ਬਥੇਰੇ ਗੁਣਾਂ ਵਾਲੇ ਸਨ, ਪਰ ਸਰਬ-ਗੁਣਾਂ ਦੀ ਮਾਲਕ ਗੁਰੂ-ਜੋਤਿ ਜਿਸ ਹਿਰਦੇ ਵਿਚ ਚਾਹੁੰਦੀ, ਉਥੇ ਹੀ ਉਸ ਦਾ ਨਿਵਾਸ ਹੁੰਦਾ। ਪ੍ਰਿਥੀ ਚੰਦ ਨੇ ਗੁਰਗੱਦੀ ਪ੍ਰਾਪਤ ਕਰਨ ਲਈ ਸਭ ਤੋਂ ਵੱਧ ਜ਼ੋਰ ਲਾਇਆ ਤੇ ਇਸ ਕੰਮ ਨੂੰ ਮੁੱਖ ਰੱਖ ਕੇ ਉਸ ਨੇ ਗੁਰੂ-ਘਰ ਨਾਲ ਵੱਧ ਤੋਂ ਵੱਧ ਵੈਰ ਕਰਨ ਵਿਚ ਵੀ ਕਸਰ ਨਹੀਂ ਰੱਖੀ। ਇਸ ਮਗਰੋਂ ਧੀਰ ਮੱਲ ਵੀ ਮੌਕੇ ਦੀ ਪੂਰੀ ਤਾੜ ਵਿਚ ਤੱਤਪਰ ਰਿਹਾ ਤੇ ਉਹ ਮੌਕਾ ਉਸ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਮਿਲਿਆ ਤੇ 10-11 ਮਹੀਨੇ ਉਸ ਨੇ ਬਾਬੇ ਬਕਾਲੇ ਕਾਫ਼ੀ ਸੰਗਤਾਂ ਨੂੰ ਧੋਖਾ ਦਿੱਤਾ, ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਪਿੱਛੋਂ ਉਸ ਨੂੰ ਵੀ ਪਿੱਛੇ ਹੱਟਣਾ ਪਿਆ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ 1656 ਈ. ਵਿਚ ਮਾਤਾ ਕ੍ਰਿਸ਼ਨ ਕੌਰ ਜੀ ਅਤੇ ਸ੍ਰੀ ਗੁਰੂ ਹਰਿਰਾਇ ਜੀ ਦੇ ਗ੍ਰਿਹਿ ਵਿਖੇ ਪ੍ਰਗਟ ਹੋਏ। ਇਸ ਸਮੇਂ ਹਿੰਦੁਸਤਾਨ ਦੀ ਬਾਦਸ਼ਾਹੀ ਵਿਚ ਹਲਚਲ ਸੀ। ਔਰੰਗਜ਼ੇਬ ਨੇ ਆਪਣੇ ਬੀਮਾਰ ਪਿਉ ਨੂੰ ਕੈਦ ਕਰਕੇ ਤਖ਼ਤ 'ਤੇ ਕਬਜ਼ਾ ਕਰ ਲਿਆ ਸੀ, ਜਿਸ ਦੀ ਸੱਤਾਂ ਸਾਲਾਂ ਮਗਰੋਂ ਜੇਲ੍ਹ ਵਿਚ ਹੀ ਮੌਤ ਹੋ ਗਈ ਸੀ। ਆਪਣੇ ਵੱਡੇ ਤੇ ਨੇਕ ਭਰਾ ਦਾਰਾ ਸ਼ਿਕੋਹ ਨੂੰ ਪਹਿਲਾਂ ਧੋਖੇ ਨਾਲ ਕੈਦ ਕਰ ਲਿਆ ਤੇ ਫਿਰ ਜੇਲ੍ਹ ਵਿਚ ਹੀ ਕਤਲ ਕਰਵਾ ਕੇ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਸੀ। ਔਰੰਗਜ਼ੇਬ ਨੇ ਆਪਣੇ ਆਪ ਨੂੰ ਮੁਸਲਮਾਨਾਂ ਵਿਚ ਹਰਮਨ ਪਿਆਰਾ ਬਣਾਉਣ ਲਈ ਬਾਦਸ਼ਾਹੀ ਨੂੰ ਸ਼ਰ੍ਹਾ ਦੇ ਤਾਬਿਆ ਕਰ ਦਿੱਤਾ। ਉਸ ਦਾ ਹਰ ਕਾਨੂੰਨ ਸ਼ਰ੍ਹਾ ਅਨੁਸਾਰ ਹੋ ਗਿਆ। ਵੱਡੇ-ਵੱਡੇ ਕਾਜ਼ੀ ਤੇ ਮੌਲਵੀ ਉਸ

ਦੇ ਵੱਡੇ ਸਲਾਹਕਾਰ ਬਣ ਗਏ। ਉਨ੍ਹਾਂ ਦੀ ਸਲਾਹ ਅਨੁਸਾਰ ਉਸ ਨੇ ਆਮ ਹਿੰਦੂ ਫ਼ਕੀਰਾਂ ਤੇ ਪ੍ਰਸਿੱਧ ਸੂਫ਼ੀ ਫ਼ਕੀਰ ਸਰਮੱਦ ਵਰਗਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਸ ਦੇ ਜ਼ਾਲਮ-ਪੁਣੇ ਦੀ ਮੁੱਢ ਵਿਚ ਹੀ ਧੁੰਮ ਪੈ ਗਈ ਸੀ ਪਰ ਸ਼ਰ੍ਹਾ ਦਾ ਅਨੁਸਾਰੀ ਬਣ ਕੇ ਉਸ ਨੇ ਜ਼ਾਲਮ-ਪੁਣਾ ਕੇਵਲ ਹਿੰਦੂਆਂ ਲਈ ਰਾਖਵਾਂ ਕਰ ਦਿੱਤਾ। ਇਥੇ ਪਾਲਿਸੀ ਦੇ ਅਧੀਨ ਹੀ ਇਸ ਦੀ ਨਜ਼ਰ ਕੀਰਤਪੁਰ ਸਾਹਿਬ ਵੱਲ ਦੌੜ ਕੇ ਆਈ। ਉਹ ਗੁਰੂ-ਘਰ ਦੀ ਪ੍ਰਤਿਭਾ ਨੂੰ ਖ਼ਤਮ ਕਰਕੇ ਇਕ ਸ਼ਰ੍ਹਾ ਵਿਚ ਸਭਸ ਨੂੰ ਲਿਆਉਣ ਦਾ ਪ੍ਰੋਗਰਾਮ ਤਿਆਰ ਕਰ ਰਿਹਾ ਸੀ। ਸ੍ਰੀ ਗੁਰੂ ਹਰਿਰਾਇ ਜੀ ਨੂੰ ਉਸ ਨੇ ਦਿੱਲੀ ਬੁਲਾਇਆ ਸੀ, ਪਰ ਉਨ੍ਹਾਂ ਆਪ ਜਾਣਾ ਪਸੰਦ ਨਾ ਕੀਤਾ, ਐਪਰ ਔਰੰਗਜ਼ੇਬ ਦੀ ਤਸੱਲੀ ਕਰਨ ਲਈ ਉਨਾਂ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ। ਉਨ੍ਹਾਂ ਰਾਮ ਰਾਇ ਨੂੰ ਇਹੋ ਜਿਹੇ ਸ਼ਬਦਾਂ ਤੇ ਭਾਵ ਨਾਲ ਸਮਝਾਇਆ—"ਦੇਖੋ, ਗੁਰੂ-ਘਰ ਦੀ ਮਹੱਤਤਾ ਤੇ ਉੱਚਤਾ ਨੂੰ ਉਚੇ ਰੱਖਣਾ ਹੈ, ਬਾਦਸ਼ਾਹੀ ਰੋਅਬ ਨਹੀਂ ਮੰਨਣਾ। ਇਹ ਦੁਨਿਆਵੀ ਬਾਦਸ਼ਾਹ ਝੂਠੇ ਬਾਦਸ਼ਾਹ ਹਨ, ਪ੍ਰਭੂ-ਨਾਮ ਤੋਂ ਸੱਖਣੇ, ਆਤਮਕ-ਆਭਾ ਦੇ ਭੇਦ ਨੂੰ ਨਹੀਂ ਜਾਣਦੇ। ਇਹ ਗੁਰੂ ਨਾਨਕ ਸਾਹਿਬ ਦੇ ਸੱਚੇ ਦਰਬਾਰ ਦੀ ਇਕ ਰੱਤੀ ਭਰ ਵੀ ਬਰਾਬਰੀ ਨਹੀਂ ਕਰ ਸਕਦੇ। ਸੋ, ਤਸੱਲੀ ਨਾਲ ਜਾਓ, ਨਿਸ਼ਚਾ ਰੱਖੋ, ਗੁਰੂ ਨਾਨਕ ਸਾਹਿਬ ਜੀ ਨੂੰ ਆਪਣੇ ਅੰਗ-ਸੰਗ ਸਮਝੋ। ਜੋ ਕੁ ਵੀ ਗੁਰੂ ਨਾਨਕ ਦੇਵ ਨੂੰ ਅੰਗ-ਸੰਗ ਜਾਣ ਕੇ ਕਰੋਗੇ, ਜਾਂ ਕਹੋਗੇ ਉਹ ਤਤਕਾਰ-ਰੂਪ ਵਿਚ ਪ੍ਰਗਟ ਹੋ ਜਾਏਗਾ।"

ਗੁਰੂ ਜੀ ਨੇ ਰਾਮਰਾਇ ਨੂੰ ਦਿੱਲੀ ਭੇਜਿਆ। ਔਰੰਗਜ਼ੇਬ ਨੂੰ ਬਹੁਤੀ ਇਹੋ ਗੱਲ ਰੜਕਦੀ ਸੀ ਕਿ ਦਾਰਾ ਸ਼ਿਕੋਹ ਦੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਮੱਦਦ ਕਿਉਂ ਕੀਤੀ। ਪਹਿਲੇ ਤਾਂ ਗੁਰੂ ਜੀ ਨੇ ਦਾਰਾ ਸ਼ਿਕੋਹ ਦੀ ਬੀਮਾਰੀ ਦਾ ਇਲਾਜ ਕੀਤਾ ਤੇ ਫੇਰ ਮਗਰੋਂ ਜਦ ਉਹ ਔਰੰਗਜ਼ੇਬ ਦੇ ਡਰ ਕਾਰਨ ਦਿੱਲੀ ਤੋਂ ਭੱਜਾ ਤਾਂ ਉਸ ਨੂੰ ਬਿਆਸਾ ਤੋਂ ਪਾਰ ਹੋਣ ਵਿਚ ਮੱਦਦ ਕੀਤੀ। ਰਾਮਰਾਇ ਦੇ ਦਿੱਲੀ ਪੁੱਜਦੇ ਹੀ ਪਹਿਲਾਂ ਇਹੋ ਜਿਹੇ ਸਵਾਲ ਕਰਕੇ ਔਰੰਗਜ਼ੇਬ ਆਪਣਾ ਬਾਦਸ਼ਾਹੀ ਰੋਅਬ ਪਾਉਣਾ ਚਾਹੁੰਦਾ ਸੀ, ਪਰ ਵਰ੍ਹਾ-ਛੇ ਮਹੀਨੇ ਉਸ ਦੀ ਕੋਈ ਪੇਸ਼ ਨਾ ਗਈ ਤੇ ਰਾਮਰਾਇ ਦਾ ਹੱਥ ਉਤੇ ਹੀ ਰਿਹਾ। ਬਾਦਸ਼ਾਹੀ ਅਦਬ-ਅਦਾਬ ਨੇ ਹੌਲੀ-ਹੌਲੀ ਰਾਮਰਾਇ ਦੇ ਮਨ ਨੂੰ ਆਪਣੇ ਅਨੁਸਾਰ ਕਰ ਲਿਆ। ਅਖੀਰ ਰਾਮਰਾਇ ਉਖੜ ਗਿਆ ਤੇ ਉਸ ਨੇ ਬਾਦਸ਼ਾਹੀ ਨਾਰਾਜ਼ਗੀ ਦੇ ਡਰ ਤੋਂ ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਉਚਾਰੀ ਧੁਰ ਕੀ ਬਾਣੀ ਨੂੰ ਉਲਟਾ ਦਿੱਤਾ। 'ਮਿਟੀ ਮੁਸਲਮਾਨ' ਦੀ ਥਾਂ 'ਮਿਟੀ ਬੇਈਮਾਨ' ਕਹਿ ਦਿਤਾ। ਇਹ ਕਹਿ ਕੇ ਰਾਮਰਾਇ ਨੇ ਬਾਦਸ਼ਾਹ ਦੀ ਖ਼ੁਸ਼ੀ ਤਾਂ ਪ੍ਰਾਪਤ ਕਰ ਲਈ ਪਰ ਗੁਰੂ-ਪਿਤਾ ਨੂੰ ਆਪਣੇ 'ਤੇ ਨਾਰਾਜ਼ ਕਰ ਲਿਆ। ਆਪਣੀ ਆਕਾਸ਼ 'ਤੇ ਚੜ੍ਹੀ ਜੀਵਨ ਆਭਾ ਨੂੰ ਨੀਵਾਂ ਤੇ ਬਹੁਤ ਨੀਵਾਂ ਕਰ ਲਿਆ। ਰਾਮਰਾਇ ਵੱਡਾ ਹੋਣ ਦੇ ਨਾਤੇ ਪ੍ਰਿਥੀ ਚੰਦ ਵਾਂਗ ਗੁਰਤਾਗੱਦੀ 'ਤੇ ਆਪਣਾ ਹੀ ਹੱਕ ਸਮਝਦਾ ਸੀ। ਇਸ ਘਟਨਾ ਨੇ ਉਸ ਦੀਆਂ ਇਨ੍ਹਾਂ ਸਭ ਆਸਾਂ 'ਤੇ ਪਾਣੀ ਫੇਰ ਦਿੱਤਾ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਫ਼ੁਰਮਾਇਆ—"ਗੁਰੂ ਦੀ ਬਾਣੀ ਦੀ ਬੇਅਦਬੀ ਕਰਨ ਵਾਲਾ ਰਾਮਰਾਇ ਹੁਣ ਸਾਡੇ ਮੱਥੇ ਨਾ ਲਗੇ। ਅਸਾਂ ਉਸ ਨੂੰ ਅੱਜ ਤੋਂ ਤਿਆਗ ਦਿੱਤਾ ਹੈ।" ਇਸ ਮਗਰੋਂ ਰਾਮਰਾਇ ਕੀਰਤਪੁਰ ਸਾਹਿਬ ਆਇਆ। ਗੁਰੂ ਜੀ ਨੇ ਉਸ ਨੂੰ ਮੱਥੇ ਨਾ ਲਾਇਆ ਤੇ ਚਲੇ ਜਾਣ ਦਾ ਹੁਕਮ ਦਿੱਤਾ। ਰਾਮਰਾਇ ਨੇ ਦਿੱਲੀ ਪੁੱਜਦੇ ਹੀ ਬਾਦਸ਼ਾਹੀ ਸ਼ਹਿ 'ਤੇ ਗੁਰੂ ਹੋਣ

ਦਾ ਐਲਾਨ ਕਰ ਦਿੱਤਾ। ਉਸ ਨੇ ਲੋਭ ਦੇ ਕੇ ਕਈ ਗੁਰੂ-ਘਰ ਦੇ ਮਸੰਦ ਆਪਣੇ ਨਾਲ ਗੰਢ ਲਏ। ਕਈ ਨਵੇਂ ਸਿੱਖ ਵੀ ਆਪਣੇ ਮਗਰ ਲਾ ਲਏ। ਪੁਰਾਣੇ ਸਿਦਕੀ ਸਿੱਖਾਂ ਨੇ ਉਸ ਦੀ ਹਰ ਗੱਲ ਤੇ ਹਰ ਲਾਲਚ ਨੂੰ ਠੁਕਰਾ ਦਿੱਤਾ। ਸਭ ਕੁਝ ਜਾਣਦੇ ਹੋਏ ਵੀ ਰਾਮ ਰਾਇ ਗੁਰੂ-ਘਰ ਦੀ ਮਹੱਤਤਾ ਤੋਂ ਅਣਜਾਣ ਬਣ ਗਿਆ। ਜਿਸ ਗੁਰੂ-ਘਰ ਦੀ ਮਹੱਤਤਾ ਨੂੰ ਦਰਸਾਉਣ ਲਈ ਉਹ ਔਰੰਗਜ਼ੇਬ ਕੋਲ ਗਿਆ ਸੀ, ਬਾਦਸ਼ਾਹੀ ਆਦਰ-ਮਾਣ ਅਤੇ ਸਤਿਕਾਰ ਨੇ, ਮਾਇਆ ਦੀ ਲਹਿਰ-ਬਹਿਰ ਨੇ ਉਲਟਾ ਉਸ ਨੂੰ ਉਸੇ ਗੁਰੂ-ਘਰ ਦਾ ਵਿਰੋਧੀ ਬਣਾ ਦਿੱਤਾ।

1661 ਈ. ਦੀ ਦੀਵਾਲੀ 'ਤੇ ਸ੍ਰੀ ਗੁਰੂ ਹਰਿਰਾਇ ਜੀ ਵੱਲੋਂ ਸਿੱਖ ਸੰਗਤਾਂ ਨੂੰ ਸੱਦਾ-ਪੱਤਰ ਭੇਜ ਕੇ ਵੱਡਾ ਇਕੱਠਾ ਕੀਤਾ ਗਿਆ। ਇਸ ਇਕੱਠ ਵਿਚ ਗੁਰੂ ਜੀ ਨੇ ਪ੍ਰਗਟ ਕੀਤਾ ਕਿ ਸਾਡਾ ਪਰਮਾਤਮਾ ਦੀ ਪੁਰੀ ਨੂੰ ਜਾਣ ਦਾ ਸਮਾਂ ਆ ਗਿਆ ਹੈ, ਇਸ ਲਈ ਗੁਰਤਾ ਹੁਣ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਹਵਾਲੇ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਉਮਰ ਉਸ ਸਮੇਂ ਕੇਵਲ ਪੰਜ ਸਾਲ ਤੇ ਦੋ ਕੁ ਮਹੀਨਿਆਂ ਦੀ ਹੀ ਸੀ। ਰਾਮਰਾਇ ਨੂੰ ਸ੍ਰੀ ਗੁਰੂ ਹਰਿਰਾਇ ਜੀ ਨੇ ਭਾਵੇਂ ਛੇਕ ਦਿੱਤਾ ਹੋਇਆ ਸੀ, ਪਰ ਫਿਰ ਵੀ ਉਹ ਬਾਦਸ਼ਾਹ-ਬਲ ਤੇ ਆਪਣੀ ਚਤੁਰ ਬੁੱਧੀ ਦੇ ਸਹਾਰੇ ਇਸ ਗੱਲ ਦਾ ਆਸਵੰਦ ਸੀ ਕਿ ਗੁਰਤਾ-ਗੱਦੀ ਤਾਂ ਜ਼ਰੂਰ ਹੀ ਉਸ ਦੇ ਕਬਜ਼ੇ ਵਿਚ ਆ ਜਾਵੇਗੀ। ਇਸੇ ਕਰਕੇ ਉਸ ਦੇ ਖਰੀਦੇ ਹੋਏ ਮਸੰਦ ਭਾਰੀ ਗਿਣਤੀ ਵਿਚ ਕੀਰਤਪੁਰ ਸਾਹਿਬ ਦੇ ਇਕੱਠ ਵਿਚ ਪੁੱਜੇ। ਮਸੰਦਾਂ ਦਾ ਖ਼ਿਆਲ ਸੀ ਕਿ ਉਹ ਗੁਰੂ ਜੀ ਵੱਲੋਂ ਛੋਟੇ ਸਪੁੱਤਰ ਨੂੰ ਗੁਰਤਾ ਦੇਣ ਦੀ ਰਸਮ ਸਮੇਂ ਗੜਬੜ ਮਚਾ ਦੇਣਗੇ ਤੇ ਗੁਰੂ ਜੀ ਦੇ ਹੁਕਮ ਦੀ ਵਿਰੋਧਤਾ ਕਰਨਗੇ, ਪਰ ਗੁਰੂ ਜੀ ਨੇ ਜਿਉਂ ਹੀ ਗੁਰਤਾ ਆਪਣੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦੇਣ ਦਾ ਐਲਾਨ ਕੀਤਾ ਤਾਂ ਇਨ੍ਹਾਂ ਕਪਟੀ ਮਸੰਦਾਂ ਨੂੰ ਗੁਰੂ ਜੀ ਦੇ ਤੇਜ਼ ਪ੍ਰਤਾਪ ਸਾਹਮਣੇ ਕੁਝ ਵੀ ਬੋਲਣ ਦੀ ਜੁਅੱਰਤ ਨਾ ਪਈ। ਰਾਮਰਾਇ ਦੀਆਂ ਕੁਟਲ ਚਾਲਾਂ ਨੂੰ ਗੁਰੂ ਜੀ ਜਾਣ ਚੁੱਕੇ ਸਨ। ਉਨ੍ਹਾਂ ਸਭ ਸਿੱਖਾਂ ਨੂੰ ਹੁਕਮ ਦੇ ਦਿੱਤਾ ਕਿ ਕੋਈ ਗੁਰੂ ਨਾਨਕ ਸਾਹਿਬ ਦਾ ਸਿੱਖ ਰਾਮਰਾਇ ਦੇ ਮੱਥੇ ਨਾ ਲੱਗੇ, ਨਾ ਉਸ ਦੀ ਸੁਣੇ, ਨਾ ਸੁਣਾਵੇ। ਇਹਨਾਂ ਹੁਕਮਾਂ ਦਾ ਸਿੱਖ ਸੰਗਤਾਂ 'ਤੇ ਗਹਿਰਾ ਅਸਰ ਪਿਆ। ਸਿੱਖ ਸੰਗਤਾਂ ਪਹਿਲਾਂ ਵਾਂਗ ਹੀ ਕੀਰਤਪੁਰ ਸਾਹਿਬ ਵਿਚ ਹੁੰਮ-ਹੁਮਾ ਕੇ ਪੁੱਜਦੀਆਂ ਰਹੀਆਂ।

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥** *(ਪੰਨਾ ੯੬੬)*

ਧੁਰੋਂ ਆਈ ਜੋਤ ਨੇ ਬਾਲਾ ਪ੍ਰੀਤਮ ਦੇ ਹਿਰਦੇ ਵਿਚ ਨਿਵਾਸ ਕਰ ਕੇ ਵੱਡੇ-ਵੱਡੇ ਕੌਤਕ ਕਰਨੇ ਸ਼ੁਰੂ ਕਰ ਦਿੱਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜ਼ਿਕਰ ਇਉਂ ਕੀਤਾ ਹੈ:

**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥**

ਜੋ ਵੀ ਦੁਖਿਆਰਾ ਗੁਰੂ-ਦਰਬਾਰ ਵਿਚ ਆਉਂਦਾ, ਉਸ ਦੀ ਗੁਰੂ ਜੀ ਦੇ ਸਰੂਪ ਦੇ ਦਰਸ਼ਨ ਕਰਨ ਤੇ ਮੁੱਖ ਤੋਂ ਨਿਕਲੇ ਮਿੱਠੇ-ਮਿੱਠੇ ਬਚਨਾਂ ਨੂੰ ਸੁਣਨ ਨਾਲ ਹੀ ਸਰੀਰ ਤੇ ਮਨ ਦੀ ਪੀੜਾ ਦੂਰ ਹੋ ਜਾਂਦੀ। ਧੀਰਜ ਤੇ ਮਿਠਾਸ ਵਾਲੇ ਬਚਨ ਪਹਿਲੇ ਸਤਿਗੁਰੂਆਂ ਵਾਂਗ ਹੀ ਹੁੰਦੇ। ਸਰੀਰ ਭਾਵੇਂ ਬੱਚਿਆਂ ਵਾਂਗ ਸੀ, ਪਰ ਗੱਲ ਕੋਈ ਵੀ ਬੱਚਿਆਂ ਵਾਲੀ ਨਾ ਕਰਦੇ। ਹਰ ਸੁਆਲ

ਦਾ ਜੁਆਬ ਠੀਕ-ਠੀਕ ਦਿੰਦੇ। ਬਾਲਾਂ ਵਾਲੀ ਬੁੱਧੀ ਦਾ ਖ਼ਿਆਲ ਕਰਕੇ, ਸ਼ੰਕਿਆਂ ਨਾਲ ਭਰੇ ਹੋਏ ਅਨੇਕਾਂ ਸਿੱਖ ਤੇ ਮਸੰਦ ਗੁਰੂ-ਦਰਬਾਰ ਵਿਚ ਆਉਂਦੇ, ਪਰ ਬਾਲਾ-ਪ੍ਰੀਤਮ ਦੇ ਦਰਸ਼ਨ ਕਰ ਕੇ, ਨਿੱਕੇ ਜਿਹੇ ਮੁਖੜੇ ਵਿਚੋਂ ਸੁੰਦਰ ਤੇ ਭਾਵ-ਪੂਰਤ ਸ਼ਬਦ ਸੁਣ-ਸੁਣ ਕੇ ਗਦ-ਗਦ ਹੋ ਜਾਂਦੇ। ਆਪਣੇ ਆਪ ਹੀ ਉਨ੍ਹਾਂ ਦੇ ਮੂੰਹੋਂ—'ਧੰਨ ਗੁਰੂ ਨਾਨਕ', 'ਧੰਨ ਗੁਰੂ ਨਾਨਕ' ਦੀ ਗੂੰਜ ਉੱਠ ਪੈਂਦੀ। 'ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ' ਇਸ ਦਾ ਜਾਪ ਕਰਨ ਲੱਗ ਜਾਂਦੇ।

ਰਾਮ ਰਾਇ ਦਿੱਲੀ ਵਿਚ ਬੈਠਾ ਸੀ। ਬੜੇ ਹੱਥ-ਪੈਰ ਮਾਰਨ 'ਤੇ ਵੀ ਨਾ ਗੁਰੂ ਜੀ ਨੇ ਉਸ ਨੂੰ ਮੱਥੇ ਲਾਉਣਾ ਮੰਨਿਆ ਤੇ ਨਾ ਹੀ ਉਸ ਦੇ ਮਸੰਦਾਂ ਦੀਆਂ ਚਾਲਾਂ ਦਾ ਸਿੱਖਾਂ ਉੱਤੇ ਕੋਈ ਅਸਰ ਹੋਇਆ। ਹੁਣ ਉਸ ਨੇ ਕਹਿਣਾ ਸ਼ੁਰੂ ਕੀਤਾ ਕਿ ਮੇਰਾ ਪੰਜ ਸਾਲ ਦਾ ਛੋਟਾ ਭਰਾ ਗੁਰਤਾ-ਗੱਦੀ ਦੇ ਮਹਾਨ ਕਾਰਜਾਂ ਨੂੰ ਨਿਭਾ ਨਹੀਂ ਸਕੇਗਾ। ਸਭ ਕੁਝ ਜਾਣਦਿਆਂ ਵੀ ਉਹ ਗਿਲਾ ਕਰੀ ਜਾ ਰਿਹਾ ਸੀ ਕਿ ਗੁਰੂ-ਪਿਤਾ ਨੇ ਪੰਜ ਸਾਲ ਦੇ ਬੱਚੇ ਨੂੰ ਗੁਰਤਾ ਦੇਣ ਲੱਗੇ ਕੀ ਸੋਚਿਆ ਹੈ। ਉਸ ਦੇ ਮਸੰਦ ਵੀ ਅੱਡੀ-ਚੋਟੀ ਦਾ ਜ਼ੋਰ ਲਾਉਣ ਲੱਗ ਪਏ, ਪਰ ਅਸਲੀ ਸੋਨੇ ਨੂੰ ਨਕਲੀ ਤੇ ਨਕਲੀ ਨੂੰ ਅਸਲੀ ਕੋਈ ਕਿਵੇਂ ਬਣਾ ਸਕਦਾ ਸੀ! ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਤਾਪ ਦਿਨ-ਬ-ਦਿਨ ਵੱਧਦਾ ਹੀ ਗਿਆ। ਕਈ ਸਿੱਖਾਂ ਨੂੰ ਰਾਮਰਾਇ ਨੇ ਉਚੇਚੇ ਸੁਨੇਹੇ ਦੇ ਕੇ ਮਿਲਣ ਦਾ ਸੱਦਾ ਦਿੱਤਾ, ਪਰ ਕੋਈ ਵੀ ਉਸ ਦੇ ਆਖੇ ਨਾ ਲੱਗਾ।

ਇਹ ਵੇਖ ਰਾਮਰਾਇ ਨੇ ਔਰੰਗਜ਼ੇਬ ਨੂੰ ਕਿਹਾ, "ਮੇਰਾ ਹੱਕ ਤੁਹਾਡੇ ਸਾਹਮਣੇ ਜਬਰੀ ਮੇਰੇ ਛੋਟੇ ਭਰਾ ਨੂੰ ਦੇ ਦਿੱਤਾ ਗਿਆ ਹੈ। ਤੁਸੀਂ ਮੇਰੀ ਮਦਦ ਕਰੋ, ਤਾਂ ਮੈਂ ਗੱਦੀ 'ਤੇ ਕਾਬਜ਼ ਹੋ ਸਕਦਾ ਹਾਂ।"

ਔਰੰਗਜ਼ੇਬ ਤਾਂ ਅੱਗੇ ਹੀ ਗੁਰੂ-ਘਰ ਦੇ ਜਲੌ ਨੂੰ ਖ਼ਤਮ ਕਰਨ ਦਾ ਚਾਹਵਾਨ ਸੀ। ਜਿੰਨਾ ਚਿਰ ਰਾਮ ਰਾਇ ਉਸ ਦੇ ਅਸਰ ਥੱਲੇ ਨਹੀਂ ਸੀ ਆਇਆ, ਓਨਾ ਚਿਰ ਉਹ ਉਸ ਕੋਲੋਂ ਡਰਦਾ ਰਿਹਾ, ਪਰ ਹੁਣ ਉਸ ਵਲੋਂ ਉਹ ਬੇਖਟਕ ਹੋ ਚੁੱਕਾ ਸੀ। ਰਾਮਰਾਇ ਦੇ ਕਹਿਣ 'ਤੇ ਉਸ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਬੁਲਾ ਕੇ ਰਾਮਰਾਇ ਦੀ ਅਰਜ਼ੀ 'ਤੇ ਵਿਚਾਰ ਕਰਨਾ ਮੰਨ ਲਿਆ।

ਮਿਰਜ਼ਾ ਰਾਜਾ ਜੈ ਸਿੰਘ ਨੂੰ ਔਰੰਗਜ਼ੇਬ ਨੇ ਇਸ ਕੰਮ ਲਈ ਮੁਕੱਰਰ ਕਰ ਦਿੱਤਾ ਕਿ ਉਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਆਪ ਜਾ ਕੇ ਬੜੇ ਅਦਬ-ਸਤਿਕਾਰ ਨਾਲ ਦਿੱਲੀ ਲਿਆਵੇ। ਰਾਜਾ ਜੈ ਸਿੰਘ ਕੀਰਤਪੁਰ ਸਾਹਿਬ ਪੁੱਜਾ ਤੇ ਉਸ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਚੱਲਣ ਲਈ ਬੇਨਤੀ ਕੀਤੀ ਤੇ ਬਾਦਸ਼ਾਹ ਦੀ ਇੱਛਾ ਪ੍ਰਗਟ ਕੀਤੀ ਕਿ ਉਹ ਤੁਹਾਨੂੰ ਮਿਲਣਾ ਚਾਹੁੰਦਾ ਹੈ। ਗੁਰੂ ਜੀ ਨੇ ਬਾਦਸ਼ਾਹ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ, "ਅਸੀਂ ਬਾਦਸ਼ਾਹ ਦੇ ਸੱਦੇ 'ਤੇ ਨਹੀਂ ਜਾਵਾਂਗੇ।" ਰਾਜਾ ਜੈ ਸਿੰਘ ਦੇ ਦੀਵਾਨ ਪਰਸ ਰਾਮ ਨੇ ਦਿੱਲੀ ਦੇ ਸਿੱਖਾਂ ਵੱਲੋਂ ਬੇਨਤੀ ਕੀਤੀ ਕਿ ਉਹ ਦਿੱਲੀ ਦੇ ਸਿੱਖਾਂ ਨੂੰ ਜ਼ਰੂਰ ਦਰਸ਼ਨ ਦੇਣ ਤਾਂ ਗੁਰੂ ਜੀ ਨੇ ਸਿੱਖਾਂ ਦੀ ਬੇਨਤੀ ਮੰਨ ਕੇ ਦਿੱਲੀ ਜਾਣਾ ਪਰਵਾਨ ਕਰ ਲਿਆ, ਪਰ ਤੁਰਕ ਦੇ ਮੱਥੇ ਨਹੀਂ ਲੱਗਣਾ, ਇਸ ਗੱਲ ਨੂੰ ਉਨ੍ਹਾਂ ਫਿਰ ਦੁਹਰਾ ਦਿੱਤਾ।

1663 ਈ. ਦੀ ਬਸੰਤ ਪੰਚਮੀ ਵਾਲੇ ਦਿਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕੀਰਤਪੁਰ ਸਾਹਿਬ ਤੋਂ ਤਿਆਰ ਹੋ ਕੇ ਤੁਰ ਪਏ। ਕੀਰਤਪੁਰ ਸਾਹਿਬ ਦੀ ਸੰਗਤ ਬਿਹਬਲ ਹੋ ਉੱਠੀ। ਗੁਰੂ

ਜੀ ਦੇ ਨਾਲ ਕੇਵਲ ਪੰਜਾਹ ਕੁ ਸਵਾਰ ਤੇ ਕੁਝ ਹਜ਼ੂਰੀ ਸਿੱਖਾਂ ਨੇ ਹੀ ਜਾਣਾ ਸੀ ਪਰ ਜਿਸ ਨੂੰ ਵੀ ਇਹ ਖ਼ਬਰ ਮਿਲੀ, ਉਹ ਘਰ ਨਾ ਰਹਿ ਸਕਿਆ ਤੇ ਗੁਰੂ ਜੀ ਦੇ ਨਾਲ ਹੀ ਤੁਰ ਪਿਆ। ਵੈਰਾਗ ਤੇ ਪ੍ਰੇਮ ਦਾ ਸਮੁੰਦਰ ਠਾਠਾਂ ਮਾਰਨ ਲੱਗਾ। ਗੁਰੂ ਜੀ ਦੇ ਵਰਜਣ 'ਤੇ ਵੀ ਕੋਈ ਵਾਪਸ ਨਾ ਮੁੜੇ ਤੇ ਪੰਜੋਖਰੇ ਨਗਰ ਤਕ ਸੰਗਤਾਂ ਦਾ ਜਲੂਸ ਨਾਲ ਹੀ ਤੁਰੀ ਗਿਆ।

ਇਥੋਂ ਸੰਗਤ ਵੈਰਾਗ ਦੇ ਹੰਝੂਆਂ ਨਾਲ ਵਾਪਸ ਮੁੜੀ। ਏਸੇ ਨਗਰ ਦੇ ਲਾਲ ਚੰਦ ਪੰਡਤ ਨੂੰ ਗੁਰੂ ਜੀ ਨੇ ਗੁੰਗੇ ਝੀਵਰ ਕੋਲੋਂ ਗੀਤਾ ਦੇ ਅਰਥ ਕਰਾ ਕੇ ਸਮਝਾਏ ਤੇ ਉਸ ਨੂੰ ਸਿੱਖ ਬਣਾਇਆ। ਪੰਡਤ ਦੇ ਸ਼ੰਕੇ ਨੂੰ ਗੁਰੂ ਜੀ ਨੇ ਨਿਵਿਰਤ ਕੀਤਾ ਤਾਂ ਉਹ ਗੁਰੂ ਜੀ ਦੀ ਚਰਨੀਂ ਲੱਗਾ ਤੇ ਸਿੱਖ ਬਣਿਆ।

ਦਿੱਲੀ ਪੁੱਜ ਕੇ ਗੁਰੂ ਜੀ ਨੇ ਰਾਜਾ ਜੈ ਸਿੰਘ ਦੇ ਮਹੱਲ ਦੇ ਬਾਹਰ ਡੇਰਾ ਲਾਇਆ। ਇਸੇ ਥਾਂ ਅੱਜ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਸੁਸ਼ੋਭਿਤ ਹੈ।

ਓਧਰ ਰਾਜਾ ਜੈ ਸਿੰਘ ਦੀ ਬੇਨਤੀ ਮੰਨ ਕੇ ਗੁਰੂ ਜੀ ਰਾਜੇ ਦੇ ਮਹੱਲ ਵਿਚ ਗਏ। ਉਥੇ ਅਸਲੀ ਰਾਣੀ ਨੇ ਗੋਲੀ ਦੇ ਕੱਪੜੇ ਤੇ ਗੋਲੀ ਨੇ ਰਾਣੀ ਦੇ ਕੱਪੜੇ ਪਾ ਕੇ, ਰੰਗ-ਰੂਪ ਵਟਾ ਲਿਆ। ਰਾਣੀ ਤਾਂ ਕਪੜਿਆਂ ਤੇ ਗਹਿਣਿਆਂ ਤੋਂ ਹੀ ਪ੍ਰਤੀਤ ਹੋਣੀ ਸੀ। ਮਨਮੋਹਣੀ ਸੂਰਤ ਵਾਲੇ ਗੁਰੂ ਜੀ ਰਾਣੀ ਦੀ ਪਰਖ ਲਈ ਓਥੇ ਜਾ ਪੁੱਜੇ।

ਇਸ ਸਮੇਂ ਰਾਜਾ ਤਾਂ ਨਾ ਬੋਲਿਆ, ਪਰ ਦੀਵਾਨ ਪਰਸ ਰਾਮ ਨੇ ਕਿਹਾ, "ਹੇ ਸੁੰਦਰ ਤੇ ਮਨਮੋਹਣੇ ਭਗਵਾਨ ਰੂਪ ਗੁਰਦੇਵ ਜੀਓ ! ਇਹਨਾਂ ਵਿਚੋਂ ਭਲਾ ਪਛਾਣੋ ਖਾਂ, ਰਾਣੀ ਤੇ ਪਟਰਾਣੀ ਕਿਹੜੀ ਹੈ ?"

ਸਤਿਗੁਰੂ ਜੀ ਮੁਸਕਰਾ ਪਏ। ਇਸ ਮੁਸਕਰਾਹਟ ਨੇ ਗੁਰੂ ਜੀ ਦੇ ਸੁੰਦਰ ਸਰੂਪ ਨੂੰ ਹੋਰ ਵੀ ਮਨਮੋਹਣਾ ਬਣਾ ਦਿੱਤਾ। ਸਭ ਦਾਸੀਆਂ ਤੇ ਰਾਣੀਆਂ ਇਕ ਟਕ ਗੁਰੂ ਜੀ ਦੇ ਸੁੰਦਰ ਮੁੱਖ ਤੇ ਸੁਰੀਲੀ ਆਵਾਜ਼ ਨੂੰ ਸੁਣਨ ਲਈ ਬੁੱਤ ਬਣ ਕੇ ਬੈਠ ਗਈਆਂ। ਗੁਰੂ ਜੀ ਦੇ ਹੱਥ ਵਿਚ ਇਕ ਨਿੱਕੀ ਜਿਹੀ ਛੜੀ ਸੀ। ਉਹ ਜਿਉਂ ਹੀ ਰਾਣੀਆਂ ਤੇ ਦਾਸੀਆਂ ਨੂੰ ਵੇਖਣ ਲਈ ਉਹਨਾਂ ਦੀ ਕਤਾਰ ਵੱਲ ਅੱਗੇ ਵਧੇ ਤਾਂ ਪਹਿਲੀ ਜੋ ਦਾਸੀ ਸੀ, ਪਰ ਰਾਣੀ ਦੇ ਭੇਸ ਵਿਚ ਸੀ, ਉਸ ਦੇ ਸਿਰ 'ਤੇ ਛੜੀ ਰੱਖ ਕੇ ਬੋਲੇ, "ਇਹ ਵੀ ਰਾਣੀ ਨਹੀਂ।" ਇਹੋ ਕਹਿੰਦੇ-ਕਹਿੰਦੇ ਅੱਗੇ-ਅੱਗੇ ਤੁਰੀ ਗਏ। ਛੜੀ ਸਭ ਦੇ ਸਿਰ 'ਤੇ ਰੱਖਦੇ ਗਏ। ਜਿਸ ਦੇ ਸਿਰ 'ਤੇ ਰੱਖਦੇ, ਉਸ ਵੱਲ ਵੇਖਦੇ ਤੇ ਬੋਲਦੇ, "ਇਹ ਵੀ ਰਾਣੀ ਨਹੀਂ।" ਜਦ ਇਉਂ ਕਹਿੰਦੇ-ਕਹਿੰਦੇ ਠੀਕ ਪਟਰਾਣੀ ਕੋਲ ਪੁੱਜੇ ਜੋ ਦਾਸੀਆਂ ਦੇ ਕੱਪੜੇ ਪਾ ਕੇ ਸਾਧਾਰਨ ਰੂਪ ਵਿਚ ਬੈਠੀ ਸੀ, ਝਟ ਹੀ ਉਸ ਦੀ ਗੋਦੀ ਵਿਚ ਬੈਠ ਕੇ ਬਰੀਕ ਤੇ ਸੁਰੀਲੀ ਆਵਾਜ਼ ਵਿਚ ਬੋਲੇ, "ਤੁਸੀਂ ਰਾਣੀ ਹੀ ਹੋ, ਲੁਕੋ ਨਾ! ਮੈਂ ਲੱਭ ਲਿਆ ਹੈ।"

ਗੁਰੂ ਜੀ ਦੀ ਇਸ ਸੁੰਦਰ ਆਵਾਜ਼ ਤੇ ਰਾਣੀ ਲੱਭਣ ਦੀ ਗੱਲ ਨੇ ਸਭ ਦੇ ਮਨ ਮੋਹ ਲਏ। ਇਸ ਤੋਂ ਬਾਅਦ ਗੁਰੂ ਜੀ ਨੂੰ ਇਕ ਸੁੰਦਰ ਪਲੰਘ ਉੱਤੇ ਬਿਠਾਇਆ ਗਿਆ। ਇਹ ਕੌਤਕ ਕਰ ਗੁਰੂ ਜੀ ਮਹਿਲਾਂ ਤੋਂ ਪਰਤ ਆਏ।

ਨਿਰਵੈਰ ਸਤਿਗੁਰੂ ਜੀ ਨੇ ਤਾਂ ਆਪਣੇ ਸੱਚ ਦੇ ਰਸਤੇ 'ਤੇ ਚਲਦੇ ਹੀ ਜਾਣਾ ਸੀ, ਸੋ ਉਹ ਚਲਦੇ ਗਏ। ਸਤਿਨਾਮ ਦੇ ਸਿਮਰਨ ਤੇ ਸੱਚ ਦੇ ਰਸਤੇ 'ਤੇ ਚੱਲਣ ਲਈ ਬਾਲਾ ਗੁਰੂ

ਜੀ ਸਭ ਲੋਕਾਈ ਨੂੰ ਪ੍ਰੇਰਦੇ ਗਏ। ਉਹ ਰੱਬ ਦੀ ਖਲਕਤ ਦੇ ਦੁੱਖਾਂ ਨੂੰ ਦੂਰ ਕਰਕੇ, ਸਭ ਨੂੰ ਸੁਖੀ ਕਰਦੇ ਗਏ। ਇਉਂ ਸੱਚ ਦਾ ਪ੍ਰਚਾਰ ਕਰਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਦੀ ਤਾਂ ਜੈ-ਜੈ ਕਾਰ ਹੋਣੀ ਹੀ ਸੀ, ਪਰ ਨਿਰਵੈਰ ਸਤਿਗੁਰੂ ਜੀ ਦੇ ਵਿਰੋਧੀ ਰਾਮ ਰਾਇ ਦੀ ਨਿੰਦਿਆ ਵੀ ਹੋਣ ਲੱਗ ਪਈ। ਸਭ ਉਸ ਨੂੰ ਈਰਖਾਲੂ, ਪ੍ਰਭੁਤਾ ਦਾ ਲੋਭੀ ਤੇ ਗੁਰੂ-ਘਰ ਦਾ ਵੱਡਾ ਵਿਰੋਧੀ ਜਾਣਨ ਲੱਗ ਗਏ। ਜਿਉਂ-ਜਿਉਂ ਰਾਮਰਾਇ ਨੇ ਬਾਲਾ ਪ੍ਰੀਤਮ ਨੂੰ ਉਮਰ ਵਿਚ ਛੋਟਾ ਤੇ ਗੁਰਤਾ ਦੇ ਲਾਇਕ ਨਾ ਹੋਣ ਬਾਰੇ ਦੱਸਣ ਦਾ ਯਤਨ ਕੀਤਾ, ਲੋਕ ਸਗੋਂ ਉਸ ਦੇ ਉਲਟ ਹੁੰਦੇ ਗਏ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਦਿੱਲੀ ਵਿਖੇ ਜਦ ਆਪਣੇ ਅੰਤਿਮ ਸਮੇਂ ਬਾਰੇ ਬਚਨ ਕਹੇ ਤਾਂ ਸੰਗਤ ਨੇ ਅਗਲੇ ਗੁਰੂ ਬਾਰੇ ਸਵਾਲ ਕੀਤਾ। ਗੁਰੂ ਜੀ ਨੇ ਫੁਰਮਾਇਆ, "ਬਾਬਾ ਬਕਾਲੇ!" ਸੰਗਤ ਅਗਲੇ ਗੁਰੂ ਬਾਰੇ ਸਮਝ ਗਈ।

ਗੁਰੂ ਜੀ ਨੇ ਸਿੱਖਾਂ ਨੂੰ ਸ਼ਬਦ-ਕੀਰਤਨ ਕਰਨ ਦਾ ਹੁਕਮ ਦਿੱਤਾ। ਸਿੱਖ ਸ਼ਬਦ-ਕੀਰਤਨ ਕਰਨ ਵਿਚ ਲੱਗ ਗਏ। ਸਤਿਗੁਰੂ ਜੀ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਗੁਰਪੁਰੀ ਚਲੇ ਗਏ।

(7/1974)

# ਹਰਿਕ੍ਰਿਸ਼ਨ ਭਯੋ ਅਸਟਮ ਬਲ ਬੀਰਾ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ 7 ਜੁਲਾਈ, 1656 ਈ. ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਘਰ 'ਸ਼ੀਸ਼ ਮਹਿਲ' ਕੀਰਤਪੁਰ ਸਾਹਿਬ ਵਿਖੇ ਹੋਇਆ। ਰਾਮਰਾਇ ਆਪ ਜੀ ਦਾ ਵੱਡਾ ਭਰਾ ਸੀ, ਜੋ ਬਹੁਤ ਹੀ ਚੁਸਤ-ਚਲਾਕ ਤੇ ਮੱਕਾਰ ਨੀਤੀ-ਵੇਤਾ ਸੀ। ਗੁਰੂ-ਘਰ ਦੇ ਕੁਝ ਮਸੰਦਾਂ ਨਾਲ ਵੀ ਉਸ ਦਾ ਰਾਬਤਾ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਵੱਡਾ ਸਪੁੱਤਰ ਹੋਣ ਕਰਕੇ ਉਹ ਹਰ ਤਰ੍ਹਾਂ ਆਪਣੇ ਆਪ ਨੂੰ ਗੁਰਗੱਦੀ ਦੇ ਯੋਗ ਤੇ ਵਿਰਾਸਤੀ ਹੱਕਦਾਰ ਸਮਝਦਾ ਸੀ।

ਜਦ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਬੁਲਾਇਆ ਤਾਂ ਗੁਰੂ ਜੀ ਨੇ ਰਾਮਰਾਇ ਨੂੰ ਬਾਦਸ਼ਾਹ ਨੂੰ ਮਿਲਣ ਹਿੱਤ ਭੇਜਿਆ। ਰਾਮਰਾਇ ਨੂੰ ਸਖਤ ਹਦਾਇਤ ਕੀਤੀ ਗਈ ਕਿ ਗੁਰੂ-ਘਰ ਦੇ ਆਸ਼ੇ ਵਿਰੁੱਧ ਕੋਈ ਗੱਲ ਨਾ ਕਰਨੀ ਤੇ ਨਾ ਹੀ ਮੰਨਣੀ, ਭਾਵੇਂ ਇਸ ਬਦਲੇ ਕਿਤਨੀ ਵੀ ਕੀਮਤ ਕਿਉਂ ਨਾ ਚੁਕਾਉਣੀ ਪਵੇ। ਰਾਮਰਾਇ ਜਦ ਬਾਦਸ਼ਾਹ ਨੂੰ ਮਿਲਿਆ ਤਾਂ ਉਸ ਨੇ ਬਾਦਸ਼ਾਹ ਦੀ ਖ਼ੁਸ਼ੀ ਹਾਸਲ ਕਰਨ ਲਈ ਬਾਦਸ਼ਾਹ ਦੀ ਬਹੁਤ ਖੁਸ਼ਾਮਦ ਕੀਤੀ। ਉਸ ਨੇ ਬਹੁਤ ਕੁਝ ਗੁਰੂ-ਆਸ਼ੇ ਵਿਰੁੱਧ ਬੋਲਿਆ, ਇੱਥੋਂ ਤਕ ਕਿ ਗੁਰੂ ਨਾਨਕ ਸਾਹਿਬ ਦੀ ਪਾਵਨ ਬਾਣੀ ਦੀ ਪੰਕਤੀ "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ" ਬਦਲ ਕੇ "ਮਿਟੀ ਬੇਈਮਾਨ ਕੀ..." ਪੜ੍ਹੀ ਤੇ ਕਿਹਾ ਕਿ ਅਜਿਹਾ ਲਿਖਣ ਵਾਲੇ ਦੀ ਗਲਤੀ ਨਾਲ ਹੋਇਆ ਹੈ। ਰਾਮਰਾਇ ਨੇ ਕਿਹਾ ਅਸਲ ਸ਼ਬਦ 'ਮੁਸਲਮਾਨ' ਨਹੀਂ 'ਬੇਈਮਾਨ' ਹੈ। ਇਹ ਗੁਰਬਾਣੀ ਦਾ ਘੋਰ ਅਪਮਾਨ ਸੀ ਜਿਸ ਦੀ ਕਿਸੇ ਸਿੱਖ ਪਾਸੋਂ ਆਸ ਨਹੀਂ ਕੀਤੀ ਜਾ ਸਕਦੀ ਸੀ। ਜਦ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਰਾਮਰਾਇ ਦੀ ਇਸ ਮਾੜੀ ਹਰਕਤ ਦਾ ਪਤਾ ਲੱਗਾ ਤਾਂ ਉਨ੍ਹਾਂ ਹੁਕਮ ਕਰ ਦਿੱਤਾ ਕਿ ਸਾਡੇ ਮੱਥੇ ਨਹੀਂ ਲੱਗਣਾ। ਗੁਰੂ ਜੀ ਨੇ ਸਿੱਖ ਸੰਗਤ ਨੂੰ ਆਦੇਸ਼ ਕੀਤਾ ਕਿ ਰਾਮਰਾਇ ਨਾਲ ਕਿਸੇ ਤਰ੍ਹਾਂ ਦਾ ਵਰਤੋਂ-ਵਿਹਾਰ, ਮੇਲ-ਜੋਲ, ਬੋਲ-ਚਾਲ ਨਾ ਕਰਨ। ਸਿੱਖ ਸੰਗਤ ਨੇ ਗੁਰੂ-ਹੁਕਮ ਨੂੰ ਸਤਿ ਕਰ ਮੰਨਿਆ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਆਇਆ ਜਾਣ, ਗੁਰ-ਗੱਦੀ ਦੀ ਮਹਾਨ ਜ਼ਿੰਮੇਵਾਰੀ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਸੌਂਪ ਦਿੱਤੀ। ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪਣ ਤੋਂ ਪਹਿਲਾਂ ਸ੍ਰੀ ਗੁਰੂ ਹਰਿਰਾਇ ਜੀ ਨੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਹਦਾਇਤ ਕੀਤੀ ਕਿ ਬਾਦਸ਼ਾਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਾ। ਗੁਰਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਉਮਰ ਕੇਵਲ ਪੰਜ ਸਾਲ ਤੇ ਕੁਝ ਮਹੀਨੇ ਦੀ ਸੀ। ਗੁਰੂ ਨਾਨਕ-ਜੋਤਿ ਦੇ ਉਤਰ-ਅਧਿਕਾਰੀ ਬਣਨ ਲਈ ਸੰਸਾਰਿਕ ਉਮਰ, ਰਿਸ਼ਤੇ ਤੇ ਵਿਰਾਸਤ ਦਾ ਕੋਈ ਸੰਬੰਧ ਨਹੀਂ। ਗੁਰੂ-ਘਰ ਵਿਚ ਯੋਗਤਾ ਹੀ ਪ੍ਰਧਾਨ ਹੈ। ਸ੍ਰੀ ਗੁਰੂ ਹਰਿਰਾਇ

ਸਾਹਿਬ ਜੀ ਦੇ ਅਕਾਲ ਚਲਾਣੇ ਤੋਂ ਪਿੱਛੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਸਿੱਖ ਸੰਗਤਾਂ ਗੁਰੂ-ਦਰਸ਼ਨ ਕਰ ਨਿਹਾਲ ਹੁੰਦੀਆਂ। ਗੁਰੂ ਜੀ ਨਿੱਤ ਸੰਗਤਾਂ ਨੂੰ ਅਧਿਆਤਮਕ ਉਪਦੇਸ਼ ਦਿੰਦੇ, ਸ਼ੰਕੇ ਨਵਿਰਤ ਕਰਦੇ ਅਤੇ ਨਾਮ-ਦਾਨ ਦੀਆਂ ਬਖ਼ਸ਼ਿਸ਼ਾਂ ਕਰਦੇ। ਗੁਰੂ ਜੀ ਨੇ ਪ੍ਰਚਾਰ ਹਿੱਤ ਮਸੰਦਾਂ ਦੀਆਂ ਡਿਊਟੀਆਂ ਵੱਖ-ਵੱਖ ਇਲਾਕਿਆਂ ਵਿਚ ਲਾਈਆਂ।

ਰਾਮਰਾਇ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਵਿਰੋਧਤਾ ਹੋਣੀ ਸੁਭਾਵਿਕ ਸੀ, ਕਿਉਂਕਿ ਰਾਮਰਾਇ ਆਪਣੇ ਆਪ ਨੂੰ ਹਰ ਤਰ੍ਹਾਂ ਗੁਰਗੱਦੀ ਦੇ ਯੋਗ ਸਮਝਦਾ ਸੀ। ਗੁਰਗੱਦੀ ਦੀਆਂ ਰਸਮਾਂ ਸਮੇਂ ਰਾਮਰਾਇ ਦਿੱਲੀ ਵਿਚ ਸੀ। ਰਾਮਰਾਇ ਨਾਲ ਕੁਝ ਮਸੰਦਾਂ ਦੇ ਹੱਥ ਤਾਂ ਪਹਿਲਾਂ ਹੀ ਰਲੇ ਹੋਏ ਸਨ ਤੇ ਕੁਝ ਉਸ ਨੇ ਲਾਲਚ ਦੇ ਕੇ ਆਪਣੇ ਨਾਲ ਹੋਰ ਕਰ ਲਏ। ਮਸੰਦਾਂ ਨੂੰ ਰਾਮਰਾਇ ਨੇ ਕਿਹਾ ਕਿ ਉਹ ਦੂਰ-ਨੇੜੇ ਜਾ ਕੇ ਇਹ ਪ੍ਰਚਾਰ ਕਰਨ ਕਿ ਸਿੱਖਾਂ ਦੇ ਅੱਠਵੇਂ ਗੁਰੂ ਰਾਮਰਾਇ ਹਨ। ਮਸੰਦਾਂ ਨੇ ਅਜਿਹਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਦਸਵੰਧ ਇਕੱਠਾ ਕਰ ਕੁਝ ਆਪ ਛਕਦੇ ਤੇ ਕੁਝ ਰਾਮਰਾਇ ਨੂੰ ਭੇਜ ਦਿੰਦੇ। ਇਸ ਤਰ੍ਹਾਂ ਕੁਝ ਸਮਾਂ ਤਾਂ ਚੱਲਦਾ ਰਿਹਾ ਪਰ ਝੂਠ ਦੀ ਦੁਕਾਨ ਕਿਤਨਾ ਕੁ ਚਿਰ ਚਲ ਸਕਦੀ ਸੀ ? ਸਿੱਖ ਸੰਗਤਾਂ ਨੂੰ ਜਦ ਰਾਮਰਾਇ ਦੀਆਂ ਕੁਚਾਲਾਂ ਦਾ ਪਤਾ ਚਲਿਆ ਤਾਂ ਉਨ੍ਹਾਂ ਰਾਮਰਾਇ ਨੂੰ ਗੁਰੂ ਮੰਨਣੋਂ ਇਨਕਾਰ ਕਰ ਦਿੱਤਾ।

ਰਾਮਰਾਇ ਆਪਣੀ ਪੇਸ਼ ਨਾ ਚੱਲਦੀ ਦੇਖ ਬਾਦਸ਼ਾਹ ਦੇ ਦਰਬਾਰ ਵਿਚ ਫਰਿਆਦੀ ਹੋਇਆ ਤੇ ਕਿਹਾ ਕਿ "ਮੈਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਵੱਡਾ ਸਪੁੱਤਰ ਹਾਂ ਇਸ ਕਰਕੇ ਗੁਰਗੱਦੀ 'ਤੇ ਮੇਰਾ ਹੱਕ ਹੈ। ਮੇਰਾ ਹੱਕ ਮਾਰ ਕੇ (ਸ੍ਰੀ ਗੁਰੂ) ਹਰਿਕ੍ਰਿਸ਼ਨ (ਸਾਹਿਬ) ਨੂੰ ਗੁਰਗੱਦੀ ਸੌਂਪੀ ਗਈ ਹੈ। ਮੈਨੂੰ ਮੇਰਾ ਹੱਕ ਮਿਲਣਾ ਚਾਹੀਦਾ ਹੈ। ਮੇਰਾ ਕਸੂਰ ਸਿਰਫ ਇਹੀ ਹੈ ਕਿ ਮੈਂ ਆਪ ਜੀ ਦਾ ਵਫ਼ਾਦਾਰ ਹਾਂ। ਮੇਰੇ ਪਿਤਾ ਜੀ ਅਰੰਭ ਤੋਂ ਹੀ ਤੁਹਾਡੇ ਵਿਰੁੱਧ ਸਨ ਤੇ ਉਨ੍ਹਾਂ ਨੇ ਮੇਰੇ ਛੋਟੇ ਭਾਈ (ਸ੍ਰੀ ਗੁਰੂ) ਹਰਿਕ੍ਰਿਸ਼ਨ (ਸਾਹਿਬ) ਨੂੰ ਗੁਰਗੱਦੀ ਦੇਣ ਸਮੇਂ ਇਹ ਆਦੇਸ਼ ਕੀਤਾ ਹੈ ਕਿ ਉਹ ਤੁਹਾਡੇ ਮੱਥੇ ਨਾ ਲੱਗੇ।"

ਔਰੰਗਜ਼ੇਬ, ਜੋ ਬਹੁਤ ਹੀ ਚਾਲਬਾਜ਼ ਸੀ, ਨੇ ਸੋਚਿਆ ਜੇਕਰ ਗੁਰਗੱਦੀ ਮੇਰੇ ਵਫ਼ਾਦਾਰ ਰਾਮਰਾਇ ਨੂੰ ਮਿਲ ਜਾਵੇ ਤਾਂ ਮੈਂ ਧਰਮ ਪਰਿਵਰਤਨ ਸ਼ਾਂਤੀ ਪੂਰਵਕ ਢੰਗ ਨਾਲ ਕਰ ਸਕਾਂਗਾ ਤੇ ਜੇਕਰ ਕੋਈ ਸਮਝੌਤਾ ਨਾ ਹੋਵੇ ਤਾਂ ਇਨ੍ਹਾਂ ਦੋਹਾਂ ਭਰਾਵਾਂ ਵਿਚ ਝਗੜਾ ਰਹੇਗਾ, ਜਿਸ ਦਾ ਮੈਨੂੰ ਹੀ ਫਾਇਦਾ ਹੈ। ਇਹ ਸੋਚ ਕੇ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਆਉਣ ਲਈ ਬੁਲਾਵਾ ਭੇਜਿਆ। ਇਧਰ ਰਾਮਰਾਇ ਨੇ ਸੋਚਿਆ ਕਿ ਜੇਕਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਆ ਕੇ ਬਾਦਸ਼ਾਹ ਨੂੰ ਮਿਲਦੇ ਹਨ ਤਾਂ ਮੈਂ ਸਿੱਖ ਸੰਗਤਾਂ ਵਿਚ ਪ੍ਰਚਾਰ ਕਰਾਂਗਾ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰੂ-ਪਿਤਾ ਦੇ ਹੁਕਮ ਦੀ ਉਲੰਘਣਾ ਕੀਤੀ ਹੈ ਤੇ ਜੇਕਰ ਗੁਰੂ ਜੀ ਨਹੀਂ ਆਉਂਦੇ ਤਾਂ ਇਹ ਬਾਦਸ਼ਾਹ ਦੀ ਹੁਕਮ ਅਦੂਲੀ ਹੋਵੇਗੀ। ਮੇਰੇ ਲਈ ਦੋਨੋਂ ਤਰ੍ਹਾਂ ਰਾਹ ਸਾਫ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰੂ-ਪਿਤਾ ਦੇ ਆਦੇਸ਼ ਅਨੁਸਾਰ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਮਿਰਜ਼ਾ ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਬੁਲਾਵਾ ਭੇਜਿਆ ਕਿ ਗੁਰੂ ਜੀ ਦਿੱਲੀ ਆਉਣ ਤੇ ਸਿੱਖ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਨ। ਸਿੱਖ ਸੰਗਤਾਂ ਵੱਲੋਂ ਬੇਨਤੀ-ਪੱਤਰ ਮਿਲਣ 'ਤੇ ਗੁਰੂ ਜੀ ਨੇ ਦਿੱਲੀ ਜਾਣ ਦਾ ਫੈਸਲਾ ਕਰ

ਲਿਆ। ਬਹੁਤ ਸਾਰੀਆਂ ਸਥਾਨਕ ਸੰਗਤਾਂ ਤੇ ਮਾਤਾ ਜੀ ਦੇ ਨਾਲ ਗੁਰੂ ਜੀ ਦਿੱਲੀ ਵੱਲ ਨੂੰ ਚੱਲ ਪਏ। ਸੰਗਤਾਂ ਦੀ ਗਿਣਤੀ ਦਿਨੋਂ-ਦਿਨ ਵਧਦੀ ਦੇਖ ਗੁਰੂ ਜੀ ਨੇ ਹਜ਼ੂਰੀ ਸੰਗਤ ਤੋਂ ਬਿਨਾਂ ਬਾਕੀ ਸੰਗਤ ਨੂੰ ਵਾਪਸ ਜਾਣ ਲਈ ਕਹਿ ਦਿੱਤਾ। ਪੰਜੋਖਰਾ ਸਾਹਿਬ ਦੇ ਸਥਾਨ 'ਤੇ ਗੁਰੂ ਜੀ ਨੇ ਪੜਾਅ ਕੀਤਾ ਤੇ ਹੰਕਾਰੀ ਪੰਡਿਤ ਲਾਲ ਚੰਦ ਦੇ ਸ਼ੰਕੇ ਦੀ ਨਵਿਰਤੀ ਲਈ ਛੱਜੂ ਨਾਮ ਦੇ ਸਧਾਰਨ ਵਿਅਕਤੀ ਪਾਸੋਂ ਗੀਤਾ ਦੇ ਅਰਥ ਕਰਵਾਏ। ਇਸ ਤਰ੍ਹਾਂ ਗੁਰੂ ਜੀ ਸਿੱਖ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਦਿੱਲੀ ਪਹੁੰਚੇ। ਦਿੱਲੀ ਗੁਰੂ ਜੀ ਮਿਰਜ਼ਾ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ, ਜਿੱਥੇ ਅੱਜਕਲ ਗੁਰਦੁਆਰਾ ਬੰਗਲਾ ਸਾਹਿਬ ਸੁਭਾਇਮਾਨ ਹੈ। ਨਿੱਤ ਸੰਗਤਾਂ ਗੁਰੂ-ਦਰਸ਼ਨ ਹਿੱਤ ਆਉਂਦੀਆਂ ਤੇ ਦਰਸ਼ਨ ਪਰਸ ਤ੍ਰਿਪਤ ਹੁੰਦੀਆਂ। ਔਰੰਗਜ਼ੇਬ ਨੇ ਦਰਸ਼ਨ ਕਰਨ ਦੀ ਇੱਛਾ ਜ਼ਾਹਰ ਕੀਤੀ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਰਾਮਰਾਇ ਦੇ ਦਾਵੇ ਸੰਬੰਧੀ ਗੁਰੂ ਜੀ ਨਾਲ ਗੱਲਬਾਤ ਕਰਨ ਲਈ ਔਰੰਗਜ਼ੇਬ ਨੇ ਇਕ ਅਹਿਲਕਾਰ ਦੀ ਡਿਊਟੀ ਲਾਈ। ਗੁਰੂ ਜੀ ਨੇ ਅਹਿਲਕਾਰ ਨੂੰ ਸਪਸ਼ਟ ਕੀਤਾ ਕਿ 'ਗੁਰੂ ਨਾਨਕ ਸਾਹਿਬ ਦੀ ਗੁਰਤਾ 'ਤੇ ਕਿਸੇ ਦਾ ਵਿਰਾਸਤੀ ਹੱਕ ਨਹੀਂ। ਇਸ ਲਈ ਕਸਵੱਟੀ ਯੋਗਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਦੋ ਸਪੁੱਤਰਾਂ ਨੂੰ ਛੱਡ ਗੁਰੂ-ਘਰ ਦੇ ਪ੍ਰੀਤਵਾਨ ਸੇਵਕ ਭਾਈ ਲਹਿਣਾ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ। ਇਸ ਤਰ੍ਹਾਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਪੁੱਤਰਾਂ ਨੂੰ ਗੁਰਿਆਈ ਨਹੀਂ ਦਿੱਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਦੋ ਸਪੁੱਤਰਾਂ ਨੂੰ ਛੱਡ ਸਭ ਤੋਂ ਛੋਟੇ ਸਪੁੱਤਰ ਨੂੰ ਗੁਰਿਆਈ ਦੀ ਬਖਸ਼ਿਸ਼ ਕੀਤੀ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਸਪੁੱਤਰਾਂ ਤੇ ਵੱਡੇ ਪੋਤਰੇ ਨੂੰ ਛੱਡ ਕੇ ਛੋਟੇ ਪੋਤਰੇ ਨੂੰ ਗੁਰਿਆਈ ਬਖਸ਼ਿਸ਼ ਕੀਤੀ। ਦੂਸਰਾ, ਰਾਮਰਾਇ ਨੇ ਅਜਿਹਾ ਘਟੀਆ ਕੰਮ ਕੀਤਾ ਹੈ, ਜਿਸ ਦੀ ਕਿਸੇ ਵੀ ਗੁਰੂ-ਘਰ ਦੇ ਪ੍ਰੀਤਵਾਨ ਤੋਂ ਆਸ ਨਹੀਂ ਕੀਤੀ ਜਾ ਸਕਦੀ।"

ਜਦ ਬਾਦਸ਼ਾਹ ਨੂੰ ਅਹਿਲਕਾਰ ਰਾਹੀਂ ਇਨ੍ਹਾਂ ਗੱਲਾਂ ਦਾ ਪਤਾ ਲੱਗਾ ਤਾਂ ਉਸ ਨੇ ਰਾਮਰਾਇ ਦਾ ਦਾਅਵਾ ਖਾਰਜ ਕਰ ਦਿੱਤਾ। ਰਾਮਰਾਇ ਨੇ ਵੀ ਪੇਸ਼ ਨਾ ਚੱਲਦੀ ਦੇਖ ਆਪਣੀ ਜਗੀਰ (ਦੇਹਰਾਦੂਨ) ਵਿਖੇ ਹੀ ਡੇਰਾ ਲਾਉਣਾ ਠੀਕ ਸਮਝਿਆ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਅਧਿਆਤਮਕ ਸ਼ਕਤੀ ਦੀ ਪਰਖ ਕਰਨ ਲਈ ਕਈ ਤਰ੍ਹਾਂ ਨਾਲ ਅਜ਼ਮਾਇਆ ਗਿਆ, ਜਿਵੇਂ ਰਾਣੀ ਦੀ ਪਹਿਚਾਣ ਕਰਨੀ ਇਤਿਆਦਿ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਕੁਝ ਸਮਾਂ ਦਿੱਲੀ ਪ੍ਰਚਾਰ ਦੀ ਸੇਵਾ ਕਰਦੇ ਰਹੇ। ਰੋਜ਼ਾਨਾ ਨੇਮ ਨਾਲ ਦੀਵਾਨ ਸੱਜਦਾ, ਸੰਗਤਾਂ ਗੁਰੂ-ਦਰਸ਼ਨ ਕਰ ਤ੍ਰਿਪਤੀ ਹਾਸਲ ਕਰਦੀਆਂ। ਜੋ ਕੁਝ ਸੰਗਤਾਂ ਦਰਸ਼ਨੀ-ਭੇਟਾ ਭੇਟ ਕਰਦੀਆਂ ਗੁਰੂ ਜੀ ਉਹ ਸਭ ਕੁਝ ਲੋੜਵੰਦਾਂ ਵਿਚ ਵੰਡ ਦਿੰਦੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕੇਵਲ ਤਿੰਨ ਸਾਲ ਗੁਰਿਆਈ ਕੀਤੀ। ਇਸ ਸਮੇਂ ਵਿਚ ਗੁਰੂ ਜੀ ਨੇ ਜਿਸ ਅਧਿਆਤਮਕ ਬਲਬੀਰਤਾ ਦਾ ਪ੍ਰਗਟਾਵਾ ਕੀਤਾ ਉਹ ਇਕ ਮਿਸਾਲ ਹੈ। ਭਾਵੇਂ ਰਾਮਰਾਇ ਦੀ ਵਿਰੋਧਤਾ ਸੀ ਜਾਂ ਬਾਦਸ਼ਾਹੀ ਹੁਕਮ, ਗੁਰੂ ਜੀ ਦ੍ਰਿੜ੍ਹ ਰਹੇ। ਕਿਸੇ ਤਰ੍ਹਾਂ ਦੀ ਸੰਸਾਰੀ ਬਾਦਸ਼ਾਹੀ ਦੇ ਭੈ-ਡਰ ਨੂੰ ਕਬੂਲ ਨਹੀਂ ਕੀਤਾ। ਇਹੀ ਕਾਰਨ ਹੈ ਕਿ ਭਾਈ ਗੁਰਦਾਸ ਜੀ (ਦੂਜੇ) ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਅਸ਼ਟਮ ਬਲਬੀਰਾ ਕਿਹਾ ਹੈ। ਭਾਈ ਗੁਰਦਾਸ ਜੀ ਕਥਨ ਕਰਦੇ ਹਨ:

ਹਰਿਕਿਸਨ ਭਯੋ ਅਸਟਮ ਬਲ ਬੀਰਾ।
ਜਿਨ ਪਹੁੰਚਿ ਦੇਹਲੀ ਤਜਿਓ ਸਰੀਰਾ।
ਬਾਲ ਰੂਪ ਧਰਿ ਸ੍ਵਾਂਗ ਰਚਾਇਓ।
ਤਬ ਸਹਿਜੇ ਤਨ ਕੋ ਛੋਡਿ ਸਿਧਾਇਓ।
ਇਉ ਮੁਗਲਨਿ ਸੀਸ ਪਰੀ ਬਹੁ ਛਾਰਾ।
ਵੈ ਖੁਦ ਪਤਿ ਸੋ ਪਹੁੰਚੇ ਦਰਬਾਰਾ।
ਔਰੰਗੇ ਇਹ ਬਾਦ ਰਚਾਇਓ।
ਤਿਨ ਅਪਨਾ ਕੁਲ ਸਭ ਨਾਸ ਕਰਾਇਓ।
ਇਉ ਠਹਕਿ ਠਹਕਿ ਮੁਗਲਨਿ ਸਿਰਿ ਝਾਰੀ।
ਫੁਨ ਹੋਇ ਪਾਪੀ ਵਹ ਨਰਕ ਸਿਧਾਰੀ।
ਇਉਂ ਕਰਿ ਹੈ ਗੁਰਦਾਸ ਪੁਕਾਰਾ।
ਹੇ ਸਤਿਗੁਰ ਮੁਹਿ ਲੇਹੁ ਉਬਾਰਾ॥ *(ਵਾਰ ੪੧:੨੨)*

(7/1993)

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਯੋਗਦਾਨ

## -1-

ਦਸ ਗੁਰੂ ਪਾਤਿਸ਼ਾਹੀਆਂ ਵਿਚੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸੰਸਾਰਕ ਦ੍ਰਿਸ਼ਟੀ ਤੋਂ ਸਭ ਤੋਂ ਘੱਟ ਉਮਰ ਦੇ ਵੀ ਹਨ ਅਤੇ ਗੁਰਗੱਦੀ ਉੱਤੇ ਬਿਰਾਜਮਾਨ ਵੀ ਸਭ ਤੋਂ ਘੱਟ ਸਮਾਂ ਰਹੇ ਹਨ। 7 ਜੁਲਾਈ, 1656 ਈ. ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਮਾਤਾ ਕ੍ਰਿਸ਼ਨ ਕੌਰ ਤੇ ਪਿਤਾ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਗ੍ਰਿਹਿ ਕੀਰਤਪੁਰ ਸਾਹਿਬ ਵਿਖੇ ਹੋਇਆ ਸੀ। 7 ਅਕਤੂਬਰ, 1661 ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਵੱਡੇ ਸਪੁੱਤਰ ਰਾਮਰਾਇ ਦੇ ਮੁਕਾਬਲੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਉੱਤੇ ਬਿਠਾ ਅਸੀਸਾਂ ਪ੍ਰਦਾਨ ਕੀਤੀਆਂ, ਫਿਰ ਗੁਰੂ-ਪਰੰਪਰਾ ਦੇ ਵਿਰਸੇ ਦੀ ਸੰਭਾਲ ਲਈ ਜਾਗਰੂਕ ਕੀਤਾ। ਅਖ਼ੀਰ ਸਮਕਾਲੀ ਤੇ ਸਰਕਾਰੀ ਗੁਰੂ-ਦੋਖੀਆਂ ਦੀ ਪਛਾਣ ਕਰਵਾ ਕੇ, ਗੁਰੂ-ਦਰਬਾਰ ਦੀ ਸਾਰੀ ਜ਼ਿੰਮੇਵਾਰੀ ਸੌਂਪ, ਸਭ ਪਾਸੇ ਇਹ ਐਲਾਨ ਕਰ ਦਿੱਤਾ ਕਿ ਗੁਰੂ ਨਾਨਕ ਸਾਹਿਬ ਦੇ ਘਰ ਦੇ ਵਾਰਿਸ ਤੇ ਮਾਲਕ ਰਾਮਰਾਇ ਨਹੀਂ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਹਨ। ਇਹੀ ਗੁਰੂ-ਪਰੰਪਰਾ ਦੇ ਅੱਠਵੇਂ ਪਾਤਿਸ਼ਾਹ ਹਨ। ਇਤਿਹਾਸਕ ਸਾਖੀ ਹੈ ਕਿ ਪੰਜ ਸਾਲ ਦੀ ਇਹ ਨੂਰੀ ਸ਼ਖ਼ਸੀਅਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਰੂਪ ਵਿਚ ਜਦੋਂ ਗੁਰਗੱਦੀ ਉੱਤੇ ਬਿਰਾਜਮਾਨ ਹੋ ਸਾਰੇ ਭੂ-ਮੰਡਲ ਨੂੰ ਜਗਮਗ ਕਰਨ ਲੱਗੀ ਤਾਂ ਸੰਸਾਰੀ ਸੋਚ ਵਾਲਿਆਂ ਨੇ ਭਰਮ-ਭੁਲੇਖਾ ਵੀ ਪ੍ਰਗਟਾਇਆ ਅਤੇ ਕਿੰਤੂ ਵੀ ਕੀਤਾ ਕਿ ਇਹ ਬਾਲ-ਗੁਰੂ ਗੁਰਗੱਦੀ ਦੇ ਆਤਮਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਕਰਤੱਵਾਂ ਨੂੰ ਪਹਿਲੇ ਗੁਰੂ ਪਾਤਿਸ਼ਾਹ ਵਾਂਗ ਕਿਵੇਂ ਨਿਬਾਹੇਗਾ? ਘਰੋਗੀ ਤੇ ਸਰਕਾਰੀ ਵਿਰੋਧ ਪਹਿਲਾਂ ਨਾਲੋਂ ਵੀ ਵੱਧ ਗਿਆ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਤਿੰਨ ਸਾਲ (1661-1664 ਈ.) ਦਾ ਗੁਰੂ-ਕਾਲ ਸਹਿਜੇ ਹੀ ਸਪੱਸ਼ਟ ਕਰਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਆਤਮਕ-ਰੰਗ, ਬਿਬੇਕ ਬੁਧਿ-ਪ੍ਰਕਾਸ਼, ਚਿੰਤਨ-ਦ੍ਰਿਸ਼ਟੀ, ਗੁਣ-ਰਾਸਿ ਤੇ ਪਦ-ਪਦਵੀ ਬਿਲਕੁਲ ਉਸੇ ਤਰ੍ਹਾਂ ਦੀ ਸੀ, ਜਿਵੇਂ ਪਹਿਲੇ ਗੁਰੂ ਪਾਤਿਸ਼ਾਹਾਂ ਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ 'ਚੰਡੀ ਦੀ ਵਾਰ' ਵਿਚ ਆਪਣੇ ਪੂਰਬਲੇ ਗੁਰੂ-ਪਾਤਿਸ਼ਾਹਾਂ ਦਾ ਅਭਿਨੰਦਨ ਕਰਨ ਲੱਗਦੇ ਹਨ ਤਾਂ ਇੰਜ ਜਾਪਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਗੁਰੂ-ਕਰਤੱਵ ਤੇ ਯੋਗਦਾਨ ਉਹਨਾਂ ਦੀ ਪ੍ਰਤੀਬੱਧਤਾ ਦਾ ਵਿਸ਼ੇਸ਼ ਕਾਰਨ ਬਣਦਾ ਹੈ। ਆਤਮਕ, ਸਮਾਜਕ ਤੇ ਸਭਿਆਚਾਰਕ ਤੌਰ 'ਤੇ ਇੰਨਾ ਭਾਵ-ਪੂਰਨ ਤੇ ਚਿੰਨ੍ਹਾਤਮਕ ਵਾਕ ਉਚਾਰਿਆ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਪ੍ਰਤਿਭਾ ਸਹਿਜੇ ਹੀ ਵੱਡੀ ਤੇ ਮਾਨਵਤਾ ਦੇ ਇਤਿਹਾਸ ਵਿਚ ਅਤਿ ਸਾਰਥਕ ਦਿੱਸਣ ਲੱਗ ਪੈਂਦੀ ਹੈ।

## -2-

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਪ੍ਰਕਾਸ਼ ਤੋਂ ਹੀ ਗੁਰੂ-ਪਿਤਾ ਦੇ ਪਿਆਰ, ਮਾਤਾ ਦੀਆਂ ਅਸੀਸਾਂ ਤੇ ਸੰਗਤੀ ਵਾਤਾਵਰਣ ਵਿਚੋਂ ਆਪਣੇ ਆਪ ਨੂੰ ਪ੍ਰਭੂ-ਰੰਗ, ਨਾਮ-ਰੰਗ ਨਾਲ ਰੰਗ ਲਿਆ ਸੀ। ਪ੍ਰਭੂ-ਰੰਗ, ਨਾਮ-ਰੰਗ ਤੇ ਸੱਚ-ਰੰਗ ਨੂੰ ਧਾਰਮਿਕ ਬੋਲੀ ਵਿਚ ਆਤਮਕ-ਰੰਗ ਹੀ ਆਖਿਆ ਜਾਂਦਾ ਹੈ। ਆਤਮਕ-ਰੰਗ ਵਾਲਾ ਅੰਮ੍ਰਿਤ ਵੇਲੇ ਜਾਗਦਾ ਹੈ, ਨਾਮ-ਸਿਮਰਨ ਵਿਚ ਜੁੜਦਾ ਹੈ, ਸੰਗਤੀ-ਵਾਤਾਵਰਣ ਵਿਚ ਸਹਿਜ ਤੇ ਵਿਗਾਸ ਮਾਣਦਾ ਹੈ; ਅੰਦਰੋਂ-ਬਾਹਰੋਂ ਰਸਿਕ ਤੇ ਬੈਰਾਗੀ ਹੋ ਜਾਂਦਾ ਹੈ, ਨਿਮਰਤਾ, ਮਿੱਠਾਸ ਤੇ ਸੇਵਾ ਉਸ ਦਾ ਗੁਣ-ਵਿਹਾਰ ਬਣ ਜਾਂਦਾ ਹੈ। ਹੰਕਾਰ, ਲਾਲਚ, ਭਰਮ, ਪਾਖੰਡ, ਪਾਪ ਤੇ ਦੋਖ ਤੋਂ ਉਹ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅੰਮ੍ਰਿਤ ਵੇਲੇ ਜਾਗਦੇ, ਬਾਣੀ-ਅਭਿਆਸ ਵਿਚ ਜੁੜਦੇ, ਸੰਗਤੀ ਵਾਤਾਵਰਣ ਵਿਚ ਬੈਠ ਪਹਿਲਾਂ ਗੁਰੂ-ਪਿਤਾ ਕੋਲੋਂ ਪੂਰਬਲੇ ਗੁਰੂ-ਪਾਤਿਸ਼ਾਹਾਂ ਦਾ ਸਾਖੀ-ਇਤਿਹਾਸ ਤੇ ਗੁਰਬਾਣੀ ਉਪਦੇਸ਼ ਸੁਣਦੇ। ਗੁਰਗੱਦੀ ਉੱਤੇ ਬਿਰਾਜਮਾਨ ਹੋਣ ਪਿੱਛੋਂ ਆਪ ਵੀ ਇਸੇ ਨਿਯਮ ਅਨੁਸਾਰ ਗੁਰੂ-ਦਰਬਾਰ ਦਾ ਕਿਰਿਆ-ਕਰਮ ਨਿਬਾਹੁੰਦੇ ਰਹੇ। ਅਸਲ ਵਿਚ ਏਹੀ ਆਤਮਕ-ਰੰਗ ਸੀ, ਜਿਸ ਨੇ ਬਾਲ-ਉਮਰ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਗੁਰਗੱਦੀ ਉੱਤੇ ਬੈਠਣ ਨਾਲ ਨਾ ਗੁਰੂ-ਪਾਤਿਸ਼ਾਹ ਦੇ ਮਾਨ ਤੇ ਪ੍ਰਭਾਵ ਨੂੰ ਘਟਣ ਦਿੱਤਾ ਅਤੇ ਨਾ ਹੀ ਸਿੱਖ ਸੰਗਤਾਂ ਨੂੰ ਕਿਸੇ ਨਿਰਾਸ਼ਾ ਜਾਂ ਉਦਾਸੀ ਵੱਲ ਜਾਣ ਦਿੱਤਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਦਰਬਾਰ ਦੀ ਸਾਰੀ ਕਿਰਿਆ ਨੂੰ ਕੇਵਲ ਗੁਰੂ-ਮਰਯਾਦਾ ਅਨੁਸਾਰ ਚਲਾਇਆ ਹੀ ਨਹੀਂ, ਸਗੋਂ ਬਿਬੇਕ-ਬੁਧਿ ਦਾ ਐਸਾ ਪ੍ਰਕਾਸ਼ ਤੇ ਪ੍ਰਸਾਦਿ ਵਰਤਾਇਆ ਕਿ ਸਿੱਖ ਸੰਗਤਾਂ ਬੰਧਨਾਂ ਤੋਂ ਬੇਪਰਵਾਹ ਹੋਣ ਲੱਗ ਪਈਆਂ ਤੇ ਆਤਮਕ ਬਲ ਗੁਰੂ ਤੇ ਗੁਰੂ-ਦਰਬਾਰ ਦਾ ਪਛਾਣ-ਚਿੰਨ੍ਹ ਬਣ ਗਿਆ।

## -3-

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਗੁਰਗੱਦੀ ਉੱਤੇ ਬਿਰਾਜਮਾਨ ਹੋਣ ਵੇਲੇ ਉਮਰ ਭਾਵੇਂ ਪੰਜ ਸਾਲ ਸੀ ਪਰ ਉਹਨਾਂ ਦਾ ਹਿਰਦਾ, ਚਿੰਤਨ ਤੇ ਵਿਹਾਰ ਬਿਬੇਕ-ਬੁਧਿ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਸੀ। ਇਸ ਬਿਬੇਕ-ਬੁਧਿ ਦੇ ਪ੍ਰਕਾਸ਼ ਕਾਰਨ ਹੀ ਗੁਰੂ ਹਰਿ ਰਾਇ ਸਾਹਿਬ ਨੇ ਵੱਡੇ ਪੁੱਤਰ ਰਾਮਰਾਇ ਨੂੰ ਤ੍ਰਿਸਕਾਰ ਕੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਤਾ ਲਈ ਯੋਗ ਤੇ ਲਾਇਕ ਸਵੀਕਾਰ ਕੀਤਾ ਸੀ। ਗੁਰੂ-ਪਰੰਪਰਾ ਵਿਚ ਪ੍ਰਵਾਨਗੀ ਦਾ ਨਿਸ਼ਾਨਾ ਹਮੇਸ਼ਾ ਉਸ ਨੂੰ ਪ੍ਰਾਪਤ ਹੋਇਆ ਹੈ, ਜਿਸ ਦਾ ਅੰਦਰ-ਬਾਹਰ ਬਿਬੇਕ-ਬੁਧਿ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਹੈ। ਬਿਬੇਕ-ਬੁਧਿ ਵਾਲਾ ਨਿਰਵੈਰ ਵੀ ਹੁੰਦਾ ਹੈ ਅਤੇ ਨਿਰਭਉ ਵੀ। ਸੱਚ ਉਸਦਾ ਪ੍ਰਥਮ ਪਛਾਣ-ਗੁਣ ਹੁੰਦਾ ਹੈ। ਝੂਠੀ ਖੁਸ਼ਾਮਦ ਕਰਨਾ, ਲਾਲਚ ਅਧੀਨ ਗ਼ੁਲਾਮੀ ਸਵੀਕਾਰ ਕਰਨਾ, ਸਮਕਾਲੀ ਰਾਜ-ਸੱਤਾ ਤੇ ਹਾਕਮਾਂ ਨਾਲ ਰਾਜਸੀ ਸਮਝੌਤਾ ਕਰਨਾ, ਪਦ-ਪਦਵੀ ਦੀ ਪ੍ਰਾਪਤੀ ਲਈ ਸਾਜ਼ਸ਼ਾਂ ਰਚਣੀਆਂ ਅਤੇ ਕਰਾਮਾਤਾਂ ਦਾ ਵਿਖਾਵਾ ਕਰਨਾ, ਇਹ ਸਭ ਕੁਝ ਬਿਬੇਕ-ਬੁਧਿ ਵਾਲੇ ਨੂੰ ਨਾ ਪਸੰਦ ਹੁੰਦਾ ਹੈ ਅਤੇ ਨਾ ਹੀ ਪ੍ਰਵਾਨ ਹੁੰਦਾ ਹੈ। ਗੁਰਗੱਦੀ 'ਤੇ ਬੈਠਣ ਲਈ ਪਿਤਾ-ਗੁਰੂ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਹੁੰਦਿਆਂ ਵੀ ਰਾਮਰਾਇ ਨੇ ਨੀਵੇਂ,

ਹੋਛੇ ਤੇ ਕਪਟੀ ਕਿਰਦਾਰ ਦਾ ਪ੍ਰਗਟਾਵਾ ਕੀਤਾ। ਇਸ ਬਿਬੇਕ-ਹੀਣ ਕਿਰਦਾਰ ਕਾਰਨ ਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਰਾਮਰਾਇ ਨੂੰ ਤ੍ਰਿਸਕਾਰਿਆ ਤੇ ਸੰਦੇਸ਼ਾ ਭੇਜਿਆ ਕਿ "ਰਾਮਰਾਇ! ਜਿਧਰ ਤੇਰਾ ਮੂੰਹ ਹੈ, ਉਧਰ ਚਲਾ ਜਾ, ਮੇਰੇ ਮੱਥੇ ਨਾ ਲੱਗੀਂ।" ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਇਹ ਬੋਲ ਉਹਨਾਂ ਦੀ ਬਿਬੇਕ-ਬੁਧਿ, ਸ਼ਖ਼ਸੀਅਤ ਦੇ ਪ੍ਰਤੀਕ ਵੀ ਹਨ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਲਈ ਗੁਰੂ-ਪਰੰਪਰਾ ਵਿਚ ਰਹਿਣ ਲਈ ਆਦੇਸ਼ ਵੀ ਹਨ। ਇਹੀ ਕਾਰਨ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰਗੱਦੀ ਉੱਤੇ ਬੈਠ ਕੇ ਜਿਥੇ ਬਿਲਕੁਲ ਸਚਿਆਰਾ, ਨਿਰਭਉ ਤੇ ਨਿਰਵੈਰ ਚਰਿੱਤਰ ਦਾ ਪ੍ਰਗਟਾਵਾ ਕੀਤਾ, ਉਥੇ ਨਾ ਸਮਕਾਲੀ ਰਾਜ-ਸੱਤਾ ਨਾਲ ਕੋਈ ਰਾਜਸੀ ਸਮਝੌਤਾ ਕੀਤਾ, ਨਾ ਪਰਾਧੀਨਤਾ ਸਵੀਕਾਰੀ, ਨਾ ਖੁਸ਼ਾਮਦ ਕੀਤੀ ਅਤੇ ਨਾ ਹੀ ਖੁਸ਼ਾਮਦੀ ਨੂੰ ਨੇੜੇ ਲੱਗਣ ਦਿੱਤਾ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਸਿੰਘਾਸਣ ਦਾ ਆਤਮਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ, ਸਾਰਾ ਕਾਰਜ ਗੁਰੂ-ਪਰੰਪਰਾ, ਗੁਰੂ-ਮਰਯਾਦਾ ਅਨੁਸਾਰ ਕੀਤਾ।

## -4-

ਪਰੰਪਰਾ ਅਨੁਸਾਰ ਗੁਰਗੱਦੀ ਉੱਤੇ ਬਿਰਾਜਮਾਨ ਹੋਣ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਜਿਥੇ ਪਿਤਾ-ਗੁਰੂ ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣਾ ਪਿਆਰ ਦਿੱਤਾ, ਅਸੀਸਾਂ ਪ੍ਰਦਾਨ ਕੀਤੀਆਂ, ਪਰੰਪਰਾਗਤ ਰੂਪ ਵਿਚ ਕੁਝ ਆਦੇਸ਼ ਵੀ ਕੀਤੇ, ਉਥੇ ਇਕ ਅਸ਼ੀਰਵਾਦ ਇਹ ਵੀ ਦਿੱਤਾ ਕਿ ਜਿਹੜਾ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ-ਦੀਦਾਰ ਕਰੇਗਾ, ਉਸ ਦੇ ਸਭ ਦੁਖ ਜਾਣਗੇ ਹੀ ਨਹੀਂ, ਸਗੋਂ ਉਸ ਦੇ ਕਲੇਸ਼ ਤੇ ਸੰਕਟ ਵੀ ਮੁੱਕ ਜਾਣਗੇ। ਇਤਿਹਾਸਕ ਗ੍ਰੰਥਾਂ ਨੇ ਇਸ ਅਸ਼ੀਰਵਾਦ ਨੂੰ ਇਸ ਵਾਕ-ਅੰਸ਼— 'ਨਹੀ ਦਰਸਹਿ ਦਰਸਾਵਹਿ' ਰਾਹੀਂ ਉਜਾਗਰ ਕੀਤਾ ਹੈ। 'ਨਹੀ ਦਰਸਹਿ' ਸੰਕੇਤ ਹੈ—ਰਾਮਰਾਇ ਪ੍ਰਤੀ। ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਆਦੇਸ਼ ਹੀ ਨਹੀਂ, ਸਾਰੇ ਸਿੱਖਾਂ ਪ੍ਰਤੀ ਹੁਕਮ ਵੀ ਸੀ ਕਿ ਰਾਮਰਾਇ ਦੇ ਮੱਥੇ ਨਹੀਂ ਲੱਗਣਾ, ਉਸ ਦੀਆਂ ਭੇਜੀਆਂ ਭੇਟਾਵਾਂ ਤੇ ਸਿਰੋਪਾਉ ਸਵੀਕਾਰ ਨਹੀਂ ਕਰਨੇ। 'ਦਰਸਾਵਹਿ' ਪਦ ਗੁਰੂ ਹਰਿਕ੍ਰਿਸ਼ਨ ਸਾਹਿਬ ਪ੍ਰਤੀ ਅਸ਼ੀਰਵਾਦ ਦਾ ਪ੍ਰਤੀਕ ਹੈ ਕਿ ਉਹਨਾਂ ਦੇ ਦਰਸ਼ਨ-ਦੀਦਾਰ ਨਾਲ ਸਭ ਦੁਖ, ਕਲੇਸ਼ ਤੇ ਸੰਕਟ ਮੁੱਕ ਜਾਣਗੇ। ਗੁਰਬਾਣੀ ਦੀ ਸਪੱਸ਼ਟ ਗਵਾਹੀ ਹੈ:

**ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ ਫਲੁ ਪਾਏ॥**
**ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ॥** *(ਪੰਨਾ ੮੫੦)*

**ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ॥**
**ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ॥**
**ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ॥** *(ਪੰਨਾ ੧੩੬੩)*

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਗੁਰੂ-ਕਾਲ ਵਿਚ ਐਸੀ ਘਾਲਿ-ਕਮਾਈ ਪ੍ਰਾਪਤ ਕਰ ਲਈ ਸੀ ਕਿ ਜਿਹੜਾ ਵੀ ਉਹਨਾਂ ਦੇ ਦਰਸ਼ਨ-ਦੀਦਾਰ ਕਰਦਾ, ਉਪਦੇਸ਼-ਆਦੇਸ਼ ਉੱਤੇ ਅਮਲ ਕਰਦਾ, ਉਹ 'ਸਭਿ ਦੁਖਿ' ਦੀ ਪੀੜਾ ਤੋਂ ਸਹਿਜੇ ਹੀ ਸੁਤੰਤਰ ਹੋ ਜਾਂਦਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਗੁਰੂ-ਕਾਲ-ਜੀਵਨ ਸਾਖੀ ਹੈ ਕਿ ਉਹਨਾਂ ਨੇ ਅਨੇਕਾਂ ਹੀ ਦੁਖਿਤ ਤੇ ਪੀੜਤ ਜੀਵਾਂ ਨੂੰ ਆਤਮਕ, ਮਾਨਸਿਕ ਤੇ ਸਰੀਰਕ ਸੁਖ-ਸ਼ਾਂਤੀ ਪ੍ਰਦਾਨ ਕੀਤੀ। ਇਥੋਂ

ਤਕ ਕਿ ਦਿੱਲੀ ਵਿਚ ਬੈਠ ਕੇ ਚੇਚਕ ਦੇ ਰੋਗ ਤੋਂ ਲੋਕਾਂ ਨੂੰ ਬਚਾਉਣ ਵਾਸਤੇ, ਆਪਣਾ ਸਰੀਰ ਵੀ ਮਾਨਵ-ਸੇਵਾ ਨਮਿੱਤ ਭੇਟਾ ਚੜ੍ਹਾ ਦਿੱਤਾ। ਇਸ ਕੁਰਬਾਨੀ, ਇਸ ਯੋਗਦਾਨ ਕਾਰਨ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲੋਕ-ਸੁਰ ਵਿਚ ਇਕਸੁਰ ਹੋ ਕੇ ਇਹ ਫੁਰਮਾਇਆ ਹੋਵੇਗਾ:

**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥**

## -5-

ਦਸ ਗੁਰੂ ਪਾਤਿਸ਼ਾਹਾਂ ਦੇ ਮਨ, ਬਚਨ ਤੇ ਕਰਮ ਤੋਂ ਖਾਸ ਕਰਕੇ ਗੁਰੂ-ਬਾਣੀ ਤੇ ਗੁਰੂ-ਇਤਿਹਾਸ ਤੋਂ ਸਹਿਜੇ ਹੀ ਸਪੱਸ਼ਟ ਹੁੰਦਾ ਹੈ ਕਿ ਗੁਰੂ-ਪਰੰਪਰਾ ਸ਼ੁੱਧ ਰੂਪ ਵਿਚ ਧਰਮ ਨੂੰ ਸਥਾਪਿਤ ਤੇ ਉਜਾਗਰ ਕਰਨ ਲਈ ਹੀ ਪ੍ਰਕਾਸ਼ ਰੂਪ ਵਿਚ ਇਸ ਲੋਕ ਵਿਚ ਪ੍ਰਗਟ ਹੋਈ ਸੀ ਤਾਂ ਜੋ ਧਰਮ-ਦੋਖੀਆਂ ਤੇ ਧਰਮ-ਸੱਚ ਆਚਾਰ ਵਿਚ ਜੋ ਗਿਰਾਵਟ ਤੇ ਭ੍ਰਿਸ਼ਟਾਚਾਰ ਆ ਚੁੱਕਾ ਸੀ, ਉਸ ਨੂੰ ਪਛਾੜ ਕੇ, ਮਾਨਵਤਾ ਨੂੰ ਸਰਬ-ਵੰਡਾਂ, ਰੋਗਾਂ ਤੇ ਭ੍ਰਿਸ਼ਟ ਆਦਤਾਂ ਤੋਂ ਹਟਾ ਕੇ, ਉਸ ਨੂੰ ਮਹਾਂ ਪੁਰਖ, ਸੁਜਾਣ ਪੁਰਖ, ਪ੍ਰਮਾਣ ਪੁਰਖ ਤੇ ਦੇਵਤਾ ਸਿਰਜਿਆ ਜਾ ਸਕੇ। ਗੁਰੂ-ਪਰੰਪਰਾ ਦਾ ਸਾਰਾ ਜੀਵਨ ਹੀ ਨਹੀਂ ਸਾਰਾ ਬਲ ਵੀ ਇਸ ਧਰਮ-ਆਦਰਸ਼ ਦੀ ਪੂਰਤੀ ਵਾਸਤੇ ਹੀ ਸਮਰਪਿਤ ਸੀ। ਇਸ ਧਰਮ-ਆਦਰਸ਼ ਦੀ ਪ੍ਰਾਪਤੀ ਵਾਸਤੇ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਨਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ ਸੀ। ਗੁਰੂ-ਪਰੰਪਰਾ ਵੱਲੋਂ ਧਰਮ ਦੇ ਪ੍ਰਸੰਗ ਵਿਚ ਜੋ ਕੁਝ ਵੀ ਸਿਰਜਿਆ ਤੇ ਸਥਾਪਿਤ ਕੀਤਾ ਜਾ ਰਿਹਾ ਸੀ, ਉਹ ਸਾਰੇ ਦਾ ਸਾਰਾ ਮਾਨਵ-ਜੀਵਨ ਨੂੰ ਧਰਮੀ ਤੇ ਆਦਰਸ਼ ਸਿਰਜਣ ਵਾਸਤੇ ਹੀ ਸੀ ਅਤੇ ਧਰਮ ਤੇ ਮਾਨਵ-ਕੀਮਤਾਂ ਗੁਰੂ-ਪਰੰਪਰਾ ਦਾ ਕੇਂਦਰ-ਬਿੰਦੂ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵੀ ਧਰਮ ਦੀ ਸ਼ੁੱਧ ਭਾਵਨਾ ਨਾਲ ਜੁੜੇ ਰਹਿਣ ਲਈ ਜਿਥੇ ਆਪਣੇ ਸਿੱਖਾਂ ਨੂੰ ਹੁਕਮਨਾਮੇ ਭੇਜੇ, ਉਥੇ ਉਹਨਾਂ ਨੇ ਧਰਮ-ਦੋਖੀਆਂ ਤੇ ਧਰਮ-ਵਿਰੋਧੀ ਕੂੜ-ਕਿਰਿਆ ਨੂੰ ਪੂਰੇ ਜ਼ੋਰ ਨਾਲ ਨਿਖੇਧਿਆ। ਜਿਵੇਂ ਸਾਰੀ ਗੁਰੂ-ਪਰੰਪਰਾ ਜਾਤਿ-ਪਾਤਿ, ਉੱਚੇ-ਨੀਵੇਂ ਤੇ ਅਮੀਰ-ਗਰੀਬ ਦੀ ਵੰਡ ਨੂੰ ਪਸੰਦ ਨਹੀਂ ਸੀ ਕਰਦੀ, ਇਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਵਰਨ-ਆਸ਼ਰਮ ਤੇ ਜਾਤ-ਪਾਤ ਜਿਹੀਆਂ ਵੰਡਾਂ ਨੂੰ ਕੋਹੜ ਕਹਿ ਕੇ ਜੜ੍ਹੋਂ ਪੁੱਟਣ ਦਾ ਨਿਰੰਤਰ ਯਤਨ ਕਰਦੇ ਰਹੇ। ਇਤਿਹਾਸ ਸਾਖੀ ਹੈ ਕਿ ਬਿਬੇਕ-ਬੁਧਿ-ਪ੍ਰਕਾਸ਼ ਪ੍ਰਦਾਨ ਕਰਨ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਪੰਡਤ ਅਤੇ ਮਾਹੀ ਵਿਚ ਅੰਤਰ ਨਹੀਂ ਜਾਤਾ। ਮਾਨਵ ਰੂਪ ਵਿਚ ਹਰ ਕੋਈ ਗਿਆਨ ਪ੍ਰਾਪਤ ਕਰ ਸਕਦਾ ਹੈ। ਸਮਕਾਲੀ ਜੀਵਨ ਵਿਚ ਕੁੜੀ ਮਾਰਨੀ, ਤੰਮਾਕੂ-ਨੋਸ਼ੀ, ਜੂਆ ਖੇਡਣਾ ਤੇ ਸ਼ਰਾਬ ਪੀਣੀ, ਇਹ ਮੰਦ ਆਦਤਾਂ ਬੜੀਆਂ ਵਿਆਪਕ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਆਪਣੀ ਪ੍ਰਚਾਰ ਯਾਤਰਾ ਵਿਚ ਖੁੱਲੇ ਤੌਰ 'ਤੇ ਆਖਦੇ ਕਿ ਇਹ ਮੰਦ ਆਤਮਾਂ ਧਰਮ-ਵਿਰੋਧੀ ਹਨ, ਤੁਹਾਡੇ ਧਰਮੀ ਬਣਨ ਵਿਚ ਰੁਕਾਵਟਾਂ ਹਨ। ਇਹਨਾਂ ਨੂੰ ਤਿਆਗੋ। ਗੁਰੂ ਸਾਹਿਬ ਦੇ ਇਥੋਂ ਤਕ ਆਦੇਸ਼ ਸਨ ਕਿ ਮੰਦ ਆਦਤਾਂ ਵਾਲਾ, ਖ਼ਾਸ ਕਰਕੇ 'ਕੁੜੀ ਮਾਰ' ਸੰਗਤ ਵਿਚ ਨਹੀਂ ਬੈਠ ਸਕਦਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਗੁਰੂ-ਪਿਤਾ ਦੇ ਆਦੇਸ਼ ਅਨੁਸਾਰ ਧਰਮ-ਦੋਖੀ ਧੀਰਮੱਲ ਤੇ ਰਾਮਰਾਈਆਂ ਨੂੰ ਵੀ ਨਾ ਗੁਰੂ-ਦਰਬਾਰ ਦੇ ਨੇੜੇ ਲੱਗਣ ਦਿੱਤਾ ਅਤੇ ਨਾ ਹੀ ਰੋਟੀ-ਬੇਟੀ ਦੀ ਕੋਈ ਸਾਂਝ ਰੱਖੀ। ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਜਿਹੜੇ ਪੀੜ੍ਹੀ-

ਦਰ-ਪੀੜ੍ਹੀ ਧਰਮ ਪ੍ਰਚਾਰ ਅਤੇ ਧੰਨ-ਪਦਾਰਥ ਭੇਜਣ ਲਈ ਮਸੰਦ ਸਥਾਪਿਤ ਸਨ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਹਨਾਂ ਨਾਲ ਵੀ ਪੂਰਾ ਮੇਲ-ਮਿਲਾਪ ਰੱਖਿਆ। ਜਿਨ੍ਹਾਂ ਮਸੰਦਾਂ ਬਾਰੇ ਗੁਰੂ-ਦਰਬਾਰ ਵਿਚ ਸ਼ਿਕਾਇਤਾਂ ਸਨ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਹਨਾਂ ਨੂੰ ਠੀਕ ਹੋਣ ਵਾਸਤੇ ਕੇਵਲ ਚੇਤਾਵਨੀਆਂ ਹੀ ਨਾ ਭੇਜੀਆਂ, ਸਗੋਂ ਸੋਧਣ ਵਾਸਤੇ ਵੀ ਪ੍ਰਬੰਧ ਕੀਤੇ। ਗੁਰੂ-ਪਰੰਪਰਾ ਤੇ ਸਿੱਖ ਲਹਿਰ ਨੂੰ ਸਥਾਪਿਤ ਕਰਨ ਅਤੇ ਵਿਕਸਿਤ ਕਰਨ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਯੋਗਦਾਨ ਕਿਸੇ ਤਰ੍ਹਾਂ ਵੀ ਘੱਟ ਨਹੀਂ।

## -6-

ਗੁਰਗੱਦੀ ਭਾਵੇਂ ਕਰਤਾਰਪੁਰ ਵਿਚ ਸੀ ਜਾਂ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਅੰਮ੍ਰਿਤਸਰ, ਕੀਰਤਪੁਰ ਸਾਹਿਬ ਜਾਂ ਦਿੱਲੀ ਵਿਚ, ਗੁਰੂ ਪਾਤਿਸ਼ਾਹ ਜਿਥੇ ਵੀ ਬਿਰਾਜਦੇ, ਉਹ ਸਥਾਨ ਸਹਿਜੇ ਹੀ ਪਾਵਨ ਤੇ ਪਵਿੱਤਰ ਹੋ ਜਾਂਦੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਯਾਦ ਵਿਚ ਸਥਿਤ ਗੁਰਦੁਆਰਾ ਬੰਗਲਾ ਸਾਹਿਬ ਦਾ ਆਪਣਾ ਹੀ ਇਤਿਹਾਸਕ ਮਹੱਤਵ ਤੇ ਪ੍ਰਭਾਵ ਹੈ। ਗੁਰਦੁਆਰਾ ਬੰਗਲਾ ਸਾਹਿਬ ਦਾ ਸਥਾਨ ਹੀ ਹੈ, ਜਿਥੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਦਰਸ਼ਨ-ਦੀਦਾਰ ਦਿੱਤੇ; ਗੁਰੂ-ਬਾਣੀ ਉਪਦੇਸ਼ ਸੁਣਾ-ਸੁਣਾ ਲੋਕਾਂ ਨੂੰ ਸੁਖ, ਸ਼ਾਂਤੀ ਤੇ ਸਹਿਜ ਪ੍ਰਦਾਨ ਕੀਤਾ। ਇਤਿਹਾਸਕਾਰ ਸਾਖੀ ਹਨ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਇੰਨਾ ਪ੍ਰਭਾਵ ਵਧਿਆ ਕਿ ਰਾਜ-ਸੱਤਾ ਦਾ ਬਾਦਸ਼ਾਹ ਔਰੰਗਜ਼ੇਬ ਵੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ ਕਰਨ ਤੇ ਮੁਲਾਕਾਤ ਲਈ ਕਹਿੰਦਾ ਰਿਹਾ ਪਰ ਗੁਰੂ ਪਾਤਿਸ਼ਾਹ ਨੇ ਧਰਮ-ਦੋਖੀ ਹੋਣ ਕਰਕੇ ਦਰਸ਼ਨ ਦੇਣ ਤੇ ਮੁਲਾਕਾਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਰਾਜਾ ਜੈ ਸਿੰਘ ਨੇ ਭਾਵੇਂ ਕਈ ਯਤਨ ਕੀਤੇ ਪਰ ਇਹ ਸਪੱਸ਼ਟ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਪਰੰਪਰਾ ਅਨੁਸਾਰ ਰਾਜ-ਸੱਤਾ ਦੇ ਅਧਿਕਾਰੀਆਂ ਨਾਲ ਕੋਈ ਸਾਂਝ-ਸਮਝੌਤਾ ਨਹੀਂ ਕੀਤਾ। 30 ਮਾਰਚ, 1664 ਈ. ਨੂੰ ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣਾ ਸਰੀਰਕ-ਕਾਲ ਨੇੜੇ ਜਾਤਾ ਤਾਂ ਦਿੱਲੀ ਤੋਂ ਹੀ ਉਹਨਾਂ ਨੇ 'ਬਾਬਾ ਬਕਾਲਾ' ਦਾ ਸੰਕੇਤ ਦੇ ਕੇ, ਗੁਰਗੱਦੀ ਲਈ ਨੌਵੇਂ ਪਾਤਿਸ਼ਾਹ—ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚੋਣ ਕੀਤੀ ਸੀ। ਗੁਰਗੱਦੀ ਲਈ ਗੁਰੂ ਤੇਗ ਬਹਾਦਰ ਜੀ ਦੀ ਚੋਣ ਨਿਸ਼ਚੇ ਹੀ ਸਰਬ ਪੱਖੋਂ ਯੋਗ ਤਾਂ ਸੀ ਹੀ ਪਰ ਗੁਰੂ-ਪਰੰਪਰਾ ਤੇ ਸਿੱਖ ਲਹਿਰ ਨੂੰ ਸੰਭਾਲਣ ਤੇ ਅਗਵਾਈ ਪ੍ਰਦਾਨ ਕਰਨ ਦੇ ਸਮਰੱਥ ਵੀ ਸੀ। ਗੁਰੂ-ਪਰੰਪਰਾ ਤੇ ਸਿੱਖ ਲਹਿਰ ਨੂੰ ਯੋਗ, ਲਾਇਕ ਤੇ ਸਮਰੱਥ ਗੁਰੂ-ਆਗੂ ਸੀ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ ਪ੍ਰਦਾਨ ਕਰਨਾ ਅਸ਼ਟਮ-ਬਲਬੀਰਾ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪਰੰਪਰਾ ਰੂਪ ਵਿਚ ਬਿਬੇਕ-ਬੁਧਿ ਵਾਲਾ ਫ਼ੈਸਲਾ ਵੀ ਹੈ ਅਤੇ ਅਦੁੱਤੀ ਯੋਗਦਾਨ ਵੀ।

(8/1994)

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਕਉਤਕ

## ਦਰਬਾਰ ਦੀ ਦਿੱਖ

ਅੱਠਵੇਂ ਪਾਤਸ਼ਾਹ ਦੇ ਦਰਬਾਰ ਦੀ ਦਿੱਖ ਤੇ ਛੱਬ ਬਾਰੇ ਸਿੱਖ ਇਤਿਹਾਸਕਾਰਾਂ ਉਚੇਚ ਕਰ ਕੇ ਲਿਖਿਆ ਹੈ। ਇੰਜ ਲੱਗਦਾ ਹੈ ਕਿ ਇਹ ਸਮੇਂ ਦੇ ਸ਼ਾਹਾਂ, ਰਾਜਿਆਂ ਨੂੰ ਉੱਤਰ ਵਜੋਂ ਵੰਗਾਰ ਸੀ। ਜਦ ਔਰੰਗਜ਼ੇਬ ਦਾ ਭੇਜਿਆ ਹੋਇਆ ਦੂਤ ਕੀਰਤਪੁਰ ਸਾਹਿਬ ਪੁੱਜਾ ਸੀ ਤਾਂ ਉਹ ਦੇਖ ਕੇ ਚਕ੍ਰਿਤ ਹੀ ਹੋ ਗਿਆ ਸੀ ਕਿ ਗੁਰੂ-ਦਰਬਾਰ ਦਾ ਪ੍ਰਭਾਵ ਜਿਥੇ ਅਦੁੱਤੀ ਸੀ ਉਥੇ ਆਤਮਕ ਹੁਲਾਰਾ ਵੀ ਦੇਂਦਾ ਸੀ।

ਕੀਰਤਨ ਸੁਣਨ ਤੇ ਕਥਾ ਕਰਨ ਪਿੱਛੋਂ ਗੁਰੂ ਜੀ ਦਰਬਾਰ ਲਗਾਂਦੇ। ਝਾਲਰਾਂ ਵਾਲੇ ਚੰਦੋਏ ਹੇਠ ਦਰਬਾਰ ਸਜਦਾ। ਫ਼ਰਸ਼ ਵੀ ਮਖ਼ਮਲੀ ਹੁੰਦਾ। ਆਪ ਜੀ ਲਈ ਇਕ ਉੱਚਾ ਤਖ਼ਤ ਸਜਾਇਆ ਜਾਂਦਾ। ਭੱਟ ਤੇ ਰਬਾਬੀ ਗੁਰੂ-ਜੋਤ ਦੀ ਪਹਿਲਾਂ ਉਸਤਤੀ ਕਰਦੇ, ਫਿਰ 'ਤਖ਼ਤ ਨਿਰੰਜਨੀ' ਦੀ ਉਪਮਾ ਗਾਈ ਜਾਂਦੀ। ਪਿੱਛੋਂ ਭੇਟਾਵਾਂ ਹਾਜ਼ਰ ਕੀਤੀਆਂ ਜਾਂਦੀਆਂ ਤੇ ਅਰਦਾਸਾਂ ਸੁਣ ਕੇ ਗੁਰੂ ਜੀ ਬਖ਼ਸ਼ਿਸ਼ਾਂ ਕਰਦੇ। ਕਿਸੇ ਦੀ ਲੋੜ ਪੂਰੀ, ਕਿਸੇ ਦੀ ਥੁੜ ਦੂਰ, ਕਿਸੇ ਦਾ ਦੁੱਖ ਭੰਜਨ, ਕਿਸੇ ਦੀ ਜਾਚਨਾ ਸਵੀਕਾਰ, ਕਿਸੇ ਨੂੰ ਤਸੱਲੀ ਦਾਨ, ਕਿਸੇ ਦਾ ਹਿਰਦਾ ਨਾਮ ਨਾਲ ਭਰ ਦੇਂਦੇ, ਕਿਸੇ ਨੂੰ ਜੀਵਨ ਰਸ, ਕਿਸੇ ਨੂੰ ਮਨੁੱਖੀ ਜੀਵਨ ਦਾ ਮਨੋਰਥ, ਕਿਸੇ ਦੇ ਨੇਤ੍ਰੀਂ ਗਿਆਨ ਅੰਜਨ, ਕਿਸੇ ਦਾ ਘਟ ਚਾਨਣਾ, ਕਿਸੇ ਨੂੰ ਪੂਰਨ ਪ੍ਰਕਾਸ਼, ਕਿਸੇ ਨੂੰ ਸ਼ਬਦ ਸੁਣਾ ਅਟਕਾਂ ਦੂਰ ਕਰਦੇ। ਬਹੁਤੀ ਵਾਰੀ ਛੋਟਾ ਜਿਹਾ ਬਚਨ ਕਰਕੇ ਵੱਡੀ ਗੱਲ ਦਾ ਵੀ ਨਿਬੇੜਾ ਕਰ ਦੇਂਦੇ।

'ਮਹਿਮਾ ਪ੍ਰਕਾਸ਼' ਦੇ ਸ਼ਬਦਾਂ ਵਿਚ ਜਦ ਵੀ ਦਰਬਾਰ ਵਿਚ ਕੋਈ ਸੰਸਾਰੀ ਇੱਛਾ ਲੈ ਕੇ ਆਉਂਦਾ, ਗੁਰੂ ਅੰਤਰਜਾਮੀ ਬਚਨ ਉਚਾਰ ਉਸੇ ਸਮੇਂ ਪੂਰਿਆਂ ਕਰ ਦੇਂਦੇ:

ਲੀਲਾ ਸਮੇਂ ਦਰਸ਼ਨ ਜੋ ਕਰੇ।
ਅਰਥ ਪ੍ਰਮਾਰਥ ਜੋ ਮਨ ਧਰੇ।
ਗੁਰ ਅੰਤਰਜਾਮੀ ਸਭ ਕੀ ਜਾਨੇ।
ਕਰ ਕਿਰਪਾ ਕਰ ਬਚਨ ਬਖਾਨੇ।
ਤਾਤਕਾਲ ਪੂਰਨ ਹੋਇ ਆਸ।
ਅਦਭੁਤ ਲੀਲਾ ਪਰਮ ਬਿਲਾਸ।

ਜੇ ਕੋਈ ਬੇ-ਖਾਹਸ਼ ਹੋ ਨਿਸ਼ਚਾ ਧਾਰ ਆਤਮ ਸ਼ਾਂਤੀ ਤੇ ਪਰਮਾਰਥ ਦੀ ਚਾਹ ਕਰਕੇ ਦਰ 'ਤੇ ਆਉਂਦਾ ਤਾਂ ਉਸ ਦੀ ਤ੍ਰਿਪਤੀ ਕ੍ਰਿਪਾ-ਦ੍ਰਿਸ਼ਟੀ ਕਰਕੇ ਪੂਰੀ ਕਰ ਦੇਂਦੇ:

ਜੋ ਨਿਹਕਾਮੀ ਪਰਮਾਰਥ ਚਹੇ।

ਕਰ ਨਿਸਚੈ ਸਨਮੁਖ ਠਾਢਾ ਰਹੇ।
ਤਿਸ ਕ੍ਰਿਪਾ ਦ੍ਰਿਸ਼ਟ ਦਿਆਲ ਗੁਰ ਕਰੇ।
ਹੋਇ ਹਿਰਦੇ ਪ੍ਰਕਾਸ਼ ਭਗਤ ਸੰਚਰੇ।
ਮਨ ਇਛਿਆ ਧਰ ਦਰਸ਼ਨ ਜੋ ਕਰੇ।
ਪਾਇ ਪਦਾਰਥ ਪੂਰੀ ਪਰੇ।

2200 ਘੁੜਸਵਾਰ ਗੁਰੂ-ਪਿਤਾ ਸ੍ਰੀ ਗੁਰੂ ਹਰਿਰਾਇ ਜੀ ਦੇ ਸਮੇਂ ਦੇ ਕਾਇਮ ਸਨ। ਉਹ ਥਾਂ-ਥਾਂ ਪਹਿਰੇ 'ਤੇ ਖੜ੍ਹੇ ਰਹਿੰਦੇ। ਆਮ ਕਰਕੇ ਦਰਬਾਰ ਵਿਚ ਸਵਾਰ ਖੱਬੇ ਪਾਸੇ ਬੈਠਦੇ ਸਨ। ਸਾਹਮਣੇ ਸਿੱਖ, ਸਾਧੂ ਤੇ ਵਿਦਵਾਨ ਬੈਠਦੇ ਸਨ। ਰਾਜਪੂਤ ਰਾਜਿਆਂ ਨੂੰ ਆਪਣੀਆਂ ਗੱਦੀਆਂ ਦਾ ਅਤੇ ਬ੍ਰਾਹਮਣਾਂ ਨੂੰ ਖ਼ਾਲਸੇ ਦੇ ਬੋਲ-ਬਾਲਿਆਂ ਦਾ ਤੌਖਲਾ ਲੱਗਾ।

ਆਪ ਜੀ ਨੇ ਆਈਆਂ ਭੇਟਾਵਾਂ ਬਾਰੇ ਹੁਕਮ ਦੇ ਰੱਖਿਆ ਸੀ ਕਿ ਰਸਦਾਂ ਲੰਗਰ ਵਿਚ ਪਹੁੰਚਾ ਦਿੱਤੀਆਂ ਜਾਣ ਤੇ ਬਾਕੀ ਧਨ, ਬਸਤਰ ਲੋੜਵੰਦਾਂ ਵਿਚ ਉਸੇ ਸਮੇਂ ਵੰਡ ਦਿੱਤਾ ਜਾਵੇ। ਨਿੱਜ ਲਈ ਜਾਂ ਭਲਕ ਲਈ ਰੱਖਣ ਦਾ ਹੁਕਮ ਨਹੀਂ ਸੀ। ਬਸਤਰ ਆਪ ਜੀ ਦੇ ਬਾਰੀਕ ਕੱਪੜੇ ਦੇ ਹੁੰਦੇ ਸਨ। ਸਿਰ 'ਤੇ ਸੋਹਣੀ ਰੰਗੀ ਹੋਈ ਦਸਤਾਰ ਤੇ ਕਲਗੀ ਵੀ ਸਦਾ ਸ਼ੋਭਾ ਪਾਉਂਦੀ ਸੀ :

ਸਿਰ ਪਰ ਚੀਰਾ ਚਿੱਤ੍ਰਿਤ ਰੰਗ।
ਤਿਸ ਪਰ ਸੋਭਿਤ ਜਿਗਾ ਉਤੰਗ।(੨੦)

ਮੁਖੜਾ ਆਪ ਜੀ ਦਾ ਸ਼ਾਂਤ ਅਤੇ ਤਖ਼ਤ ਉੱਤੇ ਬੈਠੇ ਬ੍ਰਹਮ ਗਿਆਨ ਕੀ ਮੂਰਤ ਪ੍ਰਤੀਤ ਹੁੰਦੇ। ਬੁੱਧ ਵਿਚ ਬਜ਼ੁਰਗ ਤੇ ਉਦਾਰਤਾ ਬਿਆਨ ਨਹੀਂ ਕੀਤੀ ਜਾ ਸਕਦੀ :

ਬ੍ਰਿੱਧ ਬੁਧਿ ਕੇ ਮਹਿਦ ਉਦਾਰਾ। (੧੮)

ਆਪ ਜੀ ਦੇ ਪਾਵਨ ਚਿਹਰੇ 'ਤੇ ਫੈਲੀ ਮੁਸਕਾਨ ਚਿੱਤ ਇਕਾਗਰ ਕਰ ਜਾਂਦੀ ਸੀ ਤੇ ਸ਼ਾਂਤੀ ਦਾ ਵਾਤਾਵਰਨ ਖਿਲਾਰ ਦੇਂਦੀ ਸੀ। ਸਭ ਤੋਂ ਵੱਡੀ ਗੱਲ, ਦਰਬਾਰ ਦੇ ਬਾਹਰ ਹਰ ਸਮੇਂ ਨਗਾਰਾ ਵੱਜਦਾ ਰਹਿੰਦਾ ਸੀ :

ਨੌਬਤ ਬਾਜਿਤ ਦ੍ਵਾਰ ਅਗਾਰੀ।

ਦੂਰੋਂ-ਦੂਰੋਂ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ ਸਨ।

## ਸਤਿਗੁਰ ਕਾ ਖਿਵੈ ਚੰਦੋਆ

ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਗੁਰੂ-ਜੋਤ ਦੀ ਉਮਪਾ ਵਿਚ ਆਖਿਆ ਸੀ ਕਿ ਸ੍ਰੀ ਗੁਰੂ ਅਰਜਨ ਜੀ ਦੇ ਤਖ਼ਤ 'ਤੇ ਬੈਠਨ ਸਮੇਂ ਪ੍ਰਕਾਸ਼ ਸਾਰੇ ਪਾਸੇ ਫੈਲ ਗਿਆ ਹੈ ਅਤੇ ਚੜ੍ਹਦੇ ਤੇ ਲਹਿੰਦੇ ਤਕ ਸਾਰੇ ਜਗਤ ਵਿਚ ਅਗਿਆਨ ਦਾ ਹਨੇਰਾ ਦੂਰ ਹੋ ਗਿਆ ਹੈ। ਅੱਠਵੀਂ ਜੋਤ ਦੇ ਗੁਰਗੱਦੀ ਉੱਪਰ ਬਿਰਾਜਮਾਨ ਹੋਣ ਨਾਲ ਵੀ ਸਿੱਖ ਇਤਿਹਾਸ ਕਹਿੰਦਾ ਹੈ, ਅਜਿਹਾ ਹੀ ਹੋਇਆ।

ਭਾਈ ਫੇਰੂ[1] ਜੀ ਗੁਰੂ ਸਾਹਿਬ ਦੇ ਅਨਿੰਨ ਸਿੱਖ ਸਨ। ਉਨ੍ਹਾਂ ਗੁਰੂ-ਲੰਗਰ ਦੀ ਮਾਣ-ਮਰਯਾਦਾ ਲਈ ਆਪਨੀ ਇਕ ਅੱਖ ਵੀ ਵਾਰ ਦਿੱਤੀ ਸੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਗੁਰਗੱਦੀ 'ਤੇ ਬੈਠਣਾ ਸੁਣ ਮਾਝੇ-ਮਾਲਵੇ ਵਿਚ ਵਿਚਰ ਕੇ ਤੇ ਰਾਮਰਾਇ ਦੀਆਂ ਕੋਝੀਆਂ ਚਾਲਾਂ ਦਾ ਪੜਦਾ ਉਘਾੜਿਆ। ਉਹਨਾਂ ਰਾਮਰਾਇ ਨੂੰ ਇਥੋਂ ਤਕ ਕਹਿਲਾ ਦਿੱਤਾ ਕਿ ਉਹ ਨੱਕੀ (ਲਾਹੌਰ) ਵਿਚ ਪੈਰ ਨਾ ਪਾਵੇ। ਫੇਰੂ ਜੀ ਨੂੰ ਖਰੀਦਣ ਦੀ ਕੋਸ਼ਿਸ਼ ਵੀ ਰਾਮਰਾਇ ਨੇ ਕੀਤੀ ਸੀ।

ਇਸੇ ਤਰ੍ਹਾਂ ਭਗਤ ਭਗਵਾਨ ਦੀਆਂ ਧੂਣੀਆਂ ਨੇ ਦੇਸ਼ ਦੇ ਕੋਨੇ-ਕੋਨੇ ਵਿਚ ਜਾ ਕੇ ਸਿੱਖਾਂ ਨੂੰ ਦ੍ਰਿੜ੍ਹ ਰਹਿਣ ਦੀ ਪ੍ਰੇਰਣਾ ਦਿੱਤੀ।

ਸਭ ਤੋਂ ਵੱਡੀ ਗੱਲ ਕਿ ਕੀਰਤਪੁਰ ਸਾਹਿਬ ਵਿਖੇ ਰਤੀ ਭਰ ਵੀ ਦੁਬਿਧਾ ਜਾਂ ਦੂਜੀ ਵਿਚਾਰ ਨਹੀਂ ਸੀ। ਰਾਮਰਾਇ ਨੂੰ ਇਹੀ ਦੁੱਖ ਸੀ ਤੇ ਇਸ ਗੱਲ ਦਾ ਉਸ ਨੇ ਪ੍ਰਗਟਾਵਾ ਵੀ ਕਈ ਵਾਰ ਕੀਤਾ ਸੀ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਚੈਨ ਨਾਲ ਕੀਰਤਪੁਰ ਸਾਹਿਬ ਬਿਰਾਜੇ ਹੋਏ ਹਨ। ਇਹ ਹੀ ਰੂਹਾਨੀ ਕਮਾਲ ਸੀ ਅਤੇ ਇਹੀ ਗੁਰੂ-ਸਿੱਖਿਆ ਦਾ ਚਮਤਕਾਰ ਸੀ ਕਿ ਸਿੱਖਾਂ ਨੂੰ ਹੁਣ ਕੋਈ ਦੰਭੀ ਵਰਗਲਾ ਨਹੀਂ ਸਕਦਾ ਸੀ। ਸਭ ਗੁਰੂ-ਜੋਤ ਦੇ ਪੁਜਾਰੀ ਸਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਦੋਹੀ ਇਤਨੀ ਫਿਰ ਗਈ ਸੀ ਕਿ ਮੁਸਲਮਾਨ ਆਪਣੀਆਂ ਅਟਕਾਂ ਦੂਰ ਕਰਨ ਆਉਂਦੇ। ਕਈ ਮੁਸਲਮਾਨ ਫ਼ਕੀਰਾਂ ਅਤੇ ਦਰਵੇਸ਼ਾਂ ਨੇ ਕਦਮਬੋਸੀ ਕੀਤੀ। ਸਿੱਖ ਇਤਿਹਾਸ ਨੇ 'ਰੋਸ਼ਨ ਜਮੀਰ' ਫ਼ਕੀਰ ਦਾ ਨਾਂ ਖਾਸ ਤੌਰ 'ਤੇ ਲਿਖਿਆ ਹੈ।

ਸਿੱਧ ਵੀ ਜੋ ਸਦਾ ਗੁਰੂ-ਘਰ ਨਾਲ ਅੜਦੇ ਰਹੇ ਸਨ, ਕੀਰਤਪੁਰ ਸਾਹਿਬ ਦਰਸ਼ਨਾਂ ਨੂੰ ਆਏ ਤੇ ਗੁਰੂ ਜੀ ਦੀ ਆਤਮਿਕ ਪ੍ਰਭਾ ਦੇਖ ਉਥੋਂ ਦੇ ਹੀ ਹੋ ਗਏ। ਰੇਬਾ ਨਾਥ ਦੇ ਸਿੱਧ ਨੇ ਆਪਣੀ ਮੰਡਲੀ ਸਮੇਤ ਗੁਰੂ-ਮਹਿਮਾ ਗਾਈ।

ਰੋਪੜ ਨਿਵਾਸੀ ਭਾਈ ਘਰੀਆ ਜੀ ਤੇ ਭਾਈ ਬਿੰਦਾ ਜੀ ਨੇ ਗੁਰੂ-ਅਜ਼ਮਤ ਦ੍ਰਿੜ੍ਹਾਉਣ ਦਾ ਜ਼ਿੰਮਾ ਆਪਣੇ ਸਿਰ 'ਤੇ ਲਿਆ। ਉਹ ਪ੍ਰਚਾਰ ਹਿਤ ਕਾਬਲ ਕੰਧਾਰ ਤਕ ਗਏ।

## ਬਾਬਾ ਬੁੱਢਾ ਜੀ ਦੀ ਅੰਸ਼ ਦੇ ਮੁਖੀ ਚਰਨ-ਸ਼ਰਨ

ਬਾਬਾ ਬੁੱਢਾ ਜੀ ਦੇ ਅਕਾਲ ਚਲਾਣੇ ਉਪਰੰਤ ਉਹਨਾਂ ਦੇ ਸਪੁੱਤਰਾਂ ਭਾਈ ਸਿਧਾਰੀ, ਭਾਈ ਭਿਖਾਰੀ, ਭਾਈ ਮਹਿਮੂ ਤੇ ਭਾਈ ਮਹਿਮਾ ਨੇ ਗੁਰੂ-ਘਰ ਦੀ ਸੇਵਾ ਉਸੇ ਨਿਮ੍ਰਤਾ ਭਾਵ ਵਿਚ ਜਾਰੀ ਰੱਖੀ। ਬਾਬਾ ਭਾਨਾ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਜੋਤੀ-ਜੋਤਿ ਸਮਾਉਣ ਦੇ ਕੁਝ ਦਿਨਾਂ ਬਾਅਦ ਹੀ ਅਕਾਲ ਚਲਾਣਾ ਕਰ ਗਏ ਸਨ। ਸ੍ਰੀ ਗੁਰੂ ਹਰਿਰਾਇ ਜੀ ਦੀ ਸੇਵਾ ਉਹਨਾਂ ਦੇ ਪੋਤਰੇ ਭਾਈ ਝੰਡਾ ਜੀ ਕਰਦੇ ਰਹੇ। ਭਾਵੇਂ ਭਾਈ ਝੰਡਾ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਵੀ ਸੇਵਾ ਵਿਚ ਜੁਟੇ ਰਹਿੰਦੇ ਸਨ, ਪਰ ਉਹਨਾਂ ਵੀ ਦਾਦੇ ਵਾਂਗ ਗੁਰੂਸ਼ਰਧਾ ਦੀ ਹੱਦ ਨੂੰ ਛੂਹ ਕੇ ਦੱਸਿਆ। ਉਹਨਾਂ ਨੂੰ ਬਾਬਾ ਬੁੱਢਾ ਜੀ ਦੇ ਨਿੱਤ ਕਹੇ ਜਾਂਦੇ ਸ਼ਬਦ ਯਾਦ ਸਨ:

ਕਰੋ ਕਾਰ ਸਭ ਕਰੋ ਹੀਲਾ, ਭਜਨ ਪਾਠ, ਅਰਦਾਸ
ਬੰਦਗੀ ਦਾ, ਪਰ ਟੇਕ ਰੱਖੋ ਮਿਹਰਾਂ 'ਤੇ।

ਉਹਨਾਂ ਦੇ ਅਕਾਲ ਚਲਾਣੇ (1651 ਈ.) ਪਿੱਛੋਂ ਸਾਰਾ ਭਾਰ ਉਹਨਾਂ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੇ ਸੰਭਾਲ ਲਿਆ।

## ਜੀਵਨ ਰੂਪ ਗੋਪਾਲ ਸਜੁ

ਰੋਪੜ ਨਿਵਾਸੀ ਭਾਈ ਸੰਤ ਰਾਮ ਜੀ, ਭਾਈ ਸਦਾ ਮਲ, ਭਾਈ ਰਾਮ ਲਾਲ ਦਰਸ਼ਨਾਂ ਨੂੰ ਆਏ ਤੇ ਜੀਵਨ ਰੂਪ ਕਿਵੇਂ ਪ੍ਰਾਪਤ ਹੋਏ ਦੇ ਵੱਲ ਦੀ ਸਦ-ਯਾਚਨਾ ਕੀਤੀ ਤਾਂ ਆਪ ਜੀ ਨੇ ਫਰਮਾਇਆ:

> ਬਾਕੀ ਕਰਮਾਂ ਨਾਲ ਬੇਸ਼ਕ ਕੁਝ ਦੁਨਿਆਵੀ ਸ਼ੁਹਰਤ ਤਾਂ ਮਿਲ ਜਾਂਦੀ ਹੈ ਪਰ ਦਰਗਾਹ, ਨਾਮ ਹੀ ਵਿਸੇਖ ਹੈ; ਵਾਹਿਗੁਰੂ ਦਾ ਜਸ ਕਰਦੇ ਰਹਿਣਾ ਹੀ ਜੀਵਨ ਦਾ ਸਹੀ ਰੂਪ ਹੈ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਉਚਾਰ ਕੇ ਸੁਣਾਇਆ:

**ਜੀਵਨ ਰੂਪ ਗੋਪਾਲ ਜਸੁ, ਸੰਤ ਜਨਾ ਕੀ ਰਾਸਿ॥** *(ਪੰਨਾ ੨੧੮)*

ਉਨ੍ਹਾਂ ਨੇ ਸਿਮਰਨ ਨੂੰ ਐਸਾ ਪਕਾਇਆ ਕਿ ਨਾਮ ਪ੍ਰਗਟ ਹੋਇ ਆਇਆ।

## ਆਤਮ ਰਸਿ ਸੁਖਿ ਸਹਜਿ ਸਮਾਵਹਿ

ਆਪ ਜੀ ਦੀ ਸ਼ੋਭਾ ਨਵਾਂ ਸ਼ਹਿਰ ਦੇ ਰਹਿਣ ਵਾਲੇ ਭਾਈ ਸੰਗਤੀਆ, ਭਾਈ ਸ਼ਾਹੀ ਰਾਮ, ਭਾਈ ਪੰਜਾਬਾ, ਭਾਈ ਭੀਮ ਚੰਦ, ਭਾਈ ਵਿਸ਼ੰਭਰ ਦਿਆਲ, ਭਾਈ ਮਹੇਸ਼ ਸਜਨ, ਭਾਈ ਗਜਨ, ਭਾਈ ਰਾਮਾ ਤੇ ਭਾਈ ਕਾਹਨਾ ਤੇ ਹੋਰ ਜਗਿਆਸੂ, ਆਤਮ-ਰਸ ਦੀ ਪ੍ਰਾਪਤੀ ਕਿਵੇਂ ਹੋਵੇ, ਦੀ ਜਾਚਨਾ ਲੈ ਕੀਰਤਪੁਰ ਆਏ।

ਆਪ ਜੀ ਨੇ ਪੰਜਵੇਂ ਪਾਤਸ਼ਾਹ ਦਾ ਹੁਕਮ ਸੁਣਾਇਆ ਕਿ ਜਿਸ ਆਤਮ-ਰਸ ਦੀ ਉਹ ਯਾਚਨਾ ਕਰ ਰਹੇ ਹਨ, ਉਹ ਨਿਮਰ ਭਾਵ ਵਿਚ ਸਦਾ ਵਿਚਰਿਆਂ ਮਿਲਦਾ ਹੈ:

**ਬ੍ਰਹਮ ਗਿਆਨੀ ਸਗਲ ਕੀ ਰੀਨਾ॥**
**ਆਤਮ ਰਸੁ ਬ੍ਰਹਮ ਗਿਆਨੀ ਚੀਨਾ॥** *(ਪੰਨਾ ੨੭੨)*

ਨਾਮ ਪ੍ਰਾਪਤ ਕਰ ਸਦਾ ਗੁਣ ਗਾਂਦੇ ਰਹਿਣ ਨਾਲ ਇਸ ਆਤਮਕ ਸੁਆਦ, ਸਹਜ ਅਵਸਥਾ ਦਾ ਸੁੱਖ ਬਣਿਆ ਰਹਿੰਦਾ ਹੈ:

**ਆਤਮ ਰਸਿ ਸੁਖਿ ਸਹਜਿ ਸਮਾਵਹਿ॥** *(ਪੰਨਾ ੨੭੬)*

ਜਿਸ ਨੇ ਇਹ ਰਸ ਪਾ ਲਿਆ, ਉਸ ਦਾ ਹਰੀ ਨਾਲ ਪਿਆਰ ਬਣਿਆ ਰਹਿੰਦਾ ਹੈ ਅਤੇ ਐਸੇ ਪੁਰਖਾਂ ਦਾ ਆਉਣਾ ਵੀ ਸਫਲ ਹੈ, ਰਹਿਣਾ ਵੀ ਸੁਖਦਾਈ ਅਤੇ ਚਲੇ ਜਾਣ 'ਤੇ ਵੀ ਉਹ ਹੋਰਨਾਂ ਲਈ ਰਾਹ ਦਿਖਾਉਣ ਵਾਲੇ ਹੁੰਦੇ ਹਨ:

**ਅਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ॥**
**ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ॥** *(ਪੰਨਾ ੨੫੨)*

ਇਹ ਸਭ ਸਾਡਾ ਇਤਿਹਾਸ ਕਹਿੰਦਾ ਹੈ ਕਿ ਮਹਾਰਾਜ ਦੇ ਉਪਦੇਸ਼ਾਂ ਦੁਆਰਾ ਆਤਮ-ਰਸ ਦੇ ਮਾਨਣ ਵਾਲੇ ਬ੍ਰਹਮ ਗਿਆਨੀ ਹੋਏ।

## ਚੋਰ ਕੀ ਹਾਮਾ ਭਰੇ ਨ ਕੋਇ

ਸਿੱਖ ਸੰਗਤਾਂ ਵਿਚ ਦਰਸ਼ਨਾਂ ਦਾ ਚਾਅ ਇਤਨਾ ਸੀ ਕਿ ਉਹ ਜਥੇ ਬਣਾ-ਬਣਾ ਕੀਰਤਪੁਰ

ਸਾਹਿਬ ਪੁੱਜਦੇ ਰਹੇ। ਨਿਰਾ ਮਾਲਵੇ ਜਾਂ ਮਾਝੇ ਤੋਂ ਹੀ ਸੰਗਤਾਂ ਨਹੀਂ ਸਨ ਆ ਰਹੀਆਂ, ਸਗੋਂ ਹੋਰ ਦੂਰ ਤੋਂ ਵੀ ਆ ਰਹੀਆਂ ਸਨ।

ਲੰਮੇ ਦੇਸ਼ ਤੋਂ ਸੰਗਤਾਂ ਵੱਡਾ ਜਥਾ ਬਣਾ ਕੇ ਚੱਲ ਪਈਆਂ। ਉਸ ਜਥੇ ਵਿਚ ਇਕ ਜਸਵੰਤ ਰਾਇ ਨਾਮ ਦਾ ਜੀਉਣ ਵੀ ਸੀ; ਜੋ ਨਿਰੋਲ ਇਸ ਲਈ ਨਾਲ ਹੀ ਹੋ ਪਿਆ ਸੀ ਕਿ ਕੀਰਤਪੁਰ ਸਾਹਿਬ ਸੁਣਿਆ ਹੈ ਬਹੁਤ ਇਕੱਠ ਹੁੰਦੇ ਹਨ ਅਤੇ ਉਥੇ ਜੇਬ ਕੱਟਣ, ਚੋਰੀ ਕਰਨ, ਮਾਲ ਚੁੱਕਣ ਤੇ ਚੀਜ਼ਾਂ ਦੀ ਮੌਜ ਲੱਗੀ ਰਹੇਗੀ। ਉਸ ਨੂੰ ਕੀ ਪਤਾ ਸੀ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ ਪਹਿਲੀ ਤੱਕਣੀ ਨਾਲ ਹੀ ਉਸ ਦੀ ਜੀਵਨ ਰੌਂ ਹੀ ਬਦਲਾ ਦੇਣੀ ਹੈ।

ਜਸਵੰਤ ਰਾਇ ਨੇ ਜਦ ਅੱਗੇ ਹੋ ਮੱਥਾ ਟੇਕਿਆ ਤਾਂ ਅੱਠਵੇਂ ਪਾਤਸ਼ਾਹ ਨੇ ਨਜ਼ਰ ਭਰਵੀਂ ਪਾ ਉਚਾਰਿਆ:

**ਚੋਰ ਕੀ ਹਾਮਾ ਭਰੇ ਨ ਕੋਇ॥**
**ਚੋਰੁ ਕੀਆ ਚੰਗਾ ਕਿਉ ਹੋਇ॥** *(ਪੰਨਾ ੬੬੨)*

ਮਹਾਰਾਜ ਦਾ ਇਤਨਾ ਬੋਲਣਾ ਹੀ ਸੀ ਕਿ ਉਹ ਉੱਚੀ-ਉੱਚੀ ਰੋਣ ਲੱਗ ਪਿਆ। ਮਹਾਰਾਜ ਨੇ ਧੀਰਜ ਦਿੱਤਾ ਤੇ ਫਰਮਾਇਆ ਕਿ ਚੋਰੀ ਦੀ ਭੈੜੀ ਵਾਦੀ ਤੈਨੂੰ ਕਿਧਰੇ ਵੀ ਨਹੀਂ ਰਹਿਣ ਦੇਵੇਗੀ। ਚੋਰ ਭਾਵੇਂ ਕਿਤਨਾ ਵੀ ਸੋਹਣਾ ਬਣ ਕੇ ਰਹੇ, ਗੱਲਾਂ ਵੀ ਦੇਖਣ ਨੂੰ ਸਿਆਣਿਆਂ ਵਾਲੀਆਂ ਕਰੇ ਪਰ ਉਸ ਦਾ ਮੁੱਲ ਸਮਾਜ ਵਿਚ ਦੋ ਕੌਡੀਆਂ ਵੀ ਨਹੀਂ। ਕੁਝ ਦੇਰ ਤਾਂ ਐਸ਼ ਬੇਸ਼ਕ ਕਮਾ ਲਵੇ ਪਰ ਅੰਤ ਸਦਾ ਮਾੜਾ ਹੀ ਹੁੰਦਾ ਹੈ। ਜਸਵੰਤ ਰਾਇ ਨੇ ਕਿਰਤ ਕਰਨ ਦਾ ਸੰਗਤ ਸਾਹਮਣੇ ਹੀ ਪ੍ਰਣ ਕੀਤਾ। ਪਿਛਲੇ ਕੀਤੇ ਦੀ ਖਿਮਾਂ ਮੰਗੀ ਤੇ ਕਾਬਲ ਆ ਕੇ ਜੀਵਨ ਦੀ ਘਾੜਤ ਨਾਲੋਂ ਨਾਲ ਘੜਦਾ ਰਿਹਾ।

ਜਿਵੇਂ ਬਿਨ ਬੋਲੇ ਮਹਾਰਾਜ ਨੇ ਬੁਝਿਆ ਸੀ, ਉਸ ਦੀ ਚਰਚਾ ਚਾਰੇ ਪਾਸੇ ਹੋਈ ਤੇ ਸਭ ਕਹਿ ਰਹੇ ਸਨ ਕਿ ਮਾਲਕ ਗੁਰੂ ਸਭ ਕੁਝ ਜਾਣਦੇ ਹਨ:

**ਨਾਨਕ ਜਾਣੈ ਜਾਣੁ ਸੁਜਾਣੁ॥** *(ਉਹੀ)*

## ਜੂਆ ਮਦ ਤਿਆਗੋ

ਸਿੱਖੀ ਦਾ ਆਸ਼ਾ 'ਬੰਦ ਖਲਾਸ' ਹੈ ਅਤੇ ਇਹ ਬੰਦ ਖਲਾਸੀ ਸੰਭਵ ਤਾਂ ਹੀ ਹੈ ਜੇ ਇਹ ਰਸਮਾਂ ਦੀਆਂ ਬੇੜੀਆਂ ਤੋੜ ਸੁੱਟੇ ਅਤੇ ਕਿਸੇ ਵਸਤੂ ਦਾ ਗ਼ੁਲਾਮ ਨਾ ਰਹੇ। ਗੁਰੂ ਸਾਹਿਬਾਨ ਸਿੱਖ ਕੋਲੋਂ ਆਸ ਰੱਖਦੇ ਹਨ:

**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥** *(ਪੰਨਾ ੫੫੪)*

ਸ੍ਰੀ ਗੁਰੂ ਅਮਰਦਾਸ ਜੀ ਦਾ ਹੁਕਮ ਸੀ, ਕਿ ਸਿੱਖ ਕਿਸੇ ਦਾ ਬੰਦੀ ਨਹੀਂ ਅਤੇ ਨਾ ਕਿਸੇ ਨੂੰ ਬੰਦੀ ਬਣਾ ਕੇ ਖ਼ੁਸ਼ ਹੈ। ਇਥੋਂ ਤਕ ਕਿ ਤੋਤੇ ਨੂੰ ਵੀ ਪਿੰਜਰੇ ਵਿਚ ਪਾ ਕੇ ਘਰ ਨਹੀਂ ਰੱਖਣ ਦਾ ਹੁਕਮ ਹੈ। ਨਸ਼ਾ ਤੇ ਜੂਆ ਵੀ ਇਕ ਕਿਸਮ ਦੀਆਂ ਦੋ ਕੈਦਾਂ ਹਨ, ਜਿਨ੍ਹਾਂ ਵਿਚ ਪੈ ਪ੍ਰਾਣੀ ਜਨਮ ਜੂਏ ਹਾਰ ਜਾਂਦਾ ਹੈ।

ਗੇਂਦਾ ਮੱਲ ਨਾਂ ਦੇ ਇਕ ਮਨੁੱਖ ਨੂੰ ਜੂਆ ਤੇ ਸ਼ਰਾਬ ਦੀ ਐਸੀ ਲਤ ਲੱਗੀ ਹੋਈ ਸੀ ਕਿ ਯਤਨ ਕਰ ਕੇ ਵੀ ਨਾ ਛੁੱਟੀ। ਯਾਰ ਦੋਸਤ ਵਰਗਲਾ ਕੇ ਉਸ ਨੂੰ ਇਸ ਕੁਚਾਲ ਵਿਚੋਂ ਨਿਕਲਣ ਨਾ ਦੇਂਦੇ।

ਸੰਗਤ ਨਾਲ ਗੇਂਦਾ ਮਲ ਕੀਰਤਪੁਰ ਸਾਹਿਬ ਦਰਸ਼ਨਾਂ ਨੂੰ ਆਇਆ। ਨਿਰਮਲ ਵਾਤਾਵਰਣ, ਨਰੋਏ ਵਿਚਾਰਾਂ ਤੇ ਸਦਾ ਖਿੜੇ ਸਿੱਖਾਂ ਨੂੰ ਚਾਅ ਵਿਚ ਭਰੇ ਦੇਖ ਇਕ ਦਿਨ ਭਰੀ ਸੰਗਤ ਵਿਚ ਹੀ ਗੁਰੂ ਦੇ ਚਰਨ ਪਕੜ ਲਏ ਤੇ ਛੱਡੇ ਹੀ ਨਾ। ਗੁਰੂ ਪਾਤਸ਼ਾਹ ਨੇ ਫੁਰਮਾਇਆ:

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥** *(ਪੰਨਾ ੪੭੦)*

ਗੇਂਦਾ ਮੱਲ ਦਾ ਅੰਦਰ ਹਿੱਲ ਗਿਆ। ਹੱਥ ਜੋੜ ਖਿਮਾ ਮੰਗੀ ਤੇ ਜੂਆ ਤਿਆਗਣ ਤੇ ਮਦ ਤਿਆਗਣ ਦਾ ਪ੍ਰਣ ਕੀਤਾ। ਸੰਗਤ ਨੂੰ ਵੀ ਮਹਾਰਾਜ ਨੇ ਇਨ੍ਹਾਂ ਮਾੜੀਆਂ ਇਲਤਾਂ ਤੋਂ ਸਦਾ ਦੂਰ ਰਹਿਣ ਦਾ ਹੁਕਮ ਕੀਤਾ।

## ਪੰਚ ਨੰਦ ਚੰਦ

ਰੇਲਵੇ ਸਟੇਸ਼ਨ ਚੰਡੀਗੜ੍ਹ ਤੋਂ ਅੱਠ-ਨੌ ਮੀਲ ਦੂਰ ਅਤੇ ਮਨੀ ਮਾਜਰੇ ਤੋਂ ਸੋਲਾਂ ਕੁ ਮੀਲ 'ਤੇ ਇਕ ਪਿੰਡ ਹੈ। ਇਸ ਦੇ ਲਾਗੇ ਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ 'ਗੁਰੂ ਕਾ ਅੰਬ' ਨਾਂ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਚਰਨ ਪਾ ਕੇ ਇਸ ਅੰਬ ਦੇ ਦਰੱਖ਼ਤ ਹੇਠਾਂ ਬੈਠ ਕੇ ਇਸ ਨੂੰ ਪਵਿੱਤਰ ਕੀਤਾ ਸੀ। ਇਸ ਪਿੰਡ ਦਾ ਪੰਚ ਨੰਦ ਚੰਦ ਪੈਂਚੀ ਕਰਨ ਦੀ ਥਾਂ ਮੰਦਕਰਮੀ ਹੋ ਗਿਆ ਤੇ ਵਿਭਚਾਰ ਕਰਨ ਲੱਗਾ। ਬਾਕੀ ਸਾਥੀ ਪੰਚਾਂ ਨੇ ਬਹੁਤ ਹੀ ਸਮਝਾਇਆ ਪਰ ਕਿਸੇ ਦੀ ਸੁਣੇ ਹੀ ਨਾ।

ਨੰਦ ਚੰਦ ਸੰਗਤ ਨਾਲ ਕੀਰਤਪੁਰ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਇਆ। ਮੱਥਾ ਟੇਕਿਆ ਹੀ ਸੀ ਕਿ ਮਹਾਰਾਜ ਨੇ ਜਪੁ ਜੀ ਸਾਹਿਬ ਦੀਆਂ ਤੁਕਾਂ ਇਸ ਨੂੰ ਸੰਬੋਧਨ ਕਰ ਕੇ ਸੁਣਾਈਆਂ:

**ਪੰਚ ਪਰਵਾਣ ਪੰਚ ਪਰਧਾਨੁ॥**
**ਪੰਚੇ ਪਾਵਹਿ ਦਰਗਹਿ ਮਾਨੁ॥**
**ਪੰਚੇ ਸੋਹਹਿ ਦਰਿ ਰਾਜਾਨੁ॥** *(ਪੰਨਾ ੩)*

ਫਿਰ ਪੰਚ ਦੇ ਲੱਛਣ ਦਰਸਾਏ ਕਿ ਉਸ ਪੰਚ ਦਾ ਨਗਰ ਵਧਦਾ, ਫੈਲਦਾ ਅਤੇ ਖ਼ੁਸ਼ਹਾਲ ਹੁੰਦਾ ਹੈ ਜੋ ਸਤ, ਸੰਤੋਖ, ਦਯਾ, ਧਰਮ ਅਤੇ ਧੀਰਜ ਦਾ ਧਾਰਨੀ ਹੁੰਦਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਗ਼ੁੱਸਾ ਗਵਾ ਦੇਂਦਾ ਹੈ। ਐਸਾ ਕਰ ਫਿਰ ਪੰਜ ਤੱਤਾਂ ਦੇ ਗੁਣ ਖਿਮਾ ਆਦਿ ਹਿਰਦੇ ਵਸਾ ਕੇ ਤੇ ਪੰਜਾਂ—ਆਵਾਜ਼, ਸਪਰਸ਼, ਰਸ, ਰੂਪ ਤੇ ਸੁਗੰਧੀ ਦਾ ਗ਼ੁਲਾਮ ਨਹੀਂ ਹੁੰਦਾ:

**ਪੰਚ ਮਨਾਏ ਪੰਚ ਰੁਸਾਏ॥**
**ਪੰਚ ਵਸਾਏ ਪੰਚ ਗਵਾਏ॥**
**ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥** *(ਪੰਨਾ 430)*

ਬਾਹਰਲਾ ਨਗਰ ਤਾਂ ਸੁਧਰੇਗਾ ਹੀ ਸਰੀਰ ਨਗਰ ਵਿਚ ਵੀ ਖੇੜਾ ਆ ਜਾਂਦਾ ਹੈ। ਨੰਦ

ਚੰਦ ਨੇ ਖਿਮਾ ਮੰਗੀ ਤੇ ਕਿਹਾ ਕਿ ਉਹ ਪੰਚ ਵਾਲੇ ਕਾਰਜ ਨਹੀਂ ਸੀ ਨਿਭਾ ਰਿਹਾ। ਪਿੱਛੇ ਦੀ ਖਿਮਾ ਮੰਗੀ ਤੇ ਅੱਗੋਂ ਨਿਰਮਾਣ ਹੋ ਸੇਵਾ ਕਰਨ ਦਾ ਪ੍ਰਣ ਕੀਤਾ। ਉਸ ਦਾ ਆਪਣਾ ਜੀਵਨ ਵੀ ਕੁੰਦਨ ਹੋਇਆ ਤੇ ਨਗਰ ਵਧਿਆ ਫੁਲਿਆ। ਬਚਨਾਂ ਦੇ ਤੀਰਾਂ ਨਾਲ ਗੁਰੂ ਹਰਿਕ੍ਰਿਸ਼ਨ ਜੀ ਰਾਹ ਤੋਂ ਖੁੰਝਿਆਂ ਨੂੰ ਜੀਵਨ ਰਾਹ ਦਰਸਾ ਰਹੇ ਹਨ।

## ਹਵਾਲੇ ਅਤੇ ਟਿੱਪਣੀਆਂ

1. ਫੇਰੂ ਜੀ ਦਾ ਜਨਮ ਅੰਬਮਾੜੀ, ਭਾਈ ਬਿਨੇ ਦੇ ਘਰ ਹੋਇਆ ਸੀ। ਉਹਨਾਂ ਦਾ ਅਸਥਾਨ ਪਿੰਡ ਮੀਏਂ ਕੇ ਮੋੜ, ਤਹਿਸੀਲ ਚੂਨੀਆ, ਜ਼ਿਲ੍ਹਾ ਲਾਹੌਰ ਵਿਚ ਪ੍ਰਸਿੱਧ ਸੀ।
   ਆਪ ਜੀ ਦਾ ਨਾਂ ਸੰਗਤ ਸੀ, ਪਰ ਫੇਰੀ ਲਾ ਕੇ ਵਪਾਰ ਕਰਦੇ ਕੀਰਤਪੁਰ ਸਾਹਿਬ ਆਏ ਸਨ ਤੇ ਜਨਮ-ਮਰਨ ਦਾ ਫੇਰਾ ਮੁੱਕਿਆ ਸੀ। ਨਾਂ ਹੀ ਫੇਰੂ ਪੈ ਗਿਆ। ਪਿੱਛੋਂ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਦੀ ਮੰਦ-ਕਰਨੀ ਕਰਕੇ ਤਾੜਨਾ ਕੀਤੀ ਤਾਂ ਇਹ ਆਪੂੰ ਹੀ ਨਿਮਰ-ਭਾਵ ਦਾੜ੍ਹੀ ਆਪਣੇ ਹੱਥ ਫੜ ਕੇ ਹਜ਼ੂਰ ਆਏ। ਦਸਮੇਸ਼ ਜੀ ਨੇ 'ਸੱਚੀ ਦਾੜ੍ਹੀ ਤੇ ਸੰਗਤ ਸਾਹਿਬ' ਦਾ ਖਿਤਾਬ ਬਖਸ਼ਿਆ। ਇਸ ਸੰਪ੍ਰਦਾਇ ਦੇ ਸਾਧੂ ਸੰਗਤਿ ਸਾਹਿਬ ਕਹਿਲਾਂਦੇ ਹਨ।

(8/1983)

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਔਰੰਗਜ਼ੇਬ ਵੱਲ ਫ਼ਾਰਸੀ ਵਿਚ ਲਿਖਿਆ ਖ਼ਤ

## ਸਿੱਖ ਇਤਿਹਾਸ ਦਾ ਪਹਿਲਾ ਜ਼ਫ਼ਰਨਾਮਾ

ਲੱਖ ਕੋਸ਼ਿਸ਼ਾਂ ਹੋਈਆਂ ਕਿ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਰਬਾਰ ਹਾਜ਼ਰ ਕੀਤਾ ਜਾਵੇ। ਸਾਜ਼ਸ਼ਾਂ, ਮਨਸੂਬੇ, ਚਾਲਾਂ, ਤਰਲੇ ਕੀਤੇ ਗਏ ਪਰ ਗੁਰੂ ਜੀ ਦ੍ਰਿੜ੍ਹ ਚਿੱਤ ਰਹੇ ਅਤੇ ਫ਼ਾਰਸੀ ਅੱਖਰਾਂ ਵਿਚ ਗੁਰੂ ਜੀ ਨੇ ਮਾਝ ਕੀ ਵਾਰ ਦਾ ਗੁਰੂ ਨਾਨਕ ਜੀ ਦਾ ਇਕ ਸਲੋਕ ਹੱਥੀਂ ਲਿਖ ਔਰੰਗਜ਼ੇਬ ਵੱਲ ਭੇਜਿਆ। ਇਹ ਸਲੋਕ ਅਤੇ ਇਸੇ ਵਾਰ ਵਿਚ ਲਿਖੇ ਪਹਿਲੇ ਸਲੋਕ ਦੇ ਭਾਵ ਅਰਥ ਪੜ੍ਹਨ ਨਾਲ ਇਸ ਲਿਖੇ ਜ਼ਫ਼ਰਨਾਮੇ ਦੀ ਮਹੱਤਤਾ ਦਾ ਪਤਾ ਲੱਗਦਾ ਹੈ। ਪਹਿਲੇ ਸਲੋਕ ਦਾ ਸਾਰ ਹੈ—

"ਉਹੀ ਮਨੁੱਖ ਜੀਉਂਦਾ ਗਿਣਨਾ ਚਾਹੀਦਾ ਹੈ ਜਿਸ ਵਿਚ ਅੱਲਾਹ ਦੀ ਯਾਦ ਹੈ। ਬੰਦਗੀ ਵਾਲੇ ਤੋਂ ਬਿਨਾਂ ਕਿਸੇ ਨੂੰ ਜੀਉਂਦਾ ਨਾ ਆਖੋ। ਜੇ ਉਹ ਸਾਰ ਵੀ ਲੈ ਰਿਹਾ ਹੈ ਤਾਂ ਇੱਜ਼ਤ-ਪੱਤ ਗੁਆ ਕੇ। ਜੋ ਕੁਝ ਖਾ-ਹੰਢਾ ਰਿਹਾ ਹੈ ਸਭ ਹਰਾਮ ਹੈ। ਜਿਸ ਦਾ ਕੇਵਲ ਰਾਜ ਵਿਚ ਹੀ ਪਿਆਰ ਹੈ, ਮਾਲ ਵਿਚ ਮੋਹ ਹੈ, ਉਹ ਇਸ ਮੋਹ ਵਿਚ ਮਸਤਿਆ ਬੇਸ਼ਰਮ ਹੋ ਕੇ ਨੱਚਦਾ ਹੈ, ਮੱਚਦਾ ਹੈ, ਆਕੜਦਾ ਹੈ। ਖ਼ੁਦਾ ਦੀ ਯਾਦ ਤੋਂ ਸੱਖਣਾ ਠੱਗਿਆ ਜਾ ਰਿਹਾ ਹੈ, ਲੁੱਟਿਆ ਜਾ ਰਿਹਾ ਹੈ, ਇੱਜ਼ਤ ਗਵਾ ਕੇ ਇਥੋਂ ਜਾਂਦਾ ਹੈ।"

ਲਿਖੇ ਸਲੋਕ ਦਾ ਭਾਵ ਸੀ—

ਜੇ ਪਾਕ ਅੱਲਾਹ ਹਿਰਦੇ ਵਿਚ ਨਹੀਂ ਵੱਸਦਾ ਤਾਂ ਖਾਣ ਤੇ ਹੰਢਾਣ ਦਾ ਕੀ ਸੁਆਦ! ਕੀ ਹੋਇਆ ਜੇ ਮੇਵੇ, ਘਿਉ, ਮਿੱਠਾ, ਗੁੜ, ਮੈਦਾ ਅਤੇ ਮਾਸ ਵਰਤਿਆ! ਕੀ ਹੋਇਆ ਜੇ ਸੋਹਣੇ ਕਪੜੇ ਅਤੇ ਆਰਾਮ ਦੇਹ ਸੇਜ ਮਿਲ ਗਈ ਅਤੇ ਮੌਜਾਂ ਮਾਣ ਲਈਆਂ! ਤਾਂ ਕੀ ਬਣ ਗਿਆ ਜੇ ਫ਼ੌਜ, ਚੌਬਦਾਰ, ਚੌਰ ਬਰਦਾਰ ਮਿਲ ਗਏ ਅਤੇ ਮਹਿਲਾਂ ਵਿਚ ਵੱਸਣਾ ਨਸੀਬ ਹੋਇਆ! ਸਭ ਵਿਅਰਥ ਹੈ, ਫ਼ਜ਼ੂਲ ਹੈ। ਅਲਾਹ ਦੇ ਨਾਮ ਬਿਨ ਸਭ ਪਦਾਰਥ ਨਾਸ਼ਵੰਤ ਹਨ।

**ਮ: ੧ ॥**
**ਕਿਆ ਖਾਧੈ ਕਿਆ ਪੈਧੈ ਹੋਇ॥**
**ਜਾ ਮਨਿ ਨਾਹੀ ਸਚਾ ਸੋਇ॥**
**ਕਿਆ ਮੇਵਾ ਕਿਆ ਘਿਉ ਗੁੜੁ ਮਿਠਾ**
**ਕਿਆ ਮੈਦਾ ਕਿਆ ਮਾਸੁ॥**

**ਕਿਆ ਕਪੜੁ ਕਿਆ ਸੇਜ ਸੁਖਾਲੀ**
**ਕੀਜਹਿ ਭੋਗ ਬਿਲਾਸ॥**
**ਕਿਆ ਲਸਕਰ ਕਿਆ ਨੇਬ ਖਵਾਸੀ**
**ਆਵੈ ਮਹਲੀ ਵਾਸੁ॥**
**ਨਾਨਕ ਸਚੇ ਨਾਮ ਵਿਣੁ**
**ਸਭੇ ਟੋਲ ਵਿਣਾਸੁ॥੧॥** *(ਪੰਨਾ ੧੪੨)*

ਇਹ ਵੀ ਕਹਿ ਭੇਜਿਆ ਕਿ ਬਾਦਸ਼ਾਹ ਨੂੰ ਕਹਿ ਦੇਣਾ ਕਿ ਭਲੇ ਪੁਰਸ਼ਾਂ ਨਾਲ ਅੜਨਾ ਨਹੀਂ ਸ਼ੋਭਦਾ। ਸਾਦਿਕਾਂ ਦਾ ਕਿਹਾ ਸਗੋਂ ਸਹਾਰਨਾ ਚਾਹੀਦਾ ਹੈ।

ਸਿੱਖ ਇਤਿਹਾਸ ਦਾ ਕਹਿਣਾ ਹੈ ਕਿ ਹੋਰ ਤਾਂ ਪਤਾ ਨਹੀਂ, ਔਰੰਗਜ਼ੇਬ ਨੇ ਕੀਤਾ ਜਾਂ ਨਾ ਪਰ ਉਸ ਦਿਨ ਤੋਂ ਹੱਥੀਂ ਕੰਮ ਕਰ ਕੇ ਰੋਟੀ ਕਮਾ ਕੇ ਖਾਂਦਾ ਰਿਹਾ।

ਇਸੇ ਰੌਸ਼ਨੀ ਵਿਚ ਔਰੰਗਜ਼ੇਬ ਦੇ ਲਿਖੇ ਮਰਨ ਸੇਜਾਂ ਤੇ ਲਫ਼ਜ਼ ਪੜ੍ਹੋ। ਉਸ ਨੇ ਲਿਖਿਆ ਸੀ—

"ਮੈਂ ਇਕੱਲਾ ਆਇਆ, ਇਕੱਲਾ ਹੀ ਜਾ ਰਿਹਾ ਹਾਂ। ਮੈਨੂੰ ਇਤਨਾ ਵੀ ਗਿਆਨ ਨਹੀਂ ਕਿ ਮੈਂ ਕੌਣ ਹਾਂ, ਕੀ ਕਰਦਾ ਰਿਹਾ ਹਾਂ ਤੇ ਕਿਥੇ ਜਾਣਾ ਹੈ। ਜੋ ਸਮਾਂ ਬੰਦਗੀ ਤੋਂ ਬਗ਼ੈਰ ਗੁਜ਼ਾਰਿਆ ਉਸ ਦਾ ਮੈਨੂੰ ਪਛਤਾਵਾ ਹੋ ਰਿਹਾ ਹੈ। ਚੰਗੀ ਹਕੂਮਤ ਕਰ ਨਹੀਂ ਸਕਿਆ, ਲੋਕਾਂ ਦਾ ਪਿਆਰ ਜਿੱਤ ਨਹੀਂ ਸਕਿਆ। ਦੁਨੀਆਂ ਵਿਚ ਆਇਆ ਖਾਲੀ ਹੱਥ ਸਾਂ ਪਰ ਜਾ ਰਿਹਾ ਹਾਂ ਪਾਪਾਂ ਦੀ ਪੰਡ ਚੁੱਕ ਕੇ। ਪਤਾ ਨਹੀਂ ਕੀਤੇ ਗੁਨਾਹਾਂ ਦੀ ਸਜ਼ਾ ਮੈਨੂੰ ਕੀ ਮਿਲੇਗੀ। ਰਹਿਮ ਕਰੋ ਅਲਾਹ, ਰਹਿਮ!"

(8/1983)

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਬੋਲ—ਬਾਬਾ ਬਕਾਲੇ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਾਂਗ ਬਾਣੀ ਦੀ ਸਿਰਜਣਾ ਨਹੀਂ ਕੀਤੀ, ਪਰ ਉਹਨਾਂ ਦੀ ਗੁਰੂ-ਜੋਤਿ, ਗੁਰੂ-ਸੋਚ, ਗੁਰੂ-ਘਾਲਿ ਕਮਾਈ, ਗੁਰੂ-ਪਦਵੀ, ਗੁਰੂ-ਉਪਦੇਸ਼, ਗੁਰੂ-ਜੀਵਨ ਕ੍ਰਿਆ, ਗੁਰੂ-ਪ੍ਰਭਾਵ ਤੇ ਪ੍ਰਤਾਪ ਉਹੀ ਹੈ, ਜਿਹੜਾ 1469 ਈਸਵੀ ਤੋਂ 1708 ਈ. ਤੱਕ 239 ਸਾਲਾਂ ਵਿਚ ਗੁਰੂ-ਪਰੰਪਰਾ ਦਾ ਸਾਰੇ ਪੰਜਾਬ-ਭਾਰਤ ਵਿਚ ਉਭਰਿਆ ਅਤੇ ਸਿਰਜਿਆ ਗਿਆ। ਗੁਰੂ-ਗੁਰਤਾ ਵਿਚ ਕੁਲ, ਜਾਤ-ਪਾਤ, ਰੂਪ-ਰੰਗ, ਉਮਰ, ਮਹਲ-ਮਾੜੀਆਂ, ਦੁਨਿਆਵੀ ਚਤੁਰਾਈਆਂ ਤੇ ਸੰਸਾਰਕ ਵਡਿਆਈਆਂ ਦਾ ਕਦੀ ਵੀ ਤੇ ਕੋਈ ਵੀ ਮਹੱਤਵ ਨਹੀਂ ਰਿਹਾ। ਖ਼ੂਨੀ ਰਿਸ਼ਤਿਆਂ ਤੇ ਉਮਰ ਦੀ ਪਕੜ ਵਿਚ ਗੁਰੂ-ਜੋਤਿ ਨਿਰੰਤਰ ਬੇਪਰਵਾਹ ਤੇ ਆਜ਼ਾਦ ਰਹੀ ਹੈ। ਗੁਰੂ-ਜੋਤਿ ਨੇ ਗੁਰਤਾ-ਪ੍ਰਾਪਤੀ ਨੂੰ ਸਦਾ ਸ਼ੁਭ ਅਮਲ, ਨਾਮ-ਸਿਮਰਨ, ਘਾਲਿ-ਕਮਾਈ, ਨੀਅਤ-ਰਾਸਿ, ਹੁਕਮ-ਰਜ਼ਾ ਤੇ ਨਦਰਿ-ਨੀਸਾਣ ਨਾਲ ਜੋੜਿਆ ਹੈ। 'ਕਰਤਾ' ਪ੍ਰਦਾਨ ਕਰਨ ਲਈ ਜਿਹੜੀ ਚੋਣ-ਵਿਧੀ ਗੁਰੂ ਨਾਨਕ ਦੇਵ ਜੀ ਨੇ ਵਰਤੀ ਤੇ ਨਿਸ਼ਚਿਤ ਕੀਤੀ ਉਸੇ ਵਿਧੀ ਅਨੁਸਾਰ ਵਾਰੀ-ਵਾਰੀ ਗੁਰੂ-ਜੋਤਿ ਰੂਪ ਗੁਰਤਾ ਪ੍ਰਾਪਤ ਕਰਕੇ, ਗੁਰਗੱਦੀ ਉੱਤੇ ਬੈਠ, ਬਾਣੀ-ਬੋਲ ਰਾਹੀਂ, ਗੁਰੂ-ਸੰਸਥਾ ਤੇ ਸਿੱਖ ਲਹਿਰ ਨੂੰ ਸਮਰੱਥ ਅਗਵਾਈ ਪ੍ਰਦਾਨ ਕਰਦੇ ਰਹੇ। ਉਮਰ ਵੱਡੀ ਸੀ ਜਾਂ ਛੋਟੀ ਸੀ, ਜਿੰਨਾ ਚਿਰ ਗੁਰੂ-ਜੋਤਿ-ਰੂਪ ਵਿਚ ਜੀਵੇ, ਉਹ ਗੁਰੂ-ਪਰੰਪਰਾ ਅਨੁਸਾਰ ਯੋਗ, ਸਮਰੱਥ ਤੇ ਪ੍ਰਭਾਵਸ਼ਾਲੀ ਅਗਵਾਈ ਪ੍ਰਦਾਨ ਕਰਦੇ ਹੀ ਰਹੇ। ਦਸ ਗੁਰੂ ਸਾਹਿਬਾਨ ਵਿਚੋਂ ਜੇ (ਸੰਸਾਰਿਕ) ਉਮਰ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਉਮਰ ਸਭ ਤੋਂ ਛੋਟੀ ਬਣਦੀ ਹੈ। ਪੰਜ ਸਾਲ ਦੀ ਉਮਰ ਵਿਚ ਉਹ ਗੁਰੂ-ਜੋਤਿ-ਰੂਪ ਪ੍ਰਾਪਤ ਕਰ ਕੇ ਗੁਰਗੱਦੀ ਉੱਤੇ ਬੈਠਦੇ ਹਨ। ਇਸ ਬਾਲ ਉਮਰ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਲਗਾਤਾਰ ਤਿੰਨ ਸਾਲ (1661 ਈ. ਤੋਂ 1664 ਈ. ਤੱਕ) ਗੁਰੂ-ਕਰਤੱਵ ਨੂੰ ਗੁਰੂ-ਪਰੰਪਰਾ, ਗੁਰੂ-ਸੰਸਥਾ ਤੇ ਗੁਰੂ-ਸਮਰੱਥਾ ਅਨੁਸਾਰ ਜਿਵੇਂ ਚਲਾਇਆ ਹੈ, ਉਹ ਸਹਿਜੇ ਹੀ ਸਪਸ਼ਟ ਕਰਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਗੁਰੂ-ਜੋਤਿ ਦੀ ਅਸਟਮ ਬਲਬੀਰਾ, ਪ੍ਰਭਾਵਸ਼ਾਲੀ ਤੇ ਪ੍ਰਤਾਪੀ ਸ਼ਖ਼ਸੀਅਤ ਹਨ, ਜਿਨ੍ਹਾਂ ਦੇ ਦਰਸ਼ਨ-ਦੀਦਾਰ ਕੀਤਿਆਂ ਤੇ ਧਿਆਨ-ਸਿਮਰਤੀ ਦਾ ਕੇਂਦਰ ਬਣਾਇਆਂ ਸਭ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਹੁੰਦਾ ਹੈ।

'ਸੱਚ' ਉਹਨਾਂ ਦੀ ਜੀਵਨ-ਕ੍ਰਿਆ ਤੇ ਬਾਣੀ-ਬੋਲ ਦਾ ਸਦਾ ਆਧਾਰ ਰਿਹਾ ਹੈ। 'ਬਾਬਾ ਬਕਾਲੇ' ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਸਿੱਧ, ਇਤਿਹਾਸਕ ਸੱਚ ਨਾਲ ਭਰਪੂਰ ਤੇ ਅੰਤਿਮ ਬੋਲ ਹੈ। ਜਦੋਂ 1664 ਈ. ਵਿਚ ਦੁਖੀ, ਰੋਗੀ ਤੇ ਪੀੜਤ ਲੋਕਾਂ ਦੀ ਸੇਵਾ ਕਰ ਰਹੇ ਸਨ ਤਾਂ ਉਹਨਾਂ ਆਪਣਾ ਅੰਤਿਮ ਸਮਾਂ ਨੇੜੇ ਜਾਣਿਆ। ਅਗਲੇ ਗੁਰੂ ਦੀ ਚੋਣ ਬਾਰੇ ਉਹਨਾਂ ਨੇ ਸਪੱਸ਼ਟ

ਕਰਦਿਆਂ ਇੰਨਾ ਹੀ ਆਖਿਆ, 'ਬਾਬਾ ਬਕਾਲੇ'। 'ਬਾਬਾ ਬਕਾਲੇ' ਦਾ ਇਤਿਹਾਸਕ ਬੋਲ ਪ੍ਰਕਾਸ਼ ਕਰਨ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਅੰਤਰ-ਆਤਮੇ ਪੂਰੀ ਤਰ੍ਹਾਂ ਸਪੱਸ਼ਟ ਸਨ ਕਿ ਗੁਰੂ-ਪ੍ਰੰਪਰਾ ਦੇ ਨੌਵੇਂ ਵਾਰਿਸ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਹੀ ਹਨ, ਹੋਰ ਕੋਈ ਨਹੀਂ। ਸੰਜੋਗ ਨਾਲ ਇਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਯਾਤਰਾ ਮੁਕਾ ਕੇ ਆਪਣੇ ਮਹਿਲ ਮਾਤਾ ਗੁਜਰੀ ਜੀ ਨਾਲ ਸ੍ਰੀ ਅੰਮ੍ਰਿਤਸਰ ਛੱਡ ਕੇ 'ਬਕਾਲਾ' ਵਿਖੇ ਨਿਵਾਸ ਕਰਨ ਲੱਗ ਪਏ ਸਨ। 'ਬਕਾਲਾ' ਸ੍ਰੀ ਅੰਮ੍ਰਿਤਸਰ ਤੋਂ 25 ਮੀਲ ਦੀ ਵਾਟ 'ਤੇ ਸਥਿਤ ਇਕ ਪਾਵਨ ਨਗਰ ਹੈ, ਜਿਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਲਗਾਤਾਰ ਕਿੰਨੇ ਹੀ ਸਾਲ ਇਕਾਗਰ-ਚਿੱਤ ਹੋ ਕੇ ਬੰਦਗੀ ਕੀਤੀ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਕੀਤੀ ਜਾ ਰਹੀ ਬੰਦਗੀ ਦਾ ਪੂਰਾ ਅਨੁਭਵ ਸੀ। 'ਬਾਬਾ ਬਕਾਲੇ' ਦਾ ਬੋਲ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਗਿਆਨਸ਼ੀਲ ਬਿਰਤੀ ਤੇ ਦੂਰ-ਦ੍ਰਿਸ਼ਟੀ ਦਾ ਸੰਕੇਤ ਹੈ।

'ਬਾਬਾ ਬਕਾਲੇ' ਸਹਿਜ ਸੁਭਾ ਜਾਂ ਅਚਾਨਕ ਗੁਰੂ-ਹਿਰਦੇ ਵਿਚੋਂ ਮੂਰਤੀਮਾਨ ਹੋਇਆ ਬੋਲ ਨਹੀਂ। ਇਸ ਬੋਲ ਵਿਚ ਗੁਰੂ-ਪਰਿਵਾਰ ਦੇ ਰੂਹਾਨੀ ਰਿਸ਼ਤਿਆਂ ਦੀ ਸਹੀ ਜਾਣਕਾਰੀ ਵੀ ਹੈ। ਗੁਰੂ-ਸੰਸਥਾ ਦੇ ਭਵਿੱਖ ਦਾ ਸਿਰਜਨ-ਸੰਕੇਤ ਵੀ ਹੈ ਅਤੇ ਉੱਤਰ-ਅਧਿਕਾਰੀ ਗੁਰੂ ਪ੍ਰਤੀ ਸਪੱਸ਼ਟ ਤੇ ਯੋਗ ਨਿਰਣਾ ਵੀ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਜਦੋਂ 'ਬਕਾਲਾ' ਦੇ ਇਕ ਭੋਰੇ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਜੋਤਿ-ਅਧਿਕਾਰੀ ਤੇ ਨੌਵੇਂ ਉਤਰ-ਅਧਿਕਾਰੀ ਗੁਰੂ ਦੇ ਰੂਪ ਵਿਚ ਪ੍ਰਗਟ ਤੇ ਉਜਾਗਰ ਕੀਤਾ ਗਿਆ ਤਾਂ ਸਮੁੱਚੇ ਸਿੱਖ ਜਗਤ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਕੀਤੇ ਬੋਲ 'ਬਾਬਾ ਬਕਾਲੇ' ਦੇ ਅਰਥ ਸਹਿਜੇ ਹੀ ਸਪੱਸ਼ਟ ਹੋ ਗਏ ਕਿ 'ਬਾਬਾ ਬਕਾਲੇ' ਗੁਰੂ ਤੇਗ ਬਹਾਦਰ ਜੀ ਪ੍ਰਤੀ ਕੀਤਾ ਸੰਕੇਤ ਹੀ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ 'ਬਾਬਾ' ਸ਼ਬਦ ਬਿਲਕੁਲ ਠੀਕ ਵਰਤਿਆ ਹੈ। ਇਸ ਦਾ ਪੇਂਡੂ ਬੋਲੀ ਵਿਚ ਅਰਥ ਭਾਵੇਂ ਪਿਤਾ, ਬਾਬਾ ਤੇ ਦਾਦਾ ਦਾ ਵੀ ਹੈ, ਪਰ ਗੁਰੂ-ਪ੍ਰੰਪਰਾ ਵਿਚ 'ਬਾਬਾ' ਸ਼ਬਦ ਬਜ਼ੁਰਗ ਲਈ ਸਨਮਾਨ ਬੋਧ ਹੀ ਹੈ। ਜਦੋਂ ਭਾਈ ਗੁਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਆਖਦੇ ਹਨ:

ਘਰਿ ਘਰਿ ਬਾਬਾ ਗਾਵੀਐ।

ਜਾਂ

ਜਾਹਰ ਪੀਰ ਜਗਤ ਗੁਰ ਬਾਬਾ।

ਤਾਂ ਇਥੇ 'ਬਾਬਾ' ਸਬਦ 'ਸਨਮਾਨ' ਦਾ ਪ੍ਰਤੀਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਏਕਤਾ, ਪਿਆਰ, ਬਰਾਬਰਤਾ, ਸਾਂਝੀਵਾਲਤਾ, ਸਹਿਜ ਤੇ ਸੁਤੰਤਰਤਾ ਦਾ ਜਿਹੜਾ ਉਪਦੇਸ਼ ਦਿੱਤਾ, ਉਹ ਇੰਨਾ ਸਰਬਭਾਵੀ ਤੇ ਸਾਰਥਿਕ ਸੀ ਕਿ ਘਰ-ਘਰ ਸਾਰੇ ਜਗਤ ਵੱਲੋਂ ਉਹਨਾਂ ਨੂੰ ਗੁਰੂ-ਪੀਰ ਕਹਿ ਕੇ ਗਾਵਿਆ ਵੀ ਗਿਆ ਤੇ 'ਬਾਬਾ' ਕਹਿ ਕੇ ਸਤਿਕਾਰਿਆ ਵੀ ਗਿਆ। ਗੁਰੂ ਅਮਰਦਾਸ ਜੀ ਦਾ ਹੇਠਲਾ ਵਾਕ ਵੀ:

**ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥** *(ਪੰਨਾ ੯੫੧)*

ਬਾਬਿਆਂ ਦੀਆਂ ਜੀਵਨ ਕਹਾਣੀਆਂ ਨੂੰ ਸਤਿਕਾਰ ਸਹਿਤ ਪਾਉਣ ਵੱਲ ਹੀ ਪ੍ਰੇਰਨਾ ਕਰਦਾ ਹੈ। ਬਾਬਾ ਫ਼ਰੀਦ ਨਾਲ ਵੀ ਜੋ 'ਬਾਬਾ' ਸ਼ਬਦ ਜੁੜਿਆ ਹੈ ਉਹ ਵੀ ਦਰਵੇਸ਼ੀ ਦੀ ਕਮਾਈ ਕਾਰਨ ਬਾਬਾ ਫ਼ਰੀਦ ਜੀ ਪ੍ਰਤੀ ਸ਼ਰਧਾਲੂਆਂ ਵਿਚ ਉਪਜੀ ਬਜ਼ੁਰਗ ਦੀ ਸਤਿਕਾਰ ਭਾਵਨਾ ਦਾ ਹੀ ਪ੍ਰਤੀਕ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਤੀ ਜੇ 'ਬਾਬਾ' ਸ਼ਬਦ ਵਰਤਿਆ ਹੈ ਤਾਂ ਉਸ ਵਿਚ ਵੀ ਬਜ਼ੁਰਗੀ ਤੇ ਸਤਿਕਾਰ ਦੇ ਦੋ ਭਾਵ ਜੁੜੇ ਹੋਏ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਦ੍ਰਿਸ਼ਟੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਥਾਨ ਬਜ਼ੁਰਗ ਦਾ ਸਥਾਨ ਵੀ ਸੀ ਤੇ ਸਤਿਕਾਰ ਭਰਪੂਰ ਸਥਾਨ ਵੀ ਸੀ। ਇਤਿਹਾਸਕ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਹੋਣਹਾਰ ਸਪੁੱਤਰ ਸਨ। ਕਰਤਾਰਪੁਰ ਦੀ ਜੰਗ ਵਿਚ ਤੇਗ ਨਾਲ ਜਿਸ ਬਹਾਦਰੀ ਦਾ ਉਹਨਾਂ ਪ੍ਰਗਟਾਵਾ ਕੀਤਾ, ਉਸ ਦੀ ਸਿਮਰਤੀ ਵਿਚ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਜੀ ਨੂੰ ਪਿਆਰ ਨਾਲ 'ਤੇਗ ਬਹਾਦਰ' ਕਹਿਣਾ ਸ਼ੁਰੂ ਕਰ ਦਿੱਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਿੱਛੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਪਹਿਲਾਂ ਵਾਰੀ ਵਾਰੀ ਗੁਰਗੱਦੀ ਉੱਤੇ ਬੈਠਦੇ ਹਨ ਤੇ ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਗੱਦੀ ਉਥੇ ਬਿਰਾਜਮਾਨ ਹੁੰਦੇ ਹਨ। 'ਬਾਬਾ ਬਕਾਲੇ' ਦਾ ਸੰਕੇਤ ਕਰਨ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਹਾਲਾਂ ਬਾਲ-ਉਮਰ ਵਿਚ ਸਨ ਤੇ ਗੁਰੂ ਤੇਗ ਬਹਾਦਰ ਜੀ ਉਮਰ ਪੱਖੋਂ ਵੀ ਵੱਡੇ ਸਨ ਤੇ ਰਿਸ਼ਤੇ ਵਜੋਂ ਵੀ ਬਜ਼ੁਰਗ ਸਨ। ਆਪਣਾ ਹਿਰਦੇ ਸਤਿਕਾਰ ਪ੍ਰਗਟਾਉਣ ਲਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ 'ਬਾਬਾ' ਕਹਿਣਾ ਯੋਗ ਵੀ ਸੀ ਤੇ ਸਾਰਥਿਕ ਵੀ। 'ਬਾਬਾ ਬਕਾਲੇ' ਦਾ ਸਪੱਸ਼ਟ ਭਾਵ ਸੀ ਬਕਾਲੇ ਵਿਚ (ਬਾਬਾ) ਸ੍ਰੀ (ਗੁਰੂ) ਤੇਗ ਬਹਾਦਰ ਜੀ ਹਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜਦੋਂ ਬਾਬਾ ਬਕਾਲੇ ਦਾ ਬੋਲ ਪ੍ਰਕਾਸ਼ ਕੀਤਾ ਤਾਂ ਉਸ ਵੇਲੇ ਗੁਰੂ ਤੇਗ ਬਹਾਦਰ ਜੀ 'ਬਕਾਲੇ' ਦੇ ਵਿਚ ਬੰਦਗੀ ਵਿਚ ਲੀਨ ਸਨ। ਇਹੀ ਸਮਾਂ ਸੀ ਕਿ ਗੁਰੂ-ਘਰ ਦਾ ਇਕ ਸ਼ਰਧਾਲੂ ਤੇ ਵਪਾਰੀ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਦਾ ਤਜਾਰਤੀ ਜਹਾਜ਼ ਇਕ ਐਸੀ ਘੁੰਮਣਘੇਰੀ ਵਿਚ ਫਸਿਆ ਕਿ ਨਿਕਲਣ ਦਾ ਰਾਹ ਨਾ ਮਿਲੇ। ਭਾਈ ਮੱਖਣ ਸ਼ਾਹ ਲੁਬਾਣਾ ਗੁਰੂ-ਪ੍ਰੰਪਰਾ ਪ੍ਰਤੀ ਪਾਠ-ਦੀਦਾਰ ਕਰ ਕੇ ਆਪਣੀ ਸ਼ਰਧਾ ਤੇ ਸਤਿਕਾਰ ਰੱਖਦਾ ਸੀ। ਇਕਾਗਰ-ਚਿੱਤ ਹੋ ਗੁਰੂ ਪਾਤਿਸ਼ਾਹ ਦਾ ਧਿਆਨ ਧਰ ਅਰਦਾਸ ਕੀਤੀ। ਗੁਰੂ-ਮਿਹਰ ਸਦਕਾ ਉਸ ਦਾ ਡੁੱਬਦਾ ਜਹਾਜ਼ ਕੰਢੇ ਲੱਗ ਗਿਆ। ਭਾਈ ਮੱਖਣ ਸ਼ਾਹ ਲੁਬਾਣਾ ਧੰਨਵਾਦ ਵਜੋਂ ਆਪਣਾ ਦਸਵੰਧ ਦੇਣ ਲਈ ਬਾਬਾ ਬਕਾਲੇ ਆਏ ਤਾਂ ਉਥੇ ਪਾਖੰਡੀ ਗੁਰੂਆਂ ਦੀਆਂ 22 ਮੰਜੀਆਂ ਵੇਖ ਸੋਚਾਂ ਵਿਚ ਪੈ ਗਏ। ਹਰ ਮੰਜੀ ਅੱਗੇ ਦੋ-ਦੋ ਮੋਹਰਾਂ ਰੱਖੀ ਜਾਣ, ਪਰ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਅੱਗੇ ਵੀ ਦੋ ਮੋਹਰਾਂ ਭੇਟ ਕੀਤੀਆਂ ਤਾਂ ਉਨ੍ਹਾਂ ਭਾਈ ਮੱਖਣ ਸ਼ਾਹ ਦੀ ਅੰਤਰ-ਭਾਵਨਾ ਨੂੰ ਪਛਾਣਦਿਆਂ ਸਹਿਜੇ ਹੀ ਫੁਰਮਾਇਆ, "ਸਿੱਖਾ, ਦੋ ਮੋਹਰਾਂ ਕਿਉਂ ? ਤੂੰ ਤਾਂ ਪੰਜ ਸੌ ਮੋਹਰਾਂ ਦੀ ਭਾਵਨਾ ਰੱਖੀ ਸੀ।" ਬੱਸ ਇੰਨਾ ਸੁਣਨਾ ਹੀ ਸੀ ਕਿ ਭਾਈ ਮੱਖਣ ਸ਼ਾਹ ਲੁਬਾਣਾ 'ਗੁਰੂ ਲਾਧੋ ਰੇ', 'ਗੁਰੂ ਲਾਧੋ ਰੇ' ਕਹਿੰਦਾ ਕੋਠੇ ਉੱਤੇ ਚੜ੍ਹ ਪੱਲੂ ਫੇਰਨ ਲੱਗ ਪਿਆ। ਪਾਖੰਡੀ 22 ਗੁਰੂ-ਮੰਜੀਆਂ ਕਾਰਨ ਗੁਰੂ-ਸੰਸਥਾ ਦੇ ਨੌਵੇਂ ਗੁਰੂ ਸੰਬੰਧੀ ਸੰਗਤ ਵਿਚ ਜਿਹੜਾ ਭਰਮ-ਭੁਲੇਖਾ ਪੈਦਾ ਹੋਇਆ ਸੀ, ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਨਾਲ ਸਹਿਜੇ

ਹੀ ਮਿਟ ਗਿਆ। ਸਿੱਖ ਗ੍ਰੰਥਾਂ ਵਿਚ ਜ਼ਿਕਰ ਹੈ ਕਿ ਭਾਈ ਮੱਖਣ ਸ਼ਾਹ ਲੁਬਾਣਾ ਨੇ ਸਿੱਖ ਸੰਗਤਾਂ ਨੂੰ ਸੁਚੇਤ ਕਰਦਿਆਂ ਬੜੀ ਉੱਚੀ ਆਵਾਜ਼ ਨਾਲ ਆਖਿਆ:

ਭੁਲੀਏ ਸੰਗਤਿ ਸੁਨਹੁ ਸੁ ਕਾਨੁ।
ਸਤਿਗੁਰੁ ਲੱਧਾ ਮਹਦ ਮਹਾਨ।...੫੪॥ *(ਰਾਸਿ ੧੧ ਅੰਸੂ ੧੦)*

ਜਿਸ ਸਥਾਨ ਉੱਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੌਵੇਂ ਗੁਰੂ ਦੇ ਰੂਪ ਵਿਚ ਪ੍ਰਗਟ ਹੋਏ ਸਨ, ਉਸ ਸਥਾਨ ਨੂੰ ਭੋਰਾ ਸਾਹਿਬ ਆਖਿਆ ਜਾਂਦਾ ਹੈ। ਜਿਥੇ ਗੁਰਗੱਦੀ ਉੱਤੇ ਬੈਠ ਕੇ ਸਿੱਖ ਸੰਗਤਾਂ ਨੂੰ ਦਰਸ਼ਨ ਦਿੱਤੇ, ਉਸ ਸਥਾਨ ਨੂੰ 'ਦਰਬਾਰ ਸਾਹਿਬ' ਆਖਿਆ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਨਾਲ ਸਿੱਖੀ ਦਾ ਕੇਂਦਰ ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਕੀਰਤਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਵਾਂਗ 'ਬਕਾਲਾ' ਬਣ ਗਿਆ। 'ਬਕਾਲਾ' ਪਾਵਨ ਨਗਰ ਚੂੰਕਿ ਬਾਬਾ-ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਾਧਨਾ ਤੇ ਸਿਮਰਤੀ ਦੀਆਂ ਛੋਹਾਂ ਨਾਲ ਸਿਰਜਿਆ ਤੇ ਸੰਵਾਰਿਆ ਹੋਇਆ ਹੈ, ਨਾਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਬੋਲ ਹੈ—'ਬਾਬਾ ਬਕਾਲੇ'। ਇਸ ਲਈ 'ਬਕਾਲਾ' ਨਗਰ ਦਾ ਨਾਮ ਵੀ 'ਬਾਬਾ ਬਕਾਲਾ' ਹੀ ਪ੍ਰਸਿੱਧ ਹੋ ਗਿਆ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਬੋਲ 'ਬਾਬਾ ਬਕਾਲੇ' ਨਾਲ ਭਾਵੇਂ ਇਹ ਸਪੱਸ਼ਟ ਹੋ ਗਿਆ ਕਿ ਗੁਰੂ-ਪ੍ਰੰਪਰਾ ਤੇ ਗੁਰੂ-ਸੰਸਥਾ ਦੇ ਵਾਰਿਸ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ, ਪਰ ਗੁਰੂ-ਵਿਰੋਧੀਆਂ ਤੇ ਗੁਰੂ-ਦੋਖੀਆਂ ਨੇ 'ਬਾਬਾ ਬਕਾਲੇ' ਦੇ ਸੰਕੇਤ ਨੂੰ ਭਰਮ-ਭੁਲੇਖੇ ਵਿਚ ਪਾਉਣ ਦਾ ਅਥਾਹ ਤੇ ਨਿਰੰਤਰ ਯਤਨ ਕੀਤਾ। ਇਤਿਹਾਸ ਸਾਖੀ ਹੈ ਕਿ ਬਾਬਾ ਬਕਾਲੇ ਵਿਚ ਪ੍ਰਿਥੀਏ, ਰਾਮਰਾਈਏ ਧੀਰਮੱਲੀਏ ਅਤੇ ਹੋਰ ਪਾਖੰਡੀਆਂ ਵੱਲੋਂ ਗੁਰੂ-ਪ੍ਰੰਪਰਾ ਦੇ ਨੌਵੇਂ ਅਧਿਕਾਰੀ ਆਪਣੇ-ਆਪਣੇ 'ਗੁਰੂ' ਸਥਾਪਿਤ ਕਰ ਲਏ। 22 ਮੰਜੀਆਂ 22 ਪਾਖੰਡੀ ਗੁਰੂਆਂ ਦੀਆਂ ਹੀ ਪ੍ਰਤੀਨਿੱਧ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਚਰਣ-ਛੋਹ, ਬੋਲ ਤੇ ਉਪਦੇਸ਼ ਦਾ ਪ੍ਰਭਾਵ ਵੀ ਬੜਾ ਡੂੰਘਾ ਤੇ ਵਿਆਪਕ ਪੈ ਰਿਹਾ ਸੀ। ਇਸ ਵਿਆਪਕ ਪ੍ਰਭਾਵ ਕਾਰਨ ਹੀ ਸਮਕਾਲੀ ਹਾਕਮ ਔਰੰਗਜ਼ੇਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ-ਦੀਦਾਰ ਲਈ ਉਡੀਕ ਕਰਦਾ ਰਿਹਾ, ਪਰ ਗੁਰੂ ਸਾਹਿਬ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ। ਰਾਮਰਾਇ ਤੇ ਧੀਰਮੱਲ ਨੇ ਵੀ ਬੜਾ ਜ਼ੋਰ ਲਾਇਆ ਸੀ ਕਿ ਗੁਰਤਾ ਦੇ ਉਹ ਮਾਲਕ ਬਣ ਸਕਣ। ਮੁਗ਼ਲ ਰਾਜ-ਅਧਿਕਾਰੀ ਵੀ ਗੁਰੂ-ਵਿਰੋਧੀਆਂ ਨੂੰ ਕਬਜ਼ਾ ਦਿਵਾਣ ਵਿਚ ਸਮੇਂ-ਸਮੇਂ ਸਹਿਯੋਗੀ ਤੇ ਸਹਾਇਕ ਬਣਦੇ ਰਹੇ। ਭਾਈ ਮੱਖਣ ਸ਼ਾਹ ਲੁਬਾਣਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰ ਕੇ ਨਾ ਕੇਵਲ ਦਿੱਲੀ ਵਿਚ ਉਚਾਰੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਬੋਲ 'ਬਾਬਾ ਬਕਾਲੇ' ਨੂੰ ਸਾਖਿਆਤ ਤੇ ਸਾਰਥਿਕਤਾ ਪ੍ਰਦਾਨ ਕੀਤੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਬੋਲ 'ਬਾਬਾ ਬਕਾਲੇ' ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਜੋਤਿ ਦਾ ਅਧਿਕਾਰੀ ਵੀ ਬਣਾ ਦਿੱਤਾ ਅਤੇ ਨੌਵੇਂ ਗੁਰੂ ਦੇ ਰੂਪ ਵਿਚ ਸਿਰਜ ਦਿੱਤਾ। ਸਮੇਂ ਦੇ ਬੀਤਣ ਨਾਲ 'ਬਕਾਲਾ' ਨਗਰ 'ਬਾਬਾ ਬਕਾਲਾ' ਨਾਮ ਨਾਲ ਪ੍ਰਸਿੱਧ ਹੋ ਗਿਆ ਅਤੇ 'ਬਾਬਾ ਬਕਾਲੇ' ਬੋਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਛਾਣ ਦਾ ਚਿੰਨ੍ਹ ਤੇ ਬਿੰਬ ਬਣ ਗਿਆ ਹੈ।

(4/1993)

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
# (1656-1664 ਈ.)

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦੋ ਸਾਹਿਬਜ਼ਾਦੇ ਸਨ—ਰਾਮਰਾਇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ 7 ਜੁਲਾਈ ਸੰਨ 1656 ਵਿਚ ਕੀਰਤਪੁਰ ਸਾਹਿਬ ਵਿਖੇ ਹੋਇਆ ਸੀ।

## ਗੁਰਿਆਈ

ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਰਾਮਰਾਇ ਨੇ ਔਰੰਗਜ਼ੇਬ ਦੇ ਅਸਰ-ਰਸੂਖ ਵਿਚ ਆ ਕੇ ਉਸ ਨੂੰ ਖ਼ੁਸ਼ ਕਰਨ ਦੀ ਖਾਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਦਲ ਦਿੱਤੀ ਸੀ। ਇਸ ਵਾਸਤੇ ਸਿੱਖ ਕੌਮ ਦੀ ਅਗਵਾਈ ਦੀ ਜ਼ਿੰਮੇਵਾਰੀ ਉਹਨਾਂ ਨੂੰ ਨਹੀਂ ਸੌਂਪੀ ਜਾ ਸਕਦੀ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ 6 ਅਕਤੂਬਰ, ਸੰਨ 1661 ਨੂੰ ਜੋਤੀ-ਜੋਤਿ ਸਮਾਏ। ਇਸ ਤੋਂ ਪਹਿਲਾਂ ਉਨ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰੂ ਥਾਪ ਦਿੱਤਾ। ਉਸ ਵੇਲੇ ਇਹਨਾਂ ਦੀ ਉਮਰ 5 ਸਾਲ ਤੇ ਤਕਰੀਬਨ 3 ਮਹੀਨੇ ਹੀ ਸੀ।

## ਸਿੱਖ-ਸ਼ਰਧਾ ਦੀ ਪਰਖ ਦਾ ਵੇਲਾ

ਔਰੰਗਜ਼ੇਬ ਆਪਣੇ ਸ਼ਰੀਕ ਭਰਾਵਾਂ ਵੱਲੋਂ ਬੇਫ਼ਿਕਰ ਹੋ ਕੇ 13 ਫ਼ਰਵਰੀ, 1660 ਈ. ਨੂੰ ਦਿੱਲੀ ਵਾਪਿਸ ਆਇਆ। ਉਸ ਤੋਂ ਪਿੱਛੋਂ ਉਸ ਨੇ ਪੰਜਾਬ ਦੇ ਰਾਜਸੀ ਹਾਲਾਤ ਅੱਖਾਂ ਅੱਗੇ ਲਿਆ ਕੇ ਸਿੱਖ ਧਰਮ ਦੀ ਵੱਧ ਰਹੀ ਤਾਕਤ ਦੇ ਰਾਹ ਵਿਚ ਕੋਈ ਰੋਕ ਪਾਣ ਲਈ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਦਿੱਲੀ ਸੱਦ ਭੇਜਿਆ। ਸਤਿਗੁਰੂ ਜੀ ਨੇ ਆਪਣੇ ਥਾਂ ਰਾਮਰਾਇ ਨੂੰ ਘੱਲਿਆ। ਔਰੰਗਜ਼ੇਬ ਸਿੱਖ ਕੌਮ ਦੇ ਵਿਰੁੱਧ ਆਪਣੀ ਪਹਿਲੀ ਕੋਸ਼ਿਸ਼ ਵਿਚ ਇਤਨਾ ਕੁ ਕਾਮਯਾਬ ਹੋ ਗਿਆ ਕਿ ਰਾਮਰਾਇ ਨੇ ਸ਼ਾਹੀ ਰਸੂਖ ਨੂੰ ਕਾਇਮ ਰੱਖਣ ਦੀ ਖਾਤਰ ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਤਬਦੀਲੀ ਕਰਨ ਦੀ ਉਕਾਈ ਕਰ ਦਿੱਤੀ। ਮਨ ਇਕ ਵਾਰੀ ਤਿਲਕ ਪਏ ਤਾਂ ਇਸ ਉੱਤੇ ਬੇ-ਪਰਤੀਤੀ ਹੋ ਜਾਂਦੀ ਹੈ। ਦੁਨੀਆਂ ਦੀਆਂ ਵਡਿਆਈਆਂ ਦੀ ਖਾਤਰ ਫਿਰ ਇਹ ਡਿੱਗਦਾ ਹੀ ਡਿੱਗਦਾ ਹੈ। ਔਰੰਗਜ਼ੇਬ ਨੇ ਇਸ ਬਣੀ ਵਿੱਥ ਨੂੰ ਕਾਇਮ ਰੱਖਣ ਲਈ ਰਾਮਰਾਇ ਨੂੰ ਜਾਗੀਰ ਵੀ ਦੇ ਦਿੱਤੀ। 6 ਅਕਤੂਬਰ, 1661 ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਜੋਤੀ-ਜੋਤਿ ਸਮਾ ਗਏ। ਡੇਢ ਸਾਲ ਦੇ ਅੰਦਰ ਸਿੱਖ ਕੌਮ ਦੀ ਜਥੇਬੰਦੀ ਦੀ ਨਿੱਗਰਤਾ ਵਿਚ ਕੋਈ ਖ਼ਾਸ ਫ਼ਰਕ ਨਾ ਪਿਆ।

ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਆਪਣੇ ਥਾਂ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰੂ ਬਣਾਇਆ। ਉਹਨਾਂ ਦੀ ਉਮਰ ਉਸ ਵੇਲੇ ਸਿਰਫ਼ ਸਵਾ ਪੰਜ ਸਾਲ ਦੀ ਸੀ। ਸਿੱਖਾਂ ਵਾਸਤੇ ਭਾਰੀ ਪਰਖ ਦਾ ਸਮਾਂ ਆਇਆ। ਜਾਤ-ਅਭਿਮਾਨੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਸਿੱਖ ਧਰਮ ਨਾਲ ਲੱਗਦੇ ਚਲੇ ਆ ਰਹੇ ਸਨ। ਉਹਨਾਂ ਨੂੰ ਆਸਾਂ ਬਣਨ ਲੱਗੀਆਂ ਕਿ ਸਿੱਖੀ ਅਸਰ ਘਟੇਗਾ ਅਤੇ ਬ੍ਰਾਹਮਣ ਦੀ ਪੂਜਾ-ਮਾਨਤਾ ਫਿਰ ਆਪਣੇ ਟਿਕਾਣੇ ਉੱਤੇ ਪਹੁੰਚ ਜਾਵੇਗੀ। ਰਾਮਰਾਇ ਨੂੰ ਜਾਗੀਰ ਮਿਲਿਆਂ ਅਜੇ ਇਕ ਸਾਲ ਦੇ ਕਰੀਬ ਹੀ ਹੋਇਆ ਸੀ। ਔਰੰਗਜ਼ੇਬ ਬੜੇ ਗਹੁ ਨਾਲ ਉਡੀਕ ਰਿਹਾ ਸੀ ਕਿ ਇਸ ਹੋਣਹਾਰ ਗੱਭਰੂ ਨੂੰ ਸਿੱਖ ਧਰਮ ਵੱਲੋਂ ਨਿਖੇੜਿਆਂ ਸਿੱਖ-ਜਥੇਬੰਦੀ ਉੱਤੇ ਕਦੋਂ ਕੁ ਅਸਰ ਪੈਂਦਾ ਹੈ। ਸਵਾ ਪੰਜ ਸਾਲ ਦੀ ਉਮਰ ਦੇ ਬਾਲ-ਗੁਰੂ ਨੂੰ ਗੁਰਿਆਈ ਮਿਲਣ 'ਤੇ ਉਸ ਨੂੰ ਵੀ ਆਸਾਂ ਬਣ ਪਈਆਂ ਕਿ ਫੁੱਟ ਦਾ ਇਹ ਲਾਇਆ ਬੂਟਾ ਜ਼ਰੂਰ ਮਨ-ਭਾਉਂਦਾ ਫਲ ਦੇਵੇਗਾ।

## ਕੁਝ ਮਸੰਦਾਂ ਦੀ ਗਿਰਾਵਟ

ਮਸੰਦ-ਪ੍ਰਥਾ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ੁਰੂ ਕੀਤੀ ਸੀ। ਜਿਉਂ-ਜਿਉਂ ਦੂਰ-ਦੂਰ ਦੇ ਇਲਾਕਿਆਂ ਵਿਚ ਸਿੱਖਾਂ ਦੀ ਗਿਣਤੀ ਵਧਦੀ ਗਈ, ਉਹਨਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਅਤੇ ਉਹਨਾਂ ਨੂੰ ਜਥੇਬੰਦ ਰੱਖਣ ਲਈ ਇਹ ਲੋੜ ਵੀ ਪੈਂਦੀ ਗਈ ਕਿ ਸਿਆਣੇ, ਵਿਦਵਾਨ ਤੇ ਈਮਾਨਦਾਰ ਸਿੱਖ ਇਸ ਕੰਮ 'ਤੇ ਲਾਏ ਜਾਣ। ਇਸ ਸਾਰੇ ਮਹਾਨ ਤੇ ਭਾਰੇ ਕਾਰਜ ਲਈ ਮਾਇਆ ਦੀ ਲੋੜ ਤਾਂ ਪੈਣੀ ਹੀ ਸੀ। ਹਰੇਕ ਸਿੱਖ ਆਪਣੀ ਕਮਾਈ ਦਾ ਦਸਵੰਧ ਇਹਨਾਂ ਮਸੰਦਾਂ ਦੀ ਰਾਹੀਂ ਸਿੱਖ ਕੌਮ ਦੇ ਕੇਂਦਰੀ ਖ਼ਜ਼ਾਨੇ ਗੁਰੂ-ਘਰ ਵਿਚ ਭੇਜਦਾ ਸੀ। ਮਸੰਦਾਂ ਉੱਤੇ ਇਹ ਬੜੀ ਭਾਰੀ ਜ਼ਿੰਮੇਵਾਰੀ ਸੀ। ਇਸ ਦੇ ਨਿਬਾਹੁਣ ਨਾਲ ਉਹਨਾਂ ਦੀ ਪ੍ਰਭੁਤਾ ਵੀ ਦਿਨੋ-ਦਿਨ ਵਧਦੀ ਜਾ ਰਹੀ ਸੀ। ਇਸ ਦਾ ਨਤੀਜਾ ਇਹ ਨਿਕਲਣ ਲੱਗ ਪਿਆ ਕਿ ਕਿਤੇ-ਕਿਤੇ ਕੋਈ-ਕੋਈ ਮਸੰਦ ਮਾਇਆ ਦੇ ਫੇਰੇ ਵਿਚ ਆ ਕੇ, ਗੁਰੂ ਵਲੋਂ ਖੁੰਝ ਕੇ ਆਪਣੀ ਨਿੱਜੀ ਪ੍ਰਭੁਤਾ-ਵਡਿਆਈ ਬਨਾਣ ਤੇ ਕਾਇਮ ਰੱਖਣ ਦੇ ਆਹਰ ਕਰਨ ਲੱਗ ਪਿਆ।

## ਰਾਮਰਾਇ ਨੂੰ ਚੁੱਕਣਾ

ਇਤਨੀ ਵੱਡੀ ਤਾਕਤ ਵਾਲੀ ਮੁਗ਼ਲ ਹਕੂਮਤ ਦੇ ਬਾਦਸ਼ਾਹ ਨਾਲ ਰਸੂਖ ਬਣਨਾ ਕੋਈ ਨਿੱਕੀ ਗੱਲ ਨਹੀਂ ਸੀ। ਕੁਝ ਮਸੰਦਾਂ ਨੇ ਰਾਮਰਾਇ ਨੂੰ ਇਹ ਰਸੂਖ ਪੱਕਾ ਰੱਖਣ ਲਈ ਪ੍ਰੇਰਿਆ ਸੀ ਕਿ ਇਸ ਦੀ ਖ਼ਾਤਰ ਗੁਰੂ ਕੀ ਬਾਣੀ ਵਿਚੋਂ ਰਤਾ ਕੁ ਹੇਰਾ-ਫੇਰੀ ਕਰ ਲੈਣ ਵਿਚ ਕੋਈ ਹਰਜ ਨਹੀਂ, ਪਰ ਜਿਸ ਵਿਅਕਤੀ ਦੇ ਆਸਰੇ ਉਹ ਆਪਣੀ ਪ੍ਰਭੁਤਾ-ਵਡਿਆਈ ਬਣੀ ਰਹਿਣ ਦੀ ਆਸ ਰੱਖਦੇ ਸਨ, ਉਸ ਦੀ ਆਪਣੀ ਹੀ ਪ੍ਰਭੁਤਾ ਸਿੱਖ ਕੌਮ ਵਿਚੋਂ ਮੁੱਕ ਗਈ ਸੀ, ਕਿਉਂਕਿ ਉਹਨਾਂ ਦੀ ਪ੍ਰੇਰਨਾ ਨਾਲ ਖਾਧੀ ਉਕਾਈ ਦੇ ਕਾਰਨ ਰਾਮਰਾਇ ਗੁਰਿਆਈ ਤੋਂ ਵਾਂਝਾ ਰਹਿ ਗਿਆ। ਫਿਰ ਵੀ ਮਸੰਦਾਂ ਨੇ ਅਜੇ ਹੌਸਲਾ ਨਾ ਹਾਰਿਆ। ਸਿੱਖ ਇਤਿਹਾਸ ਉਹਨਾਂ ਦੇ ਮੋਢੀ ਦਾ ਨਾਮ ਗੁਰਦਾਸ ਦੱਸਦਾ ਹੈ। ਗੁਰਦਾਸ ਨੇ ਰਾਮਰਾਇ ਨੂੰ ਹੋਰ ਪੱਟੀ ਪੜ੍ਹਾਈ। ਰਾਮਰਾਇ ਨੇ ਔਰੰਗਜ਼ੇਬ ਨੂੰ ਆਖਿਆ ਕਿ ਮੇਰੇ ਨਾਲ ਬੇ-ਇਨਸਾਫ਼ੀ ਹੋਈ ਹੈ। ਬਾਦਸ਼ਾਹ ਆਪ ਦਖ਼ਲ ਦੇ

ਕੇ ਮੇਰਾ ਹੱਕ ਦਿਵਾਏ। ਇਸ ਮਾਮਲੇ ਵਿਚ ਬਾਦਸ਼ਾਹ ਦੀ ਦਿਲਚਸਪੀ ਪੈਦਾ ਕਰਨ ਲਈ ਮਸੰਦ ਗੁਰਦਾਸ ਦੀ ਚੁੱਕ 'ਤੇ ਇਹ ਵੀ ਆਖ ਦਿੱਤਾ ਕਿ ਪੰਜ ਸਾਲਾਂ ਦੇ ਬਾਲਕ-ਗੁਰੂ ਸਿੱਖ ਕੌਮ ਨੂੰ ਵੱਸ ਵਿਚ ਨਹੀਂ ਰੱਖ ਸਕੇਗਾ, ਕਈ ਤੁਰਨੇ-ਸਿਰ ਚਾਲਾਕ ਬੰਦੇ ਇਸ ਤੋਂ ਅਯੋਗ ਲਾਭ ਖੱਟਣ ਦੀ ਖ਼ਾਤਰ ਦੇਸ਼ ਵਿਚ ਕੋਈ ਗੜਬੜ ਕਰਾ ਦੇਣਗੇ। ਔਰੰਗਜ਼ੇਬ ਦੇ ਦ੍ਰਿਸ਼ਟੀਕੋਣ ਤੋਂ ਇਹ ਬਹੁਤ ਚੰਗੀ ਗੱਲ ਹੋਈ ਕਿ ਜਿਸ ਗੁਰ-ਪ੍ਰਣਾਲੀ ਨੇ ਤੁਰਕ ਤੇ ਖੱਤਰੀ ਹਾਕਮਾਂ ਦੇ ਵਿਰੁੱਧ ਭਾਰਤ ਦੀ ਜਨਤਾ ਨੂੰ ਖੜਾ ਕਰ ਦਿੱਤਾ ਸੀ, ਉਸਦੇ ਆਪਣੇ ਹੀ ਘਰ ਵਿਚ ਫੁੱਟ ਪੈ ਗਈ, ਉਸ ਨੂੰ ਆਸ ਬਣ ਗਈ ਕਿ ਜਨਤਾ ਨੂੰ ਹੱਲਾ-ਸ਼ੇਰੀ ਦੇਣ ਵਾਲਾ ਪਾਸਾ ਕਮਜ਼ੋਰ ਹੋ ਜਾਇਗਾ ਤੇ ਇਸ ਤੁਰਕ-ਹਕੂਮਤ ਦੇ ਡੋਲਣ ਦਾ ਕੋਈ ਖ਼ਤਰਾ ਪੈਦਾ ਨਹੀਂ ਹੋਵੇਗਾ।

## ਕੁਝ ਬ੍ਰਾਹਮਣਾਂ ਦੀਆਂ ਨਵੀਆਂ ਆਸਾਂ, ਜਾਂਦਾ ਰਸੂਖ ਮੁੜ ਜਿਵਾਲਣ ਦੇ ਯਤਨ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਤੱਖ ਵੇਖ ਲਿਆ ਸੀ ਕਿ ਭਾਰਤ ਦੀ ਗਰੀਬ ਹਿੰਦੂ ਜਨਤਾ ਦੇ ਦੁੱਖਾਂ ਦਾ ਮੂਲ ਕਾਰਨ ਤਿੰਨ ਧੜੇ ਹਨ : ਬ੍ਰਾਹਮਣ, ਖੱਤਰੀ ਕਰਮਚਾਰੀ ਅਤੇ ਤੁਰਕ ਹਾਕਮ। ਜਿਥੇ ਕਿਤੇ ਮੌਕਾ ਬਣਦਾ ਰਿਹਾ, ਸਤਿਗੁਰੂ ਜੀ ਇਹਨਾਂ ਦੇ ਅੱਤਿਆਚਾਰਾਂ ਨੂੰ ਨਸ਼ਰ ਕਰਦੇ ਰਹੇ ਤੇ ਗਰੀਬ ਲੋਕਾਂ ਨੂੰ ਢਾਰਸ ਦਿੰਦੇ ਰਹੇ। ਹਰੇਕ ਗੁਰੂ ਸਾਹਿਬ ਦਾ ਪ੍ਰਚਾਰ ਇਹਨਾਂ ਹੀ ਲੀਹਾਂ 'ਤੇ ਰਿਹਾ ਤੇ ਲੋਕਾਂ ਦੇ ਦਿਲਾਂ ਤੋਂ ਇਹਨਾਂ ਤਿੰਨਾਂ ਹੀ ਧੜਿਆ ਦਾ ਦਬਾਉ ਘਟਦਾ ਗਿਆ।

ਸਤਿਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ 'ਤੇ ਬੈਠੇ ਬਾਲ-ਗੁਰੂ ਨੂੰ ਵੇਖ ਕੇ ਸਥਾਨਕ ਬ੍ਰਾਹਮਣਾਂ ਨੂੰ ਆਸਾਂ ਬਣਨ ਲੱਗ ਪਈਆਂ ਕਿ ਉਹਨਾਂ ਦਾ ਭਰਮ-ਭਾ ਫਿਰ ਬਣ ਜਾਇਗਾ। ਜਦੋਂ ਵੀ ਅਵਸਰ ਬਣਿਆ, ਇਹਨਾਂ ਲੋਕਾਂ ਨੇ ਗਰੀਬ ਜਨਤਾ ਨੂੰ ਇਹ ਟਪਲੇ ਦੇਣੇ ਸ਼ੁਰੂ ਕੀਤੇ ਕਿ ਗੁਰੂ-ਘਰ ਹੁਣ ਹੌਲਾ ਪੈ ਗਿਆ ਹੈ। ਸਿੱਖ ਇਤਿਹਾਸ ਦੇ ਰਾਹੀਂ ਸਾਡੇ ਪਾਸ ਵੰਨਗੀ ਵਜੋਂ ਹੀ ਕੁਝ ਕੁ ਘਟਨਾਵਾਂ ਅੱਪੜੀਆਂ ਹਨ। ਗਰੀਬ ਦੁਖੀਏ ਲੋਕਾਂ ਨੂੰ ਸਭ ਤੋਂ ਪਹਿਲਾਂ ਦੁੱਖ-ਭੁੱਖ ਦਾ ਹੋਣਾ ਹੋਇਆ। ਭੁੱਖ ਤੋਂ ਸਰੀਰਕ ਕਮਜ਼ੋਰੀ ਤੇ ਫਿਰ ਸਰੀਰਕ ਰੋਗ ਉਪਜਣੇ ਹੋਏ। ਕਿਸੇ ਮਹਾਂਪੁਰਖ ਦੀ ਉੱਚਤਾ ਦਾ ਮਾਪ ਗਰੀਬ ਅਨਪੜ੍ਹ ਲੋਕਾਂ ਪਾਸ ਆਮ ਤੌਰ 'ਤੇ ਇਹੀ ਹੋਇਆ ਕਰਦਾ ਹੈ ਕਿ ਉਹ ਕੋਈ ਅਚੰਭਾ ਕਰ ਵਿਖਾਏ, ਜਿਸ ਨਾਲ ਉਹਨਾਂ ਦੇ ਦੁੱਖ-ਦਲਿੱਦਰ ਦੂਰ ਹੋ ਜਾਣ। ਬ੍ਰਾਹਮਣਾਂ ਨੇ ਲੋਕਾਂ ਦੀ ਇਸ ਸੁਭਾਵਿਕ ਰੁਚੀ ਨੂੰ ਵਰਤਿਆ। ਕੀਰਤਪੁਰ ਸਾਹਿਬ ਦੇ ਇਲਾਕੇ ਵਿਚ ਕੋਈ ਰੋਗੀ ਦੁਖੀਆ ਮਿਲੇ, ਤੁਰੰਤ ਉਸ ਦੇ ਕੰਨਾਂ ਵਿਚ ਫੂਕ ਮਾਰ ਦੇਣੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਜਾਵੇ, ਉਹ ਇਕੋ ਨਿਗਾਹ ਨਾਲ ਨਿਰੋਆ ਕਰ ਦੇਣਗੇ।

### ਕੋਹੜੀ ਦਾ ਰਾਜ਼ੀ ਹੋਣਾ

ਇਕ ਦਿਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਹਰ ਸੈਰ ਨੂੰ ਜਾ ਰਹੇ ਸਨ। ਬ੍ਰਾਹਮਣਾਂ ਦਾ ਸਿਖਾਇਆ ਇਕ ਕੋਹੜਾ ਬ੍ਰਾਹਮਣ ਅੱਗੇ ਆ ਲੇਟਿਆ ਤੇ ਰੋਗ ਰਾਜ਼ੀ ਕਰਨ ਲਈ ਤਰਲੇ ਕਰਨ ਲੱਗਾ।

ਬ੍ਰਾਹਮਣਾਂ ਦੇ ਜੂਲੇ ਹੇਠੋਂ ਕੱਢੀ ਹੋਈ ਗਰੀਬ ਜਨਤਾ ਨੂੰ ਸਤਿਗੁਰੂ ਜੀ ਨੇ ਉਹਨਾਂ ਦੇ ਇਹਨਾਂ ਵਰਤੇ ਢੰਗਾਂ ਨਾਲ ਮੁੜ ਉਸ ਜਾਲ ਵਿਚ ਫਸਣ ਨਹੀਂ ਸੀ ਦੇਣਾ। ਆਪ ਨੇ ਆਪਣੇ

ਹੱਥ-ਮੂੰਹ ਪੂੰਝਣ ਵਾਲਾ ਰੁਮਾਲ ਉਸ ਨੂੰ ਦੇ ਕੇ ਆਗਿਆ ਕੀਤੀ ਕਿ ਇਹ ਰੁਮਾਲ ਆਪਣੇ ਪਿੰਡੇ ਉੱਤੇ ਫੇਰਿਆ ਕਰ ਤੇ ਅਰਦਾਸ ਕਰਿਆ ਕਰ, ਗੁਰੂ ਨਾਨਕ ਸਾਹਿਬ ਦੇ ਘਰ ਵਿਚ ਸਭ ਕੁਝ ਹੈ। ਕੋਹੜੀ ਰਾਜ਼ੀ ਹੋ ਗਿਆ। ਇਹ ਚਾਲ ਬ੍ਰਾਹਮਣਾਂ ਨੂੰ ਪੁੱਠੀ ਪਈ। ਗੁਰੂ-ਘਰ ਦੀ ਸ਼ੋਭਾ ਸਗੋਂ ਵੱਧਣ ਲੱਗ ਪਈ।

## ਔਰੰਗਜ਼ੇਬ ਕਸ਼ਮੀਰ ਨੂੰ

ਔਰੰਗਜ਼ੇਬ ਬੜਾ ਪੱਕਾ ਮੁਸਲਮਾਨ ਸੀ। ਨਮਾਜ਼-ਰੋਜ਼ੇ ਆਦਿਕ ਸ਼ਰਹ ਦੇ ਹਰੇਕ ਹੁਕਮ ਦੀ ਤਨੋਂ-ਮਨੋਂ ਪਾਲਣਾ ਕਰਦਾ ਸੀ। ਨਵਾਂ-ਨਵਾਂ ਤਖ਼ਤ ਹਾਸਿਲ ਕਰਨ ਕਰਕੇ ਅਜੇ ਰਾਜਸੀ ਰੁਝੇਵੇਂ ਤੇ ਝਮੇਲੇ ਵੀ ਬਹੁਤ ਸਨ, ਫਿਰ ਵੀ ਔਰੰਗਜ਼ੇਬ ਨਮਾਜ਼-ਰੋਜ਼ੇ ਵਿਚ ਕੋਈ ਉਕਾਈ ਨਹੀਂ ਸੀ ਹੋਣ ਦਿੰਦਾ।

ਸੰਨ 1662 ਦੇ ਰੋਜ਼ੇ 10 ਅਪ੍ਰੈਲ ਤੋਂ 9 ਮਈ ਤੱਕ ਆਏ। ਦਿੱਲੀ ਵਿਚ ਉਹਨੀਂ ਦਿਨੀਂ ਕਾਫ਼ੀ ਗਰਮੀ ਪੈਣ ਲੱਗ ਜਾਂਦੀ ਹੈ। ਰੋਜ਼ਿਆਂ ਦੇ ਦਿਨਾਂ ਵਿਚ ਔਰੰਗਜ਼ੇਬ ਅੱਧੀ-ਅੱਧੀ ਰਾਤ ਤਕ ਕੁਰਾਨ ਸ਼ਰੀਫ਼ ਪੜ੍ਹਦਾ ਰਿਹਾ। ਰਾਜਸੀ ਜ਼ਿੰਮੇਵਾਰੀਆਂ ਅਤੇ ਰੋਜ਼ਿਆਂ ਵਿਚ ਗਰਮੀ ਨੇ ਉਸ ਦੀ ਸਿਹਤ ਉੱਤੇ ਅਸਰ ਪਾਇਆ। 9 ਮਈ ਨੂੰ ਰੋਜ਼ੇ ਖ਼ਤਮ ਹੋਏ। 12 ਮਈ ਨੂੰ ਔਰੰਗਜ਼ੇਬ ਨੂੰ ਤਾਪ ਚੜ੍ਹ ਗਿਆ। ਕਈ ਦਿਨ ਬੇਹੋਸ਼ੀ ਰਹੀ। ਆਖ਼ਰ ਤਾਪ ਨੇ ਮੋੜਾ ਖਾਧਾ। ਔਰੰਗਜ਼ੇਬ 17 ਜੂਨ ਨੂੰ ਬਿਲਕੁਲ ਨਿਰੋਆ ਹੋ ਗਿਆ। ਸ਼ਾਹੀ ਹਕੀਮਾਂ ਨੇ ਬਾਦਸ਼ਾਹ ਨੂੰ ਸਲਾਹ ਦਿੱਤੀ ਕਿ ਸਿਹਤ ਠੀਕ ਕਰਨ ਵਾਸਤੇ ਕਸ਼ਮੀਰ ਜਾਣਾ ਜ਼ਰੂਰੀ ਹੈ।

ਔਰੰਗਜ਼ੇਬ 8 ਦਸੰਬਰ, 1662 ਈ. ਨੂੰ ਦਿੱਲੀ ਤੋਂ ਚੱਲ ਕੇ 8 ਫ਼ਰਵਰੀ, 1663 ਈ. ਨੂੰ ਲਾਹੌਰ ਪਹੁੰਚ ਗਿਆ। ਪੰਜਾਬ ਤਦੋਂ ਤੱਕ ਭਰ-ਸਿਆਲ ਲੰਘ ਕੇ ਮਿੱਠੀ-ਮਿੱਠੀ ਰੁੱਤ ਆ ਜਾਂਦੀ ਹੈ। ਔਰੰਗਜ਼ੇਬ 3 ਮਹੀਨੇ ਲਾਹੌਰ ਠਹਿਰਿਆ ਰਿਹਾ। ਉਸ ਨੇ ਪੰਜਾਬ ਦੇ ਰਾਜਸੀ ਹਾਲਾਤ ਚੰਗੀ ਤਰ੍ਹਾਂ ਵੇਖਣੇ-ਪੜਤਾਲਣੇ ਸਨ। ਸਿੱਖ ਧਰਮ ਦੇ ਵਿਰੋਧੀਆਂ ਵੱਲੋਂ ਸਿੱਖ ਕੌਮ ਦੀ ਵੱਧ ਰਹੀ ਤਾਕਤ ਦਾ ਮਾੜਾ-ਮਾੜਾ ਤੌਖਲਾ ਉਸ ਦੇ ਦਿਲ ਵਿਚ ਪਾਇਆ ਹੋਇਆ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰੂ ਬਣਿਆਂ ਸਵਾ ਸਾਲ ਹੋ ਚੁੱਕਿਆ ਸੀ। ਉਸ ਦੀਆਂ ਆਪਣੀਆਂ ਮਿੱਥੀਆਂ ਆਸਾਂ ਦੇ ਉਲਟ ਸਿੱਖਾਂ ਵਿਚ ਸ਼ਰਧਾ ਘਟਦੀ ਨਹੀਂ ਦਿੱਸੀ ਸੀ। ਲਾਹੌਰ 3 ਮਹੀਨੇ ਟਿਕ ਕੇ ਉਸ ਨੇ ਗਹੁ ਨਾਲ ਵੇਖ ਲਿਆ ਕਿ ਨਿਰਾ ਉਡੀਕਣ ਨਾਲ ਸਿੱਖ ਕੌਮ ਵਿਚ ਫੁੱਟ ਦਾ ਬੀਜ ਫਲ ਨਹੀਂ ਦੇ ਸਕੇਗਾ। ਕੁਝ ਆਪ ਵੀ ਉੱਦਮ ਕਰਨਾ ਪਏਗਾ।

ਢਾਈ ਮਹੀਨੇ ਕਸ਼ਮੀਰ ਰਹਿ ਕੇ ਔਰੰਗਜ਼ੇਬ 29 ਸਤੰਬਰ, 1663 ਈ. ਨੂੰ ਲਾਹੌਰ ਵਾਪਿਸ ਆਇਆ ਅਤੇ 19 ਜਨਵਰੀ, 1664 ਈ. ਨੂੰ ਦਿੱਲੀ ਅੱਪੜਿਆ।

## ਸ਼ਾਹੀ ਸੱਦਾ ਦੂਜੀ ਵਾਰੀ

ਜਿਵੇਂ ਸੰਨ 1660 ਵਿਚ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਦਿੱਲੀ ਆਉਣ ਲਈ ਸੱਦਾ ਘੱਲਿਆ ਸੀ, ਤਿਵੇਂ ਹੁਣ ਦੂਜੀ ਵਾਰ ਸੰਨ 1664 ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਵੀ

ਉਸ ਨੇ ਸੱਦਾ ਭੇਜਿਆ। ਸਿੱਖ ਇਤਿਹਾਸ ਲਿਖਦਾ ਹੈ ਕਿ ਔਰੰਗਜ਼ੇਬ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਆਉਣ ਲਈ ਪ੍ਰੇਰਨਾ ਕੀਤੀ ਜਾਏ।

## ਗੁਰੂ ਤੇ ਸਿੱਖ ਦੀ ਸਾਂਝ

ਮਿਰਜ਼ਾ ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ ਪੰਜਾਹ ਸਵਾਰ ਦੇ ਕੇ ਹਦਾਇਤ ਕੀਤੀ ਕਿ ਕੀਰਤਪੁਰ ਸਾਹਿਬ ਜਾ ਕੇ ਮੇਰੇ ਵੱਲੋਂ ਸਤਿਗੁਰੂ ਜੀ ਨੂੰ ਦਿੱਲੀ ਆਉਣ ਲਈ ਪ੍ਰਾਰਥਨਾ ਕਰਨੀ ਤੇ ਉਹਨਾਂ ਨੂੰ ਬੜੇ ਆਦਰ-ਸਤਿਕਾਰ ਨਾਲ ਇਕ ਪਾਲਕੀ ਵਿਚ ਸਵਾਰ ਕਰ ਕੇ ਲੈ ਆਉਣਾ। ਸਿੱਖ ਕੌਮ ਵਾਸਤੇ ਇਕ ਭਾਰੀ ਅਜ਼ਮਾਇਸ਼ ਦਾ ਸਮਾਂ ਆਇਆ। ਸ੍ਰੀ ਗੁਰੂ ਅਰਜਨ ਸਾਹਿਬ ਵੀ ਜਹਾਂਗੀਰ ਦੇ ਰਾਜ ਸਮੇਂ ਲਾਹੌਰ ਗਏ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੀ ਗਵਾਲੀਅਰ ਗਏ ਸਨ। ਰੌਸ਼ਨ-ਦਿਮਾਗ਼ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸਭ ਕੁਝ ਸੋਚਿਆ ਵਿਚਾਰਿਆ। ਆਪ ਦੀ ਉਮਰ ਉਸ ਵਕਤ 7 ਸਾਲ ਹੋ ਚੁੱਕੀ ਹੋਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ 7 ਸਾਲ ਦੀ ਉਮਰੇ ਹੀ ਤਲਵੰਡੀ ਦੇ ਪਾਂਧੇ ਪਾਸ ਪੜ੍ਹਨ ਗਿਆਂ ਆਪਣੀ ਉੱਚੀ ਸੂਝ-ਬੂਝ ਨਾਲ ਚਕ੍ਰਿਤ ਕਰ ਦਿੱਤਾ ਸੀ। ਇਥੇ ਭੀ ਉਹੀ ਜੋਤਿ ਸੀ।

## ਦਿੱਲੀ ਵੱਲ ਰਵਾਨਗੀ

ਸਿੱਖਾਂ ਨੂੰ ਸ੍ਰੀ ਗੁਰੂ ਅਰਜਨ ਸਾਹਿਬ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਾਲੀਆਂ ਘਟਨਾਵਾਂ ਯਾਦ ਸਨ। ਕਰਤਾਰਪੁਰ ਅਤੇ ਦੁਆਲੇ ਦੇ ਜਿਨ੍ਹਾਂ-ਜਿਨ੍ਹਾਂ ਨੇ ਸੁਣਿਆ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਔਰੰਗਜ਼ੇਬ ਦੇ ਸੱਦੇ 'ਤੇ ਦਿੱਲੀ ਜਾ ਰਹੇ ਹਨ, ਸਭ ਨੂੰ ਤੌਖਲਾ ਹੋਇਆ। ਸਤਿਗੁਰੂ ਜੀ ਦੇ ਤੁਰਨ ਸਮੇਂ ਤੱਕ ਸਿੱਖ ਸੰਗਤਾਂ ਦੀ ਭਾਰੀ ਭੀੜ ਬਣ ਗਈ। ਗੁਰੂ ਸਾਹਿਬ ਨੇ ਸਭ ਨੂੰ ਧੀਰਜ, ਹੌਸਲਾ ਦਿੱਤਾ, ਫਿਰ ਵੀ ਸੈਂਕੜੇ ਸਿੱਖ ਨਾਲ ਚੱਲ ਪਏ। ਕੀਰਤਪੁਰ ਸਾਹਿਬ ਤੋਂ ਦਿੱਲੀ ਪੌਣੇ ਦੋ ਕੁ ਸੌ ਮੀਲਾਂ ਦੀ ਵਿੱਥ 'ਤੇ ਸਿੱਧਾ ਦੱਖਣ ਵੱਲ ਹੈ। ਜਦੋਂ ਸਤਿਗੁਰੂ ਜੀ ਸੱਠ ਕੁ ਮੀਲ ਮੁਕਾ ਕੇ ਅੰਬਾਲੇ ਦੇ ਇਲਾਕੇ ਵਿਚ ਪੰਜੋਖਰੇ ਪਹੁੰਚੇ ਤਾਂ ਕੁਝ ਕੁ ਉੱਘੇ ਸਿੱਖਾਂ ਤੋਂ ਛੁੱਟ ਬਾਕੀ ਸਭਨਾਂ ਨੂੰ ਪਿਛਾਂਹ ਮੋੜ ਦਿੱਤਾ ਅਤੇ ਆਪ ਅਗਾਂਹ ਚੱਲ ਪਏ। ਪੰਜੋਖਰਾ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਛੇ ਮੀਲ ਪੂਰਬ ਵਾਲੇ ਪਾਸੇ ਪੱਕੀ ਸੜਕ ਉੱਤੇ ਹੈ। ਇਸ ਪਿੰਡ ਤੋਂ ਇਕ ਫਰਲਾਂਗ ਉੱਤਰ-ਪੂਰਬ ਵੱਲ ਗੁਰੂ ਹਰਿਕ੍ਰਿਸ਼ਨ ਜੀ ਦਾ ਗੁਰਦੁਆਰਾ ਹੈ।

## ਇਕ ਬ੍ਰਾਹਮਣ ਦੀ ਫਿਰ ਉਹੀ ਹਾਲ

ਦਿੱਲੀ ਨੂੰ ਜਾਣ ਵਾਸਤੇ ਕੁਰੁਕਸ਼ੇਤਰ, ਥਨੇਸਰ, ਪਾਨੀਪਤ ਆਦਿਕ ਸ਼ਹਿਰ ਰਸਤੇ ਵਿਚ ਹੀ ਪੈਂਦੇ ਹਨ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕੁਰੁਕਸ਼ੇਤਰ ਪਹੁੰਚ ਕੇ ਡੇਰਾ ਕੀਤਾ। ਹਿੰਦੂ ਲੋਕ ਤਾਂ ਅਜਿਹੇ ਤੀਰਥਾਂ 'ਤੇ ਆ ਕੇ ਬ੍ਰਾਹਮਣਾਂ ਨੂੰ ਦਾਨ-ਪੁੰਨ ਕਰਦੇ ਹਨ ਅਤੇ ਉਥੋਂ ਦੇ ਇਸ਼ਨਾਨ ਨੂੰ ਬੜਾ ਭਾਰਾ ਉੱਦਮ ਕਰਮ ਸਮਝਦੇ ਹਨ, ਪਰ ਗੁਰੂ ਨਾਨਕ ਪਾਤਸ਼ਾਹ ਦੇ ਘਰ ਵਿਚ ਪਰਮਾਤਮਾ ਦੀ ਯਾਦ ਤੇ ਪਰਮਾਤਮਾ ਦੀ ਖ਼ਲਕਤ ਦੀ, ਖ਼ਾਸ ਤੌਰ 'ਤੇ ਗਰੀਬ ਦੁਖੀਏ ਦੀ ਸੇਵਾ ਹੀ ਮਨੁੱਖਤਾ ਦਾ ਸਭ ਤੋਂ ਸੁੱਚਾ ਨਿਸ਼ਾਨਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਸ ਤੀਰਥ ਅਤੇ ਤੀਰਥ ਦੇ

ਪਾਂਡਿਆਂ ਨੂੰ ਕੋਈ ਉਚੇਚੀ ਮਾਨ-ਵਡਿਆਈ ਨਾ ਦਿੱਤੀ। ਇਹੀ ਰਵੱਈਆ ਨਾਲ ਗਏ ਸਿੱਖਾਂ ਦਾ ਵੀ ਸੀ। ਪਾਂਡੇ ਇਸ ਗੱਲੋਂ ਬੜੇ ਚਿੜੇ। ਉਹਨਾਂ ਦੀਆਂ ਸਾਮੀਆਂ ਘਟਦੀਆਂ ਸਨ। ਉਹਨਾਂ ਦੀ ਆਮਦਨੀ ਘਟਦੀ ਸੀ, ਪਰ 'ਨੇਹੁੰ ਨ ਲੱਗਦੇ ਜੋਰੀਂ।' ਸਿੱਖ ਕਰਮ-ਕਾਂਡ ਦੇ ਉਸ ਜਾਲ ਵਿਚੋਂ ਨਿਕਲ ਚੁੱਕੇ ਸਨ।

ਇਕ ਪੰਡਿਤ ਲਾਲ ਚੰਦ ਬਹੁਤ ਖਿਝਿਆ। ਸਿੱਖਾਂ ਨੂੰ ਸੁਣਾ-ਸੁਣਾ ਕੇ ਆਖਣ ਲੱਗਾ ਕਿ ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਲਿਖੀ। ਇਹ ਸੱਤ-ਅੱਠ ਸਾਲ ਦੇ ਬਾਲ ਆਪਣੇ ਆਪ ਨੂੰ (ਗੁਰੂ) ਹਰਿਕ੍ਰਿਸ਼ਨ ਜੀ ਅਖਵਾਂਦੇ ਹਨ। ਲੋਕ ਇਹਨਾਂ ਨੂੰ 'ਗੁਰੂ-ਗੁਰੂ' ਆਖਦੇ ਹਨ। ਜੇ ਇਹਨਾਂ ਵਿਚ ਸੱਚਮੁੱਚ ਕੋਈ ਆਤਮਕ ਸਮਰੱਥਾ ਹੈ ਤਾਂ ਸ੍ਰੀ ਕ੍ਰਿਸ਼ਨ ਜੀ ਦੀ ਗੀਤਾ ਦੇ ਕਿਸੇ ਸਲੋਕ ਦੇ ਅਰਥ ਕਰ ਵਿਖਾਣ। ਅੱਪੜਦੀ-ਅੱਪੜਦੀ ਇਹ ਗੱਲ ਗੁਰੂ ਹਰਿਕ੍ਰਿਸ਼ਨ ਸਾਹਿਬ ਤੱਕ ਅੱਪੜੀ। ਉਸ ਪੰਡਿਤ ਨੇ ਉਸੇ ਤਰ੍ਹਾਂ ਹੀ ਸਤਿਗੁਰੂ ਜੀ ਨੂੰ ਵੀ ਆ ਵੰਗਾਰਿਆ। ਕੀਰਤਪੁਰ ਸਾਹਿਬ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਅਜਿਹੇ ਕਈ ਬ੍ਰਾਹਮਣਾਂ ਨਾਲ ਅੱਗੇ ਵੀ ਕਈ ਵਾਰ ਵਾਹ ਪੈ ਚੁੱਕਿਆ ਸੀ। ਉਹ ਜਾਣਦੇ ਸਨ ਕਿ ਸਾਡੀ ਸਰੀਰਕ ਬਾਲ-ਉਮਰ ਤੋਂ ਲੋਕਾਂ ਨੂੰ ਟਪਲਾ ਲਵਾ ਕੇ ਕਈ ਬ੍ਰਾਹਮਣ ਅੰਞਾਣ ਹਿੰਦੂ ਜਨਤਾ ਉੱਤੇ ਮੁੜ ਆਪਣਾ ਕਰਮ-ਕਾਂਡ ਵਾਲਾ ਦਬਾਉ ਪੱਕਾ ਕਰਨਾ ਚਾਹੁੰਦੇ ਹਨ। ਪੰਡਿਤ ਲਾਲ ਚੰਦ ਦਾ ਵੀ ਇਹੀ ਜਤਨ ਸੀ ਕਿ ਗੁਰ-ਉਪਦੇਸ਼ ਦੀ ਰਾਹੀਂ ਕੁਰੁਕਸ਼ੇਤਰ ਆਦਿਕ ਤੀਰਥਾਂ ਵੱਲੋਂ ਹਿੰਦੂ ਜਨਤਾ ਦੀ ਬੇਰੁਖੀ ਨਾ ਹੋ ਜਾਏ। ਸਤਿਗੁਰੂ ਜੀ ਨੇ ਪੰਡਿਤ ਨੂੰ ਆਖਿਆ ਕਿ ਮਨੁੱਖਤਾ ਦੀਆਂ ਠੀਕ ਲੀਹਾਂ ਉੱਤੇ ਤੁਰ ਕੇ ਦੂਜਿਆਂ ਦੀ ਭਲਾਈ ਲਈ ਜਿਊਣਾ ਹੋਰ ਗੱਲ ਹੈ ਅਤੇ ਹਰ ਮਰ ਚੁੱਕੀ ਬੋਲੀ ਵਿਚ ਅੱਜ ਤੋਂ ਸਦੀਆਂ ਪਹਿਲਾਂ ਲਿਖੇ ਸਲੋਕਾਂ ਦੇ ਅਰਥ ਕਰਨੇ ਹੋਰ ਗੱਲ ਹੈ। ਉਸ ਵੇਲੇ ਦੇ ਕੋਸ਼ ਤੇ ਵਿਆਕਰਣ ਨੂੰ ਯਾਦ ਕਰਕੇ ਉਹਨਾਂ ਦੀ ਸਹਾਇਤਾ ਨਾਲ ਉਸ ਵਕਤ ਦੀਆਂ ਪੁਸਤਕਾਂ ਦੇ ਅਰਥ ਕਰ ਸਕਣ ਤੋਂ ਇਹ ਸਿੱਧ ਨਹੀਂ ਹੋ ਜਾਂਦਾ ਕਿ ਅਰਥ ਕਰਨ ਵਾਲਾ ਮਨੁੱਖ ਜੀਵਨ ਦੇ ਦ੍ਰਿਸ਼ਟੀਕੋਣ ਤੋਂ ਬੜਾ ਮਹਾਂਪੁਰਖ ਹੈ। ਜੇ ਅਸਾਂ ਅਰਥ ਕਰ ਵੀ ਦਿੱਤੇ ਤਾਂ ਵੀ ਤੁਹਾਡੀ ਤਸੱਲੀ ਨਹੀਂ ਹੋਣੀ, ਕਿਉਂਕਿ ਇਹ ਚੁੱਚਰ ਤਸੱਲੀ ਕਰਨ ਦੀ ਖਾਤਰ ਨਹੀਂ ਕੀਤੀ ਗਈ। ਤੁਸੀਂ ਤਾਂ ਜਨਤਾ ਵਿਚੋਂ ਜਾਂਦੇ ਰਸੂਖ ਨੂੰ ਮੁੜ ਕਾਇਮ ਕਰਨ ਲਈ ਇਹ ਅੱਕੀ ਪਲਾਹੀ ਹੱਥ ਪਾ ਰਹੇ ਹੋ। ਜੇ ਗੁਰੂ ਨਾਨਕ ਪਾਤਿਸ਼ਾਹ ਦੀਆਂ ਬਖ਼ਸ਼ਿਸ਼ਾਂ ਦੀ ਬਰਕਤ ਵੇਖਣੀ ਹੈ ਤਾਂ ਆਪਣੇ ਨਗਰ ਵਿਚੋਂ ਆਪੇ ਹੀ ਕਿਸੇ ਨੂੰ ਲੈ ਆਵੋ। ਸਤਿਗੁਰੂ ਨਾਨਕ ਦੇਵ ਜੀ ਦੀ ਮਿਹਰ ਨਾਲ ਉਹ ਤੁਹਾਡੀ ਤਸੱਲੀ ਕਰਾ ਦੇਵੇਗਾ। ਪੰਡਿਤ ਛੱਜੂ ਨਾਮੀ ਇਕ ਮੂਰਖ ਝੀਊਰ ਨੂੰ ਲੈ ਆਇਆ। ਸਤਿਗੁਰੂ ਦੀ ਮਿਹਰ ਦੀ ਨਜ਼ਰ ਨਾਲ ਉਹ ਝੀਊਰ ਉੱਘੇ ਵਿਦਵਾਨ ਵਕਤਾ ਵਾਂਗ ਗੀਤਾ ਦੇ ਸਲੋਕਾਂ ਦਾ ਪਾਠ ਤੇ ਅਰਥ ਸੁਣਾਨ ਲੱਗ ਪਿਆ। ਕੁਰੁਕਸ਼ੇਤਰ ਦੇ ਪੰਡਿਤ ਨੂੰ ਇਹ ਚਾਲ ਮਹਿੰਗੀ ਪਈ। ਸਤਿਗੁਰੂ ਦੀ ਮਹਿਮਾ ਸਗੋਂ ਹੋਰ ਵਧੀ।

## ਸਤਿਗੁਰੂ ਜੀ ਦਾ ਦਿੱਲੀ ਪਹੁੰਚਣਾ

ਥਨੇਸਰ, ਕੁਰੁਕਸ਼ੇਤਰ, ਪਾਨੀਪਤ ਤੋਂ ਹੁੰਦੇ ਹੋਏ ਸੰਗਤ ਸਮੇਤ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਪਹੁੰਚੇ। ਰਾਜਾ ਜੈ ਸਿੰਘ ਨੇ ਆਪਣੇ ਮਹੱਲ (ਬੰਗਲੇ) ਵਿਚ ਉਤਾਰਾ ਦਿੱਤਾ। ਜਿਥੇ ਸਤਿਗੁਰੂ

ਜੀ ਟਿਕੇ ਸਨ, ਉਥੇ ਨਵੀਂ ਦਿੱਲੀ ਰਾਇਸੀਨਾ ਵਿਚੋਂ ਗੁਰਦੁਆਰਾ ਹੈ, ਜਿਸ ਦਾ ਨਾਮ ਬੰਗਲਾ ਸਾਹਿਬ ਹੈ। ਅਮੀਰ ਲੋਕਾਂ ਦੇ ਘਰੀਂ ਬ੍ਰਾਹਮਣਾਂ, ਨਾਈਆਂ ਆਦਿਕ ਦਾ ਅਸਰ-ਰਸੂਖ ਬਹੁਤ ਹੋਇਆ ਕਰਦਾ ਹੈ ਅਤੇ ਬਹੁਤੇ ਵਹਿਮ-ਭਰਮ ਇਹਨਾਂ ਦੇ ਹੀ ਪੈਦਾ ਕੀਤੇ ਹੁੰਦੇ ਹਨ, ਦਾਨ-ਪੁੰਨ ਜੁ ਜਜਮਾਨਾਂ ਤੋਂ ਕਰਾਉਣੇ ਹੋਏ। ਜੀਵਨ ਦਾ ਛਲ-ਹੀਣ ਪੱਧਰਾ ਰਾਹ ਦੱਸਣ ਵਾਲੇ ਮਹਾਂਪੁਰਖਾਂ ਤੋਂ ਅਮੀਰਾਂ ਦੀ ਸ਼ਰਧਾ ਛੇਤੀ ਡੋਲ ਜਾਂਦੀ ਹੈ ਤੇ ਇਸ ਡੋਲਾਣ ਵਿਚ ਵਧੀਕ ਹੱਥ ਹੁੰਦਾ ਵੀ ਬ੍ਰਾਹਮਣ-ਬ੍ਰਾਹਮਣੀਆਂ ਦਾ ਹੀ ਹੈ। ਰਾਜਾ ਜੈ ਸਿੰਘ ਨੇ ਭਾਵੇਂ ਆਦਰ-ਸਤਿਕਾਰ ਬਹੁਤ ਕੀਤਾ ਪਰ ਉਸ ਦੀ ਰਾਣੀ ਦੇ ਦਿਲ ਵਿਚ ਬਾਲ-ਉਮਰ ਗੁਰੂ ਬਾਰੇ ਵਹਿਮ-ਭਰਮ ਪਾਇਆ ਜਾ ਚੁੱਕਿਆ ਸੀ। ਕੀਰਤਪੁਰ ਸਾਹਿਬ ਤੇ ਕੁਰੁਕਸ਼ੇਤਰ ਵਾਲੀ ਘਟਨਾ ਮੁੜ ਦਿੱਲੀ ਵਿਖੇ ਦੁਹਰਾਈ ਗਈ। ਰਾਜਾ ਜੈ ਸਿੰਘ ਦੀ ਰਾਣੀ ਨੇ ਸਤਿਗੁਰੂ ਜੀ ਦਾ ਦਰਸ਼ਨ ਕਰਨ ਦੀ ਤਾਂਘ ਪ੍ਰਗਟ ਕੀਤੀ, ਪਰ ਨਾਲ ਹੀ ਪਰਖਣ ਦੀ ਨੀਅਤ ਵੀ ਧਾਰ ਲਈ। ਹੋਰ ਕਈ ਅਮੀਰ ਘਰਾਣਿਆਂ ਦੀਆਂ ਜ਼ਨਾਨੀਆਂ ਨੂੰ ਵੀ ਆਪਣੇ ਮਹੱਲ ਵਿਚ ਮੰਗਾ ਲਿਆ ਤੇ ਮਨ ਵਿਚ ਇਹ ਧਾਰ ਲਿਆ ਕਿ ਜੇ ਗੁਰੂ ਸੱਚਾ ਹੈ ਤਾਂ ਇਹਨਾਂ ਸਭਨਾਂ ਨੂੰ ਛੱਡ ਕੇ ਮੇਰੀ ਹੀ ਗੋਦ ਵਿਚ ਆ ਕੇ ਬੈਠੇ। ਗੁਰੂ ਹਰਿਕ੍ਰਿਸ਼ਨ ਸਾਹਿਬ ਰਣਵਾਸ ਵਿਚ ਗਏ ਤੇ ਹੋਰ ਸਭਨਾਂ ਦੇ ਕੋਲੋਂ ਦੀ ਲੰਘ ਕੇ ਰਾਜਾ ਜੈ ਸਿੰਘ ਦੀ ਰਾਣੀ ਦੀ ਗੋਦ ਵਿਚ ਬੈਠੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਰਸੂਖ ਘਟਦਾ ਵੇਖਣ ਦੇ ਚਾਹਵਾਨਾਂ ਦੀ ਆਸ ਇਥੇ ਵੀ ਪੂਰੀ ਨਾ ਹੋਈ।

## ਅਸਚਰਜ ਆਤਮਕ ਉੱਚਤਾ

ਦਿੱਲੀ ਪਹੁੰਚ ਕੇ ਸਤਿਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਇਹ ਕੋਈ ਸਾਧਾਰਨ ਜਿਹੀ ਗੱਲ ਨਹੀਂ ਸੀ। ਇਤਨੀ ਵੱਡੀ ਮੁਗ਼ਲ ਤਾਕਤ ਦੇ ਜਿਸ ਬਾਦਸ਼ਾਹ ਦੇ ਦੀਦਾਰ ਨੂੰ ਲੋਕ ਤਰਲੇ ਲੈਂਦੇ ਸਨ, ਅੱਠ ਸਾਲਾਂ ਦਾ ਬਾਲਕ—ਗੁਰੂ ਬਾਦਸ਼ਾਹ ਦੇ ਖਾਹਿਸ਼ ਪ੍ਰਗਟ ਕਰਨ 'ਤੇ ਵੀ ਮਿਲਣ ਤੋਂ ਨਾਂਹ ਕਰੇ, ਆਤਮਕ-ਉੱਚਤਾ ਦੀ ਆਪਣੇ ਆਪ ਵਿਚ ਇਕ ਵੱਡੀ ਮਿਸਾਲ ਹੈ। ਔਰੰਗਜ਼ੇਬ ਉੱਤੇ ਸਤਿਗੁਰੂ ਜੀ ਦੀ ਇਸ ਮਹਾਨ ਆਤਮਕ ਤਾਕਤ ਦਾ ਅਸਰ ਹੋਣੋਂ ਰਹਿ ਨਾ ਸਕਿਆ। ਸਿੱਖ ਇਤਿਹਾਸ ਲਿਖਦਾ ਹੈ ਕਿ ਬਾਦਸ਼ਾਹ ਨੇ ਆਪਣੇ ਵੱਡੇ ਪੁੱਤਰ ਮੁਅੱਜ਼ਮ ਸ਼ਾਹ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਪਾਸ ਭੇਜਿਆ। ਸ਼ਹਿਜ਼ਾਦਾ ਤੇ ਸਤਿਗੁਰੂ ਜੀ ਉਮਰੋਂ ਹਾਣੀ ਹੀ ਸਨ।

ਔਰੰਗਜ਼ੇਬ ਨੂੰ ਕੀਰਤਪੁਰ ਸਾਹਿਬ ਤੋਂ ਦਿੱਲੀ ਤੱਕ ਦੀਆਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਆਤਮਕ ਉੱਚਤਾ ਬਾਰੇ ਸਭ ਖ਼ਬਰਾਂ ਨਾਲੋ-ਨਾਲ ਅੱਪੜ ਰਹੀਆਂ ਸਨ। ਬਾਲ-ਗੁਰੂ ਜੀ ਦੀ ਨਿਰਭੈਤਾ ਵੀ ਉਸ ਨੇ ਵੇਖ ਲਈ। ਮਾਇਆ ਦੇ ਵਿਗਾੜੇ ਹੋਏ ਮਸੰਦਾਂ ਦੀ ਚੁੱਕਣਾ ਤੇ ਕੀਤੇ ਹੋਏ ਰਾਮਰਾਇ ਦੇ ਦਾਅਵੇ ਸੰਬੰਧੀ ਔਰੰਗਜ਼ੇਬ ਨੇ ਰਾਮਰਾਇ ਦਾ ਪੱਖ ਨਾ ਲਿਆ, ਕਿਉਂਕਿ ਉਹ ਇਹ ਵੀ ਚਾਹੁੰਦਾ ਸੀ ਕਿ ਗੁਰੂ ਨਾਨਕ ਸਾਹਿਬ ਦਾ ਘਰ ਤੇ ਕਿਤੇ ਬਹੁਤਾ ਤਕੜਾ ਹੋ ਮੁਗ਼ਲ ਰਾਜ ਵਾਸਤੇ ਖ਼ਤਰਨਾਕ ਨਾ ਹੋ ਜਾਏ। ਉਸ ਨੇ ਰਾਮਰਾਇ ਦਾ ਵਿਰੋਧੀ ਧੜਾ ਤਕੜਾ ਕਰਨ ਲਈ ਰਾਮਰਾਇ ਨੂੰ ਦਿੱਤੀ ਭਾਰੀ ਜਾਗੀਰ ਪੱਕੀ ਕਰ ਦਿੱਤੀ, ਜੋ ਹੁਣ ਤੱਕ ਡੇਹਰਾਦੂਨ ਦੇ ਇਲਾਕੇ ਵਿਚ ਚੱਲੀ ਆ ਰਹੀ ਹੈ। ਸ਼ਾਹਜਹਾਨ ਨੇ ਵੀ ਗੁਰੂ ਹਰਿ ਰਾਇ ਸਾਹਿਬ ਦੇ ਟਾਕਰੇ

'ਤੇ ਖੜਾ ਕਰਨ ਲਈ ਧੀਰਮੱਲ ਨੂੰ ਵੱਡੀ ਸਾਰੀ ਜਾਗੀਰ ਦਿੱਤੀ ਸੀ, ਜੋ ਅਜੇ ਤਕ ਉਸ ਖਾਨਦਾਨ ਵਿਚ ਕਾਇਮ ਹੈ।

## ਜੋਤੀ-ਜੋਤਿ ਸਮਾਉਣਾ

ਫੱਗਣ-ਚੇਤਰ ਦੀ ਮਿੱਠੀ-ਮਿੱਠੀ ਰੁੱਤੇ ਸਾਡੇ ਦੇਸ਼ ਵਿਚ ਆਮ ਤੌਰ 'ਤੇ ਚੇਚਕ ਦੀ ਬੀਮਾਰੀ ਫੁੱਟ ਪੈਂਦੀ ਹੈ। ਚੇਚਕ ਛੂਤ ਦੀ ਬੀਮਾਰੀ ਹੈ ਅਤੇ ਬੜੀ ਹੀ ਖ਼ਤਰਨਾਕ ਹੈ। ਜਦੋਂ ਕਿਸੇ ਇਕ ਆਦਮੀ ਨੂੰ ਇਹ ਰੋਗ ਹੋ ਜਾਏ ਤਾਂ ਉਸ ਤੋਂ ਬੇਅੰਤ ਜਿਰਮ ਪੈਦਾ ਹੋ ਕੇ ਉਸ ਦੇ ਚੁਗਿਰਦੇ ਦੇ ਕੱਪੜਿਆਂ ਵਿਚ ਤੇ ਹਵਾ ਵਿਚ ਟਿਕੇ ਰਹਿੰਦੇ ਹਨ। ਫਿਰ ਜਿਉਂ-ਜਿਉਂ ਉਹ ਜਿਰਮ ਹੋਰ ਮਨੁੱਖਾਂ ਨੂੰ ਛੂੰਹਦੇ ਹਨ, ਤਿਉਂ-ਤਿਉਂ ਬੀਮਾਰੀ ਵਧਦੀ ਜਾਂਦੀ ਹੈ ਤੇ ਸਾਰੇ ਇਲਾਕੇ ਦੀ ਹਵਾ ਵਿਚ ਜਿਰਮਾਂ ਦੀ ਭਰਮਾਰ ਹੋ ਜਾਂਦੀ ਹੈ। ਇਸ ਤਰ੍ਹਾਂ ਸਾਰੇ ਦੇਸ਼ ਵਿਚ ਹੀ ਚੇਚਕ ਤਬਾਹੀ ਮਚਾ ਦਿੰਦੀ ਹੈ।

ਹਵਾ ਵਿਚੋਂ ਚੰਬੜੇ ਜਿਰਮਾਂ ਦਾ ਅਸਰ ਕੁਝ ਦਿਨ ਹੁੰਦਾ ਰਹਿੰਦਾ ਹੈ। ਫਿਰ ਅਚਨਚੇਤ ਮਨੁੱਖ ਨੂੰ ਤਾਪ ਚੜ੍ਹ ਜਾਂਦਾ ਹੈ ਅਤੇ ਸਾਰਾ ਪਿੰਡਾ ਬੜਾ ਸਖ਼ਤ ਪੀੜ ਕਰਦਾ ਹੈ। ਲੱਕ ਤਾਂ ਦਰਦ ਨਾਲ ਮਾਨੋਂ ਟੁੱਟ ਹੀ ਜਾਂਦਾ ਹੈ। ਤਾਪ ਦੀ ਘੂਕੀ ਨਾਲ ਰੋਗੀ ਬੇ-ਸੁਰਤ ਪਿਆ ਰਹਿੰਦਾ ਹੈ। ਤਿੰਨਾਂ ਦਿਨਾਂ ਵਿਚ ਪਿੰਡੇ ਉੱਤੇ ਬਰੀਕ-ਬਰੀਕ ਫੁਹਾਰ ਨਿਕਲ ਆਉਂਦੀ ਹੈ। ਇਹ ਫੁਹਾਰ ਬੜੀ ਛੇਤੀ ਵਧਣੀ ਸ਼ੁਰੂ ਹੋ ਜਾਂਦੀ ਹੈ। ਵੱਡੇ-ਵੱਡੇ ਛਾਲੇ ਬਣ ਜਾਂਦੇ ਹਨ, ਉਹਨਾਂ ਵਿਚ ਪਾਕ ਪੈ ਜਾਂਦੀ ਹੈ ਅਤੇ ਬੜੇ ਦੁਖਦੇ ਹਨ। ਇਸ ਪਾਕੇ ਦੇ ਕਾਰਨ ਬੀਮਾਰ ਨੂੰ ਦੂਜੀ ਵਾਰ ਫਿਰ ਜ਼ੋਰ ਦਾ ਬੁਖਾਰ ਆ ਚੜ੍ਹਦਾ ਹੈ ਅਤੇ ਆਮ ਤੌਰ 'ਤੇ ਇਹ ਹਾਲਤ ਮੌਤ ਦਾ ਸੁਨੇਹਾ ਹੀ ਹੁੰਦੀ ਹੈ।

ਜਦੋਂ ਔਰੰਗਜ਼ੇਬ ਕਸ਼ਮੀਰ ਤੋਂ ਵਾਪਿਸ ਜਨਵਰੀ 1664 ਈ. ਵਿਚ ਦਿੱਲੀ ਪਹੁੰਚਿਆ ਤਾਂ ਉਹਨੀਂ ਦਿਨੀਂ ਚੇਚਕ ਦੀ ਬੀਮਾਰੀ ਫੁੱਟ ਪਈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਿੱਲੀ ਅੱਪੜਨ ਵੇਲੇ ਤੱਕ ਤਾਂ ਉਥੇ ਚੇਚਕ ਭਰ ਜ਼ੋਰਾਂ ਵਿਚ ਸੀ। ਕੋਈ ਵੀ ਬਿਮਾਰੀ ਆਵੇ, ਉਸ ਦਾ ਸ਼ਿਕਾਰ ਆਮ ਤੌਰ 'ਤੇ ਜ਼ਿਆਦਾ ਗਰੀਬ ਲੋਕ ਹੀ ਹੋਇਆ ਕਰਦੇ ਹਨ, ਕਿਉਂਕਿ ਜਿਥੇ ਭੁੱਖ ਹੋਵੇ, ਜਿਥੇ ਸਫ਼ਾਈ ਦੀ ਅਣਹੋਂਦ ਹੋਵੇ, ਉਥੇ ਹੀ ਬਿਮਾਰੀ ਨੂੰ ਪਲਰਨ ਲਈ ਫਬਵਾਂ ਥਾਂ ਮਿਲਦਾ ਹੈ।

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਦਿੱਲੀ ਪਹੁੰਚਦਿਆਂ ਹੀ ਦੁਖੀ ਗਰੀਬਾਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਪਾਠਕ ਇਹ ਗੱਲ ਚੇਤੇ ਰੱਖਣ ਕਿ ਦਸਵੰਧ ਦੀ ਮਰਯਾਦਾ ਦੇ ਕਾਰਨ ਗੁਰੂ-ਘਰ ਦਾ ਖ਼ਜ਼ਾਨਾ ਸਦਾ ਭਰਪੂਰ ਰਹਿੰਦਾ ਸੀ ਅਤੇ ਉਹ ਖ਼ਜ਼ਾਨਾ ਸਿੱਖ ਕੌਮ ਦੀ ਉੱਨਤੀ ਅਤੇ ਗਰੀਬਾਂ, ਦੁਖੀਆਂ, ਲੋੜਵੰਦਾਂ ਦੀ ਸਹਾਇਤਾ ਵਾਸਤੇ ਵਰਤਿਆ ਜਾਂਦਾ ਸੀ। ਅਕਬਰ, ਜਹਾਂਗੀਰ ਤੇ ਸ਼ਾਹ ਜਹਾਨ ਦੇ ਵੇਲੇ ਜਦੋਂ-ਜਦੋਂ ਕਾਲ ਪੈਂਦਾ ਰਿਹਾ ਜਾਂ ਕੋਈ ਮਰੀ ਫੁੱਟਦੀ ਰਹੀ, ਤਦੋਂ-ਤਦੋਂ ਹੀ ਸਤਿਗੁਰੂ ਜੀ ਦਸਵੰਧ ਦੀ ਮਾਇਆ ਵਰਤ ਤੇ ਲੋੜਵੰਦਾਂ ਦੀ ਮੱਦਦ ਕਰਦੇ ਰਹੇ।

ਘਬਰਾਏ ਲੋਕਾਂ ਨੂੰ ਢਾਰਸ ਤੇ ਮਾਇਕ ਸਹਾਇਤਾ ਦੇਣ ਲਈ ਸਤਿਗੁਰੂ ਜੀ ਨੂੰ ਉਹਨਾਂ ਇਲਾਕਿਆਂ ਵਿਚ ਵੀ ਜਾਣਾ ਪੈਂਦਾ ਸੀ ਜਿਥੇ ਚੇਚਕ ਦਾ ਜ਼ੋਰ ਸੀ। ਉਹਨਾਂ ਦੀ ਆਪਣੀ ਉਮਰ ਅਜੇ ਪੌਣੇ ਅੱਠ ਸਾਲਾਂ ਤੋਂ ਘੱਟ ਹੀ ਸੀ। ਇਸ ਉਮਰੇ ਚੇਚਕ ਉੱਡ ਕੇ ਪੈਂਦੀ ਹੈ। ਇਸ

ਦਾ ਨਤੀਜਾ ਇਹ ਨਿਕਲਿਆ ਕਿ ਇਕ ਦਿਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਵੀ ਬੜੇ ਜ਼ੋਰ ਦਾ ਬੁਖਾਰ ਹੋ ਗਿਆ। ਸਤਿਗੁਰੂ ਜੀ ਦੇ ਸਰੀਰ ਉੱਤੇ ਵੀ ਚੇਚਕ ਦੇ ਲੱਛਣ ਦਿੱਸਣ ਲੱਗ ਪਏ। ਉਹਨਾਂ ਆਪਣਾ ਸਰੀਰਕ ਅੰਤ ਨੇੜੇ ਆਇਆ ਪੱਕਾ ਨਿਸ਼ਚੇ ਕਰ ਲਿਆ। ਰਾਜਾ ਜੈ ਸਿੰਘ ਦੇ ਮਹੱਲ ਵਿਚੋਂ ਬਾਹਰ ਜਮਨਾ ਦੇ ਕੰਢੇ ਇਕ ਖੁੱਲ੍ਹੇ ਥਾਂ ਡੇਰੇ ਦਾ ਪ੍ਰਬੰਧ ਕਰਾਇਓ ਨੇ। ਕੀਰਤਪੁਰੋਂ ਆਈ ਸੰਗਤ ਸਮੇਤ ਜਮਨਾ ਦੇ ਕੰਢੇ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਲੀ ਆ ਰਹੀ ਮਰਯਾਦਾ ਅਨੁਸਾਰ ਅਗਲੇ ਗੁਰੂ ਬਾਰੇ ਸਤਿਗੁਰੂ ਜੀ ਨੇ ਕੋਲ ਬੈਠੀ ਸਾਰੀ ਸੰਗਤ ਨੂੰ ਹੁਕਮ ਦਿੱਤਾ— 'ਬਾਬਾ ਬਕਾਲੇ'। ਇਸ ਦਾ ਭਾਵ ਇਹ ਸੀ ਕਿ ਸਾਥੋਂ ਪਿੱਛੋਂ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਵਾਲਾ ਮਹਾਂਪੁਰਸ਼ ਪਿੰਡ 'ਬਕਾਲੇ' ਵਿਚ ਹੈ ਤੇ ਸਾਡਾ 'ਬਾਬਾ' ਵੀ ਹੈ।

ਇਸ ਤੋਂ ਪਿੱਛੋਂ ਆਪ ਜੋਤੀ-ਜੋਤਿ ਸਮਾ ਗਏ। ਉਸ ਦਿਨ ਬੁਧਵਾਰ ਸੀ। ਵੈਸਾਖ ਦੀ ੩ ਤਰੀਕ, ਸੰਮਤ ੧੭੨੧। ਚੰਦ੍ਰਮਾਂ ਦੇ ਮਹੀਨਿਆਂ ਦੇ ਹਿਸਾਬ ਨਾਲ ਉਸ ਦਿਨ ਚੇਤਰ ਸੁਦੀ ੧੪ ਸੀ। ਈਸਵੀ ਸੰਨ 1664 ਅਤੇ ਮਾਰਚ ਦੀ 30 ਤਰੀਕ ਸੀ। ਜਿਥੇ ਜਮਨਾ ਦੇ ਕੰਢੇ ਆਪ ਦੇ ਸਰੀਰ ਦਾ ਸਸਕਾਰ ਕੀਤਾ ਗਿਆ ਸੀ, ਉਥੇ ਹੁਣ ਗੁਰਦੁਆਰਾ ਬਾਲਾ ਸਾਹਿਬ ਹੈ।

(7/1992)

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ : ਪ੍ਰਮੁੱਖ ਇਤਿਹਾਸਕ ਅਸਥਾਨ

1. **ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ, ਕੀਰਤਪੁਰ ਸਾਹਿਬ:** ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਜ਼ਿਲ੍ਹਾ ਰੂਪਨਗਰ ਦੇ ਨਗਰ ਕੀਰਤਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਘਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਹੋਇਆ।

2. **ਗੁਰਦੁਆਰਾ ਮੰਜੀ ਸਾਹਿਬ, ਪੰਜੋਖਰਾ :** ਹਰਿਆਣਾ ਦੇ ਜ਼ਿਲ੍ਹਾ ਅੰਬਾਲਾ ਦੇ ਨਗਰ ਪੰਜੋਖਰਾ ਵਿਖੇ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ। ਇਤਿਹਾਸਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਜੀ ਦਿੱਲੀ ਨੂੰ ਜਾਂਦੇ ਹੋਏ ਇਸ ਅਸਥਾਨ 'ਤੇ ਬਿਰਾਜੇ ਸਨ। ਇਸ ਅਸਥਾਨ 'ਤੇ ਹੀ ਗੁਰੂ ਜੀ ਨੇ ਸਾਧਾਰਨ ਮਨੁੱਖ ਦੇ ਸਿਰ 'ਤੇ ਆਪਣੀ ਖੂੰਡੀ ਰੱਖ ਕੇ ਉਸ ਤੋਂ ਗੀਤਾ ਦੇ ਅਰਥ ਕਰਵਾਏ ਸਨ।

3. **ਗੁਰਦੁਆਰਾ ਸਾਹਿਬ ਪਾਤਸ਼ਾਹੀ ਅੱਠਵੀਂ, ਥਾਨੇਸਰ:** ਥਾਨੇਸਰ ਹਰਿਆਣਾ ਦੇ ਜ਼ਿਲ੍ਹਾ ਕੁਰੁਕਸ਼ੇਤਰ ਦਾ ਇਕ ਪ੍ਰਮੁੱਖ ਨਗਰ ਹੈ ਜੋ ਪ੍ਰਾਚੀਨ ਕਾਲ ਤੋਂ ਹਿੰਦੂਆਂ ਦਾ ਮੁੱਖ ਕੇਂਦਰ ਰਿਹਾ ਹੈ। ਥਾਨੇਸਰ ਵਿਚ ਸਨੇਹਤ ਤੀਰਥ ਦੇ ਕੋਲ ਇਸ ਅਸਥਾਨ 'ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਸੰਗਤਾਂ ਨੂੰ ਸਿੱਖੀ ਦਾ ਉਪਦੇਸ਼ ਦਿੱਤਾ ਸੀ।

4. **ਗੁਰਦੁਆਰਾ ਤਖ਼ਤ ਕੋਟ ਸਾਹਿਬ, ਕੀਰਤਪੁਰ ਸਾਹਿਬ:** ਇਹ ਗੁਰਦੁਆਰਾ ਕੀਰਤਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ। ਕਿਹਾ ਜਾਂਦਾ ਹੈ ਕਿ ਇਸ ਅਸਥਾਨ 'ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ 1661 ਈ. ਨੂੰ ਗੱਦੀਨਸ਼ੀਨੀ ਹੋਈ ਸੀ।

5. **ਗੁਰਦੁਆਰਾ ਬੰਗਲਾ ਸਾਹਿਬ, ਨਵੀਂ ਦਿੱਲੀ:** ਨਵੀਂ ਦਿੱਲੀ ਦੇ ਗੋਲ ਡਾਕਖਾਨੇ ਪਾਸ ਗੁਰਦੁਆਰਾ ਬੰਗਲਾ ਸਾਹਿਬ ਸਥਿਤ ਹੈ। ਪਹਿਲਾਂ ਇਸ ਅਸਥਾਨ 'ਤੇ ਰਾਜਾ ਜੈ ਸਿੰਘ ਦੀ ਹਵੇਲੀ ਸੀ। ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੰਨ 1664 ਈ. ਵਿਚ ਦਿੱਲੀ ਆਏ ਸਨ ਤਾਂ ਉਸ ਸਮੇਂ ਦਿੱਲੀ ਵਿਚ ਬਹੁਤ ਭਿਆਨਕ ਚੇਚਕ ਤੇ ਹੈਜ਼ੇ ਦੀ ਬੀਮਾਰੀ ਫੈਲੀ ਹੋਈ ਸੀ। ਗੁਰੂ ਜੀ ਨੇ ਆਪਣੇ ਹੱਥੀਂ ਬਿਮਾਰਾਂ ਦੀ ਬਹੁਤ ਸੇਵਾ ਕੀਤੀ। ਸਾਰੇ ਪਾਸੇ ਗੁਰੂ ਜੀ ਦੀ ਸੋਭਾ ਹੋਣ ਲੱਗੀ। ਗੁਰੂ ਜੀ ਦੀ ਸੋਭਾ ਸੁਣ ਕੇ ਰਾਜਾ ਜੈ ਸਿੰਘ ਦੀ ਪਟਰਾਣੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਵਿਆਕੁਲ ਹੋਈ ਅਤੇ ਉਸ ਨੇ ਗੁਰੂ ਜੀ ਨੂੰ ਆਪਣੇ ਮਹਿਲ ਆਉਣ ਦਾ ਸੱਦਾ ਦਿੱਤਾ। ਸਿੱਖਾਂ ਨੇ ਜਦੋਂ ਦਿੱਲੀ ਫਤਹਿ ਕੀਤੀ ਤਾਂ ਸਰਦਾਰ ਬਘੇਲ ਸਿੰਘ ਨੇ ਸੰਨ 1783 ਈ. ਵਿਚ ਇਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ।

6. **ਗੁਰਦੁਆਰਾ ਸਾਹਿਬ ਬਾਲਾ ਜੀ, ਦਿੱਲੀ**: ਗੁਰਦੁਆਰਾ ਸਾਹਿਬ ਬਾਲਾ ਜੀ ਦਿੱਲੀ ਦੀ ਬਾਹਰਲੀ ਰੋਡ ਉੱਤੇ ਸਥਿਤ ਹੈ। ਇਹ ਅਸਥਾਨ ਕਿਸੇ ਸਮੇਂ ਜਮਨਾ ਦਰਿਆ ਦੇ ਕੰਢੇ 'ਤੇ ਹੋਇਆ ਕਰਦਾ ਸੀ। ਇਸ ਸਥਾਨ 'ਤੇ ਗੁਰੂ ਜੀ ਦੇ ਸਰੀਰ ਦੀਆਂ ਅੰਤਰ ਰਸਮਾਂ 1664 ਈ. ਵਿਚ ਕੀਤੀਆਂ ਗਈਆਂ। ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਦਾ ਸਸਕਾਰ ਵੀ ਇਥੇ ਹੀ ਕੀਤਾ ਗਿਆ ਸੀ। ਸੰਨ 1783 ਈ. ਵਿਚ ਸਰਦਾਰ ਬਘੇਲ ਸਿੰਘ ਨੇ ਇਸ ਅਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ।

# ਜੀਵਨ-ਦਰਸ਼ਨ
# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ
# ਜਗਤ ਫੇਰੀ ਦਾ ਸੰਖੇਪ ਵੇਰਵਾ

| | |
|---|---|
| **ਪ੍ਰਕਾਸ਼ ਪੁਰਬ** | : 1 ਅਪ੍ਰੈਲ, ਸੰਨ 1621। |
| **ਪ੍ਰਕਾਸ਼ ਅਸਥਾਨ** | : ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ। |
| **ਪਿਤਾ** | : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ |
| **ਮਾਤਾ** | : ਸ੍ਰੀ ਨਾਨਕੀ ਜੀ। |
| **ਵਿਆਹ** | : ਕਰਤਾਰਪੁਰ ਨਿਵਾਸੀ ਸ੍ਰੀ ਲਾਲ ਚੰਦ ਜੀ ਖੱਤਰੀ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ 1632 ਈ. ਨੂੰ ਹੋਇਆ। |
| **ਗੁਰਿਆਈ** | : 30 ਮਾਰਚ ਸੰਨ 1664 ਈ. ਦਿੱਲੀ ਵਿਚ। |
| **ਸੰਤਾਨ** | : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 22 ਦਸੰਬਰ, ਸੰਨ 1666. |
| **ਨਗਰ ਵਸਾਇਆ** | : ਸ੍ਰੀ ਅਨੰਦਪੁਰ ਸਾਹਿਬ |
| **ਸ਼ਹਾਦਤ** | : 11 ਨਵੰਬਰ ਸੰਨ 1675, ਸੀਸ ਗੰਜ, ਚਾਂਦਨੀ ਚੌਂਕ ਦਿੱਲੀ। ਸੀਸ ਦਾ ਸਸਕਾਰ ਅਨੰਦਪੁਰ ਤੇ ਧੜ ਦਾ ਸਸਕਾਰ ਰਕਾਬ ਗੰਜ, ਨਵੀਂ ਦਿੱਲੀ। |

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ
# (1621-1675 ਈ.)

## ਪ੍ਰਕਾਸ਼ ਅਸਥਾਨ

ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜਵੇਂ ਤੇ ਸਭਨਾਂ ਤੋਂ ਛੋਟੇ ਸਾਹਿਬਜ਼ਾਦੇ ਸਨ। ਇਹਨਾਂ ਦਾ ਪ੍ਰਕਾਸ਼ ਸ੍ਰੀ ਅੰਮ੍ਰਿਤਸਰ ਵਿਚ ਹੋਇਆ ਸੀ। 'ਗੁਰੂ ਬਜ਼ਾਰ' ਵਿਚੋਂ ਨਿਕਲਦੀ ਇਕ ਗਲੀ ਵਿਚ ਉਹ ਅਸਥਾਨ ਅਜੇ ਤਕ ਕਾਇਮ। ਉਸ ਦਾ ਨਾਮ ਗੁਰਦੁਆਰਾ ਗੁਰੂ ਕੇ ਮਹਿਲ ਹੈ।

## ਪ੍ਰਕਾਸ਼ ਤਾਰੀਖ਼

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ 1 ਅਪ੍ਰੈਲ, 1621 ਈ. ਨੂੰ ਹੋਇਆ ਸੀ।

## ਬਾਲ-ਉਮਰ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੰਨ 1630 ਤਕ ਸ੍ਰੀ ਅੰਮ੍ਰਿਤਸਰ ਵਿਚ ਰਹੇ ਤੇ ਫਿਰ ਇਥੋਂ ਪਰਿਵਾਰ ਸਮੇਤ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਚਲੇ ਗਏ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਉਮਰ ਦੇ ਪਹਿਲੇ 9 ਸਾਲ ਸ੍ਰੀ ਅੰਮ੍ਰਿਤਸਰ ਵਿਚ ਗੁਜ਼ਾਰੇ।

ਜਦੋਂ ਸੰਨ 1634 ਵਿਚ ਪੈਂਦੇ ਖਾਂ ਗੁਰੂ ਵੱਲੋਂ ਬੇਮੁਖ ਹੋ ਕੇ ਲਾਹੌਰ ਦੇ ਸੂਬੇਦਾਰ ਨੂੰ ਪ੍ਰੇਰ ਕੇ ਉਸ ਪਾਸੋਂ ਕਾਲੇ ਖ਼ਾਂ ਦੀ ਕਮਾਨ ਹੇਠ ਕੁਝ ਸ਼ਾਹੀ ਫ਼ੌਜ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵਿਰੁੱਧ ਕਰਤਾਰਪੁਰ ਚੜ੍ਹ ਆਇਆ ਸੀ, ਤਦੋਂ (ਗੁਰੂ) ਤੇਗ ਬਹਾਦਰ ਜੀ ਵੀ ਉਥੇ ਹੀ ਸਨ। ਕਰਤਾਰਪੁਰ ਦੀ ਜੰਗ ਤੋਂ ਪਿੱਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਸਾਹਿਬ ਚਲੇ ਗਏ ਸਨ ਅਤੇ (ਗੁਰੂ) ਤੇਗ ਬਹਾਦਰ ਜੀ ਨੂੰ ਉਹਨਾਂ ਦੀ ਮਾਤਾ ਸਮੇਤ ਉਹਨਾਂ ਦੇ ਪਿੰਡ ਬਕਾਲੇ ਭੇਜ ਦਿੱਤਾ ਸੀ। ਬਕਾਲਾ ਉਹਨਾਂ ਦਾ ਨਾਨਕਾ ਪਿੰਡ ਸੀ।

## ਗੁਰਿਆਈ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਚ 30 ਮਾਰਚ, 1664 ਈ. ਨੂੰ ਜੋਤੀ-ਜੋਤਿ ਸਮਾਏ ਅਤੇ ਸੰਗਤ ਨੂੰ ਹਿਦਾਇਤ ਕਰ ਗਏ ਕਿ 'ਬਾਬਾ ਬਕਾਲੇ' ਹੈ। ਲਫ਼ਜ਼ 'ਬਾਬਾ' ਸਿੱਖ ਬੋਲੀ ਵਿਚ 'ਗੁਰੂ' ਵਾਸਤੇ ਆਮ ਵਰਤਿਆ ਜਾਣ ਲੱਗ ਪਿਆ ਸੀ। ਭਾਈ ਗੁਰਦਾਸ ਜੀ ਨੇ ਆਪਣੀ ਰਚਨਾ

'ਵਾਰਾਂ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵਾਸਤੇ ਲਫ਼ਜ਼ 'ਬਾਬਾ' ਕਈ ਵਾਰੀ ਵਰਤਿਆ ਹੈ। ਅਸੀਂ ਪੰਜਾਬੀ ਲੋਕ ਇਹ ਲਫ਼ਜ਼ ਦਾਦੇ ਵਾਸਤੇ ਵੀ ਵਰਤਦੇ ਹਾਂ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਾਦਾ ਹੀ ਲੱਗਦੇ ਸਨ। ਉਹਨਾਂ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰਿਆਈ ਦੀ ਜ਼ਿੰਮੇਵਾਰੀ ਆਪਣੇ ਦਾਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸੌਂਪੀ।

## ਬਾਈ ਦਾਅਵੇਦਾਰ

ਸਿੱਖ ਕੌਮ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਅੰਦਰਖ਼ਾਤੇ ਰਾਜਨੀਤਕ ਚਾਲੇ ਵਰਤ ਕੇ ਪਹਿਲਾਂ ਰਾਮਰਾਇ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਨਾਲੋਂ ਤੋੜਿਆ ਗਿਆ, ਪਰ ਇਸ ਵਿਚ ਸਿੱਖਾਂ ਨੂੰ ਕਮਜ਼ੋਰ ਕਰਨ ਵਾਲੀ ਚਾਲ ਕਾਮਯਾਬ ਨਾ ਹੋਈ। ਸਿੱਖ ਰਾਮਰਾਇ ਵੱਲ ਨਾ ਝੁਕ ਸਕੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਵਾ ਪੰਜ ਸਾਲਾਂ ਦੀ ਉਮਰ ਵਿਚ ਗੁਰੂ ਬਣੇ। ਉਹਨਾਂ ਦੇ ਟਾਕਰੇ ਉੱਤੇ ਰਾਮਰਾਇ ਨੂੰ ਹੱਲਾ-ਸ਼ੇਰੀ ਦਿੱਤੀ ਗਈ, ਪਰ ਸਿੱਖ ਕੌਮ ਫਿਰ ਭੀ ਸਿਦਕ ਵਿਚ ਅਡੋਲ ਰਹੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਆਪਣੇ ਜਾਂ-ਨਸ਼ੀਨ ਗੁਰੂ ਬਾਰੇ ਦੱਸੇ ਹੋਏ ਪੂਰੇ ਲਫ਼ਜ਼ ਸਿੱਖਾਂ ਤਕ ਨਾ ਪਹੁੰਚ ਸਕੇ। ਸਿਰਫ਼ ਲਫ਼ਜ਼ 'ਬਾਬਾ' ਅਤੇ 'ਬਕਾਲਾ' ਹੀ ਸਮਝੇ ਜਾ ਸਕੇ।

ਜਿਨ੍ਹਾਂ ਵਿਰੋਧੀਆਂ ਨੂੰ ਅਜੇ ਤਕ ਨਿਰਾਸ਼ਤਾ ਸੀ, ਉਹਨਾਂ ਨੂੰ ਹੁਣ ਸਿੱਖ ਕੌਮ ਵਿਚ ਤਕੜੀ ਫੁੱਟ ਪਵਾਣ ਦਾ ਮੌਕਾ ਜਾਪਿਆ। ਗੁਰਿਆਈ ਵਾਸਤੇ ਕਈ ਹੱਕਦਾਰ ਖੜੇ ਕਰਨ ਲਈ ਚੁਕ-ਚੁਕਾਵੇ ਸ਼ੁਰੂ ਕੀਤੇ-ਕਰਾਏ ਗਏ।

ਇਸ ਪ੍ਰੇਰਨਾ ਦੇ ਅਸਰ ਹੇਠ ਆ ਕੇ ਲਫ਼ਜ਼ 'ਬਾਬਾ' ਦੀ ਦੂ-ਤਰਫ਼ੀ ਵਰਤੋਂ ਤੋਂ ਲਾਭ ਉਠਾਉਣ ਲਈ ਕੁਝ ਕੁ ਸੋਢੀਆਂ ਨੇ ਹੱਥ-ਪੈਰ ਮਾਰੇ। ਸਿੱਖ ਇਤਿਹਾਸ ਲਿਖਦਾ ਹੈ ਕਿ ਪਿੰਡ ਬਕਾਲੇ ਵਿਚ 22 ਸੋਢੀ ਗੱਦੀਆਂ ਲਾ ਕੇ ਬਹਿ ਗਏ ਅਤੇ ਹਰੇਕ ਨੇ ਆਪਣੇ ਆਪ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਾਂ-ਨਸ਼ੀਨ ਦੱਸਿਆ। ਧੀਰਮੱਲ ਇਹਨਾਂ ਸਭਨਾਂ ਵਿਚੋਂ ਉੱਪਰ ਸੀ। ਬਾਕੀ ਦਾਅਵੇਦਾਰਾਂ ਨਾਲੋਂ ਇਹਨਾਂ ਦਾ ਪਾਸਾ ਇਸ ਗੱਲੋਂ ਵੀ ਵਧੀਕ ਪੱਕਾ ਸੀ ਕਿ ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਹੋਈ 'ਆਦਿ ਬੀੜ' ਇਹਨਾਂ ਦੇ ਪਾਸ ਸੀ। ਧੀਰਮੱਲ ਉਹ 'ਬੀੜ' ਵੀ ਕਰਤਾਰਪੁਰ ਤੋਂ ਆਪਣੇ ਨਾਲ ਪਿੰਡ ਬਕਾਲੇ ਲੈ ਆਇਆ ਸੀ।

ਦਸਵੰਧ ਦੀ ਉਗਰਾਹੀ ਦੇ ਕਾਰਨ ਕਈ ਮਸੰਦਾਂ ਵਿਚ ਗਿਰਾਵਟ ਸ਼ੁਰੂ ਹੋ ਗਈ ਸੀ। ਕਈ ਮਸੰਦ ਆਪਣੀ ਵਧੇਰੀ ਤਾਕਤ ਬਣਨ ਦੀ ਆਸ ਤੇ ਗੁਰਿਆਈ ਦੇ ਇਹਨਾਂ ਨਵੇਂ ਦਾਅਵੇਦਾਰਾਂ ਦੇ ਨਾਲ ਸ਼ਾਮਲ ਹੋ ਗਏ। ਗੁਰੂ ਤੇਗ ਬਹਾਦਰ ਸਾਹਿਬ ਛੋਟੀ ਉਮਰ ਤੋਂ ਹੀ ਵੈਰਾਗ-ਸੁਭਾਵ ਵਾਲੇ ਸਨ। ਇਹਨਾਂ ਲੋਕਾਂ ਦੀ ਦੌੜ-ਭੱਜ ਦਾ ਉਹਨਾਂ ਉੱਤੇ ਕੋਈ ਅਸਰ ਨਾ ਪਿਆ। ਉਹ ਆਪਣੀ ਸਾਦਗੀ ਵਿਚ ਅਟੰਕ ਹੀ ਟਿਕੇ ਰਹੇ।

## ਗੁਰੂ ਲਾਧੋ

ਜਦੋਂ ਸਿੱਖ ਸੰਗਤਾਂ ਨੂੰ ਪਤਾ ਲੱਗਾ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਤੋਂ ਪਿੱਛੋਂ ਨਵੇਂ ਸਤਿਗੁਰੂ

ਜੀ ਬਕਾਲੇ ਵਿਚ ਹਨ ਤਾਂ ਦਰਸ਼ਨ ਕਰਨ ਵਾਸਤੇ ਉਹਨਾਂ ਦਾ ਹੁੰਮ-ਹੁਮਾ ਕੇ ਬਕਾਲੇ ਆਉਣਾ ਇਕ ਕੁਦਰਤੀ ਗੱਲ ਸੀ। ਅੱਗੇ ਗੁਰਿਆਈ ਦੇ 22 ਦਾਅਵੇਦਾਰ ਵੇਖ ਕੇ ਸਭ ਨੂੰ ਬੜੀ ਨਿਰਾਸ਼ਤਾ ਹੁੰਦੀ ਰਹੀ। ਕੁਝ ਦਿਨ ਇਹ ਗੜਬੜ ਟਿਕੀ ਰਹੀ। ਇਤਨੇ ਨੂੰ ਇਕ ਸਿੱਖ ਵਣਜਾਰਾ ਭਾਈ ਮੱਖਣ ਸ਼ਾਹ ਲੁਬਾਣਾ ਵੀ ਸਤਿਗੁਰੂ ਦੀ ਭਾਲ ਵਿਚ ਇਥੇ ਆ ਅੱਪੜਿਆ। ਭਾਈ ਮੱਖਣ ਸ਼ਾਹ ਜ਼ਿਲ੍ਹਾ ਜਿਹਲਮ ਦੇ ਨਗਰ ਟਾਂਡੇ ਦਾ ਰਹਿਣ ਵਾਲਾ ਸੀ ਅਤੇ ਦੇਸ਼-ਦੇਸ਼ਾਂਤਰਾਂ ਵਿਚ ਵਪਾਰ ਕਰਦਾ ਸੀ। ਵਪਾਰ ਦੇ ਨਫੇ ਵਿਚੋਂ ਪੰਜ ਸੌ ਮੋਹਰਾਂ ਭੇਟਾ ਲੈ ਕੇ ਇਹ ਆਇਆ ਸੀ। 22 ਗੁਰੂ ਵੇਖ ਕੇ ਇਹ ਵੀ ਬੜਾ ਹੈਰਾਨ ਤੇ ਦਿਲਗੀਰ ਹੋਇਆ। ਆਖ਼ਰ ਇਸ ਨੂੰ ਵਿਓਂਤ ਸੁੱਝੀ। ਹਰੇਕ 'ਗੁਰੂ' ਅੱਗੇ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕਦਾ ਗਿਆ। ਇਸ ਨੂੰ ਯਕੀਨ ਸੀ ਕਿ ਸਤਿਗੁਰੂ ਅੰਤਰਜਾਮੀ ਹੈ। ਉਹ ਆਪ ਹੀ ਇਹ ਗੁੰਝਲ ਹੱਲ ਕਰ ਦੇਵੇਗਾ। ਉਹਨਾਂ 22 'ਗੁਰੂਆਂ' ਵਿਚੋਂ ਕਿਸੇ ਨੇ ਵੀ ਭਾਈ ਮੱਖਣ ਸ਼ਾਹ ਦੀ ਭਾਵਨਾ ਨਾ ਸਮਝੀ। ਫਿਰ ਉਹ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਸ ਵੀ ਜਾ ਪਹੁੰਚਿਆ। ਉਹ ਆਪਣੇ ਘਰ ਇਕੱਲੇ ਇਕਾਂਤ ਵਿਚ ਬੈਠੇ ਸਨ ਤੇ ਗੁਰਿਆਈ ਦੀ ਦੌੜ-ਭੱਜ ਵਲੋਂ ਬਿਲਕੁਲ ਬੇ-ਪਰਵਾਹ ਸਨ। ਭਾਈ ਮੱਖਣ ਸ਼ਾਹ ਨੇ ਇਹਨਾਂ ਅੱਗੇ ਭੀ ਦੋ ਮੋਹਰਾਂ ਰੱਖ ਦਿੱਤੀਆਂ। ਸਤਿਗੁਰੂ ਜੀ ਨੇ ਉਸ ਨੂੰ ਅਸਲੀ ਸਾਰੀ ਮਿਥੀ ਭੇਟਾ ਦਾ ਚੇਤਾ ਕਰਾਇਆ। ਭਾਈ ਮੱਖਣ ਸ਼ਾਹ ਦੀ ਖ਼ੁਸ਼ੀ ਦੀ ਹੱਦ ਨਾ ਰਹੀ। ਕੋਠੇ ਉੱਤੇ ਚੜ੍ਹ ਕੇ ਉਸ ਨੇ ਢੰਡੋਰਾ ਦੇ ਦਿੱਤਾ, 'ਗੁਰੂ ਲਾਧੋ ਰੇ', 'ਗੁਰੂ ਲਾਧੋ ਰੇ'। ਬਕਾਲੇ ਵਿਚ ਆਏ ਹੋਏ ਸਭ ਸਿੱਖ ਆਪੋ ਆਪਣੀ ਵਿੱਤ ਅਨੁਸਾਰ ਭੇਟਾ ਲੈ ਕੇ ਦਰਸ਼ਨ ਨੂੰ ਹਾਜ਼ਰ ਹੋਏ।

## ਵਿਰੋਧੀਆਂ ਦੀ ਚੋਟ

ਦਾਅਵੇਦਾਰ 'ਗੁਰੂ' ਹੁਣ ਦਾਲ ਨਾ ਗਲਦੀ ਵੇਖ ਕੇ, ਬਕਾਲਾ ਛੱਡ ਕੇ ਆਪੋ ਆਪਣੇ ਰਾਹ ਪਏ। ਧੀਰਮੱਲ ਦੇ ਮਸੰਦ ਸ਼ੀਂਹੇ ਨੇ ਜਾਂਦੀ ਬਾਜ਼ੀ ਸਮਝ ਕੇ ਇਕ ਹੋਰ ਹੱਥ ਖੇਡਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਕੱਲੇ ਬੈਠਿਆਂ ਵੇਖ ਕੇ ਉਸ ਨੇ ਉਹਨਾਂ ਉੱਤੇ ਬੰਦੂਕ ਦਾ ਵਾਰ ਕੀਤਾ, ਪਰ ਨਿਸ਼ਾਨਾ ਖੁੰਝ ਗਿਆ ਅਤੇ ਬਚਾਅ ਹੋ ਗਿਆ। ਸ਼ੀਂਹੇ ਨੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਗੁਰੂ-ਘਰ ਵਿਚੋਂ ਜੋ ਸਮਾਨ ਤੇ ਪੈਸਾ-ਟਕਾ ਲੱਭਾ, ਉਹ ਲੁੱਟ ਲਿਆ ਅਤੇ ਧੀਰਮੱਲ ਦੇ ਨਾਲ ਸਾਰੇ ਕਰਤਾਰਪੁਰ ਨੂੰ ਚੱਲ ਪਏ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਇਹ ਸਾਰੀ ਵਧੀਕੀ ਵੇਖ ਕੇ ਵੀ ਸ਼ਾਂਤ-ਚਿੱਤ ਅਡੋਲ ਟਿਕੇ ਰਹੇ।

ਅਸਲ ਵਿਚ ਅਜਿਹੀ ਅਤਿ ਦੀ ਵਧੀਕੀ ਕਿਸੇ ਕਿੱਲੇ ਦੇ ਜ਼ੋਰ ਹੀ ਕੀਤੀ ਜਾ ਸਕਦੀ ਹੈ। ਸਰਕਾਰੀ ਚੁੱਕਣਾ ਵਿਚ ਆ ਕੇ ਦਾਅਵੇਦਾਰ ਤਾਂ ਬਥੇਰੇ ਖਲੋ ਗਏ ਸਨ, ਪਰ ਜਦੋਂ ਪਾਜ ਉੱਘੜਿਆ ਤਾਂ ਉਹ ਸਾਰੇ ਘਰੋ-ਘਰੀ ਚਲੇ ਗਏ। ਸਤਿਗੁਰੂ ਜੀ ਦੀ ਜਿੰਦ ਉੱਤੇ ਵਾਰ ਕਰਨਾ-ਕਰਾਉਣਾ ਧੀਰਮੱਲ ਦੇ ਹਿੱਸੇ ਹੀ ਆ ਸਕਦਾ ਸੀ। ਧੀਰਮੱਲ ਨੂੰ ਬਾਦਸ਼ਾਹ ਵਲੋਂ ਜਾਗੀਰ ਮਿਲੀ ਹੋਈ ਸੀ। ਅਜਿਹੀ ਸਰਪ੍ਰਸਤੀ ਕਿਸੇ ਨਾਜ਼ਕ ਸਮੇਂ ਹੀ ਆਪਣਾ ਰੰਗ ਵਿਖਾਇਆ ਕਰਦੀ ਹੈ। ਜੇ ਸ਼ਰੀਕਾਂ ਦੀ ਚਮਕਾਈ ਹੋਈ ਪਰਸਪਰ ਫੁੱਟ ਦੀ ਰਾਹੀਂ ਹੀ ਕਿਸੇ ਕੌਮ ਦੀ ਤਾਕਤ ਨੂੰ ਕਮਜ਼ੋਰ

ਕੀਤਾ ਜਾ ਸਕੇ ਤਾਂ ਕਿਸੇ ਹੋਰ ਸਿਰ-ਦਰਦੀ ਦੀ ਕੀ ਲੋੜ ? ਇਸ ਤਰ੍ਹਾਂ ਸਗੋਂ ਦੋਸ਼ ਵੀ ਸ਼ਰੀਕਾਂ ਦੇ ਮੱਥੇ ਹੀ ਆ ਜਾਂਦਾ ਹੈ। ਪਰਮਾਤਮਾ ਦੀ ਕਿਰਪਾ ਨਾਲ ਵੈਰੀਆਂ ਦਾ ਇਹ ਵਾਰ ਵੀ ਖ਼ਾਲੀ ਗਿਆ।

## ਸਤਿਗੁਰੂ ਜੀ ਦੀ ਉਦਾਰਤਾ

ਮੱਖਣ ਸ਼ਾਹ ਨੇ ਨੇੜੇ ਹੀ ਡੇਰਾ ਕੀਤਾ ਹੋਇਆ ਸੀ। ਕਈ ਹੋਰ ਸਿੱਖ ਵੀ ਅਜੇ ਬਕਾਲੇ ਵਿਚ ਹੀ ਸਨ। ਬੰਦੂਕ ਚੱਲਣ ਦਾ ਖੜਾਕ ਸੁਣ ਕੇ ਸਭ ਆ ਇਕੱਠੇ ਹੋਏ। ਅਸਲ ਘਟਨਾ ਦਾ ਪਤਾ ਲੱਗਣ 'ਤੇ ਭਾਈ ਮੱਖਣ ਸ਼ਾਹ ਸਮੇਤ ਕਈਆਂ ਨੇ ਧੀਰਮੱਲ ਦਾ ਪਿੱਛਾ ਕੀਤਾ। ਗੁਰੂ-ਘਰ ਤੋਂ ਲੁੱਟਿਆ ਹੋਇਆ ਮਾਲ ਉਹ ਮੋੜ ਲਿਆਏ। ਧੀਰਮੱਲ ਤੋਂ 'ਆਦਿ ਬੀੜ' ਭੀ ਖੋਹ ਲਈ। ਸਤਿਗੁਰੂ ਜੀ ਨੂੰ ਇਹ ਗੱਲ ਪਸੰਦ ਨਾ ਆਈ। ਉਹਨਾਂ ਉਹ ਸਾਰਾ ਸਮਾਨ ਤੇ 'ਆਦਿ ਬੀੜ' ਸਭ ਕੁਝ ਧੀਰਮੱਲ ਨੂੰ ਭੇਜ ਦਿੱਤਾ।

## ਸ੍ਰੀ ਅੰਮ੍ਰਿਤਸਰ ਦੇ ਦਰਸ਼ਨ

ਤੀਹ ਸਾਲ ਬਕਾਲੇ ਵਿਚ ਟਿਕੇ ਰਹਿਣ ਪਿੱਛੋਂ ਹੁਣ ਸਤਿਗੁਰੂ ਜੀ ਬਾਹਰ ਆਲੇ-ਦੁਆਲੇ ਦੇ ਇਲਾਕੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ-ਸੁਨੇਹਾ ਪ੍ਰਚਾਰਨ ਲਈ ਚੱਲ ਪਏ। ਭਾਈ ਮੱਖਣ ਸ਼ਾਹ ਵੀ ਅਜੇ ਨਾਲ ਹੀ ਸੀ। ਕਈ ਪਿੰਡਾਂ ਵਿਚੋਂ ਹੁੰਦੇ ਹੋਏ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਸੰਨ 1630 ਵਿਚ ਚਲੇ ਗਏ ਸਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਤਸੰਗ ਆਦਿਕ ਦਾ ਪ੍ਰਬੰਧ ਰੋਜ਼ਾਨਾ ਸੇਵਾ ਕਰਨ ਵਾਲੇ ਸਿੱਖ-ਸੇਵਕਾਂ ਦੇ ਸਪੁਰਦ ਕਰ ਗਏ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮੁੜ ਸ੍ਰੀ ਅੰਮ੍ਰਿਤਸਰ ਨਹੀਂ ਆਏ। ਸੰਨ 1644 ਵਿਚ ਉਹਨਾਂ ਦੇ ਜੋਤੀ-ਜੋਤਿ ਸਮਾਣ 'ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਗੁਰੂ ਬਣੇ। ਉਹ ਵੀ ਜ਼ਿਆਦਾ ਸਮਾਂ ਕੀਰਤਪੁਰ ਸਾਹਿਬ ਦੇ ਇਲਾਕੇ ਵਿਚ ਹੀ ਰਹੇ। ਸਿਰਫ਼ ਇਕ ਵਾਰੀ ਸੰਨ 1654 ਵਿਚ ਛੇ ਕੁ ਮਹੀਨੇ ਸ੍ਰੀ ਅੰਮ੍ਰਿਤਸਰ ਆ ਕੇ ਟਿਕੇ। ਜਦੋਂ ਆਪ ਮਾਝੇ, ਮਾਲਵੇ ਤੇ ਦੁਆਲੇ ਦੇ ਪਿੰਡਾਂ ਵਿਚ ਚਾਰ ਕੁ ਸਾਲਾਂ ਲਈ ਪ੍ਰਚਾਰ ਕਰਨ ਲਈ ਆਏ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੰਨ 1664 ਵਿਚ ਸ੍ਰੀ ਅੰਮ੍ਰਿਤਸਰ ਆਏ। ਪੁਜਾਰੀਆਂ-ਸੇਵਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਦਾ ਕੰਮ ਕਰਦਿਆਂ 34 ਸਾਲ ਹੋ ਚੁੱਕੇ ਸਨ। ਇਥੋਂ ਦੀ ਪੂਜਾ-ਭੇਟ ਦੀ ਆਮਦਨ ਹੀ ਉਹਨਾਂ ਦੀ ਰੋਜ਼ੀ ਦਾ ਵਸੀਲਾ ਬਣ ਚੁੱਕੀ ਸੀ। ਜੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ੍ਰੀ ਅੰਮ੍ਰਿਤਸਰ ਨੂੰ ਆਪਣਾ ਨਿਵਾਸ-ਅਸਥਾਨ ਬਣਾ ਲੈਂਦੇ ਤਾਂ ਉਹਨਾਂ ਪੁਜਾਰੀਆਂ ਦੀ ਰੋਜ਼ੀ ਦੇ ਡੋਲਣ ਦਾ ਖ਼ਤਰਾ ਸੀ। ਸਤਿਗੁਰੂ ਜੀ ਦੇ ਇਥੇ ਆਇਆਂ ਪੁਜਾਰੀਆਂ ਨੂੰ ਸ਼ਾਇਦ ਇਹੀ ਤੌਖ਼ਲਾ ਆ ਗਿਆ। ਬਕਾਲੇ ਦੇ 22 ਦਾਅਵੇਦਾਰਾਂ ਨਾਲ ਮਿਲ ਕੇ ਕੁਝ ਮਸੰਦਾਂ ਦਾ ਕੋਝਾ ਰਵੱਈਆ ਵੀ ਇਹ ਸੁਣ ਵੇਖ ਚੁੱਕੇ ਸਨ। ਇਸ ਗੱਲ ਦੀ ਭੀ ਪੁਜਾਰੀਆਂ ਨੂੰ ਸ਼ਹਿ ਮਿਲੀ। ਸਰਕਾਰੀ ਹਵਾ ਦਾ ਰੁਖ਼ ਭੀ ਅੰਦਰੋਂ ਅੰਦਰ ਸਿੱਖ ਕੌਮ ਵਿਚ ਫੁੱਟ ਪਵਾਉਣ ਵੱਲ ਹੀ ਸੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਦੋਂ ਸ੍ਰੀ ਹਰਿਮੰਦਰ ਸਾਹਿਬ ਦਾ ਦਰਸ਼ਨ ਕਰਨ ਆਏ

ਤਾਂ ਪੁਜਾਰੀ ਦਰਵਾਜ਼ੇ ਬੰਦ ਕਰ ਕੇ ਚਲੇ ਗਏ। ਸਤਿਗੁਰੂ ਜੀ ਢੇਰ ਸਮਾਂ ਉਥੇ ਬੈਠੇ ਉਡੀਕਦੇ ਰਹੇ, ਪਰ ਦਰਵਾਜ਼ੇ ਬੰਦ ਹੀ ਰਹੇ। ਆਖ਼ਰ ਸ੍ਰੀ ਹਰਿਮੰਦਰ ਸਾਹਿਬ ਦਾ ਦਰਸ਼ਨ ਕਰਨ ਤੋਂ ਬਿਨਾਂ ਹੀ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਤੋਂ ਵਾਪਸ ਮੁੜ ਪਏ। ਜਿਸ ਥਾਂ ਪੁਜਾਰੀਆਂ ਦੇ ਮੁੜ ਆਉਣ ਦੀ ਉਡੀਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬੈਠੇ ਰਹੇ ਸਨ, ਉਥੇ ਹੁਣ ਗੁਰਦੁਆਰਾ ਥੜ੍ਹਾ ਸਾਹਿਬ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਾੜ ਪਾਸੇ ਵੱਲ।

## ਪਿੰਡ ਵੱਲੇ ਦੀ ਸੰਗਤ

ਸ੍ਰੀ ਅੰਮ੍ਰਿਤਸਰ ਤੋਂ ਵਾਪਸੀ 'ਤੇ ਪਿੰਡ ਵੱਲੇ ਦੀ ਸੰਗਤ ਨੇ ਗੁਰੂ ਜੀ ਦੀ ਬੜੇ ਆਦਰ ਸਤਿਕਾਰ ਨਾਲ ਸੇਵਾ ਕੀਤੀ। ਸਤਿਗੁਰੂ ਜੀ ਨੂੰ ਵੱਲੇ ਦੇ ਵਸਨੀਕ ਆਪਣੇ ਪਿੰਡ ਲੈ ਆਏ। ਇਹ ਪਿੰਡ ਸ਼ਹਿਰ ਸ੍ਰੀ ਅੰਮ੍ਰਿਤਸਰ ਦੇ ਦਰਵਾਜ਼ਾ ਸੁਲਤਾਨਵਿੰਡ ਤੋਂ ਚੜ੍ਹਦੇ ਪਾਸੇ ਦੋ ਢਾਈ ਮੀਲਾਂ ਦੀ ਵਿੱਥ 'ਤੇ ਹੈ। ਵੱਲੇ ਪਿੰਡ ਵਿਚ ਸਤਿਗੁਰੂ ਜੀ ਦੇ ਚਰਨ ਪਾਉਣ ਦੀ ਯਾਦ ਵਿਚ ਉਥੇ ਹੁਣ ਸਾਲ ਦੇ ਸਾਲ ਮਾਘ ਦੀ ਪੂਰਨਮਾਸ਼ੀ ਨੂੰ ਜੋੜ ਮੇਲਾ ਲੱਗਦਾ ਹੈ। ਦੁਆਲੇ ਦੇ ਪਿੰਡਾਂ ਤੋਂ ਅਤੇ ਸ਼ਹਿਰ ਸ੍ਰੀ ਅੰਮ੍ਰਿਤਸਰ ਤੋਂ ਹਜ਼ਾਰਾਂ ਸਿੱਖ ਗੁਰਦੁਆਰਾ ਕੋਠਾ ਸਾਹਿਬ ਦੇ ਦਰਸ਼ਨ ਨੂੰ ਜਾਂਦੇ ਹਨ, ਜੋ ਪਿੰਡ ਦੇ ਵਿਚਕਾਰ ਬਣਿਆ ਹੋਇਆ ਹੈ।

## ਅੰਤਰ ਸੜੀਏ

ਜਦੋਂ ਸਤਿਗੁਰੂ ਜੀ ਬਾਬਾ ਬਕਾਲਾ ਤੋਂ ਸ੍ਰੀ ਅੰਮ੍ਰਿਤਸਰ ਵੱਲ ਚੱਲੇ, ਭਾਈ ਮੱਖਣ ਸ਼ਾਹ ਆਪਣੇ ਸਾਥੀਆਂ ਸਮੇਤ ਨਾਲ ਹੀ ਆਇਆ ਸੀ। ਪੁਜਾਰੀਆਂ ਨੂੰ ਕਾਫ਼ੀ ਸਮਾਂ ਉਡੀਕ ਕੇ ਸਤਿਗੁਰੂ ਜੀ ਤਾਂ ਉਥੋਂ ਚੱਲ ਪਏ ਪਰ ਭਾਈ ਮੱਖਣ ਸ਼ਾਹ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਭੇਟਾ ਪੇਸ਼ ਕਰਨ ਲਈ ਛੱਡ ਗਏ। ਵੇਲਾ ਤਾੜ ਕੇ ਪੁਜਾਰੀ ਵੀ ਵਾਪਸ ਆ ਗਏ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਭਾਈ ਮੱਖਣ ਸ਼ਾਹ ਨੇ ਉਹਨਾਂ ਨੂੰ ਮਿੱਠੀ ਜਿਹੀ ਝਾੜ ਪਾਈ ਤੇ ਆਖਿਆ:

ਸ੍ਰੀ ਗੁਰ ਕਾਰਣ ਕਰਣ ਕ੍ਰਿਪਾਲ।
ਚਲਿ ਕਰਿ ਆਏ ਕਰਨ ਨਿਹਾਲ।
ਤੁਮ ਬੇਮੁਖ ਹੁਇ ਦੁਰੇ ਘਰਨ ਮੈ।
ਨਹਿ ਦਰਸਨ ਕੀਨਸਿ ਤਿਸ ਛਿਨ ਮੈ॥੭॥...
ਅਬ ਭੀ ਜਾਹੁ ਜਾਚਨਾ ਕਰੋ।
ਰਿਦੇ ਦੁਸ਼ਟਤਾ ਸਗਰੀ ਹਰੋ॥੧੮॥

ਮਸੰਦਾਂ-ਪੁਜਾਰੀਆਂ ਨੇ ਸੋਚਿਆ ਕਿ ਜੇ ਇਸ ਦੀ ਗੱਲ ਨਾ ਮੰਨੀ ਤਾਂ ਕਿਤੇ ਸਾਡਾ ਵੀ ਉਹੀ ਹਾਲ ਨਾ ਹੋਵੇ ਜੋ ਧੀਰਮੱਲ ਦਾ ਹੋਇਆ। ਪੁਜਾਰੀ ਭਾਈ ਮੱਖਣ ਸ਼ਾਹ ਦੇ ਨਾਲ ਹੋ ਤੁਰੇ, ਕੁਝ ਭੇਟਾ ਵੀ ਲੈ ਲਈ, ਪਰ ਮਨ ਦਾ ਖੋਟ ਗੁਰੂ ਪਾਸੋਂ ਕਿਵੇਂ ਲੁਕਿਆ ਰਹੇ? ਭਾਈ ਸੰਤੋਖ ਸਿੰਘ ਜੀ ਦੇ ਲਫ਼ਜ਼ਾਂ ਅਨੁਸਾਰ ਹਜ਼ੂਰ ਨੇ ਫੁਰਮਾਇਆ:

ਨਹਿ ਮਸੰਦ ਤੁਮ ਅੰਮ੍ਰਿਤਸਰੀਏ।
ਤ੍ਰਿਸ਼ਨਾਗਨਿ ਤੇ ਅੰਤਰ ਸੜੀਏ॥੩੨॥

ਭਾਵ—ਤੁਸੀਂ ਸ੍ਰੀ ਹਰਿਮੰਦਰ ਸਾਹਿਬ ਦੇ ਮਸੰਦ (ਸੇਵਾਦਾਰ) ਨਹੀਂ, ਤੁਸੀਂ ਤਾਂ ਤ੍ਰਿਸ਼ਨਾ ਦੀ ਅੱਗ ਨਾਲ ਅੰਦਰੋਂ ਸੜੇ ਹੋਏ ਹੋ।

ਮਸੰਦ ਖੋਟ ਉਘੜਿਆ ਵੇਖ ਕੇ ਵਾਪਸ ਆ ਗਏ।

## ਸ੍ਰੀ ਅਨੰਦਪੁਰ ਸਾਹਿਬ

ਵੱਲੇ ਤੋਂ ਬਕਾਲੇ ਅਤੇ ਬਕਾਲੇ ਤੋਂ ਕਰਤਾਰਪੁਰ ਦੇ ਰਸਤੇ ਸਿੱਖ ਸੇਵਕਾਂ ਸਮੇਤ ਸਤਿਗੁਰੂ ਕੀਰਤਪੁਰ ਸਾਹਿਬ ਅੱਪੜੇ। ਭਾਈ ਮੱਖਣ ਸ਼ਾਹ ਪਿੰਡ ਵੱਲੇ ਤੋਂ ਹੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਆਪਣੇ ਵਤਨ ਚਲਾ ਗਿਆ ਸੀ।

ਸੰਨ 1634 ਤੋਂ ਸੰਨ 1664 ਤਕ ਤੀਹ ਸਾਲ ਕੀਰਤਪੁਰ ਸਾਹਿਬ ਹੀ ਕੇਂਦਰੀ ਗੁਰ-ਅਸਥਾਨ ਬਣਿਆ ਰਿਹਾ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਗੁਆਂਢੀ ਰਿਆਸਤ ਕਹਿਲੂਰ ਦੇ ਰਾਜੇ ਦੀਪਚੰਦ ਤੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਉਥੇ ਨਗਰ 'ਅਨੰਦਪੁਰ' ਵਸਾਇਆ। ਸੰਮਤ ੧੭੨੧ (ਅਕਤੂਬਰ 1664 ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਨੀਂਹ ਰੱਖੀ ਗਈ ਸੀ।

(5/1961)

# ਸ਼ਾਂਤੀ ਦੇ ਦੂਤ
# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ 1621 ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦੀ ਸ਼ਾਦੀ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ 1633 ਈ. ਵਿਚ ਹੋਈ। 1644 ਈ. ਵਿਚ ਉਹ ਆਪਣੀ ਮਾਤਾ ਤੇ ਸੁਪਤਨੀ ਸਮੇਤ ਬਕਾਲੇ ਆ ਗਏ, ਜਿਥੇ ਆਪ ਨੇ 20 ਸਾਲ ਚਿੰਤਨ ਕੀਤਾ। 1664 ਈ. ਵਿਚ ਆਪ ਗੁਰਗੱਦੀ ਉੱਤੇ ਬਿਰਾਜਮਾਨ ਹੋਏ ਤੇ 1666 ਵਿਚ ਆਪ ਜੀ ਦੇ ਘਰ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਅਤੇ 1675 ਈ. ਵਿਚ ਚਾਂਦਨੀ ਚੌਂਕ ਦਿੱਲੀ 'ਚ ਆਪ ਨੇ ਧਰਮ ਦੀ ਖਾਤਰ ਸ਼ਹਾਦਤ ਦੇ ਦਿੱਤੀ। ਆਪ ਜੀ ਨੂੰ 'ਹਿੰਦ ਦੀ ਚਾਦਰ' ਆਖਿਆ ਜਾਂਦਾ ਹੈ। ਆਪ ਦਾ ਸਮੁੱਚਾ ਜੀਵਨ ਸਹਿਜ ਅਵਸਥਾ ਵਿਚ ਬਤੀਤ ਹੋਇਆ। ਆਪ ਕਥਨੀ ਤੇ ਕਰਨੀ ਦੇ ਪੂਰੇ ਸਨ। ਆਪ ਨੇ ਜੋ ਕੁਝ ਆਪਣੀ ਬਾਣੀ ਵਿਚ ਫ਼ੁਰਮਾਇਆ, ਉਹ ਆਪ ਦੇ ਜੀਵਨ ਉੱਤੇ ਇਨ-ਬਿਨ ਢੁੱਕਦਾ ਹੈ। ਆਪ ਕਰਮਯੋਗੀ ਸਨ ਤੇ ਫੋਕੇ ਕਰਮ-ਕਾਂਡਾਂ ਵਿਚ ਉੱਕਾ ਹੀ ਵਿਸ਼ਵਾਸ ਨਹੀਂ ਸਨ ਰੱਖਦੇ। ਆਪ ਨੇ ਤੀਰਥ, ਵਰਤ ਅਤੇ ਦਾਨ ਕਰਕੇ ਮਨ ਵਿਚ ਹੰਕਾਰ ਕਰਨ ਵਾਲਿਆਂ ਨੂੰ ਸਪੱਸ਼ਟ ਸ਼ਬਦਾਂ ਵਿਚ ਆਖਿਆ ਕਿ ਤੁਸੀਂ ਆਪਣਾ ਜੀਵਨ ਨਿਹਫਲ ਗੁਆ ਰਹੇ ਹੋ:

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥**

*(ਪੰਨਾ ੧੪੨੮)*

ਉਹਨਾਂ ਦੇ ਮਨ, ਬਚਨ ਤੇ ਕਰਮ ਵਿਚ ਇਕਸਾਰਤਾ ਸੀ ਤੇ ਉਹ ਸਾਰੀ ਆਯੂ ਇਸੇ ਗੱਲ ਬਾਰੇ ਲੋਕਾਂ ਨੂੰ ਸਮਝਾਂਦੇ ਰਹੇ। ਉਹਨਾਂ ਨੇ ਕੋਈ ਐਸਾ ਉਪਦੇਸ਼ ਨਹੀਂ ਦਿੱਤਾ ਜੋ ਆਪਣੇ ਜੀਵਨ ਵਿਚ ਨਾ ਕਮਾਇਆ ਹੋਵੇ। ਉਹ ਸਵੈ-ਇੱਛਾ ਨਾਲ ਨੇਕੀ ਦੇ ਕੰਮਾਂ ਵਿਚ ਸ਼ਾਮਲ ਹੋਣ ਨੂੰ ਹੀ ਠੀਕ ਸਮਝਦੇ ਸਨ ਨਾ ਕਿ ਕਿਸੇ ਦੇ ਕਹੇ ਕਹਾਏ, ਵਿਖਾਵੇ ਦੇ ਤੌਰ 'ਤੇ ਨੇਕੀ ਦੇ ਕੰਮ ਕਰਨ ਨੂੰ। ਆਮ ਲੋਕ ਉਨ੍ਹਾਂ ਕਾਰਜਾਂ ਵਿਚ ਤਾਂ ਭਾਗੀ ਬਣ ਜਾਂਦੇ ਹਨ ਜਿਨ੍ਹਾਂ ਦੇ ਕਰਨ ਨਾਲ ਉਨ੍ਹਾਂ ਨੂੰ ਲਾਭ ਪੁੱਜਦਾ ਹੋਵੇ ਪਰ ਜਾਨੀ ਤੇ ਮਾਲੀ ਨੁਕਸਾਨ ਕਰਵਾ ਕੇ ਵਿਰਲੇ ਲੋਕ ਹੀ ਸ਼ੁੱਭ ਕਰਮਾਂ ਵਿਚ ਹਿੱਸਾ ਪਾਉਂਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕਿਸੇ ਲਾਲਚ ਪਿੱਛੇ ਨਹੀਂ ਸਗੋਂ ਲੋਕ ਭਲਾਈ ਖਾਤਰ ਸ਼ਹਾਦਤ ਦਿੱਤੀ। ਲੋਕ-ਸੇਵਾ ਗੁਰੂ ਸਾਹਿਬ ਦਾ ਸ਼ੌਕ ਸੀ। ਲੋਕਾਂ ਦੀਆਂ ਸਮਾਜਿਕ ਕਠਿਨਾਈਆਂ ਦੀ ਨਵਿਰਤੀ ਕਰਨਾ ਉਹ ਆਪਣਾ ਪਰਮ ਧਰਮ ਸਮਝਦੇ ਸਨ। ਗੁਰੂ

ਸਾਹਿਬ ਨੇ ਲੋਕਾਂ ਦੇ ਢੱਠੇ ਘਰ ਉਸਾਰਨ ਵਾਸਤੇ ਉਨ੍ਹਾਂ ਨੂੰ ਮਾਇਕ ਸਹਾਇਤਾ ਦਿੱਤੀ। ਪੀਣ ਵਾਲੇ ਪਾਣੀ ਤੇ ਸਿੰਚਾਈ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਖੂਹ ਲਗਵਾਏ। ਕਈ ਲੋੜਵੰਦਾਂ ਨੂੰ ਜ਼ਮੀਨ ਤੇ ਖੇਤੀਬਾੜੀ ਦੇ ਸੰਦ ਆਦਿ ਦਿੱਤੇ। ਥਾਂ-ਥਾਂ ਉਨ੍ਹਾਂ ਨੇ ਰੁੱਖ ਲਗਵਾਏ। ਉਨ੍ਹਾਂ ਦੀ ਪ੍ਰਬਲ ਇੱਛਾ ਹੁੰਦੀ ਸੀ ਕਿ ਸਮਾਜਕ, ਘਰੇਗੀ ਤੇ ਰਾਜਸੀ ਝਗੜਿਆਂ ਨੂੰ ਸ਼ਾਂਤੀ ਤੇ ਸਦਭਾਵਨਾ ਨਾਲ ਨਜਿੱਠਿਆ ਜਾਵੇ। ਫ਼ਰਵਰੀ, 1669 ਈ. ਵਿਚ ਬ੍ਰਹਮਪੁੱਤਰ ਨਦੀ ਦੇ ਕੰਢੇ ਧੋਬੜੀ ਨਾਂ ਦੀ ਥਾਂ ਤੇ ਕੈਂਪ ਕਰਕੇ ਉਨ੍ਹਾਂ ਨੇ ਮੁਗ਼ਲ ਫ਼ੌਜਾਂ ਦੇ ਕਮਾਂਡਰ ਰਾਜਾ ਰਾਮ ਸਿੰਘ ਤੇ ਆਸਾਮੀ ਸੈਨਾ ਦੇ ਰਾਜਾ ਚਕਰਧਵਜ ਸਿੰਘ ਵਿਚ ਸੁਲਾਹ ਕਰਵਾ ਦਿੱਤੀ ਤੇ ਬਹੁਤ ਸਾਰੇ ਮਨੁੱਖਾਂ ਦਾ ਖ਼ੂਨ ਡੁੱਲ੍ਹਣ ਤੋਂ ਬਚਾ ਲਿਆ। ਗੁਰੂ ਜੀ ਨੇ ਦੋਹਾਂ ਫ਼ੌਜਾਂ ਦੀ ਸ਼ਕਤੀ ਦਾ ਉਪਯੋਗ ਕਰਕੇ ਉਨ੍ਹਾਂ ਤੋਂ ਸੇਵਾ ਲਈ ਤੇ ਇਕ ਥੜਾ ਬਣਵਾਇਆ ਜਿਸ ਨੂੰ 'ਦਮਦਮਾ ਸਾਹਿਬ' ਕਿਹਾ ਜਾਂਦਾ ਹੈ ਤੇ ਜੋ ਸ਼ਾਂਤੀ ਤੇ ਸਦਭਾਵਨਾ ਦਾ ਪ੍ਰਤੀਕ ਹੈ।

ਗੁਰੂ ਸਾਹਿਬ ਮੁੱਢ ਤੋਂ ਹੀ ਸ਼ਾਂਤ ਸੁਭਾ ਦੇ ਸਨ ਤੇ ਸਦਾ ਸ਼ਾਂਤੀ ਦਾ ਪ੍ਰਚਾਰ ਕਰਦੇ ਰਹੇ। ਇਥੋਂ ਤਕ ਕਿ ਸ਼ਾਂਤੀ ਕਾਇਮ ਰੱਖਣ ਲਈ ਉਨ੍ਹਾਂ ਨੂੰ ਆਪਣੀ ਸ਼ਹਾਦਤ ਵੀ ਦੇਣੀ ਪਈ। ਉਨ੍ਹਾਂ ਨੇ ਮਨੁੱਖੀ ਖ਼ੂਨ ਡੁੱਲ੍ਹਣ ਤੋਂ ਬਚਾਉਣ ਲਈ ਇਤਨੀ ਵੱਡੀ ਕੀਮਤ ਵੀ ਹੱਸਦਿਆਂ-ਹੱਸਦਿਆਂ ਚੁਕਾ ਦਿੱਤੀ। ਉਹ ਚਾਹੁੰਦੇ ਤਾਂ ਜ਼ੁਲਮ ਦਾ ਟਾਕਰਾ ਹੋਰ ਢੰਗ ਨਾਲ ਵੀ ਕੀਤਾ ਜਾ ਸਕਦਾ ਸੀ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਦੂਰ-ਦੂਰ ਤਕ ਧਰਮ ਪ੍ਰਚਾਰ ਲਈ ਦੌਰੇ ਕੀਤੇ। ਇਨ੍ਹਾਂ ਧਰਮ ਪ੍ਰਚਾਰ ਦੌਰਿਆਂ ਦੀ ਸਫਲਤਾ ਨੂੰ ਵੇਖ ਕੇ ਸਰਕਾਰੀ ਕਰਮਚਾਰੀਆਂ ਦੇ ਮਨਾਂ ਵਿਚ ਕਈ ਪ੍ਰਕਾਰ ਦੇ ਤੌਖਲੇ ਪੈਦਾ ਹੋ ਗਏ। ਉਨ੍ਹਾਂ ਦਾ ਪ੍ਰਚਾਰ ਸਦਾ ਹੌਸਲਾ ਵਧਾਉਣ ਵਾਲਾ ਹੁੰਦਾ ਸੀ। ਉਨ੍ਹਾਂ ਨੇ ਸਿੱਖ ਜਥੇਬੰਦੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਤਿਹਾਸ ਲੇਖਕ ਗੁਲਾਮ ਹੁਸੈਨ ਅਨੁਸਾਰ ਉਸ ਸਮੇਂ ਸਿੱਖਾਂ ਦਾ ਸੰਗਠਨ ਇਤਨਾ ਪੱਕਾ ਹੋ ਚੁੱਕਾ ਸੀ ਕਿ ਸਰਕਾਰ ਨੂੰ ਡਰ ਪੈਦਾ ਹੋ ਗਿਆ ਕਿ ਕਿਤੇ ਇਹ ਸੰਗਠਨ ਸਾਮਰਾਜ-ਸ਼ਾਹੀ ਨੂੰ ਢਾਹ ਹੀ ਨਾ ਦੇਵੇ। ਪਰ ਗੁਰੂ ਸਾਹਿਬ ਦਾ ਮਨੋਰਥ ਤਾਂ ਸੱਚ ਤੇ ਸ਼ਾਂਤੀ ਦਾ ਪ੍ਰਚਾਰ ਕਰਨਾ ਸੀ। ਉਹ ਤਾਂ ਸ਼ਾਂਤੀ ਦੇ ਦੂਤ ਸਨ। ਉਨ੍ਹਾਂ ਦਾ ਮਕਸਦ ਰਾਜ ਵਿਚ ਅਰਾਜਕਤਾ ਫੈਲਾਉਣਾ ਨਹੀਂ ਸੀ। ਉਹ ਤਾਂ ਜ਼ੁਲਮ ਵਿਰੁੱਧ ਸਿੱਖ ਸੰਗਤਾਂ ਨੂੰ ਸਾਵਧਾਨ ਕਰ ਰਹੇ ਸਨ। ਜਦੋਂ ਕਸ਼ਮੀਰੀ ਪੰਡਤ ਉਨ੍ਹਾਂ ਕੋਲ ਆਪਣੇ ਧਰਮ ਦੀ ਰਾਖੀ ਲਈ ਪੁਕਾਰ ਲੈ ਕੇ ਹਾਜ਼ਰ ਹੋਏ ਤਾਂ ਆਪ ਨੇ ਉਨ੍ਹਾਂ ਦੇ ਧਰਮ ਦੀ ਰਾਖੀ ਲਈ ਆਪਣੀ ਜ਼ਿੰਦਗੀ ਦੀ ਪੇਸ਼ਕਸ਼ ਕਰ ਦਿੱਤੀ।

ਸੰਬੰਧੀਆਂ ਤੇ ਰਿਸ਼ਤੇਦਾਰਾਂ ਦੀ ਈਰਖਾ ਦਾ ਟਾਕਰਾ ਵੀ ਉਨ੍ਹਾਂ ਨੇ ਸਹਿਨਸ਼ੀਲਤਾ ਤੇ ਸ਼ਾਂਤੀ ਦੇ ਹਥਿਆਰਾਂ ਨਾਲ ਕੀਤਾ। ਧੀਰਮੱਲ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਰੁੱਧ ਆਪਣੇ ਯਤਨ ਜਾਰੀ ਰੱਖੇ ਤਾਂ ਕਿ ਉਹ ਗੁਰਗੱਦੀ ਪ੍ਰਾਪਤ ਕਰ ਸਕੇ। ਬਾਬੇ ਬਕਾਲੇ ਵਿਚ ਬਾਈ ਭੇਖੀ ਗੁਰੂ ਮੰਜੀਆਂ ਲਗਾ ਕੇ ਬੈਠ ਗਏ, ਜਿਨ੍ਹਾਂ ਵਿਚੋਂ ਧੀਰਮੱਲ ਮੁਖੀ ਸੀ ਤੇ ਈਰਖਾ ਵੱਸ ਉਸ ਨੇ ਆਪਣੇ ਮਸੰਦ ਸ਼ੀਹੇ ਕੋਲੋਂ ਗੁਰੂ ਸਾਹਿਬ 'ਤੇ ਗੋਲੀ ਵੀ ਚਲਵਾਈ। ਫਲਸਰੂਪ ਗੁਰੂ ਜੀ ਦਾ ਮੋਢਾ ਮਾਮੂਲੀ ਜਿਹਾ ਜ਼ਖ਼ਮੀ ਹੋ ਗਿਆ। ਸ਼ਸਤਰਧਾਰੀ ਸਿੱਖ ਸ਼ਰਧਾਲੂਆਂ ਦੇ ਮੌਕੇ 'ਤੇ ਪੁੱਜ ਜਾਣ ਕਰਕੇ ਗੁਰੂ ਧਰੋਹੀ ਭੱਜ ਗਏ ਤੇ ਦੌੜਦਿਆਂ ਹੋਇਆਂ ਆਪਣਾ ਮਾਲ-ਮਤਾ ਵੀ ਪਿੱਛੇ ਛੱਡ ਗਏ। ਸ਼ਾਂਤੀ ਦੇ ਪੁੰਜ ਸਤਿਗੁਰੂ ਨੇ ਨਾ ਸਿਰਫ਼ ਉਨ੍ਹਾਂ ਨੂੰ ਖਿਮਾਂ ਕਰ ਦਿੱਤਾ ਸਗੋਂ ਉਨ੍ਹਾਂ ਦੀਆਂ ਵਸਤਾਂ ਤੇ ਸਮਾਨ ਵੀ

ਮੁੜਵਾ ਦਿੱਤਾ। ਸ਼ਾਂਤੀ ਤੇ ਖਿਮਾ ਦੀ ਇਸ ਤੋਂ ਵੱਡੀ ਮਿਸਾਲ ਕੀ ਹੋ ਸਕਦੀ ਹੈ ਕਿ ਆਪਣੇ ਜਾਨੀ ਦੁਸ਼ਮਨਾਂ ਨੂੰ ਵੀ ਵਿਸ਼ਾਲ ਹਿਰਦੇ ਦੀ ਵਿਸ਼ਾਲਤਾ ਨਾਲ ਮੁਆਫ਼ ਕਰ ਦਿੱਤਾ ਤੇ ਮੱਥੇ ਵੱਟ ਨਾ ਪਾਇਆ। ਏਹੋ ਜਿਹੀ ਖ਼ੂਬੀ ਐਵੇਂ ਨਹੀਂ ਆ ਜਾਂਦੀ। ਇਹ ਉਹੀ ਸ਼ਖ਼ਸੀਅਤ ਕਰ ਸਕਦੀ ਹੈ ਜਿਸ ਦਾ ਜੀਵਨ-ਪੱਧਰ ਬਹੁਤਾ ਉੱਚਾ ਤੇ ਨਿੱਜੀ ਤਜਰਬਾ ਬੜਾ ਵਿਸ਼ਾਲ ਹੋਵੇ। ਆਪਣੀਆਂ ਭਾਵਨਾਵਾਂ ਉੱਤੇ ਕਾਬੂ ਰੱਖ ਸਕਣਾ ਮਨੁੱਖੀ ਮਨ ਦੀ ਵੱਡੀ ਸਫਲਤਾ ਹੈ। ਜਦੋਂ ਗੁਰੂ ਸਾਹਿਬ ਬਾਬਾ ਬਕਾਲੇ ਤੋਂ ਸਿੱਖ ਸੰਗਤਾਂ ਦੇ ਸਾਹਮਣੇ ਪ੍ਰਗਟ ਹੋਏ ਤੇ ਬਾਕਾਇਦਾ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਹਿਰਦੇ ਦੀਆਂ ਭਰਪੂਰ ਡੂੰਘਾਈਆਂ 'ਚੋਂ ਪ੍ਰਗਟੀ ਸ਼ਰਧਾ ਵੱਸ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਤਾਂ ਛੋਟੇ ਹਿਰਦੇ ਵਾਲੇ ਤੇ ਕਾਲੇ ਦਿਲ ਵਾਲੇ ਪੁਜਾਰੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਤੇ ਆਪ ਘਰਾਂ ਨੂੰ ਚਲੇ ਗਏ। ਧੰਨ ਗੁਰੂ ਤੇਗ ਬਹਾਦਰ ਸਾਹਿਬ ਜਿਨ੍ਹਾਂ ਨੇ ਮੱਥੇ ਵੱਟ ਨਹੀਂ ਪਾਇਆ, ਕੌੜਾ ਬਚਨ ਨਹੀਂ ਬੋਲਿਆ ਅਤੇ ਸਿੱਖਾਂ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਵੱਲੇ ਪਿੰਡ ਆ ਬੈਠੇ।

ਜਦੋਂ ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਜਾਣ ਦਾ ਫ਼ੈਸਲਾ ਕੀਤਾ ਤਾਂ ਸਾੜੇ ਵੱਸ ਧੀਰਮੱਲ ਨੇ ਉਥੇ ਵੀ ਰੋਕਾਂ ਪਾਈਆਂ। ਸ਼ਾਂਤੀ ਦੇ ਪੁੰਜ ਤੇ ਖਿਮਾ ਦੇ ਦੂਤ ਸਤਿਗੁਰੂ ਨੇ ਕਹਿਲੂਰ ਦੇ ਰਾਜੇ ਪਾਸੋਂ ਭੂਮੀ ਖਰੀਦ ਕੇ ਉਥੇ 'ਚੱਕ ਨਾਨਕੀ' ਨਾਂ ਦਾ ਨਵਾਂ ਨਗਰ ਆਬਾਦ ਕੀਤਾ, ਜੋ ਹੁਣ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਸਾਹਿਬ ਹਰ ਪ੍ਰਕਾਰ ਦੇ ਝਗੜੇ ਤੇ ਵਿਵਾਦ ਤੋਂ ਬਚਣਾ ਚਾਹੁੰਦੇ ਸਨ ਕਿਉਂਕਿ ਉਹਨਾਂ ਦਾ ਮਨੋਰਥ ਸ਼ਾਂਤੀ ਅਤੇ ਅਮਨ ਕਾਇਮ ਕਰਨਾ ਸੀ।

ਗੁਰੂ ਸਾਹਿਬ ਦਾ ਜੀਵਨ-ਦਰਸ਼ਨ ਭੱਟ ਨਰਬਦ ਕਵੀ ਦੀਆਂ ਤੁਕਾਂ ਤੋਂ ਪਤਾ ਲੱਗ ਜਾਂਦਾ ਹੈ। ਇਨ੍ਹਾਂ ਤੁਕਾਂ ਵਿਚ ਉਸ ਨੇ ਮਨੁੱਖੀ-ਮਨ ਨੂੰ ਪ੍ਰਭੂ ਦੇ ਚਰਨ ਕੰਵਲਾਂ ਨਾਲ ਜੋੜਨ, ਮਨ ਦੀਆਂ ਬੁਰਿਆਈਆਂ ਨੂੰ ਗੁਰੂ-ਸ਼ਬਦ ਦੁਆਰਾ ਜੋੜਨ, ਜਿਨ੍ਹਾਂ ਦੀ ਬਾਂਹ ਫੜੀਏ ਸਿਰ ਦੇ ਕੇ ਉਹਨਾਂ ਦੀ ਰੱਖਿਆ ਕਰਨ ਤੇ ਧਰਮ ਉੱਤੇ ਪੱਕੀ ਪੈਰੀਂ ਖੜੋਨ ਦਾ ਜ਼ਿਕਰ ਕੀਤਾ ਹੈ। ਤੁਕਾਂ ਹਨ :

ਚਿਤ ਚਰਨ ਕਮਲ ਕਾ ਆਸਰਾ,
ਚਿਤ ਚਰਨ ਕਮਲ ਸੰਗ ਜੋੜੀਏ।
ਮਨ ਲੋਚੈ ਬੁਰਿਆਈਆਂ,
ਗੁਰ ਸ਼ਬਦੀ ਇਹ ਮਨ ਹੋੜੀਐ।
ਬਾਂਹ ਜਿਨ੍ਹਾਂ ਦੀ ਪਕੜੀਐ,
ਸਿਰ ਦੀਜੈ ਬਾਂਹ ਨ ਛੋੜੀਐ।
ਗੁਰ ਤੇਗ ਬਹਾਦਰ ਬੋਲਿਆ,
ਧਰ ਪਈਐ ਧਰਮ ਨ ਛੋੜੀਐ।

ਜੀਵਨ ਦੀ ਅਸਥਿਰਤਾ ਬਾਰੇ ਉਹਨਾਂ ਦੇ ਮਨ ਵਿਚ ਕੋਈ ਸ਼ੰਕਾ ਨਹੀਂ ਸੀ ਸਗੋਂ ਉਹ ਫੁਰਮਾਨ ਕਰਦੇ ਸਨ :

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥** *(ਪੰਨਾ ੨੧੯)*

ਉਹਨਾਂ ਦੀ ਬਾਣੀ ਵਿਚ ਮਨੁੱਖੀ ਰਿਸ਼ਤਿਆਂ ਬਾਰੇ ਬੜਾ ਯਥਾਰਥਕ ਬਿਆਨ ਹੈ। ਉਹ ਕਹਿੰਦੇ ਹਨ ਕਿ ਸੰਸਾਰੀ ਰਿਸ਼ਤੇਦਾਰ ਸਿਰਫ਼ ਸੁਖ ਦੇ ਹੀ ਭਾਈਵਾਲ ਹਨ ਤੇ ਬਿਪਤਾ ਪੈਣ 'ਤੇ ਕਿਸੇ

ਨੇੜੇ ਨਹੀਂ ਢੁਕਣਾ। ਉਹਨਾਂ ਦਾ ਉਪਦੇਸ਼ ਹੈ ਕਿ ਇਸ ਨਾਸ਼ਵਾਨ ਆਸਰੇ ਦੀ ਥਾਂ ਅਬਿਨਾਸ਼ੀ ਵਾਹਿਗੁਰੂ ਦਾ ਆਸਰਾ ਲੈਣਾ ਚਾਹੀਦਾ ਹੈ।

ਗੁਰੂ ਜੀ ਦਾ ਇਕ ਹੋਰ ਮਹਾਨ ਆਦਰਸ਼ ਹੈ ਕਿ ਮਨੁੱਖ ਮੌਤ ਨੂੰ ਸਦਾ ਯਾਦ ਤਾਂ ਰੱਖੇ ਪਰ ਮੌਤ ਤੋਂ ਡਰੇ ਨਾ ਤੇ ਨਾ ਹੀ ਇਸ ਦੀ ਚਿੰਤਾ ਕਰੇ ਕਿਉਂਕਿ ਮੌਤ ਨਾ ਟਾਲੀ ਜਾ ਸਕਣ ਵਾਲੀ ਕਿਰਿਆ ਹੈ।

ਨਿਡਰਤਾ ਤੇ ਨਿਰਭੈਤਾ ਉਹਨਾਂ ਦੇ ਜੀਵਨ-ਦਰਸ਼ਨ ਦੇ ਦੋ ਹੋਰ ਮੁੱਖ ਲੱਛਣ ਹਨ—ਨਾ ਕਿਸੇ ਨੂੰ ਡਰਾਉਣਾ ਤੇ ਨਾ ਕਿਸੇ ਤੋਂ ਡਰਨਾ। ਇਹ ਦਰਸ਼ਨ-ਆਦਰਸ਼ ਉਹਨਾਂ ਨੇ ਆਪਣੇ ਸਮੁੱਚੇ ਜੀਵਨ ਵਿਚ ਸਾਹਮਣੇ ਰੱਖਿਆ ਇਸੇ ਕਰਕੇ ਉਹ ਸਦਾ ਸ਼ਾਂਤ-ਚਿਤ ਰਹੇ, ਭਾਵੇਂ ਉਹ ਬਾਬੇ ਬਕਾਲੇ ਵਿਚ ਸਨ, ਸ੍ਰੀ ਅਨੰਦਪੁਰ ਸਾਹਿਬ ਜਾਂ ਔਰੰਗਜ਼ੇਬ ਦੇ ਕੈਦ-ਪਿੰਜਰੇ ਵਿਚ ਅਥਵਾ ਚਾਂਦਨੀ ਚੌਕ ਵਿਚ ਤਲਵਾਰ ਦੇ ਸਾਏ ਹੇਠ। ਉਹਨਾਂ ਨੇ ਧਰਮ ਦੀ ਰੱਖਿਆ ਖ਼ਾਤਰ ਆਪਣੀ ਸਿਰ-ਧੜ ਦੀ ਬਾਜ਼ੀ ਲਾਉਣ ਲੱਗਿਆਂ ਜ਼ਰਾ ਵੀ ਰੰਜ-ਮਲਾਲ ਜਾਂ ਗ਼ੁੱਸਾ ਨਹੀਂ ਕੀਤਾ ਸਗੋਂ ਦ੍ਰਿੜ੍ਹਤਾ ਨਾਲ ਤੇ ਹੱਸਦਿਆਂ ਸ਼ਹੀਦੀ ਪ੍ਰਵਾਨ ਕੀਤੀ।

ਨਿਰਭੈ ਮਨੁੱਖ ਨੂੰ ਉਹ ਗਿਆਨੀ ਕਹਿੰਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਸਮਸਰ ਸੀ, ਜੋ ਦੁੱਖ-ਸੁੱਖ, ਮਾਨ-ਅਪਮਾਨ, ਹਰਖ-ਸੋਗ ਵਿਚ ਇਕ ਸਮਾਨ ਰਹਿ ਕੇ ਇਕ ਅਦੁੱਤੀ ਮਿਸਾਲ ਕਾਇਮ ਕਰ ਗਏ। ਉਹਨਾਂ ਦੀਆਂ ਅੱਖਾਂ ਸਾਹਮਣੇ ਉਹਨਾਂ ਦੇ ਪਿਆਰੇ ਸਿੱਖ ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਸਾਮਰਾਜ ਸ਼ਾਹੀ ਦਾ ਵਿਚਾਰ ਸੀ ਕਿ ਗੁਰੂ ਸਾਹਿਬ ਅਜਿਹੇ ਸਾਕੇ ਵੇਖ ਕੇ ਡੋਲ ਜਾਣਗੇ ਪਰ ਆਪ ਸਦਾ ਦੀ ਤਰ੍ਹਾਂ ਅਡੋਲ ਤੇ ਸ਼ਾਂਤ ਰਹੇ। ਗੁਰੂ ਸਾਹਿਬ ਨੇ ਸ਼ਹਾਦਤ ਪ੍ਰਾਪਤ ਕਰ ਲਈ ਪਰ ਕਿਸੇ ਨੂੰ ਕੌੜਾ ਬਚਨ ਤਕ ਨਹੀਂ ਕਿਹਾ। ਸਮਸਰ ਦ੍ਰਿਸ਼ਟੀ ਵਾਲੇ ਮਹਾਂਪੁਰਸ਼ਾਂ ਲਈ ਹਰਖ-ਸੋਗ ਹੁੰਦਾ ਹੀ ਨਹੀਂ ਤੇ ਆਪਣਾ ਵੈਰੀ ਉਹ ਕਿਸੇ ਨੂੰ ਸਮਝਦੇ ਨਹੀਂ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਰਜ਼ਾ ਵਿਚ ਰਾਜ਼ੀ ਰਹਿ ਕੇ ਆਪਣਾ ਬਚਨ ਸਿੱਧ ਕਰ ਕੇ ਵਿਖਾਇਆ :

**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੫॥**

*(ਪੰਨਾ ੧੪੨੭)*

ਉਹਨਾਂ ਨੂੰ ਅਕਾਲ ਪੁਰਖ ਦੀ ਸਰਬ ਵਿਆਪਕਤਾ ਉੱਤੇ ਪੂਰਾ ਨਿਸ਼ਚਾ ਸੀ। ਉਹ ਵਾਹਿਗੁਰੂ ਨੂੰ ਸਰਬੱਤ ਵਿਚ ਰਵਿਆ ਮੰਨ ਕੇ ਬਾਹਰ ਖੋਜਣ ਦੀ ਕਿਰਿਆ ਨੂੰ ਗ਼ਲਤ ਕਹਿੰਦੇ ਹਨ। ਉਹਨਾਂ ਦਾ ਫ਼ਰਮਾਨ ਹੈ :

**ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥** *(ਪੰਨਾ ੬੮੪)*

ਉਹਨਾਂ ਦੇ ਜੀਵਨ ਦਾ ਆਦਰਸ਼ ਮੋਹ-ਮਾਇਆ ਦਾ ਤਿਆਗ ਸੀ। ਉਹਨਾਂ ਦਾ ਫ਼ਰਮਾਨ ਹੈ :

**ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥**
**ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥੨॥** *(ਪੰਨਾ ੧੪੨੭)*

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ-ਦਰਸ਼ਨ ਅਲੌਕਿਕ ਹੈ। ਉਹ ਸੁਭਾ ਦੇ ਸ਼ਾਂਤ ਤੇ

ਤੇਗ ਦੇ ਧਨੀ ਸਨ। ਕਰਤਾਰਪੁਰ ਦੀ ਲੜਾਈ ਵਿਚ ਬੀਰਤਾ ਦਿਖਾਉਣ ਬਦਲੇ ਹੀ ਉਨ੍ਹਾਂ ਨੇ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸੋਂ 'ਤੇਗ ਬਹਾਦਰ' ਦੀ ਉਪਾਧੀ ਪ੍ਰਾਪਤ ਕੀਤੀ ਸੀ। ਪਹਿਲਾਂ ਆਪ ਦਾ ਨਾਮ 'ਤਿਆਗ ਮੱਲ' ਸੀ। ਉਨ੍ਹਾਂ ਦਾ ਵੀਹ ਸਾਲ ਦੇ ਲੰਮੇ ਸਮੇਂ ਲਈ ਕਰਮ ਖੇਤਰ 'ਚੋਂ ਲਾਂਭੇ ਰਹਿਣਾ ਵੀ ਅਜੀਬ ਗੱਲ ਸੀ। ਉਹ ਇਕਾਂਤਵਾਸੀ ਜ਼ਰੂਰ ਸਨ, ਪਰ ਆਪਣੇ ਕਰਤੱਵ ਤੋਂ ਅਵੇਸਲੇ ਨਹੀਂ ਸਨ। ਉਹ ਸਮਝਦੇ ਸਨ ਕਿ ਸਮਕਾਲੀ ਹਾਲਾਤ ਜੇ ਬਹੁਤਾ ਚਿਰ ਰਹੇ ਤਾਂ ਲੋਕਾਂ ਅੰਦਰ ਹੀਣਤਾ ਭਾਵ ਪੈਦਾ ਹੋ ਜਾਏਗਾ ਤੇ ਇਸ ਤਰ੍ਹਾਂ ਜ਼ੁਲਮ ਦੀ ਹੋਰ ਚੜ੍ਹ ਮਚੇਗੀ। ਪਰ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥" ਕਹਿਣ ਵਾਲੇ ਗੁਰੂ ਜੀ ਭਲੀ-ਭਾਂਤ ਸਮਝਦੇ ਸਨ ਕਿ ਜੇਕਰ ਜ਼ਬਰ ਦਾ ਟਾਕਰਾ ਸਬਰ ਨਾਲ ਬਹੁਤਾ ਚਿਰ ਨਾ ਹੋ ਸਕੇ ਤਾਂ ਕੁਰਬਾਨੀ ਹੀ ਇਕ ਐਸਾ ਢੰਗ ਹੈ ਜਿਸ ਨਾਲ ਮੁਰਦਾ ਰੂਹਾਂ ਵਿਚ ਨਵਾਂ ਜੀਵਨ ਲਿਆਂਦਾ ਜਾ ਸਕਦਾ ਹੈ। ਉਹ:

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥** *(ਪੰਨਾ ੧੪੨੯)*

ਦੇ ਦ੍ਰਿੜ੍ਹ ਵਿਸ਼ਵਾਸੀ ਸਨ। ਸ. ਖ਼ਜ਼ਾਨ ਸਿੰਘ ਨੇ ਲਿਖਿਆ ਹੈ—

"ਔਰੰਗਜ਼ੇਬ ਦੀ ਅਸਹਿਣਸ਼ੀਲਤਾ ਦੀ ਨੀਤੀ ਤੇ ਨਿਰਦੋਸ਼ ਲੋਕਾਂ ਉੱਤੇ ਕੀਤੇ ਜ਼ੁਲਮਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਹਿਰਦੇ ਉੱਤੇ ਕਰੜੀ ਸੱਟ ਮਾਰੀ ਤੇ ਉਹਨਾਂ ਨੇ ਨਿਰਦੋਸ਼ ਲੋਕਾਂ ਦੇ ਬਚਾਣ ਵਾਸਤੇ ਵੱਡੀ ਤੋਂ ਵੱਡੀ ਸ਼ਹਾਦਤ ਦੇਣ ਦਾ ਮਨ ਬਣਾ ਲਿਆ। ਅੱਜ ਤਕ ਕਿਸੇ ਨਹੀਂ ਸੁਣਿਆ ਕਿ ਮਕਤੂਲ ਆਪ ਚੱਲ ਕੇ ਕਾਤਲ ਪਾਸ ਗਿਆ ਹੋਵੇ ਪਰ ਗੁਰੂ ਸਾਹਿਬ ਆਪ ਸ਼ਹੀਦੀ ਦੇਣ ਲਈ ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਗਏ। ਉਹਨਾਂ ਦੀ ਇਸ ਲਾਸਾਨੀ ਸ਼ਹਾਦਤ ਸਦਕਾ ਹੀ ਅਰਦਾਸ ਵਿਚ ਉਹਨਾਂ ਦਾ ਵਰਣਨ ਵਿਸ਼ੇਸ਼ ਸ਼ਬਦਾਂ ਵਿਚ ਕੀਤਾ ਗਿਆ ਹੈ:

**ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥**
**ਸਭ ਥਾਈਂ ਹੋਇ ਸਹਾਇ॥"**

ਗੁਰੂ ਸਾਹਿਬ ਮਾਨਸਿਕ ਤੌਰ 'ਤੇ ਨਿਡਰ ਸਨ। ਉਹਨਾਂ ਦਾ ਜੀਵਨ-ਅਨੁਭਵ ਡੂੰਘਾ ਤੇ ਵਿਸ਼ਾਲ ਸੀ। ਉਹ ਗੰਭੀਰ ਸੁਭਾਅ ਵਾਲੇ, ਭਗਤੀ-ਰਸ ਨਾਲ ਓਤਪੋਤ, ਮੋਹ-ਮਾਇਆ ਤੋਂ ਨਿਰਲੇਪ, ਅਡੋਲ-ਚਿੱਤ ਸੂਰਬੀਰ, ਤੇਗ ਦੇ ਧਨੀ, ਧਰਮ-ਰੱਖਿਅਕ, ਦੁਖ-ਸੁਖ, ਈਰਖਾ-ਦ੍ਵੈਤ ਤੋਂ ਮੁਕਤ, ਪਰਉਪਕਾਰੀ, ਮਾਨਵ ਹਿਤਕਾਰੀ, ਕੁਰਬਾਨੀ ਦੇ ਪੁੰਜ ਤੇ ਸ਼ਾਂਤੀ ਦੇ ਦੂਤ ਸਨ।

(12/1989)

# ਬਾਬਾ ਬਕਾਲਾ ਤੋਂ ਦਿੱਲੀ...

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਆਪਣੇ ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪੂਰੇ ਪੰਦਰਾਂ ਸਾਲ ਬਾਅਦ ਹੋਇਆ। ਆਪ ਨੇ ਜੀਵਨ ਵਿਚ ਤਿੰਨ ਮੁਗ਼ਲ ਬਾਦਸ਼ਾਹਾਂ ਦੇ ਰਾਜ ਤੱਕੇ।

ਆਪ ਨੇ ਜਹਾਂਗੀਰ ਦੇ ਰਾਜ ਸਮੇਂ ਅਮਨ ਦੇ ਦਿਨ ਤੱਕੇ। ਸ਼ਾਹਜਹਾਨ ਦੇ ਰਾਜ ਸਮੇਂ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਫ਼ੌਜਾਂ ਨਾਲ ਹੋਏ ਯੁੱਧ ਵੀ ਦੇਖੇ। ਬਚਪਨ ਵਿਚ ਸ੍ਰੀ ਅੰਮ੍ਰਿਤਸਰ ਵਿਚ ਸਿੱਖ ਫ਼ੌਜਾਂ ਵਲੋਂ ਜੰਗੀ ਤਿਆਰੀਆਂ ਹੁੰਦੀਆਂ ਦੇਖੀਆਂ ਤੇ ਕਰਤਾਰਪੁਰ ਦੇ ਯੁੱਧ ਵਿਚ ਹਿੱਸਾ ਪਾ ਕੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ।

ਸ੍ਰੀ ਅੰਮ੍ਰਿਤਸਰ ਤੋਂ ਕੀਰਤਪੁਰ ਸਾਹਿਬ ਤਕ ਦੇ ਜੀਵਨ ਵਿਚ ਕਈ ਘਟਨਾਵਾਂ ਹੋਈਆਂ। ਕੀਰਤਪੁਰ ਸਾਹਿਬ ਦਸ ਸਾਲ ਮੁੜ ਸ਼ਾਂਤੀ ਵਿਚ ਬਿਤਾਏ ਤੇ ਤਕਰੀਬਨ ਵੀਹ ਸਾਲ ਬਕਾਲੇ ਵਿਖੇ ਜਪ-ਤਪ ਵਿਚ ਬਤੀਤ ਕੀਤੇ। ਜਦ ਗੁਰਗੱਦੀ ਉੱਪਰ ਬੈਠੇ ਤਾਂ ਜਿਥੇ ਹਕੂਮਤ ਵੱਲੋਂ ਸਖ਼ਤ ਔਕੜਾਂ ਦਾ ਟਾਕਰਾ ਕੀਤਾ, ਉਥੇ ਧੀਰਮੱਲੀਆਂ, ਰਾਮਰਾਈਆਂ ਤੇ ਮੀਣਿਆਂ ਦੇ ਵਿਰੋਧ ਨੂੰ ਵੀ ਖਿੜੇ-ਮੱਥੇ ਸਹਿੰਦੇ ਹੋਏ ਵੱਡੀ ਸ਼ਹਾਦਤ ਦੇਣ ਲਈ ਤਿਆਰੀ ਕੀਤੀ।

ਆਪ ਨੇ ਪੰਜਾਬ ਤੋਂ ਬਾਹਰ ਦੀਆਂ ਸਿੱਖ ਸੰਗਤਾਂ ਨੂੰ ਜਥੇਬੰਦ ਕੀਤਾ ਤੇ ਸਾਰੇ ਉੱਤਰੀ ਭਾਰਤ ਦਾ ਭਰਮਣ ਕਰਕੇ ਇਹ ਚੰਗੀ ਤਰ੍ਹਾਂ ਦੇਖ ਲਿਆ ਕਿ ਜਨਤਾ ਕਿਉਂ ਦੁਖੀ ਹੈ।

ਆਪਣੀ ਸ਼ਹਾਦਤ ਨਾਲ ਆਪ ਨੇ 'ਤਿਲਕ ਜੰਞੂ ਦੀ ਰਾਖੀ' ਕੀਤੀ। 'ਧਰਮ ਹੇਤ ਸਾਕਾ' ਕਰਕੇ ਸੱਚ ਤੇ ਨਿਆਂ ਲਈ ਆਵਾਜ਼ ਉਠਾਈ। ਅਦੁੱਤੀ ਸ਼ਹਾਦਤ ਨਾਲ ਭਾਰਤੀ ਸਭਿਅਤਾ ਦੇ ਰਖਵਾਲੇ ਬਣੇ। ਆਪ ਦੀ ਸ਼ਹਾਦਤ ਨੇ ਸਿੱਖੀ ਨੂੰ ਇਕ ਨਵਾਂ ਰੂਪ, ਇਕ ਨਵੀਂ ਆਤਮਾ ਤੇ ਇਕ ਨਵੀਂ ਹਿੰਮਤ ਬਖਸ਼ੀ ਜਿਸ ਸਦਕਾ ਸਿੱਖ ਹੱਸਦੇ-ਹੱਸਦੇ ਸ਼ਹਾਦਤ ਪ੍ਰਾਪਤ ਕਰਨ ਲੱਗੇ।

ਇਸ ਤੋਂ ਅੱਗੇ ਅਸਾਂ ਨੌਵੇਂ ਗੁਰੂ ਜੀ ਦੇ ਬਕਾਲੇ ਨਿਵਾਸ ਦੇ ਸਮੇਂ ਤੋਂ ਲੈ ਕੇ ਉਹਨਾਂ ਦੀ ਸ਼ਹਾਦਤ ਤਕ ਦਾ ਜੀਵਨ ਸੰਖੇਪ ਤੌਰ 'ਤੇ ਦੇਖਣ ਦਾ ਯਤਨ ਕਰਾਂਗੇ:

### ਮੀਰੀ-ਪੀਰੀ ਦੇ ਮਾਲਕ ਜੋਤੀ-ਜੋਤਿ ਸਮਾਏ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ ਅੰਤ ਸਮਾਂ ਨੇੜੇ ਜਾਣ ਕੇ ਆਪਣਾ ਜਾਨਸ਼ੀਨ ਆਪਣੇ ਪੋਤਰੇ ਸ੍ਰੀ ਗੁਰੂ ਹਰਿਰਾਇ ਜੀ ਨੂੰ ਥਾਪਿਆ ਜੋ ਕਿ ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਸਨ। ਧੀਰਮੱਲ ਸ੍ਰੀ ਗੁਰੂ ਹਰਿਰਾਇ ਜੀ ਤੋਂ ਵੱਡਾ ਸੀ ਪਰ ਉਸ ਨੇ ਸ਼ੁਰੂ ਤੋਂ ਹੀ ਦੁਸ਼ਮਨਾਂ ਦਾ ਸਾਥ ਦਿੱਤਾ ਤੇ ਗੁਰੂ-ਘਰ ਦਾ ਵਿਰੋਧ ਕੀਤਾ। ਇਥੋਂ ਤਕ ਕਿ ਜੰਗਾਂ-ਯੁੱਧਾਂ ਵੇਲੇ, ਖਾਸ ਕਰਕੇ ਕਰਤਾਰਪੁਰ ਦੀ ਜੰਗ ਵੇਲੇ ਉਸ ਨੇ ਖੁੱਲ੍ਹੇ ਤੌਰ 'ਤੇ ਮੁਗ਼ਲ ਫ਼ੌਜਾਂ ਦੀ ਸਹਾਇਤਾ ਕੀਤੀ। ਬਾਬਾ

ਗੁਰਦਿੱਤਾ ਜੀ ਦੇ ਅਕਾਲ ਚਲਾਣੇ ਸਮੇਂ ਅਫ਼ਸੋਸ ਲਈ ਵੀ ਨਹੀਂ ਆਇਆ। ਸ੍ਰੀ ਗੁਰੂ ਹਰਿਗੋਬਿੰਦ ਜੀ 1644 ਈ. ਵਿਚ ਜੋਤੀ-ਜੋਤਿ ਸਮਾ ਗਏ।

ਆਪ ਦਾ ਵਿਛੋੜਾ ਕਿਤਨਾ ਅਸਹਿ ਸੀ। ਇਸ ਗੱਲ ਦਾ ਅੰਦਾਜ਼ਾ ਇਸ ਹਕੀਕਤ ਤੋਂ ਲਾਇਆ ਜਾ ਸਕਦਾ ਹੈ ਕਿ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਿਤਾ ਨੂੰ ਅੱਗ ਲਾਈ ਗਈ ਤਾਂ ਅਨੇਕਾਂ ਸਿੱਖਾਂ ਨੇ ਆਪ ਦੀ ਚਿਖਾ ਉਪਰ ਹੀ ਸੜ ਮਰਨ ਦੀਆਂ ਤਿਆਰੀਆਂ ਕਰ ਲਈਆਂ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਉਹਨਾਂ ਨੂੰ ਰੋਕਿਆ ਤੇ ਧੀਰਜ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹ ਵਿਯੋਗ ਤੇ ਕਰੁਣਾਮਈ ਨਜ਼ਾਰਾ ਡਿੱਠਾ। ਇਕ ਪਾਸੇ ਪਿਤਾ-ਗੁਰੂ ਦਾ ਵਿਛੋੜਾ ਤੇ ਦੂਜੇ ਪਾਸੇ ਸਿੱਖ ਸੇਵਕਾਂ ਦੀ ਅਥਾਹ ਸ਼ਰਧਾ।

## ਵੀਹ ਸਾਲ ਬਕਾਲੇ ਵਿਚ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਮਾਤਾ ਸ੍ਰੀ ਨਾਨਕੀ ਜੀ ਅਤੇ ਆਪਣੀ ਸੁਪਤਨੀ ਮਾਤਾ ਗੁਜਰੀ ਜੀ ਸਮੇਤ ਆਪਣੇ ਨਾਨਕੇ ਪਿੰਡ ਬਕਾਲਾ ਵਿਖੇ ਆ ਗਏ। ਪਹਿਲੇ ਵੀ ਕਈ ਵੇਰ ਆਪ ਇਥੇ ਆ ਕੇ ਰਹੇ ਸਨ, ਪਰ ਹੁਣ ਉਨ੍ਹਾਂ ਵੀਹ ਵਰ੍ਹੇ ਦੇ ਲਗਭਗ ਇਥੇ ਹੀ ਨਿਵਾਸ ਕੀਤਾ। ਆਪ ਇਥੇ ਇਕ ਸਾਧਾਰਨ ਜਿਹੇ ਮਕਾਨ ਵਿਚ ਰਹਿੰਦੇ ਤੇ ਬੜਾ ਹੀ ਸਾਦਾ ਜੀਵਨ ਬਤੀਤ ਕਰਦੇ। ਲੋਕਾਂ ਨੂੰ ਘੱਟ ਮਿਲਦੇ। ਨਾਮ-ਸਿਮਰਨ ਤੇ ਜਪ-ਤਪ ਤੇ ਸਹਿਜ-ਯੋਗ ਵਿਚ ਹੀ ਲੱਗੇ ਰਹਿੰਦੇ ਅਤੇ ਕਈ-ਕਈ ਘੰਟੇ ਲਗਾਤਾਰ ਸਮਾਧੀ ਵਿਚ ਲੀਨ ਹੋ ਕੇ, ਨਿਰਭਉ ਦਾ ਜਾਪ ਕਰਕੇ ਨਿਰਭੈ ਪਦ ਦੀ ਪ੍ਰਾਪਤੀ ਕੀਤੀ। ਮਾਤਾ ਗੁਜਰੀ ਜੀ ਨੇ ਆਪ ਦਾ ਪੂਰਾ ਸਾਥ ਦਿੱਤਾ।

ਇਸ ਸਮੇਂ ਦੌਰਾਨ ਆਪ ਦੇ ਕਈ ਸਾਕ-ਸੰਬੰਧੀ ਆਪ ਨੂੰ ਆ ਕੇ ਮਿਲ ਜਾਂਦੇ ਤੇ ਸ੍ਰੀ ਗੁਰੂ ਹਰਿਰਾਇ ਜੀ ਜਾਂ ਸਿੱਖ ਸੰਗਤਾਂ ਦੇ ਸੁਖ ਸੁਨੇਹੇ ਪਹੁੰਚਾ ਦੇਂਦੇ। ਮਾਤਾ ਗੁਜਰੀ ਜੀ ਦੇ ਭ੍ਰਾਤਾ ਭਾਈ ਕਿਰਪਾਲ ਚੰਦ ਜੀ ਸੱਤਵੇਂ ਗੁਰੂ ਦੀ ਫ਼ੌਜ ਵਿਚ ਸਿਪਾਹੀ ਸਨ, ਉਹ ਕਈ ਵੇਰ ਆਪਣੀ ਭੈਣ ਨੂੰ ਮਿਲਣ ਆਉਂਦੇ ਤੇ ਇੰਜ ਹੀ ਭਾਈ ਗੁਰਦਿੱਤਾ ਜੀ ਹਰ ਤੀਜੇ ਚੌਥੇ ਮਹੀਨੇ ਆ ਕੇ ਹਾਲ ਪੁੱਛ ਜਾਂਦੇ। ਭਾਈ ਗੜ੍ਹੀਆ ਜੋ ਕਿ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਮੁੱਖ ਪ੍ਰਚਾਰਕ ਸੀ ਅਤੇ ਕੁਝ ਹੋਰ ਉਘੇ ਸਿੱਖ ਸੇਵਕ ਵੀ ਕਦੇ ਕਦਾਈਂ ਬਕਾਲੇ ਆ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੰਗਤ ਕਰ ਜਾਂਦੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਸ ਇਕਾਂਤ ਵਾਸ ਦੇ ਦੌਰਾਨ 1644 ਤੋਂ 1661 ਈ. ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਪਰ ਗੁਰੂ ਹਰਿਰਾਇ ਜੀ ਸੱਤਵੇਂ ਤੇ 1661-1664 ਤੱਕ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅੱਠਵੇਂ ਗੁਰੂ ਹੋਏ। ਸੱਤਵੇਂ ਗੁਰਦੇਵ ਨੇ ਮਾਲਵੇ ਵਿਚ ਬਹੁਤ ਪ੍ਰਚਾਰ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੋ ਕੇ ਮਾਲਵੇ ਦਾ ਦੌਰਾ ਕੀਤਾ।

ਇਸ ਸਮੇਂ ਦੌਰਾਨ ਮੁਗ਼ਲ ਹਕੂਮਤ ਦੀ ਪਾਲਿਸੀ ਵਿਚ ਬਹੁਤ ਹੀ ਭਾਰੀ ਪਰਿਵਰਤਨ ਆਇਆ। ਜਦ 1657 ਈ. ਵਿਚ ਸ਼ਾਹਜਹਾਨ ਸਖ਼ਤ ਬੀਮਾਰ ਹੋ ਗਿਆ ਤਾਂ ਉਸ ਨੂੰ ਉਸਦੇ ਪੁੱਤਰ ਔਰੰਗਜ਼ੇਬ ਨੇ ਜੇਲ੍ਹ ਪਾ ਕੇ ਰਾਜ-ਭਾਗ ਸਾਂਭ ਲਿਆ। ਇੰਜ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬਕਾਲੇ ਰਹਿੰਦਿਆਂ 13 ਕੁ ਸਾਲ ਹੋਏ ਤਾਂ ਮੁਗਲ ਹਕੂਮਤ ਦਾ ਸਭ ਤੋਂ ਵੱਧ ਮੁਤੱਸਬੀ ਬਾਦਸ਼ਾਹ

ਗੱਦੀ ਉੱਪਰ ਆ ਬੈਠਾ। ਆਪਣੇ ਪਿਤਾ ਤੇ ਭਰਾ ਦਾ ਖ਼ੂਨੀ ਵੈਰੀ ਤੇ ਕ੍ਰੋਧੀ ਔਰੰਗਜ਼ੇਬ ਦੂਜਿਆਂ ਲਈ ਕਿਵੇਂ ਸੁਖਦਾਈ ਹੋ ਸਕਦਾ ਸੀ! ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਕਾਲੇ ਹੁੰਦਿਆਂ ਹੀ ਔਰੰਗਜ਼ੇਬ ਦੇ ਜ਼ੁਲਮ ਦਾ ਚੱਕਰ ਚੱਲ ਪਿਆ, ਜਿਸ ਬਾਰੇ ਆਪ ਨੂੰ ਖ਼ਬਰਾਂ ਮਿਲਣ ਲੱਗ ਪਈਆਂ।

ਔਰੰਗਜ਼ੇਬ ਦੇ ਸਮੇਂ ਗ਼ੈਰ-ਮੁਸਲਮਾਨਾਂ ਦੀ ਧਾਰਮਿਕ ਆਜ਼ਾਦੀ ਨੂੰ ਖ਼ਤਮ ਕਰਨ ਲਈ ਕੀ ਕੀ ਅਤਿਆਚਾਰ ਕੀਤੇ ਗਏ ਇਸ ਦਾ ਵੇਰਵਾ ਸੀਮਤ ਥਾਂ ਉੱਪਰ ਦੇਣਾ ਔਖਾ ਹੈ। ਸੰਖੇਪ ਵਿਚ ਇਤਨਾ ਹੀ ਕਹਿਣਾ ਕਾਫ਼ੀ ਹੈ ਕਿ ਸਰਮਦ ਜਿਹੇ ਫ਼ਕੀਰ ਨੂੰ ਕਤਲ ਕਰਵਾ ਦੇਣ ਵਾਲਾ, ਸਤਿਨਾਮੀ ਸਾਧੂ ਸੰਪਰਦਾ ਨੂੰ ਕੁਚਲਣ ਵਾਲਾ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਸਿੱਖੀ ਦਾ ਪ੍ਰਚਾਰ ਹੁੰਦਾ ਰਹੇ! ਜਿਸ ਵਿਚ ਜਹਾਂਗੀਰ ਦੇ ਸਮੇਂ ਤੋਂ ਵੀ ਕਿਤੇ ਵੱਧ ਹਿੰਦੂ ਹੀ ਨਹੀਂ ਸਗੋਂ ਮੁਸਲਮਾਨ ਨਾ ਕੇਵਲ ਸ਼ਾਮਲ ਹੀ ਹੋ ਗਏ, ਸਗੋਂ ਕੁਝ ਕੁ ਸਿੱਖੀ ਦੇ ਪ੍ਰਚਾਰਕ ਵੀ ਬਣੇ। ਪੰਜਾਬ ਵਿਚ ਸਿੱਖ ਮਸੰਦਾਂ ਨੂੰ ਤੰਗ ਕੀਤਾ ਜਾਣ ਲੱਗਾ ਤੇ ਸਿੱਖੀ ਦੇ ਡੇਰਿਆਂ 'ਤੇ ਨਜ਼ਰ ਰੱਖੀ ਗਈ।

ਸ੍ਰੀ ਅੰਮ੍ਰਿਤਸਰ ਵਿਚ ਮੀਣੇ, ਕਰਤਾਰਪੁਰ ਵਿਚ ਧੀਰਮੱਲੀਏ ਤਾਂ ਪਹਿਲਾਂ ਹੀ ਗੁਰੂ-ਘਰ ਦੇ ਵਿਰੋਧੀ ਬਣ ਚੁੱਕੇ ਸਨ ਤੇ ਸਮੇਂ ਦੇ ਹਾਕਮਾਂ ਨਾਲ ਰਲੇ ਹੋਏ ਸਨ। ਹੁਣ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਕਾਲਾ ਨਿਵਾਸ ਦੇ ਦੌਰਾਨ ਸ੍ਰੀ ਗੁਰੂ ਹਰਿਰਾਇ ਜੀ ਦਾ ਵੱਡਾ ਲੜਕਾ ਰਾਮਰਾਇ ਵੀ ਸਰਕਾਰੀ ਰੋਹਬ ਥੱਲੇ ਆ ਕੇ ਹਾਕਮਾਂ ਨਾਲ ਗੋਂਦਾਂ ਗੁੰਦਣ ਲੱਗ ਪਿਆ। ਇਹੋ ਕਾਰਨ ਹੈ ਕਿ ਜਦ ਸੱਤਵੇਂ ਗੁਰੂ ਜੀ ਦਾ ਅੰਤਲਾ ਸਮਾਂ ਨੇੜੇ ਆਇਆ ਤਾਂ ਆਪ ਨੇ ਰਾਮਰਾਇ ਨੂੰ ਆਪਣਾ ਜਾਨਸ਼ੀਨ ਨਾ ਥਾਪਿਆ, ਸਗੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਜੋ ਕਿ ਛੋਟੇ ਲੜਕੇ ਸਨ ਤੇ ਜਿਨ੍ਹਾਂ ਦੀ ਉਮਰ ਪੰਜ ਸਾਲ ਸੀ, ਨੂੰ ਅੱਠਵਾਂ ਗੁਰੂ ਥਾਪਿਆ। ਗੁਰੂ ਹਰਿ ਰਾਇ ਜੀ ਬੱਤੀ ਸਾਲ ਦੀ ਆਯੂ ਵਿਚ 1661 ਈ. ਵਿਚ ਜੋਤੀ-ਜੋਤਿ ਸਮਾ ਗਏ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ 1661 ਤੋਂ 1664 ਈ. ਤੱਕ ਗੱਦੀ ਉੱਪਰ ਬੈਠੇ। ਆਪ ਨੇ ਰਾਜਾ ਜੈ ਸਿੰਘ ਦੇ ਨਿਵਾਸ ਅਸਥਾਨ ਦਿੱਲੀ ਵਿਖੇ ਕੁਝ ਸਮਾਂ ਰਹਿ ਕੇ ਦਿੱਲੀ ਦੀਆਂ ਸਿੱਖ ਸੰਗਤਾਂ ਨੂੰ ਦਰਸ਼ਨ ਦਿੱਤੇ। ਉਹ ਉਥੇ ਜ਼ਿਆਦਾ ਸਮਾਂ ਰਹਿ ਨਾ ਸਕੇ। ਗੁਰੂ ਜੀ ਕੁਝ ਸਮੇਂ ਬਾਅਦ ਦਿੱਲੀ ਵਿਚ ਜੋਤੀ-ਜੋਤਿ ਸਮਾ ਗਏ।

## ਬਾਬਾ ਬਕਾਲੇ

ਮਾਰਚ 1664 ਵਿਚ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਹੋਏ ਅੱਠਵੇਂ ਗੁਰੂ ਗੁਰਿਆਈ ਅੱਗੇ ਦੇਣ ਲਈ 'ਬਾਬਾ ਬਕਾਲੇ' ਦਾ ਇਸ਼ਾਰਾ ਕਰ ਗਏ। ਦਰਸ਼ਨ-ਅਭਿਲਾਖੀ ਸੰਗਤਾਂ ਬਕਾਲੇ ਆਉਣ ਲੱਗੀਆਂ ਤਾਂ ਕੀ ਦੇਖਿਆ ਕਿ ਉਥੇ ਕਈ ਗੁਰੂ ਬਣੇ ਬੈਠੇ ਹਨ। ਗੁਰੂ ਦੇ ਬਾਕਾਇਦਾ ਐਲਾਨ ਨਾ ਹੋਣ ਕਰਕੇ ਅਸਲੀ ਗੁਰੂ ਲੱਭਣਾ ਕਠਿਨ ਸੀ। ਸਿੱਖ ਸੰਗਤਾਂ ਨੂੰ ਕੁਝ ਦੇਰ ਭਟਕਣ ਹੋਈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਾਤਾ ਨਾਨਕੀ ਜੀ ਨੂੰ ਪਤਾ ਸੀ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਸੰਕੇਤ ਉਨ੍ਹਾਂ ਦੇ ਸਪੁੱਤਰ ਵੱਲ ਹੈ। ਇਹ ਦਸ਼ਾ ਜ਼ਿਆਦਾ ਦੇਰ ਨਾ ਰਹੀ। ਭਾਈ ਮੱਖਣ ਸ਼ਾਹ ਲੁਬਾਣਾ ਵਪਾਰੀ ਮਸੰਦ ਨੇ ਬਕਾਲੇ ਆ ਕੇ ਡਿੱਠਾ ਕਿ ਕਈ ਦੰਭੀ ਤੇ ਪਾਖੰਡੀ ਗੁਰੂ ਹੋਣ ਦਾ ਦਾਅਵਾ ਕਰ ਰਹੇ ਹਨ ਤਾਂ ਉਸ ਨੇ ਆਪਣੇ ਕੁਝ ਸਾਥੀਆਂ ਤੇ ਸੰਗਤ ਸਮੇਤ ਸ੍ਰੀ ਗੁਰੂ ਤੇਗ

ਬਹਾਦਰ ਜੀ ਦੀ ਅਸਲੀ ਤੇ ਉੱਚੀ ਆਤਮਕ ਅਵਸਥਾ ਦੇਖ ਕੇ 'ਗੁਰੂ ਲਾਧੋ ਰੇ' ਦਾ ਹੋਕਾ ਦਿੱਤਾ। ਦੰਭੀ ਗੁਰੂਆਂ ਨੂੰ ਕਿਸੇ ਨਾ ਪੁੱਛਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ੋਭਾ ਹੋਣ ਲੱਗ ਪਈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਾਹਰ ਆ ਕੇ ਸੰਗਤਾਂ ਨੂੰ ਦਰਸ਼ਨ ਦਿੱਤੇ ਤੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ। ਆਪ ਜੀ ਦੀ ਉਮਰ ਉਸ ਵੇਲੇ 44 ਸਾਲ ਦੀ ਸੀ।

## ਧੀਰਮੱਲ ਦਾ ਵਿਰੋਧ

ਧੀਰਮੱਲ ਗੁਰੂ ਜੀ ਦੀ ਸੋਭਾ ਨਾ ਜ਼ਰ ਸਕਿਆ। ਉਸ ਨੇ ਆਪਣੇ ਬੰਦੇ ਭੇਜ ਕੇ ਗੁਰੂ ਦੀ ਉੱਪਰ ਗੋਲੀ ਚਲਵਾਈ। ਸਾਰਾ ਮਾਲ-ਅਸਬਾਬ ਲੁੱਟ ਲਿਆ। ਭਾਈ ਮੱਖਣ ਸ਼ਾਹ ਦੀ ਅਗਵਾਈ ਵਿਚ ਕੁਝ ਸਿੱਖ ਸੰਗਤਾਂ ਨੇ ਧੀਰਮੱਲ ਦੇ ਘਰ ਉੱਪਰ ਹੱਲਾ ਬੋਲਿਆ। ਉਸ ਦੀ ਸਾਰੀ ਜਾਇਦਾਦ 'ਤੇ ਕਬਜ਼ਾ ਕਰ ਲਿਆ। ਗੁਰੂ-ਘਰ ਦਾ ਲੁੱਟਿਆ ਸਾਰਾ ਮਾਲ-ਅਸਬਾਬ ਉਹ ਵਾਪਸ ਲੈ ਆਏ, ਜੋ ਧੀਰਮੱਲ ਦੇ ਬੰਦੇ ਲੁੱਟ ਕੇ ਲੈ ਗਏ ਸਨ। ਧੀਰਮੱਲ ਵਲੋਂ ਘੱਲੇ ਉਸ ਬੰਦੇ ਦੇ ਹੱਥ-ਪੈਰ ਬੰਨ੍ਹ ਕੇ ਗੁਰੂ ਜੀ ਅੱਗੇ ਪੇਸ਼ ਕੀਤਾ ਜਿਸ ਨੇ ਗੋਲੀ ਚਲਾਈ ਸੀ।

"ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥" ਦਾ ਉਪਦੇਸ਼ ਦੇਣ ਵਾਲੇ ਗੁਰੂ ਜੀ ਨੇ ਧੀਰਮੱਲ ਤੇ ਉਸ ਦੇ ਸਾਥੀਆਂ ਨੂੰ ਮਾਫ਼ ਕਰ ਦਿੱਤਾ ਤੇ ਸਭ ਕੁਝ ਵਾਪਸ ਦੇਣ ਦੀ ਆਗਿਆ ਕੀਤੀ। ਇਥੋਂ ਤਕ ਉਹ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਦੀ ਬੀੜ ਵੀ, ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਿਖਵਾਈ ਹੋਈ ਸੀ ਅਤੇ ਸਿੱਖ ਸੰਗਤਾਂ ਦੂਜੀਆਂ ਵਸਤੂਆਂ ਦੇ ਨਾਲ ਧੀਰਮੱਲ ਦੇ ਘਰੋਂ ਲੈ ਆਈਆਂ ਸਨ।

ਭਾਵੇਂ ਸਾਰੀਆਂ ਸਿੱਖ ਸੰਗਤਾਂ ਨੇ ਗੁਰੂ ਸਾਹਿਬ ਨੂੰ ਆਪਣਾ ਗੁਰੂ ਸਵੀਕਾਰ ਕਰ ਲਿਆ ਸੀ, ਪਰ ਧੀਰਮੱਲ ਦੀ ਤਰ੍ਹਾਂ ਸ੍ਰੀ ਅੰਮ੍ਰਿਤਸਰ ਦੇ ਮੀਣਿਆਂ ਨੇ ਆਪ ਦਾ ਵਿਰੋਧ ਕੀਤਾ। ਇਹ ਗੱਲ ਇਸ ਘਟਨਾ ਤੋਂ ਸਿੱਧ ਹੁੰਦੀ ਹੈ ਕਿ ਜਦ ਗੁਰੂ ਜੀ ਕੁਝ ਸਿੱਖ ਸੰਗਤ ਨਾਲ ਸ੍ਰੀ ਅੰਮ੍ਰਿਤਸਰ ਆਏ ਤਾਂ ਇਥੋਂ ਦੇ ਉਹਨਾਂ ਮਸੰਦਾਂ ਨੇ ਜੋ ਕਿ ਮੀਣਿਆਂ ਨਾਲ ਰਲੇ ਹੋਏ ਸਨ, ਗੁਰੂ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਨਾ ਜਾਣ ਦਿੱਤਾ। ਉਥੋਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ। ਇਸ ਸਲੂਕ ਕਰਕੇ ਗੁਰੂ ਜੀ ਨੇ ਮਸੰਦਾਂ ਪ੍ਰਤੀ ਕਿਹਾ :

ਨਹਿਂ ਮਸੰਦ ਤੁਮ ਅੰਮ੍ਰਿਤਸਰੀਏ।
ਤ੍ਰਿਸਨਾਗਨ ਤੇ ਅੰਤਰ ਸੜੀਏ। *(ਸੂ: ਪ੍ਰ:, ਰਾਸਿ ੧੧, ਅੰਸੂ ੨੨)*

ਗੁਰੂ ਜੀ ਸਰੋਵਰ ਵਿਚੋਂ ਇਸ਼ਨਾਨ ਕਰਕੇ ਚਲੇ ਗਏ। ਸ੍ਰੀ ਅੰਮ੍ਰਿਤਸਰ ਤੋਂ ਕੁਝ ਦੂਰ ਜਾ ਕੇ ਵੱਲੇ ਪਿੰਡ ਜਾ ਟਿਕੇ। ਸ੍ਰੀ ਅੰਮ੍ਰਿਤਸਰ ਦੀਆਂ ਕੁਝ ਬੀਬੀਆਂ ਨੇ ਮਸੰਦਾਂ ਵੱਲੋਂ ਕੀਤੇ ਗਏ ਅਪਮਾਨ-ਜਨਕ ਸਲੂਕ ਨੂੰ ਬਹੁਤ ਮਹਿਸੂਸ ਕੀਤਾ ਤੇ ਗੁਰੂ ਜੀ ਨੂੰ ਉਥੇ ਮਿਲਣ ਆਈਆਂ। ਗੁਰੂ ਸਾਹਿਬ ਨੇ "ਮਾਈਆਂ ਰੱਬ ਰਜਾਈਆਂ" ਕਹਿ ਕੇ ਉਹਨਾਂ ਨੂੰ ਖ਼ੁਸ਼ੀਆਂ ਬਖ਼ਸ਼ੀਆਂ। ਇਹ ਕਹਾਵਤ ਹੁਣ ਤਕ ਪ੍ਰਸਿੱਧ ਹੈ।

ਗੁਰੂ ਜੀ ਜਦ ਕੀਰਤਪੁਰ ਸਾਹਿਬ ਗਏ ਤਾਂ ਉਥੇ ਵੀ ਧੀਰਮੱਲ ਨੇ ਆਪਣੇ ਕੁਝ ਬੰਦਿਆਂ ਦੁਆਰਾ ਵਿਰੋਧ ਕਰਵਾਇਆ। ਉਹਨਾਂ ਕੀਰਤਪੁਰ ਸਾਹਿਬ ਤੋਂ ਸੱਤ ਕਿਲੋਮੀਟਰ ਦੂਰ ਸਤਿਲੁਜ ਦੇ ਕਿਨਾਰੇ ਨੈਣਾ ਦੇਵੀ ਦੇ ਪਹਾੜ ਕੋਲ ਮਾਖੋਵਾਲ ਪਿੰਡ ਦੀ ਕੁਝ ਜ਼ਮੀਨ ਰਾਜਾ ਕਹਿਲੂਰ ਤੋਂ

ਖ਼ਰੀਦ ਦੇ ਸੰਨ 1566 ਵਿਚ ਇਕ ਨਵੇਂ ਨਗਰ ਦੀ ਨੀਂਹ ਰੱਖੀ, ਜਿਸ ਦਾ ਨਾਮ ਉਹਨਾਂ ਨੇ 'ਚੱਕ ਨਾਨਕੀ' ਰੱਖਿਆ, ਜੋ ਕਿ ਬਾਅਦ ਵਿਚ ਸ੍ਰੀ ਅਨੰਦਪੁਰ ਸਾਹਿਬ ਨਾਂ ਨਾਲ ਪ੍ਰਸਿੱਧ ਹੋਇਆ। ਇਸ ਥਾਂ 'ਤੇ ਆਪ ਜ਼ਿਆਦਾ ਦੇਰ ਨਾ ਰਹੇ। ਆਪ ਆਪਣੇ ਪਰਿਵਾਰ ਸਮੇਤ ਪ੍ਰਚਾਰ ਦੌਰੇ 'ਤੇ ਨਿਕਲ ਪਏ। ਆਪ ਨੇ ਪਹਿਲਾਂ ਪੰਜਾਬ ਤੇ ਫਿਰ ਪੰਜਾਬ ਤੋਂ ਬਾਹਰ ਦੂਰ-ਦੂਰ ਤੱਕ ਦੌਰਾ ਕੀਤਾ।

## ਗੁਰੂ ਜੀ ਦਾ ਪ੍ਰਚਾਰ ਦੌਰਾ

ਸ੍ਰੀ ਅਨੰਦਪੁਰ ਤੋਂ ਗੁਰੂ ਜੀ ਨੇ ਮਾਲਵੇ ਵਿਚ ਮੱਲੋਵਾਲ, ਹਾੜੀਆ, ਭਿੱਖੀ, ਖੀਵਾ ਆਦਿ ਪਿੰਡਾਂ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਇਸ ਇਲਾਕੇ ਦੇ ਲੋਕਾਂ ਨੂੰ ਚੋਰੀਆਂ ਕਰਨ, ਡਾਕੇ ਮਾਰਨ, ਤੰਬਾਕੂ ਦੀ ਵਰਤੋਂ ਕਰਨ ਤੇ ਮਾਰ-ਧਾੜ ਕਰਨ ਦੀਆਂ ਕੁਰੀਤੀਆਂ ਤੋਂ ਵਰਜਿਆ। ਆਪ ਮੌੜ ਤੇ ਬਾਂਗਰ ਇਲਾਕੇ ਵਿਚ ਧਮਧਾਨ ਆਦਿ ਅਸਥਾਨਾਂ 'ਤੇ ਵੀ ਗਏ, ਜਿਥੇ ਆਪ ਨੇ ਇਲਾਕੇ ਦੇ ਚੌਧਰੀਆਂ ਨੂੰ ਪ੍ਰੇਰ ਕੇ ਖੂਹ, ਬਾਉਲੀਆਂ ਤੇ ਤਲਾਅ ਬਣਵਾਏ।

ਸਮਾਜ ਸੁਧਾਰਕ ਤੇ ਸਮਾਜ ਸੇਵਾ ਦੇ ਇਸ ਦੌਰੇ ਦਾ ਲੋਕਾਂ ਉੱਪਰ ਡੂੰਘਾ ਅਸਰ ਪਿਆ। ਕਈ ਥਾਈਂ ਚੋਖੀ ਗਿਣਤੀ ਵਿਚ ਲੋਕੀਂ ਗੁਰੂ ਜੀ ਦੇ ਸਿੱਖ ਸੇਵਕ ਬਣ ਗਏ। ਗੁਰੂ ਜੀ ਦੀ ਇਸ ਸਫਲਤਾ ਤੇ ਪ੍ਰਚਾਰ ਫੇਰੀ ਨੇ ਮੁਗ਼ਲ ਸਰਕਾਰ ਦੇ ਮਨ ਵਿਚ ਕੁਝ ਤੌਖ਼ਲਾ ਪੈਦਾ ਕਰ ਦਿੱਤਾ। ਸਰਕਾਰੀ ਅਧਿਕਾਰੀਆਂ ਨੂੰ ਸ਼ੱਕ ਹੋਣ ਲੱਗ ਪਿਆ ਕਿ ਇਸ ਪ੍ਰਚਾਰ ਦੇ ਪਿੱਛੇ ਕੋਈ ਹੋਰ ਉਦੇਸ਼ ਹੈ। ਗੁਰੂ ਜੀ ਦੇ ਕੰਮ ਵਿਚ ਰੁਕਾਵਟ ਪਾਉਣ ਦੀ ਵਿਉਂਤ ਬਣਾਈ ਗਈ, ਪਰ ਮਿਰਜ਼ਾ ਰਾਜਾ ਜੈ ਸਿੰਘ ਦੇ ਲੜਕੇ ਰਾਜਾ ਰਾਮ ਸਿੰਘ ਨੇ ਸਰਕਾਰ ਪਾਸ ਪ੍ਰਤੀਨਿਧਤਾ ਕੀਤੀ ਤੇ ਸਮਝਾਇਆ ਕਿ ਗੁਰੂ ਜੀ ਇਕ ਫ਼ਕੀਰ ਹਨ। ਉਨ੍ਹਾਂ ਦਾ ਕੋਈ ਰਾਜਨੀਤਕ ਉਦੇਸ਼ ਨਹੀਂ ਹੈ। ਇੰਜ ਗੁਰੂ ਜੀ ਦੇ ਕੰਮ ਦੀ ਜ਼ਿੰਮੇਵਾਰੀ ਲੈਣ ਕਰਕੇ ਉਨ੍ਹਾਂ ਦਾ ਦੌਰਾ ਜਾਰੀ ਰੱਖਿਆ।

ਪੰਜਾਬ ਦੇ ਦੌਰੇ ਸਮੇਂ ਗੁਰੂ ਜੀ ਨੇ ਕਈ ਥਾਈਂ ਨਵੀਆਂ ਸੰਗਤਾਂ ਵੀ ਕਾਇਮ ਕੀਤੀਆਂ। ਮਾਲਵੇ ਤੇ ਬਾਂਗਰ ਦੇ ਇਲਾਕਿਆਂ ਵਿਚ ਪ੍ਰਚਾਰ ਕਰਨ ਮਗਰੋਂ ਗੁਰੂ ਜੀ ਪੰਜਾਬੋਂ ਬਾਹਰ ਗਏ। ਆਪ ਆਗਰਾ, ਅਲਾਹਾਬਾਦ, ਬਨਾਰਸ, ਸਾਸਾਰਾਮ, ਗਯਾ ਤੋਂ ਹੁੰਦੇ ਹੋਏ ਪਟਨਾ ਸਾਹਿਬ ਪਹੁੰਚੇ। ਰਸਤੇ ਵਿਚ ਆਪ ਜਦ ਕਰਮ ਨਾਸ਼ਕ ਨਦੀ ਪਾਸ ਪਹੁੰਚੇ ਤਾਂ ਉਥੇ ਇਲਾਕੇ ਦੇ ਲੋਕਾਂ ਦਾ ਇਹ ਵਹਿਮ ਦੂਰ ਕੀਤਾ ਕਿ ਉਸ ਨਦੀ ਵਿਚ ਨ੍ਹਾਤਿਆਂ 'ਸ਼ੁਭ ਕਰਮਾਂ ਦੇ ਫਲ ਨਾਸ਼ ਹੋ ਜਾਂਦੇ ਹਨ।' ਗੁਰੂ ਜੀ ਨੇ ਆਪ ਉਸ ਨਦੀ ਵਿਚ ਇਸ਼ਨਾਨ ਕੀਤਾ। ਪਟਨਾ ਵਿਖੇ ਥੋੜਾ ਚਿਰ ਹੀ ਰਹੇ ਅਤੇ ਆਪਣੇ ਪਰਿਵਾਰ ਨੂੰ ਪਟਨਾ ਛੱਡ ਕੇ ਆਸਾਮ ਵਲ ਚਲੇ ਗਏ।

ਬੰਗਾਲ ਵਿਚੋਂ ਹੋ ਕੇ ਆਪ ਆਸਾਮ ਵਿਚ ਧੂਬੜੀ ਤਕ ਗਏ। ਰਸਤੇ ਵਿਚ ਆਪ ਕੁਝ ਸਮਾਂ ਢਾਕੇ ਰੁਕੇ। ਇਥੇ ਹੀ ਆਪ ਨੂੰ ਆਪਣੇ ਸਪੁੱਤਰ ਦੇ ਜਨਮ ਦੀ ਸ਼ੁਭ ਖ਼ਬਰ 1666 ਈ. ਵਿਚ ਮਿਲੀ। ਆਪ ਨੇ ਬਾਲ ਦਾ ਨਾਮ 'ਗੋਬਿੰਦ ਰਾਇ' ਰੱਖਿਆ। ਸੰਗਤ ਨੇ ਖ਼ੁਸ਼ੀ ਕੀਤੀ। ਇਥੇ ਵੱਡੀ ਹਜ਼ੂਰੀ ਸੰਗਤ ਸੀ। ਹੋਰ ਵੀ ਅਨੇਕਾਂ ਸੰਗਤਾਂ ਬੰਗਾਲ ਤੇ ਅਸਾਮ ਵਿਚ ਸਨ। ਢਾਕੇ ਤੋਂ ਚੱਲ ਕੇ ਆਪ ਸਿਲਹਟ, ਚਟਗਾਉਂ, ਲਸ਼ਕਰ ਆਦਿ ਥਾਵਾਂ 'ਤੇ ਗਏ, ਜਿਥੇ ਆਪ ਨੇ ਪ੍ਰਚਾਰ ਕੀਤਾ। ਖ਼ਿਆਲ ਕੀਤਾ ਜਾਂਦਾ ਹੈ ਕਿ ਆਸਾਮ ਦੇ ਇਲਾਕੇ ਵਿਚ ਗੁਰੂ ਜੀ ਲਗਭਗ ਦੋ ਸਾਲ ਰਹੇ।

ਇਸ ਸਮੇਂ ਗੁਰੂ ਜੀ ਕੂਚ ਬਿਹਾਰ ਗਏ ਅਤੇ ਕੁਝ ਦਿਨਾਂ ਲਈ ਪੂਰਨੀਆਂ ਤੇ ਕਿਸ਼ਨਗੜ੍ਹ

ਠਹਿਰੇ। ਓਦੋਂ ਸ਼ਾਹੀ ਫ਼ੌਜਾਂ ਤੇ ਆਸਾਮੀ ਕਬੀਲੀ ਲੋਕਾਂ ਵਿਚ ਲੜਾਈ ਹੋ ਰਹੀ ਸੀ। ਸ਼ਾਹੀ ਫ਼ੌਜਾਂ ਦੀ ਅਗਵਾਈ ਰਾਜਾ ਰਾਮ ਸਿੰਘ ਕਰ ਰਿਹਾ ਸੀ। ਗੁਰੂ ਜੀ ਨੇ ਸ਼ਾਹੀ ਫ਼ੌਜਾਂ ਤੇ ਆਸਾਮੀ ਫ਼ੌਜਾਂ ਵਿਚ ਸਮਝੌਤਾ ਕਰਵਾਇਆ ਜੋ ਕਿ ਦੋਹਾਂ ਧਿਰਾਂ ਨੇ ਸਵੀਕਾਰ ਕੀਤਾ।

ਬ੍ਰਹਮਪੁੱਤਰ ਦਰਿਆ ਦੇ ਕੰਢੇ ਧੂਬਰੀ ਅਸਥਾਨ 'ਤੇ ਜਿਥੇ ਕਦੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ, ਉਥੋਂ ਦੋਹਾਂ ਧਿਰਾਂ ਦੇ ਸਿਪਾਹੀਆਂ ਨੇ ਆਪਣੀਆਂ ਢਾਲਾਂ ਵਿਚ ਮਿੱਟੀ ਪਾ ਕੇ ਉੱਚਾ ਢੇਰ ਖੜਾ ਕੀਤਾ।

## ਪੰਜਾਬ ਵੱਲ ਵਾਪਸੀ

ਸ੍ਰੀ ਗੁਰੂ ਤੇਗ ਬਹਾਦਰ ਜੀ ਜ਼ਿਆਦਾ ਸਮਾਂ ਆਸਾਮ ਵੱਲ ਨਾ ਠਹਿਰੇ। ਉਹਨਾਂ ਨੇ ਵਾਪਸ ਪੰਜਾਬ ਪਰਤਣ ਦੀਆਂ ਤਿਆਰੀਆਂ ਕੀਤੀਆਂ। ਪੰਜਾਬ ਵਾਪਸ ਆਉਂਦੇ ਹੋਏ ਗੁਰੂ ਜੀ ਰਸਤੇ ਵਿਚ ਦਿੱਲੀ ਤੇ ਕੁਰੂਕਸ਼ੇਤਰ ਆਦਿ ਥਾਵਾਂ ਤੋਂ ਹੁੰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਆਏ। ਸ੍ਰੀ ਅਨੰਦਪੁਰ ਸਾਹਿਬ ਆ ਕੇ ਗੁਰੂ ਜੀ ਨੇ ਆਪਣੇ ਪਰਿਵਾਰ ਨੂੰ ਵੀ ਪਟਨਾ ਸਾਹਿਬ ਤੋਂ ਬੁਲਾ ਲਿਆ। ਗੁਰੂ ਜੀ ਨੇ ਮੁੜ ਪੰਜਾਬ ਤੇ ਕੁਝ ਇਲਾਕਿਆਂ ਦਾ ਸੰਖੇਪ ਦੌਰਾ ਕੀਤਾ ਤੇ ਸੰਗਤਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਬਣਾਏ ਕੇਂਦਰ ਨਾਲ ਜੋੜਿਆ ਤੇ ਬਾਲ ਗੋਬਿੰਦ ਰਾਇ ਦੀ ਹਰ ਪ੍ਰਕਾਰ ਦੀ ਪੜ੍ਹਾਈ ਤੇ ਸਿਖਲਾਈ ਦਾ ਪ੍ਰਬੰਧ ਕੀਤਾ।

## ਗੁਰੂ ਜੀ ਦੀ ਸ਼ਹੀਦੀ

ਭਾਰਤ ਵਿਚ ਔਰੰਗਜ਼ੇਬ ਦੇ ਅੱਤਿਆਚਾਰਾਂ ਦਾ ਚੱਕਰ ਹੋਰ ਵੀ ਤੇਜ਼ ਹੋ ਗਿਆ ਸੀ। ਗ਼ੈਰ-ਮੁਸਲਿਮ ਜਨਤਾ ਵਿਚ ਹਾਹਾਕਾਰ ਮੱਚੀ ਹੋਈ ਸੀ। 1669 ਈ. ਵਿਚ ਉਸ ਨੇ ਆਪਣੇ ਸੂਬਿਆਂ ਨੂੰ ਇਹ ਹੁਕਮ ਜਾਰੀ ਕੀਤਾ ਸੀ ਕਿ ਹਿੰਦੂਆਂ ਦੇ ਮੰਦਰ ਢਾਹ ਦਿੱਤੇ ਜਾਣ ਤੇ ਉਹਨਾਂ ਦੇ ਧਰਮ-ਕੇਂਦਰ ਬੰਦ ਕਰ ਦਿੱਤੇ ਜਾਣ। ਉਸ ਉੱਪਰ ਸਖ਼ਤੀ ਨਾਲ ਅਮਲ ਹੋ ਰਿਹਾ ਸੀ। ਇਸੇ ਹੁਕਮ 'ਤੇ ਅਮਲ ਕਰਦੇ ਹੋਏ ਕਸ਼ਮੀਰੀ ਪੰਡਤਾਂ ਉੱਪਰ ਜ਼ੁਲਮ ਢਾਹੇ ਗਏ। ਉਹਨਾਂ ਦਾ ਇਕ ਪ੍ਰਤੀਨਿਧ ਮੰਡਲ ਸ੍ਰੀ ਅਨੰਦਪੁਰ ਸਾਹਿਬ ਆਇਆ ਤੇ ਆਪਣੇ ਦੁੱਖੜੇ ਸੁਣਾਏ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਾਰੀ ਵਿਥਿਆ ਬੜੀ ਹਮਦਰਦੀ ਨਾਲ ਸੁਣੀ ਤੇ ਉਹਨਾਂ ਦੀ ਦੁੱਖ ਨਵਿਰਤੀ ਲਈ ਵਿਚਾਰ ਵਿਚ ਲੀਨ ਹੋ ਗਏ। ਬਾਲ ਗੋਬਿੰਦ ਰਾਇ ਨੇ ਚਿੰਤਨ ਦਾ ਕਾਰਨ ਪੁੱਛਿਆ। ਪਿਤਾ ਗੁਰਦੇਵ ਨੇ ਕਿਹਾ ਕਿ ਭਾਰਤ ਦੀ ਜਨਤਾ ਦੁਖੀ ਹੈ। ਇਹ ਬ੍ਰਾਹਮਣ ਸਹਾਇਤਾ ਲਈ ਆਏ ਹਨ। ਕਿਸੇ ਮਹਾਂਪੁਰਸ਼ ਦੇ ਬਲੀਦਾਨ ਦੀ ਲੋੜ ਹੈ। ਹੋਣਹਾਰ ਬਾਲ ਗੋਬਿੰਦ ਰਾਇ ਨੇ ਕਿਹਾ ਕਿ ਤੁਹਾਥੋਂ ਵੱਡਾ ਮਹਾਂਪੁਰਸ਼ ਕੌਣ ਹੈ ? ਤੁਸੀਂ ਆਪਣਾ ਬਲੀਦਾਨ ਦੇ ਕੇ ਧਰਮ ਦੀ ਰੱਖਿਆ ਕਰੋ। ਗੁਰੂ ਜੀ ਨੂੰ ਤਸੱਲੀ ਹੋ ਗਈ ਕਿ ਉਹਨਾਂ ਦਾ ਸਪੁੱਤਰ ਉਹਨਾਂ ਪਿੱਛੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਸਾਂਭ ਸਕੇਗਾ। ਕਸ਼ਮੀਰੀ ਪੰਡਤਾਂ ਨੂੰ ਗੁਰੂ ਜੀ ਨੇ ਕਿਹਾ ਕਿ ਜਾਓ ਔਰੰਗਜ਼ੇਬ ਨੂੰ ਕਹਿ ਦਿਓ ਕਿ "ਜੇ (ਗੁਰੂ) ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਓ ਤਾਂ ਅਸੀਂ ਵੀ ਮੁਸਲਮਾਨ ਹੋ ਜਾਵਾਂਗੇ।" ਪੰਡਤਾਂ ਨੇ ਲਾਹੌਰ ਦੇ ਸੂਬੇ ਨੂੰ ਔਰੰਗਜ਼ੇਬ ਵੱਲ ਲਿਖੀ ਦਰਖ਼ਾਸਤ ਪੇਸ਼ ਕੀਤੀ। ਔਰੰਗਜ਼ੇਬ ਉਸ ਨੂੰ ਪੜ੍ਹ ਕੇ ਖ਼ੁਸ਼ ਹੋਇਆ।

ਗੁਰੂ ਜੀ ਕੁਝ ਸਿੱਖਾਂ ਨੂੰ ਨਾਲ ਲੈ ਕੇ ਦਿੱਲੀ ਵੱਲ ਤੁਰ ਪਏ। ਉਹ 1673 ਈ. ਦੀਆਂ ਗਰਮੀਆਂ ਵਿਚ ਸ੍ਰੀ ਅਨੰਦਪੁਰ ਸਾਹਿਬ ਤੋਂ ਤੁਰੇ। ਉਹ ਮਾਲਵੇ ਵਿਚੋਂ ਹੁੰਦੇ ਹੋਏ ਦਿੱਲੀ ਤੱਕ ਵਧਦੇ ਗਏ। ਇਸ ਦੌਰੇ ਸਮੇਂ ਗੁਰੂ ਜੀ ਦੇ ਦਰਸ਼ਨ ਕਰਕੇ ਤੇ ਉਹਨਾਂ ਦੇ ਕੁਝ ਬਚਨ ਸੁਣ ਕੇ ਪਟਿਆਲੇ ਲਾਗੇ ਸੈਫਾਬਾਦ ਦਾ ਨਵਾਬ ਸੈਫੂਦੀਨ ਤੇ ਇਕ ਪਠਾਣ, ਜੋ ਕਿ ਸਮਾਨੇ ਗੜ੍ਹੀ ਦਾ ਵਸਨੀਕ ਸੀ, ਆਪ ਦੇ ਸਿੱਖ ਹੋਏ। ਗੁਰੂ ਜੀ ਜਦ ਆਗਰੇ ਪਹੁੰਚੇ ਤਾਂ ਆਪ ਨੂੰ ਸ਼ਾਹੀ ਹੁਕਮ ਅਨੁਸਾਰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਦਿੱਲੀ ਲਿਆ ਕੇ ਜ਼ੰਜੀਰਾਂ ਵਿਚ ਜਕੜ ਕੇ ਰੱਖਿਆ ਗਿਆ ਅਤੇ ਤਸੀਹੇ ਦੇਣ ਦਾ ਫ਼ਰਮਾਨ ਜਾਰੀ ਹੋਇਆ। ਆਪ ਨੇ ਸਰੀਰਕ ਤਸੀਹੇ ਖਿੜੇ ਮੱਥੇ ਝੱਲੇ। ਸੰਸਾਰਕ ਤੇ ਮਾਇਕ ਪਦਾਰਥ ਤੇ ਪਦਵੀਆਂ ਆਪ ਨੂੰ ਭਰਮਾ ਨਾ ਸਕੀਆਂ।

ਨਵੰਬਰ, 1675 ਈ. ਦੇ ਸ਼ੁਰੂ ਵਿਚ ਉਹਨਾਂ ਨੂੰ ਸ਼ਹੀਦ ਕਰ ਦੇਣ ਦਾ ਹੁਕਮ ਜਾਰੀ ਹੋਏ। ਸਿੱਖ ਇਤਿਹਾਸਕਾਰਾਂ ਅਨੁਸਾਰ ਉਹਨਾਂ ਸਾਹਮਣੇ ਇਸਲਾਮ ਧਾਰਨ ਕਰਨ, ਕਰਾਮਾਤ ਦਿਖਲਾਣ ਜਾਂ ਫਿਰ ਮੌਤ ਕਬੂਲਣ (ਸ਼ਹੀਦ ਹੋਣ) ਦੇ ਤਿੰਨ ਰਾਹ ਰੱਖੇ ਗਏ। ਉਹਨਾਂ ਆਖ਼ਰੀ ਰਾਹ ਅਪਣਾਇਆ। ਗੁਰਦੇਵ ਜੀ ਦਾ ਪਾਵਨ ਬਚਨ ਹੈ:

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**

*(ਪੰਨਾ ੧੪੨੭)*

ਗੁਰੂ ਜੀ ਆਪ ਅਕਾਲ ਰੂਪ ਸਨ। ਸਪੱਸ਼ਟ ਹੈ ਕਿ ਆਪ ਨਾ ਕਿਸੇ ਨੂੰ ਭੈ ਦੇਣਾ ਚਾਹੁੰਦੇ ਸਨ ਤੇ ਨਾ ਹੀ ਕਿਸੇ ਦਾ ਭੈ ਮੰਨਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਚੂੰਕਿ ਸ਼ਹਾਦਤ ਦਾ ਰਾਹ ਕਬੂਲ ਚੁੱਕੇ ਸਨ, ਇਸ ਲਈ ਉਹਨਾਂ ਨੂੰ 11 ਨਵੰਬਰ 1675 ਈ. ਵਾਲੇ ਦਿਨ ਚਾਂਦਨੀ ਚੌਂਕ ਦਿੱਲੀ ਵਿਚ ਸ਼ਹੀਦ ਕੀਤਾ ਗਿਆ। ਜੱਲਾਦ ਨੇ ਆਪ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ "ਧਰਮ ਹੇਤ ਸਾਕਾ" ਕੀਤਾ। ਉਹਨਾਂ "ਸੀਸੁ ਦੀਆ ਪਰ ਸਿਰਰੁ ਨ ਦੀਆ॥" ਉਹਨਾਂ ਦੇ ਚਲੇ ਜਾਣ 'ਤੇ ਜਗਤ ਵਿਚ ਸ਼ੋਕ ਹੋਇਆ—"ਹੈ ਹੈ ਹੈ ਸਭ ਜਗ ਭਯੋ" ਪਰ ਸੁਰ ਲੋਕ ਵਿਚ ਜੈ ਜੈ ਕਾਰ ਹੋਈ—"ਜੈ ਜੈ ਜੈ ਸੁਰ ਲੋਕ॥"।

ਇੰਝ ਮੁਗ਼ਲ ਹਕੂਮਤ ਦੇ ਡਰਾਵੇ ਤੇ ਲਾਲਚ ਕਾਰਗਰ ਨਾ ਹੋਏ। ਗੁਰੂ-ਵਿਰੋਧੀਆਂ ਦੀਆਂ ਚਾਲਾਂ ਅਸਫਲ ਹੋ ਗਈਆਂ। ਆਪਣੇ ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ 69 ਸਾਲ ਪਿੱਛੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦਿੱਤੀ ਸ਼ਹੀਦੀ ਭਾਰਤ ਦੇ ਇਤਿਹਾਸ ਵਿਚ ਹੀ ਨਹੀਂ, ਸਾਰੇ ਜਗਤ ਦੇ ਇਤਿਹਾਸ ਵਿਚ ਇਕ ਅਦੁੱਤੀ ਸ਼ਹਾਦਤ ਹੈ। ਜੇ ਸ਼ਹੀਦ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੂਤ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਯੁੱਧ ਕੀਤੇ ਤਾਂ ਹੁਣ ਫਿਰ ਦੂਜੇ ਸ਼ਹੀਦ ਪਿਤਾ ਦੇ ਸਪੂਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਰਾਜ ਵਿਰੁੱਧ ਜੰਗ ਅਰੰਭੇ ਅਤੇ ਸਿੱਖਾਂ ਵਿਚ ਜੂਝ ਕੇ ਮਰਨ ਦਾ ਜਜ਼ਬਾ ਪੈਦਾ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਧ ਜੀ ਦਾ ਪਾਵਨ ਬਚਨ ਹੈ:

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧॥** *(ਦਸਮ ਗ੍ਰੰਥ)*

(12/1985)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਚਪਨ ਤੇ ਅਜ਼ਰ ਜਰਨਾ

ਅੰਗਰੇਜ਼ੀ ਵਿਚ ਇਕ ਕਹਾਵਤ ਕਹੀ ਜਾਂਦੀ ਹੈ—'Child is the Father of man.' ਅਰਥਾਤ ਬੱਚਾ ਮਨੁੱਖ ਦਾ ਪਿਤਾ ਹੁੰਦਾ ਹੈ। ਭਾਵ ਇਹ ਕਿ ਬਚਪਨ ਤੋਂ ਹੀ ਕਿਸੇ ਵਿਅਕਤੀ ਦੇ ਆਉਣ ਵਾਲੇ ਜੀਵਨ ਤੇ ਉਮਰਾਂ ਦਾ ਜਨਮ ਹੁੰਦਾ ਹੈ। ਇਸ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਕਿਸੇ ਆਦਮੀ ਦੇ ਬਚਪਨ ਤੋਂ ਉਸ ਦੇ ਵੱਡੇ ਜੀਵਨ ਦਾ ਤੇ ਉਸ ਦੇ ਬਾਲਪਨ ਤੇ ਗੁਣਾਂ ਦਾ ਮੁਤਾਲਿਆ ਕੀਤਾ ਜਾ ਸਕਦਾ ਹੈ। ਹੁਣ ਅਸੀਂ ਇਸ ਆਧਾਰ ਉੱਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਾਲਪਨ ਉੱਤੇ ਨਜ਼ਰ ਮਾਰੀਏ। ਕਿਸ ਤਰ੍ਹਾਂ ਇਨ੍ਹਾਂ ਦੇ ਪਿਤਾ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਇਨ੍ਹਾਂ ਨਾਲ ਬਚਪਨ ਤੋਂ ਨਾ ਸਿਰਫ਼ ਸਭ ਤੋਂ ਵਧੀਕ ਪਿਆਰ ਕਰਦੇ, ਸਗੋਂ ਸਨਮਾਨ ਨਾਲ ਆਪਣੇ ਪਾਸ ਬਿਠਾਇਆ ਕਰਦੇ ਸਨ। ਕਿਵੇਂ ਮਾਤਾ ਨਾਨਕੀ ਜੀ (ਗੁਰੂ) ਤੇਗ ਬਹਾਦਰ ਜੀ ਦੇ ਮਾਤਾ ਜੀ ਇਸ ਗੱਲੋਂ ਹੈਰਾਨ ਹੁੰਦੇ ਸਨ ਕਿ ਕਿਸ ਤਰ੍ਹਾਂ ਉਹਨਾਂ ਨੇ ਇਕ ਵਾਰੀ ਘਰ ਵਿਚ ਬੈਠਿਆਂ ਇਸ ਗੱਲ ਦਾ ਕਾਰਨ ਗੁਰੂ ਹਰਿਗੋਬਿੰਦ ਜੀ ਨੂੰ ਪੁੱਛਿਆ ਅਤੇ ਜੋ ਉੱਤਰ ਉਹਨਾਂ ਨੇ ਦਿੱਤਾ ਆਦਿ ਗੱਲਾਂ ਦਾ ਜ਼ਿਕਰ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਕਰਤਾ 'ਸੂਰਜ ਪ੍ਰਕਾਸ਼' ਨੇ ਬੜੀ ਸੁੰਦਰਤਾ ਤੇ ਰੌਚਕਤਾ ਨਾਲ ਮਨੋਹਰ ਕਵਿਤਾ ਵਿਚ ਵਰਣਨ ਕੀਤਾ ਹੈ। ਅਸੀਂ ਇਸ ਦਾ ਜ਼ਿਕਰ ਇਸ ਲੇਖ ਵਿਚ ਪਾਠਕਾਂ ਦੀ ਜਾਣਕਾਰੀ ਤੇ ਪ੍ਰੇਰਨਾ-ਲਾਭ ਲਈ ਅੱਗੇ ਲਿਖੇ ਅਨੁਸਾਰ ਦੇ ਰਹੇ ਹਾਂ:

ਭਾਈ ਸੰਤੋਖ ਸਿੰਘ ਜੀ ਦੀ ਕਵਿਤਾ ਦੇ ਛੰਦਾਂ ਨੂੰ ਕ੍ਰਮ ਅਨੁਸਾਰ ਦੇ ਕੇ ਨਾਲ ਨਾਲ ਉਹਨਾਂ ਦੇ ਅਰਥ ਕਰ ਦਿੱਤੇ ਹਨ। ਇਸ ਤਰ੍ਹਾਂ ਪਾਠਕਾਂ ਨੂੰ ਕਵਿਤਾ ਦੇ ਰਸ ਤੋਂ ਇਲਾਵਾ ਭਾਈ ਸਾਹਿਬ ਦੇ ਸ਼ਬਦਾਂ ਦੇ ਭੰਡਾਰ ਦੀ ਜਾਣਕਾਰੀ ਵੀ ਹੋ ਜਾਏਗੀ।

ਕੁਝ ਇਕ ਹੋਰ ਜ਼ਿਕਰ ਕਰਨ ਤੋਂ ਉਪਰੰਤ ਕਵੀ ਜੀ ਬਾਲ ਤੇ ਭਾਈ ਗੁਰੂ ਤੇਗ ਬਹਾਦਰ ਜੀ ਬਾਬਤ ਵਿਵਰਣ ਇਉਂ ਕਲਮ-ਬੱਧ ਕਰਦੇ ਹਨ:

ਕਬ ਕਬ ਆਵੈ ਤੇਗ ਬਹਾਦਰ।
ਕਰਹਿੰ ਸਭਿਨਿ ਤੇ ਇਨ ਬਹੁ ਆਦਰ।

ਅਰਥਾਤ ਕਦੀ ਕਦੀ (ਗੁਰੂ) ਤੇਗ ਬਹਾਦਰ ਜੀ ਆਉਂਦੇ ਹਨ। ਪਿਤਾ ਗੁਰੂ ਹਰਿਗੋਬਿੰਦ ਜੀ ਇਹਨਾਂ ਦਾ ਸਭ ਤੋਂ ਵਧੀਕ ਆਦਰ ਕਰਦੇ ਹਨ।

ਨਹਿੰ ਬੋਲਹਿ ਬਹੁ ਧਾਰਹਿੰ ਮੋਨ।

ਜਗ ਬਿਵਹਾਰ ਨ ਜਾਨਹਿਂ ਕੌਨ।
ਅੰਤਰ ਬ੍ਰਿਤੀ ਮਸਤ ਕੀ ਨਯਾਈ।
ਸਭ ਜਾਨਹਿਂ ਇਹ ਲਖਹਿ ਨ ਕਾਈ।

ਸ੍ਰੀ ਗੁਰੂ ਤੇਗ ਬਹਾਦਰ ਜੀ ਕਿਸੇ ਨਾਲ ਬਹੁਤਾ ਬੋਲਦੇ ਨਹੀਂ, ਚੁੱਪ ਰਹਿੰਦੇ ਸਨ। ਦੁਨੀਆਦਾਰੀ ਨੂੰ ਨਹੀਂ ਜਾਣਦੇ। ਬਿਰਤੀ ਅੰਤਰਮੁਖੀ ਤੇ ਸੰਜਮੀ ਲੋਕਾਂ ਵਾਂਗੂ ਰਹਿੰਦੀ ਹੈ। ਸਾਰੇ ਇਉਂ ਜਾਣਦੇ ਨੇ ਕਿ ਇਹ ਕੁਝ ਨਹੀਂ ਜਾਣਦੇ-ਬੁਝਦੇ :

ਸ੍ਰੀ ਹਰਿਗੋਬਿੰਦ ਹੋਇ ਇਕੰਤ।
ਕਿਧੌਂ ਬਹੁਤ ਨਰ ਮਹਿਂ ਭਗਵੰਤ।
ਬਾਸਰ ਬੀਸ ਪਚੀਸਨਿ ਬਿਖੈ।
ਜਬ ਚਿਤ ਹੁਇ ਪਿਤ ਦਰਸਨ ਪਿਖੈ॥੨॥

ਵੀਹ-ਪੰਝੀ ਦਿਨਾਂ ਪਿੱਛੋਂ ਜਦੋਂ ਕਦੀ ਦਿਲ ਕਰਦਾ ਹੈ ਆਣ ਕੇ ਪਿਤਾ ਜੀ ਦੇ ਦਰਸ਼ਨ ਕਰਦੇ ਹਨ।

ਚੌਪਈ— ਸਨੈ ਸਨੈ ਚਲਿ ਪਾਇਨਿ ਧਰਤਿ।
ਲਾਜਿ ਸਹਿਤ ਦ੍ਰਿਗ ਨੀਚੇ ਕਰਤ।
ਗੁਰ ਪਗ ਪੰਕਜ ਬੰਦਹਿਂ ਜਾਇ।
ਹਾਥਿ ਜੋਰ ਕਰਿ ਗ੍ਰੀਵ ਨਿਵਾਇ॥੩॥

***ਅਰਥ :*** ਤੁਰਦਿਆਂ ਹੋਇਆਂ ਸਹਿਜੇ ਸਹਿਜੇ ਧਰਤੀ ਉੱਤੇ ਪੈਰ ਰੱਖਦੇ ਹਨ। ਲੱਜਾਵਾਨ ਨੇਤਰ ਹੇਠਾਂ ਜ਼ਮੀਨ ਵੱਲ ਰੱਖਦੇ ਹਨ। ਗੁਰੂ ਜੀ ਦੇ ਚਰਨ ਕਮਲਾਂ ਉੱਤੇ ਨਮਸਕਾਰ ਕਰਦੇ ਹਨ ਅਤੇ ਹੱਥ ਜੋੜ ਕੇ ਸਿਰ ਝੁਕਾਂਦੇ ਹਨ।

ਕਵਿਤਾ— ਪੁੱਤਰ ਸਧੀਰਜ ਪਿਖਿ ਗੰਭੀਰ।
ਸਾਦਰ ਬੋਲਿ ਬਿਠਾਵਹਿਂ ਤੀਰ।
ਕਬਿਹੂੰ ਜਾਨੂ ਲੇਤਿ ਉਚਾਇ।
'ਬੈਠਹੁ ਨਿਕਟ' ਸਥਾਨ ਬਤਾਇ॥੪॥

***ਅਰਥ :*** ਤੇਜਵਾਨ ਸਪੁੱਤਰ ਨੂੰ ਗੰਭੀਰ ਦੇਖ ਕੇ ਆਦਰ ਨਾਲ ਆਪਣੇ ਕੋਲ ਬਿਠਾ ਲੈਂਦੇ ਹਨ। ਕਦੀ-ਕਦੀ ਗੋਡਾ ਚੁੱਕ ਕੇ ਫ਼ਰਮਾਂਦੇ ਹਨ, ਬੱਚਾ ਇਥੇ ਕੋਲ ਆ ਕੇ ਬੈਠੋ।

ਕਵਿਤਾ— ਕਬਿਹੂੰ ਗਹਿ ਕਰਿ ਭੁਜਾ ਬਿਠਾਵੈਂ।
ਸਨਮਾਨਹਿਂ ਸੁਤ ਕੋ ਦਰਸਾਵੈਂ।
ਪਿਖਹਿ ਨਾਨਕੀ ਕਬਿ ਘਰ ਮਾਂਹੀ।
ਆਦਰ ਦੇਤ ਬਿਠਾਵੈ ਤਾਂਹੀ॥੫॥

***ਅਰਥ :*** ਕਦੀ ਬਾਂਹ ਫੜ ਕੇ ਕੋਲ ਬਿਠਾ ਲੈਂਦੇ ਹਨ। ਆਦਰ ਕਰਦੇ ਤੇ ਪੁੱਤਰ ਦਾ ਦਰਸ਼ਨ ਕਰਦੇ ਹਨ। ਕਦੀ ਕਦੀ ਘਰ ਵਿਚ ਮਾਤਾ ਨਾਨਕੀ ਜੀ ਦੇ ਸਾਹਮਣੇ ਆਦਰ ਦੇਂਦੇ ਅਤੇ ਉਹਨਾਂ ਨੂੰ ਬਿਠਾਂਦੇ ਹਨ।

ਹੁਣ ਅਸੀਂ ਪਹਿਲਾਂ ਪ੍ਰਸੰਗ ਦੀ ਬਾਕੀ ਰਹਿੰਦੀ ਕਵਿਤਾ ਦੇ ਕੇ ਅਖੀਰ 'ਤੇ ਇਸ ਦੇ ਅਰਥ ਕਰ ਦਿਆਂਗੇ।

ਕਵਿਤਾ— ਰਿਦੈ ਬਿਚਾਰੈ ਇਹ ਸੁਤ ਮੋਰੋ।
ਲਖਹਿ ਨ ਜਗ ਬਿਵਹਾਰ ਬਡੇਰੋ।
ਕਿਹ ਸੋਂ ਪਯਾਰ ਨ ਬੈਠਹਿ ਬੋਲਹਿ।
ਨਹੀਂ ਚਤਰ ਮਤ ਏਕਲ ਡੋਲਹਿ ॥16॥
ਘਰ ਮਹਿਂ ਬੈਠਿ ਇਕਾਂਕੀ ਰਹੈ।
ਕਿਹ ਮਸੰਦ ਸੋ ਮੇਲ ਨ ਲਹੈ।
ਪਾਤ ਕਾਹੂੰ ਸੰਗ ਨਾਹੀ।
ਲੈਬੋ ਦੈਬੋ ਕਰੈ ਨ ਕਾਂਹੀ ॥17॥
ਸ੍ਰੀ ਗੁਰਦਿਤਾ ਜਾਨਹਿ ਸਾਰਾ।
ਸਭਿ ਘਰ ਕੋ ਬਿਵਹਾਰ ਸੰਭਾਰਾ।
ਤਿਸ ਕੋ ਭੀ ਆਦਰ ਨਹਿਂ ਏਤੋ।
ਮਮ ਲਘੁ ਸੁਤ ਕੋ ਠਾਨਤਿ ਜੇਤੋ ॥18॥
ਸੋ ਪਰਲੋਕ ਗਏ ਅਬਿ ਪਾਛੈ।
ਸੂਰਜ ਮਲ ਜਾਨਤਿ ਮਤਿ ਆਛੈ।
ਘਰ ਕੀ ਕਾਰ ਕਰਤਿ ਸਭਿ ਭਾਵਤਿ।
ਅਪਨਿ ਪਿਤਾ ਕੋ ਭਲੇ ਰਿਝਾਵਤਿ ॥19॥
ਅਣੀ ਰਾਇ ਕੀ ਬਾਤ ਕਹਾਂ ਹੈ।
ਜਨਮਤਿ ਹੀ ਜੋ ਮਸਤ ਮਹਾਂ ਹੈ।
ਗੁਰੂ ਪ੍ਰਸੰਨ ਪੌਤਰ ਪਰ ਰਹੈਂ।
ਨਿਸ ਦਿਨ ਪ੍ਰੀਤਿ ਸਹਿਤ ਹੀ ਲਹੈਂ ॥20॥
ਮਮ ਸੁਤ ਕੋ ਆਦਰ ਕਯੋਂ ਕਰੈਂ।
ਇਹ ਕੁਛ ਭੇਦ ਨ ਜਾਨਯੋਂ ਪਰੇ।
ਰਿਦੈ ਬਿਚਾਰਤਿ ਦਿਨਨਿ ਬਿਤੰਤਿ।
ਬੁਝਹੁ ਕਬਹਿ ਕੰਤ ਭਗਵੰਤ ॥21॥
ਇਕ ਬਾਸਰ ਸਤਿਗੁਰ ਘਰ ਮਾਂਹੀ।
ਬੈਠੀ ਹੁਤੀ ਨਾਨਕੀ ਪਾਹੀ।
ਤੇਗ ਬਹਾਦਰ ਤਬਿ ਚਲਿ ਆਏ।
ਪਿਤ ਗੁਰ ਦਰਸ ਕਰਨ ਲਲਚਾਏ ॥22॥
ਸਾਦਰ ਨਿਕਟਿ ਬਿਠਾਵਨ ਕੀਨਿ।
ਬੰਦਨ ਕਰਤਿ ਗਹੀ ਭੁਜ ਪੀਨ।
ਬੈਠੇ ਤਰੇ ਬਿਲੋਚਨ ਕਰੇ।

ਪਿਤਾ ਨਿਕਟਿ ਨਹਿੰ ਊਚ ਨਿਹਰੇ ॥23॥
ਲਖਿ ਅਵਕਾਸ਼ ਇਕਾਂਕੀ ਕੰਤ।
ਕਹਤਿ ਨਾਨਕੀ 'ਸੁਨ ਭਗਵੰਤ'।
ਸਭਿ ਤੇ ਲਘੁ ਨੰਦਨ ਇਹ ਮੇਰੋ।
ਜਿਸ ਕੋ ਸੂਧ ਸੁਭਾਵ ਬਡੇਰੋ ॥24॥
ਪੁਤਰ ਆਪ ਕੇ ਅਪਰ ਬਡੇਰੇ।
ਚਿਤ ਜਾਨਤਿ ਬਿਵਹਾਰ ਘਨੇਰੇ।
ਘਰ ਕੇ ਕਾਰ ਸੰਭਾਰਨ ਕਰੇ।
ਲੇਨਿ ਰੁ ਦੇਨਿ ਜਥੋਚਿਤ ਧਰੇ ॥25॥
ਸਰਬ ਪ੍ਰਕਾਰਨਿ ਚਹਤਿ ਬਡਾਈ।
ਮਿਲਹਿੰ ਮਸੰਦ ਜਿਨਹੁੰ ਸਮੁਦਾਈ।
ਇਹ ਮਮ ਸੁਤ ਨਹਿੰ ਜਾਨਤਿ ਕੋਈ।
ਰਹਤਿ ਇਕਾਂਕੀ ਤੂਸ਼ਨਿ ਹੋਈ ॥26॥
ਤੁਮ ਸਨਮਾਨਹੁ ਸਭਿ ਤੇ ਘਨੋ।
ਕਾਰਨ ਕਹਾਂ ਸੁਮਤਿ ਲਖਿ ਮਨੋ।
ਮੁਝ ਮਨ ਸੰਸੈ ਹੋਤਿ ਸਦਾਈ।
ਰਹੀ ਬਿਚਾਰ ਨ ਜਾਨਯੋਂ ਜਾਈ ॥27॥
ਕ੍ਰਿਪਾ ਕਰਹੁ ਅਬ ਅਬਿ ਸਾਚ ਬਤਾਵਹੁ।
ਕਿਵ ਸਨਮਾਨਹੁ ਭੇਵ ਬੁਝਾਵਹੁ।
ਸੁਨਿ ਕਰਿ ਸ੍ਰੀ ਮੁਖ ਤੇ ਮੁਸਕਾਏ।
ਸੁਤ ਕੀ ਦਿਸ਼ਾ ਬਲੋਚਨ ਲਾਏ ॥28॥
ਪਿਖਿ ਸ੍ਰੀ ਹਰਿ ਗੋਵਿੰਦ ਬਖਾਨਾ।
'ਕਹਾਂ ਭਲੀਏ! ਭੇਵ ਪਛਾਨਾ।
ਅਜਰ ਜਰਨ ਉਰਧੀਰ ਧੁਰੰਧਰ'।
ਇਸ ਮਨਿੰਦ ਨ ਅਪਰ ਜਗ ਅੰਦਰ ॥29॥
ਇਕ ਤੋ ਇਹ ਗੁਨ ਮਾਨਨ ਠੌਰ।
ਸੁਨਹੁ ਦੂਸਰੋ ਕਾਰਨ ਔਰ।
ਇਸ ਕੋ ਪੁੱਤਰ ਹੋਹਿ ਬਲਵੰਡ।
ਤੇਜ ਪ੍ਰਚੰਡ ਝੁੰਡ ਖਲ ਖੰਡ ॥30॥
ਰੁੰਡ ਮੁੰਡ ਬਡ ਸ਼ਤਰੂ ਬਿਹੰਡ।
ਘਾਲਹਿ 'ਸੰਘਰ ਘੋਰ ਘਮੰਡ'।
ਜਗਤ ਗੁਰੂ ਸ੍ਰੀ ਨਾਨਕ ਕੇਰਾ।
ਨਾਮ ਕਰਹਿ ਉਜਲ ਬਹੁਤੇਰਾ ॥31॥

ਮਹਾਂ ਪੁਰਖ ਬਡ ਤੇਜ ਅਮੰਦ।
ਦੇਗ਼ ਤੇਗ਼ ਕੋ ਧਨੀ ਬਿਲੰਦ।
ਗੁਰਨਿ ਪ੍ਰਤਾਪ ਬਿਸਾਲ ਵਧਾਵਹਿ।
ਚਹੁੰ ਕੁੰਟਨਿ ਪਰ ਛਾਯਾ ਛਾਵਹਿ ॥32॥

## ੧੬ ਕਾਵਿ-ਬੰਧ ਤੋਂ ਲੈ ਕੇ ੩੨ ਤਕ ਵਾਰਤਕ ਸ਼ਬਦਾਰਥ

### ਮਾਤਾ ਨਾਨਕੀ ਜੀ ਦਾ ਵਿਚਾਰ

ਦਿਲ ਵਿਚ ਵਿਚਾਰਦੀ ਹੈ ਕਿ ਮੇਰਾ ਇਹ ਪੁਤ੍ਰ ਦੁਨੀਆਂ ਦਾ ਕਾਰ-ਵਿਹਾਰ ਬਹੁਤਾ ਨਹੀਂ ਜਾਣਦਾ। ਕਿਸੇ ਨਾਲ ਵੀ ਬਹੁਤਾ ਪਿਆਰ ਕਰਕੇ ਕੋਲ ਬੈਠ ਕੇ ਗੱਲਬਾਤ ਨਹੀਂ ਕਰਦਾ। ਬਹੁਤੀ ਚਤੁਰ ਅਕਲ ਵਾਲਾ ਨਹੀਂ। ਇਕੱਲਾ ਹੀ ਤੁਰਿਆ ਫਿਰਦਾ ਹੈ।੧੬। ਘਰ ਵਿਚ ਹੀ ਇਕੱਲਾ ਬੈਠਾ ਰਹਿੰਦਾ ਹੈ। ਕਿਸੇ ਮਸੰਦ ਨਾਲ ਮੇਲ-ਮਿਲਾਪ ਨਹੀਂ ਰੱਖਦਾ। ਕਿਸੇ ਨਾਲ ਪੱਖ-ਪਾਤ ਨਹੀਂ ਕਰਦਾ ਤੇ ਨਾ ਕਿਸੇ ਨਾਲ ਲੈਣ-ਦੇਣ ਰੱਖਦਾ ਹੈ।੧੭। ਸ੍ਰੀ ਗੁਰਦਿੱਤਾ ਜੀ (ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ) ਸਭ ਕੁਝ ਜਾਣਦੇ ਨੇ। ਘਰ ਦਾ ਸਾਰਾ ਕਾਰ-ਵਿਹਾਰ ਸੰਭਾਲਿਆ ਹੋਇਆ ਹੈ। ਉਨ੍ਹਾਂ ਦਾ ਵੀ ਇੰਨਾ ਆਦਰ ਨਹੀਂ ਕਰਦੇ ਜਿੰਨਾ ਕਿ ਮੇਰੇ ਛੋਟੇ ਪੁੱਤਰ ਨਾਲ ਕਰਦੇ ਹਨ।੧੮। ਉਹ ਤਾਂ ਹੁਣ ਪ੍ਰਲੋਕ ਸਿਧਾਰ ਗਏ ਹੋਏ ਹਨ। ਉਨ੍ਹਾਂ ਤੋਂ ਪਿਛੋਂ ਸੂਰਜ ਮੱਲ ਸਾਰੀ ਗੱਲਬਾਤ ਚੰਗੀ ਤਰ੍ਹਾਂ ਸਮਝਦੇ ਹਨ। ਘਰ ਦਾ ਸਾਰਾ ਕਾਰ-ਵਿਹਾਰ ਕਰਦੇ ਹਨ ਤੇ ਆਪਣੇ ਪਿਤਾ ਨੂੰ ਚੰਗੀ ਤਰ੍ਹਾਂ ਖ਼ੁਸ਼ ਰੱਖਦੇ ਹਨ।੧੯। ਅਣੀ ਰਾਇ ਜੀ ਦੀ ਤਾਂ ਗੱਲ ਹੀ ਕੀ ਹੈ, ਜਿਹੜੇ ਕਿ ਜਨਮ ਤੋਂ ਹੀ ਬੜੇ ਮਸਤ ਰਹਿੰਦੇ ਹਨ। ਗੁਰੂ ਜੀ ਪੋਤਰੇ ਉੱਤੇ ਪ੍ਰਸੰਨ ਰਹਿੰਦੇ ਹਨ। ਰਾਤ ਦਿਨ ਉਨ੍ਹਾਂ ਨਾਲ ਪ੍ਰੀਤ ਕਰਦੇ ਹਨ।੨੦। ਮੇਰੇ ਪੁੱਤਰ ਦਾ ਇੰਨਾ ਆਦਰ ਕਿਉਂ ਕਰਦੇ ਨੇ, ਇਸ ਗੱਲ ਦਾ ਭੇਦ ਕੋਈ ਪਤਾ ਨਹੀਂ ਲੱਗਦਾ। ਇਸ ਤਰ੍ਹਾਂ ਵਿਚਾਰ ਕਰਦਿਆਂ ਹੋਇਆਂ ਮਾਤਾ ਜੀ ਦਿਨ ਬਤੀਤ ਕਰਦੇ ਹਨ। ਕਦੀ ਕਿਸੇ ਵੇਲੇ ਮਹਾਰਾਜ ਜੀ ਪਾਸੋਂ ਪੁੱਛਣਾ ਚਾਹੁੰਦੇ ਹਨ।੨੧। ਕਿਸੇ ਇਕ ਦਿਨ ਮਹਾਰਾਜ ਘਰ ਬੈਠੇ ਸਨ। ਨਾਨਕੀ ਜੀ ਪਾਸ ਹੁੰਦੇ ਹਨ। ਤਦੋਂ ਤੇਗ ਬਹਾਦਰ ਜੀ ਅਚਾਨਕ ਆ ਗਏ, ਜਿਹੜੇ ਕਿ ਗੁਰੂ-ਦਰਸ਼ਨਾਂ ਲਈ ਲਲਚਾਏ ਹੋਏ ਹਨ।੨੨। ਉਨਾਂ ਨੂੰ ਆਦਰ ਨਾਲ ਕੋਲ ਬਿਠਾ ਲਿਆ। ਮੱਥਾ ਟੇਕਦਿਆਂ ਸਾਰ ਉਨ੍ਹਾਂ ਦੀ ਬਾਂਹ ਫੜ ਲਈ। ਤੇਗ ਬਹਾਦਰ ਜੀ ਅੱਖਾਂ ਨੀਵੀਆਂ ਕਰਕੇ ਬੈਠ ਗਏ। ਪਿਤਾ ਜੀ ਦੇ ਪਾਸ ਬੈਠੇ ਉੱਚੀ ਨਜ਼ਰ ਨਹੀਂ ਕਰਦੇ।੨੩। ਫ਼ੁਰਸਤ ਦਾ ਸਮਾਂ ਦੇਖ ਕੇ ਤੇ ਪਤੀ ਜੀ ਨੂੰ ਇਕੱਲਿਆਂ ਦੇਖ ਕੇ ਨਾਨਕੀ ਜੀ ਕਹਿਣ ਲੱਗੇ —ਮਹਾਰਾਜ ਮੇਰੀ ਬੇਨਤੀ ਸੁਣੋ। ਮੇਰਾ ਇਹ ਪੁੱਤਰ ਸਭ ਤੋਂ ਛੋਟਾ ਹੈ। ਜਿਸ ਦਾ ਸੁਭਾ ਸਿੱਧਾ ਸਾਦਾ ਹੈ।੨੪। ਆਪ ਦੇ ਵੱਡੇ ਸਾਹਿਬਜ਼ਾਦੇ ਹਨ ਜਿਹੜੇ ਕਾਰ-ਵਿਹਾਰ ਚੰਗੀ ਤਰ੍ਹਾਂ ਜਾਣਦੇ ਹਨ। ਘਰ ਦਾ ਕੰਮ-ਕਾਜ ਸੰਭਾਲਦੇ ਹਨ। ਲੈਣ-ਦੇਣ ਕਰਦੇ ਹਨ।੨੫। ਸਭ ਤਰ੍ਹਾਂ ਆਪਣੀ ਵਡਿਆਈ ਚਾਹੁੰਦੇ ਹਨ। ਉਨ੍ਹਾਂ ਨੂੰ ਸਾਰੇ ਮਸੰਦ ਮਿਲਦੇ-ਜੁਲਦੇ ਹਨ। ਇਸ ਮੇਰੇ ਪੁੱਤਰ ਨੂੰ ਕੋਈ ਨਹੀਂ ਜਾਣਦਾ। ਇਹ ਕਲ-ਮਕੱਲਾ ਚੁੱਪ-ਚਾਪ ਰਹਿੰਦਾ ਹੈ।੨੬। ਆਪ ਇਹਨਾਂ ਦਾ ਸਾਰਿਆਂ ਤੋਂ ਵਧੀਕ ਆਦਰ ਕਰਦੇ ਹੋ। ਆਪ ਕਿਹੜੀ ਚੰਗੀ ਮੱਤ ਇਸ ਵਿਚ ਵੇਖਦੇ ਹੋ ? ਇਸ ਗੱਲ ਦਾ ਸੰਸਾ ਮੈਨੂੰ ਸਦਾ ਰਹਿੰਦਾ ਹੈ। ਵਿਚਾਰ ਕਰਦਿਆਂ

ਹੋਇਆਂ ਵੀ ਮੈਨੂੰ ਸਮਝ ਨਹੀਂ ਆਉਂਦੀ।੨੭। ਕਿਰਪਾ ਕਰਕੇ ਹੁਣ ਠੀਕ ਦੱਸੋ, ਕਿਵੇਂ ਆਦਰ ਕਰਦੇ ਹੋ, ਇਹ ਭੇਦ ਸਮਝਾਓ। ਇਹ ਸੁਣ ਕੇ ਮਹਾਰਾਜ ਮੁਸਕਰਾ ਪਏ ਤੇ ਪੁੱਤਰ ਵੱਲ ਦੇਖਣ ਲੱਗ ਪਏ।੨੮। ਵੇਖ ਕੇ ਗੁਰੂ ਹਰਿਗੋਬਿੰਦ ਜੀ ਨੇ ਫ਼ਰਮਾਇਆ—'ਭਲੇ ਲੋਕੋ! ਤੁਸੀਂ ਇਸ ਭੇਦ ਨੂੰ ਕੀ ਜਾਣੋ। ਇਹ ਅਜਰ ਜਰਨ ਵਾਲੇ ਧੀਰਜਵਾਨ ਤੇ ਸਾਰੇ ਗੁਣਾਂ ਨੂੰ ਧਾਰਨ ਕਰਨ ਵਾਲੇ ਹਨ। ਇਹਨਾਂ ਜਿਹਾ ਸੰਸਾਰ ਅੰਦਰ ਕੋਈ ਹੈ ਨਹੀਂ।੨੯। ਇਕ ਤਾਂ ਇਸ ਗੱਲ ਕਰਕੇ ਸਨਮਾਨ-ਯੋਗ ਹਨ। ਦੂਸਰਾ ਇਕ ਹੋਰ ਕਾਰਨ ਸੁਣ ਲਓ। ਇਹਨਾਂ ਦੇ ਸਾਹਿਬਜ਼ਾਦੇ ਬੜੇ ਬਲਵਾਨ ਹੋਣਗੇ। ਜਿਹੜੇ ਕਿ ਸਮੂਹ ਦੁਸ਼ਟਾਂ ਦਾ ਨਾਸ਼ ਕਰਨ ਵਾਲੇ ਹੋਣਗੇ।੩੦। ਜੰਗ ਯੁੱਧ ਕਰਨਗੇ। ਸੰਸਾਰ ਵਿਚ ਗੁਰੂ ਨਾਨਕ ਦੇਵ ਜੀ ਦਾ ਨਾਮ ਉੱਜਲ ਕਰਨਗੇ।੩੧। ਬੜੇ ਮਹਾਂਪੁਰਸ਼ ਹੋਣਗੇ ਤੇ ਦੇਗ ਤੇਗ ਤੇ ਬੜੇ ਧਨੀ ਹੋਣਗੇ। ਸਤਿਗੁਰਾਂ ਦਾ ਪ੍ਰਤਾਪ ਬੜਾ ਵਧਾਵਣਗੇ। ਚੌਹਾਂ ਪਾਸਿਓਂ ਉਨ੍ਹਾਂ ਦਾ ਸਿੱਕਾ ਬੈਠ ਜਾਵੇਗਾ।੩੨।

ਕਲਪਨਾ ਜਾਂ ਕਿਆਸ ਕਰਕੇ, ਦੇਖਣ ਤੇ ਗੰਭੀਰ ਵਿਚਾਰ ਕਰਕੇ ਦੇਖਣ ਦੀ ਲੋੜ ਹੈ ਕਿ ਬਾਲਪਨ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅੰਦਰ ਕਿਤਨੀ ਮਹਾਨ ਗੰਭੀਰਤਾ ਸੀ, ਬਹੁਤ ਘੱਟ ਬੋਲਣਾ ਤੇ ਵੀਹ-ਪੰਝੀ ਦਿਨਾਂ ਪਿੱਛੋਂ ਪਿਤਾ ਸਤਿਗੁਰੂ ਜੀ ਦੇ ਦਰਸ਼ਨ ਕਰਨੇ। ਪਿਤਾ ਸਤਿਗੁਰੂ ਜੀ ਦਾ ਇਸ ਸਭ ਤੋਂ ਛੋਟੇ ਸਾਹਿਬਜ਼ਾਦੇ ਨਾਲ ਇੰਨਾ ਡੂੰਘਾ ਪਿਆਰ ਜਿਹੜਾ ਕਿ ਸਨਮਾਨ ਦੀ ਹੱਦ ਤਕ ਚਲਾ ਜਾਂਦਾ ਸੀ। ਆਦਮੀ ਦੀ ਹੈਰਾਨੀ ਦੀ ਹੱਦ ਨਹੀਂ ਰਹਿੰਦੀ ਕਿ ਆਮ ਬੱਚਿਆਂ ਦੇ ਮੁਕਾਬਲੇ ਵਿਚ ਇਸ ਸੁਭਾਅ ਦਾ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਇਹੋ ਗੰਭੀਰ ਸੁਭਾਅ ਆਪ ਦਾ ਵਧਦਾ ਵਧਦਾ ਇਥੋਂ ਤਕ ਪਹੁੰਚ ਗਿਆ ਕਿ ਲਗਭਗ ਵੀਹ ਵਰ੍ਹੇ ਬਾਬੇ ਬਕਾਲੇ ਬਿਲਕੁਲ ਇਕਾਂਤ ਰਹਿ ਕੇ ਅੰਤਰ ਆਤਮੇ ਲੀਨ ਰਹਿ ਸਕੇ। ਇਹੋ ਜਿਹੇ ਮਹਾਨ ਵਿਅਕਤੀ ਹੀ ਸਮਾਜ ਅੰਦਰ ਮਹਾਨ ਤਬਦੀਲੀਆਂ ਤੇ ਪਰਿਵਰਤਨ ਲਿਆਉਂਦੇ ਹਨ ਤੇ ਕੁਝ ਦਾ ਕੁਝ ਕਰ ਵਿਖਾਂਦੇ ਹਨ। ਇਕਾਂਤ ਤੇ ਸਮਾਜ ਦੇ ਮੇਲ-ਜੋਲ ਦਾ ਆਪੋ ਆਪਣਾ ਕਿੰਨਾ ਮਹੱਤਵ ਹੈ?

(3/1976)

# ਨਿਰਭਉ-ਨਿਰਵੈਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਨਿਰਭਉ-ਨਿਰਵੈਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਕਥਨ ਉਹਨਾਂ ਦੀ ਸ਼ਖ਼ਸੀਅਤ ਦਾ ਲਖਾਇਕ ਹੈ। ਸ਼ਖ਼ਸੀਅਤ ਇਕ ਬੇ-ਕਿਵਾਰ ਸਮੁੰਦਰ ਹੁੰਦੀ ਹੈ। ਜਿਵੇਂ ਸਮੁੰਦਰ ਦੀ ਥਾਹ ਨਹੀਂ ਪਾਈ ਜਾ ਸਕਦੀ ਉਸੇ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ ਬਾਰੇ ਕੁਝ ਆਖਣਾ ਇਕ ਮਛਲੀ ਦਾ ਸਾਗਰ ਦੀਆਂ ਲਹਿਰਾਂ ਗਿਣਨ ਦੇ ਬਰਾਬਰ ਹੈ। ਗੁਰੂ ਸ਼ਖ਼ਸੀਅਤ ਦੇ ਰੂਹਾਨੀ ਸਰੂਪ ਨੂੰ ਆਦਰਸ਼ਵਾਦੀ ਪੱਖ ਤੋਂ ਵੇਖਣਾ ਵਧੇਰੇ ਠੀਕ ਹੈ। ਇਸ ਪੱਖ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਖ਼ਸੀਅਤ ਇਕ ਸੰਪੂਰਨ ਸ਼ਖ਼ਸੀਅਤ ਹੈ। ਭਾਵੇਂ ਆਮ ਮਨੋਵਿਗਿਆਨੀ ਅਜਿਹੀ ਸ਼ਖ਼ਸੀਅਤ ਦੀ ਕਲਪਨਾ ਤਾਂ ਕਰਦੇ ਹਨ ਪਰ ਆਦਰਸ਼ਵਾਦੀ ਚਿੰਤਕ ਬਰਾਊਨ ਨੇ ਇਕ ਸੰਪੂਰਨ ਸ਼ਖ਼ਸੀਅਤ ਦੀ ਕਲਪਨਾ ਕੀਤੀ ਹੈ। ਉਸ ਅਨੁਸਾਰ ਅਜਿਹੀ ਸ਼ਖ਼ਸੀਅਤ ਪਰਮਾਤਮਾ ਨਾਲ ਅਭੇਦ ਹੁੰਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇਕ ਅਜਿਹੀ ਸ਼ਖ਼ਸੀਅਤ ਸਨ ਜਿਹੜੀ ਪਰਮਾਤਮਾ ਨਾਲ ਪੂਰਨ ਤੌਰ 'ਤੇ ਅਭੇਦ ਸੀ। ਅਸੀਂ ਉਹਨਾਂ ਨੂੰ ਇਕ ਸੰਪੂਰਨ ਤੇ ਸਰਬਗੁਣ-ਸੰਪੰਨ ਰੂਹਾਨੀ ਸ਼ਖ਼ਸੀਅਤ ਕਹਿ ਸਕਦੇ ਹਾਂ। ਉਹਨਾਂ ਦੇ ਅਨੇਕਾਂ ਗੁਣਾਂ ਦਾ ਵਰਣਨ ਕਰਨਾ ਸੰਭਵ ਨਹੀਂ ਪਰ ਫਿਰ ਵੀ ਉਹਨਾਂ ਦੇ ਵਿਅਕਤਿਤਵ ਵਿਚ ਸੂਰਬੀਰਤਾ, ਨਿਰਭੈਤਾ, ਨਿਰਵੈਰਤਾ, ਉਪਰਾਮਤਾ, ਸਹਿਣਸ਼ੀਲਤਾ, ਖਿਮਾ ਤੇ ਤਿਆਗ ਆਦਿ ਗੁਣ ਪ੍ਰਮੁੱਖ ਰੂਪ ਵਿਚ ਵਿਦਮਾਨ ਸਨ।

ਗੁਰਬਾਣੀ ਵਿਚ ਨਿਰਭਉ ਤੇ ਨਿਰਵੈਰ ਸ਼ਬਦ ਪਰਮਾਤਮਾ ਲਈ ਵਰਤੇ ਗਏ ਹਨ। ਮੂਲ-ਮੰਤਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ ਨਿਰਭਉ ਤੇ ਨਿਰਵੈਰ ਕਿਹਾ ਹੈ। ਪਰਮਾਤਮਾ ਦੀ ਨਿਰਭੈਤਾ ਤੇ ਨਿਰਵੈਰਤਾ ਦਾ ਭਾਵ ਹੈ ਕਿ ਉਹ ਕਿਸੇ ਤੋਂ ਡਰਦਾ ਨਹੀਂ ਤੇ ਨਾ ਹੀ ਕਿਸੇ ਨਾਲ ਉਸ ਦਾ ਵੈਰ ਹੈ। ਭੈ ਤੇ ਵੈਰ ਉਥੇ ਪੈਦਾ ਹੁੰਦੇ ਹਨ ਜਿਥੇ ਦਵੈਤਭਾਵ ਹੋਵੇ, ਜਿਥੇ ਏਕੇ ਦੀ ਭਾਵਨਾ ਦੀ ਥਾਂ ਦੂਈ ਦੀ ਭਾਵਨਾ ਹੋਵੇ। ਪਰਮਾਤਮਾ ਇਸ ਲਈ ਨਿਰਭਉ ਤੇ ਨਿਰਵੈਰ ਹੈ ਕਿ ਉਸ ਲਈ ਕੋਈ ਬਿਗਾਨਾ ਨਹੀਂ ਹੈ। ਸਭ ਜੀਵ-ਜੰਤੂ ਤੇ ਮਨੁੱਖ ਉਸ ਦੇ ਆਪਣੇ ਹਨ। ਇਸ ਲਈ ਉਹ ਸਭ ਨਾਲ ਪਿਆਰ ਕਰਦਾ ਹੈ। ਜਦੋਂ ਮਨੁੱਖ ਪਰਮਾਤਮਾ ਦਾ ਅਨੁਭਵ ਪ੍ਰਾਪਤ ਕਰਦਾ ਹੈ ਤਾਂ ਇਹ ਗੁਣ ਉਸ ਦੇ ਹਿਰਦੇ ਵਿਚ ਪਰਵੇਸ਼ ਕਰ ਜਾਂਦੇ ਹਨ। ਜਦੋਂ ਮਨੁੱਖ ਨਿਰਭਉ ਪਰਮਾਤਮਾ ਦਾ ਚਿੰਤਨ ਜਾਂ ਸਿਮਰਨ ਕਰਦਾ ਹੈ ਤਾਂ ਉਹ ਵੀ ਨਿਰਭਉ ਹੋ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਨਿਰਭਉ ਜਪੈ ਸਗਲ ਭਉ ਮਿਟੈ॥** *(ਪੰਨਾ ੨੯੩)*

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨਿਰੰਤਰ 22 ਸਾਲ ਬਾਬਾ ਬਕਾਲੇ ਵਿਚ ਪ੍ਰਭੂ-ਚਿੰਤਨ ਕਰ ਕੇ ਉਸ ਦਾ ਅਧਿਆਤਮਕ ਅਨੁਭਵ ਪ੍ਰਾਪਤ ਕੀਤਾ। ਅਜਿਹੇ ਅਨੁਭਵ ਦੀ ਪ੍ਰਾਪਤੀ ਸਦਕਾ ਉਹਨਾਂ ਦੀ ਸ਼ਖ਼ਸੀਅਤ ਵਿਚ ਨਿਰਭੈਤਾ ਤੇ ਨਿਰਵੈਰਤਾ ਦੇ ਗੁਣ ਪੈਦਾ ਹੋਏ। ਇਹ ਦੋਵੇਂ ਗੁਣ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਮਦ੍ਰਿਸ਼ਟਤਾ ਨੂੰ ਦਰਸਾਉਂਦੇ ਹਨ। ਉਹਨਾਂ ਦੀ ਸ਼ਖ਼ਸੀਅਤ ਦਵੈਤ ਰਹਿਤ ਸ਼ਖ਼ਸੀਅਤ ਸੀ ਜਿਸ ਵਿਚ ਸੁਖ-ਦੁਖ, ਹਰਖ-ਸੋਗ, ਉਸਤਤਿ-ਨਿੰਦਾ, ਕੰਚਨ-ਲੋਹ ਤੇ ਵੈਰੀ-ਮੀਤ ਆਦਿ ਦਵੈਤ ਬਿਲਕੁਲ ਨਹੀਂ ਸੀ। ਉਹਨਾਂ ਦੀ ਬਾਣੀ ਵਿਚੋਂ ਗਿਆਨੀ ਤੇ ਮੁਕਤ ਵਿਅਕਤੀ ਦੇ ਸਰੂਪ ਨੂੰ ਦਵੰਦ ਰਹਿਤ ਸ਼ਖ਼ਸੀਅਤ ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ ; ਜਿਵੇਂ ਕਿ :

**ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥**
**ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥**
**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੪॥**
**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੫॥**

*(ਪੰਨਾ ੧੪੨੭)*

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦ੍ਰਿਸ਼ਟੀ ਵਿਚ ਬ੍ਰਹਮ ਗਿਆਨੀ ਜਾਂ ਸਤਿ ਨੂੰ ਜਾਣਨ ਵਾਲਾ ਉਹ ਮਨੁੱਖ ਹੈ ਜਿਹੜਾ ਕਿਸੇ ਦਾ ਭੈ ਨਹੀਂ ਮੰਨਦਾ ਤੇ ਨਾ ਹੀ ਕਿਸੇ ਨੂੰ ਭੈ ਦਿੰਦਾ ਹੈ। ਉਹਨਾਂ ਦਾ ਆਪਣਾ ਜੀਵਨ ਨਿਰਭੈਤਾ ਤੇ ਨਿਰਵੈਰਤਾ ਵਾਲਾ ਸੀ। ਉਹਨਾਂ ਨੇ ਗਿਆਨੀ ਮਨੁੱਖ ਦਾ ਸਰੂਪ ਇਉਂ ਦੱਸਿਆ ਹੈ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**

*(ਪੰਨਾ ੧੪੨੭)*

ਇਹ ਸਲੋਕ ਗੁਰੂ ਜੀ ਦੀ ਸਮ-ਦ੍ਰਿਸ਼ਟਤਾ, ਦਇਆ-ਭਾਵ ਤੇ ਮਨੁੱਖਤਾ ਦੇ ਪਿਆਰ ਨੂੰ ਪ੍ਰਗਟ ਕਰਦਾ ਹੈ। ਇਹ ਸਲੋਕ ਗੁਰੂ ਜੀ ਦੀ ਨਿਡਰਤਾ ਦਾ ਪ੍ਰਤੀਕ ਹੈ। ਇਹ ਉਹਨਾਂ ਦੀ ਅਹਿੰਸਾਵਾਦੀ ਮਾਨਵਤਾ ਦਾ ਵੀ ਪ੍ਰਤੀਕ ਕਿਹਾ ਜਾ ਸਕਦਾ ਹੈ। ਇਸ ਸਲੋਕ ਦਾ ਪ੍ਰਭਾਵ ਕਬੂਲਣ ਵਾਲਾ ਵਿਅਕਤੀ ਅਹਿੰਸਾ ਦਾ ਧਾਰਨੀ ਤਾਂ ਹੋ ਸਕਦਾ ਹੈ, ਪਰ ਡਰਪੋਕ ਨਹੀਂ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਵਿਵਹਾਰਿਕ ਜੀਵਨ ਵਿਚ ਇਸ ਸਲੋਕ ਦੇ ਭਾਵ ਨੂੰ ਅਮਲੀ ਰੂਪ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਜਿਥੇ ਇਕ ਮਹਾਨ ਗੁਰੂ, ਚਿੰਤਕ ਸਨ ਉਥੇ ਇਕ ਅਮਲੀ ਜੀਵਨ ਜਿਊਣ ਵਾਲੇ ਮਹਾਨ ਰੂਹਾਨੀ ਸ਼ਖ਼ਸੀਅਤ ਵੀ ਸਨ। ਉਹ ਕਹਿਣੀ ਤੇ ਕਥਨੀ ਦੇ ਪੂਰੇ ਸਨ। ਉਹਨਾਂ ਨੇ ਆਪਣੇ ਜੀਵਨ-ਕਾਲ ਵਿਚ ਨਿਰਭੈਤਾ ਤੇ ਨਿਰਵੈਰਤਾ ਨੂੰ ਦੂਜਿਆਂ ਨਾਲ ਆਪਣੀ ਵਰਤੋਂ-ਵਿਹਾਰ ਵਿਚ ਅਮਲੀ ਰੂਪ ਵਿਚ ਰੂਪਮਾਨ ਕੀਤਾ। ਉਹ ਆਪਣੇ ਸਮੇਂ ਦੇ ਮਹਾਨ ਸੂਰਬੀਰ ਸਨ ਜਿਨ੍ਹਾਂ ਪਾਸੋਂ ਕਸ਼ਮੀਰੀ ਪੰਡਤਾਂ ਦਾ ਇਕ ਵਫ਼ਦ ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ ਸਹਾਇਤਾ ਲਈ ਆਇਆ। ਉਹਨਾਂ ਨੂੰ ਪਤਾ ਸੀ ਕਿ ਸਿਵਾਏ ਗੁਰੂ ਤੇਗ ਬਹਾਦਰ ਜੀ ਦੇ ਔਰੰਗਜ਼ੇਬ ਦੇ ਜਬਰ-ਜ਼ੁਲਮ ਦੀ ਹਨੇਰੀ ਨੂੰ ਕੋਈ ਠੱਲ ਨਹੀਂ ਪਾ ਸਕਦਾ। ਇਹ ਪਤਾ ਹੋਣ ਦੇ ਉਪਰੰਤ ਕਿ ਜਿਨ੍ਹਾਂ ਦੀ ਧਾਰਮਿਕ ਆਜ਼ਾਦੀ ਨੂੰ ਸਮੇਂ ਦਾ ਬਾਦਸ਼ਾਹ ਔਰੰਗਜ਼ੇਬ ਖ਼ਤਮ ਕਰਨਾ ਚਾਹੁੰਦਾ ਸੀ ਉਹਨਾਂ ਦੀ ਸਹਾਇਤਾ ਕਰਨੀ ਮੌਤ ਨੂੰ ਸੱਦਾ ਦੇਣਾ ਸੀ, ਫਿਰ ਵੀ ਸ਼ਰਨ ਆਏ ਕਸ਼ਮੀਰੀ

ਪੰਡਤਾਂ ਦੀ ਬਾਂਹ ਫੜੀ ਤੇ ਉਹਨਾਂ ਦੀ ਧਾਰਮਿਕ ਆਜ਼ਾਦੀ ਨੂੰ ਕਾਇਮ ਰੱਖਣ ਲਈ ਉਹਨਾਂ ਨੇ ਕਿਹਾ ਕਿ ਜਾਓ ਜਾ ਕੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਜੇ ਸ੍ਰੀ ਗੁਰੂ ਤੇਗ ਬਹਾਦਰ ਮੁਸਲਮਾਨ ਹੋ ਜਾਣ ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਅਜਿਹਾ ਕਹਿਣਾ ਇਕ ਮਹਾਨ ਨਿਰਭਉ ਜੋਧੇ ਦਾ ਹੀ ਕੰਮ ਸੀ। ਇਸ ਲਈ ਜਿਸ ਸਮੇਂ ਹਿੰਦੂ ਭਗਤ ਅਤੇ ਮੁਸਲਮਾਨ ਫ਼ਕੀਰ ਔਰੰਗਜ਼ੇਬ ਦੇ ਅਤਿਆਚਾਰ ਤੇ ਜ਼ੁਲਮ ਨੂੰ ਰੱਬ ਦੀ ਮਰਜ਼ੀ ਕਹਿ ਕੇ ਆਪਣੇ ਆਪ ਨੂੰ ਕਮਜ਼ੋਰ ਸਮਝ ਕੇ ਚੁਪ-ਚਾਪ ਸਨ ਅਤੇ ਮੌਤ ਦੇ ਘਾਟ ਉਤਾਰੇ ਜਾ ਰਹੇ ਸਨ ਅਤੇ ਇਸ ਤਰ੍ਹਾਂ ਬਾਕੀ ਕੌਮ ਨੂੰ ਨਿਰਬਲ ਬਣਾ ਰਹੇ ਸਨ। ਜਦੋਂ ਔਰੰਗਜ਼ੇਬ ਦੇ ਅੱਤਿਆਚਾਰ ਕਰਨ ਨਾਲ ਮਨੁੱਖਤਾ ਅਤਿ ਪੀੜਤ ਤੇ ਦੁਖੀ ਸੀ, ਉਸ ਵਕਤ ਆਪਣੇ ਸਿਵਾ ਕਿਸੇ ਵਿਤਕਰੇ ਦੇ ਮਜ਼ਲੂਮ ਪੰਡਤਾਂ ਦੀ ਬਾਂਹ ਫੜੀ ਤੇ ਦੇਸ਼ ਦਾ ਦੌਰਾ ਅਰੰਭਿਆ। ਲੋਕਾਂ ਅੰਦਰ ਜੀਵਨ-ਸਾਹਸ ਪੈਦਾ ਕਰਨ ਲਈ ਉਹਨਾਂ ਨੂੰ ਇਹ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ:

ਕਿਸੇ ਨੂੰ ਡਰ ਦੇਣਾ ਆਪਣੇ ਬਲ ਦਾ ਗ਼ਲਤ ਪ੍ਰਯੋਗ ਕਰਨਾ ਹੈ।
ਕਿਸੇ ਦਾ ਡਰ ਮੰਨਣਾ ਆਪਣੀ ਕਮਜ਼ੋਰੀ ਤੇ ਕਾਇਰਤਾ ਹੈ।

ਲੋਕਾਂ ਵਿਚ ਚੜ੍ਹਦੀ ਕਲਾ ਪੈਦਾ ਕਰਨ ਲਈ ਤੇ ਉਹਨਾਂ ਦੇ ਮਨੋ-ਬਲ ਨੂੰ ਬਲਵਾਨ ਬਣਾਉਣ ਲਈ ਆਪ ਨੇ ਇਹ ਉਪਦੇਸ਼ ਦਿੱਤਾ:

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥** *(ਪੰਨਾ ੧੪੨੯)*

ਸਾਰੀ ਜਾਤੀ ਦਾ ਭਾਰ ਆਪਣੇ ਸਿਰ ਲੈ ਲੈਣਾ ਤੇ ਹਕੂਮਤ ਨੂੰ ਵੰਗਾਰ ਪਾਉਣੀ ਛੋਟੀ ਜਿਹੀ ਗੱਲ ਨਹੀਂ ਸੀ। ਜਿਸ ਸਮੁੱਚੀ ਜਾਤੀ ਦੀ ਹੋਂਦ ਨੂੰ ਭਾਰਤ ਦੀ ਸਰ ਜ਼ਮੀਨ ਤੋਂ ਖ਼ਤਮ ਕਰ ਦੇਣ ਲਈ ਸਮੇਂ ਦੀ ਹਕੂਮਤ ਤੁਲ ਚੁਕੀ ਹੋਵੇ, ਉਸ ਦੇ ਪ੍ਰਤੀਨਿਧ ਦੀ ਹੈਸੀਅਤ ਵਿਚ ਉਸ ਦਾ ਸਾਹਮਣਾ ਕਰਨਾ ਗੁਰੂ ਜੀ ਦੀ ਮਹਾਨ ਦਲੇਰੀ ਤੇ ਨਿਰਭੈਤਾ ਦਾ ਲਖਾਇਕ ਹੈ।

ਇਸ ਦੇ ਨਾਲ ਗੁਰੂ ਜੀ ਨੇ ਲਿਖਤੀ ਜਾਂ ਅਮਲੀ ਤੌਰ 'ਤੇ ਬਾਦਸ਼ਾਹ ਔਰੰਗਜ਼ੇਬ ਤੇ ਉਸ ਦੇ ਕਰਮਚਾਰੀਆਂ ਦੇ ਵਿਰੁੱਧ ਨਾ ਕੁਝ ਲਿਖਿਆ ਤੇ ਨਾ ਹੀ ਸਿੱਖਾਂ ਨੂੰ ਕੁਝ ਕਰਨ ਲਈ ਕਿਹਾ। ਇਹ ਉਹਨਾਂ ਦੀ ਨਿਰਵੈਰਤਾ ਹੀ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਨਿਰਭੈਤਾ ਦੀ ਇਕ ਹੋਰ ਉਦਾਹਰਣ ਦਿੱਤੀ ਜਾ ਸਕਦੀ ਹੈ। ਜਦੋਂ ਧੀਰਮੱਲ ਨੇ ਸ਼ੀਹਾਂ ਮਸੰਦ ਦੀ ਸਹਾਇਤਾ ਨਾਲ ਗੁਰੂ ਜੀ 'ਤੇ ਗੋਲੀ ਚਲਵਾਈ ਤੇ ਉਹਨਾਂ ਦਾ ਸਾਰਾ ਮਾਲ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਗਏ ਤੇ ਗੁਰੂ ਜੀ ਦੇ ਸਿੱਖਾਂ ਨੇ ਭਾਈ ਮੱਖਣ ਸ਼ਾਹ ਲੁਬਾਣੇ ਦੀ ਅਗਵਾਈ ਹੇਠ ਬਦਲੇ ਵਿਚ ਧੀਰਮੱਲ 'ਤੇ ਧਾਵਾ ਬੋਲ ਕੇ ਸਾਰਾ ਸਮਾਨ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਾਪਸ ਲੈ ਆਂਦਾ ਤਾਂ ਉਸ ਸਮੇਂ ਗੁਰੂ ਜੀ ਨੇ ਧੀਰਮੱਲ ਨੂੰ ਖ਼ਿਮਾਂ ਕਰਦਿਆਂ ਬਿਨਾਂ ਕਿਸੇ ਡਰ ਦੇ ਉਸ ਦਾ ਸਾਰਾ ਮਾਲ ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵੀ ਸਤਿਕਾਰ ਸਹਿਤ ਉਸ ਨੂੰ ਵਾਪਸ ਕਰ ਦਿੱਤਾ ਸੀ। ਉਹਨਾਂ ਨੇ ਕਿਸੇ ਨੂੰ ਡਰਾਉਣਾ ਯੋਗ ਨਹੀਂ ਸਮਝਿਆ। ਧੀਰਮੱਲ ਨੂੰ ਖਿਮਾ ਕਰ ਦੇਣਾ ਉਹਨਾਂ ਦੀ ਨਿਰਵੈਰਤਾ ਸੀ।

ਆਸਾਮ ਦੇ ਰਾਜਾ ਤੇ ਰਾਜਾ ਰਾਮ ਸਿੰਘ ਵਿਚਕਾਰ ਸੁਲਾਹ ਕਰਵਾਉਣ ਦੀ ਗੱਲ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਨਿਰਭੈਤਾ ਤੇ ਨਿਰਵੈਰਤਾ ਨੂੰ ਰੂਪਮਾਨ ਕਰਦੀ ਹੈ। ਰਾਜਾ ਰਾਮ ਸਿੰਘ ਗੁਰੂ ਜੀ ਦਾ ਸਾਥ ਪ੍ਰਾਪਤ ਕਰ ਕੇ ਨਿਰਭੈ ਹੋ ਗਿਆ। ਗੁਰੂ ਜੀ ਨੇ ਆਸਾਮ ਦੇ ਰਾਜਾ ਤੇ ਰਾਜਾ

ਰਾਮ ਸਿੰਘ ਵਿਚਕਾਰ ਭੈ ਤੇ ਵੈਰ ਦੀ ਭਾਵਨਾ ਦੂਰ ਕਰਕੇ ਦੋਨਾਂ ਦੀ ਸੁਲਾਹ ਕਰਵਾ ਦਿੱਤੀ। ਇਸ ਤਰ੍ਹਾਂ ਉਹਨਾਂ ਦੀ ਬੰਗਾਲ ਯਾਤਰਾ ਦੇ ਸਮੇਂ ਉਹਨਾਂ ਦੀ ਨਿਰਭੈਤਾ ਦੀ ਇਕ ਹੋਰ ਉਦਾਹਰਣ ਮਿਲਦੀ ਹੈ। ਬੰਗਾਲ ਦੀਆਂ ਜਾਦੂਗਰਨੀਆਂ ਨੇ ਗੁਰੂ ਜੀ ਨੂੰ ਪ੍ਰਭਾਵਿਤ ਤੇ ਆਕਰਸ਼ਿਤ ਕਰਨ ਲਈ ਅਨੇਕਾਂ ਜਾਦੂਗਰੀ ਕ੍ਰਿਆਵਾਂ ਕੀਤੀਆਂ ਪਰ ਕੋਈ ਅਸਰ ਨਾ ਹੋਇਆ। ਗੁਰੂ ਜੀ ਦੀ ਨਿਰਭੈਤਾ ਦੇ ਸਾਹਮਣੇ ਜਾਦੂਗਰਨੀਆਂ ਦੀਆਂ ਸ਼ਕਤੀਆਂ ਨਿਰਬਲ ਹੋ ਗਈਆਂ ਤੇ ਉਹ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਈਆਂ। ਆਪ ਅਨੇਕ ਸ਼ਕਤੀਆਂ ਦੇ ਮਾਲਕ ਸਨ। ਅਗਰ ਚਾਹੁੰਦੇ ਤਾਂ ਬਦਲੇ ਵਿਚ ਆਪਣੀ ਸ਼ਕਤੀ ਦਾ ਪ੍ਰਯੋਗ ਕਰ ਕੇ ਉਹਨਾਂ ਨੂੰ ਭੈਭੀਤ ਕਰ ਸਕਦੇ ਸਨ ਪਰ ਆਪ ਨੇ ਅਜਿਹਾ ਨਾ ਕੀਤਾ ਕਿਉਂਕਿ ਆਪ ਕਿਸੇ ਨੂੰ ਭੈਭੀਤ ਕਰਨਾ ਹੀ ਨਹੀਂ ਚਾਹੁੰਦੇ ਸਨ।

ਗੁਰੂ ਜੀ ਜਦੋਂ ਲਖਨੌਰ ਤੋਂ ਕਰਨਾਲ ਜਾ ਰਹੇ ਸਨ ਤਾਂ ਇਕ ਨੌਜਵਾਨ ਨੇ ਬੇਨਤੀ ਕੀਤੀ ਕਿ ਮੇਰੇ ਛੇ ਸਾਲ ਦੇ ਲੜਕੇ ਨੂੰ ਮੇਰੇ ਰਿਸ਼ਤੇਦਾਰ ਨੇ ਮਾਰ ਦਿੱਤਾ ਹੈ। ਇਹ ਖ਼ਿਆਲ ਜਦੋਂ ਮੈਨੂੰ ਆਉਂਦਾ ਹੈ ਤਾਂ ਮੇਰਾ ਮਨ ਬਦਲੇ ਲਈ ਤੜਪ ਉਠਦਾ ਹੈ। ਗੁਰੂ ਜੀ ਨੇ ਪੁੱਛਿਆ—ਤੈਨੂੰ ਕੀ ਚਾਹੀਦਾ ਹੈ। ਉਸ ਨੇ ਕਿਹਾ—ਬਦਲਾ! ਗੁਰੂ ਜੀ ਨੇ ਉਸ ਨੂੰ ਉਪਦੇਸ਼ ਕੀਤਾ—ਬਦਲਾ ਸ਼ੈਤਾਨੀ ਕਰਮ ਹੈ ਅਤੇ ਖਿਮਾ ਖ਼ੁਦਾਈ।

ਵਰਤਮਾਨ ਯੁਗ ਵਿਚ ਮਨੁੱਖ ਮਨੁੱਖ ਨਾਲ ਵੈਰ ਕਰਦਾ ਹੈ ਤੇ ਇਕ ਦੂਜੇ ਤੋਂ ਡਰਦਾ ਹੈ। ਇਕ ਰਾਸ਼ਟਰ ਦੂਜੇ ਰਾਸ਼ਟਰ ਤੋਂ ਭੈ ਖਾਂਦਾ ਹੈ। ਇਸ ਤਰ੍ਹਾਂ ਵਿਅਕਤੀਗਤ ਤੇ ਅੰਤਰਰਾਸ਼ਟਰੀ ਪੱਧਰ 'ਤੇ ਭੈ ਤੇ ਵੈਰ ਦਾ ਵਾਤਾਵਰਣ ਬਣਿਆ ਹੋਇਆ ਹੈ। ਇਕ ਮਨੁੱਖ ਦਾ ਭਾਵੇਂ ਕਿਸੇ ਨਾਲ ਵੈਰ ਹੋਵੇ ਜਾਂ ਨਾ ਹੋਵੇ ਫਿਰ ਵੀ ਡਰਦਾ ਹੈ ਕਿ ਕੋਈ ਕਿਸੇ ਵਕਤ ਵੀ ਨੁਕਸਾਨ ਪਹੁੰਚਾ ਸਕਦਾ ਹੈ। ਅੱਜ ਮਨੁੱਖ ਮਨੁੱਖ ਦਾ ਵੈਰੀ ਹੋ ਗਿਆ ਹੈ। ਵਿਗਿਆਨਕ ਤੌਰ 'ਤੇ ਮਨੁੱਖ ਨੇ ਇਤਨੇ ਖਤਰਨਾਕ ਹਥਿਆਰ ਬਣਾ ਲਏ ਹਨ ਕਿ ਉਹਨਾਂ ਦਾ ਖ਼ਿਆਲ ਹੀ ਮਨੁੱਖ ਨੂੰ ਭੈਭੀਤ ਕਰ ਦਿੰਦਾ ਹੈ। ਵੈਰ ਦੀ ਭਾਵਨਾ ਸਦਕਾ ਇਕ ਮੁਲਕ ਦੂਜੇ ਮੁਲਕ ਦਾ ਦੁਸ਼ਮਣ ਬਣੀ ਬੈਠਾ ਹੈ। ਮਨੁੱਖ ਦੇ ਪਾਸ ਸਭ ਕੁਝ ਹੁੰਦਿਆਂ ਹੋਇਆਂ ਵੀ ਉਹ ਬੇਫਿਕਰੀ ਦੀ ਨੀਂਦ ਨਹੀਂ ਸੌਂ ਸਕਦਾ। ਇਸ ਲਈ ਜੇ ਗੁਰੂ ਤੇਗ ਬਹਾਦਰ ਜੀ ਦਾ ਨਿਰਭਉ-ਨਿਰਵੈਰ ਵਾਲਾ ਜੀਵਨ-ਦਰਸ਼ਨ ਅੱਜ ਦੇ ਮਨੁੱਖ ਦਾ ਜੀਵਨ ਵਿਵਹਾਰ ਜਾਂ ਅਮਲੀ ਅੰਸ ਬਣ ਜਾਏ ਤਾਂ ਉਸ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ ਤੇ ਇਕ ਐਸਾ ਵਾਤਾਵਰਣ ਪੈਦਾ ਹੋ ਸਕਦਾ ਹੈ ਜਿਸ ਵਿਚ ਮਨੁੱਖ ਤੇ ਵੱਖ-ਵੱਖ ਰਾਸ਼ਟਰ ਆਪਣੇ-ਆਪਣੇ ਘੇਰੇ ਵਿਚ ਸੁਖ-ਅਨੰਦ ਨਾਲ ਰਹਿ ਸਕਦੇ ਹਨ। ਸੰਸਾਰ ਵਿਚ ਸ਼ਾਂਤੀ ਦਾ ਵਾਤਾਵਰਣ ਪੈਦਾ ਹੋ ਸਕਦਾ ਹੈ। ਸਾਰੀ ਮਨੁੱਖਤਾ ਤੀਜੀ ਭਿਆਨਕ ਲੜਾਈ ਦੀ ਬਰਬਾਦੀ ਤੋਂ ਬਚ ਸਕਦੀ ਹੈ। ਇਸ ਲਈ ਅਜੋਕੇ ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ ਗੁਰੂ ਤੇਗ ਬਹਾਦਰ ਜੀ ਦੇ ਨਿਰਭਉ-ਨਿਰਵੈਰ ਵਾਲੇ ਅਮਲੀ ਜੀਵਨ-ਦਰਸ਼ਨ ਵਿਚ ਵਿਦਮਾਨ ਹੈ।

(11/1990)

# ਮਾਨਵਤਾ ਦੇ ਰਹਿਬਰ—ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਸਿੱਖ ਕੌਮ ਸ਼ਹੀਦਾਂ ਦੀ ਕੌਮ ਹੈ ਅਤੇ ਸਿੱਖ ਇਤਿਹਾਸ ਗੌਰਵਮਈ ਇਤਿਹਾਸ ਹੈ। ਜੇ ਇਉਂ ਕਹਿ ਲਿਆ ਜਾਵੇ ਕਿ ਸ਼ਹੀਦੀਆਂ ਅਤੇ ਕੁਰਬਾਨੀਆਂ ਦਾ ਦੂਸਰਾ ਨਾਮ ਸਿੱਖੀ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ। ਜਦੋਂ-ਜਦੋਂ ਵੀ ਬਦੀ ਨੇ ਸਿਰ ਚੁੱਕਿਆ, ਜ਼ੁਲਮ ਨੇ ਅੰਗੜਾਈ ਲਈ, ਚੀਕਾਂ-ਕੂਕਾਂ ਅਤੇ ਫ਼ਰਿਆਦਾਂ ਨਾਲ ਅਸਮਾਨ ਚੀਰਿਆ ਗਿਆ ਤਾਂ ਬਦੀ ਦਾ ਸਿਰ ਕੁਚਲਣ ਲਈ, ਜ਼ੁਲਮ ਦਾ ਮਲੀਆਮੇਟ ਕਰਨ ਲਈ, ਜੇ ਕੋਈ ਨਿੱਤਰਿਆ ਤਾਂ ਸਿੱਖ ਹੀ ਸੀ। ਇਸ ਤੱਥ ਦੀ ਗਵਾਹੀ ਗੌਰਵਮਈ ਸਿੱਖ ਇਤਿਹਾਸ ਦੇ ਖ਼ੂਨੀ ਪੱਤਰੇ ਭਰਦੇ ਹਨ। ਤੱਤੀਆਂ ਤਵੀਆਂ 'ਤੇ ਬੈਠਣ ਲਈ, ਆਰਿਆਂ ਨਾਲ ਚੀਰੇ ਜਾਣ ਲਈ, ਖੋਪੜੀਆਂ ਲੁਹਾਉਣ ਲਈ, ਦੇਗਾਂ ਵਿਚ ਉਬਾਲੇ ਜਾਣ ਲਈ, ਨੇਜ਼ਿਆਂ ਉੱਤੇ ਟੰਗੇ ਜਾਣ ਲਈ ਜੋ ਕਿਸੇ ਨੇ ਹੀਆ ਕੀਤਾ ਤਾਂ ਉਹ ਸਿੱਖ ਹੀ ਸਨ।

ਧਰਮ ਦੀ ਆਨ ਅਤੇ ਸ਼ਾਨ ਨੂੰ ਬਰਕਰਾਰ ਰੱਖਣ ਲਈ ਅਤੇ ਮਾਨਵੀ ਕਦਰਾਂ-ਕੀਮਤਾਂ ਨੂੰ ਬਚਾਉਣ ਲਈ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਦਮਾਂ 'ਤੇ ਚੱਲਦਿਆਂ ਸਿੱਖੀ ਦਾ ਜੈਕਾਰਾ ਬਣ ਕੇ ਆਏ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਲੋਕਾਈ ਵਿਚ ਸੂਰਜ ਵਾਂਗ ਚਮਕ ਰਿਹਾ ਹੈ, ਜਿਨ੍ਹਾਂ ਨੇ ਸਿਰਫ਼ ਸਿੱਖੀ ਲਈ ਹੀ ਨਹੀਂ ਬਲਕਿ ਸਮੁੱਚੀ ਮਾਨਵਤਾ ਲਈ ਕੁਰਬਾਨੀ ਦਿੱਤੀ।

ਤਾਜ ਦੇ ਭੁੱਖੇ ਔਰੰਗਜ਼ੇਬ ਨੇ ਆਪਣੇ ਹੀ ਖ਼ੂਨ ਉੱਪਰ ਅੱਤਿਆਚਾਰ ਕਰਦਿਆਂ ਢਿੱਲ ਨਹੀਂ ਕੀਤੀ। ਉਸ ਨੇ ਆਪਣੇ ਪਿਤਾ ਸ਼ਾਹਜਹਾਨ ਨੂੰ ਬੰਦੀ ਬਣਾ ਕੇ ਕਾਲ ਕੋਠੜੀ ਵਿਚ ਪਾ ਦਿੱਤਾ ਅਤੇ ਆਪਣੇ ਸਕੇ ਭਰਾਵਾਂ ਨੂੰ ਮਾਰ ਕੇ ਗੱਦੀ ਸਾਂਭੀ। ਉਪਰੰਤ ਸਮੇਂ ਦਾ ਬਾਦਸ਼ਾਹ ਅਖਵਾਉਣ ਲਈ, ਇਸਲਾਮ ਧਰਮ ਵਿਚ ਆਪਣੀ ਠੁੱਕ ਬਣਾਉਣ ਲਈ, ਕੱਟੜ ਮੁਸਲਮਾਨਾਂ ਨੂੰ ਖ਼ੁਸ਼ ਕਰਨ ਅਤੇ ਸਮੁੱਚੇ ਹਿੰਦੁਸਤਾਨ ਦੀ ਧਰਤੀ ਉੱਤੇ ਇਸਲਾਮ ਨੂੰ ਪ੍ਰਵਾਨ ਚੜ੍ਹਾਉਣ ਲਈ ਉਸ ਨੇ ਅਗਲਾ ਮੋਹਰਾ ਨਿਰਦੋਸ਼ ਹਿੰਦੂਆਂ ਨੂੰ ਬਣਾਇਆ। ਹਿੰਦੂਆਂ ਨੂੰ ਇਸਲਾਮ ਕਬੂਲਣ ਲਈ ਕਿਹਾ ਗਿਆ ਅਤੇ ਨਾ ਮੰਨਣ 'ਤੇ ਲਾਲਚ ਵੀ ਦਿੱਤੇ ਗਏ। ਜਦੋਂ ਉਸ ਨੂੰ ਕੋਈ ਸਫਲਤਾ ਨਾ ਮਿਲੀ ਤਾਂ ਉਸ ਨੇ ਸੂਬੇਦਾਰਾਂ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਵੇ ਅਤੇ ਹਿੰਦੁਸਤਾਨ ਦੀ ਧਰਤੀ ਤੋਂ ਹਿੰਦੂਆਂ ਦਾ ਨਾਮੋ-ਨਿਸ਼ਾਨ ਮਿਟਾ ਕੇ ਇਸਲਾਮ ਦੇ ਝੰਡੇ ਗੱਡ ਦਿੱਤੇ ਜਾਣ।

ਨਤੀਜੇ ਵਜੋਂ ਹਿੰਦੂਆਂ ਦੇ ਮੇਲੇ ਅਤੇ ਤਿਉਹਾਰਾਂ ਉੱਪਰ ਸਖ਼ਤ ਪਾਬੰਦੀ ਲਾ ਦਿੱਤੀ ਗਈ। ਮੰਦਰਾਂ ਨੂੰ ਢਾਹ ਕੇ ਮਸੀਤਾਂ ਦੀ ਉਸਾਰੀ ਹੋਣ ਲੱਗੀ। ਬਨਾਰਸ ਸ਼ਹਿਰ ਦੇ ਅਤਿ ਵਿਸ਼ਾਲ ਅਤੇ ਪ੍ਰਸਿੱਧ ਵਿਸ਼ਵਨਾਥ ਦੇ ਮੰਦਰ ਅਤੇ ਸ੍ਰੀ ਕ੍ਰਿਸ਼ਨ ਜੀ ਦੀ ਜਨਮ-ਭੂਮੀ ਮਥੁਰਾ ਦੇ ਉੱਘੇ ਕੇਸ਼ਵ ਰਾਇ ਦੇ ਮੰਦਰ ਸਮੇਤ ਉਦੈਪੁਰ, ਉਜੈਨ ਅਤੇ ਜੋਧਪੁਰ ਆਦਿ ਥਾਵਾਂ ਦੇ ਮੰਦਰ ਢਾਹ ਦਿੱਤੇ ਗਏ।

ਹਿੰਦੂਆਂ ਨੂੰ ਜਮਨਾ ਨਦੀ ਦੇ ਕਿਨਾਰੇ ਦਾਹ-ਸੰਸਕਾਰ ਕਰਨ ਤੋਂ ਰੋਕ ਦਿੱਤਾ ਗਿਆ। ਪਾਠਸ਼ਾਲਾਵਾਂ ਨੂੰ ਮਦਰੱਸਿਆਂ ਵਿਚ ਬਦਲ ਦਿੱਤਾ ਗਿਆ। ਹਿੰਦੂਆਂ ਪਾਸੋਂ ਜਜ਼ੀਆ ਧੱਕੇ ਨਾਲ ਵਸੂਲਿਆ ਜਾਣ ਲੱਗਾ। ਹਰ ਰੋਜ਼ ਸਵਾ-ਸਵਾ ਮਣ ਜਨੇਊ ਉਤਾਰੇ ਜਾਣ ਲੱਗੇ। ਹਰ ਪਾਸੇ ਜ਼ੁਲਮ ਦੀ ਹਾਹਾਕਾਰ ਮੱਚ ਗਈ। ਕਸ਼ਮੀਰ ਦੇ ਸੂਬੇਦਾਰ ਸ਼ਾਹ ਅਫ਼ਗਾਨ ਮਾਨੋ ਕਸ਼ਮੀਰੀ ਪੰਡਿਤਾਂ ਲਈ ਕਾਲ ਬਣ ਗਿਆ। ਔਰੰਗਜ਼ੇਬ ਦਾ ਫ਼ੁਰਮਾਨ ਸੀ ਕਿ ਮੁਸਲਮਾਨ ਬਣੋ ਜਾਂ ਮੌਤ ਕਬੂਲੋ।

ਪਰ ਸ਼ਾਇਦ ਔਰੰਗਜ਼ੇਬ ਇਹ ਨਹੀਂ ਜਾਣਦਾ ਸੀ ਕਿ ਉਸ ਦੇ ਮੱਕਾਰ ਮਨਸੂਬਿਆਂ ਨੂੰ ਠੱਲ੍ਹ ਪਾਉਣ ਲਈ ਨੌਵੇਂ ਪਾਤਿਸ਼ਾਹ ਆਪਣੇ ਪਰੰਪਰਕ ਰਸਤੇ ਉੱਪਰ ਕਦਮ ਰੱਖ ਚੁੱਕੇ ਸਨ। ਇਕ ਅਜਿਹਾ ਕਦਮ ਜੋ ਨਾ ਕੇਵਲ ਜ਼ੁਲਮ ਦੇ ਭਾਂਬੜ ਠੱਲ੍ਹਣ ਲਈ ਸੀ, ਜੋ ਨਾ ਕੇਵਲ ਹਿੰਦੂਆਂ ਜਾਂ ਸਿੱਖਾਂ ਲਈ ਸੀ, ਇਹ ਕਦਮ ਤੋਂ ਵਿਸ਼ਵ-ਇਤਿਹਾਸ ਵਿਚ ਸਮੁੱਚੀ ਮਨੁੱਖਤਾ ਦੇ ਕਲਿਆਣ ਲਈ ਇਕ ਅਸਲੋਂ ਵਿਲੱਖਣ ਪੈੜ ਸੀ।

ਔਰੰਗਜ਼ੇਬ ਦੇ ਜ਼ੁਲਮ ਦਾ ਸ਼ਿਕਾਰ ਬਣੇ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਜਦੋਂ ਕਿਸੇ ਪਾਸੇ ਨਾ ਸੁਣੀ ਗਈ ਤਾਂ ਉਨ੍ਹਾਂ ਨੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਰਨ ਲੈਣ ਦਾ ਨਿਸ਼ਚੇ ਕੀਤਾ। ਕਸ਼ਮੀਰੀ ਪੰਡਿਤਾਂ ਦਾ ਇਕ ਜਥਾ ਆਪਣੀ ਫ਼ਰਿਆਦ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆਇਆ। ਕਸ਼ਮੀਰੀ ਪੰਡਤ ਕਿਰਪਾ ਰਾਮ ਤੋਂ ਉਨ੍ਹਾਂ ਦੀ ਦਰਦ ਕਹਾਣੀ ਸੁਣ ਕੇ ਗੁਰੂ ਜੀ ਨੇ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ" ਮਹਾਂਵਾਕ ਅਨੁਸਾਰ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਬਾਬੇ ਨਾਨਕ ਦੇ ਦਰ ਤੋਂ ਮਾਯੂਸ ਨਹੀਂ ਪਰਤਣਗੇ। ਇਸ ਤੋਂ ਬਾਅਦ ਗੁਰੂ ਜੀ ਕਿਸੇ ਡੂੰਘੀ ਸੋਚ ਵਿਚ ਡੁੱਬ ਗਏ ਅਤੇ ਕੁਝ ਸਮੇਂ ਬਾਅਦ ਫ਼ਰਮਾਉਣ ਲੱਗੇ ਕਿ ਅਜੇ ਧਰਮ ਯੁੱਧ ਦਾ ਸਮਾਂ ਨਹੀਂ ਆਇਆ। ਇਸ ਸਮੇਂ ਕਿਸੇ ਮਹਾਨ ਆਤਮਾ ਦੀ ਸ਼ਹੀਦੀ ਦੀ ਲੋੜ ਹੈ। ਸਿਰਫ਼ ਕੁਰਬਾਨੀ ਨਾਲ ਹੀ ਡੁੱਬਦੇ ਧਰਮ ਨੂੰ ਬਚਾਇਆ ਜਾ ਸਕਦਾ ਹੈ। ਆਪ ਜੀ ਦੇ ਬਚਨ ਸੁਣ ਕੇ ਪੂਰੇ ਦਰਬਾਰ ਵਿਚ ਸੱਨਾਟਾ ਛਾ ਗਿਆ। ਆਪ ਜੀ ਦੇ ਸਪੁੱਤਰ ਬਾਲ ਗੋਬਿੰਦ ਰਾਇ ਜੀ ਨੇ ਆਪ ਜੀ ਤੋਂ ਇਸ ਖ਼ਾਮੋਸ਼ੀ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਜਵਾਬ ਦਿੱਤਾ ਕਿ ਅੱਤਿਆਚਾਰ ਦੇ ਭਾਂਬੜ ਬਹੁਤ ਉੱਚੇ ਚਲੇ ਗਏ ਹਨ, ਜਿਸ ਵਿਚ ਇਹ ਨਿਤਾਣੇ ਲੋਕ ਬਾਲਣ ਦੀ ਥਾਂ ਝੋਕੇ ਜਾ ਰਹੇ ਹਨ। ਹੁਣ ਕਿਸੇ ਮਹਾਂਪੁਰਖ ਦੇ ਬਲੀਦਾਨ ਦੀ ਲੋੜ ਹੈ ਜੋ ਆਪਣੇ ਪਵਿੱਤਰ ਖ਼ੂਨ ਦੇ ਛਿੱਟੇ ਮਾਰ ਕੇ ਬਲਦੇ ਹੋਏ ਭਾਂਬੜਾਂ ਨੂੰ ਸ਼ਾਂਤ ਕਰ ਸਕੇ। ਬਾਲ ਗੋਬਿੰਦ ਰਾਇ ਜੀ ਨੇ ਕਿਹਾ ਕਿ ਆਪ ਜੀ ਤੋਂ ਬਿਨਾਂ ਹੋਰ ਮਹਾਂਪੁਰਖ ਕੌਣ ਹੋ ਸਕਦਾ ਹੈ ? ਆਪ ਆਪਣਾ ਬਲੀਦਾਨ ਦੇ ਕੇ ਇਨ੍ਹਾਂ ਦੇ ਡੁੱਬਦੇ ਹੋਏ ਧਰਮ ਦੀ ਰੱਖਿਆ ਕਰੋ। ਆਪਣੇ ਬਾਲ ਦੇ ਨਿੱਕੇ ਜਿਹੇ ਮੂੰਹੋਂ ਏਨੀ ਵੱਡੀ ਗੱਲ ਸੁਣ ਕੇ ਗੁਰੂ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਬਾਲ ਆਉਣ ਵਾਲੀ ਹਰ ਔਖੀ ਤੋਂ ਔਖੀ ਘੜੀ ਦਾ ਸਾਹਮਣਾ ਕਰਨ ਲਈ ਹਰ ਪਾਸੋਂ ਸਮਰੱਥ ਹੈ। ਆਪ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਤੁਸੀਂ ਨਿਸ਼ਚਿੰਤ ਹੋ ਕੇ ਜਾਓ ਤੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਜਾਹ! ਪਹਿਲਾਂ ਸਾਡੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲੈ। ਜੇ ਉਨ੍ਹਾਂ ਨੇ ਇਸਲਾਮ ਧਰਮ ਕਬੂਲ ਕਰ ਲਿਆ ਤਾਂ ਅਸੀਂ ਵੀ ਖ਼ੁਸ਼ੀ-ਖ਼ੁਸ਼ੀ ਮੁਸਲਮਾਨ ਬਣ ਜਾਵਾਂਗੇ।

ਇਸ ਤਰ੍ਹਾਂ ਗੁਰੂ ਜੀ ਬਾਲ ਗੋਬਿੰਦ ਰਾਇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ

ਦਸਵੇਂ ਵਾਰਿਸ ਥਾਪ ਕੇ ਆਪ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਜੈਤਾ ਜੀ ਅਤੇ ਭਾਈ ਦਿਆਲਾ ਜੀ ਆਦਿ ਸਿੱਖਾਂ ਨਾਲ ਦਿੱਲੀ ਵੱਲ ਕੁਰਬਾਨੀ ਦੇਣ ਚੱਲ ਪਏ।

ਜਦੋਂ ਗੁਰੂ ਜੀ ਨੂੰ ਇਸਲਾਮ ਦੇ ਨਸ਼ੇ ਵਿਚ ਧੁੱਤ ਔਰੰਗਜ਼ੇਬ ਦੇ ਸਾਹਮਣੇ ਲਿਆਂਦਾ ਗਿਆ ਤਾਂ ਉਸ ਨੇ ਇਸਲਾਮ ਦੀ ਮਹਿਮਾ ਗਾਉਂਦਿਆਂ ਆਪ ਜੀ ਨੂੰ ਇਸਲਾਮ ਕਬੂਲਣ ਲਈ ਪ੍ਰੇਰਿਆ। ਗੁਰੂ ਜੀ ਨੇ ਉਸ ਦੀ ਉਮੀਦ ਦੇ ਉਲਟ ਉੱਤਰ ਦਿੱਤਾ ਕਿ "ਧਰਮ ਜ਼ਬਰਦਸਤੀ ਤਲਵਾਰਾਂ ਦੀ ਨੋਕ ਉੱਤੇ ਨਹੀਂ ਬਦਲਾਇਆ ਜਾ ਸਕਦਾ। ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਕੇ ਨਾ ਤਾਂ ਤੁਸੀਂ ਸੱਚੇ ਮੁਸਲਮਾਨ ਹੋਣ ਦਾ ਸੰਕੇਤ ਦੇ ਰਹੇ ਹੋ, ਨਾ ਹੀ ਰੱਬ ਦੀ ਰਜ਼ਾ ਵਿਚ ਚੱਲ ਰਹੇ ਹੋ ਅਤੇ ਨਾ ਹੀ ਆਪਣੀ ਪਰਜਾ ਪ੍ਰਤੀ ਆਪਣੇ ਕਰਤੱਵ ਦਾ ਪਾਲਣ ਕਰ ਰਹੇ ਹੋ। ਬਾਦਸ਼ਾਹ ਹੋਣ ਦੇ ਨਾਤੇ ਤੁਹਾਡਾ ਫ਼ਰਜ਼ ਹੈ ਕਿ ਤੁਸੀਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਬਰਾਬਰ ਸਮਝੋ। ਇਸ ਦੇ ਉਲਟ ਤੁਸੀਂ ਤਾਂ ਹਿੰਦੂਆਂ ਨੂੰ ਆਪਣੇ ਅੰਨ੍ਹੇ ਜ਼ੁਲਮ ਦਾ ਸ਼ਿਕਾਰ ਬਣਾਇਆ ਹੈ। ਔਰੰਗਜ਼ੇਬ! ਤੇਰੇ ਇਸ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਅਤੇ ਮਾਸੂਮ ਲੋਕਾਂ ਦੀ ਰੱਖਿਆ ਲਈ ਅਸੀਂ ਮੈਦਾਨ ਵਿਚ ਆ ਨਿੱਤਰੇ ਹਾਂ। ਤੂੰ ਤਾਂ ਬਾਦਸ਼ਾਹ ਹੋਣ ਦੇ ਨਾਤੇ ਆਪਣੀ ਪਰਜਾ ਤੋਂ ਮੂੰਹ ਮੋੜੀ ਬੈਠਾ ਹੈਂ ਪਰ ਅਸੀਂ ਇਨ੍ਹਾਂ ਮਜ਼ਲੂਮਾਂ ਦੀ ਬਾਂਹ ਪਕੜ ਲਈ ਹੈ।"

ਇਸ ਪ੍ਰਕਾਰ ਗੁਰੂ ਜੀ ਨੂੰ ਚੜ੍ਹਦੀ ਕਲਾ ਵਿਚ ਅਤੇ ਉਨ੍ਹਾਂ ਦੁਆਰਾ ਇਸਲਾਮ ਨਾ ਕਬੂਲਣ ਦੇ ਅਟੱਲ ਨਿਸ਼ਚੇ ਨੂੰ ਵੇਖ ਕੇ ਔਰੰਗਜ਼ੇਬ ਗ਼ੁੱਸੇ ਵਿਚ ਕੰਬ ਉਠਿਆ। ਕੁਰਬਾਨੀ ਲਈ ਤਿਆਰ ਗੁਰੂ ਜੀ ਨੂੰ ਦੇਖ ਕੇ ਉਸ ਦੇ ਮਨਸੂਬਿਆਂ ਦੀਆਂ ਨੀਹਾਂ ਹਿੱਲ ਗਈਆਂ। ਆਪਣੀ ਇਸ ਹਾਰ ਨੂੰ ਵੇਖ ਕੇ ਉਸ ਨੇ ਅੰਤ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ ਜਾਵੇ ਅਤੇ ਇਨ੍ਹਾਂ ਦੇ ਮੁਰੀਦਾਂ ਨੂੰ ਤਸੀਹੇ ਦੇ-ਦੇ ਕੇ ਮਾਰ ਦਿੱਤਾ ਜਾਵੇ।

ਔਰੰਗਜ਼ੇਬ ਦੇ ਹੁਕਮ ਅਨੁਸਾਰ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਬਿਠਾਇਆ ਗਿਆ। ਇਸ ਪ੍ਰਕਾਰ ਇਕ-ਇਕ ਕਰਕੇ ਗੁਰੂ ਜੀ ਦੇ ਮੁਰੀਦਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਹੋਣੀ ਦੀ ਭੱਠੀ ਵਿਚ ਝੋਕ ਦਿੱਤਾ ਗਿਆ ਜਿਸ ਨੂੰ ਵੇਖ ਕੇ ਗੁਰੂ ਜੀ ਡੋਲੇ ਨਹੀਂ ਸਗੋਂ ਉਨ੍ਹਾਂ ਦਾ ਸਿਦਕ ਹੋਰ ਵੀ ਅਡੋਲ ਹੋ ਗਿਆ।

ਅੰਤ 11 ਨਵੰਬਰ, 1675 ਈ. ਨੂੰ ਚਾਂਦਨੀ ਚੌਂਕ ਵਿਖੇ ਕਾਜ਼ੀ ਨੇ ਫ਼ਤਵਾ ਪੜ੍ਹਿਆ। ਜੱਲਾਦ ਜਲਾਲੂਦੀਨ ਨੇ ਤਲਵਾਰ ਨਾਲ ਵਾਰ ਕੀਤਾ ਅਤੇ ਗੁਰੂ ਸਾਹਿਬ ਦਾ ਸੀਸ ਧੜ ਨਾਲੋਂ ਅਲੱਗ ਹੋ ਗਿਆ। ਆਪਣੇ ਮੂੰਹੋਂ ਸੀਅ ਨਾ ਉਚਾਰੀ। ਆਪ ਜੀ ਦੀ ਸ਼ਹਾਦਤ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿੱਤਰ ਨਾਟਕ' ਵਿਚ ਲਿਖਿਆ ਹੈ:

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥**
**ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥**

*(ਅਧਿ: ੫)*

ਆਪ ਜੀ ਦੀ ਲਾਸਾਨੀ ਸ਼ਹਾਦਤ ਨਾਲ ਦਿੱਲੀ ਦਾ ਦਿਲ ਕੰਬ ਉਠਿਆ ਅਤੇ ਲੋਕਾਂ ਦੀਆਂ ਚੀਕਾਂ ਨਾਲ ਅਸਮਾਨ ਚੀਰਿਆ ਗਿਆ।

ਸ਼ਹੀਦੀ ਤੋਂ ਤੁਰੰਤ ਬਾਅਦ ਅਜਿਹੀ ਹਨੇਰੀ ਝੁੱਲੀ ਕਿ ਸਭ ਆਪੋ ਆਪਣੇ ਬਚਾਅ ਲਈ ਭੱਜ ਉੱਠੇ। ਭਾਈ ਜੈਤਾ ਜੀ ਸਿਪਾਹੀਆਂ ਤੋਂ ਅੱਖ ਬਚਾ ਕੇ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਏ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਸਤਿਕਾਰ ਪੂਰਵਕ ਪ੍ਰਾਪਤ ਕਰਦਿਆਂ ਭਾਈ ਜੈਤਾ ਜੀ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਅਸ਼ੀਰਵਾਦ ਦਿੱਤਾ। ਗੁਰੂ ਜੀ ਦਾ ਧੜ ਭਾਈ ਲੱਖੀ ਸ਼ਾਹ ਆਪਣੇ ਘਰ ਲੈ ਗਿਆ। ਉਸ ਨੇ ਆਪਣੇ ਘਰ ਨੂੰ ਅਗਨ-ਭੇਟ ਕਰ ਕੇ ਗੁਰੂ ਜੀ ਦਾ ਦਾਹ-ਸੰਸਕਾਰ ਕੀਤਾ ਅਤੇ ਆਪ ਜੀ ਦੀਆਂ ਅਸਥੀਆਂ ਨੂੰ ਗਾਗਰ ਵਿਚ ਪਾ ਕੇ ਉਥੇ ਹੀ ਦੱਬ ਦਿੱਤਾ।

'ਬਚਿੱਤਰ ਨਾਟਕ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ:

**ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥੧੫॥**
**ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥** *(ਅਧਿ: ੫)*

ਵਿਸ਼ਵ-ਇਤਿਹਾਸ ਵਿਚ ਗੁਰੂ ਜੀ ਦੀ ਸ਼ਹਾਦਤ ਵਿਲੱਖਣ ਹੈ ਅਤੇ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ। ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਹ ਕੁਰਬਾਨੀ ਆਪਣੇ ਲਈ ਨਹੀਂ, ਆਪਣੇ ਭਾਈਚਾਰੇ ਲਈ ਨਹੀਂ ਬਲਕਿ ਮਾਨਵਤਾ ਨੂੰ ਬਚਾਉਣ ਖ਼ਾਤਰ ਦਿੱਤੀ ਗਈ। ਇਸ ਤਰ੍ਹਾਂ ਇਸ ਗੌਰਵਮਈ ਸ਼ਹਾਦਤ ਨੇ ਨਾ ਸਿਰਫ਼ ਸਿੱਖ ਇਤਿਹਾਸ ਨੂੰ ਹੀ ਨਵਾਂ ਮੋੜ ਦਿੱਤਾ ਸਗੋਂ ਪੂਰੇ ਵਿਸ਼ਵ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਲਈ ਮਰ-ਮਿਟਣ ਦਾ ਜਜ਼ਬਾ ਪ੍ਰਦਾਨ ਕੀਤਾ।

ਗੁਰੂ ਜੀ ਦੀ ਸ਼ਹਾਦਤ ਨੇ ਉਸ ਸਮੇਂ ਦੇ ਮਜ਼ਲੂਮਾਂ, ਨਿਤਾਣਿਆਂ, ਨਿਓਟਿਆਂ ਅਤੇ ਨਿਮਾਣਿਆਂ ਦੇ ਹਿਰਦੇ ਵਿਚ ਇਕ ਨਵੀਂ ਰੂਹ ਫੂਕੀ। ਆਪ ਜੀ ਦੀ ਕੁਰਬਾਨੀ ਨਾ ਸਿਰਫ਼ ਸਮਕਾਲੀਨ ਸਮਾਜ ਲਈ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪ੍ਰੇਰਨਾ-ਸਰੋਤ ਬਣੀ।

21ਵੀਂ ਸਦੀ ਦੇ ਸੰਦਰਭ ਵਿਚ ਇਸ ਸ਼ਹਾਦਤ ਦੀ ਮਹੱਤਤਾ ਹੋਰ ਵੀ ਦ੍ਰਿੜ੍ਹ ਹੋ ਜਾਂਦੀ ਹੈ ਕਿਉਂਕਿ ਅੱਜ ਫਿਰ ਸਾਡਾ ਸਮਾਜ ਭਾਸ਼ਾ ਦੇ ਨਾਂ 'ਤੇ, ਧਰਮ ਦੇ ਨਾਂ 'ਤੇ ਅਣਗਿਣਤ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਗੁਰੂ ਜੀ ਦੀ ਲਾਸਾਨੀ ਸ਼ਹਾਦਤ ਦੀ ਰੋਸ਼ਨੀ ਹੀ ਇਨ੍ਹਾਂ ਕੱਟੜਤਾ ਦੇ ਨਸ਼ੇ ਵਿਚ ਅੰਨ੍ਹੇ ਹੋਏ ਹਿੰਸਾਵਾਦੀਆਂ ਨੂੰ ਚਾਨਣ ਦੀ ਕਿਰਨ ਪ੍ਰਦਾਨ ਕਰ ਸਕਦੀ ਹੈ।

(11/2006)

# ਤੇਗ ਬਹਾਦਰ ਸਮ ਗੁਰੂ ਅਵਰ ਨਹੀਂ ਸੰਸਾਰ

ਸੰਸਾਰ ਭਰ ਦੇ ਇਤਿਹਾਸਕ ਸੰਦਰਭ ਵਿਚ ਸਿੱਖ ਇਤਿਹਾਸ ਨੂੰ ਮੁੱਖ ਰੱਖ ਕੇ ਅਧਿਐਨ ਕੀਤਾ ਜਾਵੇ ਤਾਂ ਇਸ ਦੀ ਵਿਲੱਖਣਮਈ ਵਿਚਾਰਧਾਰਾ, ਸ਼ਹਾਦਤਾਂ ਭਰੀ ਕਹਾਣੀ ਤੇ ਦਿਲ ਨੂੰ ਹਲੂਣਾ ਦੇਣ ਵਾਲੇ ਬਹਾਦਰੀ ਦੇ ਨਗਮੇ ਪਾਠਕ ਦੇ ਰੌਂਗਟੇ ਖੜੇ ਕਰ ਦਿੰਦੇ ਹਨ। ਨਿਰਸੰਦੇਹ ਜਦ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਦ੍ਰਿਸ਼ ਸਾਹਮਣੇ ਸਾਕਾਰ ਹੁੰਦਾ ਹੈ ਤਾਂ ਆਪ-ਮੁਹਾਰੇ ਹੀ ਮੂੰਹੋਂ ਨਿਕਲ ਜਾਂਦਾ ਹੈ :

ਤੇਗ ਬਹਾਦਰ ਸਮ ਗੁਰੂ ਅਵਰ ਨਹੀਂ ਸੰਸਾਰ।<br>
ਤਾਂ ਤੇ ਗੁਰੂ ਗੋਬਿੰਦ ਸਿੰਘ ਭਏ ਰੂਪ ਕਰਤਾਰ।[1]

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿੱਖ ਜਗਤ ਹੀ ਨਹੀਂ ਸਗੋਂ ਹਿੰਦ ਤੇ ਹਿੰਦ ਤੋਂ ਬਾਹਰਲੇ ਸੰਸਾਰ ਵਿਚ ਵੀ ਦੀਰਘ ਰਸ ਸਿੱਟੇ ਉਤਪੰਨ ਕਰਨ ਵਾਲੀ ਘਟਨਾ ਹੈ। ਅਜਿਹੀ ਕਿਰਿਆ ਸੱਚ-ਮੁੱਚ ਕੋਈ ਪ੍ਰੇਮ-ਪ੍ਰਾਪਤੀ ਦਾ ਮਾਲਕ ਹੀ ਕਰ ਸਕਦਾ ਹੈ। ਕਿਸੇ ਸੰਸਾਰਕ ਜੀਵ ਦੇ ਵੱਸ ਦੀ ਗੱਲ ਨਹੀਂ। ਇਹ ਭਗਤੀ-ਵਿਕਾਸ ਦਾ ਸਬੂਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਵਾਪਰੀ ਅਦੁੱਤੀ ਤਿਆਗ-ਮਈ ਸੂਰਬੀਰਤਾ, ਸਿੱਖ ਸੰਸਕ੍ਰਿਤੀ ਦੇ ਇਤਿਹਾਸਕ ਧਾਰਨਾਵਾਂ ਵਿਚ ਨਵਾਂ ਮੋੜ ਉਲੀਕਣ ਲਈ ਪ੍ਰੇਰਨਾ-ਸਰੋਤ ਹੋ ਨਿਬੜੀ। ਉਨ੍ਹਾਂ ਦੇ ਸਨਮਾਨ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੋਲ ਉਠੇ :

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**<br>
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥**<br>
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**<br>
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥** [2]

ਇੰਞ ਤੇਗ ਦੇ ਧਨੀ, ਤਿਆਗ-ਮਈ ਕਿਰਤੀ ਦੇ ਪੁੰਜ, ਕਿਸੇ ਨੂੰ ਨਾ ਡਰਾਉਣ ਤੇ ਨਾ ਡਰਨ ਵਾਲੇ ਇਸ ਸੂਰਬੀਰ ਬਚਨ ਦੇ ਬਲੀ ਨੇ 'ਅਜ਼ਮਤ' ਜਾਂ 'ਇਸਲਾਮ' ਵਿਚੋਂ ਕਿਸੇ ਨੂੰ ਵੀ ਕਬੂਲ ਨਾ ਕਰਦਿਆਂ ਸਰਬ-ਜਗਤ ਦੀ ਆਤਮਕ ਆਜ਼ਾਦੀ ਲਈ 'ਸੀਸ' ਦੇ ਦਿੱਤਾ, ਪਰ 'ਸਿਰਰ' ਨਾ ਦਿੱਤਾ।

## ਜਨਮ (ਪ੍ਰਕਾਸ਼)

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ (ਪ੍ਰਕਾਸ਼) ਸ੍ਰੀ ਅੰਮ੍ਰਿਤਸਰ[3] ਵਿਖੇ ਅਪ੍ਰੈਲ, 1621 ਈ.[4] ਵਿਚ ਹੋਇਆ ਮੰਨਿਆ ਜਾਂਦਾ ਹੈ। ਆਪ ਜੀ ਦੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਛੇਵੇਂ ਪਾਤਸ਼ਾਹ ਸਨ ਤੇ ਮਾਤਾ ਜੀ ਦਾ ਨਾਂ ਮਾਤਾ ਨਾਨਕੀ ਸੀ, ਜੋ ਬਕਾਲਾ ਨਿਵਾਸੀ ਭਾਈ ਹਰੀ ਚੰਦ ਲੰਬ ਖੱਤਰੀ[5] ਦੇ ਘਰ ਮਾਤਾ ਹਰਦਈ ਦੀ ਕੁੱਖ ਤੋਂ ਪੈਦਾ ਹੋਈ ਧੀ ਸੀ।

## ਪਾਲਣ-ਪੋਸਣ ਤੇ ਸਿੱਖਿਆ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਲਣ-ਪੋਸ਼ਣ ਧਾਰਮਿਕ ਵਾਤਾਵਰਣ ਵਿਚ ਹੋਇਆ। ਆਪ ਜੀ ਨੂੰ ਗੁਰੂ-ਘਰ ਨਾਲ ਜੁੜੇ ਉਸ ਵੇਲੇ ਭਾਈ ਗੁਰਦਾਸ ਜੀ ਵਰਗੇ ਵਿਸ਼ਾਲ ਦ੍ਰਿਸ਼ਟੀ ਦੇ ਮਾਲਕ ਤੇ ਚੋਟੀ ਦੇ ਵਿਦਵਾਨਾਂ ਪਾਸੋਂ ਧਾਰਮਿਕ ਵਿਦਿਆ ਅਤੇ ਭਾਈ ਪ੍ਰਤਾਪਾ, ਭਾਈ ਕਲਿਆਣ ਸੂਦ, ਭਾਈ ਆਡਿਟ, ਭਾਈ ਪਿਰਾਗਾ, ਭਾਈ ਭਾਨੂ, ਭਾਈ ਤਿਲੋਕਾ ਤੇ ਭਾਈ ਸ਼ੀਗਾਰੂ ਵਰਗੇ ਵੀਰ ਯੋਧਿਆਂ[6] ਕੋਲੋਂ ਸ਼ਾਸਤਰਾਂ ਦੀ ਸਿਖਲਾਈ ਮਿਲੀ। ਉਹ ਜ਼ਿਆਦਾ ਸਮਾਂ ਸਿੱਖ ਧਰਮ ਸ਼ਾਸਤਰ, ਰਾਗ, ਘੋੜ-ਸਵਾਰੀ ਅਤੇ ਸ਼ਸਤਰ-ਵਿਦਿਆ ਸਿੱਖਣ ਵਿਚ ਬਿਤਾਉਂਦੇ ਸਨ।[7] ਇਹ ਗੱਲ ਮੰਨਣੀ ਆਸਾਨ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਕਠਿਨ ਜ਼ਿੰਮੇਵਾਰੀ ਅਖ਼ਤਿਆਰ ਕਰ ਰਹੇ ਸਨ।

## ਵਿਆਹ

ਗਿਆਰਾਂ ਸਾਲ ਦੀ ਉਮਰ ਵਿਚ (ਗੁਰੂ) ਤੇਗ ਬਹਾਦਰ ਸਾਹਿਬ ਜੀ ਦੀ ਮੰਗਣੀ ਭਾਈ ਲਾਲ ਚੰਦ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਲਾਲ ਚੰਦ ਦੀ ਪੇਸ਼ਕਸ਼ ਨੂੰ ਬੜੀ ਖ਼ੁਸ਼ੀ ਨਾਲ ਸਵੀਕਾਰ ਕੀਤਾ ਤੇ ਛੇਤੀ ਪਿੱਛੋਂ 16 ਸਤੰਬਰ, 1632 ਈ.[8] ਨੂੰ ਸ਼ਾਦੀ ਕਰ ਦਿੱਤੀ ਗਈ।

## ਤਿਆਗ ਮੱਲ ਤੋਂ ਤੇਗ ਬਹਾਦਰ

(ਗੁਰੂ) ਤੇਗ ਬਹਾਦਰ ਜੀ ਜੰਗਾਂ-ਜੁੱਧਾਂ ਦੇ ਮਾਹੌਲ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਛਤਰ ਛਾਇਆ ਹੇਠ ਪਲੇ। ਸਿੱਖ ਇਤਿਹਾਸ ਦੇ ਪ੍ਰਸਿੱਧ ਖੋਜਵਾਨ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ-ਨਾਮ 'ਤਿਆਗ ਮੱਲ' ਸੀ। ਕਰਤਾਰਪੁਰ ਯੁੱਧ ਵਿਚ ਆਪ ਨੇ ਤੇਗ ਦੇ ਖ਼ੂਬ ਜੌਹਰ ਵਿਖਾਏ ਤਾਂ ਪਿਤਾ-ਗੁਰੂ ਜੀ ਨੇ ਆਪ ਨੂੰ 'ਤੇਗ ਬਹਾਦਰ' ਦੀ ਪਦਵੀ ਬਖ਼ਸ਼ੀ।[9] ਹਰ ਲੜਾਈ ਵਿਚ ਜਾਨ ਦੀ ਪਰਵਾਹ ਨਾ ਕਰਦੇ।

## ਕਰਤਾਰਪੁਰ ਵੱਸਣਾ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਅਦ ਵਿਚ ਕੀਰਤਪੁਰ ਸਾਹਿਬ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਵੀ 1635 ਈ. ਵਿਚ ਉਥੇ ਹੀ ਦਸ ਸਾਲ ਟਿਕੇ ਰਹੇ। ਪਿਤਾ ਜੀ ਦੇ ਹੁਕਮ ਅਨੁਸਾਰ ਜੋ ਕੰਮ ਸੌਂਪਿਆ ਜਾਂਦਾ ਬੜੀ ਲਗਨ ਤੇ ਸਾਵਧਾਨੀ ਨਾਲ ਨਿਭਾਉਂਦੇ।

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੋਤੀ-ਜੋਤਿ ਸਮਾਉਣਾ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 1644 ਈ. ਨੂੰ ਜੋਤੀ-ਜੋਤਿ ਸਮਾ ਗਏ। ਸ੍ਰੀ ਗੁਰੂ

ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਛੋਟੇ ਪੋਤਰੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਆਪਣਾ ਉੱਤਰ ਅਧਿਕਾਰੀ ਚੁਣਿਆ।

## ਬਾਬੇ ਬਕਾਲੇ ਵੱਸਣਾ

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਗੁਰੂ ਹਰਿਰਾਇ ਦੀ ਚੋਣ ਨੂੰ ਖ਼ੁਸ਼ੀ ਨਾਲ ਸਵੀਕਾਰ ਕੀਤਾ ਅਤੇ ਪਤਨੀ ਮਾਤਾ ਗੁਜਰੀ ਜੀ ਤੇ ਆਪਣੀ ਮਾਂ ਮਾਤਾ ਨਾਨਕੀ ਜੀ ਨਾਲ ਬਕਾਲੇ ਆ ਗਏ।[10] ਬਾਬੇ ਬਕਾਲੇ 20 ਸਾਲ ਬੜੀ ਭਗਤੀ ਕੀਤੀ। ਇਸ ਸਮੇਂ ਆਪ ਨੇ 'ਗ੍ਰਿਹੀ ਮਾਹਿ ਉਦਾਸ' ਰਹਿੰਦਿਆਂ ਜੀਵਨ ਬਤੀਤ ਕੀਤਾ। ਅਜਿਹੇ ਵੈਰਾਗ ਦਾ ਜਿਸ ਦੀਆਂ ਤਲਖ਼ੀਆਂ ਤੋਂ ਭੈ-ਭੀਤ ਹੋ ਕੇ ਸੰਸਾਰ ਜਾਣਾ ਨਹੀਂ ਸੀ, ਸਗੋਂ ਇਸ ਪੰਚ ਭੌਤਿਕ ਸੰਸਾਰ ਵਿਚ ਵਿਚਰਦਿਆਂ ਹੋਇਆਂ ਅਜਿਹੀ ਅਵਸਥਾ ਪੈਦਾ ਕਰਨਾ ਸੀ, ਜਿਸ ਵਿਚ ਨਾ ਸੁਖ ਦੀ ਲਾਲਸਾ ਸੀ ਤੇ ਨਾ ਦੁਖ ਦਾ ਭੈ। ਇਹ ਵੈਰਾਗ ਅਧਾਰ ਆਤਮਿਕ ਬਲ ਦੀ ਖਾਣ ਸੀ[11] ਜਿਸ ਵਿਚੋਂ ਲੰਘਿਆਂ ਮਨੁੱਖ ਕਿਸੇ ਵਕਤ ਕਿਸੇ ਦੇ ਸਰੀਰ ਦਾ ਠੀਕਰਾ ਫੋੜ[12] ਸਕਦਾ ਸੀ ਕਿ "ਮੈਂ ਨਾ ਕਿਸੇ ਨੂੰ ਭੈ ਦਿੰਦਾ ਹਾਂ ਤੇ ਨਾ ਕਿਸੇ ਦਾ ਮੰਨਦਾ ਹਾਂ।"[13]

## ਗੱਦੀ-ਨਸ਼ੀਨੀ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜਾਂ-ਨਸ਼ੀਨ ਬਾਰੇ 'ਬਾਬਾ ਬਕਾਲੇ' ਸ਼ਬਦ ਆਖ ਕੇ ਸੰਕੇਤ ਦੇ ਦਿੱਤਾ ਤੇ ਆਪ 30 ਮਾਰਚ, 1664 ਈ. ਨੂੰ ਪ੍ਰਲੋਕ ਸਿਧਾਰ ਗਏ। ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਆਪ ਪ੍ਰਗਟ ਹੋਏ। ਉਸ ਨੇ ਗੁਰੂ ਸਾਹਿਬ ਅੱਗੇ ਇਕ ਸੌ ਮੋਹਰਾਂ ਰੱਖ ਕੇ ਮੱਥਾ ਟੇਕਿਆ।[14]

## ਯਾਤਰਾਵਾਂ

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਦੇ ਸ਼ਾਂਤ-ਰਸ ਉਪਦੇਸ਼ ਨੂੰ ਜਗਤ-ਜਲੰਦੇ ਵਿਚ ਵੰਡਣ ਲਈ ਪੰਜਾਬ ਤੋਂ ਬਾਹਰ ਦੀਆਂ ਯਾਤਰਾਵਾਂ ਅਰੰਭੀਆਂ। ਆਪ ਜੀ ਨੇ ਪ੍ਰਯਾਗ, ਬੁੱਧ, ਗਯਾ, ਮੰਘੇਰ, ਮਾਲਦਾ, ਢਾਕਾ ਅਤੇ ਧੂਬਰੀ (ਆਸਾਮ) ਵਰਗੀਆਂ ਥਾਵਾਂ ਦਾ ਰਟਨ ਵੀ ਕੀਤਾ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ (ਪ੍ਰਕਾਸ਼)

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪੂਰਬ ਫੇਰੀ ਵਿਚ ਸਾਲ 1666 ਈ. ਬੜਾ ਸੁਭਾਗਾ ਸਿੱਧ ਹੋਇਆ। ਇਸ ਸਾਲ ਪੋਹ ਸੁਦੀ ਸੱਤਵੀਂ ਨੂੰ ਬੁੱਧਵਾਰ ਵਾਲੇ ਦਿਨ ਸਿੱਖ ਜਗਤ ਨੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦੀ ਖ਼ੁਸ਼ਖ਼ਬਰੀ ਸੁਣੀ। ਗੁਰੂ-ਪਰਿਵਾਰ ਉਸ ਵਕਤ ਪਟਨਾ ਸ਼ਹਿਰ ਵਿਚ ਸਥਿਤ ਸੀ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਸ਼ੁਭ-ਚਿੰਤਨ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਇਆ ਦੇ ਪੁੰਜ ਤੇ ਸ਼ੁਭ-ਚਿੰਤਨ, ਉਨ੍ਹਾਂ ਦੀ

ਵਿਚਾਰਧਾਰਾ ਦਾ ਮੁੱਖ ਉਦੇਸ਼ ਸੀ, ਜਿਸ ਨੂੰ ਅਸੀਂ ਕੁਸ਼ਲ ਅਨੰਦ ਲਈ 'ਵਰਦਾਨ' ਵੀ ਕਹਿ ਸਕਦੇ ਹਾਂ ਤੇ 'ਵਰਦਾਨ' ਵਿਚੋਂ ਵਧੇਰੇ ਨਿਸ਼ਚਿਤ ਤੇ ਸਥਾਈ ਦਾਤ ਦੀ ਸੁਰ ਉੱਚੀ ਹੁੰਦੀ ਹੈ।[15] ਸਿੱਖ ਲਈ ਆਪਣੀਆਂ ਜ਼ਾਤੀ ਗਰਜਾਂ ਤੋਂ ਉੱਪਰ ਉੱਠ ਕੇ ਇਕ ਸਾਂਝੇ ਵਿਆਪਕ ਅਨੁਸ਼ਾਸਨ ਵਿਚ ਬੱਝਣ ਦੀ ਸਿਖਿਆ ਉਹਨਾਂ ਦੇ ਹੁਕਮਨਾਮਿਆਂ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ। 'ਗੁਰੂ ਭਲਾ ਕਰੇਗਾ' ਤਕਰੀਬਨ ਹਰ ਹੁਕਮਨਾਮੇ ਵਿਚੋਂ ਮਿਲਦਾ ਹੈ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਸਿੱਖ ਸੰਗਠਨ

ਸਿੱਖ ਸੰਸਥਾ ਨੂੰ ਸੰਗਠਿਤ ਕਰਨ ਵਾਲੇ ਦੋ ਮੂਲ ਆਧਾਰ 'ਸੰਗਤ' ਤੇ 'ਪੰਗਤ' ਹਨ। ਜਿਸ ਸਭਾ ਵਿਚ ਊਚ-ਨੀਚ, ਜਾਤੀ-ਵਰਗ ਤੋਂ ਉੱਪਰ ਉੱਠ ਕੇ ਇਕ ਪਰਮਾਤਮਾ ਦੇ ਨਾਮ ਦੀ ਉਸਤਤੀ ਕੀਤੀ ਜਾਵੇ, 'ਸੰਗਤ'[16] ਅਖਵਾਉਂਦੀ ਹੈ। ਰੱਬ ਦੇ ਸਨਮੁਖ ਬਰਾਬਰੀ ਦਾ ਸਿੱਖ ਸੰਕਲਪ ਜੋ ਸੰਗਤ ਦੇ ਇਕੱਠਿਆਂ ਅਰਦਾਸ ਕਰਨ ਤੋਂ ਪ੍ਰਗਟ ਸੀ, ਪੰਗਤ ਦੇ ਰੂਪ ਵਿਚ ਅਮਲ ਵਿਚ ਆਉਂਦਾ ਸੀ। 'ਸੰਗਤ' ਦੀ ਸੰਸਥਾ ਨੇ ਸਿੱਖਾਂ ਨੂੰ ਇਕੱਠਾ ਕਰ ਦਿੱਤਾ ਤੇ ਸ੍ਵੈ-ਸ਼ਾਸਨ ਨਾਲ ਜਾਣੂ ਕਰਵਾ ਦਿੱਤਾ।

"ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵੇਲੇ ਆਗਰੇ, ਦਿੱਲੀ, ਪੰਜਾਬ ਤੇ ਕਸ਼ਮੀਰ ਵਿਚ 'ਪੰਗਤ' ਤੇ 'ਸੰਗਤ' ਰਾਹੀਂ ਸਿੱਖ ਸੰਸਥਾ ਸੰਗਠਿਤ ਹੋ ਚੁੱਕੀ ਸੀ।"[17]

ਇਕ ਤਾਂ ਬਾਣੀ ਸੰਸਾਰ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਤੇ ਜਿਸ ਵੱਲ ਹਰੇਕ ਦਾ ਧਿਆਨ ਜਾਂਦਾ ਹੈ।

ਦੂਜੀ ਉਹ ਹੈ, ਜੋ ਹੁਕਮਨਾਮਿਆਂ ਦੇ ਰੂਪ ਵਿਚ ਹੈ। ਵੱਖ-ਵੱਖ ਥਾਵਾਂ ਤੋਂ ਵੱਖ-ਵੱਖ ਸਿੱਖ ਸੰਗਤਾਂ ਨੂੰ ਭੇਜੇ ਹੁਕਮਨਾਮੇ ਤੇ ਸਿਖਿਆਵਾਂ ਹਨ।

ਪਰ ਇਥੇ ਅਸੀਂ ਗੁਰੂ ਸਾਹਿਬ ਦੇ ਬਾਣੀ ਸੰਸਾਰ ਬਾਰੇ ਕੁਝ ਵਿਚਾਰ ਕਰਾਂਗੇ।

## ਨਾਮ ਦੀ ਮਹਿਮਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਮੁੱਚੀ ਬਾਣੀ, ਤੁਕ ਤੁਕ ਇਕੋ ਗੱਲ ਉੱਪਰ ਜ਼ੋਰ ਦਿੰਦੀ ਹੈ, ਉਹ ਹੈ ਨਾਮ-ਸਿਮਰਨ। ਫ਼ਰਮਾਉਂਦੇ ਹਨ— ਪਲ-ਪਲ, ਛਿਨ-ਛਿਨ, ਮਿੰਟ-ਮਿੰਟ, ਦਿਨ, ਪ੍ਰਤੀ-ਦਿਨ, ਐ ਜੀਵ! ਤੂੰ ਮੌਤ ਦੀ ਤਰਫ਼ ਕਦਮ ਪੁੱਟਦਾ ਜਾ ਰਿਹਾ ਹੈਂ। ਵਕਤ ਮੁਕ ਰਿਹਾ ਹੈ ਜਦ ਅਖੀਰਲਾ ਵਕਤ ਆ ਗਿਆ ਤਾਂ ਫਿਰ ਪਛਤਾਵੇ ਤੋਂ ਬਗ਼ੈਰ ਕੁਝ ਨਹੀਂ ਹੋ ਸਕਦਾ।

ਇਹ ਸੰਸਾਰ ਛਿਨ ਭੰਗਰ ਹੈ। ਇਹ ਰਿਸ਼ਤੇਦਾਰੀ ਕੱਚੀ ਹੈ। ਗਰਜ਼ ਉੱਪਰ ਆਧਾਰਤ ਹੈ। ਇਹ ਧੀਆਂ, ਪੁੱਤਰ, ਬੀਵੀ, ਬੱਚੇ, ਰਿਸ਼ਤੇਦਾਰ ਸਭ ਲਹਿਣੇਦਾਰ, ਕਰਜ਼ਦਾਰ, ਗਰਜ਼ਦਾਰ ਹਨ। ਔਖੀ ਘੜੀ ਸਭ ਛੱਡ ਜਾਂਦੇ ਹਨ। ਮੋਹ-ਮਾਇਆ ਦਾ ਤਿਆਗ ਕਰ ਜਿਸ ਮਨੋਰਥ ਲਈ ਮਨੁੱਖਾ ਜਾਮਾ ਮਿਲਿਆ ਹੈ, ਉਸ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ। ਇਹ ਐਸ਼ੋ-ਇਸ਼ਰਤ, ਧਨ-ਦੌਲਤ, ਬਾਦਸ਼ਾਹਤ, ਦੁਨਿਆਵੀ ਮਾਣ-ਵਡਿਆਈ ਸਿਰਫ਼ ਚਾਰ ਦਿਨ ਦੀ ਹੈ; ਥੋਥੀ ਹੈ, ਕੱਚੀ ਹੈ, ਛਿਨ ਭੰਗਰ ਹੈ। ਸੁਚੇਤ ਹੈ, ਵਕਤ ਬੀਤਿਆ ਵਾਪਸ ਨਹੀਂ ਆ ਸਕਦਾ। ਨਾਮ-ਸਿਮਰਨ ਕਰ। ਸਿਮਰਨ ਨਾਲ ਦੁਰਮਤ ਦਾ ਨਾਸ਼ ਹੋ ਜਾਂਦਾ ਹੈ ਤੇ ਨਿਰਬਾਣ ਪਦਵੀ ਪ੍ਰਾਪਤ ਹੁੰਦੀ ਹੈ। ਨਾਮ ਦੇ ਬਰਾਬਰ ਕੁਝ ਨਹੀਂ।

## ਸ਼ਹਾਦਤ

ਕਸ਼ਮੀਰੀ ਬ੍ਰਾਹਮਣਾਂ ਦੇ ਵਫਦ ਦੀ ਵਿਥਿਆ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਹਨਾਂ ਨੂੰ ਦਿਲਾਸਾ ਦਿੰਦੇ ਹੋਏ ਕਿਹਾ—

"ਤੁਸਾਂ ਕੀ ਰਕਸ਼ਾ ਬਾਬਾ ਨਾਨਕ ਕਰੇਗਾ।"

ਪੰਜ ਸਿੱਖ ਨਾਲ ਲੈ ਕੇ ਦਿੱਲੀ ਹਾਕਮਾਂ ਨਾਲ ਆਪ ਮਿਲ ਕੇ ਇਸ ਮਸਲੇ ਨੂੰ ਹੱਲ ਕਰਨ ਦਾ ਮਨ ਬਣਾਇਆ। ਇਹ ਵਾਕਿਆ 8 ਜੁਲਾਈ, 1675 ਈ. ਦਾ ਹੈ। ਇਸ ਉਪਰੰਤ ਗੁਰੂ ਸਾਹਿਬ ਸੰਗਤਾਂ ਨੂੰ ਮਿਲਦੇ-ਮਿਲਾਂਦੇ ਤੇ ਨਾਮ ਸਿਮਰਨ ਦਾ ਉਪਦੇਸ਼ ਕਰਦੇ ਹੋਏ 6 ਨਵੰਬਰ, 1675 ਈ. ਨੂੰ ਦਿੱਲੀ ਪਹੁੰਚ ਗਏ।

ਜਦ ਗੁਰੂ ਸਾਹਿਬ ਨੂੰ ਹਾਕਮਾਂ ਨੇ ਔਰੰਗਜ਼ੇਬ ਦੀਆਂ ਹਦਾਇਤਾਂ ਅਨੁਸਾਰ ਇਸਲਾਮ ਕਬੂਲ ਕਰਨ ਜਾਂ ਅਜ਼ਮਤ (ਕਰਾਮਾਤ) ਦਿਖਾਉਣ ਲਈ ਕਿਹਾ, ਗੁਰੂ ਸਾਹਿਬ ਨੇ ਦੋਵੇਂ ਗੱਲਾਂ ਠੁਕਰਾ ਦਿੱਤੀਆਂ। ਗੁਰੂ ਸਾਹਿਬ ਜੀ ਦੇ ਸਨਮੁਖ ਉਨ੍ਹਾਂ ਦੇ ਤਿੰਨ ਸਾਥੀਆਂ ਨੂੰ ਗ਼ੈਰ-ਮਨੁੱਖੀ ਤਸੀਹੇ ਦਿੱਤੇ ਗਏ। ਭਾਈ ਦਿਆਲ ਦਾਸ ਨੂੰ ਉਬਲਦੇ ਪਾਣੀ ਵਿਚ ਉਬਾਲਿਆ ਗਿਆ। ਭਾਈ ਸਤੀ ਦਾਸ ਜੀ ਦੇ ਦੁਆਲੇ ਰੂੰ ਲਪੇਟ ਕੇ ਅੱਗ ਲਾ ਦਿੱਤੀ ਗਈ ਤੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਸਿਰ ਤੋਂ ਹੇਠਾਂ ਨੂੰ ਚੀਰ ਕੇ ਦੋਫਾੜ ਕਰ ਦਿੱਤਾ ਗਿਆ। ਇਹ ਸਭ ਕਾਰਾ ਗੁਰੂ ਸਾਹਿਬ ਦੀਆਂ ਅੱਖਾਂ ਸਾਹਮਣੇ ਵਰਤਾਇਆ ਗਿਆ ਤਾਂ ਕਿ ਗੁਰੂ ਸਾਹਿਬ ਭਿਆਨਕ ਮੌਤਾਂ ਦੇ ਦ੍ਰਿਸ਼ ਦੇਖ ਕੇ ਕੰਬ ਜਾਣ ਤੇ ਇਸਲਾਮ ਕਬੂਲ ਕਰ ਲੈਣ।

ਅਖੀਰ ਗੁਰੂ ਸਾਹਿਬ ਨੂੰ (ਪੁਰਾਤਨ ਲਿਖਤਾਂ ਤੋਂ ਪਤਾ ਲੱਗਦਾ ਹੈ) ਅਕਹਿ ਕਸ਼ਟ ਦਿੰਦੇ ਹੋਏ ਸ਼ਾਹੀ ਕਾਜ਼ੀ ਨੇ ਕਿਹਾ—

"ਯੇਹ ਆਪ ਕੀ ਲੀਏ ਆਖਰੀ ਵਕਤ ਹੈ, ਯਾ ਅਜ਼ਮਤ ਯਾ ਇਸਲਾਮ, ਵਰਨਾ ਮਰਨੇ ਕੇ ਲੀਏ ਤਿਆਰੀ ਕਰੀਏ।"

ਗੁਰੂ ਜੀ ਨੇ ਚੁੱਪ ਸਾਧ ਲਈ।

ਕੋਤਵਾਲ ਨੇ ਜਲਾਲੁੱਦੀਨ ਜੱਲਾਦ ਦੀ ਤਰਫ ਦੇਖਾ।

ਉਸਨੇ ਤਲਵਾਰ ਸੇ ਸੀਸ ਜੁਦਾ ਕਰ ਦੀਆ।

ਇੰਝ 11 ਨਵੰਬਰ, 1675 ਈ. ਨੂੰ ਵੀਰਵਾਰ ਵਾਲੇ ਦਿਨ ਦਿੱਲੀ ਵਿਚ ਕੋਤਵਾਲੀ ਤੋਂ ਬਾਹਰ ਬੋਹੜ ਦੇ ਹੇਠਾਂ ਸ਼ਹੀਦ ਕਰ ਦਿੱਤਾ। 'ਤਿਲਕ ਜੰਞੂ ਦਾ ਰਾਖਾ' ਤੇ 'ਧਰਮ ਦੀ ਚਾਦਰ' ਕਿਹਾ ਤੇ ਉਹਨਾਂ ਦੀ ਕਲਮ ਇਹ ਲਿਖਣ ਲਈ ਮਜਬੂਰ ਹੋ ਗਈ :

ਤੇਗ ਬਹਾਦਰ ਸਮ ਗੁਰੂ ਅਵਰ ਨਹੀਂ ਸੰਸਾਰ।<br>
ਤਾਂ ਤੇ ਗੁਰੂ ਗੋਬਿੰਦ ਸਿੰਘ ਭੁਏ ਰੂਪ ਕਰਤਾਰ।

### ਹਵਾਲੇ ਅਤੇ ਟਿੱਪਣੀਆਂ

1. ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ, ਗੁਰ ਪ੍ਰਣਾਲੀ ਨੰ: ੨੫੫, ਪੰਨਾ ੫੦.
2. ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਵੇਖੋ *ਬਚਿੱਤਰ ਨਾਟਕ*, ਪੰਨਾ ੫੪.

3. ਗੁਰੂ ਬਜ਼ਾਰ ਵਿਚੋਂ ਗਲੀ ਇਸ ਘਰ ਨੂੰ ਲੱਗਦੀ ਹੈ, ਜਿਸ ਨੂੰ 'ਗੁਰੂ ਕੇ ਮਹਿਲ' ਆਖਦੇ ਹਨ।
4. *ਗੁਰ ਬਿਲਾਸ ਪਾਤਿਸ਼ਾਹੀ ੬*, ਪੰਨਾ ੨੬੨.
5. ਮਹਾਨ ਕੋਸ਼, ਗੁਰ-ਸ਼ਬਦ ਰਤਨਾਕਰ, ਸੰਸਕਰਣ ਦੂਜਾ, ਪੰਨਾ ੫੨੦.
6. ਇਨ੍ਹਾਂ ਯੋਧਿਆਂ ਦੇ ਨਾਂ ਵੇਖੋ, *ਵਾਰਾਂ ਭਾਈ ਗੁਰਦਾਸ ਜੀ, ਮਹਿਮਾ ਪ੍ਰਕਾਸ਼, ਗੁਰ-ਬਿਲਾਸ ਪਾਤਸ਼ਾਹੀ ੬, ਬੰਸਾਵਲੀ ਨਾਮਾ* ਵਿਚ।
7. ਡਾ. ਜੇ.ਐਸ. ਗਰੇਵਾਲ, *ਗੁਰੂ ਤੇਗ ਬਹਾਦਰ ਚਿੰਤਨ, ਕਲਾ ਤੇ ਬਾਣੀ*, ਪੰਨਾ ੧੩.
8. ਪਿਆਰ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ (ਫ਼ਾਰਸੀ ਸਰੋਤ)*, ਭੂਮਿਕਾ, ਪੰਨਾ ੨੨.
9. *ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਖਾਤਾ ਦੁਰਲਭ ਪੁਸਤਕਾਂ, ਪੰਨਾ ੮.
10. ਡਾ. ਜੇ.ਐਸ. ਗਰੇਵਾਲ, *ਗੁਰੂ ਤੇਗ ਬਹਾਦਰ ਚਿੰਤਨ, ਕਲਾ ਤੇ ਬਾਣੀ*, ਪੰਨਾ ੧੧.
11. ਡਾ. ਪਿਆਰ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ (ਫਾਰਸੀ ਸਰੋਤ)*, ਪੰਨਾ ੨੬.
12. ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥ (ਬਚਿੱਤਰ ਨਾਟਕ, ੫੪)
13. ਜਿਵੇਂ ਗੁਰੂ-ਵਾਕ—ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ (ਪੰਨਾ ੧੪੨੭)
14. *ਪਰਚੀਆਂ ਸੇਵਾ ਦਾਸ*, ਪੰਨਾ ੮੪.
15. V.S. Apte, The Students's Sanskrit-English Dictionary, 1963.
16. ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ (ਪੰਨਾ ੭੨)
17. J.B. Banerjee, Evolution of the Khalsa, Vol II, p.1.

(12/1983)

# ਸੁੰਦਰ ਸਰੂਪ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਹਜ਼ੂਰੀ ਸਿੱਖ ਭਾਈ ਨੰਦ ਲਾਲ ਜੀ ਤੋਂ ਕਿਸੇ ਪੁੱਛਿਆ ਕਿ ਤੁਹਾਡੇ ਸਤਿਗੁਰੂ ਜੀ ਦਾ ਸਰੂਪ ਕੀ ਹੈ ? ਉਹਨਾਂ ਉੱਤਰ ਦਿੱਤਾ ਕਿ ਮੈਂ ਹਜ਼ੂਰੀ ਵਿਚ ਰਹਿੰਦਿਆਂ ਵੀ ਸਤਿਗੁਰੂ ਜੀ ਦੇ ਜਲਾਲ ਨੂੰ ਨਿਹਾਰ ਨਹੀਂ ਸਕਿਆ। ਉਹਨਾਂ ਦੇ ਮੁਖੜੇ 'ਤੇ ਸੈਆਂ ਚੰਨਾਂ ਦਾ ਚਾਨਣ ਰੂਪਮਾਨ ਹੈ। ਜੇ ਮੇਰੇ ਤੋਂ ਪੁੱਛੋ ਤਾਂ ਮੈਂ ਉਨ੍ਹਾਂ ਦੇ ਇਕ ਰੋਮ ਦਾ ਮੁੱਲ ਵੀ ਅੰਕ ਨਹੀਂ ਸਕਦਾ।

"ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖ਼ਸਾਰਿ ਮਾ।
ਹਰ ਦੋ ਆਲਮ ਕੀਮਤੇ, ਯਕ ਤਾਰ ਮੁਏ ਯਾਰਿ ਮਾ।"
(ਦੋਵੇਂ ਜਹਾਨ ਮੇਰੇ ਪ੍ਰੀਤਮ ਦੇ ਇਕ ਰੋਮ ਦੇ ਮੁਲ ਤੁਲਦੇ ਹਨ)

ਅਵਤਾਰੀ ਪੁਰਸ਼ਾਂ ਦੀ ਤਾਂ ਕੇਵਲ ਆਤਮਕ ਸੁਹਜ ਅਨੁਸਾਰ ਵਡੱਤਣ ਸਤਿਕਾਰੀ ਜਾਂਦੀ ਹੈ ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਕਲੋਂ-ਸੂਰਤੋਂ ਵੀ ਬੜੇ ਫੱਬਵੇਂ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਰਗੇ ਛਬੀਲੇ ਜੁਆਨ ਦਾ ਸਪੁੱਤਰ ਹੋਵੇ ਤੇ ਉਸ ਦਾ ਸੂਰਬੀਰ ਜਵਾਨ ਹੋਣਾ ਆਵਸ਼ਕ ਹੀ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਿਹਨ-ਚੱਕਰ ਦੀ ਮੂਰਤ ਗਿਆਨੀ ਗਿਆਨ ਸਿੰਘ ਇਉਂ ਬਿਆਨ ਕਰਦੇ ਹਨ :

"ਬੁਲੰਦ ਕਦ, ਅਤਿ ਸੁੰਦਰ, ਚੌੜੀ ਛਾਤੀ, ਹਾਥੀ ਸੁੰਢ ਵਾਂਗ ਲੰਬੀਆਂ ਬਾਹਾਂ, ਮੱਥਾ, ਕੰਧੇ, ਦੰਦ ਅਤੇ ਪਬ ਉੱਚੇ, ਕਨਕ ਰੰਗ, ਹਰਨ ਨੇਤਰ, ਬਹੁਤ ਵੱਡੇ ਸੂਰਬੀਰ, ਰੂਹਾਨੀ ਤੇ ਜਿਸਮਾਨੀ ਦੋਹਾਂ ਬਾਤਾਂ ਵਿਚ ਬਲੀ, ਉਦਾਰ, ਸੱਚੇ ਤੇ ਮਿੱਠ-ਬੋਲੇ, ਹਸਮੁਖ, ਸਰੇਸ਼ਟ-ਗੁਣ-ਸੰਯੁਕਤ, ਰਾਜਨੀਤੀ ਧਰਮ ਦੇ ਪੂਰੇ ਗਿਆਤਾ ਸਨ।"

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ ੨੪੯)*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਿਹੋ ਜਿਹੇ ਉੱਚੇ ਲੰਮੇ ਸੂਰਬੀਰ ਸਨ, ਉਨ੍ਹਾਂ ਦਾ ਜੁੱਸਾ ਵੀ ਉਤਨਾ ਹੀ ਭਰਵਾਂ ਸੀ। ਆਖਦੇ ਹਨ ਕਿ ਚੰਗਾ ਤਕੜਾ ਘੋੜਾ ਵੀ ਉਨ੍ਹਾਂ ਦੇ ਭਾਰ ਨਾਲ ਲਿਫ ਜਾਂਦਾ ਸੀ। ਇਹੋ ਹਾਲ ਉਨ੍ਹਾਂ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦਾ ਸੀ। ਆਖਦੇ ਹਨ ਕਿ ਬਾਬਾ ਗੁਰਦਿੱਤਾ ਜੀ ਦਾ ਸਭ ਤੋਂ ਛੋਟਾ ਵੀਰ ਵੀ ਪਿਤਾ ਜੀ ਦੇ ਗੁਣਾਂ ਦਾ ਸਾਂਝੀਵਾਲ ਬਣਿਆ। "ਪਿਤਾ ਪਰ ਪੂਤ" ਅਨੁਸਾਰ ਡਾ. ਸੰਤੋਖ ਸਿੰਘ ਜੀ ਦੇ ਬਚਨਾਂ ਮੁਜਬ "ਸਮ ਪਿਤਾ ਕੇ ਦੀਰਘ ਡੀਲੰ" ਵਾਲੇ ਸਤਿਗੁਰੂ ਤੇਗ ਬਹਾਦਰ ਜੀ ਵੀ ਲੰਬੇ ਕੱਦ ਦੇ ਮਾਲਕ ਸਨ। ਹੋਰ ਵਿਸਥਾਰ ਸਹਿਤ ਦੱਸਦੇ ਹਨ :

ਸ੍ਰੀ ਤੇਗ ਬਹਾਦਰ ਸੋਹੈ, ਨਹਿ ਨਾਰ ਰੂਪ ਪਿਖ ਮੋਹੇ।
ਸਮ ਪਿਤਾ ਕੇ ਦੀਰਘ ਡੀਲੰ, ਮੁਖ ਮੰਡਲ ਚਾਂਦ ਸੁਸ਼ੀਲੰ।

ਭੁਜ ਲੰਬੀ, ਚੌੜੀ ਛਾਤੀ ਬਿਸਤੀਰਤ ਆਂਖ ਕਿਛ ਰਾਤੀ।
ਅਰਿ ਕਾਂਧ ਉਤੰਗ ਸੁਹਾਇ। ਗਤਿ ਮੰਦ ਮੰਦ ਛਬ ਪਾਇ।

*(ਸੂਰਜ ਪ੍ਰਕਾਸ਼, ਰਾਸ ੮, ਅੰਸੂ ੫)*

ਇਸ ਮਹਾਂਪੁਰਖ ਦੀ ਨੁਹਾਰ ਇਤਨੀ ਖ਼ੂਬਸੂਰਤ ਸੀ ਕਿ ਜੋ ਨਰ-ਨਾਰੀ ਇਕ ਵਾਰੀ ਦਰਸ਼ਨ ਕਰ ਲਵੇ ਉਹ ਮੰਤਰ ਮੁਗਧ ਹੋਇਆ ਵੇਖੀ ਹੀ ਜਾਂਦਾ ਸੀ। ਪਿਤਾ ਜੀ ਵਾਂਗ ਲੰਬੀਆਂ ਬਾਂਹਵਾਂ, ਚੌੜੀ ਛਾਤੀ ਤੇ ਚੰਦਰਮਾਂ ਵਰਗੇ ਮੁਖੜੇ ਤੇ ਚੌੜ ਨੇਤਰਾਂ 'ਚੋਂ ਲਾਲ ਡੋਰੇ ਦੀ ਆਭਾ ਸੀ।

ਭਾਈ ਸਾਹਿਬ ਦੇ ਬਚਨਾਂ ਦੀ ਪ੍ਰੋੜ੍ਹਤਾ ਵਜੋਂ ਗੁਰਬਿਲਾਸ ਪਾ. ੬ ਵਿਚ ਵਰਣਨ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਹਿਰਨ ਵਾਂਗ ਮੋਟੀਆਂ ਅੱਖਾਂ, ਮੋਤੀਆਂ ਵਰਗੇ ਦੰਦ ਅਤੇ ਸੁੰਦਰ ਸਰੂਪ ਨੂੰ ਨਿਹਾਰ ਕੇ ਅਕਾਲ ਪੁਰਖ ਦੀ ਲੀਲ੍ਹਾ ਦਾ ਕਾਇਲ ਹੋਏ ਬਿਨਾਂ ਨਹੀਂ ਰਿਹਾ ਜਾ ਸਕਦਾ।

ਭਾਈ ਨੰਦ ਲਾਲ ਜੀ ਉਪਰਲੇ ਬਿਆਨ ਦੇ ਸਭ ਤੋਂ ਪੁਰਾਣੇ ਮੁਸਤੱਨਦ ਗਵਾਹ ਹਨ। ਆਪ ਜੀ ਆਪਣੇ ਰਚਿਤ 'ਗੰਜਨਾਮਾ' ਵਿਚ ਲਿਖਦੇ ਹਨ:

ਗੁਰੂ ਤੇਗ ਬਹਾਦਰ ਆਂ ਸਰਾਪਾ ਅਫ਼ਜ਼ਾਲ,
ਜ਼ੀਨਤ ਆਰਾ ਏ, ਮਹਿਫਿਲਏ ਜਾਹੋ ਜਲਾਲ।

ਇਹੋ ਜਿਹੇ ਜਲਾਲੀ ਮਸਤਕ ਅਤੇ ਸਿਰ ਤੋਂ ਪੈਰਾਂ ਤਕ ਮੂਰਤੀ ਵਾਂਗ ਸੁੰਦਰ ਸਰੂਪ ਸਨ ਸਤਿਗੁਰੂ ਜੀ, ਜਿਨ੍ਹਾਂ ਦੇ ਵਜੂਦ ਤੋਂ ਰੌਸ਼ਨੀ ਲੈ ਕੇ ਸੰਸਾਰ ਵਿਚ ਚਾਨਣ ਪਸਰਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਅਜੂਨੀ ਅਤੇ ਅਕਾਲ ਪੁਰਖ ਪ੍ਰਭੂ ਦਾ ਚਿਤਵਣ ਕਰਦਿਆਂ, ਸ਼ਾਇਦ ਆਉਣ ਵਾਲੇ ਗੁਰੂਆਂ ਦੀ ਨਿਰੰਤਰ ਜੋਤ ਨੂੰ ਧਿਆਨ ਵਿਚ ਰੱਖ ਕੇ ਇਹ ਮੂਰਤ ਚਿਤਰੀ ਹੋਵੇ:

**ਤੇਰੇ ਬੰਕੇ ਲੋਇਣ ਦੰਤ ਰੀਸਾਲਾ॥**
**ਸੋਹਣੇ ਨਕ ਜਿਨ ਲੰਮੜੇ ਵਾਲਾ॥**
**ਕੰਚਨ ਕਾਇਆ ਸੁਇਨੇ ਕੀ ਢਾਲਾ॥...**
**ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥**
**ਕੁਹਕਨਿ ਕੋਕਿਲਾ ਤੇਰੀ ਤਰਲ ਜੁਆਣੀ॥** *(ਪੰਨਾ ੫੬੭)*

ਜਿਸ ਪਿਆਰੇ ਨਾਲ ਅੰਤਰ-ਆਤਮੇ ਪਿਆਰ ਕੀਤਾ ਜਾਵੇ, ਉਸ ਦੇ ਸੁੰਦਰ ਸਰੂਪ ਦੇ ਝਾਵਲੇ ਹੀ ਮਨ 'ਤੇ ਪੈਂਦੇ ਹਨ। ਗਿਆਨੀ ਗਿਆਨ ਸਿੰਘ ਜੀ ਨੇ ਗੁਰੂ ਜੀ ਦੀ ਸ਼ਬਦ ਮੂਰਤ ਇਉਂ ਉਕਰੀ ਹੈ:

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤਿ ਸੁੰਦਰ,
ਗੌਰਵਰਨ, ਮੋਟੇ ਨਕਸ਼, ਆਹੂ ਨੇਤ੍ਰ ਰਤਨਾਰੇ,
ਚੌੜੀ ਛਾਤੀ, ਉਤੇ ਕੰਧੇ ਭੁਜਾ ਪ੍ਰਲੰਬ,
ਸਿੱਧੀ ਚੁਗਿਰਦ ਦਾੜ੍ਹੀ, ਗੋਲ ਚਿਹਰਾ,
ਮੱਥਾ ਉਚਾ, ਬਹੁਤ ਧੀਰਜੀ, ਸੰਤੋਖੀ,
ਜਤੀ, ਸਤੀ, ਦੂਰ-ਅੰਦੇਸ਼ੀ, ਸੱਚੇ ਧਰਮ,

ਵੈਰਾਗ ਦੀ ਮੂਰਤਿ, ਬ੍ਰਹਮ ਗਿਆਨ ਦੀ ਸੂਰਤ,
ਸਿਧੇ ਸਾਦੇ ਸੁਭਾਵ, ਭੋਲੇ ਭਾਲੇ ਸਤ ਪੁਰਖ।

ਅਵਤਾਰੀ ਪੁਰਸ਼ਾਂ ਦੀ ਛਬ ਹੀ ਇਹੋ ਜਿਹੀ ਹੁੰਦੀ ਹੈ ਕਿ ਦਰਸ਼ਨ ਕੀਤਿਆਂ ਮਨ ਤ੍ਰਿਪਤ ਹੁੰਦਾ ਹੈ। ਉਨ੍ਹਾਂ ਦੇ ਮੁੱਖ ਤੋਂ ਅਕਾਲ ਪੁਰਖ ਦੇ ਝਾਵਲੇ ਦਿੱਸਦੇ ਹਨ। ਭਾਈ ਵੀਰ ਸਿੰਘ ਜੀ ਦੱਸਦੇ ਸਨ:

ਚਾਨਣ ਜਿਵੇਂ ਅਕਾਸ਼ੋਂ ਆਵੇ,
ਸ਼ੀਸ਼ਿਆਂ ਤੇ ਪੈ ਚਮਕੇ।
ਤਿਵੇਂ ਸੁੰਦਰਤਾ ਅਰਸ਼ੋਂ ਆਵੇ,
ਸੁਹਣਿਆਂ ਤੇ ਪੈ ਦਮਕੇ।

ਤੇਗ ਦੀ ਧਾਰ ਹੇਠ ਸਿਰ ਕਟਾਣ ਦਾ ਨਾਂ ਹੀ 'ਤੇਗ ਬਹਾਦਰ' ਹੈ। ਇਸ ਅਜ਼ਮਤ ਤੋਂ ਮੁੱਖ ਮੋੜਨਾ ਬੇਮੁਖਤਾ ਹੈ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਬਤ ਇਉਂ ਹੀ ਆਖਣਾ ਬਣਦਾ ਹੈ:

**ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰ ਨ ਜਾਣੀ॥** *(ਪੰਨਾ ੫੬੧)*

(4/1976)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਉਦਾਰਤਾ

ਸਤਿਗੁਰੂ ਜੀ ਦੀ ਉਦਾਰਤਾ ਸੱਚ-ਮੁਚ ਤਿਆਗ ਦੀਆਂ ਹੱਦਾਂ ਤਕ ਡੂੰਘੀ ਅਤੇ ਸਖਾਵਤ ਦੀਆਂ ਹੱਦਾਂ ਤੋਂ ਉੱਚੀ ਸੀ। ਕਿਸੇ ਪ੍ਰਾਣੀ ਦੇ ਦੁੱਖ-ਦਰਦ ਨੂੰ ਨਾ ਸਹਾਰਦਿਆਂ ਹੋਇਆਂ ਉਸ ਦੀ ਸਹਾਇਤਾ ਤਨ, ਮਨ ਅਤੇ ਧਨ ਨਾਲ ਕਰਨ ਨੂੰ ਤਤਪਰ ਰਹਿੰਦੇ ਸਨ। ਸਤਿਗੁਰੂ ਜੀ ਦਾ ਸੁਭਾਅ ਮੁੱਢ ਤੋਂ ਹੀ ਭਗਤੀ ਵਿਚ ਲੀਨ ਅਤੇ ਦਾਨੀ ਸੀ। 'ਇਹਨਾਂ ਨੂੰ ਜੋ ਕੁਝ ਘਰੋਂ ਮਿਲੇ, ਉਹ ਗਰੀਬਾਂ ਨੂੰ ਦੇ ਆਉਂਦੇ ਤੇ ਸਵਾਲੀ ਨੂੰ ਖ਼ਾਲੀ ਨਹੀਂ ਸੀ ਜਾਣ ਦਿੰਦੇ। ਬਾਬਾ ਗੁਰਦਿੱਤਾ ਜੀ ਦੇ ਵਿਆਹ ਵਿਚ ਗਹਿਣੇ ਕੱਪੜੇ ਜੋ ਮਾਤਾ ਜੀ ਨੇ ਇਨ੍ਹਾਂ ਨੂੰ ਪਹਿਨਾਏ, ਇਕ ਗਰੀਬ ਬ੍ਰਾਹਮਣ ਦੇ ਮੰਗਣ 'ਤੇ ਇਹਨਾਂ ਸਭ ਉਤਾਰ ਕੇ ਦੇ ਦਿੱਤੇ। ਇਕ ਵਾਰੀ ਘੋੜੇ ਸਮੇਤ ਬਸਤਰ, ਸ਼ਸਤਰ, ਭੂਖਨ ਆਦਿ ਇਕ ਮੰਗਤੇ ਨੂੰ ਦੇ ਆਏ।'

*(ਤਵਾਰੀਖ਼ ਗੁਰੂ ਖ਼ਾਲਸਾ, ਗਿ. ਗਿਆਨ ਸਿੰਘ, ਭਾਗ ੨, ਪੰਨਾ ੬੪੦)*

ਆਖਦੇ ਹਨ, ਇਨ੍ਹਾਂ ਦੀ ਇਸ ਉਦਾਰਤਾ ਕਾਰਨ ਲੋਕ ਇਨ੍ਹਾਂ ਨੂੰ 'ਤਿਆਗ ਮੱਲ' ਸੱਦਣ ਲੱਗ ਪਏ। ਜੇ ਚਾਰ ਸਾਲ ਦੀ ਉਮਰ ਦਾ ਬਾਲਕ ਆਪਣੇ ਕਿਸੇ ਹਾਣੀ ਮੁੰਡੇ ਨੂੰ ਸਰਦੀ ਨਾਲ ਠਰਦਿਆਂ ਨਾ ਤੱਕ ਸਕੇ ਅਤੇ ਉਸ ਨੂੰ ਆਪਣੇ ਤਨ ਦਾ ਕੱਪੜਾ ਦੇ ਕੇ ਨਿੱਘਿਆਂ ਰੱਖ ਸਕੇ ਤਾਂ ਇਸ ਤਿਆਗ ਨੂੰ ਉਦਾਰਤਾ ਕਰਕੇ ਲਿਖਣਾ ਹੀ ਸਿਆਣਪ ਹੈ। ਸ਼ੇਖ ਸ਼ਾਅਦੀ ਨੂੰ ਕਿਸੇ ਪੁੱਛਿਆ, ਸਖਾਵਤ (ਉਦਾਰਤਾ) ਕਿਸ ਨੂੰ ਆਖਦੇ ਹਨ ਤਾਂ ਉਸ ਆਖਿਆ, ਕਿ ਭੁੱਖੇ ਦੀ ਭੁੱਖ ਵੰਡ ਲੈਣਾ ਹੀ ਸਖਾਵਤ ਹੈ। ਤਾਂ ਉਸ ਨੂੰ ਫਿਰ ਪੁੱਛਿਆ ਗਿਆ ਕਿ ਸਖਾਵਤ ਦਿਲ ਨਾਲ ਹੁੰਦੀ ਹੈ ਜਾਂ ਪੈਸੇ ਨਾਲ ਤਾਂ ਉਸ ਉੱਤਰ ਦਿੱਤਾ—

ਤਵੰਗਰੀ ਬਦਿਲ ਅਸਤ ਨ ਬਮਾਲ।
ਬਜ਼ੁਰਗੀ ਬ-ਅਕਲ ਅਸਤ ਨ ਬ-ਸਾਲ।

(ਮਨੁੱਖ ਵੱਡਾ ਉਮਰ ਨਾਲ ਨਹੀਂ, ਸਗੋਂ ਅਕਲ ਨਾਲ ਹੁੰਦਾ ਹੈ। ਸਖਾਵਤ, ਪੈਸੇ ਨਾਲ ਨਹੀਂ, ਸਗੋਂ ਦਿਲ ਨਾਲ ਹੁੰਦੀ ਹੈ।)

ਸੋ ਸਤਿਗੁਰੂ ਦਿਲ ਦੇ ਉਦਾਰ ਸਨ।

ਜਦੋਂ ਧੀਰਮੱਲ ਨੇ ਈਰਖਾ-ਵਸ ਹੋ ਕੇ ਸ਼ੀਹੇਂ ਮਸੰਦ ਨਾਲ ਮਿਲ ਕੇ ਸਤਿਗੁਰੂ ਜੀ 'ਤੇ ਬੰਦੂਕ ਦਾ ਵਾਰ ਕੀਤਾ ਅਤੇ ਸੰਗਤਾਂ ਵਲੋਂ ਆਈ ਭੇਟਾ ਅਤੇ ਘਰ ਦਾ ਮਾਲ-ਅਸਬਾਬ ਵੀ ਲੁੱਟ ਲਿਆ ਤਾਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਇਸ ਉਪੱਦਰ ਤੋਂ ਕ੍ਰੋਧਵਾਨ ਹੋ ਕੇ ਧੀਰਮੱਲ ਉਪਰ ਜਾ ਹਮਲਾ ਕੀਤਾ ਅਤੇ ਸਤਿਗੁਰੂ ਜੀ ਦਾ ਸਮਾਨ ਮੋੜ ਲਿਆਉਣ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਵੀ ਲੈ ਆਇਆ। ਸਤਿਗੁਰੂ ਜੀ ਨੇ ਭਾਈ ਮੱਖਣ ਸ਼ਾਹ ਨੂੰ ਕਿਹਾ ਕਿ ਧੀਰਮੱਲ

ਨੂੰ ਮਾਲ ਵਾਪਸ ਕਰ ਦਿਉ, ਇਹ ਅਸਾਡੇ ਕੰਮ ਦੀਆਂ ਨਹੀਂ। ਤਾਂ ਇਹ ਸਤਿਗੁਰੂ ਜੀ ਦੀ ਉਦਾਰਤਾ ਸੀ, ਤਿਆਗ ਨਹੀਂ।

ਕਿਸੇ ਪੁੱਛਿਆ, "ਤਿਆਗ ਕੀ ਹੈ?"

ਗੁਰੂ ਜੀ ਨੇ ਫ਼ਰਮਾਇਆ, "ਮਨ ਦੀ ਉਦਾਰਤਾ ਅਤੇ ਮਾਇਆ ਦੀ ਨਿਰਲੇਪਤਾ।"

ਆਉਂਦੇ ਸਮਿਆਂ ਵਿਚ ਜਦੋਂ ਖ਼ਾਲਸੇ ਦੀ ਸਿਰਜਣਾ ਹੋਈ ਤਾਂ ਉਸ ਵਿਚ ਦ੍ਰਿੜ੍ਹਤਾ ਦਸਮੇਸ਼ ਜੀ ਦੀ ਅਤੇ ਨਿਰਲੇਪਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੀ। ਖ਼ਾਲਸੇ ਦੇ ਆਚਰਣ ਦੀ ਤਸਵੀਰ ਕਵੀ 'ਕੁੰਦਨ' ਨੇ ਇਉਂ ਖਿੱਚੀ ਹੈ:

> ਜਿਥੇ ਆਜ਼ਾਦ ਨੇ ਪੰਛੀ, ਹੁਸਨ ਦੀਆਂ ਬੇਖਤਰ ਫਾਹੀਆਂ।
> ਇਸ਼ਕ ਨੂੰ ਜ਼ੁਲਫ਼ ਦੀ ਛਾਵੇਂ, ਕਦੇ ਨਹੀਂ ਨੀਂਦਰਾਂ ਆਈਆਂ।
> ਪਏ ਨੇ ਤਾਜ ਪੈਰਾਂ 'ਤੇ, ਨਵਾਬੀ ਠੋਕਰਾਂ ਖਾਂਦੀ।
> ਇਨ੍ਹਾਂ ਮੌਲਾ ਦੇ ਬੰਦਿਆਂ ਨੂੰ, ਕੋਈ ਸ਼ੁਹਰਤ ਨਹੀਂ ਭਾਂਦੀ।

ਜਦੋਂ ਮੁਗ਼ਲਈ ਅੱਤਿਆਚਾਰ ਦੇ ਪਰਛਾਵੇਂ ਵਜੋਂ ਸਿੱਖ ਹੋਣਾ ਕਾਨੂੰਨੀ ਵਰਜਿਤ ਸੀ; ਸਿੱਖਾਂ ਦੇ ਸਿਰਾਂ ਦੇ ਮੁੱਲ ਮੁਕੱਰਰ ਸਨ; ਸਿੱਖ ਜੰਗਲਾਂ-ਬੇਲਿਆਂ ਵਿਚ ਛੁਪਦੇ ਫਿਰਦੇ ਸਨ। ਨਾਦਰ ਸ਼ਾਹ ਦੇ ਉਤੋੜਿਤੀ ਹਮਲਿਆਂ ਨੇ ਸਾਰੇ ਭਾਰਤ ਵਾਸੀਆਂ ਨੂੰ ਤਾਂ ਬੁਰੀ ਤਰ੍ਹਾਂ ਜ਼ਲੀਲ ਕੀਤਾ ਤੇ ਸਿੱਖਾਂ ਦਾ ਜੀਣਾ ਦੁਭਰ ਕਰ ਦਿੱਤਾ। 'ਇਕ ਵੇਰਾਂ ਸਿੱਖਾਂ ਨੇ ਰਾਤੀਂ ਛਾਪਾ ਮਾਰ ਕੇ ਰੋਪੜ ਦੇ ਅਸਥਾਨ 'ਤੇ ਸ਼ਾਹੀ ਫ਼ੌਜਾਂ ਨੂੰ ਜਾ ਲੁੱਟਿਆ।' ਨਾਦਰ ਸ਼ਾਹ ਨੇ ਦੁਖੀ ਮਨ ਨਾਲ ਲਾਹੌਰ ਜਾ ਕੇ ਸੂਬੇ ਜ਼ਕਰੀਆ ਖ਼ਾਨ ਨੂੰ ਕਿਹਾ ਇਹ ਸਿੱਖ ਕਿਸ ਬਲਾ ਦਾ ਨਾਂ ਹੈ ਕਿ ਡਰ ਇਹਨਾਂ ਦੇ ਨੇੜੇ ਨਹੀਂ ਢੁੱਕਾ। ਇਹਨਾਂ ਲੋਕਾਂ ਤੋਂ ਬਦਲਾ ਲੈਣ ਲਈ ਇਹਨਾਂ ਨੂੰ ਮਲੀਆਮੇਟ ਕਰ ਦਿੱਤਾ ਜਾਵੇ। ਸੂਬੇ ਨੇ ਕਿਹਾ, "ਹਜ਼ੂਰ ਇਹਨਾਂ ਦਾ ਥਾਂ ਟਿਕਾਣਾ ਕੋਈ ਨਹੀਂ।" ਸ਼ਾਹ ਨੇ ਪੁੱਛਿਆ, "ਰਾਤੀਂ ਸੌਂਦੇ ਕਿਥੇ ਹਨ?" ਸੂਬੇ ਦੱਸਿਆ ਕਿ ਘੋੜਿਆਂ ਦੀਆਂ ਪਿੱਠਾਂ 'ਤੇ। ਸ਼ਾਹ ਦੀ ਅਸਚਰਜਤਾ ਦੀ ਹੱਦ ਨਹੀਂ ਸੀ। ਉਸ ਕਿਹਾ ਕਿ ਇਹ ਲੋਕ ਖਾਂਦੇ-ਪਕਾਂਦੇ ਕਿਥੇ ਹਨ। ਸੂਬੇ ਦੱਸਿਆ ਕਿ ਇਹ ਭੁੱਜੇ ਛੋਲੇ ਜੇਬਾਂ ਵਿਚ ਪਾ ਕੇ ਚਲਦੇ ਹਨ, ਇਹੋ ਇਹਨਾਂ ਦਾ ਭੋਜਨ ਹੈ। ਤਾਂ ਉਸ ਕਿਹਾ, ਕਿ ਇਹੋ ਜਿਹੇ ਕਨਾਇਤ ਵਾਲੇ (ਨਿਰਲੇਪ) ਪੁਰਸ਼ਾਂ ਨੂੰ ਹਰਾ ਸਕਣਾ ਸੰਭਵ ਨਹੀਂ, ਇਹ ਆਪਣੀ ਨਿਸ਼ਕਾਮ ਅਤੇ ਨਿਰਲੇਪ ਭਾਵਨਾ ਸਦਕਾ ਜ਼ਰੂਰ ਇਕ ਦਿਨ ਰਾਜ ਭਾਗ ਦੇ ਸਵਾਮੀ ਬਣਨਗੇ।

ਇਹੋ ਜਿਹੇ ਨਿਰਲੇਪ ਬਿਰਤੀ ਵਾਲੇ ਪੁਰਸ਼ਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਨਿਰਲੇਪ ਰਹਿਣ ਦੀ ਜਾਚ ਸਿੱਖੀ।

ਥੋੜੇ ਅੱਖਰਾਂ ਵਿਚ ਸਤਿਗੁਰੂ ਜੀ ਦੇ ਤਿਆਗ ਨੂੰ ਤਿਆਗ ਭਾਵਨਾ ਆਖਿਆਂ ਕੁਝ ਗੱਲ ਬਣਦੀ ਹੈ। ਸਤਿਗੁਰੂ ਜੀ ਦਾ ਆਪਣਾ ਫ਼ਰਮਾਨ ਹੈ:

**ਸਾਧੋ ਮਨ ਕਾ ਮਾਨੁ ਤਿਆਗਉ॥** *(ਪੰਨਾ ੨੧੯)*

ਮਾਇਆ ਦੀ ਭੁੱਖ ਤਿਆਗੇ ਬਿਨਾਂ ਨਿਰਲੇਪਤਾ ਦਾ ਅਰਥ ਹੀ ਨਹੀਂ ਰਹਿੰਦਾ। ਸਤਿਗੁਰੂ ਜੀ ਢਾਕੇ ਆਸਾਮ ਵਲ ਸੰਗਤਾਂ ਦਾ ਉਧਾਰ ਕਰਨ ਹਿੱਤ ਚਾਰ ਸਾਲ ਰਹੇ। ਬੇਅੰਤ ਮਾਇਆ ਸੰਗਤਾਂ ਨੇ ਅਰਪਣ ਕੀਤੀ। ਕੇਵਲ ਧੂਬਰੀ ਦੇ ਅਸਥਾਨ 'ਤੇ ਫ਼ੌਜਾਂ ਵਲੋਂ ਭੇਟਾ ਹੋਈ ਮਾਇਆ ਦੀ ਗਿਣਤੀ 'ਸੱਤ ਲਖ ਰੁਪਏ' ਦੱਸੀ ਜਾਂਦੀ ਹੈ:

"ਫ਼ੌਜ ਵਲੋਂ ਗੁਰੂ ਜੀ ਅੱਗੇ ਬਹੁਤ ਭੇਟਾ ਆਈ ਤੇ ਸਾਰੀ ਫ਼ੌਜ ਨੇ ਦਸਵੰਧ ਦਿੱਤਾ। ਸੱਤ ਲੱਖ ਦੇ ਲਗਪਗ ਰੁਪਿਆ ਮਹਾਰਾਜ ਪਾਸ ਪੁੱਜਾ।"

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ ੨੭੦)*

"ਗੁਰੂ ਜੀ ਨੇ ਇਸ ਮਾਇਆ ਨੂੰ ਪੱਲੇ ਬੰਨ੍ਹਣ ਦੀ ਥਾਂ ਲੋੜਵੰਦਾਂ ਵਿਚ ਵੰਡ ਦਿੱਤਾ, ਕੇਵਲ ਸਫ਼ਰ ਖ਼ਰਚ ਲਈ ਲੋੜੀਂਦੀ ਮਾਇਆ ਆਪਣੇ ਪਾਸ ਰੱਖੀ।"

*(ਡਾ. ਤਰਲੋਚਨ ਸਿੰਘ, ਜੀਵਨੀ, ਪੰਨਾ ੨੫੧)*

ਸਤਿਗੁਰੂ ਦਾ ਉਪਦੇਸ਼ ਸੰਗਤਾਂ ਨੂੰ ਮਾਇਆ ਤੋਂ ਨਿਰਲੇਪ ਰਹਿਣ ਦਾ ਸੀ:

**ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥**

*(ਪੰਨਾ ੬੩੧)*

ਹੋਰ ਫ਼ਰਮਾਉਂਦੇ ਹਨ:

**ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥**
**ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥੨੪॥** *(ਪੰਨਾ ੧੪੨੭)*

ਭਾਈ ਗੁਲਾਬ ਸਿੰਘ, ਸ਼ਹੀਦੀ ਪਾਠ ਵਿਚ ਲਿਖਦੇ ਹਨ:

"ਤਬਿ ਉਤਰ ਗੁਰੂ ਯਹੀ ਸੁਨਾਇਆ,
ਗੁਰੂ ਕੇ ਕਾਂਮਿ ਨਹੀ ਕਿਛ ਮਾਇਆ॥"

ਕਰਤਾ 'ਸੂਰਜ ਪ੍ਰਕਾਸ਼' ਅਨੁਸਾਰ ਸਤਿਗੁਰੂ ਜੀ ਧਨ ਉੱਕਾ ਜਮ੍ਹਾਂ ਨਹੀਂ ਸਨ ਰੱਖਦੇ ਜਾਂ ਲੰਗਰ ਵਿਚ ਖ਼ਰਚ ਕਰ ਦੇਂਦੇ ਸਨ ਜਾਂ ਲੋੜਵੰਦਾਂ ਦੀਆਂ ਲੋੜਾਂ ਦੀ ਪੂਰਤੀ ਲਈ ਦੇ ਦੇਂਦੇ ਸਨ। 'ਮਹਿਮਾ ਪ੍ਰਕਾਸ਼' ਦੇ ਕਰਤਾ ਦਾ ਵਿਚਾਰ ਸਤਿਗੁਰੂ ਪ੍ਰਤੀ ਇਹ ਹੈ:

ਹਮਰੇ ਬਰਤਨ ਯਹੀ ਸੁਭਾਉ।
ਸਹਜੇ ਆਵੇ, ਸਹਿਜੇ ਜਾਉ।

'ਪੋਥੀ ਪੰਜਾਹ ਸਾਖੀਆਂ' ਵਿਚ ਗੁਰੂ ਉਦੇਸ਼ ਦਾ ਵਿਸਥਾਰ ਇਉਂ ਦਿੱਤਾ ਹੈ:

"ਜ਼ਾਹਿਰ ਅਮੀਰੀ, ਬਾਤਾਂ ਫਕੀਰੀ।
ਸ਼ਸਤ੍ਰ ਗਰੀਬ ਕੀ ਰਖਿਆ, ਜਰਵਾਣੇ ਕੀ ਭਖਿਆ।
ਬਾਬਾ ਨਾਨਕ ਸੰਸਾਰ ਨਹੀ ਤਿਆਗਿਆ ਥਾ,
ਮਾਇਆ ਤਿਆਗੀ ਥੀ।"

ਸੋ ਜਿਸ ਸੰਪੂਰਨ ਸਤਿਗੁਰੂ ਦਾ ਮਾਇਆ ਪ੍ਰਤੀ ਇਹ ਵਿਚਾਰ ਹੋਵੇ ਅਤੇ ਉਹ ਆਪ ਇਸ 'ਤੇ ਅਮਲ ਕਰਦੇ ਹੋਣ ਤੇ ਸੰਗਤਾਂ ਨੂੰ ਇਸ ਰਾਹ ਚੱਲਣ ਦੀ ਪ੍ਰੇਰਨਾ ਬਖਸ਼ਣ ਤਾਂ ਉਹਨਾਂ ਦੇ ਇਸ ਆਸ਼ੇ ਨੂੰ ਮਾਇਆ ਤੋਂ ਨਿਰਲੇਪਤਾ ਜਾਂ ਮਨ ਦੀ ਉਦਾਰਤਾ ਆਖਿਆ ਸੋਭਦਾ ਹੈ।

(3/1976)

ਇਕ ਯਾਦ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ

ਮਹਾਂ ਕਵੀ ਸੰਤੋਖ ਸਿੰਘ ਗੁਰਮਤਿ ਦੇ ਇਤਿਹਾਸਕ ਕਵੀ ਸਨ, ਆਪ ਜੀ ਨੇ ਆਪਣੀ ਰਚਨਾ ਦੇ ਕਬਿੱਤ ਰੂਪ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਨੂਰੀ ਖੁਸ਼ਬੋਈ ਖਿੰਡਾਰੀ ਹੈ। ਉਨ੍ਹਾਂ ਕਾਵਿ-ਕਲਾ ਦੇ ਰੂਪ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਖ਼ਸੀਅਤ ਨੂੰ ਬਾਖ਼ੂਬੀ ਪੇਸ਼ ਕੀਤਾ ਹੈ।

ਦੋਹਰਾ

ਤੇਗ ਬਹਾਦਰ ਧਰਮ ਧੁਜ.....
ਚਰਨ ਸ਼ਰਨਿ ਤਾਰਨ ਤਰਨ ਨਮੋ ਹੋਇ ਅਨਕੂਲ॥੨੧॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਧਰਮ ਦੀ ਧੁਜ (ਧਰਮ ਦਾ ਝੰਡਾ) ਹਨ। ਉਨ੍ਹਾਂ ਦੇ ਚਰਨਾਂ ਦੀ ਸ਼ਰਨ ਭਵ-ਸਾਗਰ ਤੋਂ ਤਾਰਨ ਲਈ ਜਹਾਜ਼ ਹੈ। ਮੈਂ ਸ਼ਰਨਾਗਤ ਹੋ ਕੇ ਉਨ੍ਹਾਂ ਪ੍ਰਤੀ ਨਮਸਕਾਰ ਕਰਦਾ ਹਾਂ। ਅੱਗੇ ਕਬਿੱਤ ਸਵੱਯੇ ਵਿਚ ਹੋਰ ਵਿਸਥਾਰ ਪੂਰਬਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬੇ-ਨਜ਼ੀਰ ਸ਼ਖ਼ਸੀਅਤ ਦਾ ਜ਼ਿਕਰ ਕਰਦੇ ਹਨ:

ਬਰ ਕੀਰਤਿ ਜੌਨ੍ਹ ਅਮੀਗਤਿ ਭੌਨ ਸੁ ਸੀਤਲਤਾ ਸੁਖ ਤੌਨ ਸੁਭਾਈ।
ਗਤਿ ਸਾਧਨ ਕੈਰਵ ਕੋ ਬਿਗਸਾਵਤਿ ਦਾਸ ਰਿਦਾ ਨਭ ਬੀਚ ਸੁਹਾਈ।
ਤਪਤੰ ਦੁਖ ਤੀਰ ਨ ਆਵਤ ਹੈ ਚਿਤੁ ਚਾਰੁ ਚਕੋਰੁ ਰਹੈ ਲਿਵ ਲਾਈ।
ਗੁਰ ਤੇਗ ਬਹਾਦਰ ਸੋਹਤਿ ਚੰਦ ਸੇ ਹੀਨ ਕਲੰਕ ਇਹੀ ਅਧਿਕਾਈ॥੨੨॥

ਭਾਵ—ਜਿਵੇਂ ਚੰਦਰਮਾ ਵਿਚ ਚਾਨਣੀ ਹੈ, ਤਿਵੇਂ ਸਤਿਗੁਰਾਂ ਵਿਚ ਉੱਤਮ ਕੀਰਤੀ ਸ਼ੋਭਾ ਦੇ ਰਹੀ ਹੈ। ਜਿਕੁਰ ਚੰਦਰਮਾ ਵਿਚ ਅੰਮ੍ਰਿਤ ਦਾ ਨਿਵਾਸ ਹੈ, ਉਸੇ ਤਰ੍ਹਾਂ ਸਤਿਗੁਰੂ ਜੀ ਮੁਕਤੀ ਦਾ ਘਰ ਹੋ ਕੇ ਸੋਭਾ ਦੇ ਰਹੇ ਹਨ, ਚੰਦ ਵਰਗੀ ਸੀਤਲਤਾ ਹੋਣ ਕਰਕੇ ਸੁਖ ਸ਼ੋਭਾ ਦੇ ਰਹੇ ਹਨ। ਚੰਦ ਜਿਵੇਂ ਕਲੀਆ ਨੂੰ ਖਿੜਾਉਂਦਾ ਹੈ, ਸਤਿਗੁਰੂ ਤਿਵੇਂ ਮੁਕਤੀ ਪ੍ਰਾਪਤੀ ਦੀ ਇੱਛਾ ਵਾਲੇ ਸਾਧਿਕ ਜਗਿਆਸੂਆਂ ਦੇ ਹਿਰਦਿਆਂ ਨੂੰ ਖਿੜਾਉਂਦੇ ਹਨ। ਚੰਦ ਜਿਵੇਂ ਅਕਾਸ਼ ਵਿਚ ਫਬਦਾ ਹੈ, ਤਿਵੇਂ ਸਤਿਗੁਰੂ ਦਾਸਾਂ ਦੇ ਰਿਦੇ ਵਿਚ ਸੋਭਦੇ ਹਨ। ਚੰਦ ਨੇੜੇ ਜਿਵੇਂ ਸੇਕ ਨਹੀਂ ਆਉਂਦਾ, ਤਿਵੇਂ ਸਤਿਗੁਰੂ ਜੀ ਦੇ ਨੇੜੇ ਦੁੱਖ ਨਹੀਂ ਆਉਂਦਾ।

ਚੰਦਰਮਾਂ ਵੱਲ ਜਿਵੇਂ ਚਕੋਰ ਲਿਵ ਲਾਈ ਰੱਖਦਾ ਹੈ, ਤਿਵੇਂ ਸਤਿਗੁਰੂਆਂ ਵੱਲ ਸੇਵਕ ਹਿਰਦੇ ਨੇ ਲਿਵ ਲਾਈ ਹੈ। ਸਤਿਗੁਰੂ ਤੇਗ ਬਹਾਦਰ ਜੀ ਬਿਲਕੁਲ ਚੰਦਰਮਾਂ ਵਰਗੇ ਸੋਭ ਰਹੇ ਹਨ। ਚੰਦਰਮਾਂ ਨੂੰ ਤਾਂ ਕਲੰਕ ਲਗਾ ਹੈ, ਪਰ ਸਤਿਗੁਰੂ ਜੀ ਕਲੰਕ ਤੋਂ ਰਹਿਤ ਹਨ।

ਜੇਕਰ ਇਤਿਹਾਸਕ ਤੱਥਾਂ ਦੀ ਛਾਣ-ਬੀਣ ਕਰੀਏ ਤਾਂ ਪ੍ਰਤੱਖ ਹੁੰਦਾ ਹੈ ਕਿ ਸ੍ਰੀ ਗੁਰੂ ਤੇਗ

"ਫ਼ੌਜ ਵਲੋਂ ਗੁਰੂ ਜੀ ਅੱਗੇ ਬਹੁਤ ਭੇਟਾ ਆਈ ਤੇ ਸਾਰੀ ਫ਼ੌਜ ਨੇ ਦਸਵੰਧ ਦਿੱਤਾ। ਸੱਤ ਲੱਖ ਦੇ ਲਗਪਗ ਰੁਪਿਆ ਮਹਾਰਾਜ ਪਾਸ ਪੁੱਜਾ।"

*(ਤਵਾਰੀਖ਼ ਗੁਰੂ ਖ਼ਾਲਸਾ, ਪੰਨਾ ੨੭੦)*

"ਗੁਰੂ ਜੀ ਨੇ ਇਸ ਮਾਇਆ ਨੂੰ ਪੱਲੇ ਬੰਨ੍ਹਣ ਦੀ ਥਾਂ ਲੋੜਵੰਦਾਂ ਵਿਚ ਵੰਡ ਦਿੱਤਾ, ਕੇਵਲ ਸਫ਼ਰ ਖ਼ਰਚ ਲਈ ਲੋੜੀਂਦੀ ਮਾਇਆ ਆਪਣੇ ਪਾਸ ਰੱਖੀ।"

*(ਡਾ. ਤਰਲੋਚਨ ਸਿੰਘ, ਜੀਵਨੀ, ਪੰਨਾ ੨੫੧)*

ਸਤਿਗੁਰੂ ਦਾ ਉਪਦੇਸ਼ ਸੰਗਤਾਂ ਨੂੰ ਮਾਇਆ ਤੋਂ ਨਿਰਲੇਪ ਰਹਿਣ ਦਾ ਸੀ:

**ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥**

*(ਪੰਨਾ ੬੩੧)*

ਹੋਰ ਫ਼ਰਮਾਉਂਦੇ ਹਨ:

**ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥**
**ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥੨੪॥** *(ਪੰਨਾ ੧੪੨੭)*

ਭਾਈ ਗੁਲਾਬ ਸਿੰਘ, ਸ਼ਹੀਦੀ ਪਾਠ ਵਿਚ ਲਿਖਦੇ ਹਨ:

"ਤਬਿ ਉਤਰ ਗੁਰੂ ਯਹੀ ਸੁਨਾਇਆ,
ਗੁਰੂ ਕੇ ਕਾਂਮਿ ਨਹੀ ਕਿਛ ਮਾਇਆ॥"

ਕਰਤਾ 'ਸੂਰਜ ਪ੍ਰਕਾਸ਼' ਅਨੁਸਾਰ ਸਤਿਗੁਰੂ ਜੀ ਧਨ ਉੱਕਾ ਜਮ੍ਹਾਂ ਨਹੀਂ ਸਨ ਰੱਖਦੇ ਜਾਂ ਲੰਗਰ ਵਿਚ ਖ਼ਰਚ ਕਰ ਦੇਂਦੇ ਸਨ ਜਾਂ ਲੋੜਵੰਦਾਂ ਦੀਆਂ ਲੋੜਾਂ ਦੀ ਪੂਰਤੀ ਲਈ ਦੇ ਦੇਂਦੇ ਸਨ। 'ਮਹਿਮਾ ਪ੍ਰਕਾਸ਼' ਦੇ ਕਰਤਾ ਦਾ ਵਿਚਾਰ ਸਤਿਗੁਰੂ ਪ੍ਰਤੀ ਇਹ ਹੈ:

ਹਮਰੇ ਬਰਤਨ ਯਹੀ ਸੁਭਾਉ।
ਸਹਜੇ ਆਵੇ, ਸਹਿਜੇ ਜਾਉ।

'ਪੋਥੀ ਪੰਜਾਹ ਸਾਖੀਆਂ' ਵਿਚ ਗੁਰੂ ਉਦੇਸ਼ ਦਾ ਵਿਸਥਾਰ ਇਉਂ ਦਿੱਤਾ ਹੈ:

"ਜ਼ਾਹਿਰ ਅਮੀਰੀ, ਬਾਤਾਂ ਫਕੀਰੀ।
ਸ਼ਸਤ੍ਰ ਗਰੀਬ ਕੀ ਰਖਿਆ, ਜਰਵਾਣੇ ਕੀ ਭਖਿਆ।
ਬਾਬਾ ਨਾਨਕ ਸੰਸਾਰ ਨਹੀ ਤਿਆਗਿਆ ਥਾ,
ਮਾਇਆ ਤਿਆਗੀ ਥੀ।"

ਸੋ ਜਿਸ ਸੰਪੂਰਨ ਸਤਿਗੁਰੂ ਦਾ ਮਾਇਆ ਪ੍ਰਤੀ ਇਹ ਵਿਚਾਰ ਹੋਵੇ ਅਤੇ ਉਹ ਆਪ ਇਸ 'ਤੇ ਅਮਲ ਕਰਦੇ ਹੋਣ ਤੇ ਸੰਗਤਾਂ ਨੂੰ ਇਸ ਰਾਹ ਚੱਲਣ ਦੀ ਪ੍ਰੇਰਨਾ ਬਖਸ਼ਣ ਤਾਂ ਉਹਨਾਂ ਦੇ ਇਸ ਆਸ਼ੇ ਨੂੰ ਮਾਇਆ ਤੋਂ ਨਿਰਲੇਪਤਾ ਜਾਂ ਮਨ ਦੀ ਉਦਾਰਤਾ ਆਖਿਆ ਸੋਭਦਾ ਹੈ।

(3/1976)

ਇਕ ਯਾਦ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ

ਮਹਾਂ ਕਵੀ ਸੰਤੋਖ ਸਿੰਘ ਗੁਰਮਤਿ ਦੇ ਇਤਿਹਾਸਕ ਕਵੀ ਸਨ, ਆਪ ਜੀ ਨੇ ਆਪਣੀ ਰਚਨਾ ਦੇ ਕਬਿੱਤ ਰੂਪ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਨੂਰੀ ਖੁਸ਼ਬੋਈ ਖਿੰਡਾਰੀ ਹੈ। ਉਨ੍ਹਾਂ ਕਾਵਿ-ਕਲਾ ਦੇ ਰੂਪ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਖ਼ਸੀਅਤ ਨੂੰ ਬਾਖ਼ੂਬੀ ਪੇਸ਼ ਕੀਤਾ ਹੈ।

ਦੋਹਰਾ

ਤੇਗ ਬਹਾਦਰ ਧਰਮ ਧੁਜ.....
ਚਰਨ ਸ਼ਰਨਿ ਤਾਰਨ ਤਰਨ ਨਮੋ ਹੋਇ ਅਨਕੂਲ॥੨੧॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਧਰਮ ਦੀ ਧੁਜ (ਧਰਮ ਦਾ ਝੰਡਾ) ਹਨ। ਉਨ੍ਹਾਂ ਦੇ ਚਰਨਾਂ ਦੀ ਸ਼ਰਨ ਭਵ-ਸਾਗਰ ਤੋਂ ਤਾਰਨ ਲਈ ਜਹਾਜ਼ ਹੈ। ਮੈਂ ਸ਼ਰਨਾਗਤ ਹੋ ਕੇ ਉਨ੍ਹਾਂ ਪ੍ਰਤੀ ਨਮਸਕਾਰ ਕਰਦਾ ਹਾਂ। ਅੱਗੇ ਕਬਿੱਤ ਸਵੱਯੇ ਵਿਚ ਹੋਰ ਵਿਸਥਾਰ ਪੂਰਬਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬੇ-ਨਜ਼ੀਰ ਸ਼ਖ਼ਸੀਅਤ ਦਾ ਜ਼ਿਕਰ ਕਰਦੇ ਹਨ:

ਬਰ ਕੀਰਤਿ ਜੌਨ੍ਹ ਅਮੀਗਤਿ ਭੌਨ ਸੁ ਸੀਤਲਤਾ ਸੁਖ ਤੌਨ ਸੁਭਾਈ।
ਗਤਿ ਸਾਧਨ ਕੈਰਵ ਕੋ ਬਿਗਸਾਵਤਿ ਦਾਸ ਰਿਦਾ ਨਭ ਬੀਚ ਸੁਹਾਈ।
ਤਪਤੰ ਦੁਖ ਤੀਰ ਨ ਆਵਤ ਹੈ ਚਿਤੁ ਚਾਰੁ ਚਕੋਰੁ ਰਹੈ ਲਿਵ ਲਾਈ।
ਗੁਰ ਤੇਗ ਬਹਾਦਰ ਸੋਹਤਿ ਚੰਦ ਸੇ ਹੀਨ ਕਲੰਕ ਇਹੀ ਅਧਿਕਾਈ॥੨੨॥

ਭਾਵ—ਜਿਵੇਂ ਚੰਦਰਮਾ ਵਿਚ ਚਾਨਣੀ ਹੈ, ਤਿਵੇਂ ਸਤਿਗੁਰਾਂ ਵਿਚ ਉੱਤਮ ਕੀਰਤੀ ਸ਼ੋਭਾ ਦੇ ਰਹੀ ਹੈ। ਜਿਕੁਰ ਚੰਦਰਮਾ ਵਿਚ ਅੰਮ੍ਰਿਤ ਦਾ ਨਿਵਾਸ ਹੈ, ਉਸੇ ਤਰ੍ਹਾਂ ਸਤਿਗੁਰੂ ਜੀ ਮੁਕਤੀ ਦਾ ਘਰ ਹੋ ਕੇ ਸੋਭਾ ਦੇ ਰਹੇ ਹਨ, ਚੰਦ ਵਰਗੀ ਸੀਤਲਤਾ ਹੋਣ ਕਰਕੇ ਸੁਖ ਸ਼ੋਭਾ ਦੇ ਰਹੇ ਹਨ। ਚੰਦ ਜਿਵੇਂ ਕਲੀਆ ਨੂੰ ਖਿੜਾਉਂਦਾ ਹੈ, ਸਤਿਗੁਰੂ ਤਿਵੇਂ ਮੁਕਤੀ ਪ੍ਰਾਪਤੀ ਦੀ ਇੱਛਾ ਵਾਲੇ ਸਾਧਿਕ ਜਗਿਆਸੂਆਂ ਦੇ ਹਿਰਦਿਆਂ ਨੂੰ ਖਿੜਾਉਂਦੇ ਹਨ। ਚੰਦ ਜਿਵੇਂ ਅਕਾਸ਼ ਵਿਚ ਫਬਦਾ ਹੈ, ਤਿਵੇਂ ਸਤਿਗੁਰੂ ਦਾਸਾਂ ਦੇ ਰਿਦੇ ਵਿਚ ਸੋਭਦੇ ਹਨ। ਚੰਦ ਨੇੜੇ ਜਿਵੇਂ ਸੇਕ ਨਹੀਂ ਆਉਂਦਾ, ਤਿਵੇਂ ਸਤਿਗੁਰੂ ਜੀ ਦੇ ਨੇੜੇ ਦੁੱਖ ਨਹੀਂ ਆਉਂਦਾ।

ਚੰਦਰਮਾਂ ਵੱਲ ਜਿਵੇਂ ਚਕੋਰ ਲਿਵ ਲਾਈ ਰੱਖਦਾ ਹੈ, ਤਿਵੇਂ ਸਤਿਗੁਰੂਆਂ ਵੱਲ ਸੇਵਕ ਹਿਰਦੇ ਨੇ ਲਿਵ ਲਾਈ ਹੈ। ਸਤਿਗੁਰੂ ਤੇਗ ਬਹਾਦਰ ਜੀ ਬਿਲਕੁਲ ਚੰਦਰਮਾਂ ਵਰਗੇ ਸੋਭ ਰਹੇ ਹਨ। ਚੰਦਰਮਾਂ ਨੂੰ ਤਾਂ ਕਲੰਕ ਲਗਾ ਹੈ, ਪਰ ਸਤਿਗੁਰੂ ਜੀ ਕਲੰਕ ਤੋਂ ਰਹਿਤ ਹਨ।

ਜੇਕਰ ਇਤਿਹਾਸਕ ਤੱਥਾਂ ਦੀ ਛਾਣ-ਬੀਣ ਕਰੀਏ ਤਾਂ ਪ੍ਰਤੱਖ ਹੁੰਦਾ ਹੈ ਕਿ ਸ੍ਰੀ ਗੁਰੂ ਤੇਗ

ਬਹਾਦਰ ਜੀ ਅਦੁੱਤੀ ਸ਼ਖ਼ਸੀਅਤ ਦੇ ਮਾਲਕ ਸਨ। ਇਸ ਇਨਕਲਾਬੀ ਰੂਹ ਨੇ ਛੋਟੀ ਉਮਰੇ ਹੀ ਕਰਤਾਰਪੁਰ ਵਿਚ ਫ਼ੌਜ ਨਾਲ ਟੱਕਰ ਲਈ। ਇਸ ਤਰ੍ਹਾਂ ਆਪ ਤਲਵਾਰ ਦੇ ਜੌਹਰ ਵਿਖਾ ਕੇ (ਗੁਰੂ) ਤੇਗ ਬਹਾਦਰ ਅਖਵਾਏ। ਆਪ ਸੂਰਬੀਰਤਾ, ਹੌਸਲੇ, ਮਰਦਾਨਗੀ, ਨਿਰਭੈਤਾ ਵਰਗੇ ਗੁਣਾਂ ਦੇ ਮਾਲਕ ਸਨ। ਆਪ ਯੁੱਧ ਨੀਤੀ ਵਿਚ ਪਰਪੱਕ ਸਨ। ਉਹਨਾਂ ਨੂੰ ਕੇਵਲ ਤਿਆਗੀ ਸਮਝਣਾ ਬਿਲਕੁਲ ਗ਼ਲਤ ਹੈ। ਆਪ ਮੈਦਾਨਿ-ਜੰਗ ਵਿਚ ਯੋਧੇ ਤੇ ਵਿਦਿਆ ਦੇ ਖੇਤਰ ਵਿਚ ਵਿਦਵਾਨ ਸਨ। ਸਮੇਂ ਦੀ ਨਬਜ਼ ਪਛਾਣਦਿਆਂ ਆਪ ਨੇ ਆਪਣੇ ਸਪੁੱਤਰ ਬਾਲ ਗੋਬਿੰਦ ਰਾਏ ਨੂੰ ਸ਼ਸਤਰ ਵਿਦਿਆ ਬਾਲ ਉਮਰੇ ਹੀ ਦੇਣੀ ਸ਼ੁਰੂ ਕਰ ਦਿੱਤੀ ਸੀ।

ਆਪ ਤਪੱਸਵੀ ਵੀ ਸਨ। ਜਦੋਂ ਮੱਖਣ ਸ਼ਾਹ ਲੁਬਾਣੇ ਦੀ ਸ਼ਰਧਾ-ਪੂਰਵਕ ਖੋਜ ਰਾਹੀਂ ਆਪ ਗੁਰੂ ਰੂਪ ਵਿਚ ਪ੍ਰਗਟ ਹੋਏ ਤਾਂ ਉਹਨਾਂ ਪਰਉਪਕਾਰ ਦੇ ਦਵਾਰ ਖੋਲ੍ਹ ਦਿੱਤੇ: "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ...॥" ਦੇ ਮਹਾਂਵਾਕ ਅਨੁਸਾਰ ਸਭ ਨੂੰ "ਲੋਕ ਸੁਖੀਏ ਪਰਲੋਕ ਸੁਹੇਲੇ" ਬਣਾਉਣਾ ਆਰੰਭ ਕਰ ਦਿੱਤਾ। ਨਾਮ ਸਿਮਰਨ ਦੁਆਰਾ ਮੁਕਤੀ ਦੀ ਦਾਤ ਥੋੜ੍ਹਾ ਸਮਾਂ ਵੰਡਦੇ ਰਹੇ। ਉਹਨਾਂ ਦੇ ਦ੍ਰਿੜ੍ਹ ਨਿਸ਼ਚੇ, ਪਰਉਪਕਾਰ ਤੇ ਮਜ਼ਲੂਮਾਂ ਦੀ ਦਸਤਗੀਰੀ, ਗੁਣਾਂ ਦੀ ਕੀਰਤੀ ਦੀ ਸੁਗੰਧੀ ਚਾਰ ਚੁਫੇਰੇ ਪਸਰ ਗਈ। ਜਾਬਰ ਤੇ ਕਹਿਰਵਾਨ ਹਾਕਮਾਂ ਦੇ ਸਾਹਮਣੇ ਦੱਬੇ, ਲਿਤਾੜੇ ਹੋਏ ਦੀਨ-ਦੁਖੀ ਫ਼ਰਿਆਦ ਲੈ ਕੇ ਉਨ੍ਹਾਂ ਦੇ ਦਰਬਾਰ ਵਿਚ ਹਾਜ਼ਿਰ ਹੋਣ ਲੱਗੇ। ਹੋਰ ਵਰਗਾਂ ਤੋਂ ਬਿਨਾਂ ਭੈ-ਭੀਤ ਅਤੇ ਦੁਖੀ ਕਿਸਾਨ ਵੀ ਵੱਡੀ ਗਿਣਤੀ ਵਿਚ ਸ਼ਰਨ ਆਉਣ ਲੱਗੇ। ਆਪ ਜੀ ਦੀ ਆਸਾਮ ਯਾਤਰਾ ਤੇ ਪੂਰਬੀ ਤੱਟਾਂ ਦੀ ਫੇਰੀ ਦਾ ਕੋਈ ਖਾਸ ਮਨੋਰਥ ਸੀ। ਉਹ ਸੀ, ਵੇਲੇ ਦੀ ਸਰਕਾਰ ਵਲੋਂ ਢਾਹੇ ਜਾ ਰਹੇ ਜ਼ੁਲਮ-ਜਬਰ ਸਹਿਣ ਵਾਲੇ ਲੋਕਾਂ ਨੂੰ ਹੌਸਲਾ ਦੇਣਾ ਤੇ ਉਭਾਰਨਾ।

ਇਸ ਤਰ੍ਹਾਂ ਦੀਆਂ ਯਾਤਰਾਵਾਂ ਕਰਨ ਤੋਂ ਬਾਅਦ ਆਪ ਥੋੜ੍ਹਾ ਚਿਰ ਅਨੰਦਪੁਰ ਟਿਕੇ, ਪਰ ਹਾਕਮਾਂ ਦੇ ਜ਼ੁਲਮ ਦਿਨ-ਪ੍ਰਤੀ-ਦਿਨ ਵਧਦੇ ਜਾ ਰਹੇ ਸਨ। ਫਿਰ ਇਨ੍ਹਾਂ ਦਿਨਾਂ ਵਿਚ ਕਸ਼ਮੀਰੀ ਪੰਡਤ ਆਪ ਜੀ ਦੀ ਸੇਵਾ ਵਿਚ ਹਾਜ਼ਿਰ ਹੋਏ ਤੇ ਸਾਰੀ ਵਿਥਿਆ ਬਿਆਨ ਕੀਤੀ।

ਅਖ਼ੀਰ (ਗੁਰੂ) ਗੋਬਿੰਦ ਰਾਏ ਦੀ ਯੋਗਤਾ, ਲਿਆਕਤ ਤੇ ਸਮਰੱਥਾ ਨੂੰ ਸਮਝ ਆਪ ਸੰਗਤਾਂ ਨਾਲ ਦਿੱਲੀ ਵੱਲ ਨੂੰ ਰਵਾਨਾ ਹੋ ਗਏ। ਰਾਹ ਵਿਚ ਥਾਂ-ਪੁਰ-ਥਾਂ ਦੀਵਾਨ ਸਜਾਉਂਦੇ ਗਏ। ਇਸ ਤਰ੍ਹਾਂ ਪੇਸ਼ਕਦਮੀ ਕਰਦੇ ਜਦ ਆਪ ਆਗਰੇ ਪਹੁੰਚੇ ਤਾਂ ਔਰੰਗਜ਼ੇਬ ਦੀ ਹਕੂਮਤ ਨੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ। ਆਖ਼ਰ ਜ਼ਾਲਮ ਹਕੂਮਤ ਨੇ ਦਿੱਲੀ ਚਾਂਦਨੀ ਚੌਕ ਵਿਚ ਆਪ ਨੂੰ ਸ਼ਹੀਦ ਕਰ ਦਿੱਤਾ।

ਆਪ ਜੀ ਨੇ ਇਹ ਸ਼ਹਾਦਤ ਦੇ ਕੇ ਉਲਟੀ ਗੰਗਾ ਵਹਾ ਦਿੱਤੀ ਭਾਵ ਸ਼ਹਾਦਤ ਦੀ ਬੇ-ਨਜ਼ੀਰ ਕੀਮਤ ਅਦਾ ਕੀਤੀ ਕਿਉਂਕਿ ਆਪ ਨੇ ਸ਼ਹਾਦਤ ਸਵਾਰਥ ਲਈ ਨਹੀਂ ਦਿੱਤੀ ਸਗੋਂ ਲੁਕਾਈ ਖਾਤਰ ਦਿੱਤੀ ਸੀ। ਔਰੰਗਜ਼ੇਬ ਸਰੁਈ ਹਾਕਮ ਨੂੰ ਵੀ ਇਸ ਬਿਹਤਰੀਨ ਸੰਗਰਾਮ ਤੇ ਸ਼ਹਾਦਤ ਅੱਗੇ ਸਿਰ ਨਿਵਾਉਣਾ ਪਿਆ। ਆਪ ਦ੍ਰਿੜ੍ਹ ਨਿਸ਼ਚੇ ਦੇ ਮਾਲਕ ਸਨ।

**ਸੀਸੁ ਦੀਆ ਪਰ ਸਿਰਰੁ ਨ ਦੀਆ॥** *(ਦਸਮ ਗ੍ਰੰਥ)*

ਆਓ, ਵੇਖੀਏ ਕਿਹਾ ਸਿਰਰੁ ਸੀ, ਕਿਹੋ ਜਿਹਾ ਅਕੀਦਾ, ਇਲਮ ਤੇ ਹਰਕਮ ਸੀ। ਇਹ ਦਿਲੀ ਚਾਅ ਸਭ ਮਾਨਵਤਾ ਲਈ ਸੀ। ਉਹ ਸ਼ੁਰੂ ਤੋਂ ਹੀ ਲੋਕਾਂ ਦੇ ਸਿਰ 'ਤੇ ਹੱਥ ਰੱਖਦੇ ਰਹੇ। ਉਨ੍ਹਾਂ ਦੇ ਸਮਾਜ ਵਿਚ ਕੋਈ ਵੰਡ-ਵਿਤਕਰਾ ਨਹੀਂ ਸੀ। ਸ਼ਰਤ ਇਹ ਕਿ ਕੋਈ ਅਭਿਮਾਨੀ ਜਾਂ

ਹੰਕਾਰੀ ਹੋ ਕੇ ਨਾ ਆਵੇ, ਵੈਸੇ ਵੀ ਆਪ ਦਾ ਮਾਨਵ ਹਿਤ ਤੇ ਮਾਨਵਤਾ ਦੀ ਨਿਰਭੈਤਾ ਪ੍ਰਤੱਖ ਹੈ।

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨੁ॥** *(ਪੰਨਾ ੧੪੨੭)*

ਕਈ ਸਿਆਣੇ ਵਿਦਵਾਨ ਹੁੰਦੇ ਹੋਏ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸਿਰਫ਼ ਵੈਰਾਗ-ਮਈ ਸਮਝਦੇ ਹਨ, ਜੋ ਗ਼ਲਤ ਹੈ। ਆਪ ਜੀ ਦੀ ਆਤਮਾ ਅੰਦਰ ਪਰਮ-ਆਤਮਾ ਦਾ ਨਿਵਾਸ ਤੇ ਹੁਲਾਸ ਸੀ। ਗੁਰਬਾਣੀ ਦਾ ਇਹ ਸ਼ਬਦ ਹਰੇਕ ਮਨੁੱਖ ਤੋਂ ਸਜਦਾ ਲੈਂਦਾ ਹੈ ਕਿ ਅਸੀਂ ਵੀ ਆਦਰਸ਼ ਖ਼ਾਤਰ ਲਾਮਬੰਦ ਹੋ ਕੇ ਗੁਣ ਗੁਣਾਈਏ :

**ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥**

*(ਪੰਨਾ ੬੮੪)*

(4/1980)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ

ਦੁਨੀਆਂ ਦੇ ਇਤਿਹਾਸ ਦੇ ਪੱਤਰੇ ਫਰੋਲਣ ਤੋਂ ਪਤਾ ਲੱਗਦਾ ਹੈ ਕਿ ਕਿਸੇ ਸੰਤ-ਭਗਤ ਨੇ ਕੋਈ ਕੁਰਬਾਨੀ ਦਿੱਤੀ ਹੈ ਤਾਂ ਕੇਵਲ ਆਪਣੀਆਂ ਹੀ ਨਿੱਜੀ, ਧਾਰਮਕ ਜਾਂ ਸਮਾਜਕ ਮਾਨਤਾਵਾਂ ਨੂੰ ਬਚਾਉਣ ਲਈ ਪਰ ਕਦੀ ਇਹ ਨਹੀਂ ਸੁਣਿਆ ਕਿ ਕਿਸੇ ਵਿਅਕਤੀ ਨੇ ਕਿਸੇ ਦੂਜੇ ਧਰਮ ਜਾਂ ਫ਼ਿਰਕੇ ਦੇ ਲੋਕਾਂ ਲਈ ਕੁਰਬਾਨੀ ਦਿੱਤੀ ਹੋਵੇ। ਅਜਿਹੀ ਇਕ ਅਦੁੱਤੀ ਮਿਸਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੀ ਹੈ ਜਿਨ੍ਹਾਂ ਦੇ ਜੀਵਨ ਦੀ ਸੰਖੇਪ ਵਿਚਾਰ ਇਥੇ ਕੀਤੀ ਜਾ ਰਹੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਪਹਿਲੀ ਅਪ੍ਰੈਲ, 1621 ਈ. ਨੂੰ ਗੁਰੂ ਕੇ ਮਹਿਲ (ਅੰਮ੍ਰਿਤਸਰ) ਵਿਚ ਹੋਇਆ। ਆਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਵਿਚੋਂ ਪੰਜਵੇਂ ਤੇ ਸਭ ਤੋਂ ਛੋਟੇ ਸਨ। ਸਭ ਤੋਂ ਛੋਟੇ ਹੋਣ ਕਰਕੇ ਇਨ੍ਹਾਂ ਦੀ ਪਾਲਣਾ-ਪੋਸ਼ਣਾ ਬੜੇ ਚਾਅ-ਮਲਾਰ ਅਤੇ ਨਾਲ ਹੀ ਧਾਰਮਕ ਨਿਯੰਤਰਣ ਦੇ ਵਾਤਾਵਰਨ ਵਿਚ ਹੋਈ ਪਰ ਆਪ ਸੁਭਾਵਕ ਹੀ ਲੋਕ-ਮਾਨਤਾ ਅਤੇ ਦਿਖਾਵੇ ਤੋਂ ਨਿਰਲੇਪ ਰਹਿੰਦੇ। ਆਪ ਬਚਪਨ ਤੋਂ ਹੀ ਸਾਦਾ ਅਤੇ ਅਧਿਆਤਮਵਾਦੀ ਰੁਚੀਆਂ ਦੇ ਮਾਲਕ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਨਿਗਰਾਨੀ ਹੇਠ ਚਾਰ ਸਾਲ ਦੀ ਉਮਰ ਵਿਚ ਉਨ੍ਹਾਂ ਨੂੰ ਬਾਬਾ ਬੁੱਢਾ ਜੀ ਪਾਸ ਪੜ੍ਹਨੇ ਪਾਇਆ। ਪਹਿਲਾਂ ਉਨ੍ਹਾਂ ਗੁਰਮੁਖੀ ਵਰਣਮਾਲਾ ਦਾ ਗਿਆਨ ਪ੍ਰਾਪਤ ਕੀਤਾ ਅਤੇ ਪਿੱਛੋਂ ਕਈ ਜ਼ੁਬਾਨਾਂ, ਇਤਿਹਾਸ, ਦਰਸ਼ਨ ਅਤੇ ਹੋਰ ਧਰਮਾਂ ਦਾ ਅਧਿਐਨ ਕੀਤਾ। ਵਿਦਿਆ ਦੇ ਨਾਲ-ਨਾਲ ਉਨ੍ਹਾਂ ਨੂੰ ਘੋੜ-ਸਵਾਰੀ ਤੇ ਜੰਗੀ ਤਰਕੀਬਾਂ ਤੋਂ ਵੀ ਪੂਰੀ ਤਰ੍ਹਾਂ ਜਾਣੂ ਕਰਵਾਇਆ ਗਿਆ ਕਿਉਂਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਦਲਦੇ ਹਾਲਾਤ ਦੇ ਅੰਤਰਗਤ ਆਪਣੇ ਸਿੱਖਾਂ ਲਈ ਇਹ ਚੀਜ਼ਾਂ ਜ਼ਰੂਰੀ ਕਰਾਰ ਦਿੱਤੀਆਂ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 1630 ਈ. ਤੱਕ ਅੰਮ੍ਰਿਤਸਰ ਵਿਚ ਰਹੇ ਤੇ ਫਿਰ ਇਥੋਂ ਪਰਿਵਾਰ ਸਮੇਤ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਚਲੇ ਗਏ। ਇੰਜ (ਗੁਰੂ) ਤੇਗ ਬਹਾਦਰ ਜੀ ਨੇ ਆਪਣੇ ਜੀਵਨ ਦੇ ਪਹਿਲੇ 9 ਸਾਲ ਅੰਮ੍ਰਿਤਸਰ ਵਿਚ ਗੁਜ਼ਾਰੇ।

ਜਦ 1634 ਈ. ਵਿਚ ਪੈਂਦੇ ਖਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲੋਂ ਨਾਤਾ ਤੋੜ ਕੇ ਵਿਰੋਧੀਆਂ ਦੀ ਸੈਨਾ ਵਿਚ ਜਾ ਰਲਿਆ ਅਤੇ ਲਾਹੌਰ ਦੇ ਸੂਬੇਦਾਰ ਦੇ ਕੰਨ ਭਰ ਕੇ ਉਸ ਕੋਲੋਂ ਕਾਲੇ ਖਾਂ ਦੀ ਕਮਾਨ ਹੇਠ ਸ਼ਾਹੀ ਫ਼ੌਜ ਚੜ੍ਹਾ ਕੇ ਕਰਤਾਰਪੁਰ ਲੈ ਆਇਆ ਤੇ ਗੁਰੂ ਜੀ ਨਾਲ ਲੜਾਈ ਛੇੜ ਦਿੱਤੀ, ਤਾਂ (ਗੁਰੂ) ਤੇਗ ਬਹਾਦਰ ਜੀ ਨੇ ਵੀ ਇਸ ਲੜਾਈ ਵਿਚ ਹਿੱਸਾ ਲਿਆ। ਕਰਤਾਰਪੁਰ ਦੇ ਜੰਗ ਪਿਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ ਤੇ (ਗੁਰੂ) ਤੇਗ ਬਹਾਦਰ ਜੀ ਨੂੰ ਬਾਕੀ ਪਰਿਵਾਰ ਸਮੇਤ ਬਕਾਲੇ ਭੇਜ ਦਿੱਤਾ। ਇਥੇ ਇਕਾਂਤ ਵਿਚ (ਗੁਰੂ)

ਤੇਗ ਬਹਾਦਰ ਜੀ ਪ੍ਰਭੂ-ਭਗਤੀ ਕਰਦੇ ਰਹੇ ਅਤੇ ਭਵਿੱਖ ਦੀਆਂ ਸਮੱਸਿਆਵਾਂ ਨਾਲ ਸਿੱਝਣ ਲਈ ਆਪਣੇ ਆਪ ਨੂੰ ਤਿਆਰ ਕਰਦੇ ਰਹੇ।

30 ਮਾਰਚ, 1664 ਈ. ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਪ੍ਰਲੋਕ ਗਮਨ ਕਰ ਗਏ ਤੇ ਆਪਣੇ ਅਗਲੇ ਜਾਨਸ਼ੀਨ ਬਾਰੇ 'ਬਾਬਾ ਬਕਾਲੇ' ਸ਼ਬਦ ਆਖ ਕੇ ਸੰਕੇਤ ਕਰ ਗਏ। ਹਾਕਮ ਜਮਾਤ ਦੀ ਸ਼ਹਿ 'ਤੇ ਗੁਰਗੱਦੀ ਲਈ ਕਈ ਦਾਅਵੇਦਾਰ ਖੜ੍ਹੇ ਹੋ ਗਏ ਜਿਨ੍ਹਾਂ ਵਿਚ ਲਾਹੌਰ ਤੇ ਅਨੰਦਪੁਰ ਦੇ ਸੋਢੀ, ਅੰਮ੍ਰਿਤਸਰ ਦੇ ਮੀਣੇ ਤੇ ਧੀਰਮੱਲੀਏ ਆਦਿ ਉਲੇਖਣਯੋਗ ਹਨ। ਇਨ੍ਹਾਂ ਸਾਰਿਆਂ ਦੀ ਗਿਣਤੀ 22 ਦੱਸੀ ਜਾਂਦੀ ਹੈ। ਇਨ੍ਹਾਂ ਸਾਰਿਆਂ ਬਕਾਲੇ ਡੇਰੇ ਲਾਏ ਤੇ ਭਾੜੇ ਦੇ ਪ੍ਰਚਾਰਕ ਲੈ ਕੇ ਆਪੋ-ਆਪਣਾ ਪ੍ਰਚਾਰ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿਚੋਂ ਧੀਰਮੱਲ, ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦਾ ਸਭ ਤੋਂ ਵੱਡਾ ਪੁੱਤਰ ਸੀ, ਨੇ ਹਰ ਜਾਇਜ਼-ਨਜਾਇਜ਼ ਤਰੀਕੇ ਨਾਲ ਗੁਰਗੱਦੀ 'ਤੇ ਕਬਜ਼ਾ ਕਰਨ ਦੀ ਠਾਣੀ ਹੋਈ ਸੀ। ਉਸ ਦੇ ਪਾਸ ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਸੀ। ਇਸ ਤਰ੍ਹਾਂ ਆਪੋ-ਧਾਪੀ ਪਈ ਵੇਖ ਕੇ ਮਾਤਾ ਨਾਨਕੀ ਜੀ ਨੇ ਗੋਇੰਦਵਾਲ ਰਹਿ ਰਹੇ ਬਾਬਾ ਦਵਾਰਕਾ ਦਾਸ ਨੂੰ ਚਿੱਠੀ ਲਿਖੀ ਕਿ ਉਹ ਬਕਾਲੇ ਆ ਕੇ ਇਸ ਸਮੱਸਿਆ ਨੂੰ ਨਜਿੱਠੇ। ਉਹ ਕੁਝ ਮੁਖੀ ਸਿੱਖਾਂ ਨੂੰ ਲੈ ਕੇ ਬਕਾਲੇ ਪਹੁੰਚਿਆ ਤੇ ਹਾਲਾਤ ਦਾ ਜਾਇਜ਼ਾ ਲਿਆ। ਗੁਰੂ-ਘਰ ਦੇ ਸਿੱਖਾਂ ਨੇ ਸੋਚਿਆ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਐਲਾਨ ਵੇਲੇ ਤਾਂ ਕੇਵਲ (ਗੁਰੂ) ਤੇਗ ਬਹਾਦਰ ਜੀ ਹੀ ਬਕਾਲੇ ਵਿਚ ਸਨ ਜੋ ਸ਼ਰੀਕੇ ਵਿਚੋਂ ਉਨ੍ਹਾਂ ਦੇ ਬਾਬਾ (ਦਾਦਾ) ਲੱਗਦੇ ਸਨ। ਮੱਖਣ ਸ਼ਾਹ ਲੁਬਾਣੇ ਦੀ ਅਗਵਾਈ ਵਿਚ, ਜੋ ਪੇਸ਼ੇ ਵਜੋਂ ਵਪਾਰੀ ਸੀ ਅਤੇ ਗੁਜਰਾਤ ਵਿਚ ਮਸੰਦ ਵਜੋਂ ਕੰਮ ਕਰਦਾ ਸੀ, ਸਿੱਖਾਂ ਨੇ ਗੁਰੂ ਜੀ ਨੂੰ ਲੱਭ ਲਿਆ ਅਤੇ (ਗੁਰੂ) ਤੇਗ ਬਹਾਦਰ ਜੀ ਦੇ ਅਸਲੀ ਗੁਰੂ ਹੋਣ ਦਾ ਐਲਾਨ ਕਰ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਪਿੱਛੋਂ ਉਨ੍ਹਾਂ ਦੇ ਵਿਰੋਧੀਆਂ ਨੇ ਤਾਕਤ ਤੇ ਨਜਾਇਜ਼ ਹੱਥ-ਕੰਡੇ ਵਰਤਣੇ ਸ਼ੁਰੂ ਕਰ ਦਿੱਤੇ। ਧੀਰਮੱਲ ਜੋ ਗੁਰੂ ਤੇਗ ਬਹਾਦਰ ਜੀ ਦਾ ਸਭ ਤੋਂ ਵੱਡਾ ਵਿਰੋਧੀ ਸੀ, ਨੇ ਇਕ ਮਸੰਦ ਸ਼ੀਹਾਂ ਅਤੇ ਕੁਝ ਹੋਰ ਹਥਿਆਰਬੰਦ ਵਿਅਕਤੀ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਉੱਪਰ ਹਮਲਾ ਕਰ ਦਿੱਤਾ। ਕੁਝ ਲੁਟੇਰੇ ਤਾਂ ਘਰ-ਬਾਰ ਲੁੱਟਣ ਵਿਚ ਰੁੱਝ ਗਏ ਤੇ ਸ਼ੀਹੇਂ ਨੇ ਆਪਣੀ ਬੰਦੂਕ ਦਾ ਮੂੰਹ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲ ਕਰ ਗੋਲੀ ਦਾਗ ਦਿੱਤੀ। ਸੁਭਾਗ-ਵੱਸ ਗੋਲੀ ਗੁਰੂ ਸਾਹਿਬ ਦੇ ਮੋਢੇ ਨੂੰ ਮਾਮੂਲੀ ਚੋਟ ਲਾਉਂਦੀ ਲੰਘ ਗਈ ਤੇ ਉਸ ਦੇ ਵਾਰ ਤੋਂ ਅਕਾਲ ਪੁਰਖ ਨੇ ਰੱਖਿਆ ਕੀਤੀ। ਗੋਲੀ ਦਾ ਖੜਾਕ ਸੁਣਦਿਆਂ ਹੀ ਗੁਰੂ ਜੀ ਦੇ ਸਿੱਖ ਗੁਰੂ ਸਾਹਿਬ ਦੇ ਘਰ ਵਿਚ ਇਕੱਠੇ ਹੋ ਗਏ ਤੇ ਸਭ ਕੁਝ ਆਪਣੀ ਅੱਖੀਂ ਵੇਖ ਲਿਆ। ਮੱਖਣ ਸ਼ਾਹ ਲੁਬਾਣਾ ਵੀ ਇਸ ਸਮੇਂ ਉਥੇ ਹੀ ਸੀ। ਗੁਰੂ ਸਾਹਿਬ ਉੱਪਰ ਕਾਤਲਾਨਾ ਹਮਲੇ ਦੀ ਖ਼ਬਰ ਸੁਣਦਿਆਂ ਉਹ ਭਾਰੀ ਰੋਹ ਵਿਚ ਆਇਆ ਤੇ ਹਥਿਆਰਬੰਦ ਆਦਮੀ ਲੈ ਕੇ ਧੀਰਮੱਲ ਨੂੰ ਸੋਧਣ ਲਈ ਚੜ੍ਹ ਗਿਆ। ਧੀਰਮੱਲ ਨੇ ਅਜੇ ਲੁੱਟ ਦਾ ਸਮਾਨ ਟਿਕਾਣੇ ਵੀ ਨਹੀਂ ਸੀ ਲਾਇਆ ਕਿ ਲਹਿਣੇਦਾਰ ਆ ਪੁੱਜੇ। ਮੱਖਣ ਸ਼ਾਹ ਦੇ ਆਦਮੀਆਂ ਅਤੇ ਹੋਰ ਸਾਧ ਸੰਗਤ ਨੇ ਲੁੱਟ ਕੇ ਲਿਆਂਦਾ ਸਮਾਨ ਵਾਪਸ ਲੈ ਲਿਆ ਤੇ ਧੀਰਮੱਲ ਤੇ ਸ਼ੀਹਾਂ ਆਦਿ ਨੂੰ ਨਰੜ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਪੇਸ਼ ਕੀਤਾ ਪਰ ਖ਼ਿਮਾ ਦੇ ਪੁੰਜ ਗੁਰੂ ਜੀ ਨੇ ਧੀਰਮੱਲ ਤੇ ਉਸ ਦੇ ਸਾਥੀਆਂ ਨੂੰ ਬਖ਼ਸ਼ ਦਿੱਤਾ ਤੇ ਲੁੱਟਿਆ ਮਾਲ ਫਿਰ ਉਨ੍ਹਾਂ ਨੂੰ ਮੋੜ ਦਿੱਤਾ।

ਬਕਾਲੇ ਵਾਪਰੀ ਘਟਨਾ ਤੋਂ ਧੀਰਮੱਲੀਏ ਤਾਂ ਸਬਕ ਸਿੱਖ ਚੁੱਕੇ ਸਨ ਪਰ ਮੀਣੇ, ਜਿਨ੍ਹਾਂ ਕੋਲ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦਾ ਪ੍ਰਬੰਧ ਸੀ, ਅਜੇ ਵਿੱਸ ਘੋਲ ਰਹੇ ਸਨ। ਕੁਝ ਇਸ ਗੁੱਸੇ ਸਦਕਾ ਅਤੇ ਕੁਝ ਇਸ ਖ਼ਿਆਲ ਨਾਲ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਹੀ ਨਾ ਲੈ ਲੈਣ। ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਦਰਬਾਰ ਸਾਹਿਬ ਆਏ ਤਾਂ ਮੀਣੇ ਪੁਜਾਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰਕੇ ਚਲੇ ਗਏ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਿਨਾਂ ਹੀ ਬਾਹਰੋਂ ਮੱਥਾ ਟੇਕ ਕੇ ਵਾਪਸ ਮੁੜ ਪਏ।

ਅੰਮ੍ਰਿਤਸਰ ਤੋਂ ਵਾਪਸੀ 'ਤੇ ਪਿੰਡ ਵੱਲਾ, ਜੋ ਅੰਮ੍ਰਿਤਸਰ ਸ਼ਹਿਰ ਤੋਂ ਢਾਈ-ਤਿੰਨ ਮੀਲ ਦੀ ਵਿੱਥ 'ਤੇ ਹੈ, ਦੀ ਸੰਗਤ ਨੇ ਪੁਜਾਰੀਆਂ ਵਲੋਂ ਗੁਰੂ ਸਾਹਿਬ ਨਾਲ ਕੀਤੇ ਵਰਤਾਰੇ ਬਾਰੇ ਸਭ ਕੁਝ ਸੁਣ ਲਿਆ ਸੀ। ਇਥੇ ਸ਼ਹਿਰ ਦੀਆਂ ਸ਼ਰਧਾਵਾਨ ਮਾਈਆਂ ਤੇ ਹੋਰ ਕੁਝ ਲੋਕ ਤੇ ਪਤਵੰਤੇ ਸੱਜਣ ਪੁਜਾਰੀਆਂ ਨੂੰ ਲਾਹਨਤਾਂ ਤੇ ਫਿਟਕਾਰਾਂ ਪਾ ਕੇ ਲਿਆਏ ਤੇ ਗੁਰੂ ਜੀ ਪਾਸੋਂ ਮੁਆਫ਼ੀ ਦਿਲਾਈ। ਇਸ ਸਮੇਂ ਗੁਰੂ ਜੀ ਨੇ ਉਨ੍ਹਾਂ ਮਾਈਆਂ ਨੂੰ "ਮਾਈਆਂ ਰੱਬ ਰਜਾਈਆਂ" ਆਖ ਕੇ ਨਿਵਾਜਿਆ। ਵੱਲੇ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਇਕ ਗੁਰਦੁਆਰਾ ਹੈ, ਜਿਥੇ ਹਰ ਸਾਲ ਮਾਘੀ ਦੀ ਪੂਰਨਮਾਸ਼ੀ ਨੂੰ ਮੇਲਾ ਲੱਗਦਾ ਹੈ ਜਿਸ ਵਿਚ ਖਾਸ ਕਰਕੇ ਅੰਮ੍ਰਿਤਸਰ ਸ਼ਹਿਰ ਦੇ ਵਸਨੀਕ ਸ਼ਾਮਲ ਹੁੰਦੇ ਹਨ। ਵੱਲੇ ਤੋਂ ਬਕਾਲੇ ਅਤੇ ਬਕਾਲੇ ਤੋਂ ਕੀਰਤਪੁਰ ਦੇ ਰਸਤੇ ਵਿਚ ਸਿੱਖ ਸੇਵਕਾਂ ਸਹਿਤ ਗੁਰੂ ਜੀ ਕੀਰਤਪੁਰ ਪਹੁੰਚ ਗਏ। 1634 ਤੋਂ 1664 ਈ. ਤੱਕ ਕੀਰਤਪੁਰ ਕੇਂਦਰੀ ਗੁਰ-ਅਸਥਾਨ ਬਣਿਆ ਰਿਹਾ। ਕੀਰਤਪੁਰ ਤੋਂ ਪੰਜ ਮੀਲ ਪਰ੍ਹੇ ਗੁਰੂ ਸਾਹਿਬ ਨੇ ਇਕ ਪਿੰਡ ਮਾਖੋਵਾਲ ਦੀ ਕੁਝ ਜ਼ਮੀਨ ਖ਼ਰੀਦੀ ਅਤੇ ਚੱਕ ਨਾਨਕੀ ਨਾਂ ਹੇਠ ਇਕ ਪਿੰਡ ਵਸਾਇਆ ਜੋ ਪਿੱਛੋਂ ਅਨੰਦਪੁਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਵਕਤ ਤਕ ਗੁਰੂ ਸਾਹਿਬ ਦੀ ਪ੍ਰਕਾਸ਼ ਲੋਅ ਉਨ੍ਹਾਂ ਸਾਰੇ ਕੇਂਦਰਾਂ ਤਕ ਪਹੁੰਚ ਚੁੱਕੀ ਸੀ ਜਿਥੇ ਕਿਤੇ ਗੁਰੂ ਨਾਨਕ ਦੇ ਨਾਮ-ਲੇਵਾ ਸਿੱਖ ਸਨ। ਪੂਰਬੀ ਭਾਰਤ ਦੀ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਧਰਮ ਪ੍ਰਚਾਰ ਦੇ ਦੌਰੇ 'ਤੇ ਗੁਰੂ ਜੀ ਉਧਰ ਨੂੰ ਚੱਲ ਪਏ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਅਗਸਤ 1665 ਈ. ਤੋਂ ਪੂਰਬ ਵੱਲ ਪ੍ਰਚਾਰ ਫੇਰੀ ਆਰੰਭ ਕੀਤਾ। ਉਸ ਵਕਤ ਉਨ੍ਹਾਂ ਨਾਲ ਮਾਤਾ ਨਾਨਕੀ, ਮਾਤਾ ਗੁਜਰੀ, ਭਾਈ ਮਤੀ ਦਾਸ, ਭਾਈ ਦਿਆਲਾ ਅਤੇ ਭਾਈ ਕ੍ਰਿਪਾਲ ਚੰਦ ਸਨ। ਉਨਾਂ ਪਹਿਲਾ ਪੜਾਅ ਕੀਰਤਪੁਰ ਤੋਂ ਤਿੰਨ ਮੀਲ ਦੂਰ ਇਕ ਪਿੰਡ ਵਿਚ ਕੀਤਾ, ਜਿਸ ਦੇ ਘਰ-ਬਾਰ ਤੇ ਫਸਲਾਂ ਬਰਸਾਤਾਂ ਦੇ ਪਾਣੀਆਂ ਨੇ ਤਬਾਹ ਕਰ ਦਿੱਤੀਆਂ ਸਨ। ਗੁਰੂ ਸਾਹਿਬ ਨੇ ਉਥੋਂ ਦੇ ਲੋਕਾਂ ਨੂੰ ਮਕਾਨਾਂ ਦੀ ਪੁਨਰ-ਉਸਾਰੀ ਲਈ ਮਾਇਕ ਮਦਦ ਦਿੱਤੀ ਤੇ ਲੰਗਰ ਚਾਲੂ ਕੀਤਾ। ਰੋਪੜ ਵਿਚੋਂ ਲੰਘਦੇ ਹੋਏ ਗੁਰੂ ਸਾਹਿਬ ਸੈਫ਼ਾਬਾਦ (ਬਹਾਦਰਗੜ੍ਹ) ਪਹੁੰਚੇ ਜਿਥੋਂ ਦੇ ਨਵਾਬ ਸੈਫੁੱਦੀਨ ਤੇ ਉਸ ਦੀ ਬੇਗਮ ਨੇ ਗੁਰੂ ਸਾਹਿਬ ਨੂੰ ਆਪਣੇ ਘਰ ਠਹਿਰਨ ਦੀ ਦਾਅਵਤ ਦਿੱਤੀ ਤੇ ਉਨ੍ਹਾਂ ਦਾ ਪ੍ਰੇਮ, ਸ਼ਰਧਾ ਤੇ ਸਤਿਕਾਰ ਵੇਖ ਕੇ ਗੁਰੂ ਸਾਹਿਬ ਉਨ੍ਹਾਂ ਦੇ ਘਰ ਠਹਿਰੇ। ਰੁਖ਼ਸਤ ਹੁੰਦੇ ਵਕਤ ਸੈਫੁੱਦੀਨ ਨੇ ਗੁਰੂ ਸਾਹਿਬ ਨੂੰ ਇਕ ਘੋੜਾ, ਮਾਤਾ ਗੁਜਰੀ ਜੀ ਲਈ ਇਕ ਰੱਥ, ਲੰਗਰ ਲਈ ਕੁਝ ਭਾਂਡੇ ਤੇ ਠਹਿਰਾਉ ਲਈ ਤੰਬੂ ਕਨਾਤਾਂ ਵਗੈਰਾ ਭੇਟਾ ਕੀਤੇ। ਉਥੋਂ ਕੈਥਲ, ਕੁਰੂਕਸ਼ੇਤਰ ਦੇ ਰਸਤੇ ਦਿੱਲੀ ਪੁੱਜੇ, ਜਿਥੇ ਸ਼ਰਧਾਵਾਨਾਂ

ਨੇ ਉਨ੍ਹਾਂ ਦਾ ਸੁਆਗਤ ਕੀਤਾ। ਇਥੇ ਹੀ ਔਰੰਗਜ਼ੇਬ ਦੇ ਰਾਜ ਦਰਬਾਰ ਦੇ ਉੱਚ ਅਧਿਕਾਰੀ ਮਿਰਜ਼ਾ ਰਾਜਾ ਜੈ ਸਿੰਘ ਤੇ ਰਾਜਾ ਰਾਮ ਸਿੰਘ ਉਨ੍ਹਾਂ ਨੂੰ ਮਿਲੇ।

ਦਿੱਲੀਓਂ ਅੱਗੇ ਮਥਰਾ, ਬ੍ਰਿੰਦਾਬਨ ਅਤੇ ਆਗਰੇ ਗਏ, ਜਿਥੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਧਰਮ ਕੇਂਦਰ ਸਥਾਪਤ ਸਨ। ਆਗਰੇ ਤੋਂ ਕਾਨ੍ਹਪੁਰ ਤੇ ਫ਼ਤਹਿਪੁਰ ਦੇ ਰਸਤੇ ਪ੍ਰਯਾਗ (ਅਲਾਹਬਾਦ) ਪੁੱਜੇ। ਅਲਾਹਬਾਦ ਇਕ ਅਜਿਹੀ ਥਾਂ ਹੈ ਜਿਥੇ ਗੰਗਾ, ਜਮਨਾ ਤੇ ਸਰਸਵਤੀ ਨਦੀ ਦਾ ਸੰਗਮ ਹੁੰਦਾ ਹੈ, ਇਸ ਲਈ ਇਸ ਨੂੰ ਤ੍ਰਿਬੇਣੀ ਵੀ ਕਿਹਾ ਜਾਂਦਾ ਹੈ। ਗੁਰੂ ਸਾਹਿਬ ਦੀ ਸਖ਼ਾਵਤ ਤੇ ਮੱਦਦ-ਭਰਿਆ ਵਤੀਰਾ ਵੇਖ ਕੇ ਕਈ ਲੋੜਵੰਦ ਸੱਜਣ ਉਨ੍ਹਾਂ ਪਾਸ ਆਉਂਦੇ, ਜਿਨ੍ਹਾਂ ਦੀ ਖੁੱਲ੍ਹੇ ਦਿਲ ਨਾਲ, ਹਰ ਤਰ੍ਹਾਂ ਦੀ ਮੱਦਦ ਕਰਦੇ। ਉਥੋਂ ਬਨਾਰਸ, ਸੈਸਰਾਮ, ਬੋਧ ਗਯਾ ਹੁੰਦੇ ਹੋਏ ਪਟਨਾ ਸ਼ਹਿਰ ਪਹੁੰਚੇ।

ਕੁਝ ਚਿਰ ਪਟਨੇ ਠਹਿਰੇ ਤਾਂ ਬੰਗਾਲ ਦੀ ਸੰਗਤ ਨੇ ਦਰਸ਼ਨਾਂ ਲਈ ਬੜੀ ਤੀਬਰਤਾ ਵਿਖਾਈ। ਅਗਸਤ 1666 ਈ. ਵਿਚ ਉਨ੍ਹਾਂ ਦੇ ਸੱਦੇ 'ਤੇ ਬੰਗਾਲ ਯਾਤਰਾ ਲਈ ਚੱਲ ਪਏ। ਢਾਕੇ ਦਾ ਬੁਲਾਕੀ ਦਾਸ ਅਤੇ ਕਾਮਰੂਪ ਦਾ ਰਾਜਾ ਨਿੱਜੀ ਤੌਰ 'ਤੇ ਤੋਹਫ਼ੇ ਲੈ ਕੇ ਪਟਨੇ ਪਹੁੰਚੇ। ਸਭ ਤੋਂ ਪਹਿਲਾਂ ਪੜਾਅ ਉਨ੍ਹਾਂ ਮੁੰਘੇਰ ਕੀਤਾ ਤੇ ਅਲਾਹਬਾਦ, ਬਨਾਰਸ, ਮਿਰਜ਼ਾਪੁਰ ਅਤੇ ਹੋਰ ਥਾਵਾਂ ਦੀਆਂ ਸੰਗਤਾਂ ਨੂੰ ਹੁਕਮਨਾਮੇ ਲਿਖੇ ਜਿਨ੍ਹਾਂ ਵਿਚ ਉਨ੍ਹਾਂ ਹਦਾਇਤਾਂ ਨੂੰ ਤਾਜ਼ਾ ਕਰਵਾਇਆ ਜੋ ਆਪਣੀ ਯਾਤਰਾ ਦੇ ਦੌਰਾਨ ਉਨ੍ਹਾਂ ਨੂੰ ਦਿੱਤੀਆਂ ਸਨ। ਮੁੰਘੇਰ ਤੋਂ ਅੱਗੇ ਭਾਗਲਪੁਰ, ਸਾਹਿਬਗੰਜ, ਕੰਤਨਹਾਰ ਅਤੇ ਮਾਲਦਾ, ਜੋ ਸੂਫ਼ੀ ਫ਼ਕੀਰਾਂ ਦਾ ਇਕ ਤਕੜਾ ਗੜ੍ਹ ਸੀ, ਗਏ ਅਤੇ ਉਨ੍ਹਾਂ ਨਾਲ ਕਈ ਧਾਰਮਿਕ ਸਮੱਸਿਆਵਾਂ 'ਤੇ ਗੱਲ-ਬਾਤ ਕੀਤੀ। ਉਥੋਂ ਗੁਰੂ ਸਾਹਿਬ ਢਾਕਾ ਪਹੁੰਚੇ। ਢਾਕੇ ਉਨ੍ਹਾਂ ਦੇ ਵਿਸ਼ਰਾਮ ਲਈ ਇਕ ਵਿਸ਼ੇਸ਼ ਘਰ ਬਣਾਇਆ ਗਿਆ ਸੀ, ਜੋ ਹੁਣ 'ਸੰਗਤ ਟੋਲਾ' ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਢਾਕੇ ਰਹਿੰਦਿਆਂ ਹੀ ਗੁਰੂ ਸਾਹਿਬ ਨੂੰ ਬਾਲਕ ਗੋਬਿੰਦ ਰਾਏ ਦੇ ਜਨਮ ਦੀ ਸੂਚਨਾ ਮਿਲੀ। ਬੰਗਾਲ ਵਿਚ ਕਾਫ਼ੀ ਚਿਰ ਗੁਰਮਤਿ ਦ੍ਰਿੜ੍ਹਾਉਣ ਤੋਂ ਪਿੱਛੋਂ ਉਨ੍ਹਾਂ ਨੇ ਹੋਰ ਧਾਰਮਿਕ ਥਾਵਾਂ ਦੀ ਯਾਤਰਾ ਕਰਨ ਦੀ ਇੱਛਾ ਪ੍ਰਗਟ ਕੀਤੀ ਅਤੇ ਆਸਾਮ ਦੇ ਰਾਜੇ ਨੇ ਅਜਿਹੇ ਸਾਰੇ ਪ੍ਰਬੰਧ ਮੁਕੰਮਲ ਕਰਨ ਦਾ ਵਾਅਦਾ ਕੀਤਾ। ਬਰਸਾਤ ਉਨਾਂ ਸਿਲਹੱਟ ਵਿਚ ਗੁਜ਼ਾਰੀ। ਉਥੋਂ ਚਿਟਾਗਾਂਗ, ਸਨੋਦੀਪ, ਤ੍ਰਿਪੁਰਾ ਆਦਿ ਵਿਚ ਧਰਮ ਕੇਂਦਰ ਸਥਾਪਤ ਕਰਦੇ ਹੋਏ 1668 ਈ. ਦੇ ਸ਼ੁਰੂ ਵਿਚ ਵਾਪਸ ਢਾਕਾ ਪਹੁੰਚੇ।

ਫਿਰ ਗੁਰੂ ਜੀ ਉੱਤਰ ਵੱਲ ਨੂੰ ਗਏ ਅਤੇ ਉਨ੍ਹਾਂ ਨੇ ਆਸਾਮੀਆਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਉਸ ਸਮੇਂ ਰਾਜਾ ਰਾਮ ਸਿੰਘ ਦਿੱਲੀ ਤੋਂ ਆਸਾਮ ਵਿਰੁੱਧ ਆਪਣੀ ਮੁਹਿੰਮ ਲੈ ਕੇ ਉਥੇ ਪੁੱਜ ਗਿਆ ਸੀ। ਲੜਾਈ ਛਿੜ ਗਈ। ਜੰਗ ਦੇ ਮੈਦਾਨ ਵਿਚ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਸਾਮੀ ਰਾਜੇ ਕੋਲ ਸੁਲ੍ਹਾ-ਦੂਤ ਭੇਜਿਆ ਕਿ ਲੜਾਈ ਦਾ ਕੋਈ ਫ਼ਾਇਦਾ ਨਹੀਂ, ਤੇ ਝਗੜਾ ਸੁਲ੍ਹਾ-ਸਫ਼ਾਈ ਨਾਲ ਹੀ ਨਜਿੱਠਿਆ ਜਾਵੇ। ਅਖ਼ੀਰ ਕੁਝ ਸ਼ਰਤਾਂ ਤੈਅ ਹੋ ਗਈਆਂ ਤੇ ਲੜਾਈ ਬੰਦ ਹੋ ਗਈ। ਦੋਹਾਂ ਸੈਨਾਵਾਂ ਵਿਚਕਾਰ ਸੁਲ੍ਹਾ ਕਰਵਾਉਣ ਤੋਂ ਪਿੱਛੋਂ ਗੁਰੂ ਸਾਹਿਬ ਨੇ 1670 ਈ. ਵਿਚ ਵਾਪਸ ਚਾਲੇ ਪਾ ਦਿੱਤੇ।

ਔਰੰਗਜ਼ੇਬ ਦੇ ਰਾਜ ਵਿਚ ਹਿੰਦੂ ਜਨਤਾ ਉਸ ਦੇ ਅਤਿਆਚਾਰਾਂ ਤੋਂ ਅਤਿਅੰਤ ਦੁਖੀ ਸੀ। ਔਰੰਗਜ਼ੇਬ ਏਨਾ ਮੁਤੱਸਬੀ ਕਿਉਂ ਹੋਇਆ ? ਇਸ ਬਾਰੇ ਵੱਖ-ਵੱਖ ਵਿਚਾਰ ਮਿਲਦੇ ਹਨ। ਇਕ

ਦਲੀਲ ਤਾਂ ਇਹ ਦਿੱਤੀ ਜਾਂਦੀ ਹੈ ਕਿ ਔਰੰਗਜ਼ੇਬ ਨੇ ਦਿੱਲੀ ਦਾ ਤਖ਼ਤ ਬੜੇ ਮਹਿੰਗੇ ਭਾਅ ਅਰਥਾਤ ਭਰਾਵਾਂ ਅਤੇ ਨਜ਼ਦੀਕੀਆਂ ਦੇ ਖ਼ੂਨ-ਖ਼ਰਾਬੇ ਤੋਂ ਪਿੱਛੋਂ ਲਿਆ ਸੀ, ਇਸ ਲਈ ਉਹ ਆਪਣੀਆਂ ਕਾਲੀਆਂ ਕਰਤੂਤਾਂ ਨੂੰ ਛੁਪਾਉਣ ਤੇ ਮੁਸਲਮਾਨਾਂ ਦੀ ਹਮਦਰਦੀ ਜਿੱਤਣ ਲਈ ਕੋਈ ਬਹਾਨਾ ਤਲਾਸ਼ ਕਰਨਾ ਚਾਹੁੰਦਾ ਸੀ। ਸਭ ਤੋਂ ਚੰਗਾ ਤੇ ਅਸਰਦਾਇਕ ਬਹਾਨਾ ਉਸ ਨੂੰ ਇਹ ਸੁੱਝਾ ਕਿ ਇਸਲਾਮ ਦਾ ਨਾਂ ਲੈ ਕੇ ਲੋਕਾਂ ਨੂੰ ਆਪਣੇ ਪਿੱਛੇ ਲਾਇਆ ਜਾਵੇ ਤੇ ਆਪਣੇ ਆਪ ਨੂੰ ਇਸਲਾਮ ਦਾ ਵੱਡਾ ਰਾਖਾ ਤੇ ਸਮਰਥਕ ਸਾਬਤ ਕੀਤਾ ਜਾਵੇ। ਸੋ ਇਸ ਕੰਮ ਲਈ ਉਸ ਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦੀ ਮੁਹਿੰਮ ਚਲਾਈ।

ਉਧਰ ਔਰੰਗਜ਼ੇਬ ਨੇ ਵੱਖ-ਵੱਖ ਸੂਬਿਆਂ ਦੇ ਗਵਰਨਰਾਂ ਨੂੰ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਲਈ ਹੁਕਮ ਚਾੜ੍ਹੇ ਤੇ ਉਨ੍ਹਾਂ ਅੱਗੋਂ ਅਮਲ ਕਰਵਾਉਣ ਵਿਚ ਕੋਈ ਕਸਰ ਬਾਕੀ ਨਾ ਛੱਡੀ।

ਪਟਨੇ ਪਹੁੰਚਣ 'ਤੇ ਉਥੋਂ ਦੀ ਸੰਗਤ ਨੇ ਗੁਰੂ ਸਾਹਿਬ ਦਾ ਬੜਾ ਸਵਾਗਤ ਕੀਤਾ। ਇਥੇ ਬਾਲ ਗੋਬਿੰਦ ਰਾਇ ਨਾਲ ਉਨ੍ਹਾਂ ਦਾ ਮਿਲਾਪ ਪਹਿਲੀ ਵਾਰ ਹੋਇਆ। ਔਰੰਗਜ਼ੇਬ ਦੇ ਜ਼ੁਲਮਾਂ ਨੇ ਇਸ ਵਕਤ ਭਿਅੰਕਰ ਰੂਪ ਧਾਰਨ ਕਰ ਲਿਆ ਸੀ, ਜਿਸ ਕਰਕੇ ਗੁਰੂ ਸਾਹਿਬ ਨੇ ਪੰਜਾਬ ਵੱਲ ਛੇਤੀ ਮੁੜਨ ਦਾ ਮਨ ਬਣਾਇਆ। ਪਟਨੇ ਤੋਂ ਬਨਾਰਸ, ਜੌਨਪੁਰ, ਅਯੁੱਧਿਆ, ਦਿੱਲੀ, ਲਖਨੌਰ ਤੇ ਅੰਬਾਲੇ ਤੋਂ ਹੁੰਦੇ ਹੋਏ ਫਰਵਰੀ 1671 ਈ. ਵਿਚ ਅਨੰਦਪੁਰ ਸਾਹਿਬ ਪਹੁੰਚੇ।

ਸਾਲ ਕੁ ਅਨੰਦਪੁਰ ਸਾਹਿਬ ਠਹਿਰਨ ਪਿੱਛੋਂ ਗੁਰੂ ਸਾਹਿਬ ਮਾਲਵੇ ਤੇ ਬਾਂਗਰ ਦੇਸ਼ ਦੇ ਦੌਰੇ 'ਤੇ ਚੱਲ ਪਏ। ਇਹ ਇਲਾਕਾ ਬਹੁਤ ਪੱਛੜਿਆ ਹੋਇਆ ਸੀ ਤੇ ਬਹੁਤ ਸਾਰੇ ਸੁਧਾਰਾਂ ਦੀ ਮੰਗ ਕਰਦਾ ਸੀ। ਗੁਰੂ ਸਾਹਿਬ ਮੌਕੇ 'ਤੇ ਉਨ੍ਹਾਂ ਦੀਆਂ ਤਕਲੀਫ਼ਾਂ ਸੁਣਦੇ ਤੇ ਦੂਰ ਕਰਨ ਦਾ ਹੁਕਮ ਦਿੰਦੇ। ਇਸ ਵੀਰਾਨ ਇਲਾਕੇ ਵਿਚ ਉਨ੍ਹਾਂ ਕਈ ਖੂਹ ਖੁਦਵਾਏ, ਦੁੱਧ ਦੀ ਘਾਟ ਵਾਲੇ ਇਲਾਕੇ ਵਿਚ ਗਊਆਂ ਖਰੀਦ ਕੇ ਦਿੱਤੀਆਂ, ਬੇਜ਼ਮੀਨਿਆਂ ਨੂੰ ਜ਼ਮੀਨਾਂ ਲੈ ਕੇ ਦਿੱਤੀਆਂ ਤੇ ਹਰਿਆਵਲ ਖ਼ਾਤਰ ਬਾਗ ਲੁਆਏ। ਮੁੱਕਦੀ ਗੱਲ ਇਹ ਸੀ ਕਿ ਇਸ ਇਲਾਕੇ ਵਿਚ ਜਾਣ ਵਾਲੇ ਗੁਰੂ ਸਾਹਿਬ ਪਹਿਲੇ ਸੁਧਾਰਕ ਵਿਅਕਤੀ ਸਨ, ਜਿਨ੍ਹਾਂ ਉਥੇ ਜਾ ਕੇ ਲੋਕ-ਭਲਾਈ ਦੇ ਅਨੇਕ ਕੰਮ ਕੀਤੇ, ਜਿਸ ਕਰਕੇ ਲੋਕਾਂ ਦੇ ਮਨਾਂ ਉੱਪਰ ਉਨ੍ਹਾਂ ਦੀ ਸ਼ਖ਼ਸੀਅਤ ਦੀ ਮੁਹਰ ਛਾਪ ਹੋਰ ਵੀ ਡੂੰਘੀ ਹੋ ਗਈ।

ਗੁਰੂ ਸਾਹਿਬ ਦੇ ਪੂਰਬ, ਬੰਗਾਲ ਅਤੇ ਆਸਾਮ ਦੇ ਦੌਰਿਆਂ ਦੀਆਂ ਰਿਪੋਰਟਾਂ ਨਾਲੋ-ਨਾਲ ਔਰੰਗਜ਼ੇਬ ਪਾਸ ਪੁੱਜ ਰਹੀਆਂ ਸਨ। ਗੁਰੂ ਜੀ ਦੇ ਲੋਕਾਂ ਉੱਪਰ ਅਸਰ-ਰਸੂਖ ਨੇ ਉਸ ਦੀ ਨੀਂਦ ਹਰਾਮ ਕੀਤੀ ਹੋਈ ਸੀ। ਦੂਜਾ ਵੱਡਾ ਕਾਰਨ ਇਹ ਸੀ ਕਿ ਔਰੰਗਜ਼ੇਬ ਸਾਰੇ ਹਿੰਦੁਸਤਾਨ ਨੂੰ ਇਕ ਧਰਮ 'ਇਸਲਾਮ' ਦਾ ਪੈਰੋਕਾਰ ਬਣਾਉਣਾ ਚਾਹੁੰਦਾ ਸੀ ਪਰ ਗੁਰੂ ਸਾਹਿਬ ਮਾਨਵਵਾਦ ਦਾ ਪ੍ਰਚਾਰ ਕਰਕੇ ਸ਼ਾਇਦ ਉਸ ਲਈ ਬਾਧਕ ਬਣ ਰਹੇ ਸਨ, ਜਿਸ ਨੂੰ ਰਸਤੇ ਵਿਚੋਂ ਦੂਰ ਹਟਾਉਣਾ ਉਹ ਸਵਾਬ ਦਾ ਕੰਮ ਗਿਣਦਾ ਸੀ। ਉਧਰ ਕਸ਼ਮੀਰ ਦੇ ਗਵਰਨਰ ਨੇ ਔਰੰਗਜ਼ੇਬ ਦੇ ਹੁਕਮ ਦੀ ਪਾਲਣਾ ਕਰਦਿਆਂ ਹਿੰਦੂਆਂ ਉੱਤੇ ਜ਼ੁਲਮ ਦੀ ਅਤਿ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਪੂਜਾ-ਸਥਾਨ ਮੰਦਰ ਢਾਹੇ ਜਾਂਦੇ, ਮੂਰਤੀਆਂ ਤੋੜੀਆਂ ਜਾਂਦੀਆਂ, ਜਨੇਊ ਲੁਹਾਏ ਜਾਂਦੇ ਅਤੇ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਹੇਠੀ ਕੀਤੀ ਜਾਂਦੀ। ਜਿਹੜੇ ਵਿਅਕਤੀ ਇਸਲਾਮ ਕਬੂਲ ਕਰਨ ਤੋਂ ਨਾਂਹ ਕਰਦੇ, ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ। ਇਸ ਤਰ੍ਹਾਂ ਇਨ੍ਹਾਂ ਅਤਿਆਚਾਰਾਂ ਨੇ ਹਿੰਦੂ ਜਨਤਾ

ਵਿਚ ਇਕ ਤ੍ਰਾਸ ਜਿਹਾ ਪੈਦਾ ਕੀਤਾ ਹੋਇਆ ਸੀ, ਪਰ ਡਰਦੇ ਮਾਰੇ ਉਹ ਇਸ ਦਾ ਟਾਕਰਾ ਕਰਨ ਦੀ ਹਿੰਮਤ ਨਾ ਕਰਦੇ। ਅਖੀਰ ਇਸ ਸਥਿਤੀ ਦਾ ਮੁਕਾਬਲਾ ਕਰਨ ਲਈ ਆਗੂ ਬ੍ਰਾਹਮਣਾਂ ਦਾ ਇਕ ਜਥਾ ਬਣਾਇਆ ਗਿਆ, ਜਿਸ ਨੇ ਕਸ਼ਮੀਰੀ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਕਿਸੇ ਉਪਰਾਲੇ ਦੀ ਤਲਾਸ਼ ਕਰਨੀ ਸ਼ੁਰੂ ਕਰ ਦਿੱਤੀ। ਕਾਫ਼ੀ ਸੋਚ-ਵਿਚਾਰ ਦੇ ਬਾਅਦ ਇਹ ਤੈਅ ਹੋਇਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਦਾਦ-ਫ਼ਰਿਆਦ ਕੀਤੀ ਜਾਵੇ ਕਿਉਂਕਿ ਗੁਰੂ-ਘਰ ਸ਼ੁਰੂ ਤੋਂ ਹੀ ਗਰੀਬਾਂ ਤੇ ਲਿਤਾੜੇ ਵਿਅਕਤੀਆਂ ਦੀ ਹਮਾਇਤ ਲਈ ਨਿਤਰਦਾ ਆਇਆ ਸੀ। ਕਿਰਪਾ ਰਾਮ ਦੀ ਅਗਵਾਈ ਹੇਠ ਪੰਡਤਾਂ ਦਾ ਇਹ ਜਥਾ ਅਨੰਦਪੁਰ ਸਾਹਿਬ ਪਹੁੰਚਿਆ ਤੇ ਗੁਰੂ ਸਾਹਿਬ ਨੂੰ ਉਨ੍ਹਾਂ ਆਪਣੀ ਦਰਦ ਕਹਾਣੀ ਕਹਿ ਸੁਣਾਈ। ਗੁਰੂ ਜੀ ਇਸ ਦੁਖਾਂਤਕ ਸਮੱਸਿਆ ਬਾਰੇ ਡੂੰਘੀ ਸੋਚ-ਵਿਚਾਰ ਵਿਚ ਲੱਗ ਗਏ ਅਤੇ ਸੰਕੇਤ ਕੀਤਾ ਕਿ ਇਸ ਔਕੜ ਦਾ ਕੋਈ ਅੰਤਮ ਫ਼ੈਸਲਾ ਹੋਣਾ ਜ਼ਰੂਰੀ ਹੈ। ਗੁਰੂ ਸਾਹਿਬ ਨੂੰ ਸੋਚ ਵਿਚ ਡੁੱਬੇ ਵੇਖ ਕੇ ਬਾਲਕ ਗੋਬਿੰਦ ਰਾਏ ਨੇ ਇਸ ਭਾਰੀ ਚਿੰਤਾ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਕਸ਼ਮੀਰੀਆਂ ਦੇ ਜ਼ੁਲਮ ਦੀ ਵਿਥਿਆ ਦੱਸੀ ਅਤੇ ਕਿਹਾ ਕਿ ਜੇ ਇਸ ਵੇਲੇ ਕੋਈ ਮਹਾਂਪੁਰਸ਼ ਜ਼ੁਲਮ ਨੂੰ ਰੋਕਣ ਲਈ ਆਪਣਾ ਸੀਸ ਦੇਵੇ ਤਾਂ ਇਹ ਆਫ਼ਤ ਟਲ ਸਕਦੀ ਹੈ। ਇੰਨੀ ਗੱਲ ਸੁਣ ਕੇ ਗੋਬਿੰਦ ਰਾਏ ਨੇ ਭੋਲੇ-ਭਾਅ ਕਿਹਾ ਕਿ ਇਸ ਵੇਲੇ ਆਪ ਤੋਂ ਵੱਡਾ ਮਹਾਂਪੁਰਸ਼ ਕੌਣ ਹੋ ਸਕਦਾ ਹੈ? ਗੁਰੂ ਜੀ ਨੂੰ ਆਪਣੇ ਸਪੁੱਤਰ ਤੋਂ ਜਦ ਇਹ ਜੁਆਬ ਮਿਲਿਆ ਤਾਂ ਉਨ੍ਹਾਂ ਭਵਿੱਖਤ ਗੁਰੂ ਦੀਆਂ ਸੰਭਾਵਨਾਵਾਂ ਬਾਰੇ ਉਦੋਂ ਹੀ ਪੂਰਾ ਅੰਦਾਜ਼ਾ ਲਾ ਲਿਆ ਕਿ ਗੋਬਿੰਦ ਰਾਏ ਹੁਣ ਗੁਰਗੱਦੀ ਦੀਆਂ ਜ਼ਿੰਮੇਵਾਰੀਆਂ ਦਾ ਭਾਰ ਝੱਲ ਲਵੇਗਾ। ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਨੂੰ ਸੱਦ ਕੇ ਆਪਣੇ ਫ਼ੈਸਲੇ ਤੋਂ ਜਾਣੂ ਕਰਵਾਇਆ ਕਿ ਔਰੰਗਜ਼ੇਬ ਨੂੰ ਦੱਸ ਦਿੱਤਾ ਜਾਵੇ ਕਿ ਗੁਰੂ ਤੇਗ ਬਹਾਦਰ ਮੁਸਲਮਾਨ ਹੋ ਜਾਣ ਤਾਂ ਅਸੀਂ ਖ਼ੁਦ-ਬ-ਖ਼ੁਦ ਇਸਲਾਮ ਕਬੂਲ ਕਰ ਲਵਾਂਗੇ। ਇਹ ਹੌਸਲਾ-ਵਧਾਊ ਉੱਤਰ ਸੁਣ ਕੇ ਪੰਡਤਾਂ ਨੂੰ ਤਸੱਲੀ ਹੋ ਗਈ ਤੇ ਉਹ ਇਹ ਖ਼ਬਰ ਲਾਹੌਰ ਦੇ ਨਾਜ਼ਮ ਜ਼ਾਲਿਮ ਖ਼ਾਨ ਨੂੰ ਸੁਣਾਉਣ ਚੱਲ ਪਏ। ਜ਼ਾਮਿਲ ਖ਼ਾਨ ਨੇ ਦਰਬਾਰੀਆਂ ਦੀ ਸਲਾਹ ਨਾਲ ਇਹ ਖ਼ਬਰ ਔਰੰਗਜ਼ੇਬ ਤਕ ਪਹੁੰਚਾ ਦਿੱਤੀ।

ਗੁਰੂ ਸਾਹਿਬ ਜਦ ਦਿੱਲੀ ਨੂੰ ਤਿਆਰ ਹੋਏ ਤਾਂ ਦੀਵਾਨ ਮਤੀ ਦਾਸ, ਭਾਈ ਦਿਆਲਾ, ਭਾਈ ਸਤੀ ਦਾਸ, ਭਾਈ ਜੈਤਾ ਜੀ, ਭਾਈ ਉਦੋ ਆਦਿ ਮੁਖੀ ਸਿੱਖ ਉਨ੍ਹਾਂ ਨਾਲ ਤੁਰ ਪਏ। ਉਸ ਨੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ ਅਤੇ ਆਗਰਿਓਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲੈ ਆਂਦਾ ਗਿਆ। ਇਥੇ ਉਨ੍ਹਾਂ ਨੂੰ ਬਾਦਸ਼ਾਹ ਦੇ ਕਈ ਭਰੋਸੇਯੋਗ ਵਿਅਕਤੀਆਂ ਦੀ ਨਿਗਰਾਨੀ ਹੇਠ ਰੱਖਿਆ ਗਿਆ। ਗੁਰੂ ਜੀ ਪਾਸ ਤਿੰਨ ਮੁਤਾਲਬੇ ਰੱਖੇ ਗਏ : ਕਰਾਮਾਤ ਵਿਖਾਓ, ਇਸਲਾਮ ਕਬੂਲ ਕਰੋ ਜਾਂ ਮਰਨ ਲਈ ਤਿਆਰ ਹੋ ਜਾਵੋ। ਗੁਰੂ ਸਾਹਿਬ ਨੇ ਪਹਿਲੀਆਂ ਦੋਹਾਂ ਗੱਲਾਂ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਨ੍ਹਾਂ ਨਾਲ ਉਨ੍ਹਾਂ ਦੇ ਆਦਰਸ਼ਾਂ ਤੇ ਸਿਧਾਂਤਾਂ 'ਤੇ ਸੱਟ ਵੱਜਦੀ ਸੀ ਅਤੇ ਤੀਜੀ ਨੂੰ ਪ੍ਰਵਾਨ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਡਰਾਉਣ ਅਤੇ ਮੌਤ ਦੇ ਖ਼ੌਫ਼ਨਾਕ ਅਜ਼ਾਮ ਤੋਂ ਆਗਾਹ ਕਰਨ ਲਈ ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ, ਭਾਈ ਦਿਆਲ ਦਾਸ ਨੂੰ ਉਬਲਦੀ ਦੇਗ ਵਿਚ ਉਬਾਲ ਕੇ ਅਤੇ ਭਾਈ ਸਤੀ ਦਾਸ ਨੂੰ ਜਿਉਂਦਿਆਂ ਹੀ ਰੂੰ 'ਚ ਲਪੇਟ ਕੇ ਅੱਗ ਲਗਾ ਕੇ ਸ਼ਹੀਦ ਕੀਤਾ ਗਿਆ।

ਪਰ ਜ਼ਾਲਮ ਆਪਣੇ ਮਕਸਦ ਵਿਚ ਕਾਮਯਾਬ ਨਾ ਹੋਏ ਤੇ ਗੁਰੂ ਜੀ ਆਪਣੇ ਦ੍ਰਿੜ੍ਹ ਇਰਾਦੇ 'ਤੇ ਡਟੇ ਰਹੇ।

ਆਖ਼ਰ ਗੁਰੂ ਜੀ ਦੀ ਸ਼ਹੀਦੀ ਦਾ ਨਿਸ਼ਚਿਤ ਦਿਨ ਆ ਪੁੱਜਾ। ਨਿਸ਼ਚਿਤ ਘੜੀ 'ਤੇ ਕਾਜ਼ੀ ਅਬਦੁੱਲ ਵਾਹਬ ਨੇ ਫਤਵਾ ਪੜ੍ਹਿਆ। ਜਲਾਲੁੱਦੀਨ ਜੱਲਾਦ ਤਲਵਾਰ ਲੈ ਕੇ ਪਿੱਛੇ ਖੜਾ ਹੋ ਗਿਆ ਤੇ ਇਸ਼ਾਰਾ ਮਿਲਦਿਆਂ ਹੀ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ। ਉਸ ਦਿਨ 11 ਨਵੰਬਰ, 1675 ਈ. ਦਿਨ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਾਲੀ ਥਾਂ 'ਤੇ ਅੱਜ ਗੁਰਦੁਆਰਾ ਸੀਸ ਗੰਜ, ਚਾਂਦਨੀ ਚੌਕ ਦਿੱਲੀ ਵਿਚ ਸੁਭਾਇਮਾਨ ਹੈ। ਇਹ ਗੁਰਦੁਆਰਾ ਸਾਹਿਬ ਸੰਨ 1733 ਵਿਚ ਸਰਦਾਰ ਬਘੇਲ ਸਿੰਘ ਕਰੋੜਸਿੰਘੀਏ ਨੇ ਬਣਵਾਇਆ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਤੋਂ ਪਹਿਲੇ ਦਿਨ ਸ਼ਹਿਰ ਵਿਚ ਮੁਨਾਦੀ ਕਰਵਾਈ ਗਈ ਤੇ ਬਹੁਤ ਸਾਰੇ ਲੋਕ ਚਾਂਦਨੀ ਚੌਕ ਆਣ ਜੁੜੇ। ਸ਼ਹੀਦੀ ਉਪਰੰਤ ਲਾਸ਼ ਉੱਪਰ ਸਖ਼ਤ ਪਹਿਰਾ ਲਗਵਾ ਦਿੱਤਾ ਗਿਆ ਤਾਂ ਜੋ ਕੋਈ ਵਿਅਕਤੀ ਸੀਸ ਜਾਂ ਧੜ ਲਿਜਾ ਕੇ ਸਸਕਾਰ ਨਾ ਕਰ ਸਕੇ। ਕੁਝ ਇਸ ਅਦੁੱਤੀ ਸ਼ਹੀਦੀ ਦੀ ਹਾਹਾਕਾਰ ਤੇ ਹਫੜਾ-ਦਫੜੀ ਅਤੇ ਕੁਝ ਕੁਦਰਤੀ ਆਫ਼ਤ, ਸ਼ਰਧਾ, ਦਲੇਰੀ ਤੇ ਭਾਵਨਾ ਸਦਕਾ ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਚੁੱਕਣ ਵਿਚ ਕਾਮਯਾਬ ਹੋ ਗਿਆ ਤੇ ਲੈ ਕੇ ਅਨੰਦਪੁਰ ਸਾਹਿਬ ਆ ਗਿਆ। ਭਾਈ ਜੈਤਾ ਜੀ ਦੇ ਇਸ ਸਾਹਸ ਪੂਰਨ ਉੱਦਮ ਸਦਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਆਖ ਕੇ ਨਿਵਾਜਿਆ। ਅਨੰਦਪੁਰ ਸਾਹਿਬ ਵਿਚ ਜਿਥੇ ਗੁਰੂ ਸਾਹਿਬ ਦੇ ਸੀਸ ਦਾ ਸਸਕਾਰ ਕੀਤਾ ਗਿਆ ਉਥੇ ਹੁਣ ਗੁਰਦੁਆਰਾ ਸੀਸ ਗੰਜ ਹੈ।

ਸੀਸ ਚੁੱਕਿਆ ਵੇਖ ਕੇ ਹਾਕਮਾਂ ਨੇ ਪਹਿਰਾ ਹੋਰ ਵੀ ਸਖ਼ਤ ਕਰ ਦਿੱਤਾ। ਏਸੇ ਦੌਰਾਨ ਇਕ ਵਪਾਰੀ ਜਿਸ ਦਾ ਨਾਂ ਲੱਖੀ ਸ਼ਾਹ ਸੀ ਅਤੇ ਜੋ ਵਣਜ ਵਪਾਰ ਕਰਦਾ ਸੀ, ਆਪਣੇ ਕਾਫ਼ਲੇ ਸਮੇਤ ਦਿੱਲੀ ਵਿਚੋਂ ਲੰਘ ਰਿਹਾ ਸੀ। ਲੱਖੀ ਸ਼ਾਹ ਗੁਰੂ-ਘਰ ਦਾ ਪ੍ਰੇਮੀ ਸੀ। ਮਿਥੀ ਵਿਉਂਤ ਨਾਲ ਲੱਖੀ ਸ਼ਾਹ ਆਪਣੇ ਕਾਫ਼ਲੇ ਨੂੰ ਲੈ ਕੇ ਉਧਰੋਂ ਦੀ ਤੁਰ ਪਿਆ। ਪਸ਼ੂਆਂ ਦੇ ਤੁਰਨ ਨਾਲ ਘੱਟਾ ਉੱਡ ਕੇ ਗੁਬਾਰ ਜਿਹਾ ਬਣ ਕੇ ਉੱਠ ਖਲੋਤਾ। ਮੌਕਾ ਤਾੜ ਕੇ ਭਾਈ ਲੱਖੀ ਸ਼ਾਹ ਨੇ ਗੁਰੂ ਸਾਹਿਬ ਦਾ ਧੜ ਇਕ ਗੱਡੇ 'ਤੇ ਲੱਦ ਲਿਆ ਤੇ ਛੇਤੀ ਛੇਤੀ ਆਪਣੇ ਘਰ ਨੂੰ ਤੁਰ ਪਿਆ। ਮੰਜ਼ਿਲ 'ਤੇ ਪਹੁੰਚਦਿਆਂ ਹੀ ਲੱਖੀ ਸ਼ਾਹ ਨੇ ਧੜ ਨੂੰ ਆਪਣੇ ਘਰ ਵਿਚ ਰੱਖ ਕੇ ਸਾਰੇ ਮਾਲ ਅਸਬਾਬ ਸਮੇਤ ਘਰ ਨੂੰ ਅੱਗ ਲਾ ਦਿੱਤੀ। ਇਸ ਥਾਂ 'ਤੇ ਇਸ ਵੇਲੇ ਗੁਰਦੁਆਰਾ ਰਕਾਬ ਗੰਜ ਕਾਇਮ ਹੈ।

(11/2003)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਬਾਰੇ ਵਰਣਨ ਕਰਦੇ ਹਨ:

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**

ਸਵਾਲ ਉੱਠਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾ ਤਾਂ ਜੰਞੂ ਦੀ ਵਰਤੋਂ ਕਰਦੇ ਸਨ ਅਤੇ ਨਾ ਹੀ ਤਿਲਕ ਲਗਾਉਣ ਦੇ ਹਾਮੀ ਸਨ, ਉਹਨਾਂ ਨੇ ਜੰਞੂ ਅਤੇ ਤਿਲਕ ਦੀ ਰੱਖਿਆ ਲਈ ਕੁਰਬਾਨੀ ਕਿਉਂ ਦਿੱਤੀ ? ਇਹ ਡੂੰਘੀ ਵਿਚਾਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਇਸ ਲੋਕ ਵਿਚ ਪ੍ਰਕਾਸ਼ ਧਾਰਨ ਕੀਤਾ, ਉਸ ਵੇਲੇ ਵਿਦੇਸ਼ੀ ਕੌਮ, ਮੁਸਲਮਾਨ, ਭਾਰਤ ਵਿਚ ਦੂਰ-ਦੂਰ ਤਕ ਵੱਸ ਚੁੱਕੇ ਸਨ। ਲਗਪਗ ਸਾਢੇ ਚਾਰ ਸੌ ਸਾਲ ਦਾ ਸਮਾਂ ਲੰਘ ਚੁੱਕਾ ਸੀ ਕਿ ਗਜ਼ਨਵੀ ਮੁਸਲਮਾਨ ਈਰਾਨ ਦੇਸ਼ ਤੋਂ ਉੱਠ ਕੇ ਪੰਜਾਬ ਦੇ ਰਸਤੇ ਮਾਰ-ਧਾੜ ਕਰਦੇ ਦਿੱਲੀ ਟੱਪ ਕੇ ਰਾਜਸਥਾਨ, ਮੱਧ ਪ੍ਰਦੇਸ਼, ਯੂ.ਪੀ. ਆਦਿ ਇਲਾਕਿਆਂ ਵਿਚ ਲੁੱਟ-ਮਾਰ ਕਰ ਰਹੇ ਸਨ, ਸੈਂਕੜੇ ਹਿੰਦੂ ਮੰਦਰਾਂ ਨੂੰ ਢਾਹ-ਢੇਰੀ ਕਰ ਕੇ ਕਰੋੜਾਂ-ਅਰਬਾਂ ਰੁਪਿਆਂ ਦਾ ਧਨ ਆਪਣੇ ਦੇਸ਼ ਪਹੁੰਚਾ ਚੁੱਕੇ ਸਨ, ਇਹਨਾਂ ਮਗਰੋਂ ਮੁਗ਼ਲ ਆਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਜਾਬਰਾਂ ਦੇ ਵਤੀਰੇ ਵਿਰੁੱਧ ਰੋਸ ਪ੍ਰਗਟ ਕਰਦਿਆਂ ਕਿਹਾ ਸੀ:

**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥** *(ਪੰਨਾ ੭੨੨)*
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥** *(ਪੰਨਾ ੩੬੦)*

ਆਪ ਨੇ ਲਗਭਗ 22 ਸਾਲ ਤੋਂ ਵੱਧ ਪੈਦਲ ਯਾਤਰਾ ਕਰਨ ਮਗਰੋਂ ਸਾਰੇ ਹਿੰਦੁਸਤਾਨ ਅਤੇ ਪੜੋਸੀ ਵਿਦੇਸ਼ੀ ਮੁਲਕਾਂ ਨੂੰ ਸੁਚੇਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਅਤੇ ਕਿਹਾ ਸੀ ਕਿ ਜਦੋਂ ਸਾਰੀ ਖਲਕਤ ਇਕ ਰੱਬ ਦੀ ਉਪਜ ਹੈ, ਫੇਰ ਜ਼ੋਰ, ਜ਼ੁਲਮ, ਲੁੱਟ-ਖਸੁੱਟ ਕਿਉਂ ? ਗੁਰੂ ਸਾਹਿਬ ਦਾ ਫ਼ਰਮਾਨ ਹੈ:

**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥** *(ਪੰਨਾ ੧੩੪੯)*
**ਏਕੁ ਪਿਤਾ ਏਕਸ ਕੇ ਹਮ ਬਾਰਿਕ...॥** *(ਪੰਨਾ ੬੧੧)*
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥**
*(ਪੰਨਾ ੧੨੯੯)*

ਪਰ ਸਾਢੇ ਚਾਰ ਸੌ ਸਾਲ ਤੋਂ ਦਰੜੇ ਹੋਏ ਹਿੰਦ ਵਾਸੀਆਂ ਦੀ ਮਰ ਚੁੱਕੀ ਅਣਖ ਨੂੰ ਮੁੜ ਸੁਰਜੀਤ ਕਰਨ ਲਈ ਕਾਫ਼ੀ ਸਮੇਂ ਅਤੇ ਭਾਰੀਆਂ ਕੁਰਬਾਨੀਆਂ ਦੇਣ ਦੀ ਲੋੜ ਸੀ। ਸ੍ਰੀ ਗੁਰੂ

ਨਾਨਕ ਦੇਵ ਜੀ ਨੇ ਆਪਣੇ ਉਲੀਕੇ ਪ੍ਰੋਗਰਾਮ ਅਨੁਸਾਰ ਲਗਾਤਾਰ 330 ਸਾਲ ਦੀ ਭਾਰੀ ਘਾਲਣਾ ਅਤੇ ਅਨੇਕਾਂ ਸ਼ਹੀਦੀਆਂ ਦੇ ਕੇ ਇਹਨਾਂ ਵਿਦੇਸ਼ੀ ਦਰਿੰਦਿਆਂ ਨੂੰ ਹਿੰਦ ਵਿਚੋਂ ਕੱਢ ਹੀ ਨਾ ਦਿੱਤਾ ਸਗੋਂ ਸਦਾ ਲਈ ਉਹਨਾਂ ਦੇ ਰਸਤੇ ਹਿੰਦ ਵਿਚ ਦਾਖ਼ਲ ਹੋਣ ਵਾਲੇ ਬੰਦ ਕਰ ਕੇ ਹੀ ਸਾਹ ਲਿਆ।

ਜਹਾਂਗੀਰ ਬਾਦਸ਼ਾਹ ਅੱਯਾਸ਼ੀ ਅਤੇ ਕੁਕਰਮਾਂ ਕਾਰਨ ਮੁਗ਼ਲੀਆ ਹੁਕਮਰਾਨਾਂ ਵਿਚ ਚੋਟੀ ਉਪਰ ਗਿਣਿਆ ਜਾਂਦਾ ਸੀ। 1605 ਈ. ਵਿਚ ਦਿੱਲੀ ਦੇ ਤਖ਼ਤ 'ਤੇ ਬੈਠਦਿਆਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਕੇ ਦੇ ਜੂਨ 1606 ਈ. ਵਿਚ ਇਸ ਲਈ ਸ਼ਹੀਦ ਕੀਤਾ ਕਿ ਉਹਨਾਂ ਵਲੋਂ ਏਕਤਾ ਅਤੇ ਆਪਸੀ ਪਿਆਰ ਦਾ ਪ੍ਰਚਾਰ ਜਹਾਂਗੀਰ ਵਲੋਂ ਹਿੰਦ ਵਾਸੀਆਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਅਤੇ ਲੁੱਟ-ਖਸੁੱਟ ਵਿਚ ਰੁਕਾਵਟ ਪਾ ਰਿਹਾ ਸੀ। ਜਹਾਂਗੀਰ ਆਪ ਲਿਖਦਾ ਹੈ ਕਿ "ਬਿਆਸਾ ਨਦੀ ਦੇ ਕੰਢੇ ਗੋਇੰਦਵਾਲ ਵਿਚ ਤਿੰਨ ਚਾਰ ਪੀੜ੍ਹੀਆਂ ਤੋਂ ਚਲ ਰਹੀ ਝੂਠ ਦੀ ਦੁਕਾਨ ਬੰਦ ਕਰਨ ਦਾ ਮੈਂ ਹੁਕਮ ਦਿੱਤਾ।"

ਜਹਾਂਗੀਰ ਦੇ 22 ਸਾਲ ਦੇ ਰਾਜ ਸਮੇਂ ਹਿੰਦ ਵਾਸੀਆਂ ਉਪਰ ਜ਼ੁਲਮਾਂ ਦੇ ਵਰਣਨ ਨਾਲ ਹਿੰਦ ਦਾ ਇਤਿਹਾਸ ਭਰਿਆ ਪਿਆ ਹੈ। ਇਸ ਸਮੇਂ ਵਿਚ ਲੱਖਾਂ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਇਆ ਗਿਆ, ਲੱਖਾਂ ਹਿੰਦੂ ਕਤਲ ਕੀਤੇ ਗਏ, ਹਜ਼ਾਰਾਂ ਹਿੰਦੂ ਲੜਕੀਆਂ ਅਤੇ ਲੜਕੇ ਗੁਲਾਮ ਬਣਾ ਕੇ ਗਜ਼ਨੀ ਦੇ ਬਜ਼ਾਰਾਂ ਵਿਚ ਵੇਚੇ ਗਏ। ਜਹਾਂਗੀਰ ਦੇ ਮਗਰੋਂ ਉਸ ਦਾ ਪੋਤਰਾ ਔਰੰਗਜ਼ੇਬ 1656 ਈ. ਵਿਚ ਦਿੱਲੀ ਦੇ ਤਖ਼ਤ 'ਤੇ ਬੈਠਾ ਔਰੰਗਜ਼ੇਬ ਨੇ ਹਿੰਦੂਆਂ ਲਈ ਸਰਕਾਰੀ ਨੌਕਰੀਆਂ ਬੰਦ ਕਰ ਦਿੱਤੀਆਂ, ਹਿੰਦੂ ਪ੍ਰਚਾਰ ਅਤੇ ਹਿੰਦੂ ਹੋਣ ਤੇ ਟੈਕਸ ਲਾ ਦਿੱਤਾ, ਹਿੰਦੂ ਸੰਨਿਆਸੀਆਂ ਨੂੰ ਜਲਾਵਤਨ ਕਰ ਦਿੱਤਾ, ਮੰਦਰ ਢਾਹ ਕੇ ਉਹਨਾਂ ਦੀ ਥਾਂ ਮਸੀਤਾਂ ਬਣਨ ਲੱਗ ਪਈਆਂ, ਤੀਰਥਾਂ 'ਤੇ ਟੈਕਸ ਲਾ ਦਿੱਤੇ। ਹਿੰਦ-ਵਾਸੀਆਂ ਲਈ ਇਹ ਸਮਾਂ ਬੜਾ ਹੀ ਭਿਆਨਕ ਅਤੇ ਕਹਿਰ ਭਰਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਸ ਸਮੇਂ ਭਾਵੇਂ ਕਾਫ਼ੀ ਪਲਟਾ ਲਿਆ ਚੁੱਕੀ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਦੇ ਹੱਥ ਵਿਚ ਮਾਲਾ ਦੇ ਨਾਲ ਖੰਡਾ ਭੀ ਦਿਖਣ ਲੱਗ ਪਿਆ ਸੀ, ਤੱਕੜੀ ਤੋਲਣ ਵਾਲੇ ਦੇ ਲੱਕ ਨਾਲ ਤਲਵਾਰ ਬੱਝ ਚੁੱਕੀ ਸੀ, ਹਲ ਵਾਹੁਣ ਵਾਲੇ ਜ਼ਿਮੀਂਦਾਰ ਹਲ ਦੇ ਮੁੰਨੇ ਨਾਲ ਨੇਜ਼ਾ ਬੰਨ੍ਹਿਆ ਦਿਖ ਰਿਹਾ ਸੀ, ਘਰਾਂ ਵਿਚ ਘੋੜੀਆਂ ਬੰਨ੍ਹੀਆਂ ਗਈਆਂ ਸਨ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਕਮਾਨ ਹੇਠ ਮੁਗ਼ਲ ਫ਼ੌਜ ਚਾਰ ਵਾਰੀ ਜੰਗ ਕਰਕੇ ਹਾਰ ਖਾ ਚੁੱਕੀ ਸੀ, ਮਗਰੋਂ ਔਰੰਗਜ਼ੇਬ ਇਹ ਸਭ ਕੁਝ ਦੇਖਦਾ ਹੋਇਆ ਭੀ ਆਪਣੀ ਫ਼ੌਜੀ ਤਾਕਤ ਦੇ ਘੁਮੰਡ ਵਿਚ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪਹਿਲੀ ਅਪ੍ਰੈਲ 1621 ਈ. ਨੂੰ ਸ੍ਰੀ ਨਾਨਕੀ ਜੀ ਦੀ ਪਵਿੱਤਰ ਕੁੱਖ ਤੋਂ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਦਾ ਨਾਮ ਤਿਆਗ ਮਲ ਰੱਖਿਆ ਗਿਆ।

ਜਿਉਂ-ਜਿਉਂ ਤਿਆਗ ਮਲ ਜੀ ਵੱਡੇ ਹੁੰਦੇ ਗਏ, ਤਿਉਂ-ਤਿਉ ਹਰ ਪ੍ਰਕਾਰ ਦੀ ਵਿਦਿਆ ਦੇਣ ਦੇ ਪ੍ਰਬੰਧ ਕੀਤੇ ਜਾਂਦੇ ਰਹੇ। ਤੀਰ ਚਲਾਉਣਾ, ਗਤਕਾ ਖੇਲਣਾ, ਘੋੜ-ਸਵਾਰੀ, ਤਲਵਾਰ ਵਾਹੁਣੀ ਦੇ ਨਾਲ-ਨਾਲ ਪੰਜਾਬੀ ਅੱਖਰ ਅਤੇ ਸੰਸਕ੍ਰਿਤ ਵਿਦਿਆ ਦੇਣ ਦੇ ਪ੍ਰਬੰਧ ਵੀ ਕੀਤੇ ਗਏ। ਤਿਆਗ ਮੱਲ ਜੀ ਅਜੇ ਨੌਵੇਂ ਬਰਸ ਦੀ ਆਯੂ ਵਿਚ ਹੀ ਸਨ ਕਿ ਆਪ ਦਾ ਵਿਆਹ

ਮਾਤਾ ਗੁਜਰੀ ਜੀ ਸਪੁੱਤਰੀ ਸ੍ਰੀ ਲਾਲ ਚੰਦ ਕਰਤਾਰਪੁਰ ਨਿਵਾਸੀ ਨਾਲ ਕਰ ਦਿੱਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਮੁਗ਼ਲ ਹਕੂਮਤ ਨਾਲ ਚੌਥੀ ਜੰਗ ਜੋ ਕਰਤਾਰਪੁਰ ਵਿਖੇ 1635 ਈ. ਨੂੰ ਹੋਈ, ਤਿਆਗ ਮੱਲ ਜੀ ਨੇ ਵਧ-ਚੜ੍ਹ ਕੇ ਹਿੱਸਾ ਪਾਇਆ। ਆਪ ਇਸ ਸਮੇਂ ਸਿਰਫ਼ ਚੌਦਾਂ ਵਰ੍ਹਿਆਂ ਦੇ ਸਨ। ਇਸ ਜੰਗ ਵਿਚ ਤਿਆਗ ਮੱਲ ਜੀ ਨੂੰ ਇਕ ਵੈਰੀ ਪਠਾਨ ਦੇ ਸਿਰ 'ਤੇ ਤਲਵਾਰ ਦੇ ਵਾਰ ਕਰਦਿਆਂ ਦੇਖ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤੇਗ ਦਾ ਬਹਾਦਰ ਕਹਿ ਕੇ ਵਡਿਆਇਆ। ਇਸ ਤਰ੍ਹਾਂ ਆਪ ਦਾ ਨਾਮ ਅਗੋਂ ਲਈ (ਗੁਰੂ) ਤੇਗ ਬਹਾਦਰ ਪ੍ਰਚੱਲਤ ਹੋ ਗਿਆ।

ਕੀਰਤਪੁਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ 1644 ਈ. ਨੂੰ ਜੋਤੀ-ਜੋਤਿ ਸਮਾ ਗਏ। ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸੰਗਤ ਨੂੰ ਹੁਕਮ ਕੀਤਾ ਕਿ ਗੁਰਿਆਈ ਸ੍ਰੀ ਹਰਿਰਾਇ ਜੀ (ਪੋਤਰੇ) ਨੂੰ ਦਿੱਤੀ ਜਾਵੇ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ 30 ਮਾਰਚ, 1664 ਈ. ਨੂੰ ਜੋਤੀ-ਜੋਤਿ ਸਮਾਉਣ ਸਮੇਂ ਬਚਨ ਕੀਤਾ ਸੀ, "ਬਾਬਾ ਬਕਾਲੇ"। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਇਹ ਫ਼ਰਮਾਨ ਨਗਰ ਬਕਾਲੇ ਵਿਚ ਬਿਜਲੀ ਦੇ ਕਰੰਟ ਦੀ ਨਿਆਈਂ ਪੁੱਜਦੇ ਸਾਰ, ਬਕਾਲੇ ਦੀ ਧਰਤੀ 'ਤੇ ਬਰਸਾਤੀ ਖੁੰਬਾਂ ਵਾਂਗ 22 ਆਪੇ ਬਣੇ ਗੁਰੂ, ਮੰਜੀਆਂ ਡਾਹ ਕੇ ਬੈਠ ਗਏ ਅਤੇ ਪੂਜਾ ਸ਼ੁਰੂ ਹੋ ਗਈ।

ਬਾਬਾ ਬੁੱਢਾ ਜੀ ਵਰਗੇ ਕਿਸੇ ਪਰਉਪਕਾਰੀ ਸਿੱਖ ਦੇ ਲੱਭਣ ਦੀ ਲੋੜ ਸੀ, ਜੋ ਗੁਰੂ ਜੀ ਦੀ ਭਾਲ ਕਰ ਸਕੇ। ਸਿੱਖ ਦੇ ਜਹਾਜ਼ ਨੂੰ ਘਟਨਾ ਵਾਪਰਨੀ, ਪੰਜ ਸੌ ਮੋਹਰ ਭੇਟ ਕਰਨ ਦਾ ਵਿਚਾਰ ਆਉਣ, ਜਹਾਜ਼ ਦਾ ਸਫਲ ਹੋਣਾ, ਸਿੱਖ ਦਾ ਆਪਣੇ ਘਰ ਪੁੱਜਣਾ, ਭੇਟਾ ਦੇਣ ਜਾਣ ਲਈ ਤਿਆਰੀ ਕਰਨਾ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਦਾ ਟਿਕਾਣਾ ਲੱਭਣਾ, ਅੰਮ੍ਰਿਤਸਰ ਤੋਂ ਚਲ ਬਕਾਲੇ ਪੁੱਜਣਾ, 22 ਗੁਰੂਆਂ ਦੀਆਂ ਗੱਦੀਆਂ ਲੱਗੀਆਂ ਦੇਖ ਨਿਰਾਸ ਹੋਣਾ, ਆਦਿ ਲਈ ਸਮਾਂ ਲੱਗ ਜਾਣਾ ਸੁਭਾਵਿਕ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ- ਜੋਤਿ ਸਮਾਉਣ ਦੇ ਗਿਆਰਾਂ ਮਹੀਨੇ ਮਗਰੋਂ ਭਾਈ ਮੱਖਣ ਸ਼ਾਹ, ਨਿਵਾਸੀ ਪਿੰਡ ਟਾਂਡਾ (ਗੁਜਰਾਤ) ਨੇ ਗੁਰੂ ਦੀ ਭਾਲ ਕਰਕੇ 'ਗੁਰੂ ਲਾਧੋ ਰੇ' ਦਾ ਐਲਾਨ ਕੋਠੇ 'ਤੇ ਚੜ੍ਹ ਕੇ ਕਰ ਦਿੱਤਾ। ਭਾਈ ਗੁਰਦਿੱਤਾ ਜੀ (ਪੋਤਰਾ ਬਾਬਾ ਬੁੱਢਾ ਜੀ) ਨੇ ਸ੍ਰੀ ਤੇਗ ਬਹਾਦਰ ਜੀ ਨੂੰ ਗੁਰ-ਗੱਦੀ ਦਾ ਵਾਰਸ ਮੰਨ ਕੇ ਤਿਲਕ ਦੀ ਰਸਮ ਬਕਾਲੇ ਵਿਚ ਹੀ ਕਰ ਦਿੱਤੀ। ਇਸ ਸਮੇਂ ਧੀਰਮੱਲ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ 'ਤੇ ਹਮਲਾ ਭੀ ਕੀਤਾ ਗਿਆ। ਸ਼ੀਹੇਂ ਮਸੰਦ ਵਲੋਂ ਗੋਲੀ ਭੀ ਚਲਾਈ ਗਈ, ਮੱਖਣ ਸ਼ਾਹ ਦੇ ਸਾਥੀਆਂ ਨੇ ਗੁਰੂ ਸਾਹਿਬ 'ਤੇ ਧੀਰਮੱਲੀਆਂ ਦੇ ਹਮਲੇ ਦੇ ਰੋਸ ਵਜੋਂ ਧੀਰ ਮੱਲ ਦਾ ਸਾਰਾ ਡੇਰਾ ਲੁੱਟ ਲਿਆ। ਸ਼ਾਂਤੀ ਸਰੂਪ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧੀਰਮੱਲ ਦੇ ਡੇਰੇ ਦਾ ਲੁੱਟਿਆ ਮਾਲ ਵਾਪਸ ਕਰਵਾ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਗੱਦੀ ਪ੍ਰਾਪਤ ਕਰਦੇ ਹੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਚਲ ਪਏ। ਗੁਰੂ ਸਾਹਿਬ ਦੇ ਅੰਮ੍ਰਿਤਸਰ ਪੁੱਜਣ ਦੀ ਖ਼ਬਰ ਸੁਣ ਕੇ ਪੁਜਾਰੀਆਂ ਨੇ ਬੂਹੇ ਬੰਦ ਕਰ ਦਿੱਤੇ। ਗੁਰੂ ਜੀ ਅੰਮ੍ਰਿਤਸਰ ਤੋਂ ਸਿੱਧੇ ਕੀਰਤਪੁਰ ਪੁੱਜ ਗਏ। ਸਭ ਤੋਂ ਪਹਿਲਾਂ ਕੁਝ ਮੀਲਾਂ ਦੀ ਵਿਥ 'ਤੇ 19 ਜੂਨ ਸੰਨ 1665 ਈ. ਨੂੰ ਚੱਕ ਨਾਨਕੀ ਪਿੰਡ ਦੀ ਨੀਂਹ ਭਾਈ ਗੁਰਦਿੱਤਾ ਜੀ (ਪੋਤਰਾ ਬਾਬਾ ਬੁੱਢਾ ਜੀ) ਦੇ ਹੱਥੋਂ ਰੱਖਵਾਈ। ਇਸ ਪਿੰਡ ਲਈ ਜ਼ਮੀਨ ਰਾਜਾ ਕਹਿਲੂਰ ਦੀਪ ਚੰਦ ਦੀ ਰਾਣੀ ਨੇ ਸਤਿਗੁਰੂ ਨੂੰ ਭੇਟ ਕੀਤੀ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਰਤ ਦੇ ਦੂਜੇ ਪਰਦੇਸ਼ਾਂ ਵਿਚ ਸਿੱਖੀ ਪ੍ਰਚਾਰ ਨੂੰ ਮੁੜ ਸੁਰਜੀਤ

ਕਰਨ ਦਾ ਪ੍ਰੋਗਰਾਮ ਤਿਆਰ ਕੀਤਾ। ਸੰਮਤ 1723 ਦੇ ਸ਼ੁਰੂ ਹੁੰਦਿਆਂ ਹੀ ਸਮੇਤ ਪਰਿਵਾਰ ਮਾਲਵਾ ਅਤੇ ਬਾਂਗਰ ਦੀ ਧਰਤੀ ਨੂੰ ਸ੍ਵੈ-ਮਾਨ ਅਤੇ ਸ੍ਵੈ-ਸੁਤੰਤਰਤਾ ਦੇ ਜਜ਼ਬੇ ਦਾ ਸੰਦੇਸ਼ ਦਿੰਦੇ ਥਨੇਸਰ, ਮਥਰਾ, ਕਾਨ੍ਹਪੁਰ ਹੁੰਦੇ ਤ੍ਰਿਬੇਣੀ ਜਾ ਡੇਰੇ ਲਾਏ। ਸੰਗਤ ਦੀ ਬੇਨਤੀ 'ਤੇ ਕੁਝ ਸਮੇਂ ਲਈ ਏਥੇ ਹੀ ਠਹਿਰ ਗਏ। ਇਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ ਬਚਿੱਤਰ ਨਾਟਕ ਵਿਚ ਲਿਖਦੇ ਹਨ:

**ਚੌਪਈ—ਮੁਰ ਪਿਤ ਪੂਰਬ ਕੀਯਸਿ ਪਯਾਨਾ॥**
**ਭਾਂਤਿ ਭਾਂਤਿ ਕੇ ਤੀਰਥਿ ਨਾਨਾ॥**
**ਜਬ ਹੀ ਜਾਤ ਤ੍ਰਿਬੇਣੀ ਭਏ॥**
**ਪੁੰਨ ਦਾਨ ਦਿਨ ਕਰਤ ਬਿਤਏ॥੧॥**
**ਤਹੀ ਪ੍ਰਕਾਸ ਹਮਾਰਾ ਭਯੋ॥**
**ਪਟਨਾ ਸਹਰ ਬਿਖੈ ਭਵ ਲਯੋ॥** *(ਅਧਿਆਇ ੭)*

ਏਥੇ ਹੀ ਰਾਜਾ ਜੈ ਸਿੰਘ ਦਾ ਪੁੱਤਰ ਰਾਜਾ ਰਾਮ ਸਿੰਘ, ਆਸਾਮ ਦੇ ਰਾਜਾ ਰਾਮ ਰਾਏ ਨੂੰ ਅਧੀਨ ਕਰਨ ਲਈ ਔਰੰਗਜ਼ੇਬ ਦੇ ਹੁਕਮ ਨਾਲ ਜਾ ਰਿਹਾ, ਗੁਰੂ ਜੀ ਦੀ ਸ਼ਰਨ ਆਇਆ। ਰਾਜੇ ਨੇ ਆਸਾਮ ਨੂੰ ਅਧੀਨ ਕਰਨ ਲਈ ਅਸ਼ੀਰਵਾਦ ਦੀ ਮੰਗ ਕੀਤੀ। ਗੁਰੂ ਸਾਹਿਬ ਨੇ ਉੱਤਰ ਵਿਚ ਕਿਹਾ ਕਿ 'ਹੇ ਰਾਜਾ! ਤੂੰ ਅਤੇ ਤੇਰਾ ਪਰਿਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਹੋ, ਤੈਨੂੰ ਕਦੇ ਵੀ ਇਹ ਆਸ ਨਹੀਂ ਕਰਨੀ ਚਾਹੀਦੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰਬਾਰ ਕਿਸੇ ਇਕ ਰਾਜੇ ਦੀ ਸੁਤੰਤਰਤਾ ਖੋਹ ਕੇ ਦੂਜੇ ਰਾਜੇ ਦੀ ਅਧੀਨਤਾ ਦੀ ਹਮਾਇਤ ਕਰੇ, ਅਸੀਂ ਤਾਂ ਸੀਊਣਾ ਜਾਣਦੇ ਹਾਂ, ਪਾੜਨਾ ਨਹੀਂ। ਇਹ ਹੋ ਸਕਦਾ ਹੈ ਕਿ ਅਸੀਂ ਤੇਰੇ ਨਾਲ ਆਸਾਮ ਦੇਸ ਚੱਲ ਕੇ ਤੁਹਾਡੇ ਦੋਹਾਂ ਦੇ ਵੈਰ ਵਿਰੋਧ ਮਿਟਾ ਕੇ ਤੁਹਾਡਾ ਆਪਸੀ ਮੇਲ ਕਰਵਾ ਦੇਵੀਏ।' ਗੁਰੂ ਸਾਹਿਬ ਕੁਝ ਦਿਨ ਪਟਨੇ ਠਹਿਰਨ ਮਗਰੋਂ ਪਰਿਵਾਰ ਨੂੰ ਪਟਨੇ ਛੱਡ ਕੇ ਆਸਾਮ ਦੇ ਦੌਰੇ ਲਈ ਕੁਝ ਸਿੱਖਾਂ ਨੂੰ ਨਾਲ ਲੈ ਚਲ ਪਏ। ਧੋਬੜੀ ਦੇ ਅਸਥਾਨ ਪਰ ਗੁਰੂ ਸਾਹਿਬ ਦੀ ਮਹਾਨ ਸ਼ਖ਼ਸੀਅਤ ਅਤੇ ਸਿਆਣਪ ਸਦਕਾ ਦੋਹਾਂ ਰਾਜਿਆਂ ਵਿਚ ਸੁਲ੍ਹਾ ਹੋ ਗਈ। ਰਾਜਾ ਰਾਮ ਰਾਏ ਦੀ ਬੇਨਤੀ ਪਰ ਗੁਰੂ ਸਾਹਿਬ ਨੂੰ ਕਾਫ਼ੀ ਸਮਾਂ ਇਸ ਇਲਾਕੇ ਵਿਚ ਠਹਿਰਨਾ ਪਿਆ। ਰਾਜਾ ਰਤਨ ਰਾਏ ਇਸੇ ਰਾਜਾ ਰਾਮ ਰਾਏ ਦਾ ਪੁੱਤਰ ਸੀ ਜੋ ਆਪਣੀ ਮਾਤਾ ਸੁਰਨਮਤੀ ਨਾਲ ਸੰਮਤ 1735 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਆਇਆ। ਪ੍ਰਸਾਦੀ ਹਾਥੀ, ਪੰਜ ਕਲਾ ਸ਼ਸਤਰ, ਚੰਨਣ ਦੀ ਚੌਂਕੀ, ਹੀਰੇ ਜਵਾਹਰਾਤ ਜੜਤ ਚਾਨਣੀ, ਕੀਮਤੀ ਘੋੜੇ ਅਤੇ ਕਈ ਭਾਂਤ ਦੇ ਸ਼ਸਤਰ ਆਦਿ ਸੁਗਾਤਾਂ ਗੁਰੂ ਜੀ ਨੂੰ ਭੇਟ ਕੀਤੀਆਂ ਸਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਕਾਫ਼ੀ ਸਮੇਂ ਤਕ ਪੰਜਾਬ ਤੋਂ ਬਾਹਰ ਰਹਿਣ ਕਾਰਨ ਸਿੱਖ ਸੰਗਤ ਗੁਰੂ ਦਰਸ਼ਨ ਬਾਝੋਂ ਬਹੁਤ ਬਿਹਬਲ ਹੋ ਰਹੀ ਸੀ। ਔਰੰਗਜ਼ੇਬ ਵਲੋਂ ਜ਼ੁਲਮ ਢਾਹੇ ਜਾਣ ਦੀਆਂ ਹਿਰਦੇ-ਵੇਧਕ ਖ਼ਬਰਾਂ ਸੁਣ ਗੁਰੂ ਸਾਹਿਬ ਪੰਜਾਬ ਵਲ ਪਰਤ ਪਏ। ਕਈ ਇਤਿਹਾਸਕਾਰਾਂ ਦਾ ਖ਼ਿਆਲ ਹੈ ਕਿ ਗੁਰੂ ਸਾਹਿਬ ਪਟਨੇ ਰਾਹੀਂ ਪੰਜਾਬ ਨੂੰ ਮੁੜੇ। ਇਹ ਠੀਕ ਪ੍ਰਤੀਤ ਨਹੀਂ ਹੁੰਦਾ। ਗੁਰੂ ਜੀ ਭਵਿੱਖਤ ਦੇ ਜਾਣੂ ਅਤੇ ਭਾਣੇ ਦੇ ਮਾਲਕ ਸਨ, ਪੰਜਾਬ ਤੋਂ ਦੁਖਦਾਇਕ ਖ਼ਬਰਾਂ ਸੁਣ ਕੇ ਹੋਰ ਬਹੁਤ ਸਮਾਂ ਪੰਜਾਬ ਤੋਂ ਬਾਹਰ ਨਹੀਂ ਰਹਿਣਾ ਚਾਹੁੰਦੇ ਸਨ। ਪਰਿਵਾਰ ਨੂੰ ਪਟਨੇ ਹੀ ਠਹਿਰੇ

ਰਹਿਣ ਦਾ ਸੁਨੇਹਾ ਦੇ ਕੇ ਆਪ ਘੱਟ ਤੋਂ ਘੱਟ ਸਮਾਂ ਖ਼ਰਚ ਕਰਦੇ ਹੋਏ 1671 ਈ. ਵਿਚ ਅਨੰਦਪੁਰ ਪੁੱਜ ਗਏ। ਸਮੇਂ ਦੇ ਹਾਲਾਤ ਨੂੰ ਵਿਚਾਰਦਿਆਂ ਪਟਨੇ ਤੋਂ ਪਰਿਵਾਰ ਨੂੰ ਪੰਜਾਬ ਆਉਣ ਲਈ ਖ਼ਬਰ ਕਰ ਦਿੱਤੀ। ਇਸ ਸਮੇਂ ਔਰੰਗਜ਼ੇਬ ਤਲਵਾਰ ਦੇ ਜ਼ੋਰ ਇਸਲਾਮ ਦਾ ਪ੍ਰਚਾਰ ਪੂਰੇ ਜ਼ੋਰ ਨਾਲ ਕਰ ਰਿਹਾ ਸੀ, ਮੰਦਰ ਢਾਹ ਕੇ ਉਹਨਾਂ ਦੀ ਥਾਉਂ ਮਸੀਤਾਂ ਉਸਾਰੀਆਂ ਜਾ ਰਹੀਆਂ ਸਨ, ਲੜਕੀਆਂ ਨੂੰ ਜ਼ਬਰਦਸਤੀ ਆਪਣੇ ਘਰੀਂ ਪਾਇਆ ਜਾ ਰਿਹਾ ਸੀ, ਹਿੰਦੂ ਘਰ-ਬਾਰ ਲੁਟੇ ਜਾ ਰਹੇ ਸਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਇਹ ਜ਼ੁਲਮ ਕਹਾਣੀਆਂ ਸੁਣ ਰਹੇ ਸਨ ਅਤੇ ਡੂੰਘੀ ਵਿਚਾਰ ਵਿਚ ਸਨ ਕਿ ਇਸ ਜ਼ੁਲਮ ਨੂੰ ਰੋਕਣ ਲਈ ਕੀ ਢੰਗ ਵਰਤੇ ਜਾਣ। ਗੁਰੂ ਸਾਹਿਬ ਨੇ ਭਲੀ ਭਾਂਤ ਇਹ ਮਹਿਸੂਸ ਕਰ ਲਿਆ ਸੀ ਕਿ ਉਸ ਸਮੇਂ ਹਿੰਦੂਆਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਾਰਨ ਕਾਫ਼ੀ ਤਬਦੀਲੀ ਆ ਚੁੱਕੀ ਹੈ। ਸਵੈ-ਸੁੰਤਤਰਤਾ ਅਤੇ ਸਵੈ-ਮਾਨਤਾ ਦੀ ਜੋਤ ਜਗ ਚੁੱਕੀ ਹੈ, ਮਗਰ ਫੇਰ ਵੀ ਸੱਤ ਸੌ ਸਾਲ ਤੋਂ ਅਣਖ-ਹੀਣ ਹੋ ਚੁੱਕੀ ਹਿੰਦੂ ਕੌਮ ਵਿਚ ਜਾਗਰਤੀ ਲਿਆਉਣ ਲਈ ਅਜੇ ਹੋਰ ਸਮੇਂ ਅਤੇ ਕੁਰਬਾਨੀ ਦੀ ਲੋੜ ਹੈ।

ਸਾਹਿਬਜ਼ਾਦਾ ਗੋਬਿੰਦ ਰਾਏ ਸਮੇਤ ਪਰਿਵਾਰ ਪਟਨੇ ਤੋਂ ਚਲ ਅਨੰਦਪੁਰ ਪੁੱਜ ਚੁੱਕੇ ਸਨ। ਸਾਹਿਬਜ਼ਾਦਾ ਆਪਣੇ ਪਟਨੇ ਵਲੋਂ ਕੌਤਕ ਰਚਾ ਰਹੇ ਸਨ। ਨਦੀ ਦੇ ਸੁੱਕੇ ਵਹਿਣ ਵਿਚ ਹਾਣੀ ਬਾਲਕਾਂ ਨੂੰ ਨਾਲ ਲੈ ਨਕਲੀ ਤੀਰ ਚਲਾਉਣ, ਗਤਕਾ ਖੇਡਣ, ਘੋੜ-ਸਵਾਰੀ ਅਤੇ ਘੋਲ ਆਦਿ ਖੇਡਾਂ ਵਿਚ ਰੋਜ਼ਾਨਾ ਰੁਝੇ ਰਹਿੰਦੇ ਸਨ।

ਕਸ਼ਮੀਰ ਦੇ ਹਾਕਮ ਸੂਬੇਦਾਰ ਸ਼ੇਰ ਅਫ਼ਗਾਨ ਦੇ ਜ਼ੁਲਮਾਂ ਤੋਂ ਦੁਖੀ ਹੋਏ ਕਸ਼ਮੀਰੀ ਪੰਡਤਾਂ ਦਾ ਟੋਲਾ, ਦੇਵੀ ਦੇਵਤਿਆਂ ਨੂੰ ਧਿਆਉਂਦਾ ਨਿਰਾਸ ਹੋ ਅਨੰਦਪੁਰ ਆ ਪੁੱਜਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਦੀ ਓਟ ਤੱਕ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆ ਫ਼ਰਿਆਦ ਕੀਤੀ ਅਤੇ ਦੁਖ-ਭਰੀ ਕਹਾਣੀ ਸੁਣਾ ਕੇ ਸਹਾਇਤਾ ਲਈ ਅਰਦਾਸ ਕੀਤੀ। ਗੁਰੂ ਸਾਹਿਬ ਨੇ ਪੰਡਤਾਂ ਨੂੰ ਧਰਵਾਸ ਦਿੰਦਿਆਂ ਉਹਨਾਂ ਦੀ ਹਰ ਪੱਖ ਤੋਂ ਸਹਾਇਤਾ ਕਰਨ ਅਤੇ ਮੁਗ਼ਲ ਹਕੂਮਤ ਨਾਲ ਟੱਕਰ ਲੈਣ ਦਾ ਵਚਨ ਦਿੱਤਾ। ਕਸ਼ਮੀਰੀ ਪੰਡਤਾਂ ਨੇ ਆਪਣੇ ਸਿਰੋਂ ਕੁਝ ਦਿਨਾਂ ਲਈ ਬਲਾ ਟਲਦੀ ਸਮਝ, ਕਸ਼ਮੀਰ ਪੁੱਜ ਕੇ ਗੁਰੂ ਸਾਹਿਬ ਦਾ ਸੁਨੇਹਾ ਸ਼ੇਰ ਅਫ਼ਗਾਨ ਨੂੰ ਜਾ ਦਿੱਤਾ ਤੇ ਕਿਹਾ ਕਿ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਜੇ ਤੁਸੀਂ ਮੁਸਲਮਾਨ ਬਣਾ ਸਕੋ ਤਾਂ ਅਸੀਂ ਸਾਰੇ ਮੁਸਲਮਾਨ ਧਰਮ ਕਬੂਲ ਕਰਨ ਨੂੰ ਤਿਆਰ ਹਾਂ। ਸ਼ੇਰ ਅਫ਼ਗਾਨ ਨੇ ਕਾਸਦ ਨੂੰ ਭੇਜ ਔਰੰਗਜ਼ੇਬ ਨੂੰ ਦੱਸ ਦਿੱਤਾ।

ਗੁਰੂ ਜੀ ਨੇ ਆਪਣੇ ਪਿਆਰੇ ਸਿੱਖਾਂ ਨਾਲ ਦਿੱਲੀ ਨੂੰ ਚਾਲੇ ਪਾ ਦਿੱਤੇ। ਦਿੱਲੀ ਪੁੱਜਣ 'ਤੇ ਕਾਜ਼ੀ ਨੇ ਗੁਰੂ ਸਾਹਿਬ ਪਾਸ ਤਿੰਨ ਸ਼ਰਤਾਂ ਰੱਖੀਆਂ :

ਕਰਾਮਾਤ ਦਿਖਾਵੋ।
ਮੁਸਲਮਾਨ ਹੋ ਜਾਵੋ।
ਕਤਲ ਲਈ ਤਿਆਰ ਹੋ ਜਾਵੋ।

ਗੁਰੂ ਸਾਹਿਬ ਨੇ ਪਹਿਲੀਆਂ ਦੋਵੇਂ ਸ਼ਰਤਾਂ ਠੁਕਰਾ ਦਿੱਤੀਆਂ ਅਤੇ ਤੀਸਰੀ ਲਈ ਤਿਆਰੀ ਕਰ ਲਈ। ਅੱਠ ਦਿਨ ਪਿੰਜਰੇ ਵਿਚ ਕੈਦ ਰੱਖਣ ਮਗਰੋਂ 15 ਨਵੰਬਰ 1675 ਈ. ਨੂੰ ਦੋ ਪਹਿਰ ਅਤੇ ਦੋ ਘੜੀ ਦਿਨ ਚੜ੍ਹੇ, ਚਾਂਦਨੀ ਚੌਕ ਵਿਚ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ,

ਤਲਵਾਰ ਦਾ ਵਾਰ ਕਰਨ ਵਾਲਾ ਸੱਯਦ ਜਲਾਲ ਦੀਨ ਸਮਾਣੇ ਦਾ ਰਹਿਣ ਵਾਲਾ ਸੀ। ਪਹਿਰਾ ਕਰੜਾ ਹੋਣ ਕਾਰਨ ਹਨੇਰਾ ਹੋਣ ਤਕ ਸਰੀਰ ਦੇ ਲਾਗੇ ਪੁੱਜਣ ਦਾ ਕਿਸੇ ਨੂੰ ਹੌਂਸਲਾ ਨਾ ਪਿਆ। ਹਨੇਰੇ ਦਾ ਲਾਭ ਉਠਾਉਂਦਿਆਂ ਭਾਈ ਜੈਤਾ ਗੁਰੂ ਜੀ ਦਾ ਸੀਸ ਚੁੱਕ ਚਾਦਰ ਵਿਚ ਲਪੇਟ ਦੂਜੇ ਦਿਨ ਲਗਪਗ 85 ਮੀਲ ਦਾ ਸਫ਼ਰ ਮੁਕਾ ਪਿੰਡ ਤਰੌੜੀ ਜਾ ਬਿਸਰਾਮ ਕੀਤਾ ਅਤੇ ਤੀਸਰੇ ਦਿਨ ਅਨੰਦਪੁਰ ਪੁੱਜ ਗਿਆ। ਦੂਜੇ ਪਾਸੇ ਭਾਈ ਲੱਖੀ ਸ਼ਾਹ ਜੋ ਮੁਗ਼ਲ ਹਾਕਮਾਂ ਦੇ ਘੋੜਿਆਂ ਲਈ ਦਾਣਾ, ਰਸਦ ਆਦਿ ਛੱਡ ਕੇ ਖ਼ਾਲੀ ਗੱਡੇ ਆਪਣੇ ਪਿੰਡ ਰਕਾਬਗੰਜ ਨੂੰ ਲੈ ਜਾ ਰਿਹਾ ਸੀ, ਗੁਰੂ ਸਾਹਿਬ ਦਾ ਧੜ ਖਾਲੀ ਗੱਡੇ ਵਿਚ ਰੱਖ ਕੇ ਆਪਣੇ ਪਿੰਡ ਪੁੱਜਣ ਵਿਚ ਸਫਲ ਹੋ ਗਿਆ। ਭਾਈ ਲੱਖੀ ਸ਼ਾਹ ਨੇ ਗੱਡਾ ਆਪਣੇ ਮਕਾਨ ਦੇ ਅੰਦਰ ਰੱਖ ਕੇ ਮਕਾਨ ਨੂੰ ਅੱਗ ਲਾ ਦਿੱਤੀ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਧੜ ਰਕਾਬਗੰਜ ਦਿੱਲੀ ਵਿਖੇ ਅਤੇ ਸੀਸ ਦੋ ਸੌ ਮੀਲ ਦੀ ਵਿਥ 'ਤੇ ਅਨੰਦਪੁਰ ਸਾਹਿਬ ਵਿਚ ਦੋ ਥਾਵਾਂ 'ਤੇ ਅਲੱਗ ਅਲੱਗ ਸਸਕਾਰ ਹੋਏ।

ਇਸ ਤਰ੍ਹਾਂ— **ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥**

ਅਤੇ— **ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥**

*(ਬਚਿੱਤਰ ਨਾਟਕ)*

ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਉਚਾਰੀ ਗਈ ਬਾਣੀ ਦੇ ਕੁਲ 116 ਸ਼ਬਦ ਅਤੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਾਰੀ ਰਚਨਾ ਵੈਰਾਮਗਈ ਹੈ। ਉਹ ਵੈਰਾਗ ਨਹੀਂ ਜੋ ਧਰੂ ਨੇ ਧਾਰਨ ਕੀਤਾ, ਉਹ ਵੈਰਾਗ ਨਹੀਂ ਜੋ ਮਹਾਤਮਾ ਬੁਧ ਨੇ ਪ੍ਰਚਾਰਿਆ, ਉਹ ਵੈਰਾਗ ਨਹੀਂ ਜੋ ਰਾਜਾ ਭਰਥਰੀ ਨੇ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੈਰਾਗ ਇਕ ਨਿਰਾਲਾ ਅਤੇ ਅਨੋਖਾ ਵੈਰਾਗ ਹੈ। ਉਹਨਾਂ ਦਾ ਫ਼ਰਮਾਨ ਹੈ :

**ਜਾਂ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ॥**
**ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥** *(ਪੰਨਾ ੪੯੦)*

ਅਤੇ

**ਅਹਿਨਿਸਿ ਅੰਤਰਿ ਰਹੈ ਧਿਆਨਿ॥ ਤੇ ਬੈਰਾਗੀ ਸਤ ਸਮਾਨਿ॥** *(ਪੰਨਾ ੯੫੩)*

ਉਹ ਹਾਮੀ ਸਨ—

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥** *(ਪੰਨਾ ੯੩੮)*

(3/1976)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਮਨੁੱਖੀ ਆਜ਼ਾਦੀ

ਜਦੋਂ ਹਿੰਦੂ ਸੰਸਕ੍ਰਿਤੀ, ਮੁਸਲਮਾਨੀ ਹੱਲਿਆਂ ਦੀ ਮਾਰ ਨਾ ਸਹਾਰ ਕੇ ਜਰਵਾਣਿਆਂ ਅੱਗੇ ਚੁਫਾਲ ਡਿੱਗ ਪਈ ਤੇ ਰਾਜਸੀ ਅਤੇ ਧਾਰਮਿਕ ਸੁਤੰਤਰਤਾ ਗੁਆ ਬੈਠੀ ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਨੇ 'ਨਾਮ ਦੀ ਚੜ੍ਹਦੀ ਕਲਾ' ਤੇ 'ਸਰਬੱਤ ਦੇ ਭਲੇ' ਦਾ ਨਾਅਰਾ ਦੇ ਕੇ ਮਨੁੱਖੀ ਚੇਤਨਾ ਨੂੰ ਜਗਾਇਆ। ਇਸ ਮੌਕੇ ਭਾਰਤਵਾਸੀ ਭੈ-ਭੀਤ ਸਨ ਤੇ ਉਹ ਆਪਣਾ ਸ੍ਵੈਮਾਨ ਤੇ ਸੁਤੰਤਰਤਾ ਦੋਵੇਂ ਗੁਆ ਬੈਠੇ ਸਨ। ਉਨਾਂ ਦੀ ਧਾਰਮਿਕਤਾ ਨਿਰਾ ਦਿਖਾਵੇ ਮਾਤਰ ਸੀ। ਦੂਜੇ ਪਾਸੇ ਮੁਸਲਮਾਨ ਲਈ, ਗ਼ੈਰ ਮੁਸਲਿਮ ਦਾ ਸ਼ੁਭ ਚਿੰਤਕ ਹੋਣਾ ਇਕ ਤਰ੍ਹਾਂ ਧਰਮ ਈਮਾਨ ਤੋਂ ਬਾਹਰੀ ਗੱਲ ਮੰਨੀ ਜਾਂਦੀ ਸੀ। ਇਸ ਹਾਲਤ ਵਿਚ 'ਚੜ੍ਹਦੀ ਕਲਾ' ਤੇ 'ਸਰਬੱਤ ਦੇ ਭਲੇ' ਦਾ ਦਾਰੂ ਦੋਹਾਂ ਧਿਰਾਂ ਦੀ ਸਿਹਤ ਲਈ ਅਤਿ ਜ਼ਰੂਰੀ ਸੀ। ਡਾਢਾ, ਮਾੜੇ ਨੂੰ ਮਾਰਦਾ ਸੀ ਤੇ ਮਾੜਾ, ਡਾਢੇ ਤੋਂ ਮਾਰ ਖਾਂਦਾ ਸੀ, ਗੁਰੂ ਸਾਹਿਬ ਨੂੰ ਇਹ ਦੋਵੇਂ ਗੱਲਾਂ ਨਾ-ਪਸੰਦ ਸਨ। ਉਹ ਚਾਹੁੰਦੇ ਸਨ ਕਿ ਤਾਕਤਵਰ, ਤਾਕਤਵਰ ਨਾਲ ਜੂਝੇ, ਜੇ ਪਾੜ-ਖਾਣੇ ਬਘਿਆੜ ਗਊਆਂ ਉੱਤੇ ਟੁੱਟ ਪੈਣ ਤੇ ਹੱਤਿਆ ਕਰਨ ਇਹ ਤਾਂ ਕੋਈ ਨਿਆਂ ਨਹੀਂ। ਬਰਾਬਰ ਦੀ ਟੱਕਰ ਹੋਵੇ ਤਾਂ ਇਹ ਕੋਈ ਹਰਜੇ ਵਾਲੀ ਗੱਲ ਨਹੀਂ, ਆਖ਼ਰ ਜ਼ਿੰਦਗੀ ਇਕ ਸੰਗਰਾਮ ਹੈ। ਸ਼ਕਤੀਵਾਨ, ਸ਼ਕਤੀਵਾਨ ਨਾਲ ਟੱਕਰੇ ਤਾਂ ਕੋਈ ਗਿਲਾ ਨਹੀਂ।

**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥** *(ਪੰਨਾ ੩੬੦)*

ਇਥੇ ਜਰਵਾਣਿਆਂ ਨੇ ਭਾਰਤ ਦੀ ਧਾਰਮਿਕ ਮਾਨਤਾ, ਬੋਲ-ਬਾਣੀ, ਪਹਿਰਾਵਾ, ਖਾਣ-ਪੀਣ ਤੇ ਰਹਿਣ-ਸਹਿਣ, ਸੱਭੇ ਮਲੀਆਮੇਟ ਕਰ ਛੱਡਿਆ ਸੀ ਤੇ ਇਹ ਲੋਕ ਸਭ ਪਾਸਿਓਂ ਬੇਪਤ ਸਨ। ਖਾਸ ਕਰਕੇ ਮੁਗ਼ਲ ਰਾਜ ਵਿਚ ਹਾਲਤ ਤਰਸਯੋਗ ਹੋ ਗਈ ਸੀ।

ਭਗਤੀ ਲਹਿਰ ਦੇ ਸੰਤਾਂ ਨਾਲੋਂ ਗੁਰੂ ਨਾਨਕ ਸਾਹਿਬ ਦੀ ਇਹੋ ਵਿਸ਼ੇਸ਼ਤਾ ਸੀ ਕਿ ਉਨ੍ਹਾਂ ਨੂੰ ਇਹ ਸਭ ਕੁਝ ਚੁੱਭਦਾ ਸੀ। ਇਹ ਬ੍ਰਹਮ ਗਿਆਨੀ ਹੋਣ ਦੇ ਬਾਵਜੂਦ ਸ੍ਵੈਮਾਨੀ ਸਨ ਤੇ ਹਿੰਦ ਦਾ ਕੌਮੀ ਸ੍ਵੈਮਾਨ ਨਸ਼ਟ ਹੁੰਦਾ ਦੇਖ ਕੇ ਸਹਿ ਨਹੀਂ ਸੀ ਸਕਦੇ।

**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥**

*(ਪੰਨਾ ੧੪੨)*

**ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥**
**ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥...**
**ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥** *(ਪੰਨਾ ੧੧੯੧)*

**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥** *(ਪੰਨਾ ੪੭੦)*

**ਅਭਾਖਿਆ ਕਾ ਕੁਠਾ ਬਕਰਾ ਖਾਣਾ॥**
**ਚਉਕੇ ਉਪਰਿ ਕਿਸੈ ਨ ਜਾਣਾ॥** *(ਪੰਨਾ ੪੭੨)*

ਗੁਲਾਮੀ ਦੇ ਇਹ ਕਾਰੀ ਜ਼ਖ਼ਮ ਇਕ ਦਿਨ ਵਿਚ ਰਾਜ਼ੀ ਨਹੀਂ ਸੀ ਹੋ ਸਕਦੇ। ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਸਿੱਖ ਲਹਿਰ ਨੂੰ ਯੋਜਨਾਬੱਧ ਕਰਨ ਲਈ ਗੁਰਗੱਦੀ ਨੂੰ ਦਸ ਵਿਅਕਤੀਆਂ ਤਕ ਚਲਾਇਆ, ਥਾਂ-ਥਾਂ ਸੰਗਤਾਂ ਕਾਇਮ ਕੀਤੀਆਂ, ਧਰਮਸ਼ਾਲਾਵਾਂ ਥਾਪੀਆਂ ਤਾਂ ਕਿ ਨੇਕੀ ਦੀ ਸ਼ਕਤੀ ਸੰਗਠਿਤ ਹੋ ਕੇ ਬਦੀ ਨਾਲ ਟੱਕਰ ਲੈ ਸਕੇ। ਸਿੱਖਾਂ ਨੂੰ ਉਨ੍ਹਾਂ ਸਾਵਧਾਨ ਵੀ ਕਰ ਦਿੱਤਾ ਕਿ ਇਹ ਮਾਲਾ ਫੜ ਕੇ ਜਾਂ ਏਕਾਂਤਵਾਸ ਲੈ ਕੇ ਦਿਨ-ਕਟੀ ਕਰਨ ਦਾ ਸਮਾਂ ਨਹੀਂ, ਸਗੋਂ ਸਿਰ ਤਲੀ 'ਤੇ ਰੱਖ ਕੇ ਚੱਲਣ ਦਾ ਵੇਲਾ ਹੈ:

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥** *(ਪੰਨਾ ੧੪੧੨)*

ਇਸ ਜਬਰ-ਜ਼ੁਲਮ ਦੇ ਖ਼ਿਲਾਫ਼ ਕਈ ਵਿਰੋਧ ਉਠੇ ਪਰ ਇਹ ਸਭ ਵਿਅਕਤੀਗਤ ਕਿਸਮ ਦੇ ਸਨ। ਮੁਗ਼ਲਾਂ ਨੇ ਰਾਜਪੂਤਾਂ ਦਾ ਰਾਜ ਹੀ ਨਹੀਂ ਖੋਹਿਆ ਸਗੋਂ ਉਨ੍ਹਾਂ ਦੀਆਂ ਧੀਆਂ ਦੇ ਡੋਲੇ ਮਹੱਲਾਂ ਵਿਚ ਲਿਆ ਕੇ ਉਨ੍ਹਾਂ ਦੀ ਸਮਾਜਿਕ ਸ਼ਾਨ ਨੂੰ ਵੀ ਦਾਗੀ ਕੀਤਾ। ਇਸ ਵਿਰੁੱਧ ਕੁਝ ਹੱਦ ਤੱਕ ਰਾਣਾ ਪ੍ਰਤਾਪ ਨੇ ਬਗ਼ਾਵਤ ਕੀਤੀ, ਸ਼ਿਵਾ ਜੀ ਨੇ ਮਰਾਠਿਆਂ ਨੂੰ ਤਿਆਰ ਕੀਤਾ, ਗੋਕਲ ਨੇ ਜਾਟਾਂ ਤੇ ਖ਼ੁਸ਼ਹਾਲ ਖਾਂ ਖਟਕ ਨੇ ਪਠਾਣਾਂ ਨੂੰ ਲੜਾਇਆ। ਇਹ ਸਮੇਂ-ਸਮੇਂ ਦੀਆਂ ਲਾਟਾਂ ਸਨ ਲੇਕਿਨ ਗੁਰੂ ਸਾਹਿਬ ਨੇ ਪੰਜਾਬ ਵਿਚ ਜਥੇਬੰਦ ਯਤਨਾਂ ਦੁਆਰਾ ਜੁਆਲਾਮੁਖੀ ਜਗਾ ਕੇ ਇਸ ਆਜ਼ਾਦੀ ਦੀ ਲਹਿਰ ਨੂੰ ਬਾਕਾਇਦਾ ਚਲਾਇਆ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਉਮਰ ਭਰ ਸਾਰੇ ਹਿੰਦ ਵਿਚ ਫਿਰ ਕੇ ਰੱਤ-ਪੀਣੇ ਕਸਾਈ ਰਾਜਿਆਂ ਦੀ ਰੱਜ ਕੇ ਨਿਖੇਧੀ ਕੀਤੀ, ਤੇ ਪਰਾਇਆ ਹੱਕ ਖਾਣ ਵਾਲਿਆਂ ਨੂੰ ਨਿੰਦਿਆ। ਆਪ ਨੇ ਅੰਧੀ ਰਈਅਤ ਨੂੰ ਨਿਰਭੈਤਾ ਦਾ ਜੀਵਨ ਬਸਰ ਕਰਨ ਦੀ ਜਾਚ ਦੱਸੀ ਕਿ ਰਾਜਸੀ ਭੈ ਇਕ ਹਊਆ ਹੀ ਹੈ, ਮਨ ਤਕੜਾ ਹੋਵੇ ਤਾਂ ਇਹ ਡਰ ਤਾਪ ਉਤਾਰਿਆ ਜਾ ਸਕਦਾ ਹੈ, ਨਿਰਭੈਤਾ ਹੀ ਆਜ਼ਾਦ ਜੀਵਨ ਦਾ ਮੁੱਖ ਲੱਛਣ ਹੈ:

**ਡਰੀਐ ਜੇ ਡਰੁ ਹੋਵੈ ਹੋਰੁ॥**
**ਡਰਿ ਡਰਿ ਡਰਣਾ ਮਨ ਕਾ ਸੋਰੁ॥** *(ਪੰਨਾ ੧੫੧)*

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥** *(ਪੰਨਾ ੪੭੩)*

ਸ੍ਰੀ ਗੁਰੂ ਅੰਗਦ ਸਾਹਿਬ ਨੇ ਲੋਕਾਂ ਵਿਚ ਦੇਸ ਦੀ ਲਿਪੀ ਤੇ ਬੋਲੀ ਬਾਰੇ ਸ੍ਵੈਮਾਨ ਜਗਾਇਆ ਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਸਾਂਝਾ ਲੰਗਰ ਲਾ ਕੇ ਸਾਂਝੀ ਪੰਗਤ ਬਿਠਾ ਕੇ ਜਾਤ-ਪਾਤ ਦਾ ਵਹਿਮ ਤੋੜਿਆ ਤੇ ਮਨੁੱਖੀ ਏਕਤਾ ਦਾ ਸਬਕ ਦ੍ਰਿੜ੍ਹਾਇਆ। ਸ੍ਰੀ ਗੁਰੂ ਰਾਮਦਾਸ ਜੀ ਨੇ ਕਿਰਤੀ ਗਰੀਬ ਸਿੱਖਾਂ ਦੀ ਨਵੀਂ ਬਸਤੀ 'ਗੁਰੂ ਕਾ ਚੱਕ' ਵਸਾ ਕੇ ਇਸ ਏਕਤਾ ਨੂੰ ਹੋਰ ਮਜ਼ਬੂਤ ਕੀਤਾ ਤੇ ਸਿੱਖਾਂ ਵਿਚ ਨਿਰਭੈਤਾ ਦੀ ਭਾਵਨਾ ਜਗਾਈ:

**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ**
**ਤਿਨ ਤੂਟੀ ਜਮ ਕੀ ਫਾਸੀ॥**
**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ॥** *(ਪੰਨਾ ੧੧)*

**ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ**
**ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥** *(ਪੰਨਾ ੫੪੦)*

ਸ੍ਰੀ ਗੁਰੂ ਅਰਜਨ ਸਾਹਿਬ ਨੇ ਸਾਂਝਾ ਧਰਮ ਅਸਥਾਨ ਹਰਿਮੰਦਰ ਸਾਹਿਬ ਤੇ ਸਾਂਝਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰਜ ਕੇ ਇਸ ਲਹਿਰ ਨੂੰ ਇਕ ਸੁਤੰਤਰ ਧਰਮ ਦਾ ਰੂਪ ਦਿੱਤਾ ਤੇ ਥਾਂ-ਥਾਂ ਤੋਂ ਇਹ ਧੁਨ ਸੁਣਾਈ ਦੇਣ ਲੱਗੀ:

**ਨਾ ਹਮ ਹਿੰਦੂ ਨ ਮੁਸਲਮਾਨ॥**
**ਅਲਹ ਰਾਮ ਕੇ ਪਿੰਡੁ ਪਰਾਨ॥** *(ਪੰਨਾ ੧੧੩੬)*

**ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥** *(ਪੰਨਾ ੧੦੯੬)*

ਹੁਣ ਸਿੱਖੀ ਦਾ ਜਲਵਾ ਸਾਫ਼ ਦਿੱਸਣ ਲੱਗ ਪਿਆ ਸੀ ਤੇ ਰਾਜ-ਸੱਤਾ ਦੇ ਮਾਲਕ ਜਰਵਾਣੇ ਤੇ ਮਜ਼੍ਹਬੀ ਆਗੂ ਦੋਵੇਂ ਤਿਲਮਿਲਾ ਰਹੇ ਸਨ। 'ਤੋਜ਼ਕਿ ਜਹਾਂਗੀਰੀ' ਵਿਚ ਬਾਦਸ਼ਾਹ ਜਹਾਂਗੀਰ ਦੇ ਇਹ ਲਫ਼ਜ਼ ਧਿਆਨਯੋਗ ਹਨ:

"ਤਿੰਨ ਚਾਰ ਪੀੜ੍ਹੀਆਂ ਤੋਂ ਇਹ ਸਿੱਖੀ ਦੀ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ।"

'ਅਜ ਸਿਹ ਚਹਾਰ ਪੁਸ਼ਤਿਉਂ ਈਂ ਦੁਕਾਨਿ ਰਾ ਗਰਮ ਮੀਦਾਸ਼ਤੰਦ ਮੁਦੱਤਹ ਬਖ਼ਾਤਰ ਮੀਗੁਜ਼ਸ਼ਤ ਕਿ ਈਂ ਦੁਕਾਨਿ ਬਾਤਲ ਰਾ ਬਰਤਰਫ ਬਾਯਦ ਸਾਖਤ, ਊਰਾ ਦਰ ਜਰਗਾਇ ਅਹਲਿ ਇਸਲਾਮ ਦਰ ਬਾਯਦ ਆਵੁਰਦ।'

*(ਤੋਜ਼ਕਿ ਜਹਾਂਗੀਰੀ)*

ਇਤਿਹਾਸ ਦੇ ਪਾਠਕ ਇਹ ਜਾਣਦੇ ਹੀ ਹਨ ਕਿ ਕਿਸ ਤਰ੍ਹਾਂ ਇਸ ਮਜ਼੍ਹਬੀ ਜਨੂੰਨ ਵਿਚ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਮਾਰ ਮੁਕਾਉਣ ਦਾ ਫ਼ਰਮਾਨ ਜਾਰੀ ਕੀਤਾ। ਦੂਜੇ ਪਾਸੇ ਸ਼ੇਖ ਅਹਿਮਦ ਸਰਹੰਦੀ (1561-1624) ਜੋ ਆਪਣੇ ਆਪ ਨੂੰ ਮੁਜੱਦਦ ਅਲਫਸਾਨੀ ਕਹਾਉਂਦਾ ਸੀ ਤੇ ਅਕਬਰ ਬਾਦਸ਼ਾਹ ਵਲੋਂ ਸਾਂਝ ਤੇ ਰਵਾਦਾਰੀ ਦੀ ਲਹਿਰ ਨੂੰ ਕੱਟ ਕੇ ਨਿਰੋਲ ਮੁਸਲਮ ਤੁਅੱਸਬ ਨੂੰ ਗਰਮਾਉਂਦਾ ਸੀ, ਇਸ ਕੱਟੜ ਫ਼ਿਰਕਾਪ੍ਰਸਤ ਨੇ ਰਾਜ-ਸੱਤਾ ਦੀ ਸ਼ਕਤੀ ਨਾਲ ਇਸਲਾਮ ਦੀ ਜਵਾਲਾ ਪ੍ਰਚੰਡ ਕਰਨ ਲਈ ਪੂਰੇ ਯਤਨ ਕੀਤੇ। ਉਹ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਸ਼ੇਖ਼ ਫ਼ਰੀਦ ਬੁਖਾਰੀ ਨੂੰ ਖ਼ਤ ਲਿਖਦਾ ਹੋਇਆ ਕਹਿੰਦਾ ਹੈ:

ਇਸ ਸਮੇਂ ਗੋਇੰਦਵਾਲ ਵਾਲੇ ਲਾਨਤੀ ਕਾਫ਼ਰ ਦਾ ਮਾਰਿਆ ਜਾਣਾ ਇਕ ਅੱਛੀ ਘਟਨਾ ਹੈ ਤੇ ਮਰਦੂਦ ਹਿੰਦੂਆਂ ਦੀ ਲੱਕ ਤੋੜਵੀਂ ਹਾਰ ਦਾ ਕਾਰਨ ਹੈ। ਇਸ ਕਤਲ ਪਿੱਛੇ ਨੀਅਤ ਜਾਂ

ਗਰਜ਼ ਕੁਝ ਵੀ ਹੋਵੇ, ਕਾਫ਼ਰਾਂ ਦੀ ਬਰਬਾਦੀ ਹੀ ਇਸਲਾਮ ਲਈ ਨਿਆਮਤ ਹੈ। 'ਦਰੀਂ ਵਕਤ ਕੁਸ਼ਤਨਿ ਕਾਫਰਿ ਲਈਨਿ ਗੋਇੰਦਵਾਲ, ਬਿਸਯਾਰ ਖ਼ੂਬ ਵਾਕਯਾ ਸ਼ੂਦ, ਬਾਇਸਿ ਸ਼ਿਕਸਤਿ ਅਜ਼ੀਮ ਬਰ ਹਨੂਦਿ ਮਰਦੂਦ ਗਸ਼ਤ। ਬਹਰ ਨਿਯਤ ਕਿ ਕੁਸ਼ਤਾ ਬਾਸ਼ੰਦ ਵ ਬਹਰ ਗਰਜ਼ ਕਿ ਹਲਾਕ ਕਰਦਾ, ਖਾਚੀਏ ਕੁੱਫਾਰ ਨਕਦਿ ਅਹਿਲ ਇਸਲਾਮ ਅਸਤ।

*(ਮਕਤੂਬਾਤਿ ਇਮਾਮ ਰੱਬਾਨੀ, ਭਾਗ ਤੀਜਾ, ਖ਼ਤ ਨੰਬਰ 193 ਸੰਪਾਦਕ—ਨੂਰ ਅਹਿਮਦ)*

ਇਹ ਸੀ ਮੁਸਲਮਾਨੀ ਬਾਦਸ਼ਾਹ ਤੇ ਮੁਸਲਮਾਨੀ ਸ਼ੇਖ ਜਮਾਤ ਦਾ ਨਜ਼ਰੀਆ। ਸਟੇਟ ਤੇ ਚਰਚ ਦੋਵੇਂ ਸਿੱਖ ਲਹਿਰ ਤੋਂ ਔਖੇ ਸਨ। ਜਦੋਂ ਸੋਲ੍ਹਵੀਂ ਸਦੀ ਦੇ ਆਰੰਭ ਨਾਲ ਸਿੱਖੀ ਇਉਂ ਦੁਸ਼ਮਨਾਂ ਦੇ ਸੀਨਿਆਂ ਵਿਚ ਰੜਕਣ ਲੱਗ ਪਈ ਤਾਂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਸ ਦਾ ਭਾਵ ਇਹ ਸੀ ਕਿ ਅਸੀਂ ਪੀਰੀ—ਧਰਮ ਨੂੰ ਤਿਆਗਿਆ ਨਹੀਂ ਸਗੋਂ ਇਸ ਦੀ ਸੁਰੱਖਿਆ ਲਈ ਨਾਲ ਮੀਰੀ—ਰਾਜਨੀਤਕ ਸੱਤਾ ਵੀ ਧਾਰ ਲਈ ਹੈ। ਛੱਪਰੀਆਂ ਦੀ ਥਾਂ ਛਾਉਣੀਆਂ ਬਣੀਆਂ, ਮਾਲਾਂ ਦੀ ਥਾਂ ਤੇਗਾਂ ਲਿਸ਼ਕੀਆਂ, ਸੰਤ ਸਿਪਾਹੀ ਰੋਹ ਵਿਚ ਆਏ, ਨਿੱਕੇ-ਮੋਟੇ ਜੰਗ ਹੋਏ ਤੇ ਸਿੱਖ ਲਹਿਰ ਨੇ ਇਕ ਨਵਾਂ ਤਜ਼ਰਬਾ ਕੀਤਾ ਕਿ ਜਬਰ ਨਾਲ ਇਉਂ ਵੀ ਸਿੱਝਿਆ ਜਾ ਸਕਦਾ ਹੈ ਅਤੇ ਧਰਮ, ਸੰਸਾਰੀ ਸ਼ਕਤੀ ਨੂੰ ਨੇਕੀ ਦੀ ਤਾਕਤ ਵਧਾਉਣ ਲਈ ਵਰਤ ਸਕਦਾ ਹੈ। ਸ੍ਰੀ ਗੁਰੂ ਹਰਿਰਾਇ ਸਾਹਿਬ ਦਾਰਾ ਸ਼ਿਕੋਹ ਵਰਗੇ ਸ਼ਾਂਤੀ-ਪਸੰਦ ਤੇ ਨਿਰਪੱਖ ਨੀਤੀਵਾਨ ਦੇ ਮੁੱਦਈ ਸਨ ਪਰ ਉਸ ਭਲੇ ਆਦਮੀ ਨੂੰ ਸ਼ੈਤਾਨ ਸਾਹਮਣੇ ਹਾਰ ਹੋ ਗਈ। ਔਰੰਗਜ਼ੇਬ ਪਿਉ ਨੂੰ ਕੈਦ ਕਰਕੇ ਭਾਈਆਂ ਨੂੰ ਕਤਲ ਕਰ ਕੇ 1658 ਈ. ਵਿਚ ਰਾਜ ਗੱਦੀ 'ਤੇ ਬੈਠਾ। ਸ੍ਰੀ ਗੁਰੂ ਹਰਿਰਾਇ ਸਾਹਿਬ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸਮੇਂ ਸਿੱਖ ਲਹਿਰ ਦਾ ਇਹੋ ਰਵੱਈਆ ਰਿਹਾ ਕਿ ਜਾਬਰ ਜਰਵਾਣੇ ਦੇ ਮੱਥੇ ਨਹੀਂ ਲੱਗਣਾ, ਨਾ ਮਿਲਵਰਤਣ ਰੱਖਣੀ ਹੈ। ਇਸ ਪ੍ਰਣ ਨੂੰ ਪਕਿਆਈ ਨਾਲ ਨਿਭਾਇਆ ਗਿਆ। ਹੁਣ ਔਰੰਗਜ਼ੇਬ ਵਰਗਾ ਕੱਟੜ ਬਾਦਸ਼ਾਹ ਇਹ ਕਿਵੇਂ ਪਸੰਦ ਕਰ ਸਕਦਾ ਸੀ ਕਿ ਪੰਜਾਬ ਵਿਚ ਧਾਰਮਿਕ ਤੇ ਰਾਜਸੀ ਆਜ਼ਾਦੀ ਦੀ ਲਹਿਰ ਸਿਰ ਉਠਾਵੇ ਤੇ ਗ਼ੈਰ ਮੁਸਲਮਾਨ ਸੁਤੰਤਰ ਵਿਚਰ ਸਕਣ। ਜਿਥੇ ਸ਼ੇਖ ਅਹਿਮਦ ਸਰਹੰਦੀ ਨੇ ਜਹਾਂਗੀਰ ਦੇ ਕੰਨ ਭਰ ਸ੍ਰੀ ਗੁਰੂ ਅਰਜਨ ਸਾਹਿਬ ਦਾ ਖ਼ੂਨ ਕਰਵਾਇਆ, ਉਥੇ ਇਸ ਸ਼ੇਖ ਦਾ ਪੁੱਤਰ ਖੁਆਜਾ ਮੁਹੰਮਦ ਸੈਫਦੀਨ ਔਰੰਗਜ਼ੇਬ ਪਾਸ ਦੱਖਣ ਰਹਿੰਦਾ ਇਸ ਨੂੰ ਤੁਅੱਸਬ ਦੀ ਪੱਟੀ ਪੜ੍ਹਾਉਂਦਾ ਰਹਿੰਦਾ। ਸਿੱਟਾ ਇਹ ਹੋਇਆ ਕਿ ਔਰੰਗਾ ਆਪਣੇ ਬਾਬੇ ਦਾ ਵੀ ਪਿਉ ਨਿਕਲਿਆ ਤੇ ਇਸ ਨੇ ਮਜ਼੍ਹਬੀ ਤੁਅੱਸਬ ਦੀ ਤਲਵਾਰ ਸੂਤ ਕੇ ਗ਼ੈਰ-ਮੁਸਲਮਾਨਾਂ ਨੂੰ ਹਰ ਤਰ੍ਹਾਂ ਮਲੀਆਮੇਟ ਕਰਨਾ ਸ਼ੁਰੂ ਕਰ ਦਿੱਤਾ। ਹਿੰਦੂਆਂ ਦੇ ਮੰਦਰ, ਪਾਠਸ਼ਾਲਾ, ਰਸਮ-ਰੀਤਿ ਤੇ ਬਾਹਰੀ ਚਿੰਨ੍ਹ ਸਭੇ ਕ੍ਰੋਪੀ ਦਾ ਸ਼ਿਕਾਰ ਸਨ। ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਜ਼ਾਦੀ ਦੀ ਲਹਿਰ ਦੀ ਅਗਵਾਈ ਕੀਤੀ। ਉਨ੍ਹਾਂ ਸਾਰੇ ਹਿੰਦੁਸਤਾਨ ਵਿਚ ਇਕੋ ਹੋਕਾ ਦਿੱਤਾ ਕਿ ਜੋ ਦਬੇਲ ਬਣਦਾ ਹੈ, ਉਹ ਕਾਇਰ ਹੈ, ਜੋ ਦੂਜੇ ਨੂੰ ਭੈਭੀਤ ਕਰਕੇ ਦਬੇਲ ਬਣਾਉਂਦਾ ਹੈ, ਉਹ ਜ਼ਾਲਮ ਹੈ। ਅਸਲ ਸੋਝੀਵਾਨ ਸਾਊ ਮਨੁੱਖ ਉਹੋ ਹੈ ਜੋ ਭੈ ਰਹਿਤ ਜੀਵਨ ਬਿਤਾਉਂਦਾ ਹੈ।

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥** *(ਪੰਨਾ ੧੪੨੭)*

ਉਨ੍ਹਾਂ ਸੁਤੰਤਰ ਮਨੁੱਖ ਦਾ ਸੰਕਲਪ ਹੀ ਇਹ ਰੱਖਿਆ ਜੋ ਦੁਖ-ਸੁਖ, ਮਾਨ-ਅਪਮਾਨ, ਖ਼ੁਸ਼ੀ-ਗ਼ਮੀ, ਨਿੰਦਾ-ਉਸਤਤਿ ਤੇ ਗਰੀਬੀ-ਅਮੀਰੀ ਤੋਂ ਉਪਰ ਉਠ ਕੇ ਸਮ-ਦ੍ਰਿਸ਼ਟਾ ਬਣੇ, ਨਿਰਭੈਤਾ ਤੇ ਦ੍ਰਿੜ੍ਹਤਾ ਨਾਲ ਅਚੱਲ ਅਡੋਲ ਹੋ ਕੇ ਆਪਣੇ ਆਦਰਸ਼ ਵੱਲ ਵਧਦਾ ਜਾਵੇ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ਰਹਾਉ॥**
**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥**

*(ਪੰਨਾ ੬੩੩)*

ਇਸ ਕਿਸਮ ਦੇ ਵਿਚਾਰ ਉਨ੍ਹਾਂ ਪੰਜਾਬ ਵਿਚ ਹੀ ਨਹੀਂ ਪ੍ਰਚਾਰੇ, ਸਗੋਂ ਪੰਜਾਬ ਤੋਂ ਬਾਹਰ ਜਾ ਕੇ ਬੰਗਾਲ, ਆਸਾਮ ਤਕ ਵੀ ਇਹ ਨਿਰਭੈਤਾ ਤੇ ਸੁਤੰਤਰਤਾ ਦੀ ਜੀਵਨ-ਜਾਚ ਸਮਝਾਈ, ਜਿਸ ਦਾ ਡੂੰਘਾ ਅਸਰ ਪਿਆ। ਬਾਦਸ਼ਾਹ ਬਹੁਤ ਘਬਰਾਇਆ। ਉਹ ਸਾਰੀ ਹਿੰਦ-ਵੈਣ ਨੂੰ ਇਕੋ ਚੱਕਰ ਵਿਚ ਮੁਸਲਮਾਨ ਬਣਾ ਲੈਣਾ ਚਾਹੁੰਦਾ ਸੀ। ਆਪ ਹਿੰਦੂ ਭੈਭੀਤ ਹੋ ਕੇ ਬ੍ਰਾਹਮਣਾਂ ਪਾਸ ਪਹੁੰਚੇ ਤੇ ਦੇਸ਼ ਭਰ ਦੇ 16 ਮੁਖੀ ਬ੍ਰਾਹਮਣ ਇਕੱਤਰ ਹੋ ਕੇ ਅਨੰਦਪੁਰ ਗੁਰੂ ਜੀ ਦੀ ਸ਼ਰਣ ਆਏ। ਸਤਿਗੁਰਾਂ ਉਨ੍ਹਾਂ ਨੂੰ ਦ੍ਰਿੜ੍ਹਤਾ ਦਾ ਪਾਠ ਪੜ੍ਹਾਇਆ ਤੇ ਕੁਰਬਾਨੀ ਦਾ ਰਸਤਾ ਦਿਖਾਇਆ :

**ਸਾਧੋ ਇਹੁ ਤਨੁ ਮਿਥਿਆ ਜਾਨਉ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥** *(ਪੰਨਾ ੧੧੮੬)*

ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਸਰਗਰਮੀ ਦੇਖ ਕੇ ਫ਼ੌਰਨ ਉਨਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਤੇ ਉਨ੍ਹਾਂ ਨੂੰ ਦਿੱਲੀ ਚਾਂਦਨੀ ਚੌਂਕ ਵਿਚ ਲਿਆ ਕੇ ਕਤਲ ਕਰ ਦਿੱਤਾ।

ਉਨ੍ਹਾਂ ਦੇ ਸਾਹਮਣੇ ਤਿੰਨ ਗੱਲਾਂ ਰੱਖੀਆਂ ਗਈਆਂ :

1. ਜੇ ਹਿੰਦੂਆਂ ਦੇ ਪੀਰ ਹੋ ਤਾਂ ਕਰਾਮਾਤ ਦਿਖਾਓ।
2. ਜੇ ਇਹ ਨਹੀਂ ਕਰਨਾ ਤਾਂ ਇਸਲਾਮ ਅਪਨਾਓ।
3. ਵਰਨਾ ਤੀਜੀ ਸਜ਼ਾ ਮੌਤ ਕਬੂਲ ਕਰੋ।

ਗੁਰੂ ਸਾਹਿਬ ਨੇ ਕਿਹਾ, "ਸਾਡੇ ਮੱਤ ਵਿਚ ਰੱਬੀ ਹੁਕਮ ਦੇ ਸਨਮੁਖ ਕਰਾਮਾਤ ਦਿਖਾਉਣੀ ਕਹਿਰ ਕਮਾਉਣਾ ਹੈ। ਇਸਲਾਮ ਵੱਲ ਆਉਣਾ ਆਪਣਾ ਈਮਾਨ ਗੁਆਉਣਾ ਹੈ। ਨਾਟਕ ਚੇਟਕ ਮਦਾਰੀਆਂ ਦਾ ਕੰਮ ਹੈ, ਮਰਦਾਂ ਦਾ ਨਹੀਂ। ਅਸੀਂ ਤਾਂ ਭਾਣੇ ਵਿਚ ਰਹਿ ਕੇ ਜੀਵਨ ਬਸਰ ਕਰਨਾ ਹੈ। ਦੂਜੇ, ਕਿਸੇ ਦੀ ਧਾਰਮਿਕ ਆਜ਼ਾਦੀ ਵਿਚ ਦਖ਼ਲ-ਅੰਦਾਜ਼ੀ ਮਨੁੱਖੀ ਸਭਿਆਚਾਰ ਵਿਚ ਪਰਵਾਣ ਨਹੀਂ। ਅਸੀਂ ਨਾ ਤਿਲਕ ਦੇ ਮੁੱਦਈ ਤੇ ਨਾ ਜੀਵ ਦੇ ਪਰ ਮਜ਼ਲੂਮ ਲੋਕਾਂ ਦੀ ਬਾਂਹ ਫੜਨਾ, ਹਮਦਰਦੀ ਕਰਨਾ ਸਾਡਾ ਪਹਿਲਾ ਫ਼ਰਜ਼ ਹੈ। ਸਰਬੱਤ ਦਾ ਭਲਾ ਸਾਡਾ ਧਰਮ ਹੈ ਤੇ ਇਸ ਧਰਮ ਲਈ ਅਸੀਂ ਕੋਈ ਵੀ ਕੁਰਬਾਨੀ ਕਰਨੋਂ ਨਹੀਂ ਹਿਚਕਚਾਉਂਦੇ।" ਸੋ ਗੁਰੂ ਸਾਹਿਬ ਨੇ ਮੌਤ ਨੂੰ ਖ਼ੁਸ਼ੀ-ਖ਼ੁਸ਼ੀ ਪਰਵਾਣ ਕੀਤਾ ਤੇ ਆਪਣੀ ਸ਼ਹਾਦਤ ਦੇ ਕੇ ਈਮਾਨ ਨੂੰ ਸ਼ਕਤੀਵਾਨ ਕੀਤਾ।

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥**

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥**

*(ਬਚਿੱਤਰ ਨਾਟਕ ਅਧਿ: ੫)*

ਇਹ ਗੱਲ ਸੱਚ ਹੈ ਕਿ ਸਤਿਗੁਰਾਂ ਦਾ ਸ਼ਹੀਦੀ ਕਾਰਨਾਮਾ ਅਦੁੱਤੀ ਹੈਸੀਅਤ ਰੱਖਦਾ ਸੀ। ਆਖਰ ਆਪ ਨੂੰ ਧਰਮ ਦੇ ਪੜਦੇ ਕੱਜਣ ਵਾਲਾ ਤੇ ਹਿੰਦ ਦੀ ਲੱਜ ਰੱਖਣ ਵਾਲਾ ਅਰਥਾਤ ਧਰਮ ਦੀ ਚਾਦਰ ਜਾਂ ਹਿੰਦ ਦੀ ਚਾਦਰ ਕਹਿ ਕੇ ਸਤਿਕਾਰਿਆ ਗਿਆ। ਇਹ ਸਮੁੱਚੇ ਦੇਸ਼ ਦੀ ਸ਼ਰਧਾਂਜਲੀ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਜਬਰ ਤੇ ਅਨਿਆਂ ਵਿਰੁੱਧ ਬਗ਼ਾਵਤ ਦਾ ਝੰਡਾ ਖੜ੍ਹਾ ਕਰਕੇ ਮਨੁੱਖੀ ਆਜ਼ਾਦੀ ਦੀ ਲਹਿਰ ਨੂੰ ਸਿਖਰ 'ਤੇ ਪਹੁੰਚ ਦਿੱਤਾ।

(11/1998)

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਲੋਂ
# ਕਰਵਾਏ ਗਏ ਸਮਾਜ ਭਲਾਈ ਦੇ ਕਾਰਜ

ਸਿੱਖ ਧਰਮ ਇਕ ਪ੍ਰਚਾਰਕ ਧਰਮ ਹੋਣ ਕਰਕੇ ਇਸ ਦੇ ਬਾਨੀ ਗੁਰੂ ਸਾਹਿਬਾਨ ਵਲੋਂ ਧਰਮ ਦੇ ਪ੍ਰਚਾਰ ਲਈ ਵੱਖ-ਵੱਖ ਥਾਵਾਂ ਦੇ ਦੌਰੇ ਕੀਤੇ ਜਾਂਦੇ ਸਨ। ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਵਲੋਂ ਦੁਨੀਆਂ-ਵਿਆਪੀ ਦੌਰੇ ਕੀਤੇ ਗਏ। ਇਨ੍ਹਾਂ ਦੌਰਿਆਂ ਦੌਰਾਨ ਵੱਖ-ਵੱਖ ਥਾਵਾਂ 'ਤੇ ਸਿੱਖ-ਸੰਗਤਾਂ ਸਥਾਪਤ ਕੀਤੀਆਂ ਗਈਆਂ। ਇਨ੍ਹਾਂ ਸਥਾਪਤ ਸੰਗਤਾਂ ਨੂੰ ਸਿੱਖੀ ਦੇ ਮੁੱਖ ਧੁਰੇ ਨਾਲ ਜੋੜੀ ਰੱਖਣ ਲਈ ਅਤੇ ਸਿੱਖ ਧਰਮ ਦੇ ਜ਼ਾਬਤੇ ਵਿਚ ਪਰੋਏ ਰੱਖਣ ਲਈ, ਪਿੱਛੋਂ ਦੇ ਗੁਰੂ ਸਾਹਿਬਾਨ ਵਲੋਂ ਵੀ ਯਾਤਰਾਵਾਂ ਅਤੇ ਪ੍ਰਚਾਰ ਦੌਰੇ ਕੀਤੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿੱਛੋਂ, ਸਿਰਫ਼ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਿਸ਼ਾਲ ਪੱਧਰ ਦੇ ਭਾਰਤੀ ਉਪ-ਮਹਾਂਦੀਪ ਵਿਚ ਦੌਰੇ ਕੀਤੇ। ਇਨ੍ਹਾਂ ਦੌਰਿਆਂ ਵਿਚ ਗੁਰੂ ਜੀ ਵਲੋਂ ਧਰਮ ਪ੍ਰਚਾਰ ਦੇ ਨਾਲ-ਨਾਲ ਸਮਾਜ ਭਲਾਈ ਦੇ ਹੋਰ ਵੀ ਕਈ ਐਸੇ ਕੰਮ ਕੀਤੇ ਹੋਏ ਮਿਲਦੇ ਹਨ ਜਿਨ੍ਹਾਂ ਦੀ ਉਸ ਸਮੇਂ ਬਹੁਤ ਹੀ ਜ਼ਰੂਰਤ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਗੱਦੀ ਦਾ ਸਮਾਂ 1664 ਈ. ਤੋਂ ਲੈ ਕੇ 1675 ਈ. ਦੇ ਵਿਚਕਾਰਲਾ ਸਮਾਂ ਸੀ। ਇਸ ਸਮੇਂ ਪੰਜਾਬ ਦੇ ਕੁਝ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦੀ ਬਹੁਤ ਸਮੱਸਿਆ ਸੀ। ਧਰਤੀ ਹੇਠਲਾ ਪਾਣੀ ਖਾਰਾ ਸੀ ਅਤੇ ਪੀਣ ਵਿਚ ਸੁਆਦੀ ਨਹੀਂ ਸੀ। ਇਸ ਲਈ ਖਾਰੇ ਪਾਣੀ ਵਾਲੀ ਥਾਂ 'ਤੇ ਰਹਿਣ ਵਾਲੇ ਲੋਕ ਆਪਣੇ ਪੀਣ ਲਈ ਦੂਰੋਂ ਨੇੜਿਓਂ ਉਨ੍ਹਾਂ ਥਾਵਾਂ ਤੋਂ ਪਾਣੀ ਲੈ ਕੇ ਆਇਆ ਕਰਦੇ ਸਨ ਜਿਥੋਂ ਅੱਛਾ ਪਾਣੀ ਮਿਲ ਸਕਦਾ ਸੀ। ਇਸ ਸਮੱਸਿਆ ਵਿਚੋਂ ਲੋਕਾਂ ਨੂੰ ਕੁਝ ਰਾਹਤ ਦੇਣ ਲਈ ਗੁਰੂ ਜੀ ਨੇ ਕਈ ਨਵੇਂ ਖੂਹ ਲਗਵਾਏ ਅਤੇ ਕਈ ਪੁਰਾਣੇ ਖੂਹਾਂ ਨੂੰ ਹੋਰ ਡੂੰਘੇਰਾ ਕਰਵਾਇਆ। ਦੂਜੀ ਮੁੱਖ ਸਮੱਸਿਆ ਪਿੰਡਾਂ ਵਿਚ ਸਾਂਝੀਆਂ ਥਾਵਾਂ 'ਤੇ ਡੰਗਰਾਂ-ਪਸ਼ੂਆਂ ਲਈ ਪਿਆਉਣ ਵਾਲੇ ਪਾਣੀ ਦੀ ਸੀ। ਇਸ ਮਨੋਰਥ ਲਈ ਕਈ ਥਾਵਾਂ 'ਤੇ ਗੁਰੂ ਜੀ ਨੇ ਨਵੀਆਂ ਢਾਬਾਂ ਪੁਟਵਾਈਆਂ ਜਾਂ ਪੁਰਾਣੇ ਛੱਪੜਾਂ ਨੂੰ ਹੋਰ ਪੁਟਵਾ ਕੇ ਚੌੜਾ ਅਤੇ ਡੂੰਘਾ ਕਰਵਾਇਆ। ਤੀਜੀ ਮੁੱਖ ਸਮੱਸਿਆ, ਲੋਕਾਂ ਦੀ ਖ਼ਤਰਨਾਕ ਬਿਮਾਰੀਆਂ ਦੇ ਇਲਾਜ ਤੋਂ ਅਗਿਆਨਤਾ ਦੀ ਸੀ। ਇਸੇ ਅਗਿਆਨਤਾ ਕਰਕੇ ਹੀ ਆਮ ਲੋਕੀਂ ਖ਼ਤਰਨਾਕ ਬਿਮਾਰੀਆਂ ਦੀ ਭਾਂਤ-ਭਾਂਤ ਦੇ ਨਾਵਾਂ ਜਾਂ ਪ੍ਰਤੀਕਾਂ[1] ਹੇਠ, ਪੂਜਾ ਕਰਦੇ ਸਨ। ਠੀਕ ਇਲਾਜ ਦੀ ਅਣਹੋਂਦਤਾ ਕਾਰਨ ਲੋਕ ਬਿਮਾਰੀਆਂ ਨੂੰ ਹਟਾਉਣ ਲਈ ਟੂਣੇ ਜਾਂ ਮੰਤਰਾਂ ਵਿਚ ਵਿਸ਼ਵਾਸ ਰੱਖਦੇ ਸਨ। ਇਸ ਖੇਤਰ ਵਿਚ ਗੁਰੂ ਸਾਹਿਬ ਨੇ ਲੋਕਾਂ ਦੀ ਮਦਦ ਕੀਤੀ। ਉਨ੍ਹਾਂ ਨੇ ਕਈ ਥਾਂ 'ਤੇ ਵੱਖ-ਵੱਖ ਕਿਸਮ ਦੇ ਉਪਾਅ ਦੱਸ ਕੇ ਬਿਮਾਰੀਆਂ ਤੋਂ ਛੁਟਕਾਰਾ ਦਿਵਾਇਆ। ਕਈ ਥਾਈਂ

ਕੁਦਰਤੀ ਤਰੀਕੇ ਅਨੁਸਾਰ ਬਿਮਾਰੀ ਦਾ ਇਲਾਜ ਕੀਤਾ ਗਿਆ। ਕਈ ਥਾਈਂ ਐਸੇ ਤੱਤਾਂ ਦੇ ਮਿਸ਼ਰਣ ਵਾਲੇ ਪਾਣੀ ਵਿਚ ਬਿਮਾਰ ਲੋਕਾਂ ਨੂੰ ਇਸ਼ਨਾਨ ਕਰਵਾਇਆ ਗਿਆ ਜਿਸ ਨਾਲ ਬਿਮਾਰੀ ਦਾ ਇਲਾਜ ਹੋ ਜਾਂਦਾ ਸੀ।

ਇਸ ਤੋਂ ਇਲਾਵਾ ਗੁਰੂ ਜੀ ਵਲੋਂ ਕਈ ਪਿੰਡਾਂ ਵਿਚ ਇਕ ਥਾਂ 'ਤੇ ਇਕੱਤਰ ਹੋਣ ਲਈ ਧਰਮਸ਼ਾਲਾਵਾਂ ਬਣਵਾਉਣ ਲਈ ਮਦਦ ਕੀਤੀ ਗਈ। ਲੋਕਾਂ ਨੂੰ ਤੰਬਾਕੂ ਪੀਣ ਦੀ ਭੈੜੀ ਆਦਤ ਤੋਂ ਰੋਕਿਆ ਗਿਆ। ਚੋਰੀ ਕਰਨ ਵਾਲੇ ਲੋਕਾਂ ਨੂੰ ਪਰੇਰ ਕੇ ਚੰਗੇ ਰਸਤੇ 'ਤੇ ਲਿਆਂਦਾ ਗਿਆ। ਅਗਿਆਨਤਾ ਕਰਕੇ ਹੀ ਕਈ ਥਾਈਂ ਲੋਕਾਂ ਵਿਚ ਇਹ ਵਹਿਮ ਹੋ ਜਾਂਦਾ ਸੀ ਕਿ ਉਹਨਾਂ ਦੇ ਇਲਾਕੇ ਵਿਚ ਕੋਈ ਜਿੰਨ (ਭੂਤ) ਰਹਿੰਦਾ ਹੈ। ਅਜਿਹੇ ਵਹਿਮਾਂ 'ਚੋਂ ਗੁਰੂ ਜੀ ਨੇ ਲੋਕਾਂ ਨੂੰ ਕੱਢਿਆ।[2]

ਇਹ ਸਨ ਉਹ ਸਮੱਸਿਆਵਾਂ ਜਿਨ੍ਹਾਂ ਦਾ ਸੰਬੰਧ ਆਮ ਲੋਕਾਂ ਨਾਲ ਸੀ। ਕੁਝ ਸਮੱਸਿਆਵਾਂ ਐਸੀਆਂ ਸਨ ਜਿਨ੍ਹਾਂ ਦਾ ਸਿੱਧਾ ਸੰਬੰਧ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਜੁੜਦਾ ਸੀ ਅਤੇ ਗੁਰੂ ਜੀ ਨੂੰ ਧਰਮ ਪ੍ਰਚਾਰ ਕਰਨ ਸਮੇਂ ਇਨ੍ਹਾਂ ਸਮੱਸਿਆਵਾਂ ਦਾ ਟਾਕਰਾ ਕਰਨਾ ਪਿਆ। ਇਨ੍ਹਾਂ ਵਿਚੋਂ ਮੁੱਖ ਸਮੱਸਿਆ, ਐਸੀਆਂ ਸੰਪਰਦਾਵਾਂ (Cults) ਦੀ ਸੀ ਜਿਹੜੀਆਂ ਧਰਮ ਦਾ ਨਾਂ ਵਰਤ ਕੇ ਭੋਲੇ-ਭਾਲੇ ਲੋਕਾਂ ਨੂੰ ਗ਼ਲਤ ਰਿਵਾਜਾਂ, ਰਸਮਾਂ ਅਤੇ ਵਹਿਮਾਂ ਵਿਚ ਫਸਾ ਰਹੀਆਂ ਸਨ। ਇਨ੍ਹਾਂ ਵਿਚੋਂ ਮੁਖ ਸੰਪਰਦਾ 'ਸਖੀ ਸਰਵਰ'[3] ਦੀ ਸੀ ਜਿਸ ਨੂੰ ਸੁਲਤਾਨੀ ਮੱਤ ਵੀ ਕਿਹਾ ਜਾਂਦਾ ਸੀ। ਇਸ ਦਾ ਪ੍ਰਭਾਵ ਮੁਖ ਤੌਰ 'ਤੇ ਪੰਜਾਬ ਦੇ ਮਾਲਵੇ ਖੇਤਰ[4] ਵਿਚ ਸੀ। ਇਹ ਮੱਤ, ਮਾਲਵੇ ਵਿਚ ਸਿੱਖ ਧਰਮ ਦਾ ਮੁੱਖ ਵਿਰੋਧੀ ਮੱਤ ਸੀ। ਇਸ ਤੋਂ ਇਲਾਵਾ ਗੁਗਾ ਸੰਪਰਦਾ ਵੀ ਸੀ ਜਿਸ ਨੇ ਲੋਕਾਂ ਨੂੰ ਭਾਂਤ-ਭਾਂਤ ਦੀਆਂ ਫੋਕੀਆਂ ਰਸਮਾਂ ਅਤੇ ਰੀਤਾਂ ਵਿਚ ਜਕੜ ਰੱਖਿਆ ਸੀ। ਦੇਵੀ ਦੀ ਵੱਖ-ਵੱਖ ਰੂਪਾਂ ਵਿਚ ਪੂਜਾ ਕੀਤੀ ਜਾਂਦੀ ਸੀ। ਸਭ ਤੋਂ ਵੱਡੀ ਸਮੱਸਿਆ ਲੋਕਾਂ ਦੇ ਅਨਪੜ੍ਹ ਹੋਣ ਦੀ ਸੀ। ਅਨਪੜ੍ਹਤਾ ਹੋਣ ਕਰਕੇ ਲੋਕਾਂ ਦੇ ਮਨਾਂ ਵਿਚ ਇਕ ਵਾਰ ਵਸ ਚੁੱਕੇ ਵਿਚਾਰ ਨੂੰ ਕੱਢਣਾ ਬਹੁਤ ਔਖਾ ਹੁੰਦਾ ਹੈ। ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਸਭ ਮੁਸ਼ਕਲਾਂ ਨਾਲ ਮੱਥਾ ਲਾਇਆ ਅਤੇ ਉਨ੍ਹਾਂ ਨੇ ਆਪਣੇ ਜੀਵਨ ਸਮੇਂ ਦਾ ਮੁੱਖ ਹਿੱਸਾ ਮਾਲਵੇ ਅਤੇ ਬਾਂਗਰ ਦੇ ਇਲਾਕੇ ਵਿਚ ਦੌਰੇ ਕਰਨ 'ਤੇ ਹੀ ਲਾਇਆ। ਜਦੋਂ ਅਸੀਂ ਗੁਰੂ ਸਾਹਿਬ ਦੇ ਦੌਰਿਆਂ ਦਾ ਬਾਰੀਕੀ ਨਾਲ ਅਧਿਐਨ ਕਰਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਕਿਵੇਂ ਉਨ੍ਹਾਂ ਨੇ ਮਾਲਵੇ ਦੇ ਪਿੰਡ ਪਿੰਡ ਵਿਚ ਜਾ ਕੇ[5] ਸਿੱਖ ਧਰਮ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਮਾਨਸਕ ਤੌਰ 'ਤੇ ਵਹਿਮਾਂ ਭਰਮਾਂ ਅਤੇ ਫੋਕੀਆਂ ਰੀਤਾਂ-ਰਸਮਾਂ ਤੋਂ ਸੁਤੰਤਰ ਕੀਤਾ।

ਗੁਰੂ ਜੀ ਨੂੰ ਦੂਜੀ ਵੱਡੀ ਔਕੜ ਦਾ ਇਕ ਹੋਰ ਰੂਪ ਵਿਚ ਟਾਕਰਾ ਕਰਨਾ ਪਿਆ। ਇਹ ਔਕੜ ਮਾਲਵੇ ਵਿਚਲੇ ਜੱਟ ਕਬੀਲਿਆਂ ਦੀ ਆਪਸੀ ਈਰਖਾ ਅਤੇ ਦੁਸ਼ਮਣੀ ਦੀ ਸੀ। ਮਾਲਵੇ ਵਿਚ ਅਨੇਕਾਂ ਜੱਟ ਕਬੀਲੇ ਰਹਿੰਦੇ ਸਨ।[6] ਜਿਨ੍ਹਾਂ ਦੀ ਆਪਣੇ ਆਪਣੇ ਨੀਯਤ ਇਲਾਕੇ ਵਿਚ ਚੌਧਰਤਾ ਸੀ। ਇਹ ਕਬੀਲੇ ਇਕ ਦੂਜੇ ਦੇ ਇਲਾਕਿਆਂ ਵਿਚ ਜਾ ਕੇ ਧਾੜਾਂ ਮਾਰਿਆ ਕਰਦੇ ਸਨ। ਇਸ ਕਰਕੇ ਇਨ੍ਹਾਂ ਦੀ ਆਪਸ ਵਿਚ ਅਕਸਰ ਦੁਸ਼ਮਣੀ ਹੀ ਰਹਿੰਦੀ ਸੀ ਅਤੇ ਇਕ ਦੂਜੇ ਨਾਲ ਘੱਟ ਹੀ ਸਹਿਯੋਗ ਕਰਦੇ ਸਨ। ਇਸ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਨ੍ਹਾਂ ਦੀ ਆਪਸੀ ਈਰਖਾਬਾਜ਼ੀ ਨੂੰ ਵੀ ਧਿਆਨ ਵਿਚ ਰੱਖਣਾ ਪੈਂਦਾ ਸੀ। ਗੁਰੂ ਸਾਹਿਬ ਨੇ ਇਨ੍ਹਾਂ ਦੀ ਆਪਸੀ ਈਰਖਾ ਨੂੰ ਕਾਫ਼ੀ ਹੱਦ ਤਕ ਘਟਾ ਦਿੱਤਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਕਰਵਾਏ ਗਏ ਕੰਮਾਂ ਦਾ ਵਿਸਥਾਰ ਸਹਿਤ ਵਰਣਨ ਕਰਨ ਤੋਂ ਪਹਿਲਾਂ ਇਸ ਗੱਲ ਦਾ ਜ਼ਿਕਰ ਕਰ ਦੇਣਾ ਯੋਗ ਹੋਵੇਗਾ ਕਿ ਗੁਰੂ ਸਾਹਿਬ ਹਰ ਖੇਤਰ ਵਿਚ ਨਿਪੁੰਨ ਸਨ। ਉਹਨਾਂ ਨੇ ਗੁਰਿਆਈ ਪ੍ਰਾਪਤ ਕਰਨ ਤੋਂ ਪਹਿਲਾਂ, ਆਪਣੀ ਉਮਰ ਦੇ 44 ਸਾਲ, ਗੁਰੂ ਸਾਹਿਬਾਨ ਦੀ ਪਵਿੱਤਰ ਸੰਗਤ ਵਿਚ ਹੀ ਬਿਤਾਏ ਸਨ। ਬਚਪਨ ਦੀ ਪੜ੍ਹਾਈ ਅਤੇ ਜੰਗੀ ਸਿਖਿਆ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਨਿਗਰਾਨੀ ਹੇਠ ਹੀ ਹਾਸਲ ਕੀਤੀ ਅਤੇ ਤਕਰੀਬਨ 24 ਸਾਲਾਂ ਤਕ ਦੀ ਜੁਆਨੀ ਦੀ ਉਮਰ ਆਪਣੇ ਪਿਤਾ ਜੀ ਦੀ ਸੰਗਤ ਵਿਚ ਹੀ ਬਿਤਾਈ ਸੀ।

1644 ਈ. ਵਿਚ ਪਿਤਾ ਜੀ ਦੇ ਜੋਤੀ-ਜੋਤਿ ਸਮਾ ਜਾਣ ਪਿੱਛੋਂ ਲਗਭਗ ਵੀਹ ਸਾਲਾਂ ਦਾ ਸਮਾਂ ਆਪ ਜੀ ਨੇ ਸ੍ਰੀ ਗੁਰੂ ਹਰਿਰਾਇ ਜੀ ਦੀ ਸੰਗਤ ਵਿਚ ਬਿਤਾਇਆ ਅਤੇ ਕੁਝ ਸਮਾਂ ਗੁਰੂ ਹਰਿਕ੍ਰਿਸ਼ਨ ਜੀ[7] ਦੀ ਸੰਗਤ ਵਿਚ ਬਿਤਾਇਆ। ਇਸ ਤਰ੍ਹਾਂ ਸ੍ਰੀ (ਗੁਰੂ) ਤੇਗ ਬਹਾਦਰ ਜੀ ਨੇ ਤਿੰਨਾਂ ਗੁਰੂ ਸਾਹਿਬਾਨ ਦੀ ਸੰਗਤ ਕੀਤੀ। ਬਾਬਾ ਬਕਾਲਾ ਵਿਚ ਰਹਿਣ ਸਮੇਂ ਆਪ ਆਪਣਾ ਕਾਫ਼ੀ ਸਮਾਂ ਭੋਰੇ ਵਿਚ ਸੰਸਾਰਕ ਝਗੜਿਆਂ ਤੋਂ ਨਿਰਲੇਪ ਹੋ ਕੇ, ਜੋ ਭਜਨ-ਬੰਦਗੀ ਕਰਦੇ ਸਨ, ਉਸ ਨਾਲ ਆਪ ਜੀ ਨੂੰ ਆਪੇ ਦੀ ਸੋਝੀ, ਅਕਾਲ ਪੁਰਖ ਨਾਲ ਨੇੜਤਾ ਦਾ ਅਨੁਭਵ ਅਤੇ ਸਮੁੱਚੀ ਲੋਕਾਈ ਦੀਆਂ ਮੁਸ਼ਕਲਾਂ ਦਾ ਗਿਆਨ ਹੋਇਆ। ਇਹੀ ਕਾਰਨ ਸੀ ਕਿ ਆਪ ਨੇ ਗੁਰਿਆਈ ਹਾਸਲ ਕਰਨ ਦੇ ਤੁਰੰਤ ਪਿੱਛੋਂ ਹੀ ਆਪਣੀ ਗੁਰਿਆਈ ਦਾ ਤਕਰੀਬਨ ਸਾਰਾ ਸਮਾਂ ਵੱਖ-ਵੱਖ ਥਾਵਾਂ ਦੇ ਦੌਰੇ ਕਰਨ ਵਿਚ ਹੀ ਬਤੀਤ ਕੀਤਾ ਤਾਂ ਕਿ ਆਪਣੇ ਪ੍ਰਾਪਤ ਕੀਤੇ ਅਨੁਭਵ ਦੇ ਗਿਆਨ ਰਾਹੀਂ ਲੋਕਾਂ ਦਾ ਦੁੱਖਾਂ-ਕਲੇਸ਼ਾਂ ਤੋਂ ਛੁਟਕਾਰਾ ਹੋ ਜਾਵੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 1664 ਈ. ਵਿਚ ਗੁਰਿਆਈ ਧਾਰਨ ਕੀਤੀ। ਗੁਰਿਆਈ ਧਾਰਨ ਕਰਨ ਦੇ ਤੁਰੰਤ ਬਾਅਦ ਹੀ ਆਪ ਮਾਝੇ ਦੇ ਇਲਾਕਿਆਂ ਦੀ ਯਾਤਰਾ 'ਤੇ ਗਏ। ਇਸ ਦੌਰੇ ਦੌਰਾਨ ਗੁਰੂ ਜੀ ਅੰਮ੍ਰਿਤਸਰ ਅਤੇ ਵੱਲਾ ਆਦਿ ਥਾਵਾਂ ਤੋਂ ਹੁੰਦੇ ਹੋਏ ਘੁੱਕੇਵਾਲੀ[8] ਪਿੰਡ ਵਿਚ ਪਹੁੰਚੇ। ਇਥੇ ਗੁਰੂ ਜੀ ਨੇ ਦੋ ਖੂਹ ਲਗਵਾਏ। ਇਨ੍ਹਾਂ ਵਿਚੋਂ ਇਕ ਖੂਹ ਇਸ ਸਮੇਂ ਘੁੱਕੇ ਵਾਲੀ ਪਿੰਡ ਦੇ ਵਿਚ ਹੈ ਅਤੇ ਦੂਸਰਾ ਪਿੰਡ ਤੋਂ ਬਾਹਰ ਗੁਰਦੁਆਰਾ ਗੁਰੂ ਕੇ ਬਾਗ ਵਿਚ ਹੈ। ਇਸ ਖੂਹ ਦੀ ਮੌਣ ਵਿਚ ਇਕ ਪੱਥਰ ਲੱਗਿਆ ਹੋਇਆ ਸੀ ਜਿਸ ਉਪਰ ਲਿਖਿਆ ਹੈ : "ਟਹਲ ਕਰਵਾਈ ਗੁਰੂ ਤੇਗ ਬਹਾਦਰ ਜੀ"। ਇਹ ਪੱਥਰ ਖੂਹ ਦੀ ਕੰਧ ਦੇ ਅੰਦਰ ਵਲ ਅਤੇ ਕਾਫੀ ਡੂੰਘਾਈ ਹੇਠਾਂ ਲੱਗਿਆ ਹੋਇਆ ਹੈ।

ਜਿਸ ਸਮੇਂ ਗੁਰੂ ਸਾਹਿਬ ਮਾਝੇ ਦੇ ਇਲਾਕਿਆਂ ਦੀ ਯਾਤਰਾ ਤੋਂ ਪਿੱਛੋਂ ਬਾਬਾ ਬਕਾਲਾ ਵਾਪਸ ਮੁੜਨ ਉਪਰੰਤ, ਕੀਰਤਪੁਰ ਸਾਹਿਬ ਨੂੰ ਆ ਰਹੇ ਸਨ ਤਾਂ ਰਸਤੇ ਵਿਚ ਪਿੰਡ ਚੱਕ ਗੁਰੂ[9] ਵਿਚ ਗੁਰੂ ਜੀ ਨੇ ਆਪਣਾ ਠਹਿਰਾਅ ਕੀਤਾ। ਇਥੇ ਗੁਰੂ ਜੀ ਕਾਫ਼ੀ ਚਿਰ ਠਹਿਰੇ ਸਨ। ਇਥੇ ਪੀਣ ਵਾਲੇ ਪਾਣੀ ਦੀ ਸਹੂਲਤ ਵਾਸਤੇ ਗੁਰੂ ਜੀ ਵਲੋਂ ਇਹ ਖੂਹ ਲਗਵਾਇਆ ਗਿਆ। ਅੱਜ ਕਲ ਇਸ ਖੂਹ ਨੂੰ ਮਾਤਾ ਗੂਜਰੀ ਦਾ ਖੂਹ ਕਿਹਾ ਜਾਂਦਾ ਹੈ।

ਮਈ 1665 ਈ. ਵਿਚ ਗੁਰੂ ਜੀ ਪਰਿਵਾਰ ਸਮੇਤ ਚੱਕ ਗੁਰੂ ਤੋਂ ਕੀਰਤਪੁਰ ਸਾਹਿਬ ਪੁੱਜੇ। ਬਿਲਾਸਪੁਰ ਦੀ ਰਾਣੀ ਚੰਪਾ ਦੇਵੀ ਤੋਂ ਵਰਤਮਾਨ ਅਨੰਦਪੁਰ ਸਾਹਿਬ ਵਾਲੀ ਥਾਂ ਖਰੀਦੀ ਅਤੇ ਇਥੇ ਆਪਣਾ ਨਵਾਂ ਕੇਂਦਰ ਸਥਾਪਤ ਕੀਤਾ। ਨਵੇਂ ਵਸਾਏ ਹੋਏ ਨਗਰ ਦਾ ਨਾਂ 'ਚੱਕ ਨਾਨਕੀ'[10]

ਰੱਖਿਆ ਗਿਆ। ਆਪਣੇ ਲਈ ਰਿਹਾਇਸ਼ੀ ਘਰ ਬਣਵਾਉਣ ਤੋਂ ਇਲਾਵਾ ਸਿੱਖ ਸੰਗਤਾਂ ਲਈ ਧਰਮਸ਼ਾਲਾਵਾਂ ਬਣਵਾਈਆਂ। ਇਥੇ ਭਾਂਤ-ਭਾਂਤ ਦਾ ਕੰਮ ਕਰਨ ਲਈ ਕਾਰੀਗਰ ਅਤੇ ਦੁਕਾਨਦਾਰ ਲਿਆ ਕੇ ਵਸਾਏ ਗਏ।

ਗੁਰੂ ਸਾਹਿਬ ਇਸ ਤਰ੍ਹਾਂ ਕੁਝ ਚਿਰ ਚੱਕ ਨਾਨਕੀ ਵਿਖੇ ਹੀ ਰਹਿੰਦੇ ਰਹੇ। ਚੱਕ ਨਾਨਕੀ ਦੀ ਸਥਾਪਨਾ ਕਰਨ ਤੋਂ ਪਿੱਛੋਂ ਇਥੇ ਵਰਖਾ ਰੁੱਤ ਦਾ ਚੁਮਾਸਾ ਕੱਟਣ ਉਪਰੰਤ ਆਪ ਪੂਰਬੀ ਪਰਦੇਸ਼ਾਂ ਦੇ ਦੌਰੇ 'ਤੇ ਚਲੇ ਗਏ। ਇਸ ਦੌਰੇ ਦੌਰਾਨ ਆਪ ਵਰਤਮਾਨ ਬੰਗਲਾ ਦੇਸ਼ ਦੀਆਂ ਕੁਝ ਥਾਵਾਂ 'ਤੇ ਵੀ ਗਏ। ਢਾਕੇ ਵਿਖੇ ਜਾਣ ਉਪਰੰਤ ਆਪ ਜੀ ਨੇ ਇਥੇ ਇਕ ਖੂਹ ਲਗਵਾਇਆ, ਜੋ ਅੱਜ ਤਕ ਕਾਇਮ ਹੈ। ਡਾਕਟਰ ਤ੍ਰਿਲੋਚਨ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਬੰਗਾਲ ਵਿਚ ਲਾਏ ਗਏ ਖੂਹਾਂ ਬਾਰੇ ਲਿਖਦਾ ਹੈ ਕਿ :

> "ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲੋਕਾਂ ਦੀ ਆਰਥਕ ਹਾਲਤ ਨੂੰ ਸੁਧਾਰਨ ਵਿਚ ਦਿਲਚਸਪੀ, ਬਹੁਤ ਹੀ ਮਹੱਤਤਾ ਰੱਖਦੀ ਹੈ। ਆਪਣੀ ਗੁਰਿਆਈ ਦੇ ਗਿਆਰਾਂ ਸਾਲਾਂ ਵਿਚ ਗੁਰੂ ਜੀ ਨੇ ਸੈਂਕੜੇ (ਅਨੇਕਾਂ) ਹੀ ਖੂਹ ਲਗਵਾਉਣ ਲਈ ਧਨ ਦਿੱਤਾ। ਪੰਜਾਬ, ਹਰਿਆਣਾ, ਬਿਹਾਰ, ਬੰਗਾਲ ਵਰਗੇ ਸੂਬਿਆਂ ਦੇ ਸੋਕੇ ਦੇ ਇਲਾਕਿਆਂ ਵਿਚ ਜੋ ਵੀ ਪੁਰਾਣੇ ਖੂਹ ਲੱਗੇ ਹੋਏ ਮਿਲਦੇ ਹਨ ਉਹ ਸਭ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਵਲੋਂ ਹੀ ਲਗਾਏ ਹੋਏ ਮਿਲਦੇ ਹਨ। ਸਿੰਚਾਈ ਅਤੇ ਖੁਰਾਕ ਦੀ ਸਮੱਸਿਆ ਹਮੇਸ਼ਾਂ ਗੁਰੂ ਸਾਹਿਬਾਨ ਦੇ ਸਾਹਮਣੇ ਹੁੰਦੀ ਸੀ ਅਤੇ ਇਹ ਖੂਹ ਇਸ ਸਮੱਸਿਆ ਨੂੰ ਹੱਲ ਕਰਦੇ ਸਨ।"[11]

ਗੁਰੂ ਸਾਹਿਬ ਨੇ ਪਟਨੇ ਵਿਖੇ ਰਹਿਣ ਸਮੇਂ ਵੀ ਉਥੇ ਲੋਕਾਂ ਦੀ ਸੁਵਿਧਾ ਲਈ ਇਹ ਖੂਹ ਲਗਵਾਇਆ ਸੀ। ਇਹ ਖੂਹ ਇਸ ਸਮੇਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਬਿਲਕੁਲ ਅੰਦਰ ਹੈ ਅਤੇ ਇਸ ਨੂੰ ਮਾਤਾ ਗੁਜਰੀ ਜੀ ਦਾ ਖੂਹ ਕਿਹਾ ਜਾਂਦਾ ਹੈ। ਪਟਨੇ ਦੇ ਉਸ ਸਮੇਂ ਦੇ ਸਾਰੇ ਲੋਕ ਇਸ ਖੂਹ ਤੋਂ ਹੀ ਪਾਣੀ ਭਰਿਆ ਕਰਦੇ ਸਨ।[12]

ਗੁਰੂ ਸਾਹਿਬ ਨੇ ਸਾਰੇ ਮੁਲਕ ਦਾ ਦੌਰਾ ਕਰਨ ਉਪਰੰਤ ਕੁਝ ਚਿਰ ਬਾਦ ਪੰਜਾਬ ਦੇ ਮਾਲਵਾ ਅਤੇ ਬਾਂਗਰ ਇਲਾਕੇ ਦਾ ਦੌਰਾ ਕਰਨ ਦਾ ਪ੍ਰੋਗਰਾਮ ਬਣਾਇਆ। ਇਸ ਇਲਾਕੇ ਦੇ ਕੁਝ ਪਿੰਡਾਂ ਦਾ ਦੌਰਾ ਮਾਝੇ ਦੇ ਇਲਾਕੇ ਦਾ ਦੌਰਾ ਕਰਨ ਸਮੇਂ ਅਤੇ ਪੂਰਬੀ ਪ੍ਰਦੇਸ਼ਾਂ ਦੇ ਦੌਰਿਆਂ ਸਮੇਂ ਵੀ ਕੀਤਾ ਗਿਆ ਸੀ। ਇਸ ਦੌਰੇ ਦੇ ਸਮੇਂ ਦੀ ਆਮ ਸੰਭਾਵਨਾ 1673 ਈ. ਦੇ ਵਿਚਕਾਰਲੇ ਸਮੇਂ ਤੋਂ ਲੈ ਕੇ 1675 ਈ. ਦੇ ਮੁੱਢਲੇ ਸਮੇਂ ਤਕ ਦੀ ਹੈ। ਬਾਕੀ ਦੌਰਿਆਂ ਵਾਂਗ ਇਸ ਦੌਰੇ ਵਿਚ ਵੀ ਸਾਰਾ ਪਰਿਵਾਰ ਗੁਰੂ ਸਾਹਿਬ ਜੀ ਦੇ ਨਾਲ ਸੀ। ਕਿਉਂਕਿ ਕਈ ਥਾਈਂ ਐਸੀਆਂ ਰਵਾਇਤਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਮਾਤਾ ਗੁਜਰੀ ਜੀ ਅਤੇ ਬਾਲ ਗੋਬਿੰਦ ਰਾਇ ਜੀ ਦਾ ਜ਼ਿਕਰ ਆਉਂਦਾ ਹੈ। ਦੂਜਾ ਸਾਖੀ ਪੋਥੀ ਵਿਚਲੀਆਂ ਸਾਖੀਆਂ ਵਿਚ ਵੀ ਇਸ ਤਰ੍ਹਾਂ ਦੇ ਜ਼ਿਕਰ ਆਉਂਦੇ ਹਨ।[13]

ਇਸ ਸਮੇਂ ਗੁਰੂ ਜੀ ਨੇ ਚੱਕ-ਨਾਨਕੀ ਤੋਂ ਇਹ ਯਾਤਰਾ ਆਰੰਭ ਕੀਤੀ ਤਾਂ ਭਾਈ ਸੰਤੋਖ ਸਿੰਘ ਅਨੁਸਾਰ ਇਥੋਂ ਦੋ ਕੋਹ (ਤਕਰੀਬਨ ਪੰਜ ਕਿਲੋਮੀਟਰ ਦੇ ਫ਼ਾਸਲੇ 'ਤੇ ਵੱਸੇ ਇਕ ਪਿੰਡ ਵਿਚ ਜਾ ਕੇ ਠਹਿਰੇ। ਇਥੋਂ ਦੀ ਸੰਗਤ ਵਲੋਂ ਜੋ ਚੜ੍ਹਾਵਾ ਚੜ੍ਹਾਇਆ ਗਿਆ ਉਹ ਸਭ ਇਥੋਂ

ਦੀ ਹੀ ਸੰਗਤ ਨੂੰ ਖੂਹ ਲਗਵਾਉਣ ਅਤੇ ਧਰਮਸ਼ਾਲਾ ਬਣਾਉਣ ਵਾਸਤੇ ਦੇ ਦਿੱਤਾ।[14]

ਇਥੋਂ ਅੱਗੇ ਚਲਦਿਆਂ ਰਾਹ ਵਿਚਲੇ ਪਿੰਡਾਂ ਵਿਚ ਠਹਿਰਾਅ ਕਰਦੇ ਹੋਏ ਘੜੂੰਆਂ[15] ਪਿੰਡ ਵਿਚ ਪਹੁੰਚੇ। ਇਥੇ ਪਿੰਡ ਦੇ ਬਾਹਰਵਾਰ ਗੁਰੂ ਜੀ ਨੇ ਠਹਿਰਾਅ ਕੀਤਾ। ਜਿਸ ਸਮੇਂ ਸੰਗਤਾਂ ਗੁਰੂ ਜੀ ਦੇ ਵਿਖਿਆਨ ਸੁਣਨ ਆਈਆਂ ਤਾਂ ਸੰਗਤਾਂ ਨੇ ਪਿੰਡ ਵਿਚ ਫੈਲੀ ਤਪਦਿਕ ਦੀ ਬਿਮਾਰੀ ਬਾਰੇ ਦੱਸਿਆ ਅਤੇ ਇਸ ਦੇ ਉਪਾਅ ਲਈ ਬੇਨਤੀ ਕੀਤੀ। ਸਥਾਨਕ ਰਵਾਇਤਾਂ ਅਨੁਸਾਰ, ਜਿਸ ਥਾਂ 'ਤੇ ਗੁਰੂ ਸਾਹਿਬ ਦਾ ਕੈਂਪ ਸੀ ਉਸ ਦੇ ਨਾਲ ਹੀ ਪਾਣੀ ਦਾ ਇਕ ਛੱਪੜ ਸੀ। ਗੁਰੂ ਜੀ ਨੇ ਲੋਕਾਂ ਨੂੰ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ, ਇਸ ਛੱਪੜ ਵਿਚ ਇਸ਼ਨਾਨ ਕਰਨ ਲਈ ਕਿਹਾ। ਜਿਉਂ-ਜਿਉਂ ਲੋਕ ਉਸ ਵਿਚ ਇਸ਼ਨਾਨ ਕਰਦੇ ਸਨ ਤਿਉਂ-ਤਿਉਂ ਉਹ ਬਿਮਾਰੀ ਤੋਂ ਰਾਹਤ ਮਹਿਸੂਸ ਕਰ ਰਹੇ ਸਨ। ਅੱਜ ਕਲ ਇਸ ਥਾਂ 'ਤੇ ਇਕ ਪਵਿੱਤਰ ਸਰੋਵਰ ਅਤੇ ਗੁਰਦੁਆਰਾ ਬਣਿਆ ਹੋਇਆ ਹੈ।

ਇਨ੍ਹਾਂ ਪਿੰਡਾਂ ਵਿਚੋਂ ਹੁੰਦੇ ਹੋਏ ਗੁਰੂ ਸਾਹਿਬ ਨੰਦਪੁਰ-ਕਲੌੜ[16] ਆਏ। ਸਥਾਨਕ ਰਵਾਇਤਾਂ ਅਨੁਸਾਰ ਇਥੋਂ ਦੇ ਲੋਕਾਂ ਨੇ ਗੁਰੂ ਜੀ ਨੂੰ ਹੜ੍ਹਾਂ ਦੀ ਮਾਰ ਨਾਲ ਹੁੰਦੇ ਨੁਕਸਾਨ ਬਾਰੇ ਦੱਸਿਆ। ਗੁਰੂ ਜੀ ਨੇ ਲੋਕਾਂ ਨੂੰ ਇਕੱਠੇ ਕਰਕੇ ਪਿੰਡ ਦੇ ਦੁਆਲੇ ਬੰਨ੍ਹ ਲਾਉਣ ਵਾਸਤੇ ਕਿਹਾ। ਇਸ ਤਰ੍ਹਾਂ ਪਿੰਡ ਦੁਆਲੇ ਬੰਨ੍ਹ ਲਗਵਾ ਕੇ ਹੜ੍ਹਾਂ ਦਾ ਮੁਹਾਣ ਪਿੰਡ ਤੋਂ ਹਟਾ ਕੇ ਹੋਰ ਪਾਸੇ ਬਦਲ ਦਿੱਤਾ। ਇਥੋਂ ਥੋੜ੍ਹੀ ਹੀ ਦੂਰ ਇਕ ਹੋਰ ਪਿੰਡ ਬਹੇੜ ਹੈ। ਇਥੋਂ ਦੇ ਲੋਕਾਂ ਨੇ ਵੀ ਇਸੇ ਤਰ੍ਹਾਂ ਦੀ ਔਕੜ ਦੱਸੀ ਅਤੇ ਗੁਰੂ ਜੀ ਨੇ ਇਸ ਪਿੰਡ ਦੁਆਲੇ ਵੀ ਬੰਨ੍ਹ ਲਗਵਾ ਦਿੱਤਾ।...

ਇਥੋਂ ਅੱਗੇ ਚਲਦੇ ਹੋਏ ਗੁਰੂ ਸਾਹਿਬ ਪਿੰਡ ਮੂਲੋਵਾਲ[17] ਪਹੁੰਚੇ। ਇਥੇ ਪਹੁੰਚ ਕੇ ਗੁਰੂ ਸਾਹਿਬ ਨੇ ਪਿੰਡ ਦੇ ਲੋਕਾਂ ਤੋਂ ਪਾਣੀ ਮੰਗਵਾਇਆ। ਲੋਕਾਂ ਨੇ ਦੱਸਿਆ ਕਿ ਜਿਹੜਾ ਖੂਹ ਪਿੰਡ ਵਿਚ ਹੈ ਉਸ ਦਾ ਪਾਣੀ ਖਾਰਾ ਹੋਣ ਕਰਕੇ ਪਿੰਡ ਦੇ ਲੋਕਾਂ ਨੇ ਉਸ ਵਿਚੋਂ ਪਾਣੀ ਲੈਣਾ ਬੰਦ ਕੀਤਾ ਹੋਇਆ ਹੈ ਇਸ ਲਈ ਇਸ ਖੂਹ ਨੂੰ ਮੋੜ੍ਹੀਆਂ ਅਤੇ ਹੋਰ ਸਮਾਨ ਨਾਲ ਢੱਕ ਦਿੱਤਾ ਗਿਆ ਹੈ। ਲੋਕਾਂ ਨੇ ਇਹ ਵੀ ਦੱਸਿਆ ਕਿ ਜਿਸ ਖੂਹ ਤੋਂ ਲੋਕ ਪਾਣੀ ਭਰਦੇ ਹਨ ਉਹ ਇਥੋਂ ਦੂਰ ਹੈ। ਗੁਰੂ ਸਾਹਿਬ ਨੇ ਕਿਹਾ ਕਿ ਉਹ ਇਸੇ ਖਾਰੇ ਖੂਹ ਵਿਚੋਂ ਹੀ ਪਾਣੀ ਲੈ ਆਉਣ ਅਤੇ ਵਾਹਿਗੁਰੂ ਕਹਿ ਕੇ ਪਾਣੀ ਪੀ ਲੈਣ। ਪਾਣੀ ਪੀਣ 'ਤੇ ਸਭ ਨੂੰ ਮਿੱਠਾ ਲੱਗਿਆ।[18] ਫਿਰ ਇਸ ਖੂਹ ਵਿਚੋਂ ਮੋੜ੍ਹੀਆਂ ਅਤੇ ਹੋਰ ਲੱਕੜਾਂ ਵਗੈਰਾ ਕਢਵਾ ਕੇ ਸਾਫ਼ ਕਰਵਾਇਆ ਗਿਆ। ਇਸ ਤੋਂ ਇਲਾਵਾ ਇਥੇ ਹੋਰ ਵੀ ਖੂਹ ਲਗਵਾਏ ਗਏ ਸਨ। ਇਨ੍ਹਾਂ ਸਥਾਨਾਂ ਦਾ ਪਾਣੀ ਮਿੱਠਾ ਸੀ।

ਮੂਲੋਵਾਲ ਵਿਚ ਵੀ ਗੁਰੂ ਜੀ ਵਲੋਂ ਇਕ ਹੋਰ ਕ੍ਰਾਂਤੀਕਾਰੀ ਕੰਮ ਕੀਤਾ ਗਿਆ। ਜਿਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਕਿਸ ਤਰ੍ਹਾਂ ਪੁਰਾਣੇ ਜੱਦੀ ਕਿਸਮ ਦੇ ਚੌਧਰੀਆਂ ਦੇ ਮੁਕਾਬਲੇ ਜਨਤਾ ਨੂੰ ਤਰਜੀਹ ਦੇ ਰਹੇ ਸਨ। ਇਸ ਪਿੰਡ ਦਾ ਚੌਧਰੀ ਗੋਂਦਾ (ਜਾਂ ਗੋਇੰਦਾ) ਸੀ। ਗੁਰੂ ਸਾਹਿਬ ਦੇ ਇਥੇ ਆਉਣ 'ਤੇ ਉਹ ਆਪਣੀ ਚੌਧਰਤਾ ਦੇ ਮਾਣ ਵਿਚ ਗੁਰੂ ਜੀ ਕੋਲ ਨਾ ਆਇਆ। ਗੁਰੂ ਜੀ ਨੇ ਸੰਗਤਾਂ ਨੂੰ ਪੁੱਛਿਆ ਕਿ "ਇਸ ਪਿੰਡ ਦਾ ਚੌਧਰੀ ਕੌਣ ਹੈ ?" ਸੰਗਤਾਂ ਦੇ ਦੱਸਣ 'ਤੇ ਪਤਾ ਲੱਗਿਆ ਕਿ ਗੋਂਦਾ ਇਥੋਂ ਦਾ ਚੌਧਰੀ ਹੈ ਅਤੇ ਉਹ ਆਪਣੀ ਹੀ ਆਕੜ ਵਿਚ ਫਿਰ ਰਿਹਾ ਹੈ। ਗੁਰੂ ਜੀ ਨੇ ਪਿੰਡ ਦੀ ਸੰਗਤ ਵਿਚੋਂ ਸੱਤ ਆਦਮੀਆਂ ਨੂੰ ਆਗੂ ਥਾਪ ਕੇ ਉਨ੍ਹਾਂ ਨੂੰ ਚੌਧਰਤਾ ਦੀਆਂ ਪੱਗਾਂ ਦੇ ਦਿੱਤੀਆਂ। ਪੱਗ ਦੇਣ ਦਾ ਮਤਲਬ ਸੀ ਕਿ ਉਹ ਗੁਰੂ ਜੀ ਵਲੋਂ ਥਾਪੇ

ਗਏ ਚੌਧਰੀ ਹਨ। ਇਸ 'ਤੇ ਗੋਂਦਾ ਪਿੱਟਿਆ ਅਤੇ ਗੁਰੂ ਜੀ ਨੂੰ ਆ ਕੇ ਕਹਿਣ ਲੱਗਾ ਕਿ ਉਹੋ ਹੀ ਇਸ ਪਿੰਡ ਦਾ ਜੱਦੀ ਚੌਧਰੀ ਬਣਿਆ ਆ ਰਿਹਾ ਹੈ, ਇਨ੍ਹਾਂ ਨੀਚ ਲੋਕਾਂ ਨੂੰ ਤੁਸੀਂ ਮੇਰੇ ਬਰਾਬਰ ਕਿਸ ਤਰ੍ਹਾਂ ਬਿਠਾ ਸਕਦੇ ਹੋ ? ਗੁਰੂ ਜੀ ਨੇ ਕਿਹਾ ਕਿ ਠੀਕ ਹੈ ਕਿ ਉਸ ਦੇ ਘਰ ਚੌਧਰਤਾ ਮੁੱਢੋਂ ਰਹੀ ਹੈ ਪਰ ਹੁਣ ਨਹੀਂ ਰਹੇਗੀ।[19]

ਗੁਰੂ ਜੀ ਮੂਲੋਵਾਲ ਤੋਂ ਚਲ ਕੇ, ਅੱਗੇ ਹੰਢਿਆਇਆ ਵਿਚ ਗਏ। ਇਥੇ ਇਕ ਭਿਆਨਕ ਕਿਸਮ ਦਾ ਬੁਖ਼ਾਰ ਫੈਲਿਆ ਹੋਇਆ ਸੀ। ਲੋਕਾਂ ਨੇ ਗੁਰੂ ਜੀ ਅੱਗੇ ਬੁਖਾਰ ਤੋਂ ਛੁਟਕਾਰਾ ਦਿਵਾਉਣ ਦੀ ਫ਼ਰਿਆਦ ਕੀਤੀ। ਗੁਰੂ ਜੀ ਨੇ ਲੋਕਾਂ ਨੂੰ ਨਾਲ ਲਗਦੀ ਛੱਪੜੀ ਵਿਚ ਨਹਾਉਣ ਲਈ ਕਿਹਾ,[20] ਲੋਕਾਂ ਨੇ ਇਸੇ ਤਰ੍ਹਾਂ ਕੀਤਾ।

ਹੰਢਿਆਇਆ ਤੋਂ ਅੱਗੇ, ਗੁਰੂ ਜੀ ਸੇਖਾ ਪਿੰਡ ਪਹੁੰਚੇ। ਇਸ ਪਿੰਡ ਦਾ ਤਿਲੋਕਾ ਬਾਹੀਆਂ ਦਾ ਸਰਦਾਰ ਸੀ। ਜਿਸ ਸਮੇਂ ਗੁਰੂ ਜੀ ਇਥੇ ਰਹਿ ਰਹੇ ਸਨ ਤਾਂ ਹੋਰ ਸਭ ਸੰਗਤਾਂ ਗੁਰੂ ਜੀ ਨੂੰ ਮਿਲਣ ਆਈਆਂ ਪਰ ਇਹ ਨਾ ਗਿਆ। ਇਹ ਕਿਸੇ ਸਥਾਨਕ ਸਾਧ, ਮਾਧੋ ਦਾਸ ਬੈਰਾਗੀ ਦਾ ਚੇਲਾ ਸੀ। ਇਸ ਨੇ ਮਾਧੋ ਦਾਸ ਕੋਲੋਂ ਜਾਣ ਦੀ ਆਗਿਆ ਮੰਗੀ ਪਰ ਉਸ ਨੇ ਰੋਕ ਦਿੱਤਾ। ਇਕ ਵਾਰ ਜਦ ਉਹ ਗੁਰੂ ਜੀ ਦੇ ਪਾਸਿਓਂ ਦੀ ਲੰਘ ਰਿਹਾ ਸੀ ਤਾਂ ਗੁਰੂ ਜੀ ਦੇ ਪੁੱਛਣ 'ਤੇ ਸਿੱਖਾਂ ਨੇ ਦੱਸਿਆ ਕਿ ਇਹ 'ਬਾਹੀਆਂ ਦਾ ਸਰਦਾਰ ਹੈ'। ਗੁਰੂ ਜੀ ਨੇ ਕਿਹਾ ਕਿ 'ਨਾ ਬਾਹੀਆ ਨਾ ਤੇਹੀਆ'। ਇਨ੍ਹਾਂ ਦਾ ਸਭ ਕੁਝ ਉਜੜ ਜਾਵੇਗਾ।[21]

ਮਾਲਵਾ ਦੇਸ਼ ਰਟਨ ਦੀ ਪੋਥੀ ਵਿਚ ਉਪਰੋਕਤ ਵਰਣਨ ਤੋਂ ਇਲਾਵਾ ਅੱਗੇ ਹੋਰ ਵੀ ਜ਼ਿਕਰ ਮਿਲਦਾ ਹੈ। ਇਸ ਅਨੁਸਾਰ ਜਿਸ ਸਮੇਂ ਜਵੰਧਿਆਂ ਨੂੰ ਤਿਲੋਕੇ ਦੀ ਗੁਰੂ ਜੀ ਵਲ ਬੇਪ੍ਰਵਾਹੀ ਦਾ ਅਤੇ ਗੁਰੂ ਜੀ ਵਲੋਂ ਤਿਲੋਕੇ ਪ੍ਰਤੀ ਉਚਾਰੇ ਗਏ ਸ਼ਬਦਾਂ ਦਾ ਪਤਾ ਲੱਗਿਆ ਤਾਂ ਉਹ ਸਾਰੇ ਇਕੱਠੇ ਹੋ ਕੇ ਗੁਰੂ ਜੀ ਕੋਲ ਆਏ। ਇਨ੍ਹਾਂ ਵਿਚ ਤਿਲੋਕੇ ਦਾ ਜੁਆਈ ਵੀ ਸੀ। ਇਨ੍ਹਾਂ ਨੇ ਗੁਰੂ ਜੀ ਤੋਂ ਆਪਣੀਆਂ ਭੁੱਲਾਂ ਦੀ ਮੁਆਫ਼ੀ ਮੰਗੀ। ਗੁਰੂ ਜੀ ਨੇ ਕਿਹਾ ਕਿ ਇਹ ਥੇਹ ਤਾਂ ਤੁਹਾਡਾ ਵਸੇਗਾ ਨਹੀਂ ਇਸ ਲਈ ਜੇ ਇਥੋਂ ਕਿਸੇ ਹੋਰ ਥਾਂ ਜਾ ਕੇ ਵੱਸਿਆ ਜਾਵੇ ਤਾਂ ਤੁਸੀਂ ਬਹੁਤ ਵਧੋ ਫੁਲੋਂਗੇ। ਇਸ ਤਰ੍ਹਾਂ ਤਿਲੋਕੇ ਦੀ ਸਰਦਾਰੀ ਹੇਠ ਰਹਿਣ ਵਾਲੇ ਲੋਕਾਂ ਨੇ ਤਿਲੋਕੇ ਤੋਂ ਅਲੱਗ ਹੋ ਕੇ ਜੋ ਨਵਾਂ ਪਿੰਡ ਵਸਾਇਆ ਉਹ ਹੁਣ ਵਰਤਮਾਨ 'ਸੇਖਾ' ਹੈ। ਤਿਲੋਕੇ ਦੇ ਜੁਆਈ ਨੇ ਦੁਆਬੇ ਵਿਚ ਜਾ ਕੇ ਆਪਣਾ ਪਿੰਡ ਵਸਾਇਆ।

ਇਥੋਂ ਅੱਗੇ, ਗੁਰੂ ਜੀ ਬਰ੍ਹੇ ਪਿੰਡ ਵਿਚ ਪਹੁੰਚੇ। ਇਹ ਪਿੰਡ ਅੱਜ ਕਲ੍ਹ ਬਠਿੰਡੇ ਜ਼ਿਲ੍ਹੇ ਵਿਚ ਬੁਢਲਾਡੇ ਦੇ ਨਜ਼ਦੀਕ ਹੈ। ਜਦ ਗੁਰੂ ਸਾਹਿਬ ਇਥੇ ਪਹੁੰਚੇ ਤਾਂ ਪਿੰਡ ਦੇ ਲੋਕਾਂ ਨੇ ਗੁਰੂ ਜੀ ਨੂੰ ਦੱਸਿਆ ਕਿ ਉਨ੍ਹਾਂ ਦੀ ਜ਼ਮੀਨ ਉਪਜਾਊ ਨਹੀਂ ਹੈ ਇਸ ਤਰ੍ਹਾਂ ਉਹ ਅੱਛੀ ਖੇਤੀ ਨਹੀਂ ਕਰ ਸਕਦੇ। ਗੁਰੂ ਜੀ ਨੇ ਉਨ੍ਹਾਂ ਨੂੰ ਮੋਠਾਂ ਦੀ ਫ਼ਸਲ ਬੀਜਣ ਦੀ ਸਲਾਹ ਦਿੱਤੀ। ਕਿਹਾ ਜਾਂਦਾ ਹੈ ਕਿ ਉਸ ਵਾਰ ਮੀਂਹ ਬਹੁਤ ਪਏ ਅਤੇ ਮੋਠਾਂ ਦੀ ਫ਼ਸਲ ਬਹੁਤ ਜ਼ਿਆਦਾ ਹੋਈ। ਲੋਕਾਂ ਨੇ ਖ਼ੁਸ਼ ਹੋ ਕੇ ਕਾਫ਼ੀ ਮਾਤਰਾ ਵਿਚ ਮੋਠ ਇਕੱਠੇ ਕਰਕੇ ਗੁਰੂ ਜੀ ਦੇ ਘੋੜਿਆਂ ਨੂੰ ਖੁਆਉਣ ਲਈ ਦਿੱਤੇ। ਗੁਰੂ ਜੀ ਨੇ ਇਥੇ ਚੁਮਾਸਾ ਕੱਟਿਆ ਅਤੇ ਇਨ੍ਹਾਂ ਲੋਕਾਂ ਨੂੰ ਕਿਸੇ ਹੋਰ ਅੱਛੀ ਥਾਂ 'ਤੇ ਜਾ ਕੇ ਪਿੰਡ ਵਸਾਉਣ ਦੀ ਸਲਾਹ ਦਿੱਤੀ। ਇਸ ਦੇ ਨਾਲ ਹੀ ਵਰ ਦਿੱਤਾ ਕਿ ਨਵੀਂ ਥਾਂ 'ਤੇ ਉਨ੍ਹਾਂ ਨੂੰ ਕੋਈ ਜਿੱਤ ਵੀ ਨਹੀਂ ਸਕਦਾ।[22]

ਅੱਗੇ ਇਕ ਮੌੜ ਪਿੰਡ ਹੈ। ਇਸ ਨੂੰ ਅੱਜ ਕੱਲ੍ਹ ਮੌੜ ਮੰਡੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਥੋਂ ਦੇ ਲੋਕਾਂ ਨੂੰ ਵਹਿਮ ਸੀ ਕਿ ਉਹਨਾਂ ਦੇ ਖੇਤਾਂ ਵਿਚ ਜਿੰਨ ਰਹਿੰਦਾ ਹੈ ਜੋ ਉਨ੍ਹਾਂ ਦੇ ਬੰਦਿਆਂ ਅਤੇ ਪਸ਼ੂਆਂ ਨੂੰ ਖਾ ਜਾਂਦਾ ਹੈ। ਉਨ੍ਹਾਂ ਨੇ ਗੁਰੂ ਜੀ ਅੱਗੇ ਇਸ ਤੋਂ ਛੁਟਕਾਰਾ ਦਿਵਾਉਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਇਸ ਜਿੰਨ ਨੂੰ ਇਥੋਂ ਕੱਢ ਦਿੱਤਾ ਜਾਵੇਗਾ।[23]

ਮੌੜ ਪਿੰਡ ਵਿਖੇ ਹੀ ਭੀਖੀ ਦੇ ਦੇਸੂ ਦੇ ਗੁਰੂ ਜੀ ਤੋਂ ਬੇਮੁਖ ਹੋ ਜਾਣ ਦੀ ਖ਼ਬਰ ਮਿਲੀ। ਇਧਰ ਆ ਰਹੇ, ਜਦ ਗੁਰੂ ਸਾਹਿਬ ਭੀਖੀ ਆ ਕੇ ਠਹਿਰੇ ਸਨ ਤਾਂ ਉਥੇ ਭੀਖੀ ਦਾ ਇਕ ਦੇਸੂ ਚੌਧਰੀ ਗੁਰੂ ਜੀ ਨੂੰ ਮਿਲਣ ਆਇਆ ਸੀ। ਇਹ ਸਖੀ ਸਰਵਰ ਅਰਥਾਤ ਸੁਲਤਾਨੀਏ ਮੱਤ ਦਾ ਧਾਰਨੀ ਸੀ। ਇਸ ਦੇ ਹੱਥ ਵਿਚ ਸਰਵਰ ਦੀ ਨਿਸ਼ਾਨੀ ਵਜੋਂ ਖੂੰਡੀ ਫੜੀ ਹੋਈ ਸੀ। ਗੁਰੂ ਜੀ ਦੇ ਪੁੱਛਣ 'ਤੇ ਇਸ ਨੇ ਦੱਸਿਆ ਕਿ ਉਹ ਸਰਵਰ ਦਾ ਚੇਲਾ ਹੈ। ਗੁਰੂ ਜੀ ਨੇ ਉਸ ਨੂੰ ਗੁਰਮਤਿ ਦਾ ਉਪਦੇਸ਼ ਦਿੱਤਾ। ਦੇਸੂ ਸੁਲਤਾਨੀ ਮੱਤ ਛੱਡ ਕੇ ਸਿੱਖ ਬਣ ਗਿਆ। ਉਸ ਨੇ ਖੂੰਡੀ ਸੁੱਟ ਦਿੱਤੀ ਅਤੇ ਗੁਰੂ ਜੀ ਦੇ ਬਖਸ਼ੇ ਹੋਏ ਤੀਰ ਰੱਖ ਲਏ।[24] ਪਰ ਜਦ ਇਹ ਦੇਸੂ ਗੁਰੂ ਦਾ ਸਿੱਖ ਬਣ ਕੇ ਘਰ ਗਿਆ ਤਾਂ ਇਸ ਦੇ ਘਰ ਵਾਲੀ ਨੇ ਇਸ ਤਰ੍ਹਾਂ ਕਰਨ 'ਤੇ ਇਸ ਨੂੰ ਬਹੁਤ ਝਾੜਿਆ। ਸਰਵਰ ਦੇ ਹੋਰ ਚੇਲੇ, ਜਿਨ੍ਹਾਂ ਨੂੰ ਭਿਰਾਈ ਕਿਹਾ ਜਾਂਦਾ ਸੀ, ਵੀ ਇਸ ਦੇ ਪਿੱਛੇ ਪੈ ਗਏ। ਸਿੱਟੇ ਵਜੋਂ ਦੇਸੂ ਨੇ ਗੁਰੂ ਜੀ ਦੇ ਤੀਰਾਂ ਨੂੰ ਸੁੱਟ ਕੇ ਮੁੜ ਤੋਂ ਸਰਵਰ ਦੇ ਮੱਤ ਨੂੰ ਅਪਣਾ ਲਿਆ। ਇਸ ਗੱਲ ਦਾ ਪਤਾ ਮੌੜੀਂ ਪਿੰਡ ਵਿਚ ਗੁਰੂ ਜੀ ਨੂੰ ਭੀਖੀ ਤੋਂ ਆਈ ਇਕ ਪੰਚਾਇਤ ਨੇ ਦਿੱਤਾ। ਤਾਂ ਗੁਰੂ ਜੀ ਨੇ ਕਿਹਾ, "ਦੇਸੂ ਤੋਂ ਦੇਸ ਰਾਜ ਕੀਤਾ ਸੀ, ਕੱਲਰਾਂ ਤੋਂ ਲੇਹੀ ਕੀਤੀ ਸੀ, ਕੱਲਰ ਤੋਂ ਹੁਣ ਲੂਣ ਕੱਲਰ ਹੋਇ ਗਿਆ।"[25]

ਗੁਰੂ ਸਾਹਿਬ ਤਲਵੰਡੀ ਸਾਬੋ ਪਹੁੰਚੇ ਅਤੇ ਇਥੇ ਕਾਫ਼ੀ ਸਮਾਂ ਰਹੇ। ਇਥੇ ਸਰੋਵਰ ਦੀ ਖੁਦਵਾਈ ਕੀਤੀ ਗਈ। ਗੁਰੂ ਸਾਹਿਬ ਨੇ ਖ਼ੁਦ ਆਪਣੇ ਕੀਮਤੀ ਸ਼ਾਲ ਵਿਚ ਮਿੱਟੀ ਪਾ ਕੇ ਬਾਹਰ ਕੱਢੀ। ਇਸ ਨੂੰ ਇਕ ਵਿਸ਼ਾਲ ਸਰੋਵਰ ਦਾ ਰੂਪ ਦਿੱਤਾ ਗਿਆ। ਸਰੂਪ ਸਿੰਘ ਕੌਸ਼ਿਸ਼[26] ਗੁਰੂ ਜੀ ਦੇ ਤਲਵੰਡੀ ਸਾਬੋ ਵਿਚ ਪਹੁੰਚਣ ਬਾਰੇ ਇਉਂ ਲਿਖਦਾ ਹੈ:

> "ਇਸ ਨਗਰ ਕੇ ਜ਼ਿਮੀਂਦਾਰਾਂ ਗੁਰੂ ਜੀ ਕੇ ਆਏ ਕਾ ਬੜਾ ਆਉ-ਭਗਤ ਕੀਆ। ਸਤਿਗੁਰਾਂ ਚੜ੍ਹਦੇ ਸਾਲ ਸਤਰਾਂ ਸੈ ਬਾਈਸ ਕੀ ਵੈਸਾਖੀ ਕਾ ਤਿਉਹਾਰ ਇਸੀ ਗਾਉਂ ਮੇਂ ਮਨਾਇਆ। ਇਸ ਨਗਰੀ ਮੇਂ ਪਾਣੀ ਕੀ ਬੜੀ ਤ੍ਰੋਟ ਸੀ। ਗਾਉਂ ਮੇਂ ਬੜੀ ਢਾਬ ਨਾ ਹੋਨੇ ਕਰਕੇ ਮਾਲ ਮਵੇਸੀ ਤਿਹਾਇਆ ਰਹਿਤਾ ਸੀ। ਬੈਸਾਖੀ ਕੇ ਲਗੇ ਦਰਬਾਰ ਮੇਂ ਗਾਉਂ ਕੇ ਜ਼ਿਮੀਂਦਾਰਾਂ ਇਸ ਘਾਟ ਕੋ ਪੂਰਾ ਕਰਨੇ ਕੇ ਲੀਏ ਬੇਨਤੀ ਕੀਤੀ ਮਹਾਰਾਜ! ਅਸਾਂ ਤੇ ਮੇਹਰ ਕਰਕੇ ਅਸਾਂ ਕੋ ਪਾਨੀ ਕਾ ਦਾਨ ਦੀਜੀਏ। ਅੰਤਰਜਾਮੀ ਸਤਿਗੁਰਾਂ ਬਚਨ ਕੀਆ ਕੱਸੀਆਂ ਲੈ ਆਓ। ਸਿੱਖ ਗਾਉਂ ਕੇ ਕੱਸੀਆਂ ਲੈ ਆਏ। ਗੁਰੂ ਜੀ ਨੇ ਪ੍ਰਥਮੈ ਆਪ ਕੱਸੀ ਪਕੜ ਸਤਿਨਾਮ ਕਹਿ ਕੇ ਪਾਂਚ ਟਕ ਲਾਏ। ਉਪਰੰਤ ਨਗਰ ਵਾਸੀਆਂ ਤਾਲ ਖੋਦਨਾ ਸ਼ੁਰੂ ਕਰ ਦੀਆ।"

ਇਸੇ ਤਰ੍ਹਾਂ ਜਦੋਂ ਗੁਰੂ ਸਾਹਿਬ ਮਾਲਵੇ ਦੇ ਪਿੰਡਾਂ ਵਿਚ ਫਿਰ ਰਹੇ ਸਨ ਤਾਂ ਖਿਆਲਾ ਪਿੰਡ

ਵਿਚ ਪਹੁੰਚ ਕੇ ਲੋਕਾਂ ਦੀ ਮਦਦ ਲਈ ਇਕ ਖੂਹ ਅਤੇ ਕੁਛ ਦਰਖ਼ਤ ਲਗਵਾਏ।[27] ਖਿਆਲਾ ਭੀਖੀ-ਬਠਿੰਡਾ ਸੜਕ ਉੱਤੇ ਸਥਿਤ ਹੈ।

ਅਲੀਸ਼ੇਰ ਅਤੇ ਪੰਧੇਰ ਪਿੰਡਾਂ ਦਾ ਦੌਰਾ ਕਰਨ ਸਮੇਂ ਇਕ ਜੰਗਰਾਜ ਨਾਮੀ ਵਿਅਕਤੀ ਨੇ ਗੁਰੂ ਜੀ ਦੀ ਸੇਵਾ ਕੀਤੀ। ਯੋਗਰਾਜ ਦੀ ਸੇਵਾ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਉਸ ਨੂੰ ਆਪਣਾ ਪਿੰਡ ਵਸਾਉਣ ਦਾ ਵਰ ਦਿੱਤਾ:

"ਐਤ ਥੇਹ ਪਿੰਡ ਵਸਾਇ ਲੈ ਅਜੀਤ ਕਲਰੀ ਹੈ।"

ਇਸ ਤਰ੍ਹਾਂ ਯੋਗਰਾਜ ਨੇ ਜੋ ਨਵਾਂ ਪਿੰਡ ਬੰਨ੍ਹਿਆ ਉਸ ਦਾ ਨਾਂ ਜੋਗਾ ਰੱਖਿਆ।[28]

ਇਸੇ ਹੀ ਇਲਾਕੇ ਵਿਚ ਫਿਰਦਿਆਂ ਗੁਰੂ ਸਾਹਿਬ ਭੈਣੀ ਬਾਘਾ ਪਿੰਡ ਗਏ। ਇਸ ਪਿੰਡ ਦਾ ਕੋਈ ਵੀ ਬੰਦਾ ਗੁਰੂ ਜੀ ਨੂੰ ਮਿਲਣ ਲਈ ਨਹੀਂ ਆਇਆ। ਕੁਝ ਸਮੇਂ ਬਾਅਦ ਇਕ ਜੱਟ ਕਿਰਸਾਨ ਗੁਰੂ ਜੀ ਕੋਲ ਆਇਆ ਤਾਂ ਗੁਰੂ ਜੀ ਨੇ ਪੁੱਛਿਆ, ਕੀ ਉਹ ਵੀ ਇਸੇ ਪਿੰਡ ਨਾਲ ਸੰਬੰਧਤ ਹੈ ? ਉਸ ਨੇ ਕਿਹਾ, ਕਿ ਇਸ ਪਿੰਡ ਦੇ ਮੋੜ੍ਹੀ ਗੱਡ ਤਾਂ ਮਾਨ ਜੱਟ ਹਨ। ਉਹ ਤਾਂ ਖਰੜਵਾਲ ਜੱਟ-ਕਬੀਲੇ ਨਾਲ ਸੰਬੰਧਤ ਹੈ। ਗੁਰੂ ਜੀ ਨੇ ਉਸ ਨੂੰ ਨਵਾਂ ਪਿੰਡ ਬੰਨ੍ਹਣ ਦੀ ਅਸੀਸ ਦਿੱਤੀ। ਉਸ ਨੇ ਫਿਰ ਠੂਠਿਆਂ ਵਾਲਾ[29] ਪਿੰਡ ਬੰਨ੍ਹਿਆ।

ਬਾਂਗਰ ਦੇ ਇਲਾਕੇ ਵਿਚ ਵੀ ਕਈ ਐਸੇ ਪਿੰਡ ਹਨ ਜਿਨ੍ਹਾਂ ਵਿਚ ਗੁਰੂ ਜੀ ਵਲੋਂ ਖੂਹ ਲਗਵਾਉਣ ਅਤੇ ਹੋਰ ਧਰਮਸ਼ਾਲਾਵਾਂ ਬਣਾਉਣ ਦੀਆਂ ਰਵਾਇਤਾਂ ਮਿਲਦੀਆਂ ਹਨ। ਜੀਂਦ-ਨਰਵਾਣਾ ਸੜਕ 'ਤੇ ਇਕ ਪਿੰਡ ਖਟਕੜ ਹੈ। ਸਥਾਨਕ ਰਵਾਇਤਾਂ ਅਨੁਸਾਰ ਇਸ ਪਿੰਡ ਵਿਚ ਪੀਣ ਦੇ ਪਾਣੀ ਦੀ ਬਹੁਤ ਘਾਟ ਸੀ। ਗੁਰੂ ਜੀ ਨੇ ਲੋਕਾਂ ਨੂੰ ਨਵਾਂ ਖੂਹ ਲਗਵਾ ਕੇ ਦਿੱਤਾ। ਕੈਂਥਲ ਵਿਚ ਇਕ ਖੂਹ ਦਾ ਪਾਣੀ ਖਾਰਾ ਸੀ। ਸਥਾਨਕ ਰਵਾਇਤਾਂ ਅਨੁਸਾਰ ਜਦ ਗੁਰੂ ਜੀ ਨੇ ਇਸ ਖੂਹ ਵਿਚੋਂ ਪਾਣੀ ਲੈ ਕੇ ਪੀਤਾ ਤਾਂ ਉਹ ਮਿੱਠਾ ਬਣ ਗਿਆ। ਪਹਿਲੇ ਲੱਗੇ ਹੋਏ ਖੂਹ ਨੂੰ ਜੇਕਰ ਹੋਰ ਡੂੰਘਾ ਪੁੱਟ ਦਿੱਤਾ ਜਾਵੇ ਤਾਂ ਪਾਣੀ ਦੇ ਸੁਆਦ ਦਾ ਫ਼ਰਕ ਪੈ ਜਾਂਦਾ ਹੈ। ਜ਼ਰੂਰ ਹੀ ਇਸ ਖੂਹ ਨੂੰ ਗੁਰੂ ਜੀ ਨੇ ਹੋਰ ਡੂੰਘੇਰਾ ਪੁਟਵਾ ਦਿੱਤਾ ਹੋਵੇਗਾ।

ਇਧਰ ਹੀ ਪਿਹੋਵਾ ਨੇੜੇ ਇਕ ਪਿੰਡ ਬਾਰਨੈਂ ਹੈ। ਜਿਸ ਸਮੇਂ ਗੁਰੂ ਜੀ ਇਥੇ ਪਹੁੰਚ ਕੇ, ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ ਤਾਂ ਇਕ ਸਿੱਖ ਨੇ ਜਾਣ ਲਈ ਕਿਹਾ। ਪੁੱਛਣ 'ਤੇ ਦੱਸਿਆ ਗਿਆ ਕਿ ਉਸ ਦੇ ਖੇਤ ਵਿਚ ਪਟਵਾਰੀ ਖੇਤਾਂ ਵਿਚਲੀਆਂ ਫ਼ਸਲਾਂ ਦਾ ਅੰਦਾਜ਼ਾ ਲਗਾ ਕੇ ਹਾਲਾ ਜਾਂ ਮੁਆਮਲਾ ਨੀਯਤ ਕਰ ਰਿਹਾ ਸੀ। ਉਹ ਸਿੱਖ ਚਾਹੁੰਦਾ ਸੀ ਕਿ ਉਹ ਜਾ ਕੇ ਮੁਆਮਲਾ ਵੱਧ ਲੱਗਣ ਤੋਂ ਬਚਾ ਲਵੇਗਾ। ਪਰ ਗੁਰੂ ਜੀ ਨੇ ਕਿਹਾ ਕਿ ਉਹ ਆਰਾਮ ਨਾਲ ਬੈਠਾ ਰਹੇ, ਅਕਾਲ ਪੁਰਖ ਦੀ ਕਿਰਪਾ ਸਦਕਾ ਸਭ ਕੁਝ ਠੀਕ ਹੀ ਹੋਵੇਗਾ। ਜਦ ਪਤਾ ਲੱਗਿਆ ਕਿ ਉਸ ਸਿੱਖ ਦਾ ਖੇਤ ਸਹੀ ਨਾਲੋਂ ਵੀ ਸਗੋਂ ਕੁਝ ਘੱਟ ਅੰਦਾਜ਼ਿਆ ਗਿਆ ਹੈ ਤਾਂ ਉਸ ਸਿੱਖ ਨੇ ਇਸ ਨੂੰ ਗੁਰੂ ਜੀ ਦਾ ਹੀ ਚਮਤਕਾਰ ਸਮਝਿਆ। ਇਸ ਤਰ੍ਹਾਂ ਉਹ ਪਟਵਾਰੀ ਵੀ ਗੁਰੂ ਜੀ ਨੂੰ ਮਿਲ ਕੇ ਸਿੱਖ ਬਣ ਗਿਆ।[30]

ਲਖਨੌਰ ਸਾਹਿਬ[31] ਗੁਰੂ ਸਾਹਿਬ ਦਾ ਸਹੁਰਾ ਪਿੰਡ ਸੀ। ਇਥੇ ਗੁਰੂ ਸਾਹਿਬ, ਪਹਿਲਾਂ ਪਟਨਾ ਸਾਹਿਬ ਤੋਂ ਆਉਂਦੇ ਹੋਏ ਵੀ ਰਹੇ ਸਨ ਅਤੇ ਪਿੱਛੋਂ ਦੇ ਦੌਰਿਆਂ ਸਮੇਂ ਵੀ ਇਥੇ ਠਹਿਰਦੇ ਰਹੇ ਸਨ। ਇਥੇ ਗੁਰੂ ਜੀ ਵਲੋਂ ਇਕ ਬਾਉਲੀ ਅਤੇ ਖੂਹ ਲਗਵਾਇਆ ਗਿਆ। ਬਾਉਲੀ ਨੂੰ ਬਾਲ

ਗੋਬਿੰਦ ਰਾਇ ਜੀ ਦੀ ਯਾਦਗਾਰ ਵਿਚ ਲਗਵਾਇਆ ਸੀ ਇਸੇ ਕਰਕੇ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਉਲੀ ਕਿਹਾ ਜਾਂਦਾ ਹੈ। ਖੂਹ ਮਾਤਾ ਗੁਜਰੀ ਜੀ ਦੇ ਨਾਂ 'ਤੇ ਲਗਵਾਇਆ ਗਿਆ, ਇਸ ਨੂੰ ਮਾਤਾ ਗੁਜਰੀ ਜੀ ਦਾ ਖੂਹ ਕਿਹਾ ਜਾਂਦਾ ਹੈ, ਅੱਜ ਕਲ੍ਹ ਇਹ ਦੋਵੇਂ ਯਾਦਗਾਰਾਂ ਗੁਰਦੁਆਰਾ ਸਾਹਿਬ ਵਿਚ ਮੌਜੂਦ ਹਨ।

ਇਥੇ ਹੀ ਇਕ ਹੋਰ ਪਿੰਡ ਡਿਉਢੀ ਸਾਹਿਬ ਹੈ। ਇਥੇ ਵੀ ਗੁਰੂ ਜੀ ਨੇ ਪਿੰਡ ਦੇ ਲੋਕਾਂ ਲਈ ਇਕ ਖੂਹ ਲਗਵਾਇਆ। ਇਥੋਂ ਅੱਗੇ ਜਿਸ ਸਮੇਂ ਗੁਰੂ ਸਾਹਿਬ ਬਨੀ-ਬਦਰਪੁਰ ਪਿੰਡ ਵਿਚ ਗਏ ਤਾਂ ਸੰਗਤਾਂ ਬਹੁਤ ਵੱਡੀ ਗਿਣਤੀ ਵਿਚ ਇਕੱਠੀਆਂ ਹੋ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਈਆਂ। ਸੰਗਤਾਂ ਵਲੋਂ ਚੜ੍ਹਾਵੇ ਦੇ ਰੂਪ ਵਿਚ ਜੋ ਧਨ ਇਕੱਠਾ ਹੋਇਆ ਸੀ, ਉਸ ਨੂੰ ਸੰਗਤਾਂ ਦੇ ਹੀ ਹਵਾਲੇ ਕਰਦੇ ਹੋਏ ਹਦਾਇਤ ਕੀਤੀ ਕਿ ਇਸ ਧਨ ਨਾਲ ਇਥੇ ਇਕ ਖੂਹ ਅਤੇ ਦਰੱਖ਼ਤ ਲਗਵਾਏ ਜਾਣ। ਇਸ ਦੇ ਨਾਲ ਹੀ ਹਰ ਸਮੇਂ ਲੰਗਰ ਖੁੱਲ੍ਹਿਆ ਰਹੇ। ਜੇ ਇਸ ਤਰ੍ਹਾਂ ਬਿਨਾਂ ਕਿਸੇ ਲੋਭ ਲਾਲਚ ਦੇ ਸਾਰਾ ਧਨ ਖਰਚ ਹੁੰਦਾ ਰਿਹਾ ਤਾਂ ਸਭ ਸੰਗਤ ਗੁਰੂ ਦੀਆਂ ਖ਼ੁਸ਼ੀਆਂ ਹਾਸਲ ਕਰੇਗੀ।[32]

ਬਾਂਗਰ ਦੇ ਹੀ ਇਲਾਕੇ ਵਿਚ ਧਮਧਾਨ ਸਾਹਿਬ ਦੇ ਨਾਂ ਦਾ ਅਸਥਾਨ, ਸਿੱਖ ਧਰਮ ਦਾ ਇਕ ਪ੍ਰਮੁੱਖ ਕੇਂਦਰ ਹੈ। ਗੁਰੂ ਸਾਹਿਬ ਇਥੇ ਕਈ ਵਾਰ ਆਏ ਸਨ। ਸਥਾਨਕ ਰਵਾਇਤਾਂ ਅਨੁਸਾਰ ਗੁਰੂ ਸਾਹਿਬ ਪਹਿਲਾਂ ਪਹਿਲ ਧਮਧਾਨ ਸਾਹਿਬ ਨੂੰ ਹੀ ਆਪਣਾ ਹੈੱਡ-ਕੁਆਰਟਰ ਬਣਾਉਣਾ ਚਾਹੁੰਦੇ ਸਨ। ਪੂਰਬ ਦੀਆਂ ਯਾਤਰਾਵਾਂ ਵਲ ਜਾਣ ਸਮੇਂ ਵੀ ਗੁਰੂ ਸਾਹਿਬ ਇਥੇ ਠਹਿਰ ਕੇ ਜਾਇਆ ਕਰਦੇ ਸਨ। ਇਸ ਲਈ ਧਮਧਾਨ ਬਾਂਗਰ ਦੇ ਇਲਾਕੇ ਦਾ ਇਕ ਕਿਸਮ ਦਾ ਕੇਂਦਰ ਹੀ ਬਣ ਗਿਆ ਸੀ। ਸਾਖੀ ਪੋਥੀ ਅਨੁਸਾਰ ਗੁਰੂ ਜੀ ਨੇ ਇਥੋਂ ਦੇ ਸਿਰਕੱਢ ਜਿਮੀਂਦਾਰ ਦੱਗੋ ਨੂੰ ਇਸ ਥਾਂ ਦਾ ਮਸੰਦ ਨੀਯਤ ਕੀਤਾ ਅਤੇ ਉਸ ਨੂੰ ਧਨ ਦੇ ਕੇ ਖੂਹ, ਧਰਮਸ਼ਾਲਾ ਆਦਿ ਬਣਾਉਣ ਦੀ ਹਦਾਇਤ ਕੀਤੀ।

> "ਦੱਗੋ ਨੂੰ ਗੁਰੂ ਜੀ ਨੇ ਅਕੋਤ੍ਰ ਸੈ ਮੁਹਰ ਦਿਤੀ, ਬਚਨ ਕੀਤਾ: ਤੂੰ ਗੁਰੂ ਕਾ ਮਸੰਦ ਹੈਂ, ਨਾਲੇ ਤੇਰਾ ਜ਼ਿਮੀਂਦਾਰਾ ਹੈ, ਸਾਡਾ ਅਸਥਾਨ ਬਣਾਉਣਾ, ਕੂਆ ਲਾਉਣਾ, ਗੁਰੂ ਸਰ ਕੀ ਕਾਰ ਕਢਾਉਣੀ। ਜੇ ਤਾਂ ਸਾਬਤ ਰੱਖੀ ਤਾਂ ਤੇਰੀ ਫੇਰ ਭੀ ਖਬਰ ਲਿਆਂਗੇ, ਜੇ ਨਿਰਾ ਮਸੰਦ ਹਇ ਗਇਆ ਤਾਂ ਤੇਰੇ, ਤੇਰੀ ਉਲਾਦ ਦੇ ਪੇਸ਼ ਆਊ। ਏਹ ਪੂਜਾ ਕੀ ਬਿਰਾਟਿਕਾਂ ਹੈ, ਬਡਿਆ ਬਡਿਆ ਨੂੰ ਦਾਗ ਲਾਇਆ ਹੈ।"[33]

ਭਾਈ ਸੰਤੋਖ ਸਿੰਘ ਨੇ ਭਾਵੇਂ ਦੱਗੋ ਮਸੰਦ ਦਾ ਨਾਂ ਨਹੀਂ ਲਿਆ ਪਰ ਉਨ੍ਹਾਂ ਨੇ ਲਿਖਿਆ ਹੈ ਕਿ ਇਕ ਦਿਨ ਗੁਰੂ ਸਾਹਿਬ ਇਕ ਹਕਾਰੇ ਨੂੰ ਪਾਸ ਬੁਲਾ ਕੇ ਉਸ ਨੂੰ ਪੈਸੇ ਦਿੰਦੇ ਹੋਏ ਹੁਕਮ ਕੀਤਾ ਕਿ ਇਥੇ ਇਕ ਖੂਹ ਲਗਵਾਓ, ਇਕ ਧਰਮਸ਼ਾਲਾ ਬਣਵਾਓ ਅਤੇ ਬਾਹਰੋਂ ਫਲਦਾਰ ਦਰੱਖ਼ਤਾਂ ਦੇ ਬੂਟੇ ਲਿਆ ਕੇ ਬਾਗ ਲਗਵਾਓ। ਜੇ ਇਹ ਸਾਰਾ ਕੰਮ ਸ਼ਰਧਾ ਨਾਲ ਕੀਤਾ ਗਿਆ ਅਤੇ ਕੋਈ ਲਾਲਚ ਨਾ ਕੀਤਾ ਗਿਆ ਤਾਂ ਤੁਹਾਨੂੰ ਸਦਾ ਸੁਖ ਰਹੇਗਾ। ਜੇਕਰ ਮਨ ਵਿਚ ਲੋਭ ਧਾਰਨ ਕਰ ਕੇ ਇਸ ਵਿਚ ਬੇਈਮਾਨੀ ਕੀਤੀ ਗਈ ਤਾਂ ਸਭ ਕੁਝ ਬਰਬਾਦ ਹੋ ਜਾਵੇਗਾ।[34]

ਉਪਰੋਕਤ ਸੋਮਿਆਂ ਅਨੁਸਾਰ ਹੀ ਉਕਤ ਮਸੰਦ ਨੇ ਇਮਾਨਦਾਰੀ ਨਾਲ ਕੰਮ ਨਾ ਕੀਤਾ।

ਲਾਲਚ ਹਿਤ ਉਸ ਨੇ ਇਸ ਧਨ ਨਾਲ ਆਪਣੇ ਹੀ ਖੇਤ ਵਿਚ ਖੂਹ ਆਦਿ ਲਗਵਾ ਲਏ। ਇਸ ਤਰ੍ਹਾਂ ਉਸ ਦਾ ਸਭ ਕੁਝ ਬਰਬਾਦ ਹੋ ਗਿਆ।

ਇਸ ਤਰ੍ਹਾਂ ਗੁਰੂ ਜੀ ਦੀਆਂ ਯਾਤਰਾਵਾਂ ਦਾ ਅਧਿਐਨ ਕਰਦਿਆਂ ਇਹ ਗੱਲ ਸੁਤੇ-ਸਿੱਧ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪ੍ਰਚਾਰ ਦੌਰਿਆਂ ਸਮੇਂ, ਲੋਕਾਂ ਨੂੰ ਕੇਵਲ ਧਰਮ ਪ੍ਰਚਾਰ ਜਾਂ ਭਗਤੀ ਮਾਰਗਾਂ 'ਤੇ ਚੱਲਣ ਦਾ ਹੀ ਉਪਦੇਸ਼ ਨਹੀਂ ਦਿੱਤਾ, ਸਗੋਂ ਇਸ ਦੇ ਨਾਲ ਹੀ ਉਨ੍ਹਾਂ ਦੀ ਹਰ ਔਕੜ ਨੂੰ ਦੂਰ ਕਰਨ ਦਾ ਯਤਨ ਕੀਤਾ। ਇਹ ਕੰਮ ਉਨ੍ਹਾਂ ਨੇ ਸਮੁੱਚੇ ਲੋਕਾਂ ਲਈ ਕੀਤਾ। ਭਾਵੇਂ ਇਹ ਸਿੱਖ ਧਰਮ ਦੇ ਅਨੁਯਾਈ ਸਨ ਜਾਂ ਨਹੀਂ। ਪਿੰਡ ਵਿਚ ਖੂਹ ਸਾਰੇ ਪਿੰਡ ਦੇ ਲੋਕਾਂ ਲਈ ਵਰਤਣ ਵਾਸਤੇ ਲਗਵਾਇਆ ਜਾਂਦਾ ਸੀ ਨਾ ਕਿ ਸਿਰਫ਼ ਸਿੱਖਾਂ ਦੇ ਵਾਸਤੇ। ਇਸ ਤਰ੍ਹਾਂ ਜਿਨ੍ਹਾਂ ਪਿੰਡਾਂ ਦੇ ਆਲੇ-ਦੁਆਲੇ ਬੰਨ੍ਹ ਲਗਵਾਏ ਗਏ ਉਹ ਵੀ ਸਾਰੇ ਹੀ ਪਿੰਡ ਦੀ ਸੁਰੱਖਿਆ ਰੱਖਣ ਵਾਸਤੇ ਸਨ।

## ਹਵਾਲੇ ਤੇ ਟਿੱਪਣੀਆਂ

1. ਮਿਸਾਲ ਦੇ ਤੌਰ 'ਤੇ ਚੇਚਕ ਦੀ ਬਿਮਾਰੀ ਬੜੀ ਖ਼ਤਰਨਾਕ ਹੁੰਦੀ ਸੀ ਅਤੇ ਲੋਕ ਇਸ ਤੋਂ ਬਹੁਤ ਭੈ ਖਾਂਦੇ ਸਨ। ਇਸੇ ਭੈ ਕਰਕੇ ਹੀ ਲੋਕਾਂ ਨੇ ਇਸ ਨੂੰ ਮਾਤਾ ਜਾਂ ਮਾਤਾ ਰਾਣੀ ਜਾਂ ਸੀਤਲਾ ਮਾਤਾ ਦਾ ਨਾਂ ਦੇ ਰੱਖਿਆ ਸੀ। ਲੋਕਾਂ ਵਿਚ ਇਹ ਵਿਸ਼ਵਾਸ ਸੀ ਅਤੇ ਕਈ ਥਾਈਂ ਅੱਜ ਵੀ ਹੈ ਕਿ ਇਸ ਮਾਤਾ ਦੀ ਜੇ ਪੂਜਾ ਕੀਤੀ ਜਾਵੇਗੀ ਤਾਂ ਇਹ ਬਿਮਾਰੀ ਉਸ ਨੂੰ ਨਹੀਂ ਲੱਗੇਗੀ। ਇਸ ਮਨੋਰਥ ਲਈ ਆਮ ਲੋਕੀਂ ਸਾਲ ਵਿਚ ਘੱਟੋ-ਘੱਟ ਇਕ ਵਾਰ ਇਸ ਮਾਤਾ ਦੀ ਯਾਦ ਵਿਚ ਥੰਮ੍ਹ ਲਾਹੁੰਦੇ ਹੁੰਦੇ ਸਨ। ਇਸ ਥੰਮ੍ਹ ਲਾਹੁਣ ਵਜੋਂ ਲੋਕ ਗੁਲਗੁਲੇ ਪਕਾ ਕੇ ਬਾਹਰ ਬਣੀਆਂ ਮਾਤਾ ਰਾਣੀਆਂ (ਮਮਟੀਆਂ) ਤੇ ਜਾ ਕੇ ਲੋਕਾਂ ਵਿਚ ਵੰਡ ਕੇ ਆਇਆ ਕਰਦੇ ਸਨ।

   ਦੂਜਾ, ਇਸੇ ਤਰ੍ਹਾਂ ਸੱਪ ਦੇ ਕੱਟਣ ਤੋਂ ਬਚਣ ਲਈ ਗੁੱਗੇ ਦੀ ਪੂਜਾ ਕੀਤੀ ਜਾਂਦੀ ਸੀ। ਗੁੱਗੇ ਨੂੰ ਸੱਪਾਂ ਦਾ ਰਾਜਾ ਮੰਨਿਆ ਜਾਂਦਾ ਸੀ। ਲੋਕਾਂ ਦਾ ਵਿਸ਼ਵਾਸ ਸੀ ਕਿ ਗੁਗੇ ਦੀ ਪੂਜਾ ਕਰਨ ਨਾਲ ਸੱਪ ਨਹੀਂ ਕੱਟਣਗੇ। ਇਹ ਸਭ ਕੁਝ ਇਸ ਦੇ ਠੀਕ ਇਲਾਜ ਨਾ ਹੋਣ ਕਰਕੇ ਸੀ। ਸੱਪ ਦੇ ਕੱਟਣ ਨਾਲ ਆਦਮੀ ਮਰ ਜਾਂਦਾ ਸੀ। ਇਸ ਦਾ ਇਕੋ ਇਕ ਇਲਾਜ ਲੋਕਾਂ ਨੇ ਗੁੱਗੇ ਦੀ ਪੂਜਾ ਵਿਚ ਹੀ ਲੱਭਿਆ ਸੀ।

   ਤੀਜਾ, ਜੇ ਕਿਸੇ ਆਦਮੀ ਜਾਂ ਬੱਚੇ ਨੂੰ ਬੁਖਾਰ ਚੜ੍ਹ ਜਾਂਦਾ ਸੀ ਤਾਂ ਆਮ ਲੋਕੀਂ ਇਸ ਦੇ ਇਲਾਜ ਲਈ ਵੱਖ-ਵੱਖ ਤਰ੍ਹਾਂ ਦੇ ਮੰਤਰ ਜਾਂ ਹਥਾਉਲੇ ਕਰਵਾਉਂਦੇ ਸਨ।
2. ਇਹ ਸਭ ਗੱਲਾਂ ਵੱਖ-ਵੱਖ ਪਿੰਡਾਂ ਦਾ ਸਰਵੇ ਕਰਨ ਉਪਰੰਤ ਮਿਲੀਆਂ ਹਨ। ਮੈਂ ਹਰ ਥਾਂ ਜਾ ਕੇ ਪਿੰਡਾਂ ਵਿਚ ਪਰਚੱਲਤ ਰਵਾਇਤਾਂ ਇਕੱਠੀਆਂ ਕੀਤੀਆਂ ਹਨ। ਇਨ੍ਹਾਂ ਰਵਾਇਤਾਂ ਵਿਚੋਂ ਇਹ ਸਭ ਪੱਖ ਉਘੜਦੇ ਹਨ। ਰਵਾਇਤਾਂ ਤੋਂ ਇਲਾਵਾ ਕਈ ਗੱਲਾਂ ਲਿਖਤੀ ਰੂਪ ਵਿਚ ਵੀ ਮਿਲਦੀਆਂ ਹਨ। ਲੇਖ ਦੇ ਅੱਗੇ ਜਾ ਕੇ ਇਨ੍ਹਾਂ ਦਾ ਵਿਸਥਾਰ ਸਹਿਤ ਵਰਣਨ ਕੀਤਾ ਜਾਵੇਗਾ।
3. ਸਖੀ ਸਰਵਰ ਨੂੰ ਸੁਲਤਾਨ ਵੀ ਕਿਹਾ ਜਾਂਦਾ ਸੀ। ਇਸ ਦੇ ਹੋਰ ਨਾਂ ਹਨ—ਲਖਦਾਤਾ, ਲਾਲਾਂ ਵਾਲਾ, ਧੌਂਕਲੀਆਂ ਆਦਿ। ਪਰ, ਸੁਲਤਾਨ ਦਾ ਅਸਲ ਨਾਂ ਸੱਯਦ ਅਹਿਮਦ ਸੀ। ਇਹ ਇਕ ਬਗਦਾਦੀ ਦਾ ਪੁੱਤਰ ਸੀ। ਇਸ ਦਾ ਬਾਪ ਸਿਆਲਕੋਟ ਪਿੰਡ ਵਿਚ ਸੀ ਜੋ 1220 ਈ. ਨੂੰ ਆਬਾਦ ਹੋਇਆ ਸੀ। ਸੁਲਤਾਨ ਦੀਆਂ ਪੂਜਣ ਵਾਲੀਆਂ ਥਾਵਾਂ ਨੂੰ 'ਪੀਰ ਖਾਨਾ' ਕਿਹਾ ਜਾਂਦਾ ਹੈ। ਇਹ ਪੀਰਖਾਨੇ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਹਨ। ਇਨ੍ਹਾਂ ਪੀਰਖਾਨਿਆਂ ਉਪਰ ਹਰ ਵੀਰਵਾਰ ਨੂੰ ਸੁਲਤਾਨੀਏ ਇਕੱਠੇ ਹੁੰਦੇ ਹਨ ਅਤੇ ਪੂਜਾ ਕਰਦੇ ਹਨ। ਇਹ ਲੋਕ ਇਥੇ ਰੋਟ ਪਕਾਉਂਦੇ ਹਨ ਜਿਸ ਦਾ ਵਜ਼ਨ ਸਵਾ ਮਣ ਤੀਕ ਹੁੰਦਾ ਹੈ। ਇਹ ਜ਼ਮੀਨ ਤਪਾ ਕੇ ਪਕਾਇਆ ਜਾਂਦਾ ਹੈ। ਇਸ ਨੂੰ ਗੁੜ ਨਾਲ ਲਬੇੜ ਕੇ ਪੀਰਖਾਨੇ ਉੱਪਰ ਰੱਖਿਆ ਜਾਂਦਾ ਹੈ ਅਤੇ ਉਪਾਸ਼ਕਾਂ ਵਿਚ ਵੰਡਿਆ ਜਾਂਦਾ ਹੈ। ਸੁਲਤਾਨ ਦੀ ਕਬਰ ਡੇਰਾ ਗਾਜ਼ੀ ਖਾਂ ਦੇ ਇਕ ਪਿੰਡ ਨਗਾਹੇ ਵਿਚ ਹੈ। ਇਹ 13ਵੀਂ ਸਦੀ ਵਿਚ ਬਣੀ ਸੀ। ਇਸ ਥਾਂ ਸੁਲਤਾਨ ਦੀ ਇਸਤਰੀ ਬੀਬੀ ਬਾਈ ਦੀ ਕਬਰ ਭੀ ਹੈ। ਨਗਾਹੇ ਤੋਂ ਦੂਜੇ ਦਰਜੇ ਦੇ ਸੁਲਤਾਨ ਦਾ ਪੀਰਖਾਨਾ ਧੌਂਕਲ ਪਿੰਡ (ਵਜ਼ੀਰਾਬਾਦ ਨੇੜੇ) ਵਿਚ ਹੈ। ਇਸ ਤੋਂ ਹੀ ਧੌਂਕਲੀਆਂ ਨਾਂ ਚਾਲੂ ਹੋਇਆ ਹੈ।

   *(ਭਾਈ ਕਾਨ੍ਹ ਸਿੰਘ, ਮਹਾਨ ਕੋਸ਼, 1960, ਪੰਨਾ ੧੬੬)*
4. ਪੰਜਾਬ ਵਿਚਲਾ ਜੋ ਮਾਲਵਾ ਖੇਤਰ ਹੈ ਉਸ ਵਿਚ ਮੋਟੇ ਤੌਰ 'ਤੇ ਇਹ ਇਲਾਕੇ ਸ਼ਾਮਲ ਕੀਤੇ ਜਾਂਦੇ ਹਨ—ਬਠਿੰਡਾ, ਸੰਗਰੂਰ,

ਫਰੀਦਕੋਟ, ਪਟਿਆਲਾ, ਲੁਧਿਆਣਾ ਅਤੇ ਫ਼ਿਰੋਜ਼ਪੁਰ। ਇਸ ਤਰ੍ਹਾਂ ਸਤਲੁਜ ਦੇ ਘੱਗਰ ਵਿਚਕਾਰ ਦਾ ਇਲਾਕਾ ਮਾਲਵਾ ਕਹਾਉਂਦਾ ਹੈ। ਪਰ ਅਸਲ ਵਿਚ ਤਕਨੀਕੀ ਤੌਰ 'ਤੇ ਦੇਖਿਆਂ ਇਸ ਇਲਾਕੇ ਵਿਚਲੀਆਂ ਕਈ ਥਾਵਾਂ ਮਾਲਵਾ ਖੇਤਰ ਵਿਚ ਨਹੀਂ ਆਉਂਦੀਆਂ। ਜਿਵੇਂ ਪਟਿਆਲੇ ਦੇ ਘੱਗਰ ਨਾਲ ਲਗਦੇ ਪਿੰਡ, ਸੰਗਰੂਰ ਵਿਚਲੇ ਲਹਿਰੇਗਾਗੇ ਦੇ ਦੁਆਲੇ ਦੇ ਬਾਂਗਰ ਪਿੰਡ, ਫ਼ਿਰੋਜ਼ਪੁਰ ਦੇ ਹਰਿਆਣੇ ਅਤੇ ਰਾਜਸਥਾਨ ਨਾਲ ਲਗਦੇ ਇਲਾਕੇ। ਇਨ੍ਹਾਂ ਇਲਾਕਿਆਂ ਨੂੰ ਪੁਆਦ ਅਤੇ ਬਾਂਗਰ ਦੇ ਇਲਾਕੇ ਕਿਹਾ ਜਾਂਦਾ ਹੈ।

5. ਗਿਣਤੀ ਦੇ ਪੱਖੋਂ ਵੀ ਵੇਖਿਆ ਜਾਵੇ ਤਾਂ ਇਕੱਲੇ ਮਾਲਵੇ ਖੇਤਰ ਵਿਚ, ਪੰਜਾਬ ਦੇ ਬਾਕੀ ਦੇ ਖੇਤਰਾਂ, ਮਾਝਾ ਅਤੇ ਦੁਆਬਾ ਅਤੇ ਹਰਿਆਣੇ ਵਿਚਲੇ ਪਿੰਡਾਂ ਨਾਲੋਂ, ਜ਼ਿਆਦਾ ਗਿਣਤੀ ਵਿਚ, ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਦੁਆਰੇ ਉਸਰੇ ਹੋਏ ਹਨ। ਅਜੇ ਵੀ ਕਈ ਥਾਵਾਂ ਐਸੀਆਂ ਹਨ ਜਿਥੇ ਕਿ ਗੁਰੂ ਸਾਹਿਬ ਗਏ ਤਾਂ ਹਨ ਪਰ ਉਥੇ ਗੁਰਦੁਆਰੇ ਨਹੀਂ।

6. ਮੁੱਖ ਤੌਰ 'ਤੇ ਜੱਟ ਕਬੀਲੇ ਇਹ ਸਨ—ਸਿੱਧੂ, ਭੁੱਲਰ, ਮਾਨ, ਧਾਲੀਵਾਲ ਅਤੇ ਜ਼ੈਦਕੇ। ਸਿੱਧੂਆਂ ਵਿਚੋਂ ਬਰਾੜ ਇਕ ਅਲੱਗ ਹੋਇਆ ਕਬੀਲਾ ਸੀ। ਇਸ ਬਰਾੜ ਕਬੀਲੇ ਵਿਚ ਵੀ ਕਈ ਗਰੁੱਪ ਸਨ। ਇਹ ਗਰੁੱਪ ਵੀ ਆਪਸ ਵਿਚ ਲੜਦੇ ਰਹਿੰਦੇ ਸਨ। ਇਹ ਗਰੁੱਪ ਸਨ—ਦਾਨ ਸਿੰਘ ਬਰਾੜ ਅਬਲੂ ਮਹਿਮੇ ਦਾ, ਕਪੂਰਾ ਬਰਾੜ ਕੋਟ ਕਪੂਰੇ ਦਾ ਅਤੇ ਡੱਲਾ ਬਰਾੜ ਸਾਬੋ ਕਾ। ਇਨ੍ਹਾਂ ਤਿੰਨਾਂ ਦੀ ਹੀ ਆਪਸ ਵਿਚ ਈਰਖਾ ਸੀ। ਭੁੱਲਰਾਂ ਅਤੇ ਮਾਨਾਂ ਦੀ ਆਪਸ ਵਿਚ ਦੁਸ਼ਮਣੀ ਸੀ।

7. ਸ੍ਰੀ ਗੁਰੂ ਹਰਿਰਾਇ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵੱਡੇ ਭਰਾ, ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਹੋਣ ਕਰਕੇ, ਭਤੀਜੇ ਲੱਗਦੇ ਸਨ। ਇਸੇ ਤਰ੍ਹਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਸ੍ਰੀ ਗੁਰੂ ਹਰਿਰਾਇ ਜੀ ਦੇ ਸਪੁੱਤਰ ਹੋਣ ਕਰਕੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਲੱਗਦੇ ਸਨ।

8. ਘੁੱਕੇ ਵਾਲੀ ਪਿੰਡ ਅੰਮ੍ਰਿਤਸਰ ਤੋਂ ਅਜਨਾਲਾ ਰੋਡ 'ਤੇ ਕੁਕੜਾਂ ਵਾਲੀ ਲੰਘ ਕੇ, 14 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਆਮ ਤੌਰ 'ਤੇ 'ਗੁਰੂ ਕੇ ਬਾਗ' ਕਰਕੇ ਮਸ਼ਹੂਰ ਹੈ। 'ਗੁਰੂ ਕੇ ਬਾਗ ਦਾ ਮੋਰਚਾ' ਇਥੇ ਹੀ ਲੱਗਿਆ ਸੀ।

9. ਇਹ ਪਿੰਡ ਜਲੰਧਰ ਜ਼ਿਲ੍ਹੇ ਵਿਚ ਨਵਾਂ ਸ਼ਹਿਰ ਅਤੇ ਬੰਗਾ ਸੜਕ 'ਤੇ ਬਹਿਰਾਮਪੁਰ ਤੋਂ ਤਿੰਨ ਕੁ ਕਿਲੋਮੀਟਰ 'ਤੇ ਸਥਿਤ ਹੈ, ਜਿਵੇਂ ਕਿ ਇਸ ਦਾ ਨਾਂ ਹੀ ਦਰਸਾਉਂਦਾ ਹੈ। ਇਸ ਨੂੰ ਗੁਰੂ ਜੀ ਨੇ ਹੀ ਵਸਾਇਆ ਸੀ।

10. ਅਨੰਦਪੁਰ ਸਾਹਿਬ ਦਾ ਮੁੱਢਲਾ ਨਾਂ 'ਚੱਕ ਨਾਨਕੀ' ਹੀ ਸੀ। ਨਾਨਕੀ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ ਸਨ। ਇਸ ਲਈ ਇਸ ਨਵੇਂ ਨਗਰ ਦਾ ਨਾਂ ਮਾਤਾ ਜੀ ਦੇ ਨਾਂ ਪਿੱਛੇ ਚੱਕ ਨਾਨਕੀ ਰੱਖਿਆ ਗਿਆ ਸੀ। ਹੋ ਸਕਦਾ ਹੈ ਕਿ ਬਿਲਾਸਪੁਰ ਦੀ ਰਿਆਸਤ ਕੋਲੋਂ ਇਹ ਥਾਂ ਮਾਤਾ ਨਾਨਕੀ ਜੀ ਦੇ ਨਾਂ 'ਤੇ ਹੀ ਖਰੀਦੀ ਗਈ ਹੋਵੇ। ਜਿਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦੀ ਲੜਾਈ ਜਿੱਤਣ ਪਿੱਛੋਂ ਪਾਉਂਟਾ ਸਾਹਿਬ ਤੋਂ ਵਾਪਸ ਚੱਕ ਨਾਨਕੀ ਆਏ ਸਨ ਤਾਂ ਇਸ ਦਾ ਨਾਂ ਬਦਲਾ ਕੇ ਅਨੰਦਪੁਰ ਸਾਹਿਬ ਰੱਖਿਆ ਗਿਆ—

**ਜੁਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ॥**
**ਕਾਹਲੂਰ ਮੈਂ ਬਾਂਧਿਯੋ ਆਨ ਆਨੰਦਪੁਰ ਗਾਂਵ॥** *(ਬਚਿੱਤਰ ਨਾਟਕ, ਅਧਿ: ੮)*

11. *ਗੁਰੂ ਤੇਗ ਬਹਾਦਰ—ਪ੍ਰਾਫਟ ਐਂਡ ਮਾਰਟਾਇਰ (ਏ ਬਾਇਓਗ੍ਰਾਫੀ)*, ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ, 1967, ਪੰਨਾ ੧੫ਵਾਂ ਅਤੇ ੧੬ਵਾਂ (ਇੰਟਰੋਡਕਸ਼ਨ)।

12. ਬਾਲ ਗੋਬਿੰਦ ਰਾਇ ਜੀ ਦੇ ਨਾਲ, ਗੁਲੇਲਾਂ ਨਾਲ ਪਾਣੀ ਵਾਲੇ ਘੜੇ ਭੰਨਣ ਦੀ ਜੋ ਰਵਾਇਤ ਜੁੜੀ ਹੋਈ ਹੈ ਉਹ ਇਸੇ ਖੂਹ ਤੋਂ ਪਾਣੀ ਭਰਨ ਨਾਲ ਹੀ ਜੁੜੀ ਹੋਈ ਹੈ।

13. ਮਾਲਵੇ ਦੇਸ਼ ਰਟਨ ਦੀ ਸਾਖੀ ਪੋਥੀ ਦੀ ਸਾਖੀ ਪਹਿਲੀ, ਪੰਨੇ 2–3 ਅਤੇ ਸਾਖੀ ਨੰ: ੩੬ਵੀਂ, ਪੰਨਾ ੩੫। ਪ੍ਰਕਾਸ਼ਕ—ਖਾਲਸਾ ਸਮਾਚਾਰ, ਹਾਲ ਬਜ਼ਾਰ, ਅੰਮ੍ਰਿਤਸਰ (ਜਨਵਰੀ 1968)।

14. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ ੧੧, ਅੰਸੂ ੩੩, ਪੰਨਾ ੪੦੯੯ .
(ਭਾਈ ਵੀਰ ਸਿੰਘ ਰਾਹੀਂ ਸੰਪਾਦਤ)

"ਪ੍ਰਥਮ ਸਿਵਰ ਦੁਇ ਕੋਸ ਲਗਾਯੋ।
ਨਰ ਸਮੁਦਾਇ ਮਿਲਨਿ ਕੋ ਆਯੋ॥੨੧॥...
ਸਗਰੋ ਧਨ ਤਿਸ ਕੋ ਤਬਿ ਦੀਨਾ।
ਕਹ੍ਯੋ ਗੁਰੂ ਲਖਿ ਖਰਚ ਪ੍ਰਬੀਨਾ।
ਕੂਪ ਲਗਾਵਹੁ ਸਦਨ ਬਨਾਵਹੁ।
ਖਰਚਹੁ ਪੁਰਿ ਕੇ ਹੇਤੁ ਬਸਾਵਹੁ॥੨੩॥
ਜਿਮ ਸਭਿ ਲੋਕ ਅਧਿਕ ਸੁਖ ਪਾਇਂ।
ਸੋ ਤੁਮ ਕੀਜਹਿ ਸਦਾ ਬਨਾਇ।"

ਭਾਈ ਸੰਤੋਖ ਸਿੰਘ ਨੇ ਇਸ ਪਿੰਡ ਦਾ ਨਾਂ ਨਹੀਂ ਲਿਖਿਆ। ਸੰਭਵ ਤੌਰ 'ਤੇ ਇਹ ਪਿੰਡ ਕੀਰਤਪੁਰ ਦੇ ਲਾਗਲੇ ਪਿੰਡਾਂ ਵਿਚੋਂ ਹੋਣਾ ਹੈ।

15. ਇਹ ਪਿੰਡ ਮੁਰਿੰਡਾ-ਚੰਡੀਗੜ੍ਹ ਸੜਕ 'ਤੇ ਮੁਰਿੰਡੇ ਤੋਂ ਚਾਰ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇਥੇ ਸ੍ਰੀ ਗੁਰੂ ਹਰਿਰਾਇ ਜੀ ਵੀ ਆਏ ਸਨ।
16. ਇਹ ਦੋ ਪਿੰਡ ਹਨ ਨੰਦਪੁਰ ਅਤੇ ਕਲੌੜ। ਦੋਵੇਂ ਬਿਲਕੁਲ ਨਾਲ ਨਾਲ ਹੀ ਹਨ। ਇਸ ਕਰਕੇ ਦੋ ਨਾਂ ਜੋੜ ਕੇ ਇਕੱਠਾ ਹੀ ਕਿਹਾ ਜਾਂਦਾ ਹੈ। ਇਹ ਮੁਰਿੰਡੇ ਤੋਂ ਪੂਰਬ ਵੱਲ ਤਿੰਨ ਕਿਲੋਮੀਟਰ ਦੀ ਵਿੱਥ 'ਤੇ ਹਨ।
17. ਇਹ ਪਿੰਡ ਧੂਰੀ-ਬਰਨਾਲਾ ਸੜਕ 'ਤੇ (ਸੰਗਰੂਰ ਜ਼ਿਲ੍ਹੇ ਵਿਚ) ਧੂਰੀ ਤੋਂ ਗਿਆਰਾਂ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ।
18. "ਸੁਨਿ ਗੋਂਦੇ ਤਬਿ ਬਾਕ ਉਚਾਰਾ।
ਇਹ ਜੋ ਕੂਪ ਨੀਰ ਬਹੁ ਖਾਰਾ।
ਕੰਟਕ ਬੀਚ ਪਰੇ ਜੁ ਸਮੂਹ।
ਗ੍ਰਾਮ ਨ ਲੇਵਹਿ ਜਲ ਇਸ ਖੂਹੁ ॥੫॥...
ਅਬਿ ਤੇ ਕੂਪ ਗੁਰੂ ਕੋ ਹੋਇ।
ਅਪਰ ਜਿ ਇਹਾਂ ਲਗਾਵਸਿ ਕੋਇ।
ਨੌ ਲਗਿ ਲਗਹਿਂ ਹੋਹਿਂ ਦਸ ਸਾਰੇ।
ਇਕ ਦਸਮੇ ਜੋ ਬਹੁਤ ਉਸਾਰੇ ॥੧੨॥...
ਗ੍ਰਾਮ ਬਿਖੈ ਭਈ ਕਥਾ ਅਨੂਪ।
ਸ੍ਰੀ ਗੁਰੂ ਮੀਠਾ ਕੀਨਸਿ ਕੂਪ।.... *(ਰਾਸ ੧੧, ਅੰਸੂ ੩੪, ਪੰਨਾ ੪੧੦੨)*
ਹੋਰ ਦੇਖੋ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ (ਪ੍ਰਕਾਸ਼ਕ : ਖਾਲਸਾ ਸਮਾਚਾਰ, ਹਾਲ ਬਜ਼ਾਰ, ਅੰਮ੍ਰਿਤਸਰ, ਜਨਵਰੀ 1968) ਪੰਨੇ 5-6 ਅਤੇ ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰੂ ਤੀਰਥ ਸੰਗ੍ਰਹਿ* (ਸੰਮਤ ੧੯੪੧ ਬਿਕਰਮੀ, ਸੰਨ 1884 ਈ. ਪੰਨਾ 77)
19. ਭਾਈ ਸੰਤੋਖ ਸਿੰਘ, ਪੰਨਾ ੪੧੦੩ :
ਸ੍ਰੀ ਗੁਰੁ ਤਿਨ ਕੋ ਪਾਗ ਬੰਧਾਹੀ।
ਅਬਿ ਤੁਮ ਚੌਧਰ ਲਿਹੁ ਇਸ ਥਾਂਈ।
ਬਨਹੁਂ ਗ੍ਰਾਮ ਕੇ ਮੁਖਜ ਉਦਾਰੇ।
ਤੁਮਰੇ ਅਨੁਸਾਰੀ ਹੁਇਂ ਸਾਰੇ ॥੧੯॥...
ਗੁਰੂ ਕਹਯੋ ਗੋਂਦੇ! ਸੁਨਿ ਲੇਹੁ।
ਪ੍ਰਥਮ ਚੌਧਰੀ ਤੁਮ ਸਭਿ ਕੇਹੁ।
ਅਬਿ ਤੁਮਰੇ ਘਰ ਰਹੈ ਨ ਕੋਇ।
ਯਾ ਤੇ ਅਪਰ ਚੌਧਰੀ ਹੋਇ ॥੨੧॥
20. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਪੰਨੇ ੪੧੦੬-੭, ਰਾਸ ੧੧, ਅੰਸੂ ੩੫ :
ਇਸ ਨਗਰੀ ਮਹਿਂ ਜ੍ਵਰ ਕੋ ਜ਼ੋਰ।
ਗਨ ਮਾਨਵ ਪ੍ਰਾਪਤਿ ਦੁਖ ਘੋਰ।...
ਮ੍ਰਿਤੁ ਕੇ ਬਸੀ ਸੈਂਕਰੇ ਹੁਇ।
ਜ੍ਵਰ ਕੇ ਗੇਰੇ ਨਹੀਂ ਖਰੋਏ।...
ਕਹਯੋ ਜਾਇ ਤੁਮ ਇਸੇ ਉਠਾਵਹੁ।
ਲਘੁ ਸਰ ਮਹਿਂ ਮੱਜਨ ਕਰਿਵਾਵਹੁ ॥੧੨॥
ਹੋਰ ਦੇਖੋ, ਤਾਰਾ ਸਿੰਘ ਨਰੋਤਮ, ਪੰਨਾ ੭੯। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ*, (ਪੰਨਾ ੧੦) ਵਿਚ ਇਹ ਗਲ-ਘੋਟੂ ਦੀ ਬਿਮਾਰੀ ਲਿਖੀ ਹੈ।
21. ਭਾਈ ਸੰਤੋਖ ਸਿੰਘ, ਰਾਸ ੧੧, ਅੰਸੂ ੩੫, ਪੰਨੇ ੪੧੦੪-੫ :
ਜੀਵੰਧਨਿ ਕੋ ਬਾਹਿਯਾ ਸਾਰਾ।
ਤਿਨ ਮਹਿਂ ਇਹੁ ਸਰਦਾਰ ਉਦਾਰਾ।
ਸੁਨਿ ਸਤਿਗੁਰ ਬੋਲੇ ਰਿਸ ਭੋਈ।
ਨਹਿਂ ਬਾਹਿਯਾ! ਨਹਿਂ ਤੇਹਿਯਾ ਕੋਈ ॥੪੨॥...
ਨਹਿਂ ਸਰਦਾਰੀ ਨਹਿਂ ਸਰਦਾਰ।
ਮਰਿ ਮਰਿ ਜਨਮਹਿਂ ਹੋਹਿਂ ਖੁਆਰ ॥੪੩॥
22. ਭਾਈ ਸੰਤੋਖ ਸਿੰਘ :
ਕਰਿ ਸੇਵਾ ਦਿਨ ਕੁਛਕ ਟਿਕਾਏ। ਹੁਤੋ ਚੁਮਾਸਾ ਘਨ ਬਰਖਾਏ।

ਤਹਾਂ ਮੋਠ ਕੇ ਖੇਤ ਬਿਜਾਇ। ਚਾਰਤਿ ਭਏ ਤੁਰੰਗਨਿ ਪਾਏ॥੨॥...
ਬਰੇ ਗ੍ਰਾਮ ਪਰ ਭਏ ਪ੍ਰਸੰਨ। ਅਵਿਲੋਕਯੋ ਨੀਕੋ ਥਲ ਅੰਨ।
ਪੂਰਬ ਥਾਨ ਸਦਨ ਉਠਿਵਾਏ। ਗ੍ਰਾਮ ਦੂਸਰੀ ਦਿਸ਼ਾ ਬਿਠਾਏ॥੮॥
ਮਾਨਯੋ ਬਾਕ ਬਸੇ ਤਹਿੰ ਜਾਇ। ਧਨ ਅਰੁ ਧਾਨ ਬਧਯੋ ਅਧਿਕਾਇ।
(ਰਾਸ ੧੧, ਅੰਸੂ ੪੧, ਪੰਨੇ ੪੧੨੭-੨੮)

ਹੋਰ ਦੇਖੋ, ਤਾਰਾ ਸਿੰਘ ਨਰੋਤਮ, ਪੰਨਾ ੮੩ ਅਤੇ ਸਾਖੀ ਪੋਥੀ, ਪੰਨਾ ੨੪।

23. ਭਾਈ ਸੰਤੋਖ ਸਿੰਘ:
ਆਗੇ ਨਹੀਂ ਰਹੈ ਇਸ ਥਾਨ। ਨਿਕਸਿ ਜਾਇਗੋ ਬਿਹਰਹਿ ਆਨ।
ਬਸਹਿੰ ਦੇਵਤਾ ਇਸ ਥਲ ਆਇ। ਜਿਸ ਤੇ ਤੁਮ ਸਗਰੇ ਸੁਖ ਪਾਇ॥੩੩॥
(ਰਾਸ ੧੧, ਅੰਸੂ ੩੬, ਪੰਨਾ ੪੧੧੯) ਅਤੇ ਸਾਖੀ ਪੋਥੀ, ਪੰਨੇ ੧੨-੧੮

24. ਭਾਈ ਸੰਤੋਖ ਸਿੰਘ:
ਸਰਵਰ ਕੀ ਖੂੰਡੀ ਗਰ ਪਾਈ।
ਤੂਰਨ ਤੋਰਤਿ ਦੂਰ ਬਗਾਈ।
ਪੰਜ ਤੀਰ ਲੇ ਬੰਦਨ ਠਾਨੀ।
ਭਯੋ ਪ੍ਰਸੰਨ ਨੀਕ ਮਨ ਮਾਨੀ॥੧੧॥ (ਰਾਸ ੧੧, ਅੰਸੂ ੩੮, ਪੰਨੇ ੪੧੧੭-੧੮)

25. ਸਾਖੀ ਪੋਥੀ, ਪੰਨਾ ੧੯ 'ਤੇ ਪੰਡਿਤ ਤਾਰਾ ਸਿੰਘ ਨਰੋਤਮ ਨੇ ਸਿਰਫ਼ ਇਤਨਾ ਹੀ ਲਿਖਿਆ ਹੈ, "ਉਹਾਂ ਚਾਹਲ ਗੋਤ ਕੇ ਜ਼ਿਮੀਂਦਾਰ ਕੋ ਸੁਲਤਾਨ ਦੀ ਸੇਵਕੀ ਸੇ ਹਟਾਯ ਕੇ ਸਭ ਜਗ੍ਹਾ ਫਤੇ ਪਾਵਨੇ ਹੇਤ ਪਾਂਚ ਤੀਰ ਬਖ਼ਸ਼ੇ।"

26. *ਗੁਰੂ ਕੀਆਂ ਸਾਖੀਆਂ*, ਸਾਖੀ ੧੯ (ਅਪ੍ਰਕਾਸ਼ਿਤ)। *ਸਾਖੀ ਪੋਥੀ* ਵਿਚ ਇਸ ਤਰ੍ਹਾਂ ਲਿਖਿਆ ਹੈ:
"ਕਹੀਆਂ ਲਿਆਵੋ। ਸਿਖ ਲੈ ਆਏ। ਆਪ ਕਹੀ ਲੈ ਕੇ ਟੱਕ ਲਾਇਆ। ਆਪ ਕਾਰ ਕੱਢੀ, ਦੁਸ਼ਾਲੇ ਨਾਲ, ਪੰਜ ਵਾਰੀ। ਸਿੱਖ, ਸੰਤ, ਮਾਈ, ਬੀਬੀ ਸਭ ਕੋਈ ਲਗਾ ਕਾਰ ਕਢਣਿ।" (ਪੰਨਾ ੨੧, ਸਾਖੀ ੧੯)

27. ਭਾਈ ਸੰਤੋਖ ਸਿੰਘ:
ਕੁਛ ਸੰਮਤ ਬੀਤੇ ਇਸ ਥਾਨ।
ਲਗਹਿ ਏਕ ਬਟ ਬ੍ਰਿਛ ਮਹਾਨ॥੨੩॥
ਅਰੁ ਇਸ ਨਿਕਟਿ ਕੂਪ ਬਨਿਵਾਵੈ।
ਜਿਸ ਤੇ ਨੀਰ ਬਹੁਤ ਨਰ ਪਾਵੈਂ।
(ਰਾਸ ੧੧, ਅੰਸੂ ੩੮, ਪੰਨਾ ੪੧੧੮-੧੯)

28. *ਸਾਖੀ ਪੋਥੀ*, ਪੰਨਾ ੧੪:
ਇਹ ਪਿੰਡ ਬਰਨਾਲਾ-ਮਾਨਸਾ ਸੜਕ ਉਪਰ ਬਿਲਕੁਲ ਵਿਚਕਾਰ ਕਰਕੇ ਹੀ ਹੈ। ਇਸ ਦੇ ਨਾਲ ਹੀ ਰੱਲਾ ਪਿੰਡ ਹੈ। ਦੋਵਾਂ ਪਿੰਡਾਂ ਨੂੰ ਅਕਸਰ ਜੋਗਾ-ਰੱਲਾ ਦੇ ਇਕੱਠੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ।

29. ਭੈਣੀ ਬਾਘਾ ਪਿੰਡ ਮਾਨਸਾ-ਬਠਿੰਡਾ ਸੜਕ 'ਤੇ ਸਥਿਤ ਹੈ। ਇਸ ਤੋਂ ਚਾਰ ਕੁ ਕਿਲੋਮੀਟਰ ਪਿੰਡ ਠੂਠਿਆਂ ਵਾਲੀ (ਭੈਣੀ) ਸਥਿਤ ਹੈ।

30. *ਸਾਖੀ ਪੋਥੀ*, ਪੰਨੇ ੩੬-੩੭. 'ਜੀ ਮੈ ਪੰਜੀ ਬਿਘੇ ਭੀ ਨਹੀਂ ਲਾਉਂਦਾ, ਮੈਨੂੰ ਆਪ ਕਾ ਸਿਖ ਕਰੋ ਜੀ।" ਅਤੇ ਭਾਈ ਸੰਤੋਖ ਸਿੰਘ, ਪੰਨੇ ੪੧੪੧-੪੨।

31. ਲਖਨੌਰ ਸਾਹਿਬ ਅੰਬਾਲਾ-ਪਿਹੋਵਾ ਸੜਕ ਉਪਰ (ਹਰਿਆਣੇ ਵਿਚ) ਅੰਬਾਲੇ ਤੋਂ 19 ਕਿਲੋਮੀਟਰ ਦੀ ਦੂਰੀ 'ਤੇ ਹੈ।

32. ਭਾਈ ਸੰਤੋਖ ਸਿੰਘ, ਪੰਨਾ ੪੧੪੬:
ਇਹਾਂ ਬ੍ਰਿਛ ਅਰ ਕੂਪ ਲਗਾਵਹੁ।
ਸਦਾਬਰਤ ਛੁਧਿਤਨਿ ਮੁਖ ਪਾਵਹੁ।
ਕਰਹੁ ਨ ਲੋਭ ਖਰਚ ਦਿਹੁ ਸਾਰੋ।
ਤੁਮ ਸੁਖ ਪਾਵਹੁ ਜਨਮ ਸੁਧਾਰੋ॥੩੫॥
ਬਨੀ ਪਹਿਲਾਂ ਨਾਂ ਸੀ। ਗੁਰੂ ਜੀ ਵਲੋਂ ਧਨ ਦਾ ਥੈਲਾ ਭਰ ਕੇ ਦੇਣ ਨਾਲ ਬਨੀ ਨਾਲ 'ਬਦਰ' ਜੁੜ ਗਿਆ। ਬਦਰ ਦਾ ਅਰਥ ਹੈ, 'ਚਮੜੇ ਦਾ ਥੈਲਾ':
ਬਦਰਾ ਲੈਬੇ ਤੇ ਤਿਸ ਨਾਮ।
ਬਣੀ ਬਦਰਪੁਰ ਭਾ ਅਭਿਰਾਮ। (ਉਕਤ)
ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ: "ਈਹਾਂ ਗੁਰੂ ਜੀ ਨੇ ਰੁਪਯਾ ਦੇ ਕਰ ਏਕ ਸਿੱਖ ਕੂਆ ਲਗਾਵਨੇ ਹੇਤ ਛੋਡਾ ਉਸ ਨੇ ਕੂਆ ਲਖਵਾਯਾ ਬਨੀ ਬਦਰਪੁਰ ਦੇ ਗ੍ਰਾਮ ਹੈ।" ਹੋਰ ਦੇਖੋ, ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ (ਮਹਾਨ ਕੋਸ਼), ਪੰਨਾ 625।

33. ਸਾਖੀ ਪੋਥੀ, ਪੰਨਾ ੩੧.
34. "ਤਬਿ ਸੋ ਰਾਹਕ ਪਾਸ ਹਕਾਰਾ।
ਹੁਤੋ ਜੁ ਦਰਬ ਦਯੋ ਤਿਹ ਸਾਰਾ॥੫॥
ਹੁਕਮ ਕਰਜੋ ਬਡ ਕੂਪ ਖਨਾਵਹੁ।
ਧਨ ਗਨ ਲਾਇ ਨੀਕ ਬਨਿਵਾਵਹੁ।...
ਬ੍ਰਿੰਦ ਮਹੀਰਹੁ ਸਫਲ ਮੰਗਾਵਹੁ।
ਧਨ ਕੋ ਖਰਚਹੁ ਬਾਗ਼ ਲਗਾਵਹੁ।
ਸ਼ਰਧਾ ਸਹਿਤ ਕਾਜ ਇਹ ਕਰੋ।
ਰਿਦੈ ਆਪਨੇ ਲੋਭ ਨ ਧਰੋ॥੭॥
ਅਪਰ ਸਥਲ ਜੇ ਚਹਹਿਂ ਲਗਾਯਹੁ।
ਕੁਛ ਨਹਿਂ ਬਨਹਿ ਬਾਦ ਸਭਿ ਜਾਯਹੁ। (ਪੰਨਾ ੪੧੩੬)

(12/1986)

# ਗੁਰੂ ਤੇਗ ਬਹਾਦਰ ਬੋਲਿਆ...

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਲਯੁੱਗ ਵਿਚ ਵੱਡਾ ਸਾਕਾ ਕਰ ਵਿਖਾਇਆ ਤੇ ਜ਼ਾਲਮ ਦੀ ਈਨ ਨਾ ਮੰਨੀ। ਇਸਲਾਮ ਦੇ ਝੰਡੇ ਹੇਠ ਲਿਆਉਣ ਲਈ ਹਰ ਪ੍ਰਕਾਰ ਦਾ ਜ਼ੁਲਮ ਕਰਨ ਲਈ ਤਤਪਰ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਦਾ ਸੁਪਨਾ ਸਾਕਾਰ ਨਾ ਹੋ ਸਕਿਆ। ਧਰਮ ਪ੍ਰਚਾਰ ਜ਼ੋਰ ਤੇ ਜਬਰ ਨਾਲ ਨਹੀਂ ਹੁੰਦਾ। ਇਹ ਅਹਿਸਾਸ ਸਤਿਗੁਰੂ ਜੀ ਨੇ ਸੀਸ ਭੇਟ ਕਰਕੇ ਹਾਕਮਾਂ ਨੂੰ ਕਰਵਾ ਦਿੱਤਾ। ਨਾਲ ਹੀ ਆਪਣੇ ਪੈਰੋਕਾਰਾਂ ਨੂੰ ਇਹ ਉਪਦੇਸ਼ ਅਮਲੀ ਰੂਪ ਵਿਚ ਦਿੱਤਾ ਹੈ ਕਿ ਮੌਤ ਕਬੂਲ ਕਰ ਲੈਣੀ ਧਰਮ ਤਿਆਗਣ ਨਾਲੋਂ ਕਿਧਰੇ ਚੰਗਾ ਕਰਮ ਹੈ। ਧਰਮ ਦੀ ਖ਼ਾਤਰ ਸਿਰ ਤਲੀ 'ਤੇ ਧਰ ਕੇ ਲੜਨ ਦਾ ਬਲ ਵੀ ਇਸ ਸਤਿਗੁਰੂ ਜੀ ਦੀ ਸ਼ਹੀਦੀ ਤੋਂ ਸਿੱਖਣ ਵਾਲੇ ਧਰਮ ਦੀ ਖ਼ਾਤਰ ਜੂਝੇ। ਸਿੱਟਾ ਨਿਕਲਿਆ ਹਰ ਪ੍ਰਕਾਰ ਦੇ ਜ਼ੁਲਮ ਤੇ ਜਬਰ ਦਾ ਨਾਸ਼, ਧਰਮ ਦਾ ਵਿਗਾਸ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਲਿਖਿਆ ਹੈ :

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਆ ਪਰ ਸੀ ਨ ਉਚਰੀ॥੧੩॥**
**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥**
**ਨਾਟਕ ਚੇਟਕ ਕੀਏ ਕੁਕਾਜਾ॥**
**ਪ੍ਰਭ ਲੋਗਨ ਕਹ ਆਵਤ ਲਾਜਾ॥੧੪॥**

**ਦੋਹਰਾ॥**
**ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥**

*(ਬਚਿਤ੍ਰ ਨਾਟਕ, ਅਧਿ: ੫)*

ਅਜਿਹੇ ਬਲੀ ਸਤਿਗੁਰੂ ਨੂੰ ਜ਼ਾਲਮ ਤੇ ਜਾਬਰ ਬਾਦਸ਼ਾਹ ਆਪਣੇ ਹੁਕਮ ਨਾ ਮੰਨਵਾ ਸਕਿਆ। ਇਹ ਕਰਾਮਾਤ ਤੋਂ ਘੱਟ ਸੀ ? ਸਤਿਗੁਰੂ ਜੀ ਦੀ ਸ਼ਹੀਦੀ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਕਰਾਮਾਤ ਹੈ ਕਿ ਧਰਮ ਤੇ ਦੇਸ਼ ਦੀ ਸੰਸਕ੍ਰਿਤੀ ਨੂੰ ਬਚਾਉਣ ਲਈ ਜੀਵਨ ਦਾਨ ਕਰ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਵੈਰਾਗ ਤੇ ਤਿਆਗ ਦੀ ਭਾਵਨਾ ਬੜੀ ਪ੍ਰਬਲ ਹੈ।

ਆਪ ਜੀ ਨੇ ਇਸ ਦਿਸਦੇ ਵਸਦੇ ਜਗਤ ਨੂੰ ਝੂਠਾ, ਮਿਥਿਆ, ਧੂੰਏਂ ਦਾ ਪਹਾੜ, ਸੁਪਨ ਸਮਾਨ ਆਦਿ ਆਖ ਕੇ ਇਸ ਦੀ ਪ੍ਰਕ੍ਰਿਤੀ ਬਾਰੇ ਆਪਣੇ ਵਿਚਾਰ ਅੰਕਿਤ ਕੀਤੇ ਹਨ। ਇਹ ਜਗਤ ਪਰਿਵਰਤਨਸ਼ੀਲ ਹੈ। ਛਿਨ-ਛਿਨ ਬਦਲਦਾ ਰਹਿੰਦਾ ਹੈ। ਜੋ ਜਨਮਦਾ ਹੈ ਉਹ ਮਰਦਾ ਹੈ। ਹਰ ਆਦਿ ਵਾਲੀ ਚੀਜ਼ ਦਾ ਅੰਤ ਹੈ। ਕਾਲ ਮਹਾਂਬਲੀ ਹੈ। ਉਹ ਆਪਣੇ ਜ਼ੋਰ ਨਾਲ ਸਭ ਨੂੰ ਲੈ ਤੁਰਦਾ ਹੈ। ਇਸ ਲਈ ਇਸ ਦਿੱਸਦੇ ਵਸਦੇ ਮੋਹ ਨਾ ਪਾਉਣ ਲਈ ਉਪਦੇਸ਼ ਦਿੱਤਾ ਹੈ ਕਿ ਉਹ ਲੋਕ ਜੋ ਇਸ ਜਗਤ ਨੂੰ ਸਤਿ ਕਰਕੇ ਪ੍ਰਮਾਤਮਾ ਨੂੰ ਭੁਲਾਈ ਬੈਠੇ ਹਨ, ਉਹ ਸੁਚੇਤ ਹੋਣ ਤੇ ਨਿਰਲੇਪ ਰਹਿ ਕੇ ਭਗਤੀ ਮਾਰਗ ਦੇ ਪਾਂਧੀ ਬਣਨ। ਭਗਤੀ ਵੈਰਾਗ ਬਿਨਾਂ ਹੋ ਹੀ ਨਹੀਂ ਸਕਦੀ। ਜਿੰਨਾ ਚਿਰ ਮਨ ਵਿਚ ਮੋਹ ਮਾਇਆ ਦਾ ਪਸਾਰਾ ਹੈ, ਉਨਾ ਚਿਰ ਪਰਮਾਤਮਾ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਪਰ ਸਤਿਗੁਰੂ ਜੀ ਨੇ ਘਰ-ਬਾਰ ਤਿਆਗਣ ਲਈ ਕਦੇ ਨਹੀਂ ਉਪਦੇਸ਼ ਦਿੱਤਾ ਕਿਉਂਕਿ ਪਰਮਾਤਮਾ ਤਾਂ ਸਦਾ ਅੰਗ-ਸੰਗ ਹੈ। ਉਸ ਨੂੰ ਜੰਗਲਾਂ ਵਿਚ ਕਿਉਂ ਲੱਭਣ ਜਾਈਏ, ਉਹ ਤਾਂ ਹਰ ਜੀਵ ਅੰਦਰ ਵਿਆਪਕ ਹੈ। ਉਸ ਨੂੰ ਪਛਾਨਣ ਦੀ ਜ਼ਰੂਰਤ ਹੈ। ਇਹ ਵਿਧੀ ਗੁਰੂ ਹੀ ਦੱਸਦਾ ਹੈ।

ਤਿਆਗ ਦਾ ਭਾਵ ਹੈ ਕਿਸੇ ਵਸਤੂ ਆਦਿ ਤੋਂ ਆਪਣਾ ਅਧਿਕਾਰ ਤਿਆਗ ਕੇ ਉਸ ਤੋਂ ਨਿਰਲੇਪ ਹੋ ਕੇ ਜੀਵਨ ਬਸਰ ਕਰਨਾ। ਮਨੁੱਖ ਨੂੰ ਉਸ ਦੀ ਆਪਣੀ ਅਸਲੀਅਤ ਤੋਂ ਜਾਣੂੰ ਕਰਵਾਇਆ ਗਿਆ ਹੈ। ਜੀਵ ਇਕੱਲਾ ਇਸ ਜਗਤ ਵਿਚ ਆਉਂਦਾ ਹੈ। ਅਗਿਆਨ-ਵੱਸ ਉਹ ਸੰਸਾਰੀ ਰਿਸ਼ਤਿਆਂ ਦੀ ਜ਼ੰਜੀਰ ਵਿਚ ਬੱਝ ਕੇ ਇਨ੍ਹਾਂ ਲਈ ਸੁਖ ਸਾਧਨ ਪੈਦਾ ਕਰਨ ਲਈ ਪਾਪ ਕਰਮ ਵੀ ਕਰਦਾ ਹੈ ਤੇ ਉਸ ਦੇ ਜੀਵਨ ਵਿਚ ਕੁੜੱਤਣ ਪੈਦਾ ਹੋ ਜਾਂਦੀ ਹੈ। ਹਰ ਕੁਕਰਮ ਮਾਨਵ-ਮਨ 'ਤੇ ਇਕ ਪ੍ਰਭਾਵ ਅੰਕਿਤ ਕਰਦਾ ਹੈ ਜੋ ਉਮਰਾਂ ਨਾਲ ਨਿਭਦਾ ਹੈ। ਇਨ੍ਹਾਂ ਸੰਬੰਧੀਆਂ ਦੀ ਖ਼ਾਤਰ ਧਨ ਇਕੱਠਾ ਕਰਨ ਲਈ ਕੁੱਤੇ ਵਾਂਗ ਦੁਆਰ-ਦੁਆਰ 'ਤੇ ਜਾ ਕੇ ਕੁਝ ਪ੍ਰਾਪਤ ਕਰਨ ਦਾ ਹੀਲਾ ਕੀਤਾ ਜਾਂਦਾ ਹੈ, ਪਰ ਪਰਮਾਤਮਾ ਦਾ ਸਿਮਰਨ ਨਹੀਂ ਕੀਤਾ ਜਾਂਦਾ। ਉਸ ਪ੍ਰਭੂ ਨੂੰ ਵਿਸਾਰ ਕੇ ਸੁਖ ਦੀ ਆਸ ਕਰਨੀ ਮੂਰਖਤਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਉਸ ਦੀ ਅਸਲੀ ਸਥਿਤੀ ਤੋਂ ਜਾਣੂੰ ਕਰਵਾਉਂਦਿਆਂ ਦੱਸਿਆ ਹੈ ਕਿ :

> "ਸੁੱਖ ਵਿਚ ਸਾਰੇ ਨੇੜੇ ਢੁੱਕ ਕੇ ਬਹਿੰਦੇ ਹਨ। ਆਨੰਦ ਮਾਣਦੇ ਹਨ ਪਰ ਦੁੱਖ ਵੇਲੇ ਸਭ ਸਾਥ ਛੱਡ ਜਾਂਦੇ ਹਨ, ਇਹ ਸਭ ਸੁਖ ਦੇ ਸਾਥੀ ਹਨ। ਬਾਲ-ਬੱਚੇ ਧਨ ਦੇ ਲਾਲਚ ਲਈ ਨਾਲ ਲੱਗੇ ਰਹਿੰਦੇ ਹਨ। ਪਰ ਜੇਕਰ ਉਨ੍ਹਾਂ ਨੂੰ ਜਾਪੇ ਕਿ ਇਸ ਤੋਂ ਹੁਣ ਕੁਝ ਨਹੀਂ ਸਰਨਾ ਤਾਂ ਫਿਰ ਝੱਟ ਤਿਆਗ ਦਿੰਦੇ ਹਨ। ਪਤਨੀ ਮਨੁੱਖ ਦੇ ਸਭ ਤੋਂ ਨੇੜੇ ਹੁੰਦੀ ਹੈ। ਦਿਨ ਰਾਤ ਨਾਲ ਰਹਿੰਦੀ ਹੈ ਪਰ ਜਦੋਂ ਰੂਹ ਦੇਹ ਵਿਚੋਂ ਨਿਕਲ ਤੁਰਦੀ ਹੈ ਤਾਂ ਉਹ ਵੀ 'ਪ੍ਰੇਤ' 'ਪ੍ਰੇਤ' ਕਹਿ ਕੇ ਭੱਜ ਜਾਂਦੀ ਹੈ। ਨੇੜੇ ਨਹੀਂ ਢੁਕਦੀ। ਸਭ ਇਹੀ ਕਹਿੰਦੇ ਹਨ ਕਿ ਜਲਦੀ ਇਸ ਦੀ ਦੇਹ ਨੂੰ ਘਰ ਵਿਚੋਂ ਕੱਢੋ। ਕੀ ਇਹ ਝੂਠ ਹੈ ? ਇਹ ਆਦਿ ਕਾਲ ਵਿਚ ਵੀ ਸੱਚ ਸੀ ਤੇ ਪਰਲੋ ਵੇਲੇ ਵੀ ਸੱਚ ਹੋਵੇਗਾ ?"

ਗੁਰੂ ਜੀ ਇਸ ਸਦੀਵੀ ਸੱਚ ਦਾ ਗਿਆਨ ਦੇਣ ਲਈ ਮਨੁੱਖ ਨੂੰ ਸੁਚੇਤ ਕਰਦੇ ਹਨ ਤੇ ਸਮਝਾਇਆ ਹੈ ਕਿ ਅਜੇ ਵੀ ਕੁਝ ਨਹੀਂ ਵਿਗੜਿਆ। ਇਨ੍ਹਾਂ ਸੰਬੰਧੀਆਂ ਨਾਲੋਂ ਮੋਹ ਤੋੜ। ਜਿਵੇਂ ਜਲ ਵਿਚ ਕਮਲ ਰਹਿੰਦਾ ਹੈ, ਮੁਰਗ਼ਾਬੀ ਪਾਣੀ ਵਿਚ ਰਹਿੰਦੀ ਹੈ ਉਵੇਂ ਗ੍ਰਿਹਸਤ ਵਿਚ ਰਹਿ। ਸੰਸਾਰ ਵਿਚ ਰਹਿੰਦਿਆਂ ਹੋਇਆਂ ਆਪਣੇ ਧਿਆਨ ਦਾ ਕੇਂਦਰ ਬਿੰਦੂ ਪਰਮਾਤਮਾ ਨੂੰ ਬਣਾ। ਇਉਂ ਇਹ ਜੀਵਨ ਸਫਲ ਹੋ ਜਾਵੇਗਾ।

ਜ਼ਿੰਦਗੀ ਵਿਚ ਕੁਝ ਕਰ ਸਕਣ ਲਈ ਉਹ ਅੱਗੇ ਆਵੇਗਾ ਜੋ ਨਿਰਮੋਹ ਹੋ ਕੇ ਜਗਤ ਵਿਚ ਵਿਚਰਦਾ ਹੋਵੇਗਾ। ਮੋਹ ਮਾਇਆ ਦਾ ਗ੍ਰਸਿਆ ਕਦੇ ਕੁਰਬਾਨੀ ਨਹੀਂ ਦੇ ਸਕਦਾ। ਇਹ ਸੱਚ ਹੈ ਜਿਸ ਦਾ ਗਿਆਨ ਸਤਿਗੁਰੂ ਜੀ ਨੂੰ ਸੀ। ਇਸ ਲਈ ਉਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਇਹ ਉਪਦੇਸ਼ ਦਿੱਤਾ ਸੀ ਕਿ ਵੈਰਾਗ ਤੇ ਤਿਆਗ ਦੀ ਦੈਵੀ ਬਿਰਤੀ ਧਾਰਨ ਕਰੋ। ਜ਼ੁਲਮ ਤੇ ਜਬਰ ਦਾ ਨਾਸ਼ ਤਾਂ ਹੀ ਹੋ ਸਕਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪੜ੍ਹਦਿਆਂ ਕਈ ਵਾਰ ਸਾਧਾਰਨ ਮਨੁੱਖ ਨੂੰ ਜਾਪਦਾ ਹੈ ਕਿ ਸ਼ਾਇਦ ਸਤਿਗੁਰੂ ਨਿਰਾਸ਼ਾਵਾਦੀ ਵਿਚਾਰ ਦੇ ਰਹੇ ਹਨ, ਪਰ ਨਹੀਂ! ਸਤਿਗੁਰੂ ਜੇਕਰ ਨਿਰਾਸ਼ਾਵਾਦੀ ਹੁੰਦੇ ਤਾਂ 'ਕਲੂ' ਵਿਚ 'ਬਡੋ ਸਾਕਾ' ਕਿਵੇਂ ਕਰਦੇ ? ਉਹ ਆਸ਼ਾਵਾਦੀ ਸਨ ਤੇ ਉਨ੍ਹਾਂ ਨੂੰ ਪਤਾ ਸੀ ਕਿ ਸ਼ਹਾਦਤ ਨਾਲ ਹੀ ਬਿਪਤਾ ਟਾਲੀ ਜਾ ਸਕਦੀ ਹੈ। ਹੱਸਦਿਆਂ ਸੀਸ ਦੇ ਦਿੱਤਾ ਤੇ 'ਸੀ ਨਾ ਉਚਰੀ', ਹੈ ਨਾ ਕਮਾਲ! ਫਿਰ ਸਤਿਗੁਰੂ ਨਿਰਾਸ਼ਾਵਾਦੀ ਕਿਵੇਂ ਹੋਏ ? ਉਹ ਤਾਂ ਜਗਤ ਦੀ, ਇਸ ਵਿਚ ਆਪਸੀ ਸੰਬੰਧਾਂ ਦੀ ਅਸਲੀਅਤ ਦਾ ਗਿਆਨ ਦੇ ਰਹੇ ਸਨ ਭੁੱਲੇ ਭਟਕੇ ਮਨੁੱਖ ਜੀਵ ਨੂੰ। ਗੁਰੂ ਜੀ ਵਰਗਾ ਦ੍ਰਿੜ੍ਹ ਸੰਕਲਪ ਤੇ ਆਸ਼ਾਵਾਦੀ ਹੀ ਕਹਿ ਸਕਦਾ ਹੈ :

**ਭੈ ਕਾਹੂ ਕਉ ਦੇਤ ਨਹਿ**
**ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ**
**ਗਿਆਨੀ ਤਾਹਿ ਬਖਾਨਿ॥੧੬॥** *(ਪੰਨਾ ੧੪੨੭)*

ਗੁਰਦੇਵ ਜੀ ਪਰਮਾਤਮਾ ਦੀ ਰਜ਼ਾ ਵਿਚ ਰਹਿਣ ਵਾਲੇ ਤਾਂ ਸਨ ਹੀ ਪਰ ਉਹਨਾਂ ਨੇ ਆਪਣੇ ਸਾਥੀਆਂ ਨੂੰ ਵੀ ਅਜਿਹਾ ਹੀ ਉਪਦੇਸ਼ ਦਿੱਤਾ ਕਿ ਈਸ਼ਵਰੀ ਵਿਧਾਨ ਵਿਚ ਸਭ ਕੁਝ ਠੀਕ ਹੁੰਦਾ ਹੈ। ਚਿੰਤਾ ਨਹੀਂ ਕਰਨੀ ਚਾਹੀਦੀ। ਚਿੰਤਾ ਵਿਚ ਸੁੱਕਣਾ ਨਿਰਾਸ਼ਾਵਾਦੀ ਦਾ ਧਰਮ ਹੈ। ਸਤਿਗੁਰੂ ਨੇ ਤਾਂ ਸਿੱਖਾਂ ਨੂੰ ਆਖਿਆ ਸੀ :

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥**
**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥੫੧॥** *(ਪੰਨਾ ੧੪੨੯)*

ਇਸ ਲਈ ਅਚਿੰਤ ਹੋ ਕੇ ਪਰਮਾਤਮਾ ਦਾ ਸਿਮਰਨ ਕਰੋ :

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥੫੨॥** *(ਉਹੀ)*

ਜਗਤ ਸਭ ਕਾਲ ਵੱਸ ਹੈ, ਪਰ ਫਿਰ ਵੀ ਥਿਰ ਰਹਿਣ ਵਾਲੇ ਵੀ ਹਨ :

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥੫੬॥ *(ਉਹੀ)*

ਸੁੱਖ ਦੀ ਪ੍ਰਾਪਤੀ ਲਈ ਮਨੁੱਖ ਦੁੱਖ ਭੋਗਦਾ ਰਹਿੰਦਾ ਹੈ। ਸਤਿਗੁਰੂ ਨੇ ਤਾਂ ਸਪੱਸ਼ਟ ਦੱਸਿਆ ਹੈ ਕਿ ਸੁੱਖ ਤਾਂ ਪਰਮਾਤਮਾ ਦੀ ਸ਼ਰਨ ਵਿਚ ਹੈ। ਜੋ ਪ੍ਰਾਪਤ ਕਰ ਲੈਂਦਾ ਹੈ, ਸੁਖੀ ਹੋ ਜਾਂਦਾ ਹੈ। ਸੁੱਖ ਯਤਨਾਂ ਨਾਲ ਨਹੀਂ ਮਿਹਰ ਨਾਲ ਮਿਲਦਾ ਹੈ। ਚੰਗੇ ਕਰਮਾਂ ਨਾਲ ਮਿਲਦਾ ਹੈ:

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥੯॥
ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥੨੭॥
ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥੩੯॥ *(ਪੰਨਾ ੧੪੨੬)*

ਸਤਿਗੁਰ ਨੇ ਆਪਣੀ ਬਾਣੀ ਵਿਚ ਸਮਤਾ ਉਪਰ ਬੜਾ ਬਲ ਦਿੱਤਾ ਹੈ। ਦੁੱਖ-ਸੁਖ, ਮਾਨ-ਅਪਮਾਨ, ਬਿਖ-ਅੰਮ੍ਰਿਤ, ਹਰਖ-ਸੋਗ, ਸਵੈ-ਪਰ ਆਦਿ ਨੂੰ ਬਰਾਬਰ ਮੰਨਣ ਲਈ ਸਿੱਖਾਂ ਨੂੰ ਉਪਦੇਸ਼ ਦਿੱਤਾ ਹੈ। ਅਜਿਹਾ ਵਿਅਕਤੀ ਜੋ ਹਰ ਪ੍ਰਕਾਰ ਦੀ ਸਥਿਤੀ ਵਿਚ ਅਡੋਲ ਰਹਿੰਦਾ ਹੈ, ਜੀਵਨ ਮੁਕਤ ਬਣ ਜਾਂਦਾ ਹੈ, ਗੁਰਮੁਖ ਬਣ ਜਾਂਦਾ ਹੈ। ਇਸ ਪ੍ਰਕਾਰ ਦੀ ਸਮ-ਬਿਰਤੀ ਵਾਲਾ ਗੁਰੂ ਜੀ ਦੀ ਦ੍ਰਿਸ਼ਟੀ ਵਿਚ ਸ੍ਰੇਸ਼ਟ ਪੁਰਖ ਹੈ:

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥

*(ਪੰਨਾ ੨੧੯)*

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥

*(ਪੰਨਾ ੬੩੩)*

ਸਤਿਗੁਰੂ ਨੇ ਸਿੱਖਾਂ ਨੂੰ ਕਰਮ-ਕਾਂਡਾਂ ਦੇ ਜੰਜਾਲ ਵਿਚੋਂ ਕੱਢ ਕੇ ਇਕ ਪਰਮਾਤਮਾ ਦੇ ਲੜ ਲਗਾਇਆ। ਪਰਮਾਤਮਾ ਦੀ ਪ੍ਰਾਪਤੀ ਲਈ ਸਾਧਨਾ ਕਰਨ ਵਾਲੇ ਜਗਿਆਸੂਆਂ ਨੂੰ ਕੇਵਲ ਨਾਮ-ਸਿਮਰਨ 'ਤੇ ਬਲ ਦੇਣ ਲਈ ਆਖਿਆ ਹੈ। ਸਤਿਗੁਰੂ ਦਾ ਵਿਚਾਰ ਹੈ ਕਿ ਸਿਮਰਨ ਕਰਦਿਆਂ ਕਰਦਿਆਂ ਉਹ ਸਮਾਂ ਆ ਜਾਂਦਾ ਹੈ ਕਿ ਨਾਮ ਤੇ ਨਾਮੀ ਇਕ ਹੋ ਜਾਂਦੇ ਹਨ। ਇਸ ਲਈ ਨਾਮ ਜਪਣਾ ਹੀ ਪ੍ਰਮੁੱਖ ਸਾਧਨਾ ਹੈ। ਆਪ ਦਾ ਫ਼ਰਮਾਨ ਹੈ:

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥**
**ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ॥**

*(ਪੰਨਾ ੬੩੨)*

ਅਤੇ

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥**
**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥੫੭॥** *(ਪੰਨਾ ੧੪੨੯)*

ਇਸ ਲਈ ਆਪ ਨੇ ਮਨੁੱਖ ਦਾ ਜੀਵਨ-ਪ੍ਰਯੋਜਨ ਹੀ ਨਾਮ ਸਿਮਰਨ ਦੱਸਿਆ ਹੈ। ਇਹ ਜੀਵਨ ਨਿਰਮੋਲਕ ਹੈ, ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ। ਇਸ ਲਈ ਇਹ ਬੇ-ਅਰਥ ਨਹੀਂ ਬੀਤਣਾ ਚਾਹੀਦਾ। ਇਸ ਦੀ ਸਫਲਤਾ ਪਰਮਾਤਮਾ ਦੇ ਨਾਮ ਸਿਮਰਨ ਵਿਚ ਹੈ। ਸਤਿਗੁਰ ਵਾਰ-ਵਾਰ ਕਹਿੰਦੇ ਹਨ:

**ਸਾਧੋ ਗੋਬਿੰਦ ਕੇ ਗੁਨ ਗਾਵਉ॥**
**ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥ਰਹਾਉ॥**

*(ਪੰਨਾ ੨੧੯)*

**ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੁਰੈ ਕਾਜਿ ਹੈ॥**
**ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥**
**ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥** *(ਪੰਨਾ ੧੩੫੨)*

**ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ॥** *(ਉਹੀ)*

**ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨ॥**
**ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥੧॥**

*(ਪੰਨਾ ੧੪੨੬)*

**ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥**
**ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥੪੫॥**

*(ਪੰਨਾ ੧੪੨੮)*

ਇਉਂ ਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਹੋਰ ਪ੍ਰਕਾਰ ਦੇ ਕਰਮ-ਕਾਂਡ ਤਿਆਗ ਕੇ ਕੇਵਲ ਪਰਮਾਤਮਾ ਦਾ ਨਾਮ ਜਪੋ। ਉਸ ਦੀ ਸ਼ਰਨ ਵਿਚ ਆਓ। ਉਸ ਨੂੰ "ਘਟ ਘਟ ਮੈ ਹਰਿ ਜੂ ਬਸੈ" ਜਾਣੋ। ਦੁਖ-ਸੁਖ, ਮਾਨ-ਅਪਮਾਨ ਬਰਾਬਰ ਜਾਣੋ। ਫਿਰ ਗੁਰਮੁਖ ਪਦ ਪ੍ਰਾਪਤ ਹੋ ਜਾਵੇਗਾ। ਸਾਧਕ ਦਾ ਜੀਵਨ ਮੁਕਤ ਹੋ ਜਾਵੇਗਾ।

ਉਪਰੋਕਤ ਵਿਚਾਰ ਤੋਂ ਕੁਝ ਗੱਲਾਂ ਨਿਖਰ ਕੇ ਸਾਹਮਣੇ ਆਉਂਦੀਆਂ ਹਨ:

(ੳ) ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਜ਼ਲੂਮਾਂ ਦੇ ਧਰਮ ਤੇ ਸੰਸਕ੍ਰਿਤੀ ਨੂੰ ਬਚਾਉਣ ਲਈ ਇਹ ਸਾਕਾ ਕੀਤਾ, ਜਿਸ ਦੇ ਫਲਸਰੂਪ ਜ਼ਾਲਮਾਂ ਦਾ ਰਾਜ ਖ਼ਤਮ ਹੋਇਆ। ਸਿੰਘਾਂ ਨੇ ਦੁਸ਼ਟਾਂ ਦਾ ਨਾਸ਼ ਕੀਤਾ, ਗਊ-ਗਰੀਬ ਦੀ ਰੱਖਿਆ ਕੀਤੀ ਤੇ ਅਖੀਰ ਰਾਜ-ਭਾਗ ਵਾਲੇ ਬਣ ਗਏ।

(ਅ) ਉਪਰੀ ਨਜ਼ਰੇ ਸਤਿਗੁਰੂ ਜੀ ਦੀ ਬਾਣੀ ਨਿਰਾਸ਼ਾਵਾਦੀ ਪ੍ਰਕਿਰਤੀ ਦੀ ਜਾਪਦੀ ਹੈ ਪਰ ਅਜਿਹਾ ਨਹੀਂ ਹੈ। ਸਤਿਗੁਰੂ ਨੇ ਮਨੁੱਖ ਨੂੰ ਉਸ ਦੀ ਯਥਾਰਥਕ ਸਥਿਤੀ ਤੋਂ ਜਾਣੂੰ ਕਰਾਉਣ ਲਈ ਜਗਤ ਦੀ ਨਿਤ-ਨਿਤ ਬਦਲਦੀ ਨੁਹਾਰ, ਪਰਿਵਰਤਨਸ਼ੀਲਤਾ, ਨਾਸ਼ਮਾਨਤਾ ਆਦਿ ਬਾਰੇ ਇਸ ਲਈ ਦੱਸਿਆ ਹੈ ਕਿ ਉਹ ਆਪਣਾ ਮੋਹ ਇਸ ਦਿਸਦੇ ਵਸਦੇ ਜਗਤ ਨਾਲੋਂ ਤੋੜ ਕੇ ਅਦ੍ਰਿਸ਼ਟ ਨਿਰੰਕਾਰ ਨਾਲ ਲਗਾਵੇ। ਦੁਨਿਆਵੀ-ਮਾਇਆਵੀ ਚੀਜ਼ਾਂ ਵਿਚ ਲੱਗੀ ਸੁਰਤ ਪ੍ਰਭੂ ਚਰਨਾਂ ਵੱਲ ਨਹੀਂ ਜਾ ਸਕਦੀ। ਇਸ ਲਈ ਉਸ ਨੂੰ ਇਸ ਬਾਰੇ ਗਿਆਨ ਦੇਣਾ ਲਾਜ਼ਮੀ ਸੀ। ਸਤਿਗੁਰੂ ਨੇ ਇਸੇ ਕਰਕੇ ਜਗਤ ਦੀ ਛਿੰਨ ਭੰਗਰਤਾ ਬਾਰੇ ਵਾਰ-ਵਾਰ ਦੱਸ ਕੇ ਉਸ ਨੂੰ ਨਿਰਮੋਹ ਹੋਣ ਲਈ ਪ੍ਰੇਰਿਤ ਕੀਤਾ ਹੈ।

(ੲ) ਕੁਰਬਾਨੀ ਕਰਨ ਲਈ ਉਹ ਸਿਰ 'ਤੇ ਖੱਫ਼ਨ ਬੰਨ੍ਹ ਕੇ ਮੈਦਾਨ ਵਿਚ ਕੁੱਦ ਸਕਦਾ ਹੈ ਜੋ ਵੈਰਾਗੀ ਹੋਵੇ। ਤਿਆਗੀ ਹੋਵੇ। ਉਹੋ ਹੀ ਰੱਬ ਦੀ ਖ਼ਾਤਰ, ਧਰਮ ਦੀ ਖ਼ਾਤਰ ਜਾਨ ਕੁਰਬਾਨ ਕਰ ਸਕਦਾ ਹੈ। ਸਤਿਗੁਰੂ ਜੀ ਦੇ ਜੀਵਨ ਕਾਲ ਵਿਚ ਹਾਲਾਤ ਅਜਿਹੇ ਬਣ ਚੁੱਕੇ ਸਨ ਕਿ ਉਨ੍ਹਾਂ ਨੇ ਇਹ ਭਾਂਪ ਲਿਆ ਸੀ ਕਿ ਆਉਣ ਵਾਲੇ ਸਮੇਂ ਵਿਚ ਜ਼ੁਲਮ ਤੇ ਜਬਰ ਦਾ ਨਾਸ਼ ਕਰਨ ਲਈ ਸੰਤ-ਸਿਪਾਹੀ ਹੀ ਨਿਤਰ ਸਕਦੇ ਹਨ। ਇਸ ਲਈ ਆਪ ਨੇ ਦੁਨਿਆਵੀ ਸੰਬੰਧਾਂ ਦੀ ਸਵਾਰਥ ਭਰੀ ਸਾਂਝ ਬਾਰੇ ਦੱਸ ਕੇ ਸਿੱਖਾਂ ਨੂੰ ਨਿਰਮੋਹ ਕਰਨ ਦਾ ਉਪਰਾਲਾ ਕੀਤਾ ਹੈ। ਸਤਿਗੁਰੂ ਦੀ ਬਾਣੀ ਪੜ੍ਹਨ ਵਾਲੇ ਸਿੱਖ ਨਿਰਮੋਹ ਹੋ ਕੇ ਜੀਵਨ ਵਿਚ ਵਿਚਰਨ ਲੱਗੇ। ਸਮਾਂ ਆਉਣ 'ਤੇ "ਮੁਖ ਤੇ ਹਰਿ ਚਿਤ ਮੈ ਯੁੱਧ" ਵਿਚਾਰਦਿਆਂ ਕੱਟ ਮਰੇ। ਇਉਂ ਸਤਿਗੁਰੂ ਦਾ ਵੈਰਾਗ ਤੇ ਤਿਆਗ ਦਾ ਸੰਕਲਪ ਪ੍ਰਾਚੀਨ ਸੰਕਲਪਾਂ ਨਾਲ ਨਹੀਂ ਰਲਦਾ ਕਿਉਂਕਿ ਉਨ੍ਹਾਂ ਵਿਚ ਤਾਂ ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਜਾ ਕੇ ਮੁਕਤੀ ਲਈ ਸੰਘਰਸ਼ ਕਰਨਾ ਸੀ ਪਰ ਸਤਿਗੁਰੂ ਨੇ ਤਾਂ ਪਰਮਾਤਮਾ ਨੂੰ ਆਪਣੇ ਅੰਦਰੋਂ ਲੱਭਣ ਲਈ ਉਪਦੇਸ਼ ਦਿੱਤਾ ਤੇ ਨਿਰਭੈ ਹੋ ਕੇ ਜੀਵਨ ਜੀਉਣ ਦੀ ਜਾਚ ਸਿਖਾਈ। ਜਿਸ ਸਿਦਕ ਤੇ ਸਿਰੜ ਨਾਲ ਸਤਿਗੁਰੂ ਜੀ ਦੇ ਸਿੱਖਾਂ ਨੇ ਤਸੀਹੇ ਸਹੇ ਉਸ ਦੀ ਉਦਾਹਰਨ ਹੋਰ ਕਿਤਿਓਂ ਮਿਲਣੀ ਮੁਸ਼ਕਲ ਹੈ। ਇਹ ਮਹਾਨ ਕੁਰਬਾਨੀ ਤਾਂ ਵੈਰਾਗੀ ਤੇ ਤਿਆਗੀ ਹੀ ਕਰ ਸਕਦੇ ਸਨ।

(ਸ) ਨਾਮ-ਸਿਮਰਨ ਸ੍ਰੇਸ਼ਟ ਸਾਧਨਾ ਹੈ। ਗੁਰਦੇਵ ਜੀ ਨੇ ਆਪਣੇ ਸਿੱਖਾਂ ਨੂੰ ਸਵਾਸ-ਸਵਾਸ ਨਾਮ ਜਪਣ ਤੇ ਪਰਮਾਤਮਾ ਦੀ ਸ਼ਰਣ ਵਿਚ ਨਾਮ-ਆਧਾਰ ਰੱਖਣ ਦਾ ਉਪਦੇਸ਼ ਦਿੱਤਾ। ਨਾਮ ਜਪਣ ਵਾਲਾ ਹੀ ਨਿਰਲੇਪ ਹੋ ਸਕਦਾ ਹੈ। ਉਸ ਨੂੰ ਸਮਦ੍ਰਿਸ਼ਟੀ ਮਿਲਦੀ ਹੈ। ਉਹ ਦੁੱਖ-ਸੁਖ, ਮਾਨ-ਅਪਮਾਨ, ਬਿਖ-ਅੰਮ੍ਰਿਤ, ਜੀਵਨ-ਮਰਨ, ਗੱਲ ਕੀ ਸਭ ਪ੍ਰਕਾਰ ਦੀਆਂ ਸਥਿਤੀਆਂ ਵਿਚ ਅਡੋਲ ਰਹਿੰਦਾ ਹੈ। ਭਾਣੇ ਵਿਚ ਰਹਿੰਦਾ ਹੈ। ਸੁਰਤ ਪ੍ਰਭੂ ਚਰਨਾਂ ਵਿਚ ਰਹਿੰਦੀ ਹੈ। ਅਜਿਹਾ ਸਮ-ਬਿਰਤੀ ਵਾਲਾ ਮਨੁੱਖ ਜੀਵਨ ਮੁਕਤ ਬਣ ਜਾਂਦਾ ਹੈ। ਗੁਰਮੁਖ ਬਣ ਜਾਂਦਾ ਹੈ। ਭਗਤ ਬਣ ਜਾਂਦਾ ਹੈ। ਜਨ ਬਣ ਜਾਂਦਾ ਹੈ। ਅਜਿਹੀ ਮਨੋਦਸ਼ਾ ਹੋ ਜਾਂਦੀ ਹੈ ਕਿ ਹਮੇਸ਼ਾ ਹੀ ਖੇੜਾ ਰਹਿੰਦਾ ਹੈ। ਪਰਮਾਤਮਾ ਦੀ ਰਜ਼ਾ ਵਿਚ ਸੁਖ ਹੀ ਸੁਖ ਹੈ।

**ਨਾਨਕ ਭਗਤਾ ਸਦਾ ਵਿਗਾਸੁ॥**
ਇਹ ਦਿਸ਼ਾ ਰਹਿੰਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਤੇ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਵਿਦਵਾਨ ਪ੍ਰਭਾਵਿਤ ਹੋਏ। ਕਵੀ ਤੇ ਕਲਾਕਾਰ ਪ੍ਰਭਾਵਿਤ ਹੋਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤੀ ਨੇ ਸ਼ਰਧਾਂਜਲੀ ਦਿੰਦਿਆਂ ਲਿਖਿਆ ਸੀ—

ਪ੍ਰਗਟ ਭਏ ਗੁਰੂ ਤੇਗ ਬਹਾਦਰ।
ਸਗਲ ਸ੍ਰਿਸਟ ਪੈ ਢਾਪੀ ਚਾਦਰ।
ਕਰਮ ਧਰਮ ਕੀ ਜਿਨਿ ਪਤਿ ਰਾਖੀ।
ਅਟਲ ਕਰੀ ਕਲਜੁਗ ਮੈ ਸਾਖੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਜਦੋਂ ਮਨੁੱਖਤਾ ਦੇ ਦੁਖ ਹਰਨ ਲਈ ਤੇ ਸਾਰਾ ਕਸ਼ਟ ਆਪਣੇ 'ਤੇ ਲੈਣ ਲਈ ਦਿੱਲੀ ਪੁੱਜੇ ਤਾਂ ਔਰੰਗਜ਼ੇਬ ਦੇ ਮੁੱਲਾਂ-ਕਾਜ਼ੀ ਆਪ ਨੂੰ ਵਿਚਾਰ ਦੇ ਪੱਧਰ 'ਤੇ ਜਿੱਤਣ ਤੋਂ ਅਸਮਰੱਥ ਰਹੇ ਤੇ ਅਖ਼ੀਰ ਸ਼ਹੀਦੀ ਸਾਕਾ ਕਰਨ ਲਈ ਸਤਿਗੁਰੂ ਤਿਆਰ ਹੋ ਗਏ। ਆਪ ਪਾਸ ਸਿੱਖ/ਸੇਵਕ ਉਪਦੇਸ਼ ਲੈਣ ਲਈ ਆਉਂਦੇ ਸਨ। ਆਪ ਦੇ ਅੰਤਿਮ ਉਪਦੇਸ਼ ਚਾਂਦ ਭੱਟ ਨੇ ਇਉਂ ਅੰਕਿਤ ਕੀਤੇ ਹਨ:

ਚਿਤ ਚਰਨ ਕਮਲ ਕਾ ਆਸਰਾ, ਚਿਤ ਚਰਨ ਕਮਲ ਸੰਗ ਜੋੜੀਐ।
ਮਨ ਲੋਚੇ ਬੁਰਿਆਈਆਂ, ਗੁਰ ਸ਼ਬਦੀ ਇਹ ਮਨ ਹੋੜੀਐ।
ਬਾਂਹਿ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਂਹਿ ਨਾ ਛੋੜੀਐ।
ਗੁਰੂ ਤੇਗ ਬਹਾਦਰ ਬੋਲਿਆ, ਧਰ ਪਈਏ ਧਰਮ ਨ ਛੋੜੀਐ।

(8/1998)

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਕ ਅਨਿੰਨ ਸ਼ਰਧਾਲੂ

# ਨਵਾਬ ਸੈਫ਼ ਖ਼ਾਨ

ਨਵਾਬ ਸੈਫ਼ ਅਲੀ ਖ਼ਾਨ, ਸ਼ਾਹ ਜਹਾਨ ਦਾ ਸਾਂਢੂ ਸੀ। ਇਹ ਖੁੱਲ੍ਹ-ਖਿਆਲੀਆ ਸੀ। ਕਸ਼ਮੀਰ ਦਾ ਗਵਰਨਰ ਵੀ ਰਹਿ ਚੁੱਕਾ ਸੀ ਤੇ ਹੁਣ ਇਸ ਨੂੰ ਔਰੰਗਜ਼ੇਬ ਨੇ ਗੁਜ਼ਾਰੇ ਲਈ ਬਾਰਾਂ ਪਿੰਡਾਂ ਦਾ ਖ਼ੁਸ਼ਕ ਜਿਹਾ ਇਲਾਕਾ ਦੇ ਦਿੱਤਾ ਸੀ। ਇਹ ਇਕ ਪ੍ਰਕਾਰ ਦਾ ਦੇਸ਼ ਨਿਕਾਲਾ ਹੀ ਸੀ ਪਰ ਇਸ ਖ਼ੁਦਾਪ੍ਰਸਤ ਦੀ ਮਿਹਨਤ ਸਦਕਾ ਇਲਾਕੇ ਵਿਚ ਰੌਣਕਾਂ ਲੱਗ ਗਈਆਂ। ਪੀਰ ਭੀਖਣ ਸ਼ਾਹ ਅਤੇ ਠਸਕਾ ਮੀਰ ਦੇ ਸੰਪਰਕ ਵਿਚ ਆਉਣ ਨਾਲ, ਇਹਨਾਂ ਦੀ ਇਕ ਜਮਾਤ ਹੀ ਬਣ ਗਈ ਸੀ। ਮੂਸਾ ਰੋਪੜੀ ਨੇ ਸੈਫ਼ ਖ਼ਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਜ਼ਮਤ ਦੱਸੀ ਅਤੇ ਜਦ ਸੈਫ਼ ਖ਼ਾਨ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਉਣਾ ਸੁਣਿਆ ਤਾਂ ਆਪੂੰ ਲੈਣ ਆਇਆ।

ਗੁਰੂ ਜੀ ਨੇ ਉਸ ਦੇ ਬਾਗ਼ ਵਿਚ ਡੇਰਾ ਕੀਤਾ ਸੀ ਜਿਸ ਬਾਗ਼ ਬਾਰੇ ਲਿਖਿਆ ਹੈ ਕਿ ਉਹ ਪੰਜਵਟੀ ਸਮਾਨ ਅਸਥਾਨ ਸੀ। ਸੈਫ਼ ਖ਼ਾਨ ਬਾਰੇ 'ਸਾਖੀ ਪੋਥੀ' ਵਾਲਾ ਲਿਖਦਾ ਹੈ ਕਿ :

"ਸੈਫ਼ ਖ਼ਾਨ ਨੇਕ ਮਰਦ ਹੈ ਸੀ। ਦਿਲ ਦਾ ਸਾਫ਼ ਹੈ ਸੀ।"

ਸੈਫ਼ ਖ਼ਾਨ ਅਕਸਰ ਕਿਹਾ ਕਰਦਾ ਸੀ ਕਿ :

"ਚਰਚਾ ਵਿਚ ਖਿਝਣਾ ਅਤੇ ਦੂਜੇ ਨੂੰ ਚੋਟਾਂ ਨਹੀਂ ਮਾਰਨੀਆਂ ਚਾਹੀਦੀਆਂ। ਜੇ ਸਮਝਦੇ ਹੋ ਕਿ ਅਗਲਾ ਠੀਕ ਕਹਿ ਰਿਹਾ ਹੈ ਤਾਂ ਉਸ ਦੀ ਗੱਲ ਮੰਨ ਲਵੋ। ਜੇ ਉਸ ਨੂੰ ਗ਼ਲਤ ਸਮਝਦੇ ਹੋ ਤਾਂ ਇਕ ਜਾਂ ਦੋ ਵਾਰੀ ਸਮਝਾਓ ਅਤੇ ਜੇ ਉਹ ਫੇਰ ਵੀ ਨਾ ਮੰਨੇ ਤਾਂ ਇਹ ਆਖੋ ਕਿ ਜੋ ਉਹ ਕਹਿ ਰਿਹਾ ਹੈ ਸ਼ਾਇਦ ਉਹ ਠੀਕ ਹੀ ਹੋਵੇ।"

ਸੈਫ਼ ਖ਼ਾਨ ਬੇਨਤੀ ਕਰ ਗੁਰੂ ਜੀ ਨੂੰ ਆਪਣੇ ਮਹਿਲਾਂ ਵਿਚ ਲੈ ਗਿਆ ਅਤੇ ਕਿਹਾ "ਅੱਜ ਮੇਰਾ ਜਨਮ ਸਫਲ ਹੋਇਆ ਹੈ।" ਮਹਿਲਾਂ ਵਿਚ ਲੈ ਜਾਣ ਵੇਲੇ ਇਤਨਾ ਆਦਰ ਦਿੱਤਾ ਕਿ ਗੁਰੂ ਜੀ ਨੂੰ ਘੋੜੇ ਤੋਂ ਉਤਰਨ ਨਾ ਦਿੱਤਾ ਅਤੇ ਰਕਾਬ ਆਪੂੰ ਪਕੜ ਲਈ। ਪੈਦਲ ਹੀ ਨਾਲ ਚਲਦਾ ਰਿਹਾ। ਮਾਤਾ ਨਾਨਕੀ ਜੀ ਨੂੰ ਡੋਲੇ ਵਿਚ ਹੀ ਬਿਠਾ ਮਹਲੀਂ ਲੈ ਗਿਆ। ਉਸ ਦੀ ਬੇਗ਼ਮ ਨੇ ਮਾਤਾ ਗੁਜਰੀ ਜੀ ਨੂੰ ਮੱਥਾ ਟੇਕਿਆ। ਗਹਿਣੇ ਤੇ ਬਸਤਰ ਵੀ ਬੇਗ਼ਮ ਨੇ ਭੇਟ ਕੀਤੇ।

ਗੁਰੂ ਜੀ ਨੇ ਉਸ ਦੇ ਘਰ ਬਾਹਰਵਾਰ ਅੰਦਰ ਜਾਂਦਿਆਂ ਮਸੀਤ ਡਿੱਠੀ ਤਾਂ ਪ੍ਰਸੰਨ ਹੋ ਕੇ ਸਿਫ਼ਤ ਕੀਤੀ ਅਤੇ ਸੈਫ਼ ਖ਼ਾਨ ਨੇ ਵੀ ਕਿਹਾ :

"ਮਹਲ ਤੋਂ ਵੀ ਸੁੰਦਰ ਬਣਾਈ ਹੈ।"

ਗੁਰੂ ਜੀ ਨੇ ਪੁੱਛਿਆ ਕਿ :

"ਮਹੱਲ ਨੂੰ ਕਿਲ੍ਹਾਨੁਮਾ ਕਿਉਂ ਬਣਵਾਇਆ ਹੈ ?"

ਤਾਂ ਸੈਫ਼ ਖ਼ਾਨ ਨੇ ਕਿਹਾ:

> "ਜਿਥੇ ਘਰ ਹੈ ਉਸ ਥਾਂ 'ਤੇ ਉਸ ਕੀ ਡਿੱਠਾ ਕਿ ਇਕ ਭੇਡ ਪ੍ਰਸੂਤੀ। ਤਿਸ ਨੂੰ ਦੋ ਬਘਿਆੜ ਪਏ ਮਾਰਨ। ਤਿਸ ਮਾਰ ਨਾ ਖਾਧੀ। ਬਘਿਆੜ ਹਾਰ ਗਏ ਅਤੇ ਭੱਜ ਗਏ। ਮੈਂ ਇਸ ਕਰਕੇ ਘਰ ਇਥੇ ਕਿਲ੍ਹੇ ਵਾਂਗ ਬਣਵਾਇਆ ਕਿ ਇਹ ਜਗ੍ਹਾ ਅਜਿੱਤ ਹੈ।"

ਸ਼ਰਧਾ ਵਜੋਂ ਉਸ ਨੇ ਲੰਗਰ ਲਈ ਹੋਰ ਭਾਂਡੇ, ਤੰਬੂ, ਛੋਲਦਾਰੀਆਂ ਅਤੇ ਊਠ ਭੇਂਟ ਕੀਤੇ। ਗੁਰੂ ਪਾਤਸ਼ਾਹ ਦੀ ਸਵਾਰੀ ਲਈ ਵਧੀਆ ਘੋੜਾ ਭੇਟ ਕੀਤਾ, ਮਾਤਾ ਜੀ ਦੀ ਸਵਾਰੀ ਲਈ ਰੱਥ। ਜਦ ਉਸ ਉਪਦੇਸ਼ ਦੀ ਮੰਗ ਕੀਤੀ ਤਾਂ ਆਪ ਜੀ ਨੇ ਕਿਹਾ:

> "ਅਲਾਹ ਨੂੰ ਸਦਾ ਯਾਦ, ਫਕੀਰ ਦੀ ਸੇਵਾ, ਬੰਦਗੀ ਕਰਨੀ, ਮਨ ਨੀਵਾਂ ਰੱਖਣਾ, ਤੁਸਾਂ ਨੂੰ ਸਦਾ ਅਨੰਦ ਰਹੇਗਾ।"

ਨੌਂ ਦਿਨ ਗੁਰੂ ਪਾਤਸ਼ਾਹ ਉਥੇ ਟਿਕੇ ਸਨ। ਉਸ ਨੇ ਟੁਰਨ ਵੇਲੇ ਹੱਥ ਜੋੜ ਬੇਨਤੀ ਕੀਤੀ ਸੀ, "ਗਰੀਬ ਨਿਵਾਜ ਜੀ! ਫਿਰ ਦਰਸ਼ਨ ਦੇਣਾ।"

ਇਤਨੀ ਗੂੜ੍ਹੀ ਮਿੱਤ੍ਰਤਾ ਹੋ ਗਈ ਸੀ ਜਦ ਵੀ ਗੁਰੂ ਜੀ ਪੂਰਬ ਨੂੰ ਗਏ, ਸੈਫ਼ ਖ਼ਾਨ ਨੂੰ ਯਾਦ ਕਰਦੇ ਰਹੇ। ਜਿਥੇ ਵੀ ਚੰਗੀ ਸੋਹਣੀ ਵਸਤ ਸੁਗਾਤ ਦੀ ਡਿੱਠੀ ਉਚੇਚਾ ਸਿੱਖ ਹੱਥ ਭੇਜਦੇ। ਇਸ ਹੁਕਮਨਾਮੇ ਵਿਚ ਜੋ ਉਹਨਾਂ ਮੰਘੇਰ ਦੀ ਸੰਗਤ ਦੇ ਨਾਮ ਭਾਈ ਦਇਆਲ ਦਾਸ, ਭਾਈ ਰਾਮ ਰਾਇ ਅਤੇ ਹੋਰ ਸਿੱਖਾਂ ਦੇ ਨਾਮ ਲਿਖਿਆ, ਉਸ ਵਿਚ ਉਚੇਚਾ ਲਿਖਿਆ ਹੈ:

> "ਪਾਂਚ ਖਾਸੇ ਬਾਸਣ (ਬਰਤਨ) ਮੀਨਾ ਪੁਰ ਲਿਆ ਕੇ, ਸੁਰਾਹੀ ਪਿਆਲੇ ਹੱਛੇ ਕਹਾਰਾਂ ਨੂੰ ਦੇ ਕੇ ਦਿੱਲੀ ਭਾਈ ਕਲਿਆਨ ਦੀ ਧਰਮਸਾਲਾ ਪਚਾਵਣ। ਨਵਾਬ ਸੈਫ਼ ਖ਼ਾਨ ਨੂੰ ਦੇਣੇ ਹਨ, ਹੱਛੇ ਬਾਸਣ ਭੇਜਣੇ।"

ਕਈ ਮੁਲਾਕਾਤਾਂ ਪਿੱਛੋਂ ਵੀ ਹੁੰਦੀਆਂ ਰਹੀਆਂ। ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹਾਦਤ ਦੇਣ ਵੇਲੇ ਦਿੱਲੀ ਜਾ ਰਹੇ ਸਨ ਤਾਂ ਇਸ ਨੇ ਮਹਾਰਾਜ ਨੂੰ ਕੁਝ ਚਿਰ ਆਪਣੇ ਪਾਸ ਟਿਕਾਈ ਵੀ ਰੱਖਿਆ ਕਿ ਔਰੰਗਜ਼ੇਬ ਦੇ ਹਸਨ ਅਬਦਾਲ ਤੋਂ ਮੁੜਨ 'ਤੇ ਹੀ ਉਹ ਦਿੱਲੀ ਜਾਣ। ਉਸ ਇਹ ਵੀ ਕਿਹਾ ਸੀ ਕਿ ਉਹ ਤੇ ਹੋਰ ਜਣੇ ਔਰੰਗਜ਼ੇਬ ਨੂੰ ਸਮਝਾਉਣਗੇ, ਪਰ ਔਰੰਗਜ਼ੇਬ ਤੁਅੱਸਬ ਦੀ ਅੱਗ ਵਿਚ ਸੜ ਰਿਹਾ ਸੀ। ਮਹਾਰਾਜ ਦੀ ਸ਼ਹਾਦਤ ਸੁਣ ਕੇ ਉਸ ਨੇ ਚਾਲ੍ਹੀ ਦਿਨ ਮਾਤਮੀ ਲਿਬਾਸ ਰੱਖਿਆ ਸੀ। ਕਾਲੇ ਕਪੜੇ ਪਾਈ ਰੱਖੇ ਸਨ। ਉਥੇ ਵੀ ਹੁਣ ਗੁਰਦੁਆਰਾ ਬਹਾਦਰਗੜ੍ਹ ਬਣਿਆ ਹੋਇਆ ਹੈ।

(12/1985)

# ਭਾਈ ਜੈਤਾ ਜੀ ਤੇ ਸੀਸ ਮਾਰਗ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਤੋਂ ਅਨੰਦਪੁਰ ਸਾਹਿਬ ਸ਼ਹੀਦ ਸੀਸ ਪਹੁੰਚਾਉਣ ਸਮੇਂ (ਗੁਰੂ) ਗੋਬਿੰਦ ਰਾਏ ਜੀ ਨੇ ਪਿਤਾ ਜੀ ਦਾ ਸੀਸ ਭਾਈ ਜੈਤਾ ਜੀ ਪਾਸੋਂ ਲੈਂਦਿਆਂ ਹੋਇਆਂ ਗਲਵਕੜੀ ਵਿਚ ਲੈ ਕੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਮਾਣ ਪ੍ਰਦਾਨ ਕੀਤਾ। ਖੰਡੇ ਦਾ ਅੰਮ੍ਰਿਤ ਪਾਨ ਕਰਕੇ ਭਾਈ ਜੀਵਨ ਸਿੰਘ ਜੀ ਬਣੇ ਤੇ 1753 ਈ. ਚਮਕੌਰ ਦੀ ਜੰਗ ਵਿਚ ਮੁਗ਼ਲ ਸੈਨਾ ਨਾਲ ਲੜਦੇ ਸ਼ਹੀਦ ਹੋਏ। ਇਹ ਸਿੱਖਾਂ ਵਿਚੋਂ ਵੱਡਾ ਬਹਾਦਰ ਹੋਇਆ ਹੈ। ਮਨੁੱਖੀ ਅਧਿਕਾਰਾਂ ਤੇ ਧਰਮ ਤੇ ਜਬਰ-ਜ਼ੋਰ-ਜ਼ੁਲਮ ਦੀ ਕਾਲੀ ਰਾਤ ਸਮੇਂ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਸੁਣ ਕੇ—

"ਬਾਂਹਿ ਜਿਨਾਂ ਦੀ ਪਕੜੀਐ, ਸਿਰ ਦੀਜੈ ਬਾਂਹਿ ਨਾ ਛੋੜੀਐ।"

ਦੇ ਵਾਕ ਅਨੁਸਾਰ ਦਿੱਲੀ ਸ਼ਹਾਦਤ ਦਿੱਤੀ। ਸਮਾਂ ਨਿਹਾਇਤ ਹੀ ਭਿਆਨਕ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 300 ਸਾਲਾ ਸ਼ਹੀਦੀ ਸ਼ਤਾਬਦੀ ਸੰਸਾਰ ਪੱਧਰ ਉੱਤੇ ਮਨਾਉਣ ਦਾ ਪ੍ਰੋਗਰਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਉਲੀਕਿਆ ਗਿਆ, ਦਸੰਬਰ 1975 ਨੂੰ ਇਸ ਮਾਰਗ ਦੀ ਯਾਤਰਾ ਵਾਸਤੇ ਲੱਖਾਂ ਦੀ ਗਿਣਤੀ ਵਿਚ ਦਿੱਲੀ ਵੱਲ ਵਹੀਰ (ਇਕ ਹੜ੍ਹ) ਤੁਰ ਪਿਆ।

ਇਸ ਸ਼ਹੀਦੀ ਮਾਰਗ ਦੇ ਵਹੀਰ ਵਿਚ ਆਦਿ ਤੋਂ ਅੰਤ ਤੀਕ ਸ਼ਾਮਲ ਹੋਣ ਦਾ ਦਾਸ ਨੂੰ ਵੀ ਸੁਭਾਗ ਪ੍ਰਾਪਤ ਹੋਇਆ। ਇਸ ਤੇਰਾਂ ਦਿਨਾਂ ਦੀ ਯਾਤਰਾ ਸਮੇਂ ਭਾਈ ਜੈਤਾ ਜੀ ਬਾਰੇ ਨਵੀਂ ਹੈਰਾਨਕੁੰਨ ਜਾਣਕਾਰੀ ਪ੍ਰਾਪਤ ਹੋਈ ਹੈ, ਜੋ ਇਸ ਤੋਂ ਪਹਿਲਾਂ ਇਤਿਹਾਸਕ ਲਿਖਾਰੀਆਂ ਦੀ ਕਲਮ ਨੇ ਭਾਈ ਜੈਤਾ ਜੀ ਸੰਬੰਧੀ ਬਹੁਤ ਹੀ ਤੰਗ-ਦਿਲੀ ਤੇ ਸੂਮ-ਪੁਣਾ ਦਿਖਾਇਆ ਹੈ। ਇਸ ਮਹਾਨ ਯਾਤਰਾ ਸਮੇਂ ਇਹਨਾਂ ਥਾਵਾਂ ਦੇ ਲੋਕਾਂ ਦੇ ਸੀਨੇ-ਬਸੀਨੇ ਤੇ ਉਭਰੀ ਹੋਈ ਇਕ ਯਾਦ ਜਾਗ ਪਈ ਸੀ।

ਮੰਨਿਆ ਜਾਂਦਾ ਹੈ ਕਿ ਭਾਈ ਜੈਤਾ ਜੀ ਗੁਰੂ ਜੀ ਨੂੰ ਜੇਲ੍ਹ ਦੇ ਪਿੰਜਰੇ ਵਿਚ ਪਹਿਲਾਂ ਵੀ ਮਿਲੇ ਸਨ। ਭਾਣਾ ਬੀਤ ਜਾਣ ਤੋਂ ਬਾਅਦ ਭਾਈ ਜੈਤਾ ਜੀ ਨੂੰ ਜਿਨ੍ਹਾਂ ਪੜਾਵਾਂ 'ਤੇ ਠਹਿਰਨ ਦੀ ਲੋੜ ਪਈ ਉਹਨਾਂ ਸਿਦਕੀ ਤੇ ਸ਼ਰਧਾਲੂ ਸਿੱਖਾਂ ਦੇ ਨਾਮ ਪਤਿਆਂ ਤੋਂ ਆਪ ਗੁਰੂ ਜੀ ਨਾਲ ਰਹਿਣ ਕਾਰਨ ਪਹਿਲਾਂ ਜਾਣੂ ਸਨ।

ਔਰੰਗਜ਼ੇਬ ਦੀ ਫ਼ੌਜ ਤੇ ਪੁਲਿਸ ਹਲਕਾਏ ਬਘਿਆੜਾਂ ਦੀ ਤਰ੍ਹਾਂ ਗਲੀਆਂ ਬਾਜ਼ਾਰਾਂ, ਜੰਗਲਾਂ, ਨਦੀਆਂ ਨਾਲਿਆਂ ਵਿਚੋਂ ਉਸ ਆਦਮੀ ਦੀ ਭਾਲ ਕਰ ਰਹੀ ਸੀ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਇਤਨੀ ਦਲੇਰੀ ਤੇ ਫੁਰਤੀ ਨਾਲ ਸਭ ਦੇ ਅੱਖੀਂ ਘੱਟਾ ਪਾ ਕੇ ਤਲਵਾਰਾਂ ਅਤੇ

ਸੰਗੀਨਾਂ ਦੀ ਛਾਂ ਅਤੇ ਫ਼ੌਜ ਪੁਲਿਸ ਦੇ ਸਖ਼ਤ ਪਹਿਰੇ ਵਿਚੋਂ ਸੀਸ ਚੁੱਕ ਲੈ ਗਿਆ ਹੈ, ਕਿਸੇ ਨੂੰ ਇਹ ਭੀ ਪਤਾ ਨਹੀਂ ਸੀ ਕਿ ਉਹ ਕਿਸ ਹਾਲਤ, ਕਿਸ ਭੇਸ ਵਿਚ ਚਾਂਦਨੀ ਚੌਕ ਦਿੱਤੀ ਤੋਂ ਨਿਕਲਿਆ ਹੈ।

ਹਰਿਆਣਾ ਪ੍ਰਾਂਤ ਦੇ ਵੱਡੇ ਵੱਡੇ ਜ਼ਿੰਮੇਵਾਰ ਮੁਖੀਆਂ ਨੇ ਸੰਗਤਾਂ ਦੇ ਵਿਸ਼ਾਲ ਸਮਾਗਮ ਸਮੇਂ ਪਹੋਵਾ, ਰੋਹਤਕ, ਤਰਾਵੜੀ ਆਪਣੇ ਭਾਸ਼ਨਾਂ ਵਿਚ ਕੁਲ ਜਾਣਕਾਰੀ ਦਿੱਤੀ, ਜਿਵੇਂ ਸ੍ਰੀ ਬਨਾਰਸੀ ਦਾਸ ਗੁਪਤਾ ਮੁੱਖ ਮੰਤਰੀ, ਸ. ਹਰਮਹਿੰਦਰ ਸਿੰਘ ਰਾਜ ਮੰਤਰੀ, ਸ. ਸੁਲਤਾਨ ਸਿੰਘ ਮੈਂਬਰ ਪਾਰਲੀਮੈਂਟ, ਸ. ਕਰਤਾਰ ਸਿੰਘ ਅਕਾਲੀ ਲੀਡਰ, ਸ. ਪਿਆਰਾ ਸਿੰਘ ਐਮ.ਐਲ.ਏ., ਰਾਓ ਨਿਹਾਲ ਸਿੰਘ ਪ੍ਰਧਾਨ ਹਰਿਆਣਾ ਪ੍ਰਦੇਸ਼ ਕਾਂਗਰਸ ਆਦਿ। ਉਨ੍ਹਾਂ ਕ੍ਰਮਵਾਰ ਦੱਸਿਆ ਕਿ ਭਾਈ ਜੈਤਾ ਜੀ ਨੇ ਤਿੰਨ ਪੜਾਅ ਹਰਿਆਣੇ ਵਿਚ ਕੀਤੇ, ਉਹਨਾਂ ਪਹਿਲਾਂ ਪੜਾਅ ਜੋ ਬਹੁਤ ਹੀ ਹੋਣੀ-ਭਰਪੂਰ ਸੀ ਉਹ ਬਾਗ ਬਟ ਜਮਨਾ ਕਿਨਾਰੇ ਯੂ.ਪੀ. ਦੇ ਛੋਟੇ ਜਿਹੇ ਨਗਰ ਦੇ ਖੇਤਾਂ ਦੇ ਸੰਘਣੇ ਦਰੱਖ਼ਤਾਂ ਦੀ ਛਾਵੇਂ ਅਗਿਆਤਵਾਸ ਹੋ ਕੇ ਕੀਤਾ। ਅਗਲਾ ਪੜਾਅ ਕਰਨਾਲ ਤੋਂ ਪੂਰਬ ਵਲ ਬਡ ਖ਼ਾਲਸਾ ਨਗਰ ਵਿਚ ਬਹੁਤ ਹੀ ਹੈਰਾਨ-ਕੁੰਨ ਹਾਲਤ ਵਿਚ ਚੌਧਰੀ ਖ਼ੁਸ਼ਹਾਲੇ ਦੇ ਘਰ ਕੀਤਾ। ਸਮਾਂ ਭਿਆਨਕ ਤੇ ਕਹਿਰ ਭਰਿਆ ਸੀ। ਪਿੱਛੇ ਸ਼ਾਹੀ ਫ਼ੌਜ ਤੇ ਪੁਲਿਸ ਭਾਲ ਵਿਚ ਹਨ੍ਹੇਰੀ ਦੀ ਤਰ੍ਹਾਂ ਮਾਰੋ-ਮਾਰ ਕਰਦੀ ਚੜ੍ਹੀ ਹੋਈ ਸੀ। ਅਜਿਹੇ ਸੰਕਟ-ਕਾਲ ਦੇ ਸਮੇਂ ਕੋਈ ਗੁਰੂ ਜੀ ਦਾ ਸ਼ਰਧਾਲੂ ਜਿਗਰਾ ਕਰਕੇ ਸਰਕਾਰ ਦੇ ਦੋਸ਼ੀ ਨੂੰ ਆਪਣੇ ਘਰ ਠਹਿਰਾ ਮੌਤ ਮੁੱਲ ਲੈਣ ਦਾ ਹੌਸਲਾ ਕਰ ਸਕਦਾ ਹੈ ? ਇਸ ਦਿਲ-ਹਲਾਊ ਹਾਲਤ ਵਿਚ ਭਾਈ ਜੈਤੇ ਨੇ ਰੁਕਣ ਤੋਂ ਪਹਿਲਾਂ ਚੌਧਰੀ ਖ਼ੁਸ਼ਹਾਲ ਨੂੰ ਪੱਕੇ ਭਰੋਸੇ ਵਿਚ ਲੈ ਕੇ ਕਿਹਾ ਸੀ ਕਿ ਕੁਝ ਵੀ ਹੋ ਜਾਵੇ ਗੁਰੂ ਜੀ ਦਾ ਸ਼ਹੀਦ ਸੀਸ ਅਨੰਦਪੁਰ ਪਹੁੰਚਦਾ ਕਰਨਾ ਹੈ।

ਖ਼ੁਸ਼ਹਾਲ ਜੱਟ ਨੇ ਹਿੱਕ ਠੋਕਦਿਆਂ ਕਿਹਾ ਕਿ ਮੈਨੂੰ ਗੁਰੂ ਜੀ ਦਾ ਉਹ ਵਾਕ ਯਾਦ ਹੈ:
"ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ।"

ਦੂਜੇ ਪਾਸੇ ਪਹੁ-ਫੁਟਾਲੇ ਨਾਲ ਹੀ ਸ਼ਾਹੀ ਫ਼ੌਜ ਨੇ ਪਿੰਡ ਨੂੰ ਆ ਘੇਰਿਆ। ਸਭ ਪਾਸੇ ਤਰਥੱਲੀ ਮੱਚ ਗਈ, ਪਤਾ ਨਹੀਂ ਪਿੰਡ ਨਾਲ ਕੀ ਭਾਣਾ ਵਰਤੇਗਾ। ਭਾਈ ਜੈਤਾ ਅੱਗੇ ਤੁਰਨ ਲਈ ਤਿਆਰ ਹੋ ਗਿਆ।

ਖ਼ੁਸ਼ਹਾਲੇ ਚੌਧਰੀ ਦੇ ਪੁੱਤਰ ਨੇ ਬਾਹਰਲੀ ਭਿਆਨਕ ਸਥਿਤੀ ਤੋਂ ਆਪਣੇ ਪਿਤਾ ਨੂੰ ਜਾਣੂ ਕਰਵਾਇਆ ਤੇ ਕਿਹਾ, "ਜੇ ਭੇਦ ਖੁਲ੍ਹ ਗਿਆ ਤਾਂ ਆਪਣਾ ਸਾਰਾ ਪਰਿਵਾਰ ਤਹਿ-ਤੇਗ ਕੀਤਾ ਜਾਵੇਗਾ।"

ਖ਼ੁਸ਼ਹਾਲੇ ਦਾ ਉੱਤਰ ਸੀ, ਗੁਰੂ ਜੀ ਦਾ ਸੀਸ ਤੇ ਭਾਈ ਜੈਤਾ ਜੀ ਨੂੰ ਤੁਰੰਤ ਗੁਪਤ ਰਸਤੇ ਭੇਜ ਦੇਵੋ। ਭਾਈ ਜੈਤਾ ਜੀ ਦਾਉ ਬਚਾਉਂਦਾ ਹੋਇਆ ਬਡ ਖ਼ਾਲਸਾ ਨੂੰ ਛੱਡ ਤੁਰਿਆ।

## ਤਰਾਵੜੀ

ਨਦੀਆਂ, ਨਾਲੇ, ਜੰਗਲਾਂ ਤੇ ਬਿਖੜੇ ਰਸਤੇ ਨੂੰ ਤਹਿ ਕਰਦਾ ਹੋਇਆ ਭਾਈ ਜੈਤਾ ਤਰਾਵੜੀ ਕਸਬੇ ਵਿਚ ਉਸ ਪ੍ਰੇਮੀ ਦੀ ਸਹਾਇਤਾ ਦੀ ਆਸ ਰੱਖ ਕੇ ਤੁਰਿਆ ਜਿਸ ਦੀ ਗੁਰੂ ਜੀ ਪ੍ਰਤੀ

ਸ਼ਰਧਾ ਸੀ। ਰਸਤਾ ਬਹੁਤ ਬਿਖੜਾ, ਜੰਗਲ, ਰੋਹੀ, ਬੀਆਬਾਨ, ਪਾਣੀ ਵਲੋਂ ਜਾਨਵਰ ਪਿਆਸੇ ਸਰਦੀ ਸਮੇਂ ਵੀ ਤਰਾਸ ਤਰਾਸ ਕਰਦੇ ਸਨ।

ਭਾਈ ਜੈਤਾ ਜੀ ਨੂੰ ਭੁੱਖ ਪਿਆਰ ਦੀ ਕੋਈ ਪਰਵਾਹ ਨਹੀਂ ਸੀ, ਉਹ ਆਪਣੇ ਨਿਸ਼ਾਨੇ 'ਤੇ ਪਹੁੰਚਣ ਦੀ ਧੁੰਨ ਵਿਚ ਮਸਤ ਲਗਨ ਵਿਚ:

**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥** *(ਪੰਨਾ ੧੪੧੨)*

ਜਾਂ

**ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥** *(ਪੰਨਾ ੧੩੭੯)*

ਦੀ ਧੁਨ ਵਿਚ ਸ਼ੁਦਾਈ ਹੋਇਆ ਵਾਹੋ-ਦਾਹੀ ਜਾ ਰਿਹਾ ਸੀ। ਤਰਾਵੜੀ ਕਰਨਾਲ ਦੇ ਪੱਛਮ ਵੱਲ ਇਕ ਇਤਿਹਾਸਕ ਕਸਬਾ ਸੀ ਜਿਥੇ ਭਾਈ ਜੈਤਾ ਦੇਵਾ ਰਾਮ ਧੋਬੀ ਦੇ ਘਰ ਪਹੁੰਚਿਆ, ਉਹ ਵੀ ਖਿੜੇ ਮੱਥੇ ਗਲ ਮਿਲਿਆ। ਸਾਰੀ ਵਿਥਿਆ ਸੁਣ ਕੇ ਗੁਰੂ ਜੀ ਦੇ ਸੀਸ ਨੂੰ ਪ੍ਰਣਾਮ ਕੀਤਾ, ਸਭ ਖ਼ਤਰੇ ਹੱਸਦਿਆਂ ਝੋਲੀ ਪਾਏ ਭਾਈ ਜੈਤਾ ਜੀ ਨੂੰ ਆਦਰ ਦਿੱਤਾ, ਸੇਵਾ ਕੀਤੀ, ਧੰਨ ਭਾਗ ਸਮਝੇ। ਗੁਰੂ ਜੀ ਦੇ ਸੀਸ ਦੇ ਅੰਤਮ ਦਰਸ਼ਨ ਪਾਏ। ਅਗਲੀ ਭਲਕ ਭਾਈ ਜੈਤਾ ਜੀ ਨੂੰ ਵਿਦਾ ਕੀਤਾ। ਹਿੰਦੂਆਂ ਦੀ ਇਹ ਇਕ ਇਤਿਹਾਸਕ ਥਾਂ ਹੈ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ 'ਚ ਅੱਜ ਕਲ੍ਹ ਇਥੇ ਆਲੀਸ਼ਾਨ ਗੁਰਦੁਆਰਾ ਸਾਹਿਬ ਹੈ। ਇਥੇ ਸੀਸ ਮਾਰਗ ਦੇ ਯਾਤਰਾ ਜਲੂਸ ਸਮੇਂ ਅਸੀਂ ਰਾਤ ਰਹੇ ਤੇ ਦੇਵਾ ਰਾਮ ਧੋਬੀ ਬਾਰੇ ਹਰ ਕਿਸੇ ਨੇ ਇਹੀ ਜਾਣਕਾਰੀ ਦਿੱਤੀ।

## ਅੰਬਾਲਾ

ਖ਼ਤਰਿਆਂ ਦੀ ਪੰਡ ਸਿਰੋਂ ਕੁਝ ਹਲਕੀ ਹੋਈ। ਥੱਕਿਆ-ਹੁਟਿਆ ਵਰਿਆਮ ਦਿਲ ਭਾਈ ਜੈਤਾ ਜੀ ਅੰਬਾਲਾ ਇਕ ਬਹੁਤ ਹੀ ਗਰੀਬ ਵਿਅਕਤੀ ਰਾਮ ਜੀ ਰਵਿਦਾਸੀਏ ਸਿੱਖ ਪਾਸ ਪੁੱਜਾ। ਭਾਈ ਜੈਤਾ ਜੀ ਨੇ ਸਾਰੀ ਵਿਥਿਆ ਦੱਸੀ। ਰਾਮ ਜੀ ਨੇ ਗੁਰੂ ਜੀ ਦੇ ਸੀਸ ਨੂੰ ਨਮਸਕਾਰ ਕੀਤੀ। ਉੱਚੀ ਥਾਂ ਰੱਖਿਆ। ਨਿੱਕੀ ਜਿਹੀ ਝੌਂਪੜੀ ਵਿਚ ਭਾਈ ਜੈਤਾ ਜੀ ਨੂੰ ਆਰਾਮ ਲਈ ਥਾਂ ਦਿੱਤੀ ਪਰ ਭੇਦ ਕਿਸੇ ਪਾਸ ਨਹੀਂ ਖੋਲ੍ਹਿਆ। ਰਾਤ ਲੰਘ ਗਈ। ਪਹੁ ਫੁਟਾਲੇ ਭਾਈ ਜੈਤਾ ਪੰਧ ਪੈ ਗਿਆ ਅਤੇ ਰਸਤੇ ਦੀਆਂ ਕਠਿਨਾਈਆਂ ਦਾ ਟਾਕਰਾ ਕਰਦਾ ਹੋਇਆ ਨਾਭਾ ਸਾਹਿਬ ਪਹੁੰਚਿਆ।

## ਨਾਭਾ ਸਾਹਿਬ

ਛਤ, ਬਨੂੜ ਤੇ ਜ਼ੀਰਕਪੁਰ (ਚੰਡੀਗੜ੍ਹ) ਦੇ ਵਿਚਕਾਰ ਸੜਕ ਦੇ ਪੱਛਮੀ ਪਾਸੇ ਵੱਲ ਹੈ, ਇਹ ਥਾਂ ਜੰਗਲ ਸੀ। ਇਥੇ ਇਕ ਮੁਸਲਮਾਨ ਸੂਫ਼ੀ ਫ਼ਕੀਰ 88 ਬਰਸ ਦੀ ਉਮਰ ਦਾ ਪਹੁੰਚਿਆ ਹੋਇਆ ਪੁਰਸ਼ ਸੀ। ਭਾਈ ਜੈਤਾ ਜੀ ਨਝਿੱਜਕ ਉਹਨਾਂ ਪਾਸ ਰਾਤ ਸਮੇਂ ਪਹੁੰਚ ਗਿਆ। ਫ਼ਕੀਰ ਦੇ ਸੇਵਕਾਂ ਤਾਂ ਕੋਈ ਅਜਨਬੀ ਆਦਮੀ ਹੀ ਸਮਝਿਆ ਪਰ ਜਦ ਇਸ ਗਾਹੀਏ ਫ਼ਕੀਰ ਨੂੰ ਸੇਵਕਾਂ ਨੇ ਦੱਸਿਆ, ਉਸ ਭਾਈ ਜੈਤਾ ਜੀ ਨੂੰ ਪਾਸ ਬਿਠਾ ਕੇ ਸਾਰੀ ਵਾਰਤਾ ਸੁਣੀ। ਸੇਵਕ ਕੋਈ ਪਾਸ ਰਹਿਣ ਨਾ ਦਿੱਤਾ। ਗੁਰੂ ਜੀ ਦੇ ਪਵਿੱਤਰ ਸੀਸ ਦੇ ਦਰਸ਼ਨ ਕੀਤੇ, ਜੈਤਾ ਜੀ ਦੀ ਸੇਵਾ ਕੀਤੀ।

ਯਾ ਖ਼ੁਦਾ! ਜ਼ਾਲਮ ਰਾਜ ਦਾ ਖ਼ਤਮਾ ਕਰੀਂ ਜੋ ਧਰਮੀ ਪੁਰਸ਼ਾਂ ਉੱਤੇ ਅਕਹਿ ਜ਼ੁਲਮ ਕਰਦੇ ਹਨ।

ਇਸ ਫ਼ਕੀਰ ਨੇ ਭਾਈ ਜੈਤਾ ਜੀ ਨੂੰ ਆਖਿਆ ਖ਼ਤਰਾ ਟਲ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਖ਼ੁਦ ਦਰਸ਼ਨ ਕਰਦਾ, ਪਰ ਬਿਰਧ ਹੋਣ ਕਾਰਨ ਤੁਰ ਨਹੀਂ ਸਕਦਾ। ਗੁਰੂ ਜੀ ਨੂੰ ਬੇਨਤੀ ਕਰਨੀ ਕਿ ਉਹ ਕਦੀ ਮੈਨੂੰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ। ਸੀਸ ਮਾਰਗ ਜਲੂਸ ਨੇ ਇਥੇ 11 ਦਸੰਬਰ ਦੀ ਰਾਤ ਬਿਸਰਾਮ ਕੀਤਾ ਉਥੋਂ ਦੀ ਲੋਕਲ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸੂਬੇਦਾਰ ਹਾਕਮ ਸਿੰਘ ਜੀ ਨੇ ਇਹ ਸਾਰੀ ਜਾਣਕਾਰੀ ਦਿੱਤੀ। ਭਾਈ ਜੈਤਾ ਜੀ ਦਾ ਇਹ ਅੰਤਮ ਪੜਾਅ ਸੀ।

ਅਗਲੀ ਭਲਕ ਕੀਰਤਪੁਰ ਸਫਲਤਾ ਸਹਿਤ ਪਹੁੰਚ ਕੇ ਗੁਰੂ ਜੀ ਦਾ ਸ਼ਹੀਦ ਸੀਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਗਮ ਵਿਚ ਭੇਂਟ ਕੀਤਾ। ਗੁਰੂ ਜੀ ਨੇ ਨਮਸਕਾਰ ਕਰਦਿਆਂ ਤੇ ਸੀਸ ਸੰਭਾਲਦਿਆਂ ਭਾਈ ਜੈਤਾ ਜੀ ਨੂੰ ਗਲਵਕੜੀ ਵਿਚ ਲੈ ਕੇ ਇਸ ਦੀ ਮਹਾਨ ਕੁਰਬਾਨੀ ਤੇ ਦਲੇਰੀ 'ਤੇ ਪ੍ਰਸੰਨ ਹੋ ਕੇ "ਰੰਗਰੇਟੇ ਗੁਰੂ ਕੇ ਬੇਟੇ" ਹੋਣ ਦਾ ਮਾਣ ਪ੍ਰਦਾਨ ਕੀਤਾ। ਇਸ ਤਰ੍ਹਾਂ ਸਿੱਖ ਇਤਿਹਾਸ ਨਾਲ ਇਸ ਬਹਾਦਰ ਸ਼੍ਰੇਣੀ ਦਾ ਸੁਨਹਿਰੀ ਕਾਰਨਾਮੇ ਦਾ ਕਾਂਡ ਜੋੜਿਆ ਜਿਸ ਉੱਤੇ ਸਮੂਹ ਸਿੱਖ ਸਦਾ-ਸਦਾ ਲਈ ਗੌਰਵ ਕਰ ਸਕਦੇ ਹਨ।

(4/1976)

# ਲੱਖੀ ਸ਼ਾਹ ਦੀ ਅਦੁੱਤੀ ਕੁਰਬਾਨੀ

ਔਰੰਗਜ਼ੇਬ ਜਿਹਾ ਜ਼ਿੱਦੀ ਅਤੇ ਕੱਟੜ ਬਾਦਸ਼ਾਹ ਦਲੀਲ ਨਾਲ ਪ੍ਰਭਾਵਿਤ ਹੋਣ ਵਾਲਾ ਨਹੀਂ ਸੀ। ਗੁਰੂ ਸਾਹਿਬ ਨੇ ਇਸਲਾਮ ਕਬੂਲ ਕਰਨੋਂ ਜਾਂ ਕੋਈ ਕਰਾਮਾਤ ਵਿਖਾਉਣੋਂ ਨਾਂਹ ਕਰ ਦਿੱਤੀ ਤਾਂ ਔਰੰਗਜ਼ੇਬ ਨੇ ਗੁਰੂ ਜੀ ਦੇ ਕਤਲ ਦਾ ਹੁਕਮ ਦੇ ਦਿੱਤਾ। ਇਸ ਸ਼ਾਹੀ ਫ਼ਰਮਾਨ ਦੀ ਤਾਮੀਲ ਦਿੱਲੀ ਦੇ ਚਾਂਦਨੀ ਚੌਕ ਵਿਖੇ 11 ਨਵੰਬਰ, 1675 ਈਸਵੀ ਨੂੰ ਹੋਈ।

ਇਸ ਘਟਨਾ ਉਪਰੰਤ ਔਰੰਗਜ਼ੇਬ ਨੇ ਇਕ ਸ਼ਾਹੀ ਫ਼ਰਮਾਨ ਰਾਹੀਂ ਸਭ ਨੂੰ ਸੂਚਿਤ ਕਰ ਦਿੱਤਾ ਕਿ ਕੋਈ ਵੀ ਸ੍ਰੀ ਗੁਰੂ ਤੇਗ ਬਹਾਦਰ ਦੇ ਸੀਸ ਜਾਂ ਧੜ ਨੂੰ ਉਥੋਂ ਲਿਜਾਣ ਦੀ ਕੋਸ਼ਿਸ਼ ਨਾ ਕਰੇ। ਇੰਝ ਕਰਨ ਵਾਲੇ ਦੇ ਸਰੀਰ ਦੇ ਚਾਰ ਟੋਟੇ ਕਰਕੇ ਸ਼ਹਿਰ ਦੇ ਚੌਹਾਂ ਦਰਵਾਜ਼ਿਆਂ ਉੱਪਰ ਟੰਗ ਦਿੱਤੇ ਜਾਣਗੇ।

ਇਸ ਦੁਰਘਟਨਾ ਦਾ ਸਿੱਖਾਂ ਉੱਪਰ ਬੜਾ ਮਾੜਾ ਅਸਰ ਹੋਇਆ। ਉਹ ਹੱਕੇ-ਬੱਕੇ ਰਹਿ ਗਏ, ਉਹਨਾਂ ਨੂੰ ਇਕ ਵੱਡਾ ਸਦਮਾ ਪੁੱਜਾ ਤੇ ਉਹ ਛੁਪ ਗਏ, ਸਿੱਖ ਅਖਵਾਉਣੋਂ ਵੀ ਡਰਨ ਲੱਗੇ।[1] ਪਰ ਫੇਰ ਵੀ ਕੁਝ ਹਿੰਮਤੀ ਅਤੇ ਦਲੇਰ ਸਿੱਖ ਹੈ ਸਨ। ਇਹਨਾਂ ਵਿਚੋਂ ਇਕ ਭਾਈ ਜੈਤਾ ਜੀ ਜਿਸਨੇ ਕਿ ਅੱਖ ਬਚਾ ਕੇ ਗੁਰੂ ਸਾਹਿਬ ਦਾ ਸੀਸ ਉਥੋਂ ਚੁੱਕ ਲਿਆ ਅਤੇ ਅਨੰਦਪੁਰ ਸਾਹਿਬ ਲਿਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭੇਟਾ ਕੀਤਾ। ਦਸਵੇਂ ਪਾਤਸ਼ਾਹ ਨੇ ਸਿਰ ਨੂੰ ਪ੍ਰਣਾਮ ਕੀਤਾ, ਇਸ਼ਨਾਨ ਕਰਵਾਇਆ ਅਤੇ ਫਿਰ ਇਸ ਦਾ ਸਸਕਾਰ ਕੀਤਾ, ਜਿਥੇ ਕਿ ਹੁਣ ਸੀਸ ਗੰਜ ਨਾਮ ਦਾ ਗੁਰਦੁਆਰਾ ਹੈ। ਦੂਜਾ ਬਹਾਦਰ ਸਿੱਖ ਸੀ ਲੱਖੀ ਸ਼ਾਹ ਲੁਬਾਣਾ ਜਿਨ੍ਹੇ ਕਿ ਗੁਰੂ ਜੀ ਦਾ ਧੜ ਚੁੱਕ ਕੇ ਘਰ ਲਿਜਾ ਸਸਕਾਰ ਕੀਤਾ, ਜਿਥੇ ਕਿ ਹੁਣ ਰਕਾਬਗੰਜ ਗੁਰਦੁਆਰਾ ਸਥਾਪਤ ਹੈ। ਇਹ ਲੰਮੀ ਕਹਾਣੀ ਹੈ, ਜਿਹਦਾ ਸੰਖੇਪ ਇੰਜ ਹੈ:

ਲੱਖੀ ਸ਼ਾਹ ਲੁਬਾਣਾ ਇਕ ਸ਼ਾਹੀ ਠੇਕੇਦਾਰ ਸੀ, ਜੋ ਕਿ ਮੁਗ਼ਲਾਂ ਦਾ ਸਾਮਾਨ ਅੰਨ ਆਦਿਕ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਂਦਾ ਹੁੰਦਾ ਸੀ। ਇਹ ਢੋਆ-ਢੁਆਈ ਦਾ ਕੰਮ ਉਸ ਵੇਲੇ ਦੇ ਸਾਧਨਾਂ ਦੁਆਰਾ ਹੀ ਕੀਤਾ ਜਾਂਦਾ ਸੀ ਜਿਸ ਵਿਚ ਢਗੇ, ਗੱਡੇ, ਘੋੜੇ ਆਦਿਕ ਹੁੰਦੇ ਸਨ। ਇਸ ਦੁਰਘਟਨਾ ਮਗਰੋਂ ਜਦੋਂ ਉਹ ਲਾਲ ਕਿਲ੍ਹੇ ਪੁੱਜਾ ਤਾਂ ਇਸ ਬਾਰੇ ਸੁਣ ਕੇ ਉਹਦੀਆਂ ਅੱਖਾਂ ਵਿਚ ਪਾਨੀ ਆ ਗਿਆ, ਉਹਦਾ ਦਿਲ ਦੁਖਿਆ। ਉਹਨੇ ਆਪਣੇ ਆਪ ਨੂੰ ਇੰਜ ਕਿਹਾ—

"ਮੈਂ ਕੈਸਾ ਸਿੱਖ ਹਾਂ, ਮੇਰੇ ਸਿੱਖ ਹੋਣ ਦਾ ਕੀ ਲਾਭ, ਜਦੋਂ ਕਿ ਮੇਰੇ ਗੁਰੂ ਜੀ ਦਾ ਧੜ ਇੰਜ ਖੁੱਲ੍ਹੇ ਮੈਦਾਨ ਵਿਚ ਪਿਆ ਹੋਵੇ ਅਤੇ ਸਰਕਾਰ ਨੇ ਸਾਰੀ ਸਿੱਖ ਕੌਮ ਨੂੰ ਵੰਗਾਰਿਆ ਹੋਵੇ। ਮੇਰਾ ਕੀ ਫ਼ਾਇਦਾ ਹੈ, ਜੇ ਮੈਂ ਆਪਣੇ ਗੁਰੂ ਦੇ ਕੰਮ ਨਹੀਂ ਆ ਸਕਦਾ? ਨਹੀਂ, ਮੈਂ ਜ਼ਰੂਰ ਗੁਰੂ ਜੀ ਦੇ ਧੜ ਨੂੰ ਏਥੋਂ ਲੈ ਜਾਵਾਂਗਾ ਅਤੇ ਪੂਰੇ ਸਤਿਕਾਰ ਨਾਲ ਇਹਦਾ ਸਸਕਾਰ ਕਰਾਂਗਾ। ਇੰਜ ਕਰਨ ਵਿਚ ਭਾਵੇਂ ਮੇਰਾ ਸਭ ਕੁਝ ਹੀ ਕਿਉਂ ਨਾ ਜਾਂਦਾ ਰਹੇ। ਮੇਰੀ ਜਾਨ ਤਕ ਭਾਵੇਂ ਚਲੀ ਜਾਵੇ,

ਮੈਨੂੰ ਇਹਦੀ ਪਰਵਾਹ ਨਹੀਂ। ਵੈਸੇ ਵੀ ਜੋ ਕੁਝ ਵੀ ਮੇਰੇ ਕੋਲ ਧਨ ਦੌਲਤ ਹੈ, ਗੁਰੂ ਜੀ ਦੀ ਮਿਹਰ ਦੇ ਕਾਰਨ ਮਿਲਿਆ ਹੋਇਆ ਹੈ। ਮੈਂ ਭਾਵੇਂ ਸਰਕਾਰੀ ਠੇਕੇਦਾਰ ਹਾਂ, ਪਰ ਪਹਿਲਾਂ ਤਾਂ ਮੈਂ ਸਿੱਖ ਹਾਂ।[2]

ਇਹ ਸਭ ਸੋਚ-ਵਿਚਾਰ ਕਰਨ ਉਪਰੰਤ ਲੱਖੀ ਸ਼ਾਹ ਨੇ ਆਪਣੇ ਦਿਲ ਵਿਚ ਹੀ ਸ਼ਾਹੀ ਚੈਲੰਜ ਕਬੂਲ ਕਰਨ ਦਾ ਫ਼ੈਸਲਾ ਕਰ ਲਿਆ। ਹਜ਼ਾਰਾਂ ਵਿਚੋਂ ਇਹੀ ਦੋ ਸਿੱਖ ਨਿਤਰੇ। ਬਾਣੀ ਵਿਚ ਲਿਖਿਆ ਹੈ:

**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥**

*(ਪੰਨਾ ੪੯੫)*

ਲੱਖੀ ਸ਼ਾਹ ਨੇ ਆਪਣੇ ਪੁੱਤਰਾਂ ਅਤੇ ਆਪਣੀ ਹੀ ਬਰਾਦਰੀ ਦੇ ਕੁਝ ਚੋਣਵੇਂ ਬੰਦਿਆਂ ਨਾਲ ਸਲਾਹ ਮਸ਼ਵਰਾ ਕਰ ਕੇ ਇਕ ਵਿਉਂਤ ਬਣਾਈ। ਉਹਨਾਂ ਨੂੰ ਸਭ ਕੁਝ ਚੰਗੀ ਤਰ੍ਹਾਂ ਸਮਝਾਇਆ ਕਿ ਕਿਨ੍ਹੇ ਕੀ ਅਤੇ ਕਦੋਂ ਕਰਨਾ ਹੈ।

ਲੱਖੀ ਸ਼ਾਹ ਨੇ ਆਪਣੇ ਸਾਰੇ ਗੱਡੇ ਲਾਲ ਕਿਲ੍ਹੇ ਵਿਚ ਖ਼ਾਲੀ ਕਰ ਦਿੱਤੇ ਸਿਰਫ਼ ਇਕ ਗੱਡੇ ਵਿਚ ਕਪਾਹ ਰਹਿਣ ਦਿੱਤੀ। ਫੇਰ ਉਸ ਪਾਸੇ ਨੂੰ ਆਪਣੇ ਗੱਡਿਆਂ ਦੇ ਕਾਫ਼ਲੇ ਨੂੰ ਲੈ ਟੁਰਿਆ ਜਿਧਰ ਕਿ ਗੁਰੂ ਜੀ ਦਾ ਧੜ ਪਿਆ ਸੀ। ਚਾਂਦਨੀ ਚੌਕ ਦਾ ਇਲਾਕਾ ਉਹਨੀਂ ਦਿਨੀਂ ਕੱਚਾ ਹੀ ਹੁੰਦਾ ਸੀ। ਜਿਵੇਂ ਕਿ ਵਿਉਂਤ ਬਣਾਈ ਹੋਈ ਸੀ, ਕਾਫ਼ਲਾ ਬੜੀ ਤੇਜ਼ੀ ਨਾਲ ਟੁਰਿਆ, ਅਤੇ ਨਾਲ ਹੀ ਧੂੜ ਦੇ ਬੱਦਲ ਬਣਾਂਦਾ ਗਿਆ। ਇਹ ਧੂੜ ਹੀ ਏਨੀ ਉੱਡੀ ਸੀ ਕਿ ਹਨੇਰੀ ਹੀ ਬਣ ਗਈ। ਪਹਿਲੇ ਕੁਝ ਗੱਡੇ ਜਾਣ ਬੁਝ ਕੇ ਧੜ ਦੇ ਇਲਾਕੇ ਵਿਚ ਏਧਰ ਉਧਰ ਖਿਲਰ ਪੁਲਰ ਗਏ, ਪਰ ਗਾਡੀ-ਵਾਨ ਇਹੋ ਹੀ ਜ਼ਾਹਰ ਕਰਨ ਦੀ ਕੋਸ਼ਿਸ਼ ਕਰਦੇ ਕਿ ਉਹ ਢਗਿਆਂ ਨੂੰ ਕਾਬੂ ਤੇ ਕਰਨਾ ਚਾਹੁੰਦੇ ਸੀ ਪਰ ਉਹ ਉਹਨਾਂ ਕੋਲੋਂ ਕਾਬੂ ਨਹੀਂ ਸੀ ਹੋ ਰਹੇ। ਇੰਝ ਕਰਨ ਨਾਲ ਉਸ ਇਲਾਕੇ ਵਿਚ ਕਾਫ਼ੀ ਧੂੜ ਹੋ ਗਈ, ਕੁਝ ਦਿੱਸਦਾ ਹੀ ਨਹੀਂ ਸੀ। ਇਸ ਕਾਰਨ ਮੁਗ਼ਲ ਸੰਤਰੀ ਆਪਣੀਆਂ ਅੱਖਾਂ ਮਲਦੇ ਆਪਣੀ ਡਿਊਟੀ ਵਾਲੀ ਥਾਂ ਤੋਂ ਦੂਰ ਹੱਟ ਗਏ। ਇਸ ਖ਼ਤਰਨਾਕ ਕੰਮ ਨੂੰ ਕਰਦਿਆਂ ਲੁਬਾਣੇ ਸਿੱਖ ਆਪਣੇ ਗੁਰੂ ਨੂੰ ਵੀ ਯਾਦ ਕਰੀ ਜਾਂਦੇ ਸੀ ਅਤੇ ਅਰਦਾਸ ਵੀ ਕਰੀ ਜਾਂਦੇ ਕਿ ਹੇ ਗੁਰੂ ਸਾਹਿਬ! ਇਹ ਕੰਮ ਤੁਸੀਂ ਨੇਪਰੇ ਚਾੜ੍ਹਨਾ ਹੈ, ਇਹ ਤੁਹਾਡਾ ਹੀ ਕੰਮ ਹੈ, ਅਤੇ ਬਾਣੀ ਦੀ ਇਹ ਤੁਕ ਪੜ੍ਹੀ ਜਾਂਦੇ:

**ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥**

*(ਪੰਨਾ ੭੮੪)*

ਹੁਣ ਉਹ ਵੇਲਾ ਆ ਪੁੱਜਾ ਜਿਹਦੀ ਕਿ ਉਡੀਕ ਵਿਚ ਲੱਖੀ ਸ਼ਾਹ ਸੀ। ਉਹਨੇ ਆਪਣੇ ਪੁੱਤਰਾਂ ਦੀ ਸਹਾਇਤਾ ਨਾਲ ਝੱਟ ਪੱਟ ਗੁਰੂ ਜੀ ਦਾ ਧੜ ਰੂੰ ਵਾਲੇ ਗੱਡੇ ਵਿਚ ਲੱਦ ਕੇ ਉਪਰੋਂ ਢੱਕ ਦਿੱਤਾ ਅਤੇ ਇਸ ਗੱਡੇ ਨੂੰ ਇਕੱਲੇ ਹੀ ਛੇਤੀ ਛੇਤੀ ਆਪਣੇ ਘਰ ਰਕਾਬਗੰਜ ਵਿਚ ਲੈ ਗਿਆ, ਜੋ ਉਥੋਂ 4 ਕੁ ਮੀਲ ਸੀ।

'ਭੱਟ ਵਹੀਯਾ ਦੋਬੰਸੀ ਬੜਤੀਆਂ ਦੀ' ਵਿਚ ਸਮਕਾਲੀ ਕੇਸੋ ਭੱਟ ਨੇ ਇਸ ਸਾਕੇ ਬਾਰੇ ਇਉਂ ਲਿਖਿਆ ਹੈ:

ਚਲਾ ਚਲਾਈ ਹੋ ਰਹੀ ਗਢ ਗਢ ਉਖਰੇ ਮੇਖ।

ਲੱਖੀ ਨਗਾਹੀਆ ਲੈ ਚਲੇ ਤੂੰ ਖੜਾ ਤਮਾਸ਼ਾ ਵੇਖ॥੧॥
ਲੱਖੀ ਨਗਾਹੀਆ, ਲਖ ਗਏ, ਹੇਮ ਹੜਾਓ ਆਠ;
ਸਖਾ ਸਰੀਕਾ ਲਖ ਗਏ, ਬਹੁਰ ਨ ਆਇ ਇਸ ਬਾਟ॥੨॥
ਧਨ ਪਾਰਾਂ ਦੇਈ ਗੁਰਾਂ ਬਨੀ, ਪਤ ਜਨਮਿਆ ਨਗਾਹੀਆ,
ਪਾਂਚ ਸੈ ਹੇੜੀ ਮਾਹਿ ਭਗਾਇ।
ਗੁਰੂ ਕੀ ਲੋਥ (ਧੜ) ਉਠਾਇ ਲਿਆਨੀ ਜਸ ਜਗ ਮੇ ਪਾਇਆ,
ਪਿਤਾ ਪੁਤ ਰੋਸ਼ਨ ਭਏ ਆਇ।

ਰਕਾਬ ਗੰਜ ਪੁੱਜ ਕੇ ਲੱਖੀ ਸ਼ਾਹ ਨੇ ਬੜੇ ਸਤਿਕਾਰ ਨਾਲ ਗੁਰੂ ਜੀ ਦਾ ਧੜ ਆਪਣੇ ਘਰ ਦੇ ਇਕ ਪਾਸੇ ਕਮਰੇ ਵਿਚ ਰੱਖਿਆ, ਅਤੇ ਉਹਨਾਂ ਦੇ ਦਰਸ਼ਨ ਕੀਤੇ। ਗੁਰੂ ਜੀ ਦੇ ਸਰੀਰ ਨੂੰ ਇਸ਼ਨਾਨ ਕਰਵਾ ਇਕ ਮੰਜੇ 'ਤੇ ਲਿਟਾ ਦਿੱਤਾ। ਇਹਦੇ ਆਲੇ ਦੁਆਲੇ ਲਕੜੀਆਂ ਅਤੇ ਹੋਰ ਜਲਦੀ ਸੜਨ ਵਾਲੀਆਂ ਵਸਤਾਂ ਵੀ ਰੱਖ ਦਿੱਤੀਆਂ, ਫਿਰ ਸਰੀਰ ਉੱਪਰ ਘਿਉ ਛਿੜਕਿਆ, ਆਖਰੀ ਪ੍ਰਣਾਮ ਕੀਤਾ ਅਤੇ ਆਪਣੇ ਹੀ ਘਰ ਨੂੰ ਅੱਗ ਲਾ ਦਿੱਤੀ। ਕੁਝ ਸਮਾਂ ਬੀਤਣ ਉਪਰੰਤ ਲੱਖੀ ਸ਼ਾਹ ਨੇ ਦੁਹਾਈ ਪਾ ਦਿੱਤੀ। "ਮੈਂ ਲੁੱਟਿਆ ਗਿਆ, ਮੇਰਾ ਘਰ ਸੜ ਗਿਆ। ਮਦਦ ਕਰੋ!"

ਦੂਜੇ ਪਾਸੇ ਜਦੋਂ ਗੱਡਿਆਂ ਦਾ ਸਾਰਾ ਕਾਫ਼ਲਾ ਚਾਂਦਨੀ ਚੌਕ ਤੋਂ ਕੁਝ ਦੂਰ ਚਲਾ ਗਿਆ ਅਤੇ ਧੂੜ ਕੁਝ ਘਟ ਗਈ ਤਾਂ ਮੁਗ਼ਲ ਸੰਤਰੀ ਆਪਣੀ ਡਿਊਟੀ ਅਸਥਾਨ 'ਤੇ ਮੁੜ ਆਏ, ਤੇ ਕੀ ਵੇਖਦੇ ਹਨ ਕਿ ਧੜ ਉਥੋਂ ਗਾਇਬ ਸੀ। ਇਹ ਵੇਖ ਉਹ ਬੜੇ ਹੈਰਾਨ ਹੋਏ ਕਿ ਏਨਾ ਕਰੜਾ ਪਹਿਰਾ ਹੁੰਦਿਆਂ ਹੋਇਆਂ ਵੀ ਧੜ ਨੂੰ ਕੌਣ ਲੈ ਗਿਆ। ਉਹਨਾਂ ਨੂੰ ਗੱਡਿਆਂ ਵਾਲਿਆਂ ਉਪਰ ਸ਼ੱਕ ਹੋਇਆ ਤੇ ਉਹ ਘੋੜੇ ਦੌੜਾ ਕੇ ਉਹਨਾਂ ਦੇ ਪਿੱਛੇ ਗਏ ਅਤੇ ਰਾਹ ਵਿਚ ਹੀ ਘੇਰ ਲਿਆ। ਸਿਪਾਹੀਆਂ ਨੇ ਸਾਰੇ ਗੱਡਿਆਂ ਦੀ ਤਲਾਸ਼ੀ ਲਈ ਪਰ ਕੁਝ ਨਾ ਮਿਲਿਆ। ਫੇਰ ਉਹਨਾਂ ਨੇ ਸਾਰੇ ਗਾਡੀਵਾਨਾਂ ਨੂੰ ਇਕੱਠੇ ਕਰਕੇ ਪੁੱਛਿਆ ਕਿ 'ਗੁਰੂ ਜੀ ਦਾ ਧੜ ਕਿਥੇ ਹੈ? ਦੱਸੋਂ ਨਹੀਂ ਤੇ ਤੁਹਾਨੂੰ ਸਾਰਿਆਂ ਨੂੰ ਕੈਦ ਕੀਤਾ ਜਾਵੇਗਾ ਅਤੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ।' ਹੋਰ ਵੀ ਬਹੁਤ ਡਰਾਵੇ ਦਿੱਤੇ ਪਰ ਗਾਡੀਵਾਨ, ਜਿਨ੍ਹਾਂ ਨੇ ਥਾਂ ਥਾਂ ਦਾ ਪਾਣੀ ਪੀਤਾ ਹੋਇਆ ਸੀ ਅਤੇ ਕਈ ਕਿਸਮ ਦੀਆਂ ਔਕੜਾਂ ਵਿਚ ਦੀ ਲੰਘੇ ਹੋਏ ਸੀ, ਕਦੋਂ ਡਰਨ ਵਾਲੇ ਸਨ। ਧਮਕੀਆਂ ਡਰਾਵਿਆਂ ਦਾ ਉਹਨਾਂ ਉਪਰ ਕੋਈ ਅਸਰ ਨਾ ਪਿਆ। ਉਨ੍ਹਾਂ ਨੇ ਤਾਂ ਇਕੋ ਹੀ ਰੱਟ ਲਾਈ ਹੋਈ ਸੀ ਕਿ ਉਹ ਧੜ ਬਾਰੇ ਕੁਝ ਨਹੀਂ ਸੀ ਜਾਣਦੇ ਅਤੇ ਉਨ੍ਹਾਂ ਇਸ ਲਾਏ ਦੋਸ਼ ਦੀ ਵਿਰੋਧਤਾ ਕੀਤੀ। ਉਹਨਾਂ ਕਿਹਾ ਕਿ ਉਹ ਤੇ ਉਸ ਅਸਥਾਨ ਦੇ ਨੇੜੇ ਵੀ ਨਹੀਂ ਸੀ ਗਏ ਤੇ ਉਹ (ਸਰਕਾਰ) ਉਹਨਾਂ ਬੇ-ਕਸੂਰਿਆਂ ਨੂੰ ਕਿਵੇਂ ਸਜ਼ਾ ਦੇ ਸਕਦੀ ਸੀ।[3] ਉਹਨਾਂ ਇਹ ਵੀ ਕਿਹਾ ਕਿ ਤੁਸੀਂ ਸਾਡੇ ਗੱਡਿਆਂ ਦੀ ਤਲਾਸ਼ੀ ਲੈ ਲਈ ਹੈ, ਜੇਕਰ ਇਹਨਾਂ ਵਿਚ ਕੁਝ ਹੁੰਦਾ ਤਾਂ ਲੱਭ ਨਾ ਪੈਂਦਾ।

ਇਸ ਉਪਰੰਤ, ਮੁਗ਼ਲ ਸਿਪਾਹੀ ਰਕਾਬ ਗੰਜ ਲੱਖੀ ਸ਼ਾਹ ਦੇ ਘਰ ਵੱਲ ਨੂੰ ਦੌੜੇ। ਉਥੇ ਜਾ ਕੇ ਉਹ ਕੀ ਵੇਖਦੇ ਹਨ ਕਿ ਲੱਖੀ ਸ਼ਾਹ ਦਾ ਘਰ ਜਲ ਰਿਹਾ ਸੀ ਅਤੇ ਉਹ ਸਹਾਇਤਾ ਲਈ ਪੁਕਾਰ ਰਿਹਾ ਸੀ। ਇਹ ਵੇਖ ਸਿਪਾਹੀਆਂ ਦਾ ਲੱਖੀ ਸ਼ਾਹ ਨੂੰ ਕੁਝ ਪੁੱਛਣ ਦਾ ਹੌਂਸਲਾ ਨਾ ਪਿਆ, ਅਤੇ ਇੰਝ ਮੂਰਖ ਬਣ ਆਪਣਾ ਮਨੋਰਥ ਹਾਸਲ ਕੀਤੇ ਬਿਨਾਂ ਹੀ ਮੁਗ਼ਲ ਸਿਪਾਹੀ ਚਾਂਦਨੀ ਚੌਕ ਨੂੰ ਮੁੜ ਆਏ।

ਸਾਰੇ ਦੁਹਾਈ ਪੈ ਗਈ ਕਿ ਪਹਿਲਾਂ ਸੀਸ ਗੁੰਮ ਹੋ ਗਿਆ ਸੀ ਅਤੇ ਹੁਣ ਧੜ ਵੀ ਗਾਇਬ ਹੋ ਗਿਆ ਹੈ। ਸ਼ੱਕੀ ਅਤੇ ਵਹਿਮੀ ਔਰੰਗਜ਼ੇਬ ਸਮੇਤ ਕਈ ਹੋਰਨਾਂ ਨੇ ਵੀ ਇਹ ਸਮਝਿਆ ਕਿ ਕੋਈ ਕਰਿਸ਼ਮਾ ਵਾਪਰ ਗਿਆ ਹੈ। ਬਾਦਸ਼ਾਹ ਬੜੇ ਗ਼ੁੱਸੇ ਵਿਚ ਸੀ, ਅਹਿਲਕਾਰਾਂ ਉਪਰ ਨਾਰਾਜ਼ ਸੀ, ਪਰ ਕਰ ਕੁਝ ਨਹੀਂ ਸੀ ਸਕਦਾ।

ਭਾਵੇਂ ਲੱਖੀ ਸ਼ਾਹ ਦਾ ਘਰ ਸੜ ਕੇ ਸੁਆਹ ਹੋ ਗਿਆ ਪਰ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਬੜੇ ਸੁਚੱਜੇ ਢੰਗ ਨਾਲ ਅਤੇ ਸਤਿਕਾਰ ਸਹਿਤ ਹੋ ਗਿਆ ਸੀ। ਉਹ ਬੜਾ ਖ਼ੁਸ਼ ਸੀ ਕਿ ਉਹਦੀ ਮਿਹਨਤ ਸਫਲ ਹੋ ਗਈ ਸੀ ਅਤੇ ਉਹ ਆਪਣੇ ਉਦੇਸ਼ ਨੂੰ ਪੂਰਾ ਕਰ ਸਕਿਆ ਸੀ।[4] ਇਸ ਘਟਨਾ ਦਾ ਸਵਾਇ ਲੱਖੀ ਸ਼ਾਹ ਅਤੇ ਉਹਦੀ ਆਪਣੀ ਬਰਾਦਰੀ ਦੇ ਕੁਝ ਬੰਦਿਆਂ ਤੋਂ ਕਿਸੇ ਹੋਰ ਨੂੰ ਸੂਹ ਤਕ ਨਾ ਲੱਗੀ। ਜਿਸ ਸਥਾਨ 'ਤੇ ਗੁਰੂਦੇਵ ਪਿਤਾ ਜੀ ਦੇ ਧੜ ਦਾ ਸਸਕਾਰ ਕੀਤਾ ਗਿਆ ਸੀ ਉਥੇ ਹੁਣ ਰਕਾਬਗੰਜ ਨਾਂ ਦਾ ਆਲੀਸ਼ਾਨ ਗੁਰਦੁਆਰਾ ਸੁਸ਼ੋਭਿਤ ਹੈ। ਇਸ ਦੇ ਨੇੜੇ ਹੀ ਲੋਕ ਸਭਾ ਭਵਨ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੱਚਾਈ ਦੀ ਖ਼ਾਤਰ ਸ਼ਹਾਦਤ ਦਿੱਤੀ। ਉਹਨਾਂ ਦੀ ਸ਼ਹਾਦਤ ਨੇ ਸਿੱਖਾਂ ਨੂੰ ਮਾਰਸ਼ਲ ਕੌਮ ਬਣਾਉਣ ਵਿਚ ਕੋਈ ਘੱਟ ਹਿੱਸਾ ਨਹੀਂ ਪਾਇਆ।[5] ਉਹਨਾਂ ਨੇ ਹਿੰਦੂ ਧਰਮ ਵਿਚ ਵਿਸ਼ਵਾਸ ਨਾ ਰੱਖਦਿਆਂ ਹੋਇਆਂ ਵੀ ਇਹਨੂੰ ਬਚਾਣ ਲਈ ਆਪਣੀ ਜਾਨ ਦੇ ਦਿੱਤੀ, ਜਿਸ ਲਈ ਹਿੰਦੂਆਂ ਨੂੰ ਉਹਨਾਂ ਦਾ ਕਰਤਿਗਯ ਹੋਣਾ ਚਾਹੀਦਾ ਹੈ ਕਿ ਉਹ ਅੱਜ ਇਸ ਧਰਮ ਵਿਚ ਰਹਿੰਦਿਆਂ ਹੋਇਆਂ ਭਾਰਤ ਵਿਚ ਰਾਜ ਕਰ ਰਹੇ ਹਨ। ਦੂਜੇ ਪਾਸੇ ਭਾਈ ਜੈਤਾ ਜੀ ਨੇ ਸੀਸ ਤੇ ਲੱਖੀ ਸ਼ਾਹ ਅਤੇ ਉਹਨਾਂ ਦੇ ਸਾਥੀਆਂ ਦੀ ਦਿਮਾਗੀ ਸੂਝ (ਬਿਬੇਕ-ਬੁੱਧੀ), ਬਹਾਦਰੀ, ਦਲੇਰੀ, ਸ਼ਰਧਾ ਅਤੇ ਏਕਤਾ ਦਾ ਹੀ ਨਤੀਜਾ ਸੀ ਕਿ ਇਹਨਾਂ ਨੇ ਔਰੰਗਜ਼ੇਬ ਦੇ ਚੈਲੰਜ ਨੂੰ ਪਰਵਾਨ ਕੀਤਾ ਅਤੇ ਉਹਦੇ ਕਹਿਰ ਤੋਂ ਨਾ ਡਰਦੇ ਹੋਇਆਂ ਗੁਰੂ ਜੀ ਦਾ ਧੜ, ਮੁਗ਼ਲਾਂ ਦੇ ਕਰੜੇ ਪਹਿਰੇ ਦੇ ਹੁੰਦਿਆਂ ਵੀ ਉਥੋਂ ਚੁੱਕਿਆ ਅਤੇ ਆਪਣੇ ਘਰ ਲਿਜਾ ਕੇ ਉਹਦਾ ਸਸਕਾਰ ਕੀਤਾ। ਉਦੋਂ ਜਦੋਂ ਕਿ ਸ਼ਾਹੀ ਹੁਕਮ ਦੀ ਉਲੰਘਣਾ ਕਰਨਾ ਆਪਣੇ ਅਤੇ ਆਪਣੇ ਪਰਿਵਾਰ ਉਪਰ ਮੁਸੀਬਤ ਦਾ ਪਹਾੜ ਢਾਹ ਲੈਣ ਬਰਾਬਰ ਸੀ, ਪਰ ਇੰਝ ਕਰਕੇ ਲੱਖੀ ਸ਼ਾਹ ਲੁਬਾਣਾ ਨੇ ਔਰੰਗਜ਼ੇਬ ਵਰਗੇ ਜ਼ਬਰਦਸਤ ਹਾਕਮ ਦਾ ਮੁਕਾਬਲ਼ਾ ਕਰਕੇ ਉਹਦੀ ਹੇਠੀ ਕੀਤੀ ਅਤੇ ਸਿੱਖਾਂ ਦੀ ਸ਼ਾਨ ਵਿਚ ਵਾਧਾ ਕੀਤਾ। ਇਹ ਲੱਖੀ ਸ਼ਾਹ ਦੀ ਅਦੁੱਤੀ ਕੁਰਬਾਨੀ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਕਰਨ ਦੇ ਕੁਝ ਸਮਾਂ ਉਪਰੰਤ ਲੱਖੀ ਸ਼ਾਹ ਆਪਣੇ ਕੁਝ ਰਿਸ਼ਤੇਦਾਰਾਂ ਅਤੇ ਸਾਥੀਆਂ ਨੂੰ ਨਾਲ ਲੈ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਗਿਆ। ਜਦੋਂ ਉਹ ਮੱਥਾ ਟੇਕ ਕੇ ਬੈਠ ਗਿਆ ਤਾਂ ਗੁਰੂ ਸਾਹਿਬ ਨੇ ਲੱਖੀ ਸ਼ਾਹ ਨੂੰ ਸਾਰੀ ਵਾਰਦਾਤ, ਕਿ ਕਿਵੇਂ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਧੜ ਚੁੱਕ ਕੇ ਲੈ ਗਿਆ ਅਤੇ ਉਹਦਾ ਸਸਕਾਰ ਕੀਤਾ, ਸੁਨਾਉਣ ਨੂੰ ਕਿਹਾ[6] ਅੱਗੋਂ ਲੱਖੀ ਸ਼ਾਹ ਨੇ ਬੜੀ ਨਿਮਰਤਾ ਨਾਲ ਜੁਆਬ ਦਿੱਤਾ ਕਿ ਸਤਿਗੁਰੂ ਤੇ ਆਪ ਜਾਣੀ ਜਾਣ ਹਨ, ਉਹ ਸਭ ਕੁਝ ਜਾਣਦੇ ਹਨ, ਮੈਂ ਕੀ ਦੱਸਾਂ ? ਇਸ 'ਤੇ ਗੁਰੂ ਜੀ ਨੇ ਫਿਰ ਫ਼ਰਮਾਇਆ ਕਿ ਉਹ ਤਾਂ ਸਭ ਕੁਝ ਸਿੱਖ ਦੀ ਆਪਣੀ ਜ਼ੁਬਾਨੀ ਸੁਣਨਾ ਚਾਹੁੰਦੇ ਸਨ। ਇਸ 'ਤੇ ਲੱਖੀ ਸ਼ਾਹ ਨੇ ਸਾਰੀ ਕਹਾਣੀ ਬੜੇ ਵਿਸਥਾਰ ਨਾਲ ਗੁਰੂ ਜੀ ਨੂੰ ਸੁਣਾਈ। ਲੱਖੀ ਸ਼ਾਹ ਨੇ ਖ਼ਾਸ ਕਰਕੇ ਜਦੋਂ ਇਹ ਦੱਸਿਆ

ਕਿ ਉਸ ਸਮੇਂ ਸਿੱਖ ਛੁਪ ਗਏ ਸੀ, ਕੋਈ ਵੀ ਸਿੱਖ ਸਾਹਮਣੇ ਨਾ ਆਇਆ, ਆਪਣੇ ਆਪਣੇ ਘਰੀਂ ਹੀ ਲੁਕੇ ਰਹੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਹੈਰਾਨ ਹੋਏ। ਫਿਰ ਲੱਖੀ ਸ਼ਾਹ ਦੀ ਦਿਮਾਗੀ ਸੂਝ ਅਤੇ ਬਹਾਦਰੀ ਦੀ ਦਾਦ ਦਿੱਤੀ ਅਤੇ ਨਾਲ ਹੀ ਇਹ ਫ਼ਰਮਾਇਆ ਕਿ ਹੁਣ ਉਹ ਐਸਾ ਸਿੱਖ ਤਿਆਰ ਕਰਨਗੇ ਜੋ ਕਿ ਕਦੇ ਵੀ ਛੁਪ ਨਹੀਂ ਸਕੇਗਾ। ਉਹ ਲੱਖਾਂ ਵਿਚ ਖਲੋਤਾ ਹੋਇਆ ਇਕ ਵੀ ਪਛਾਣਿਆ ਜਾ ਸਕੇਗਾ। ਭਾਈ ਸੰਤੋਖ ਸਿੰਘ ਜੀ ਇਸ ਬਾਰੇ ਲਿਖਦੇ ਹਨ:

ਇਸ ਬਿਧਿ ਕੋ ਅਬਿ ਪੰਥ ਬਨਾਵੋਂ।
ਸਕਲ ਜਗਤ ਮਹਿ ਬਹੁ ਬਿਦ ਤਾਵੋਂ।
ਲਾਖਹੂੰ ਜਗ ਕੇ ਨਰ ਇਕ ਥਾਇ।
ਤਿਨ ਮਹਿ ਮਿਲੇ ਏਕ ਸਿਖ ਨਾਇ।
ਸਭ ਮੈਂ ਪ੍ਰਿਥਕ ਪਛਾਨਯੋਂ ਪਰੈਂ।
ਕਲੈ ਨ ਕਬਹੁੰ ਕੈ ਸਿਹ ਕਰੈ। *(ਸੂਰਜ ਪ੍ਰਕਾਸ਼)*

ਸੋ 1699 ਈਸਵੀ ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਅਨੰਦਪੁਰ ਸਾਹਿਬ ਇਕੱਤਰ ਕੀਤਾ ਅਤੇ ਉਹਨਾਂ ਨੂੰ ਪੰਜ ਕਕਾਰੀ ਅੰਮ੍ਰਿਤਧਾਰੀ ਖ਼ਾਲਸੇ ਦਾ ਨਵਾਂ ਰੂਪ ਦਿੱਤਾ। ਇਸ ਉਪਰੰਤ ਖ਼ਾਲਸਾ ਭਾਵੇਂ ਲੱਖਾਂ ਵਿਚ ਇਕ ਵੀ ਕਿਉਂ ਨਾ ਹੋਵੇ, ਝਟ ਪਛਾਣਿਆ ਜਾਂਦਾ ਹੈ।

ਲੱਖੀ ਸ਼ਾਹ ਦਾ ਦਿਹਾਂਤ ਤੇ ਇਸ ਤੋਂ ਕਾਫ਼ੀ ਸਮਾਂ ਪਹਿਲਾਂ ਦਾ ਹੋ ਗਿਆ ਸੀ, ਪਰ ਉਹਦੇ ਸਾਰੇ ਪੁੱਤਰ ਇਸ ਸਮੇਂ ਅਨੰਦਪੁਰ ਸਾਹਿਬ ਹਾਜ਼ਰ ਸੀ। ਉਹ ਵੀ ਸਾਰੇ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ। ਇਹਨਾਂ ਵਿਚੋਂ ਸਭ ਤੋਂ ਵੱਡਾ ਪੁੱਤਰ ਸੀ ਨਿਗਾਹੀਆ ਸਿੰਘ ਜਿਨ੍ਹੇ ਕਿ ਨੌਵੇਂ ਪਾਤਸ਼ਾਹ ਦੀ ਦੇਹ ਨੂੰ ਚਾਂਦਨੀ ਚੌਕ ਵਿਚੋਂ ਚੁੱਕ ਕੇ ਰਕਾਬ ਗੰਜ ਲਿਆ ਕੇ ਸਸਕਾਰ ਕਰਨ ਵਿਚ ਆਪਣੇ ਪਿਤਾ ਦਾ ਹੱਥ ਵਟਾਇਆ ਸੀ, ਇਹ ਸਿੰਘ, ਅੰਮ੍ਰਿਤਸਰ ਵਿਖੇ ਅਪ੍ਰੈਲ 1709 ਈਸਵੀ ਨੂੰ ਮੁਗ਼ਲਾਂ ਵਿਰੁੱਧ ਲੜਦਾ ਸ਼ਹੀਦ ਹੋ ਗਿਆ ਸੀ। ਦੂਜਾ ਪੁੱਤਰ ਹੇਮ ਸਿੰਘ ਅਨੰਦਪੁਰ ਦੀ ਇਕ ਲੜਾਈ ਵਿਚ 1703 ਈਸਵੀ ਨੂੰ ਸ਼ਹੀਦ ਹੋ ਗਿਆ ਸੀ। ਇਹਨਾਂ ਦਾ ਇਕ ਦੋਹਤਾ ਉਦੈ ਸਿੰਘ ਸਰਸਾ ਦੇ ਕਿਨਾਰੇ ਮੁਗ਼ਲਾਂ ਨਾਲ ਲੜਦਾ ਮਾਰਿਆ ਗਿਆ ਸੀ।

ਮਾਰਚ 1783 ਵਿਚ ਸ. ਬਘੇਲ ਸਿੰਘ 30,000 ਸਿੱਖਾਂ ਦਾ ਲਸ਼ਕਰ ਲੈ ਕੇ ਦਿੱਲੀ ਫਤਹਿ ਕਰਨ ਗਿਆ ਸੀ। ਸਰਦਾਰ ਨੇ ਸਿੱਖ ਇਤਿਹਾਸਕ ਅਸਥਾਨਾਂ ਦੀ ਭਾਲ ਕੀਤੀ ਅਤੇ ਉਥੇ ਗੁਰਦੁਆਰੇ ਬਣਵਾਏ। ਲੱਖੀ ਸ਼ਾਹ ਦੇ ਪਰਿਵਾਰ ਨੇ ਸਰਦਾਰ ਬਘੇਲ ਸਿੰਘ ਨੂੰ ਰਕਾਬ-ਗੰਜ ਬਾਰੇ ਦੱਸਿਆ ਜਿਥੇ ਕਿ ਮੁਸਲਮਾਨਾਂ ਨੇ ਮਸੀਤ ਬਣਾਈ ਹੋਈ ਸੀ।[7] ਜਦੋਂ ਸਰਦਾਰ ਮਸੀਤ ਢਾਹੁਣ ਲੱਗਾ ਤਾਂ ਮੁਸਲਮਾਨਾਂ ਨੇ ਇਤਰਾਜ਼ ਕੀਤਾ। ਇਸ 'ਤੇ ਇਹ ਫੈਸਲਾ ਹੋਇਆ ਕਿ ਉਸ ਥਾਂ ਨੂੰ ਪੁੱਟਿਆ ਜਾਏ। ਜੇਕਰ ਉਥੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਫੁੱਲਾਂ ਵਾਲੀ ਗਾਗਰ ਨਿਕਲ ਆਵੇ ਤਾਂ ਇਹ ਥਾਂ ਸਿੱਖਾਂ ਦੇ ਹਵਾਲੇ ਕੀਤੀ ਜਾਏ, ਪਰ ਜੇਕਰ ਇਹ ਗਾਗਰ ਨਾ ਨਿਕਲੇ ਤਾਂ ਮਸੀਤ ਬਣੀ ਰਹੇ। ਰੱਬ ਦਾ ਭਾਣਾ, ਉਹ ਥਾਂ ਪੁੱਟੀ ਗਈ ਤੇ ਹੇਠੋਂ ਉਹੋ ਗਾਗਰ ਨਿਕਲ ਆਈ। ਇਸ 'ਤੇ ਥਾਂ ਸਿੱਖਾਂ ਨੂੰ ਮਿਲ ਗਈ ਅਤੇ ਉਹਨਾਂ ਨੇ ਉਥੇ ਰਕਾਬਗੰਜ ਨਾਂ ਦਾ ਗੁਰਦੁਆਰਾ ਬਣਾ ਦਿੱਤਾ।

ਲੱਖੀ ਸ਼ਾਹ ਅਤੇ ਉਨ੍ਹਾਂ ਦੇ ਭਰਾਤਾ ਧਰਮ ਦਾਸ, ਦੋਵਾਂ ਦੀ ਸੰਤਾਨ, ਇਸ ਵੇਲੇ ਪੰਜਾਬ

ਅਤੇ ਹਰਿਆਣਾ ਦੇ ਕਈ ਹਿੱਸਿਆਂ ਵਿਚ ਵੱਸ ਰਹੀ ਹੈ। ਇਹਨਾਂ 'ਚੋਂ ਉੱਘੀ ਹਸਤੀ ਸੰਤ ਪ੍ਰੇਮ ਸਿੰਘ ਜੀ (ਮੁਰਾਲੇ ਵਾਲੇ ਪਾਕਿਸਤਾਨ) ਹੋਏ ਨੇ ਜੋ ਧਰਮ ਦਾਸ ਦੀ ਪੀੜ੍ਹੀ ਵਿਚੋਂ ਹਨ। ਇਹਨਾਂ ਨੇ ਲੁਬਾਣਾ ਬਰਾਦਰੀ ਦੀ ਧਾਰਮਕ, ਸਮਾਜਕ ਅਤੇ ਸਿਆਸੀ ਉਨਤੀ ਲਈ ਜੋ ਕੁਝ ਕੀਤਾ ਹੈ ਉਸ ਲਈ ਸਾਰੀ ਬਰਾਦਰੀ ਇਹਨਾਂ ਦੀ ਰਿਣੀ ਹੈ। ਪਾਕਿਸਤਾਨ ਦੀ ਸਥਾਪਤੀ ਉਪਰੰਤ ਸੰਤ ਪ੍ਰੇਮ ਸਿੰਘ ਜੀ ਬੇਗੋਵਾਲ, ਜ਼ਿਲ੍ਹਾ ਕਪੂਰਥਲਾ, ਵਿਖੇ ਆ ਵੱਸੇ ਸੀ ਜਿਥੇ ਕਿ ਉਹਨਾਂ ਦਾ ਦਿਹਾਂਤ 2 ਜੂਨ 1950 ਨੂੰ ਹੋ ਗਿਆ।

ਲੱਖੀ ਸ਼ਾਹ ਇਕ ਬਹਾਦਰ, ਸਿਆਣਾ ਅਤੇ ਸ਼ਰਧਾਲੂ ਸਿੱਖ ਸੀ। ਭਾਵੇਂ ਉਹ ਸਰਕਾਰੀ ਠੇਕੇਦਾਰ ਸੀ, ਫਿਰ ਵੀ ਦਿਲੋਂ ਉਹ ਪਹਿਲਾਂ ਸਿੱਖ ਸੀ। ਅਮੀਰ ਹੁੰਦਿਆਂ ਹੋਇਆਂ ਵੀ ਉਹਦੀ ਗੁਰੂ ਘਰ ਵਿਚ ਅਤਿਅੰਤ ਸ਼ਰਧਾ ਸੀ। ਉਹ ਸਮਝਦਾ ਸੀ ਕਿ ਜੋ ਕੁਝ ਵੀ ਉਹਨੂੰ ਮਿਲਿਆ ਹੋਇਆ ਸੀ ਉਹ ਸਭ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੀ ਬਰਕਤ ਸੀ। ਇਸੇ ਲਈ ਕਿਸੇ ਖ਼ਤਰੇ ਦੀ ਵੀ ਪਰਵਾਹ ਨਾ ਕਰਦਿਆਂ ਹੋਇਆਂ, ਜੋ ਭਿਆਨਕ ਹੋ ਸਕਦੇ ਸੀ, ਉਹਨਾਂ ਨੇ ਇਕ ਬੜਾ ਵੱਡਾ ਕੰਮ ਕੀਤਾ। ਸਰਕਾਰੀ ਵੰਗਾਰ ਦਾ ਜੁਆਬ ਦਿੱਤਾ ਅਤੇ ਇਤਨੀ ਧਨਾਢ ਮੁਗ਼ਲ ਸਰਕਾਰ ਨੂੰ ਨੀਚਾ ਵਿਖਾਇਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੀ ਵਾਰਤਾ ਨਾਲ-ਨਾਲ ਭਾਈ ਲੱਖੀ ਸ਼ਾਹ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

## ਹਵਾਲੇ ਤੇ ਟਿੱਪਣੀਆਂ

1. ਸੁਨਿਯੋ ਸਭਨ ਕਰ ਤਰਾਸ ਬਿਸਾਲਾ,
ਕੋਇ ਨਾ ਬੋਲ ਸਕਿਯੋ ਤਿਸ ਕਾਲਾ,
—ਹਮ ਹੈਂ ਸਿੱਖ—ਨ ਤਿਨਹੁ ਬਤਾਵਾ,
ਦਬਕ ਰਹੇ ਨਿਜ ਨਿਜ ਘਰ ਥਾਵਾ॥

(ਸੂਰਜ ਪ੍ਰਕਾਸ਼, ਰਿਤੂ ੧, ਅੰਸੂ ੭੧)

ਹੋਰ ਵੇਖੋ *ਤਵਾਰੀਖ਼ ਗੁਰੂ ਖ਼ਾਲਸਾ*, ਗਿਆਨੀ ਗਿਆਨ ਸਿੰਘ, ਭਾਗ ੧ ਪੰਨਾ ੭੩੪ ਅਤੇ ਛਿੱਬਰ ਦਾ *ਬੰਸਾਵਲੀ-ਨਾਮਾ ਦਸਾਂ ਪਾਤਸ਼ਾਹੀਆਂ ਕਾ*।

2. ਹੁਤੋ ਲੁਬਾਣਾ ਸਿੱਖ ਤਹਿ, ਬ੍ਰਿਖਯ ਬ੍ਰਿੰਦ ਜਿਹਿ ਪਾਸ।
ਗਿਨਤੀ ਬਿਖੈ ਹਜ਼ਾਰ ਦਸ, ਨਿਕਟਿ ਰਖੈ ਗਨ ਦਾਸ॥੧॥
ਗੁਰ ਕਾਰਨ ਕੋ ਸੁਨਿ ਦੁਖ ਪਾਯੋ, ਦਰਸ ਬਿਲੋਕਨ ਦੋ ਹਿਤ ਆਯੋ।
ਤਰੇ ਬ੍ਰਿਛ ਕੇ ਗੁਰਧਰ ਪਰਯੋ, ਦੇਖ ਬਿਲੋਚਨ ਮਹਿ ਜਲ ਭਰਯੋ॥੨॥
ਹਮ ਸਿਖਯਨ ਕੋ ਧਿਕ ਬਹੁ ਭਾਰੀ, ਇਮ ਸਤਿਗੁਰ ਕੀ ਦਸ਼ਾ ਨਿਹਾਰੀ।
ਪ੍ਰਿਥਮੈ ਆਪਨੇ ਪ੍ਰਾਨ ਨ ਦਏ, ਤੁਰਕ-ਤਰਾਸ ਤੇ ਚੁਰਿ ਚੁਰਿ ਗਏ॥੩॥
ਸੁਨਿ ਡਿੰਡਮ ਕੋ ਕਿਨਹੂੰ ਨ ਮਾਨੀ, ਹਮ ਨਹਿ ਸਿੱਖਯ ਨ ਦੇ ਤਮ ਹਾਨੀ।
ਸਸਕਾਰਨ ਕੋ ਕਰੋਂ ਉਪਾਊ, ਜਹਾਨ ਜਾਨ ਸਕੇ ਨਰ ਕਾਊ॥੪॥
ਬਿਦਤ ਕਰੋਂ ਹੋਇ ਨਾ ਸਸਕਾਰ, ਗਰਹਿ ਕਿ ਦੇਹਿ ਮੋਇ ਕੋ ਮਾਰ।
ਗੁਰੂ ਸਹਾਇਕ ਹੋਹਿਂ ਜਿ ਮੇਰੇ, ਛਪ ਕਰਿ ਲੇ ਗਮਨਹੁ ਕਿਸ ਬੇਰੇ॥੫॥

(ਸੂਰਜ ਪ੍ਰਕਾਸ਼, ਰਾਸ ੧੨, ਅੰਸੂ ੬੭)

3. ਗਾਡੀਵਾਨਨ ਸ਼ਰਧਾ ਧਾਰੀ। ਗਿਨਹਿ ਨ ਜਾਇ ਇਹਨੂੰ ਮਤਿ ਮਾਰੀ।
ਨਿਰਭੈ ਹੋਏ ਕਰਿ ਬਾਕ ਬਖਾਨੈ। ਬਿਨਾਂ ਦੋਸ਼ ਕਿਸ ਪ੍ਰਾਨਨਿ ਹਾਨੈ ?

(ਸੂਰਜ ਪ੍ਰਕਾਸ਼, ਰਾਸਿ ੧੨, ਅੰਸੂ ੬੭)

4. ਇਮ ਫਰੇਬ ਸਭਿਹਿਨਿ ਮੀਹ ਕਰਕੈ,
ਸਸਕਾਰੇ ਸਤਿਗੁਰੂ ਸਧਰਿ ਕੈ॥ (ਉਹੀ)

5. *ਹਿਸਟਰੀ ਆਫ਼ ਦੀ ਪੰਜਾਬ*, ਲਤੀਫ਼, ਪੰਨਾ 260, *ਹਿਸਟਰੀ ਆਫ਼ ਦੀ ਸਿਖਸ*, ਕਨਿੰਘਮ, ਪੰਨਾ 59.
6. ਸ੍ਰੀ ਮੁਖ ਤੇ ਸੁਭ ਬਾਕ ਉਚਾਰੇ।
   "ਕਹੁ ਗੁਰੂ ਸਤਿਗੁਰ ਪਯਾਰੇ ਸਿੱਖ ਬਨਜਾਰੇ॥੨॥
   ਕਿਸ ਪਰਕਾਰ ਸਤਿਗੁਰ ਸਸਕਾਰੇ।
   ਕਿਹ ਸਥਾਨ ਮਹਿੰ ਰਾਖ ਸੁਹਾਰੇ॥

(ਸੂਰਜ ਪ੍ਰਕਾਸ਼, ਰਿਤੂ ੧, ਅੰਸੂ ੭)

7. ਫਿਰ ਤੁਰਕੋਂ ਨੇ ਤਹਾਂ ਮਸੀਤ ਰਚ ਰਾਖੀ ਠਟ ਬਦਨੀਤੀ।
   ਲੱਖੀ ਕੀ ਸੰਤਤਿ ਨੇ ਪਤਾ ਦੀਨੋ ਸਿਅੰਨ ਕਰ ਗੁਰਮਤਾ।

(ਪੰਥ ਪ੍ਰਕਾਸ਼, ਗਿਆਨ ਸਿੰਘ, ਪੰਨਾ ੧੧੩੫)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ : ਜੀਵਨ ਤੇ ਰਚਨਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਗੁਰੂ ਸਾਹਿਬਾਨ, ਸੰਤਾਂ-ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੁਆਰਾ ਅਨੁਭਵ ਕੀਤਾ ਹੋਇਆ ਗਿਆਨ, ਜੀਵਿਆ ਹੋਇਆ ਅਮਲ ਤੇ ਪ੍ਰਭੂ ਨਾਲ ਇਕਮਿਕ ਹੋ ਕੇ ਪ੍ਰਾਪਤ ਕੀਤਾ ਹੋਇਆ ਦੈਵੀ ਇਲਹਾਮ (revealation) ਹੈ। ਇਸ ਲਈ ਗੁਰਬਾਣੀ ਦਾ ਪਾਠ ਜਾਂ ਅਧਿਐਨ ਕਰਨ ਤੋਂ ਪਹਿਲਾਂ ਜੇਕਰ ਸੰਬੰਧਿਤ ਬਾਣੀਕਾਰ ਦਾ ਜੀਵਨ ਵੀ ਪੜ੍ਹ ਲਿਆ ਜਾਵੇ ਤਾਂ ਬਹੁਤ ਹੀ ਚੰਗਾ ਹੋਵੇਗਾ। ਹਥਲੇ ਲੇਖ ਵਿਚ ਤਿਆਗ ਅਤੇ ਸੂਰਬੀਰਤਾ ਦੀ ਮੂਰਤ, ਆਜ਼ਾਦੀ ਦੇ ਰੱਖਿਅਕ ਤੇ ਸੰਤ-ਸਿਪਾਹੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਉਨ੍ਹਾਂ ਦੀ ਵੈਰਾਗਮਈ ਬਾਣੀ ਦਾ ਅਧਿਐਨ ਕਰਨ ਦਾ ਨਿਮਾਣਾ ਜਿਹਾ ਯਤਨ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ, 1621 ਈ. ਦਿਨ ਐਤਵਾਰ ਨੂੰ ਅੰਮ੍ਰਿਤਸਰ ਵਿਖੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਮਾਤਾ ਨਾਨਕੀ ਜੀ ਦੇ ਘਰ ਗੁਰੂ ਕੇ ਮਹਿਲ ਵਿਖੇ ਹੋਇਆ ਹੈ। ਆਪ ਜੀ ਦੇ ਚਾਰੇ ਭਰਾ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ ਅਤੇ ਭੈਣ ਬੀਬੀ ਵੀਰੋ ਜੀ ਆਪ ਤੋਂ ਵੱਡੇ ਸਨ। ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੀਰੀ ਪੀਰੀ ਦਾ ਆਪ 'ਤੇ ਡੂੰਘਾ ਪ੍ਰਭਾਵ ਸੀ। ਆਪ ਜੀ ਨਿੱਕੇ ਹੁੰਦਿਆਂ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲ ਪ੍ਰਭੂ ਸਿਮਰਨ ਵਿਚ ਲੀਨ ਹੋਏ ਕਿੰਨਾ-ਕਿੰਨਾ ਚਿਰ ਬੈਠੇ ਰਹਿੰਦੇ ਸਨ। ਮੁੱਢਲੇ ਦੋ-ਤਿੰਨ ਸਾਲਾਂ ਵਿਚ ਹੀ ਆਪ ਜੀ ਦੀਆਂ ਅਸਾਧਾਰਨ ਰੁਚੀਆਂ ਸਾਹਮਣੇ ਆਉਣ ਲੱਗ ਪਈਆਂ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਾਰਮਿਕ ਅਨੁਸ਼ਾਸਨ ਦੇ ਵਾਤਾਵਰਨ ਵਿਚ ਪਲੇ। ਗੁਰੂ ਪਿਤਾ ਦੇ ਬਚਨ-ਬਿਲਾਸ ਸੁਣਦੇ ਤੇ ਉਨ੍ਹਾਂ ਦੀ ਅਗਵਾਈ ਅਨੁਸਾਰ ਧਰਮ ਮਰਯਾਦਾ ਸਿੱਖਦੇ। ਆਪ ਦੀ ਸਿਖਲਾਈ, ਪੜ੍ਹਾਈ ਤੇ ਸ਼ਸਤਰ-ਵਿੱਦਿਆ ਗੁਰੂ ਸਾਹਿਬ ਨੇ ਆਪਣੀ ਨਿਗਰਾਨੀ ਵਿਚ ਕਰਾਈ। ਭਾਈ ਗੁਰਦਾਸ ਜੀ ਨੂੰ ਅੱਖਰੀ ਵਿੱਦਿਆ ਦੇਣ ਲਈ ਕਿਹਾ ਅਤੇ ਰਤਾ ਕੁ ਵੱਡੇ ਹੋਏ ਤਾਂ ਬਾਬਾ ਬੁੱਢਾ ਜੀ ਪਾਸ ਭੇਜਿਆ ਤਾਂ ਕਿ ਸੇਵਾ-ਸਿਮਰਨ ਤੇ ਕਿਰਤ ਦੀ ਮਹੱਤਤਾ ਤੇ ਹੋਰ ਗੁਣ ਪ੍ਰਾਪਤ ਕਰਨ। 11 ਸਾਲ ਦੀ ਉਮਰ ਵਿਚ ਆਪ ਜੀ ਦੀ ਸ਼ਾਦੀ ਮਾਰਚ 1632 ਈ. ਵਿਚ ਭਾਈ ਲਾਲ ਚੰਦ ਜੀ ਖੱਤਰੀ ਦੀ ਸਪੁੱਤਰੀ (ਮਾਤਾ) ਗੁਜਰੀ ਜੀ ਨਾਲ ਹੋਈ। ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੇ ਵਿਆਹ ਦੇ 2 ਸਾਲ ਪਿੱਛੋਂ 1634 ਈ. ਵਿਚ ਕਰਤਾਰਪੁਰ ਦੀ ਜੰਗ ਵਿਚ ਆਪਣੀ ਤੇਗ ਦੇ ਜੌਹਰ ਦਿਖਾਏ। ਯੁੱਧ ਵਿਚ ਸਫਲਤਾ ਪ੍ਰਾਪਤ ਕਰ ਕੇ ਜਦ ਆਪ ਵਾਪਸ ਪਰਤੇ ਤਾਂ ਗੁਰਦੇਵ ਪਿਤਾ ਨੇ ਆਪਣੇ ਬਹਾਦਰ ਸਾਹਿਬਜ਼ਾਦੇ ਨੂੰ ਗਲਵਕੜੀ ਵਿਚ ਲੈ ਲਿਆ, ਥਾਪੜਾ ਦਿੱਤਾ ਤੇ ਬੜੇ ਪਿਆਰ ਨਾਲ ਆਖਿਆ ਕਿ ਅੱਜ ਤੁਸੀਂ ਇਸ ਯੁੱਧ ਵਿਚ ਜਿਸ ਤਰ੍ਹਾਂ

ਤੇਗ ਚਲਾਈ ਉਸ ਕਰਕੇ ਤੁਹਾਡਾ ਨਾਂ ਤਿਆਗ ਮੱਲ ਦੀ ਥਾਂ ਤੇਗ ਬਹਾਦਰ ਹੀ ਸ਼ੋਭਦਾ ਹੈ।

ਕੀਰਤਪੁਰ ਵਿਚ ਰਹਿੰਦਿਆਂ ਸ੍ਰੀ (ਗੁਰੂ) ਤੇਗ ਬਹਾਦਰ ਜੀ ਦਾ ਨਿੱਜੀ ਤੇ ਘਰੋਗੀ ਜੀਵਨ ਬੜਾ ਸਾਦਾ, ਪੱਧਰਾ ਤੇ ਸੁਖੀ ਸੀ। ਆਪ ਦਾ ਮਨ ਸੰਸਾਰ ਦੇ ਲਾਲਚਾਂ, ਮੋਹ, ਝਗੜਿਆਂ ਤੇ ਰਸਾਂ ਤੋਂ ਬੇਲਾਗ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਭਾਵ ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਸ੍ਰੀ (ਗੁਰੂ) ਹਰਿਰਾਇ ਜੀ ਨੂੰ ਗੁਰਿਆਈ ਦੀ ਬਖ਼ਸ਼ਿਸ਼ ਕੀਤੀ ਤੇ ਆਪ 3 ਮਾਰਚ 1644 ਈ ਨੂੰ ਜੋਤੀ ਜੋਤਿ ਸਮਾ ਗਏ। ਸ੍ਰੀ (ਗੁਰੂ) ਤੇਗ ਬਹਾਦਰ ਜੀ ਨੇ ਗੁਰਦੇਵ ਪਿਤਾ ਦੇ ਜੋਤੀ ਜੋਤਿ ਸਮਾਉਣ ਦੇ ਦ੍ਰਿਸ਼ ਨੂੰ ਜਦ ਦੇਖਿਆ ਤਾਂ ਉਨ੍ਹਾਂ 'ਤੇ ਇਸ ਦਾ ਡੂੰਘਾ ਅਸਰ ਹੋਇਆ ਪਰ ਸਬਰ, ਸੰਤੋਖ ਤੇ ਭਾਣਾ ਮੰਨਣ ਦੀ ਜਿਸ ਸ਼ਕਤੀ ਦਾ ਸਬਕ ਉਨ੍ਹਾਂ 23 ਸਾਲ ਸਿੱਖਿਆ ਸੀ, ਉਸ ਕਾਰਨ ਉਹ ਪੂਰਨ ਸ਼ਾਂਤ ਰਹੇ ਤੇ ਫਿਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੋਂ ਆਗਿਆ ਲੈ ਕੇ ਆਪਣੀ ਮਾਤਾ ਨਾਨਕੀ ਤੇ ਧਰਮ ਸੁਪਤਨੀ ਗੁਜਰੀ ਜੀ ਸਮੇਤ ਬਕਾਲਾ ਲਈ ਚੱਲ ਪਏ। ਇਥੇ ਆਪ ਨੇ ਲੱਗਭਗ 21 ਸਾਲ ਰਹਿ ਕੇ ਭਜਨ-ਬੰਦਗੀ ਤੇ ਚਿੰਤਨ ਕੀਤਾ।

ਸ੍ਰੀ ਗੁਰੂ ਹਰਿਰਾਇ ਜੀ ਤੋਂ ਬਾਅਦ ਗੁਰਗੱਦੀ 'ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਬੈਠੇ ਜੋ ਛੋਟੀ ਉਮਰੇ ਹੀ ਦਿੱਲੀ ਵਿਚ ਜੋਤੀ ਜੋਤਿ ਸਮਾ ਗਏ। ਅੱਗੋਂ ਗੱਦੀ ਦੇ ਵਾਰਸ ਦਾ ਸੰਕੇਤ ਉਨ੍ਹਾਂ ਨੇ 'ਬਾਬਾ ਬਕਾਲੇ' ਸ਼ਬਦਾਂ ਰਾਹੀਂ ਕੀਤਾ। ਪਰ ਅੱਗੋਂ ਹੋਣ ਵਾਲੇ ਗੁਰੂ ਦਾ ਨਾਂ ਪੂਰੀ ਤਰ੍ਹਾਂ ਸਪੱਸ਼ਟ ਨਾ ਹੋਣ ਕਾਰਨ ਬਕਾਲੇ ਵਿਚ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਦੇ ਭਤੀਜੇ ਧੀਰ ਮੱਲ ਸਹਿਤ 22 ਨਕਲੀ ਗੁਰੂ ਮੰਜੀਆਂ ਲਗਾ ਕੇ, ਗੁਰੂ ਬਣ ਬੈਠੇ। ਪਰ ਇਕ ਧਨੀ ਵਪਾਰੀ ਭਾਈ ਮੱਖਣ ਸ਼ਾਹ ਲੁਬਾਣਾ ਨੂੰ ਗੁਰੂ ਪ੍ਰਤੀ ਸ਼ਰਧਾ, ਦਰਸ਼ਨਾਂ ਦੀ ਪਿਆਸ ਅਤੇ ਸਿਆਣਪ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਨੌਵੇਂ ਗੁਰੂ ਹੋਣ ਬਾਰੇ ਪਤਾ ਲੱਗਿਆ। ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਗੁਰਿਆਈ ਦੀਆਂ ਰਸਮਾਂ ਨਿਭਾਈਆਂ। ਧੀਰ ਮੱਲ ਜ਼ਰ ਨਾ ਸਕਿਆ ਤੇ ਉਸ ਨੇ ਗੁਰੂ ਸਾਹਿਬ 'ਤੇ ਹਮਲਾ ਕਰਵਾਇਆ। ਉਸ ਦੇ ਬੰਦਿਆਂ ਨੇ ਗੁਰੂ ਸਾਹਿਬ ਦਾ ਸਾਮਾਨ ਵੀ ਲੁੱਟਿਆ ਪਰ ਆਪ ਸ਼ਾਂਤ-ਚਿਤ ਰਹੇ।

ਆਪ ਜੀ ਨੇ ਆਪਣਾ ਕੇਂਦਰੀ ਪ੍ਰਚਾਰ ਸਥਾਨ ਕੀਰਤਪੁਰ ਚੁਣਿਆ, ਉਥੇ ਵੀ ਧੀਰਮੱਲ ਅਤੇ ਸੋਢੀ ਵਿਰੋਧ ਕਰਦੇ ਰਹੇ ਸਨ ਇਸ ਕਰਕੇ ਗੁਰੂ ਸਾਹਿਬ ਨੇ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦ ਕੇ (ਚੱਕ ਨਾਨਕੀ) ਅਨੰਦਪੁਰ ਸਾਹਿਬ ਵਸਾਇਆ। ਆਪ ਨੇ ਮਾਲਵਾ, ਦੁਆਬਾ, ਬਾਂਗਰ, ਬੰਗਾਲ ਅਤੇ ਅਸਾਮ ਦੇ ਕਈ ਅਸਥਾਨਾਂ 'ਤੇ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਪਟਨਾ ਇਸ ਪੱਖ ਤੋਂ ਆਪ ਦਾ ਵਿਸ਼ੇਸ਼ ਕੇਂਦਰ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਇਥੇ ਹੀ 22 ਦਸੰਬਰ 1666 ਈ ਵਿਚ ਹੋਇਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮਕਾਲੀ ਹੁਕਮਰਾਨ, ਔਰੰਗਜ਼ੇਬ ਨੇ ਹਿੰਦੂ ਜਨਤਾ ਨੂੰ ਬਹੁਤ ਤੰਗ ਕੀਤਾ ਹੋਇਆ ਸੀ। ਉਹ ਉਨ੍ਹਾਂ ਦਾ ਜ਼ਬਰਦਸਤੀ ਧਰਮ-ਪਰਿਵਰਤਨ ਕਰਵਾ ਰਿਹਾ ਸੀ। ਧਰਮ-ਪਰਿਵਰਤਨ ਲਈ ਉਸ ਨੇ ਕਸ਼ਮੀਰ ਨੂੰ ਵਿਸ਼ੇਸ਼ ਤੌਰ 'ਤੇ ਕੇਂਦਰ ਚੁਣਿਆ। ਕਸ਼ਮੀਰੀ ਪੰਡਿਤ ਆਪਣੀ ਰੱਖਿਆ ਲਈ ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਰਨ ਵਿਚ ਗਏ। ਗੁਰੂ ਸਾਹਿਬ ਧਰਮ ਦੀ ਸੁਤੰਤਰਤਾ ਦੇ ਸਮਰਥਕ ਸਨ ਅਤੇ ਜਬਰੀ ਧਰਮ-ਪਰਿਵਰਤਨ ਅਤੇ ਜ਼ੁਲਮ ਨੂੰ ਰੋਕਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਸਨ। ਜਦੋਂ ਬਾਲ

ਗੋਬਿੰਦ ਰਾਇ ਜੀ ਨੇ ਪਿਤਾ ਗੁਰੂ ਜੀ ਨੂੰ ਇਸ ਅਤਿਅੰਤ ਕਠਿਨ ਹਾਲਤ ਦੇ ਰੂ-ਬ-ਰੂ ਕੁਰਬਾਨੀ ਦੇਣ ਦਾ ਸਮਰਥਨ ਕੀਤਾ ਤਾਂ ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਔਰੰਗਜ਼ੇਬ ਨੂੰ ਕਹਿਣ ਕਿ ਜੇ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮੁਸਲਮਾਨ ਬਣਾ ਲਵੇ ਤਾਂ ਉਹ ਸਾਰੇ ਵੀ ਮੁਸਲਮਾਨ ਬਣ ਜਾਣਗੇ। ਔਰੰਗਜ਼ੇਬ ਨੇ ਇਹ ਸ਼ਰਤ ਪ੍ਰਵਾਨ ਕਰ ਲਈ। ਗੁਰੂ ਸਾਹਿਬ ਇਸ ਆਸ਼ੇ ਲਈ 1674 ਈ. ਨੂੰ ਅਨੰਦਪੁਰ ਸਾਹਿਬ ਤੋਂ ਦਿੱਲੀ ਲਈ ਰਵਾਨਾ ਹੋ ਗਏ। ਰਾਹ ਵਿਚ ਪ੍ਰਚਾਰ ਕਰਦਿਆਂ ਕਾਫੀ ਸਮਾਂ ਲੱਗ ਗਿਆ। ਬਾਅਦ ਵਿਚ ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਤੇ ਆਗਰੇ ਪਹੁੰਚ ਕੇ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

ਗੁਰੂ ਸਾਹਿਬ ਨੂੰ ਪਹਿਲਾਂ ਧਰਮ-ਪਰਿਵਰਤਨ ਲਈ ਜ਼ੋਰ ਦਿੱਤਾ ਗਿਆ। ਫਿਰ ਗੁਰੂ ਸਾਹਿਬ ਨੂੰ ਭੈ-ਭੀਤ ਕਰਨ ਲਈ ਉਨ੍ਹਾਂ ਦੇ ਤਿੰਨ ਸਿੱਖਾਂ—ਭਾਈ ਮਤੀ ਦਾਸ, ਭਾਈ ਦਿਆਲਾ ਜੀ ਤੇ ਭਾਈ ਸਤੀ ਦਾਸ ਜੀ ਨੂੰ ਕ੍ਰਮਵਾਰ ਆਰੇ ਨਾਲ ਚੀਰ ਕੇ, ਦੇਗ ਵਿਚ ਉਬਾਲ ਕੇ ਅਤੇ ਰੂੰ ਵਿਚ ਲਪੇਟ ਕੇ ਅੱਗ ਲਗਾ ਦਿੱਤੀ ਪਰ ਗੁਰੂ ਸਾਹਿਬ ਫਿਰ ਵੀ ਅਡੋਲ ਰਹੇ। ਅੰਤ 11 ਨਵੰਬਰ 1675 ਈ. ਨੂੰ ਚਾਂਦਨੀ ਚੌਂਕ ਵਿਖੇ ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਖੜ੍ਹੇ ਸਨ, ਉਥੇ ਗੁਰੂ ਸਾਹਿਬ ਜੀ ਦੇ ਸੀਸ ਨੂੰ ਤਲਵਾਰ ਨਾਲ ਧੜ ਤੋਂ ਜੁਦਾ ਕਰ ਦਿੱਤਾ ਗਿਆ। ਸ਼ਹੀਦੀ ਸਾਕਾ ਹੁੰਦਿਆਂ ਹੀ ਉਹ ਗਰਦ ਗੁਬਾਰ, ਤੂਫ਼ਾਨ ਉਠਿਆ ਕਿ ਕਿਸੇ ਨੂੰ ਕੁਝ ਨਾ ਸੁੱਝਿਆ, ਸਭ ਪਾਸੇ ਹਾਹਾਕਾਰ ਮੱਚ ਗਈ। ਉਥੋਂ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਦੇ ਸੀਸ ਨੂੰ ਕੀਰਤਪੁਰ ਸਾਹਿਬ ਪਹੁੰਚਾਇਆ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੀ ਰੱਖਿਆ ਅਤੇ ਧਾਰਮਿਕ ਆਜ਼ਾਦੀ ਲਈ ਆਪਣੀ ਸ਼ਹਾਦਤ ਦੇ ਕੇ ਨਵਾਂ ਇਤਿਹਾਸ ਸਿਰਜਿਆ, ਜਿਸ ਦਾ ਕੋਈ ਵੀ ਸਾਨੀ ਨਹੀਂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿੱਤਰ ਨਾਟਕ' ਵਿਚ ਲਿਖਦੇ ਹਨ ਕਿ:

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥** *(ਅਧਿ: ੫)*

## ਬਾਣੀ ਰਚਨਾ ਦਾ ਵੇਰਵਾ

ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋਹਰਿਆਂ ਸਹਿਤ ਆਪ ਦੇ ੫੭ ਸਲੋਕ ਅਤੇ ੫੯ ਪਦੇ ਹਨ। ਵੱਖ-ਵੱਖ ਰਾਗਾਂ ਵਿਚ ਰਚਿਤ ਗੁਰੂ ਸਾਹਿਬ ਦੀ ਗੁਰਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ: ਗਉੜੀ ੯, ਆਸਾ ੧, ਦੇਵਗੰਧਾਰੀ ੩, ਬਿਹਾਗੜਾ ੧, ਸੋਰਠਿ ੧੨, ਧਨਾਸਰੀ ੪, ਜੈਤਸਰੀ ੩, ਟੋਡੀ ੧, ਤਿਲੰਗ ੩, ਬਿਲਾਵਲੁ ੩, ਰਾਮਕਲੀ ੩, ਮਾਰੂ ੩, ਬਸੰਤੁ ੫, ਸਾਰੰਗ ੪, ਜੈਜਾਵੰਤੀ ੪; ਕੁੱਲ ੫੯ ਪਦੇ।

ਇਸ ਤਰ੍ਹਾਂ ਸਲੋਕਾਂ ਤੋਂ ਬਿਨਾਂ ਆਪ ਜੀ ਦੀ ਬਾਣੀ 15 ਰਾਗਾਂ ਵਿਚ ਮਿਲਦੀ ਹੈ। ਆਪ ਜੀ ਦੇ 57 ਸਲੋਕ ਰਾਗ ਰਹਿਤ ਬਾਣੀ ਹੈ ਤੇ 'ਸਲੋਕ ਮਹਲਾ ੯' ਸਿਰਲੇਖ ਅਧੀਨ ਅਖੀਰ ਵਿਚ ਦਰਜ ਹਨ।

## ਬਾਣੀ ਦਾ ਰਚਨਾਕਾਲ

ਇਤਿਹਾਸਕਾਰਾਂ ਤੇ ਵਿਦਵਾਨਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ 1664 ਈ. ਤੋਂ 1675 ਈ. ਦੇ ਦਰਮਿਆਨ ਰਚੀ ਗਈ ਮੰਨੀ ਜਾਂਦੀ ਹੈ। ਇਹ ਸਮਾਂ ਗੁਰਿਆਈ ਸੰਭਾਲਣ ਤੋਂ ਸ਼ਹੀਦੀ ਤਕ ਦਾ ਹੈ।

## ਬਾਣੀ ਅਨੁਸਾਰ ਵਿਚਾਰਧਾਰਾ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਨੰਤ ਗੁਣਾਂ ਨਾਲ ਭਰਪੂਰ ਹੈ, ਇਸ ਦਾ ਬਿਆਨ ਕਰਨਾ ਬਹੁਤ ਕਠਨ ਹੈ। ਇਸ ਵਿੱਚੋਂ ਮਨੁੱਖਤਾ, ਭਾਈਚਾਰਾ, ਆਤਮਿਕ ਗਿਆਨ ਤੇ ਵੈਰਾਗ ਦਾ ਸੁਨੇਹਾ ਮਿਲਦਾ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਵਰਤੇ ਗਏ ਅਲੰਕਾਰ ਆਮ ਜੀਵਨ ਵਿੱਚੋਂ ਚੁਣੇ ਹਨ ਤੇ ਆਸ਼ਿਆਂ ਨੂੰ ਇਸ ਤਰ੍ਹਾਂ ਸਪੱਸ਼ਟ ਕੀਤਾ ਹੈ ਕਿ ਆਮ ਸੂਝ-ਬੂਝ ਵਾਲਾ ਇਨਸਾਨ ਬਾਣੀ ਦਾ ਪੂਰਾ-ਪੂਰਾ ਲਾਭ ਉਠਾ ਲੈਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਦਰਸ਼ਨ ਤੇ ਵਿਚਾਰਧਾਰਾ ਗੁਰਮਤਿ ਵਿਚਾਰ-ਪ੍ਰਵਾਹ ਦੀ ਲੜੀ ਦੇ ਹੀ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵਿਭਿੰਨ ਪਹਿਲੂਆਂ ਬਾਰੇ ਦਿੱਤੇ ਗਏ ਉਪਦੇਸ਼ਾਂ ਨੂੰ ਸੰਖੇਪ ਵਿਚ ਸਮਝਣ ਦਾ ਯਤਨ ਕਰਾਂਗੇ।

### ਮਨ

ਮਨ ਮਨੋਵਿਗਿਆਨਕ ਅਤੇ ਆਤਮ-ਵਿਗਿਆਨ ਦਾ ਇਕ ਮਹੱਤਵਪੂਰਨ ਵਿਸ਼ਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਨ ਨੂੰ ਜ਼ਿਆਦਾ ਸੰਬੋਧਨ ਕੀਤਾ ਗਿਆ ਹੈ। ਗੁਰੂ ਸਾਹਿਬ ਅਨੁਸਾਰ ਇਸ ਮਨ ਨੂੰ ਆਸਾਨੀ ਨਾਲ ਵੱਸ ਵਿਚ ਨਹੀਂ ਕੀਤਾ ਜਾ ਸਕਦਾ ਹੈ ਕਿਉਂਕਿ ਇਸ ਮਨ ਵਿਚ ਕਦੇ ਨਾ ਮੁੱਕਣ ਵਾਲੀ ਚੰਚਲਤਾ, ਤ੍ਰਿਸ਼ਨਾ ਹਮੇਸ਼ਾ ਵਿਦਮਾਨ ਰਹਿੰਦੀ ਹੈ ਜਿਸ ਕਰਕੇ ਇਹ ਕਦੇ ਟਿਕ ਕੇ ਨਹੀਂ ਰਹਿੰਦਾ। ਇਸ ਮਨ ਵਿਚ ਉਪਸਥਿਤ ਕ੍ਰੋਧ ਮਨੁੱਖ ਦੇ ਸ੍ਰੇਸ਼ਟ ਗਿਆਨ ਨੂੰ ਚੁਰਾ ਲੈਂਦਾ ਹੈ ਜਿਸ ਕਰਕੇ ਗਿਆਨ ਤੋਂ ਹੀਣ ਹੋ ਕੇ ਮਨੁੱਖ ਦੀ ਮਨ ਦੇ ਸਾਹਮਣੇ ਕੋਈ ਪੇਸ਼ ਨਹੀਂ ਜਾਂਦੀ। ਸਾਰੇ ਯੋਗੀ ਤੇ ਵਿਦਵਾਨ ਇਸ ਨੂੰ ਵੱਸ ਵਿਚ ਕਰਨ ਦੇ ਜਤਨ ਕਰਦੇ ਥੱਕ ਜਾਂਦੇ ਹਨ ਪਰ ਇਹ ਮਨ ਪਰਮਾਤਮਾ ਦੇ ਦਇਆਲੂ ਹੋਣ 'ਤੇ ਹੀ ਵੱਸ ਵਿਚ ਆ ਸਕਦਾ ਹੈ। ਗੁਰ ਸ਼ਬਦ ਹੈ:

**ਸਾਧੋ ਇਹੁ ਮਨੁ ਗਹਿਓ ਨ ਜਾਈ॥**
**ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥੧॥ਰਹਾਉ॥**
**ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥**
**ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥੧॥**
**ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ॥**
**ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ॥**

*(ਪੰਨਾ ੨੧੯)*

ਇਹ ਮਨ ਬੁਰੇ ਕੰਮ ਵਾਲੇ ਪਾਸੇ ਜ਼ਿਆਦਾ ਦੌੜਦਾ ਹੈ। ਚੰਗੇ ਕੰਮ ਵਾਲੇ ਪਾਸੇ ਇਸ ਨੂੰ

ਬੜੀ ਮੁਸ਼ਕਿਲ ਨਾਲ ਲਗਾਉਣਾ ਪੈਂਦਾ ਹੈ। ਦਿਨੇ ਰਾਤ ਵਿਸ਼ਿਆਂ ਜਾਂ ਪਦਾਰਥਾਂ ਦੀ ਖ਼ਾਤਰ ਦੌੜਦਾ ਫਿਰਦਾ ਹੈ। ਇਸ ਨੂੰ ਰੋਕਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ:

**ਮਾਈ ਮਨੁ ਮੇਰੋ ਬਸਿ ਨਾਹਿ॥**
**ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ॥੧॥**

*(ਪੰਨਾ ੬੩੨)*

ਗੁਰੂ ਸਾਹਿਬ ਮਨੁੱਖ-ਮਾਤਰ ਨੂੰ ਸਮਝਾਉਣ ਵਾਸਤੇ ਮਨੁੱਖੀ-ਮਨ ਦੀ ਅਵਸਥਾ ਨੂੰ ਆਪਣੇ 'ਤੇ ਢੁਕਾ ਕੇ ਬਿਆਨ ਕਰਦੇ ਹਨ ਕਿ ਇਹ ਮਨ ਰਤਾ ਭਰ ਵੀ ਮੇਰਾ ਕਿਹਾ ਨਹੀਂ ਮੰਨਦਾ। ਮੈਂ ਇਸ ਨੂੰ ਸਿੱਖਿਆ ਦੇ-ਦੇ ਕੇ ਥੱਕ ਗਿਆ ਹਾਂ, ਫਿਰ ਭੀ ਇਹ ਖੋਟੀ ਮੱਤ ਵੱਲੋਂ ਹਟਦਾ ਨਹੀਂ। ਮਾਇਆ ਦੇ ਨਸ਼ੇ ਵਿਚ ਝੱਲਾ ਹੋਇਆ ਇਹ ਮਨ ਪਰਮਾਤਮਾ ਦੀ ਸਿਫ਼ਤ-ਸਲਾਹ ਦੀ ਬਾਣੀ ਨਹੀਂ ਉਚਾਰਦਾ, ਸਗੋਂ ਵਿਖਾਵਾ ਕਰ ਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ ਤੇ ਆਪਣਾ ਪੇਟ ਭਰਦਾ ਰਹਿੰਦਾ ਹੈ। ਗੁਰੂ ਸਾਹਿਬ ਇਸ ਦੀ ਤੁਲਨਾ ਕੁੱਤੇ ਦੀ ਪੂਛ ਨਾਲ ਕਰਦੇ ਹਨ ਕਿ ਜਿਸ ਤਰ੍ਹਾਂ ਕੁੱਤੇ ਦੀ ਪੂਛ ਸਿੱਧੀ ਨਹੀਂ ਹੁੰਦੀ ਉਸੇ ਤਰ੍ਹਾਂ ਇਹ ਮਨ ਵੀ ਸਿੱਧਾ ਨਹੀਂ ਹੁੰਦਾ। ਦਿੱਤੀ ਹੋਈ ਸਿੱਖਿਆ ਨੂੰ ਧਿਆਨ ਨਾਲ ਨਹੀਂ ਸੁਣਦਾ। ਗੁਰਵਾਕ ਹਨ:

**ਯਹ ਮਨੁ ਨੈਕ ਨ ਕਹਿਓ ਕਰੈ॥**
**ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ॥੧॥ਰਹਾਉ॥**
**ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ॥**
**ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ॥੧॥**
**ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥**
**ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ॥** *(ਪੰਨਾ ੫੩੬)*

ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖੀ ਮਨ ਦੀ ਦਸ਼ਾ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਮੈਂ ਇਸ ਮਨੁੱਖੀ ਮਨ ਦੀ ਭੈੜੀ ਹਾਲਤ ਕਿਸ ਨੂੰ ਦੱਸਾਂ, ਲੋਭ ਵਿਚ ਫਸਿਆ ਹੋਇਆ ਇਹ ਮਨ ਦਸੀਂ ਪਾਸੀਂ ਦੌੜਦਾ ਰਹਿੰਦਾ ਹੈ, ਇਸ ਨੂੰ ਧਨ ਜੋੜਨ ਦੀ ਤ੍ਰਿਸ਼ਨਾ ਚੰਬੜੀ ਰਹਿੰਦੀ ਹੈ। ਇਹ ਮਨ ਸੁਖ ਹਾਸਲ ਕਰਨ ਵਾਸਤੇ ਧਿਰ-ਧਿਰ ਦੀ ਖੁਸ਼ਾਮਦ ਕਰਦਾ ਫਿਰਦਾ ਹੈ ਤੇ ਇਸ ਤਰ੍ਹਾਂ ਸੁਖ ਦੇ ਥਾਂ ਸਗੋਂ ਦੁੱਖ ਸਹਾਰਦਾ ਹੈ। ਕੁੱਤੇ ਵਾਂਗ ਹਰੇਕ ਦੇ ਦਰ 'ਤੇ ਭਟਕਦਾ ਫਿਰਦਾ ਹੈ, ਇਸ ਨੂੰ ਪਰਮਾਤਮਾ ਦਾ ਭਜਨ ਕਰਨ ਦੀ ਕਦੇ ਸੂਝ ਨਹੀਂ ਪੈਂਦੀ। ਗੁਰਵਾਕ ਹਨ:

**ਬਿਰਥਾ ਕਹਉ ਕਉਨ ਸਿਉ ਮਨ ਕੀ॥**
**ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥੧॥ਰਹਾਉ॥**
**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥**

*(ਪੰਨਾ ੪੧੧)*

ਗੁਰੂ ਸਾਹਿਬ ਇਸ ਮਨ ਨੂੰ ਆਪਣੀ ਬਾਣੀ ਵਿਚ ਵਾਰ-ਵਾਰ ਸਮਝਾਉਂਦੇ ਹਨ ਕਿ ਹਰ ਰੋਜ਼ ਉਮਰ ਘਟ ਰਹੀ ਹੈ:

**ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ॥**

(ਪੰਨਾ ੧੪੨੭)

ਇਸ ਲਈ ਤੂੰ ਉਸ ਪਰਮਾਤਮਾ ਦੇ ਨਾਲ ਪ੍ਰੀਤ ਪਾਉਣੀ ਕਰ। ਕੰਨਾਂ ਦੇ ਨਾਲ ਉਸ ਦੇ ਗੁਣ ਸੁਣਿਆ ਕਰ ਅਤੇ ਰਸਨਾ ਨਾਲ ਪਰਮਾਤਮਾ ਦੀ ਸਿਫਤ-ਸਾਲਾਹ ਦੇ ਗੀਤ ਗਾਇਆ ਕਰ ਕਿਉਂਕਿ ਇਹ ਵੇਲਾ ਲੰਘਦਾ ਜਾ ਰਿਹਾ ਹੈ:

**ਰੇ ਮਨ ਰਾਮ ਸਿਉ ਕਰਿ ਪ੍ਰੀਤਿ॥**
**ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥੧॥ਰਹਾਉ॥**
**ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥**
**ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥੧॥**
**ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥**
**ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ॥**

(ਪੰਨਾ ੬੩੧)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਬਾਣੀ ਵਿਚ ਮਨੁੱਖੀ ਮਨ ਦੀ ਦਸ਼ਾ ਨੂੰ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਬਿਆਨ ਕੀਤਾ ਹੈ। ਮਨ ਨੂੰ ਝਿੜਕ ਕੇ ਅਤੇ ਪਿਆਰ ਨਾਲ ਵੀ ਬੁਰਾਈਆਂ ਵੱਲੋਂ ਹੋੜਿਆ ਹੈ ਅਤੇ ਪਰਮਾਤਮਾ ਦਾ ਭਜਨ ਕਰਨ ਲਈ ਪ੍ਰੇਰਿਆ ਹੈ।

## ਪਰਮਾਤਮਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਪਾਵਨ ਬਾਣੀ ਅੰਦਰ ਪਰਮਾਤਮਾ ਨੂੰ ਕਈ ਨਾਵਾਂ ਜਿਵੇਂ ਕਿ ਬ੍ਰਹਮ, ਹਰੀ, ਨਿਰੰਜਨੁ, ਗੋਬਿੰਦ, ਰਾਮੁ, ਪ੍ਰਭ, ਭਗਵਾਨ, ਨਾਰਾਇਣ, ਭਗਵੰਤ, ਸੁਆਮੀ, ਦੀਨਾਨਾਥ, ਚਿੰਤਾਮਨਿ, ਕਰੁਣਮੈ, ਠਾਕੁਰਿ, ਗੁਸਾਈਂ, ਰਘੁਨਾਥ, ਮੁਰਾਰੀ, ਨਾਲ ਸੰਬੋਧਿਤ ਕੀਤਾ ਹੈ। ਆਪ ਜੀ ਨੇ ਪਰਮਾਤਮਾ ਦੀ ਸਰਬ-ਵਿਆਪਕਤਾ ਦਾ ਅਤਿ ਸੁੰਦਰ ਚਿਤਰਨ ਕਰਦਿਆਂ ਕਿਹਾ ਹੈ ਕਿ ਜਿਸ ਤਰ੍ਹਾਂ ਫੁੱਲਾਂ ਵਿਚ ਸੁਗੰਧ ਵਿਦਮਾਨ ਰਹਿੰਦੀ ਹੈ ਅਤੇ ਸ਼ੀਸ਼ੇ ਵਿਚ ਛਾਇਆ (ਅਕਸ) ਮੌਜੂਦ ਹੁੰਦੀ ਹੈ ਉਸੇ ਤਰ੍ਹਾਂ ਹੀ ਪਰਮਾਤਮਾ ਸਾਰੇ ਜੀਵਾਂ ਦੇ ਅੰਦਰ ਇਕ-ਰਸ ਵੱਸਦਾ ਹੈ। ਇਸ ਲਈ ਉਸ ਨੂੰ ਜੰਗਲਾਂ ਆਦਿ ਵਿਚ ਲੱਭਣ ਦੀ ਬਜਾਏ ਆਪਣੇ ਹਿਰਦੇ ਵਿੱਚੋਂ ਹੀ ਲੱਭਣਾ ਕਰੋ। ਗੁਰਵਾਕ ਹਨ:

**ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥** (ਪੰਨਾ ੬੮੪)

ਗੁਰੂ ਸਾਹਿਬ ਉਸ ਪਰਮਾਤਮਾ ਦੀ ਸਮਰੱਥਾ ਦਾ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਉਹ ਪਰਮਾਤਮਾ ਇਕ ਛਿਨ ਦੇ ਵਿਚ ਕੰਗਾਲ ਨੂੰ ਰਾਜਾ ਬਣਾ ਦਿੰਦਾ ਹੈ ਤੇ ਰਾਜੇ ਨੂੰ ਕੰਗਾਲ ਕਰ ਦੇਂਦਾ ਹੈ। ਉਹ ਖਾਲੀ ਭਾਂਡਿਆਂ ਨੂੰ ਭਰ ਦੇਂਦਾ ਹੈ ਤੇ ਭਰਿਆਂ ਨੂੰ ਖਾਲੀ ਕਰ ਦੇਂਦਾ ਹੈ ਭਾਵ ਕਿ ਗ਼ਰੀਬਾਂ ਨੂੰ ਅਮੀਰ ਤੇ ਅਮੀਰਾਂ ਨੂੰ ਗ਼ਰੀਬ ਬਣਾ ਦੇਂਦਾ ਹੈ। ਗੁਰਵਾਕ ਹੈ:

**ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥**
**ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥** *(ਪੰਨਾ ੫੩੭)*

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਸਾਰਾ ਜਗਤ ਭਿਖਾਰੀ ਹੈ ਤੇ ਸਾਰਿਆਂ ਦਾ ਦਾਤਾ ਕੇਵਲ ਪਰਮਾਤਮਾ ਹੀ ਹੈ। ਜੀਵਾਂ ਨੂੰ ਤਨ, ਧਨ, ਸੰਪਤੀ, ਸੁੰਦਰ ਧਾਮ ਅਤੇ ਸੁਖ ਦੁੱਖ ਦੇਣ ਵਾਲਾ ਇੱਕੋ ਪਰਮਾਤਮਾ ਹੀ ਹੈ:

**ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥** *(ਪੰਨਾ ੧੪੨੮)*

ਇਸ ਤੋਂ ਇਲਾਵਾ ਗੁਰੂ ਸਾਹਿਬ ਅਨੁਸਾਰ ਉਹ ਪਰਮਾਤਮਾ ਪਤਿਤ ਉਧਾਰਨ, ਭਗਤ ਵਛਲ, ਮੁਕਤੀ ਪ੍ਰਦਾਤਾ, ਕਿਰਪਾਨਿਧਿ, ਦੁਖ ਹਰਤਾ, ਭੈ ਭੰਜਨ ਅਤੇ ਬਿਰਦਪਾਲ ਹੈ। ਗੁਰੂ ਸਾਹਿਬ ਨੇ ਸਾਨੂੰ ਐਸੇ ਗੁਣਾਂ ਵਾਲੇ ਪਰਮਾਤਮਾ ਦਾ ਭਜਨ ਕਰਨ ਲਈ ਵਾਰ-ਵਾਰ ਪ੍ਰੇਰਿਆ ਹੈ।

## ਨਾਸ਼ਮਾਨਤਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਜਗਤ ਦੀ ਨਾਸ਼ਮਾਨਤਾ ਦਾ ਕਈ ਵਾਰ ਚਿਤਰਨ ਕੀਤਾ ਹੋਇਆ ਹੈ। ਆਪ ਜੀ ਨੇ ਛੋਟੀ ਉਮਰੇ ਕਈ ਮੌਤਾਂ ਵੇਖੀਆਂ ਸਨ। ਆਪ 23 ਸਾਲਾਂ ਦੇ ਸਨ ਕਿ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਕਾਲ ਚਲਾਣਾ ਕਰ ਗਏ। ਦੋ ਭਰਾ ਬਾਬਾ ਅਟੱਲ ਰਾਇ ਅਤੇ ਬਾਬਾ ਅਣੀ ਰਾਇ ਵੀ ਛੋਟੀ ਉਮਰ ਵਿਚ ਹੀ ਸਰੀਰ ਛੱਡ ਗਏ। ਫੇਰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਵੀ ਵਿੱਛੜਦਿਆਂ ਵੇਖਿਆ। ਪਰ ਆਪ ਜੀ ਦੁਆਰਾ ਚਿਤ੍ਰਿਤ ਨਾਸ਼ਮਾਨਤਾ ਭਾਂਜਵਾਦੀ ਨਹੀਂ ਹੈ। ਇਸ ਦਾ ਆਸ਼ਾ ਕੇਵਲ ਮੋਹ ਭੰਗ ਕਰਨਾ ਹੀ ਨਹੀਂ, ਸਗੋਂ ਆਤਮਿਕ ਪ੍ਰੇਰਨਾ ਦੇਣਾ ਵੀ ਹੈ। ਸਤਿਗੁਰੂ ਜੀ ਸਮਝਾਉਂਦੇ ਹਨ ਕਿ ਇਹ ਸਰੀਰ ਸਦਾ ਥਿਰ ਰਹਿਣ ਵਾਲਾ ਨਹੀਂ ਹੈ ਜਿਸ ਨੂੰ ਅਸੀਂ ਸਦਾ ਕਾਇਮ ਰਹਿਣ ਵਾਲਾ ਸਮਝਦੇ ਹਾਂ। ਜਿਸ ਤਰ੍ਹਾਂ ਮਨੁੱਖ ਨੀਂਦ ਦੀ ਹਾਲਤ ਵਿਚ ਸੁਪਨੇ ਨੂੰ ਅਸਲੀ ਵਾਪਰ ਰਹੀ ਗੱਲ ਸਮਝਦਾ ਹੈ, ਜਿਵੇਂ ਬੱਦਲ ਦੀ ਛਾਂ ਬਹੁਤਾ ਚਿਰ ਨਹੀਂ ਠਹਿਰਦੀ, ਉਸੇ ਤਰ੍ਹਾਂ ਜਗਤ ਵਿਚ ਜੋ ਕੁਝ ਦਿੱਸ ਰਿਹਾ ਹੈ ਇਹ ਸਭ ਕੁਝ ਆਪਣੇ-ਆਪਣੇ ਸਮੇਂ ਨਾਸ਼ ਹੋ ਜਾਂਦਾ ਹੈ। ਇਸ ਕਰਕੇ ਸਾਨੂੰ ਇਸ ਵਿਚ ਲਿਪਤ ਨਹੀਂ ਹੋਣਾ ਚਾਹੀਦਾ। ਇਸ ਦੀ ਨਾਸ਼ਮਾਨਤਾ ਨੂੰ ਜਾਣਦਿਆਂ ਹੋਇਆਂ ਪਰਮਾਤਮਾ ਦੀ ਸ਼ਰਨ ਵਿਚ ਪੈਣਾ ਚਾਹੀਦਾ ਹੈ:

**ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥੧॥**
**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥**
**ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥**

*(ਪੰਨਾ ੨੧੯)*

ਗੁਰੂ ਸਾਹਿਬ ਸ੍ਰਿਸ਼ਟੀ ਰਚਨਾ ਨੂੰ ਜਲ ਦੇ ਬੁਲਬੁਲੇ ਨਾਲ ਤੁਲਨਾ ਕਰਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਪਾਣੀ ਵਿਚ ਬੁਲਬੁਲਾ ਹਮੇਸ਼ਾ ਉਪਜਦਾ-ਬਿਨਸਦਾ ਰਹਿੰਦਾ ਹੈ ਉਸੇ ਤਰ੍ਹਾਂ ਜਗਤ ਵੀ ਉਪਜਦਾ-ਬਿਨਸਦਾ ਰਹਿੰਦਾ ਹੈ:

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥**
**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥** *(ਪੰਨਾ ੧੪੨੭)*

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਸਰੀਰ ਅਤੇ ਜਗਤ ਦੀ ਨਾਸ਼ਮਾਨਤਾ ਨੂੰ ਕਈ ਉਦਾਹਰਣਾਂ ਜਿਵੇਂ ਕਿ ਸੁਪਨੇ, ਤਮਾਸ਼ੇ, ਧੂੰਏਂ ਦੇ ਪਹਾੜ, ਬਾਰੂ ਕੀ ਭੀਤ, ਮ੍ਰਿਗ-ਤ੍ਰਿਸ਼ਨਾ ਆਦਿ ਨਾਲ ਤੁਲਨਾ ਦੇ ਕੇ ਸਮਝਾਇਆ ਹੈ। ਗੁਰੂ ਸਾਹਿਬ ਦਾ ਦ੍ਰਿਸ਼ਟੀਕੋਣ ਭਾਂਜਵਾਦੀ ਨਹੀਂ ਸੀ ਕਿਉਂਕਿ ਜਿੱਥੇ ਉਹ ਖੁਦ ਗ੍ਰਿਹਸਥੀ ਜੀਵਨ ਵਾਲੇ ਸਨ ਉਥੇ ਉਨ੍ਹਾਂ ਕਈ ਸਥਾਨਾਂ ਦੇ ਪ੍ਰਚਾਰ-ਦੌਰੇ ਕੀਤੇ ਅਤੇ ਦੂਸਰਿਆਂ ਦੀ ਧਾਰਮਿਕ ਅਜ਼ਾਦੀ ਲਈ ਸ਼ਹਾਦਤ ਵੀ ਦਿੱਤੀ। ਪਰ ਫਿਰ ਇਸ ਸਰੀਰ ਅਤੇ ਜਗਤ ਦੇ ਪਦਾਰਥਾਂ ਦੀ ਨਾਸ਼ਮਾਨਤਾ ਨੂੰ ਉਘਾੜਿਆ ਤਾਂ ਕਿ ਇਨ੍ਹਾਂ ਦੇ ਮੋਹ ਤੋਂ ਉਪਰ ਉਠਿਆ ਜਾ ਸਕੇ।

## ਸੰਸਾਰਿਕ ਰਿਸ਼ਤੇ-ਨਾਤੇ

ਸੰਸਾਰਿਕ ਰਿਸ਼ਤੇ-ਨਾਤੇ ਗੁਰੂ ਸਾਹਿਬ ਅਨੁਸਾਰ ਥੋੜ੍ਹ-ਚਿਰੇ ਹੁੰਦੇ ਹਨ। ਮਾਤਾ, ਪਿਤਾ, ਪੁੱਤਰ, ਭਾਈ ਅਤੇ ਘਰ ਦੀ ਨਾਰ ਆਦਿ ਦੇ ਰਿਸ਼ਤਿਆਂ ਦਾ ਸਥਿਤੀ ਕਾਲ-ਸੀਮਤ ਹੈ, ਇਹ ਸਭ ਰਿਸ਼ਤੇ ਜੀਵਨ ਕਾਲ ਤਕ ਹੀ ਵਿਦਮਾਨ ਹੁੰਦੇ ਹਨ। ਦੇਹ-ਤਿਆਗ ਉਪਰੰਤ ਕੋਈ ਵੀ ਸਾਥ ਨਹੀਂ ਨਿਭਦਾ। ਗੁਰਵਾਕ ਹਨ:

**ਸਭ ਕਿਛੁ ਜੀਵਤ ਕੋ ਬਿਵਹਾਰ॥**
**ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥੧॥ਰਹਾਉ॥**
**ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ॥**
**ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ॥**

*(ਪੰਨਾ ੫੩੬)*

ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਭਾਈ! ਪਰਮਾਤਮਾ ਤੋਂ ਬਿਨਾਂ ਤੇਰਾ ਹੋਰ ਕੋਈ ਭੀ ਸਹਾਇਤਾ ਕਰਨ ਵਾਲਾ ਨਹੀਂ ਹੈ। ਹੇ ਭਾਈ! ਕੌਣ ਕਿਸੇ ਦੀ ਮਾਂ, ਕੌਣ ਕਿਸੇ ਦਾ ਪਿਉ, ਕੌਣ ਕਿਸੇ ਦਾ ਪੁੱਤਰ, ਕੌਣ ਕਿਸੇ ਦੀ ਵਹੁਟੀ ? ਜਦੋਂ ਸਰੀਰ ਨਾਲੋਂ ਸਾਥ ਮੁੱਕ ਜਾਂਦਾ ਹੈ ਤਦੋਂ ਕੌਣ ਕਿਸੇ ਦਾ ਭਰਾ ਬਣਦਾ ਹੈ ? ਕੋਈ ਨਹੀਂ। ਕੋਈ ਵੀ ਨਾਲ ਨਹੀਂ ਤੁਰਦਾ। ਗੁਰਵਾਕ ਹਨ:

**ਹਰਿ ਬਿਨੁ ਤੇਰੋ ਕੋ ਨ ਸਹਾਈ॥**
**ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ॥੧॥ ਰਹਾਉ॥**
**ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ॥**
**ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ॥**

*(ਪੰਨਾ ੧੨੩੧)*

ਜਿਨ੍ਹਾਂ ਨਾਲ ਮਨੁੱਖ ਸਾਰੀ ਉਮਰ ਪਿਆਰ ਕਰਦਾ ਰਹਿੰਦਾ ਹੈ, ਜਦੋਂ ਜਿੰਦ ਸਰੀਰ ਵਿੱਚੋਂ ਵੱਖ ਹੁੰਦੀ ਹੈ, ਤਦੋਂ ਉਹ ਸਾਰੇ ਰਿਸ਼ਤੇਦਾਰ ਉਸ ਦੇ ਸਰੀਰ ਨੂੰ ਅੱਗ ਵਿਚ ਪਾ ਦਿੰਦੇ ਹਨ। ਇਸ ਲਈ ਹੇ ਮਨ! ਜਗਤ ਨੂੰ ਤੂੰ ਇਉਂ ਹੀ ਸਮਝ ਕਿ ਇਥੇ ਜ਼ਿੰਦਗੀ ਤਕ ਹੀ ਵਰਤਣ-ਵਿਹਾਰ ਰਹਿੰਦਾ ਹੈ। ਉਂਞ ਇਹ ਸਾਰਾ ਸੁਪਨੇ ਵਾਂਗ ਹੀ ਹੈ। ਇਸ ਵਾਸਤੇ ਹੇ ਭਾਈ! ਜਦ ਤਕ ਜਿਊਂਦਾ ਹੈਂ ਪਰਮਾਤਮਾ ਦੇ ਗੁਣ ਗਾਉਂਦਾ ਰਹੁ। ਗੁਰਵਾਕ ਹੈ:

**ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥**
**ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥੧॥**
**ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ॥**
**ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ॥** *(ਪੰਨਾ ੭੨੬-੨੭)*

ਗੁਰੂ ਸਾਹਿਬ ਕਹਿੰਦੇ ਹਨ ਕਿ ਸੁਖ ਦੇ ਵਿਚ ਤਾਂ ਸਾਰੇ ਨੇੜੇ-ਨੇੜੇ ਢੁੱਕ ਕੇ ਬੈਠਦੇ ਹਨ ਪਰ ਜਦੋਂ ਕੋਈ ਬਿਪਤਾ ਪੈ ਜਾਂਦੀ ਹੈ ਤਾਂ ਸਾਰੇ ਹੀ ਸਾਥ ਛੱਡ ਜਾਂਦੇ ਹਨ, ਫਿਰ ਕੋਈ ਵੀ ਨੇੜੇ ਨਹੀਂ ਢੁੱਕਦਾ। ਸਾਰਾ ਸੰਸਾਰ ਆਪਣੇ ਹੀ ਸੁਖ ਨਾਲ ਬੱਝਾ ਹੋਇਆ ਹੈ। ਕੋਈ ਵੀ ਕਿਸੇ ਦਾ ਤੋੜ ਨਿਭਣ ਵਾਲਾ ਸਾਥੀ ਨਹੀਂ। ਗੁਰਵਾਕ ਹਨ :

**ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥**
**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥** *(ਪੰਨਾ ੬੩੪)*

## ਜੀਵਨ-ਮੁਕਤੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਜੀਵਨ ਮੁਕਤ ਮਨੁੱਖ ਦਾ ਚਿਤਰਨ ਬਹੁਤ ਸਪੱਸ਼ਟ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤਾ ਹੋਇਆ ਹੈ। ਸਤਿਗੁਰ ਜੀ ਅਨੁਸਾਰ ਜਿਸ ਮਨੁੱਖ ਦੇ ਮਨ ਨੂੰ ਉਸਤਤਿ ਤੇ ਨਿੰਦਾ ਡੁਲ੍ਹਾ ਨਹੀਂ ਸਕਦੀ, ਜਿਸ ਲਈ ਸੋਨਾ ਤੇ ਲੋਹਾ ਇੱਕੋ ਜਿਹੇ ਹਨ ਭਾਵ ਜੋ ਲਾਲਚ ਵਿਚ ਨਹੀਂ ਫਸਦਾ ਸਮਝੋ ਕਿ ਉਹ ਮਨੁੱਖ ਮੁਕਤ ਹੈ। ਗੁਰਵਾਕ ਹਨ :

**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥** *(ਪੰਨਾ ੧੪੨੭)*

ਇਸ ਤੋਂ ਇਲਾਵਾ ਜਿਸ ਮਨੁੱਖ ਦੇ ਹਿਰਦੇ ਵਿਚ ਖੁਸ਼ੀ, ਗ਼ਮੀ ਆਪਣਾ ਪ੍ਰਭਾਵ ਨਹੀਂ ਪਾ ਸਕਦੀ, ਜਿਸ ਲਈ ਵੈਰੀ ਤੇ ਮਿੱਤਰ ਇੱਕੋ ਜਿਹੇ ਹੀ ਜਾਪਦੇ ਹਨ, ਉਹ ਮਨੁੱਖ ਮੁਕਤ ਅਵਸਥਾ ਦਾ ਧਾਰਨੀ ਹੈ। ਗੁਰਵਾਕ ਹੈ:

**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥** *(ਉਹੀ)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਸਿਰਜਣਹਾਰ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਕੇ ਆਪਣੇ ਅੰਦਰੋਂ ਹਉਮੈ ਤਿਆਗ ਦਿੱਤੀ ਹੈ, ਸੱਚ ਇਓਂ ਕਿ ਉਹੀ ਮਨੁੱਖ ਹੀ ਅਸਲ ਵਿਚ ਮੁਕਤ ਹੈ। ਗੁਰੂ ਸਾਹਿਬ ਨੇ ਮੁਕਤੀ ਦੇ ਸਬੰਧ ਵਿਚ ਸਲੋਕਾਂ ਤੋਂ ਇਲਾਵਾ ਆਪਣੇ ਸ਼ਬਦਾਂ ਵਿਚ ਵੀ ਬਿਆਨ ਕੀਤਾ ਹੈ ਅਤੇ ਸਮੁੱਚੇ ਰੂਪ ਵਿਚ ਇਸ ਅਵਸਥਾ ਦੀ ਪ੍ਰਾਪਤੀ ਲਈ ਸਾਨੂੰ ਉਪਦੇਸ਼ ਕੀਤਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਪਾਵਨ ਬਾਣੀ ਵਿਚ ਉਪਰੋਕਤ ਵਰਣਿਤ ਵਿਸ਼ਿਆਂ ਤੋਂ ਇਲਾਵਾ ਮਾਇਆ, ਨਿਰਬਾਨ ਪਦ, ਨਿਰਭੈ ਪਦ, ਗੁਰੂ, ਸਾਧ ਸੰਗਤ, ਗਿਆਨ, ਸੁਖ ਦਾ ਸੰਕਲਪ, ਕਰਮਕਾਂਡ, ਕੱਚੀ ਅਤੇ ਸੱਚੀ ਪ੍ਰੀਤ ਆਦਿ ਵਿਸ਼ਿਆਂ 'ਤੇ ਵੀ ਚਾਨਣਾ ਪਾ ਕੇ ਇਨ੍ਹਾਂ ਦੀ ਅਸਲੀਅਤ ਨੂੰ ਸਾਹਮਣੇ ਰੱਖਿਆ ਹੈ।

ਗੁਰੂ ਜੀ ਦੀ ਪਵਿੱਤਰ ਬਾਣੀ ਵਿਚ ਵਰਤੇ ਗਏ ਅਲੰਕਾਰਾਂ, ਬਿੰਬਾਂ ਅਤੇ ਰਸਾਂ ਦੁਆਰਾ ਜੀਵਨ ਦੇ ਮਹੱਤਵਪੂਰਨ ਵਿਚਾਰਾਂ ਨੂੰ ਬੜੇ ਸੁਖਾਵੇਂ ਤੇ ਪ੍ਰਭਾਵਸ਼ਾਲੀ ਢੰਗ ਨਾਲ ਸਮਝਾਇਆ ਗਿਆ ਹੈ। ਆਪ ਜੀ ਦੀ ਬਾਣੀ ਵਿਚ ਬਹੁਤ ਵਾਰੀ ਮਨ ਨੂੰ ਹੀ ਸੰਬੋਧਨ ਕੀਤਾ ਗਿਆ ਹੈ ਕਿਉਂਕਿ ਲੋਕਾਂ ਦਾ ਮਨ ਜੋ ਵਿਕਾਰਾਂ, ਸੁਆਰਥਾਂ ਤੇ ਪਦਾਰਥਾਂ ਵਿਚ ਖੁਭਿਆ ਹੋਇਆ ਸੀ ਉਸ ਨੂੰ ਬਦਲਣ ਅਤੇ ਉਚੇਰੇ ਲਕਸ਼ ਵੱਲ ਲਗਾਉਣ ਦੀ ਲੋੜ ਸੀ। ਇਹ ਸੰਬੋਧਨ ਉਤਮ ਪੁਰਖ ਵਿਚ ਹੈ। ਪਰ 'ਨਿਜ' ਦਾ ਇਹ ਸੰਬੋਧਨ 'ਪਰ' ਲਈ ਹੈ।

ਇਹੀ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਮਨੁੱਖ ਵਿਚ ਉਤਸ਼ਾਹ ਭਰ, ਮਨ ਨੂੰ ਤਕੜਿਆਂ ਕਰ ਹਿਰਦਾ ਹਿਲਾ ਦਿੰਦੀ ਹੈ। ਪ੍ਰੋਫੈਸਰ ਪੂਰਨ ਸਿੰਘ ਅਨੁਸਾਰ, "ਉਨ੍ਹਾਂ ਦੀ ਬਾਣੀ ਵਿਚ ਮਿੱਠੀ ਕਸਕ, ਮਧੁਰ ਰਾਗ ਅਤੇ ਸੁਰਾਂ ਦਰਸਾਉਣ ਵਾਲੀ ਸ਼ਕਤੀ ਹੈ। ਉਨ੍ਹਾਂ ਦੇ ਜੀਵਨ, ਸ਼ਖਸੀਅਤ ਅਤੇ ਬਾਣੀ ਨੂੰ ਪੂਰਨ ਤੌਰ 'ਤੇ ਬਿਆਨ ਕਰਨਾ ਸੂਰਜ ਨੂੰ ਦੀਵਾ ਦਿਖਾਉਣ ਦੇ ਤੁੱਲ ਹੈ।"

(7/2008)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ—ਜੀਵਨ ਤੇ ਰਚਨਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 'ਧਰਮ ਦੀ ਚਾਦਰ' ਦੇ ਲਕਬ ਨਾਲ ਮਸ਼ਹੂਰ ਹਨ। ਉਨ੍ਹਾਂ ਦਾ ਪ੍ਰਕਾਸ਼ ਵੈਸਾਖ ਵਦੀ 1 ਅਪ੍ਰੈਲ, 1621 ਈ. ਨੂੰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੇ ਉਦਰੋਂ ਸ੍ਰੀ ਅੰਮ੍ਰਿਤਸਰ ਦੇ ਸਥਾਨ ਪੁਰ ਹੋਇਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ—1. ਬਾਬਾ ਗੁਰਦਿੱਤਾ ਜੀ, 2. ਬਾਬਾ ਸੂਰਜ ਮੱਲ ਜੀ, 3. ਬਾਬਾ ਅਣੀ ਰਾਇ ਜੀ, 4. ਬਾਬਾ ਅਟੱਲ ਰਾਇ ਜੀ ਅਤੇ ਸਭ ਤੋਂ ਛੋਟੇ ਸਨ, 5. ਸ੍ਰੀ ਗੁਰੂ ਤੇਗ ਬਹਾਦਰ ਜੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਿਆਈ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਦੇ ਬੇਟੇ ਤੇ ਉਨ੍ਹਾਂ ਦੇ ਪੋਤਰੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਬਖਸ਼ੀ। ਫੇਰ ਉਹੋ ਗੁਰਿਆਈ ਸ੍ਰੀ ਗੁਰੂ ਹਰਿਰਾਇ ਜੀ ਤੋਂ ਉਨ੍ਹਾਂ ਦੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਹਿੱਸੇ ਆਈ। ਇਸ ਤਰ੍ਹਾਂ ਸਤਵੇਂ ਤੋਂ ਬਾਦ ਇਹ ਅੱਠਵੇਂ ਗੁਰੂ ਰਿਸ਼ਤੇ ਦੇ ਲਿਹਾਜ਼ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੋਤਰੇ ਲੱਗਦੇ ਸਨ। ਗੁਰੂ ਘਰ ਵਿਚ ਗੁਰ-ਗੱਦੀ ਚੂੰਕਿ ਉਮਰ ਜਾਂ ਵਡੱਪਣ-ਛੋਟਾਪਣ ਦੇ ਲਿਹਾਜ਼ ਨਾਲ ਨਹੀਂ, ਸਗੋਂ ਗੁਰੂ-ਸੰਗਤਿ ਦੇ ਸੇਵਾ-ਭਾਵ ਅਧਿਆਤਮਕ ਉਚਿਤਤਾ ਦੇ ਪਿੱਛੇ ਚਲਦੀ ਰਹੀ ਹੈ, ਇਸ ਲਈ ਇਹ ਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਬਾਅਦ ਉਨ੍ਹਾਂ ਦੇ ਪੋਤਰੇ-ਪੜਪੋਤਰੇ ਥੀਂ ਹੁੰਦੀ ਹੋਈ ਆਖਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਿੱਸੇ ਇਸੇ ਕਾਰਨ ਆਈ ਕਿ ਉਨ੍ਹਾਂ ਨੇ ਬਚਪਨ ਤੋਂ ਹੀ ਸੇਵਾ-ਭਾਵ ਅਪਨਾਇਆ ਤੇ ਸਾਰੇ ਪਰਿਵਾਰਕ ਆਲ-ਜੰਜਾਲ ਤੋਂ ਇਕ ਪਾਸੇ ਬਾਬੇ ਬਕਾਲੇ ਰਹਿ ਕੇ ਲਗਾਤਾਰ ਕਿਤਨੇ ਹੀ ਸਾਲ ਨਾਮ-ਬਾਣੀ ਦਾ ਸਿਮਰਨ ਕਰਦਿਆਂ ਕਠਿਨ ਤਪੱਸਿਆ ਸਾਧੀ ਸੀ। ਉਨ੍ਹਾਂ ਦਾ ਭਗਤੀ-ਭਾਵ ਬਿਰਥਾ ਨਾ ਗਿਆ ਤੇ ਉਹ ਆਪਣੇ ਪੋਤਰੇ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੋਂ ਬਾਅਦ 20 ਮਾਰਚ ਸੰਨ 1665 ਈ. ਨੂੰ ਗੁਰ-ਗੱਦੀ ਉੱਤੇ ਬਿਰਾਜੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਚਪਨ ਤੋਂ ਹੀ ਬੜੇ ਅਲਮਸਤ, ਭਗਤੀ-ਭਾਵ ਵਿਚ ਪੂਰੇ ਇਲਮ-ਅਕਲ ਦੇ ਧਨੀ, ਨਾਮ-ਬਾਣੀ ਵਿਚ ਰੱਤੇ ਹੋਏ ਤੇ ਦੁਨਿਆਵੀ ਖੁਰਾਫ਼ਾਤ ਤੋਂ ਹਮੇਸ਼ਾ ਪਰੇ ਰਹਿੰਦੇ ਸਨ। ਇਸੇ ਕਾਰਨ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੇਹਾਂਤ ਤੋਂ ਬਾਅਦ ਲਗਭਗ 20-21 ਸਾਲਾਂ ਦੇ ਸਮੇਂ ਵਿਚੋਂ ਕਾਫ਼ੀ ਅਰਸਾ ਆਪ ਨੇ ਬਕਾਲੇ ਦੇ ਸਥਾਨ 'ਪਰ ਏਕਾਂਤ ਵਾਸੀ ਹੋ ਕੇ ਬਿਤਾਇਆ ਤੇ ਫੇਰ ਆਪ ਬਹੁਤਾ ਸਮਾਂ ਦੇਸ-ਪ੍ਰਦੇਸ਼ ਦਾ ਪ੍ਰਯਟਨ ਕਰਦੇ ਰਹੇ ਸਨ। ਇਸ ਦੇਸ-ਪ੍ਰਦੇਸ਼ ਦੇ ਪ੍ਰਯਟਨ ਵਿਚ ਦੁਆਬਾ, ਮਾਲਵਾ, ਬਾਂਗਰ, ਪੁਆਧ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਤੇ ਅਸਾਮ ਆਪ ਦੇ ਯਾਤਰਾ-ਸਥਾਨ ਸਨ। ਇਸ ਤਰ੍ਹਾਂ ਆਪ ਨੇ ਨਾ ਕੇਵਲ ਦੇਸ-ਪ੍ਰਦੇਸ ਦਾ ਪ੍ਰਯਟਨ ਹੀ ਕੀਤਾ, ਸਗੋਂ ਆਪਣੇ ਪੂਜ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਆਖ਼ਰੀ ਨਿਵਾਸ-

ਸਥਾਨ ਕੀਰਤਪੁਰ ਸਾਹਿਬ ਪਹੁੰਚ ਕੇ ਆਪ ਨੇ ਆਪਣੀਆਂ ਉਸਾਰੂ ਰੁਚੀਆਂ ਦੇ ਪ੍ਰਗਟਾਉ ਲਈ ਰਾਜਾ ਕਹਿਲੂਰ (ਬਿਲਾਸਪੁਰ) ਤੋਂ ਇਲਾਕਾ ਮਾਖੋਵਾਲ ਦੀ ਜ਼ਮੀਨ ਖ਼ਰੀਦੀ ਤੇ ਉਥੇ ਆਪਣੇ ਪੂਜਨੀਕ ਮਾਤਾ ਨਾਨਕੀ ਜੀ ਦੇ ਨਾਂ 'ਤੇ 'ਚੱਕ ਮਾਤਾ ਨਾਨਕੀ' ਦੀ ਨੀਂਹ ਰੱਖ ਕੇ ਸ੍ਰੀ ਅਨੰਦਪੁਰ ਸਾਹਿਬ ਨਗਰੀ ਦਾ ਮੁੱਢ ਬੰਨ੍ਹਿਆ ਤੇ ਇਕ ਅਜਿਹੀ ਯਾਦਗਾਰ ਕਾਇਮ ਕਰ ਦਿੱਤੀ ਜੋ ਖ਼ਾਲਸੇ ਦੀ ਵਾਸੀ ਦੇ ਨਾਂ ਨਾਲ ਹਮੇਸ਼ਾ ਯਾਦ ਰਹੇਗੀ।

ਇਸ ਤਰ੍ਹਾਂ ਤਿਆਗੀ ਜੀਵਨ ਦੇ ਨਾਲ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗ੍ਰਿਹਸਥ ਮਾਰਗ ਜੋ ਕਿ ਸਿੱਖੀ ਜੀਵਨ ਦਾ ਮੂਲ ਅਧਾਰ ਹੈ, ਦਾ ਆਦਰਸ਼ ਕਾਇਮ ਰੱਖਣ ਲਈ, ਵਿਰਾਗ ਦੇ ਨਾਲ ਹੀ ਅਨੁਰਾਗ ਨੂੰ ਵੀ ਅਪਣਾਇਆ। ਆਪ ਜੀ ਦੀ ਸ਼ਾਦੀ ਕਰਤਾਰਪੁਰ (ਜਲੰਧਰ) ਦੇ ਸਥਾਨ 'ਪਰ ਮਾਤਾ ਗੁਜਰੀ ਜੀ ਦੇ ਨਾਲ 1632 ਈ. ਨੂੰ ਬੜੇ ਸਮਾਰੋਹ ਪੂਰਵਕ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਮਨਸ਼ਾ ਮੁਤਾਬਿਕ ਹੋਈ। ਮਾਤਾ ਗੁਜਰੀ ਜੀ ਦੀ ਕੁੱਖੋਂ 22 ਦਸੰਬਰ, 1666 ਨੂੰ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਰਾਜਾ ਰਾਮ ਸਿੰਘ ਦੇ ਨਾਲ ਆਸਾਮ ਦੇ ਇਲਾਕੇ ਵਿਚ ਗਏ ਸਨ ਤਾਂ ਪਟਨੇ (ਬਿਹਾਰ) ਦੇ ਸਥਾਨ ਪਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਉਸ ਸਮੇਂ ਦਿੱਲੀ ਦੇ ਤਖ਼ਤ ਤਾਜ ਦਾ ਮਾਲਿਕ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਆਲਮਗੀਰ ਸੀ, ਜਿਸ ਦੇ ਫ਼ਿਰਕਾਦਾਰਾਨਾ ਤੁਅੱਸਬ ਦੇ ਅੱਗੇ ਵੱਡੇ ਤੋਂ ਵੱਡੇ ਜਰਵਾਣੇ ਭੈ ਖਾਂਦੇ ਸਨ। ਮਜ਼ਹਬੀ ਤੁਅੱਸਬ ਨਾਲ ਅੰਨ੍ਹੇ ਹੋ ਕੇ ਮੱਲੋ-ਜ਼ੋਰੀ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਔਰੰਗਜ਼ੇਬੀ ਨਜ਼ਾਮ ਦੇ ਸੱਜੇ ਹੱਥ ਦਾ ਖੇਲ ਸੀ। ਇਹੋ ਕਾਰਨ ਸੀ ਜਦ ਉਸ ਦੇ ਤਸ਼ੱਦਦ ਤੋਂ ਤੰਗ ਆ ਕੇ ਕਸ਼ਮੀਰ ਦੇ ਪੰਡਿਤ ਸ੍ਰੀ ਅਨੰਦਪੁਰ ਸਾਹਿਬ ਗੁਰੂ ਜੀ ਦੇ ਪਾਸ ਪਹੁੰਚ ਫ਼ਰਿਆਦੀ ਹੋਏ ਤਾਂ ਉਨ੍ਹਾਂ ਦੇ ਦੁੱਖਾਂ-ਦਰਦਾਂ ਨੂੰ ਆਪਣੇ ਆਤਮ-ਬਲੀਦਾਨ ਦੇ ਇੰਜੈਕਸ਼ਨ ਨਾਲ ਦੂਰ ਕਰਨਾ ਗੁਰੂ-ਦਰਬਾਰ ਦਾ ਇਕ ਸਭ ਤੋਂ ਵੱਡਾ ਸਵਾਲ ਸੀ, ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਵਾਰ ਕੇ ਹੱਲ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਜਿਵੇਂ ਕਿ ਇਤਿਹਾਸ ਤੋਂ ਪਤਾ ਲੱਗਦਾ ਹੈ, ਉਨ੍ਹਾਂ ਦੇ 11 ਨਵੰਬਰ, 1675 ਈ. ਨੂੰ ਦਿੱਲੀ ਜਾ ਕੇ ਚਾਂਦਨੀ ਚੌਂਕ ਦੇ ਸਥਾਨ ਪੁਰ, ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਨੰਗੀ ਤੇਜ਼ ਧਾਰ ਤਲਵਾਰ ਅੱਗੇ ਸੀਸ ਭੇਟ ਕਰਨ 'ਤੇ ਹੋਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਚ੍ਿਤ ਨਾਟਕ' ਵਿਚ ਇਕ ਥਾਵੇਂ ਇਸੇ ਕਾਰਨ ਲਿਖਿਆ ਹੈ :

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭੁ ਪਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥** *(ਅਧਿ : ੫)*

ਇਹ ਹੈ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਕੁਰਬਾਨੀ ਦਾ ਪੱਖ ਤੇ ਹੁਣ ਅੱਗੇ ਲਓ ਉਨ੍ਹਾਂ ਦੀ ਗੁਰਬਾਣੀ ਦਾ ਪੱਖ। ਗੁਰੂ ਸਾਹਿਬ ਜੀ ਦੀ ਆਤਮ-ਰਸ ਗੁੱਥੀ ਕੁਲ ਅਧਿਆਤਮਕ ਬਾਣੀ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ 'ਤੇ ਪਤਾ ਲਗਦਾ ਹੈ, ਯਥਾ ਕ੍ਰਮ ਰਾਗਾਂ ਦੇ ਅਨੁਸਾਰ ਇਸ ਤਰ੍ਹਾਂ ਹੈ :

| | | |
|---|---|---|
| 1. | ਰਾਗ ਗਉੜੀ | 9 ਸ਼ਬਦ |
| 2. | ਰਾਗ ਆਸਾ | 1 ਸ਼ਬਦ |

| | | |
|---|---|---|
| 3. | ਰਾਗ ਦੇਵਗੰਧਾਰੀ | 3 ਸ਼ਬਦ |
| 4. | ਰਾਗ ਬਿਹਾਗੜਾ | 1 ਸ਼ਬਦ |
| 5. | ਰਾਗ ਸੋਰਠਿ | 12 ਸ਼ਬਦ |
| 6. | ਰਾਗ ਧਨਾਸਰੀ | 4 ਸ਼ਬਦ |
| 7. | ਰਾਗ ਜੈਤਸਰੀ | 3 ਸ਼ਬਦ |
| 8. | ਰਾਗ ਟੋਡੀ | 1 ਸ਼ਬਦ |
| 9. | ਰਾਗ ਤਿਲੰਗ | 3 ਸ਼ਬਦ |
| 10. | ਰਾਗ ਬਿਲਾਵਲ | 3 ਸ਼ਬਦ |
| 11. | ਰਾਗ ਰਾਮਕਲੀ | 3 ਸ਼ਬਦ |
| 12. | ਰਾਗ ਮਾਰੂ | 3 ਸ਼ਬਦ |
| 13. | ਰਾਗ ਬਸੰਤ | 5 ਸ਼ਬਦ |
| 14. | ਰਾਗ ਸਾਰੰਗ | 4 ਸ਼ਬਦ |
| 15. | ਰਾਗ ਜੈਜਾਵੰਤੀ | 4 ਸ਼ਬਦ |
| 16. | ਸਲੋਕ (ਭੋਗ ਦੇ) | 56 ਸ਼ਬਦ |
| | ਕੁਲ ਜੋੜ | 115 ਸ਼ਬਦ ਤੇ ਸਲੋਕ |

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਹ ਬਾਣੀ, ਜੋ ਭਾਈ ਸਤੀ ਦਾਸ ਜੀ ਨੇ ਲਿਖ ਕੇ ਤਿਆਰ ਕੀਤੀ ਸੀ, ਕਿਹੋ ਜਿਹੀ ਤੇ ਭਾਸ਼ਾ ਵਿਗਿਆਨੀ ਦੇ ਪੱਖ ਤੋਂ ਕੀ ਅਹਿਮੀਅਤ ਰੱਖਦੀ ਸੀ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ, ਪਰ ਸ੍ਰੀ ਗੁਰੂ ਨਾਨਕ ਸਾਹਿਬ ਦੇ ਨਾਂ 'ਪਰ ਲਿਖੀ ਹੋਈ ਕੁਝ ਅਜਿਹੀ ਬਾਣੀ ਤੋਂ ਸ਼ਾਇਦ ਉਸ ਦਾ ਅਨੁਮਾਨ ਲਗਾਇਆ ਜਾ ਸਕੇ, ਪਰ ਅਜਿਹੇ ਅਨੁਮਾਨਾਂ ਦੀ ਸਾਹਿਤ ਜਾਂ ਇਤਿਹਾਸ ਦੀ ਖੋਜ ਵਿਚ ਕੋਈ ਕੀਮਤ ਨਹੀਂ ਮੰਨੀ ਜਾ ਸਕਦੀ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਹੋ ਬਾਣੀ ਠੀਕ ਹੈ, ਜੋ ਇਸ ਸਮੇਂ ਸਾਡੇ ਸਾਹਮਣੇ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵਾਨ ਹੋ ਕੇ ਚੜ੍ਹ ਚੁੱਕੀ ਹੈ।

## ਇਕ ਸਾਹਿਤਕ ਸਰਵੇਖਣ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁੱਲ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਰਾਗ ਸੁਰ ਤਾਲ ਵਿਚ ਹੋਣ ਦੇ ਬਾਵਜੂਦ ਕੇਵਲ ਸਾਹਿਤਕ ਨੁਕਤਾ-ਨਿਗਾਹ ਨਾਲ ਭਗਤੀ ਛੰਦ-ਸ਼ਾਸਤ੍ਰ ਅਥਵਾ ਪਿੰਗਲ ਦੇ ਮੁਤਾਬਿਕ ਦੋ ਹਿੱਸਿਆਂ ਵਿਚ ਵੰਡੀ ਜਾ ਸਕਦੀ ਹੈ:

1. ਰਾਗਾਤਮਕ ਬਾਣੀ, ਜੋ ਪਦੇ ਜਾਂ ਬਿਸ਼ਨ ਪਦਿਆਂ ਦੀ ਤਰਜ਼ 'ਤੇ ਰਾਗ ਗਉੜੀ, ਆਸਾ, ਦੇਵ ਗੰਧਾਰੀ ਆਦਿ 15 ਰਾਗਾਂ ਵਿਚ ਕ੍ਰਮ ਅਨੁਸਾਰ ਦਰਜ ਹੈ।

2. ਸਲੋਕ ਅਥਵਾ ਦੋਹਰਾ ਛੰਦ ਰੂਪ ਬਾਣੀ, ਜਿਸ ਦੇ ਪ੍ਰਮਾਣ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਸਲੋਕ ਮਹਲਾ ੯ ਦੇ ਭੋਗ ਦੀ ਬਾਣੀ ਦੇ ਨਾਂ ਨਾਲ ਪ੍ਰਸਿੱਧ ਹਨ।

ਇਸ ਵਿਚੋਂ ਪਹਿਲੀ ਰਾਗਾਤਮਕ ਬਾਣੀ ਨੂੰ ਸਾਹਿਤਕਾਰ ਬਿਸ਼ਨ ਪਦਿਆਂ ਦਾ ਰੂਪ ਸਮਝਣ ਜਾਂ ਨਿਰੇ ਪਦਿਆਂ ਅਥਵਾ ਕਾਫੀਆਂ ਦਾ, ਭਾਰਤੀ ਛੰਦ ਸ਼ਾਸਤ੍ਰ ਦੇ ਮੁਤਾਬਿਕ ਛੰਦ-ਵਜ਼ਨ ਨੂੰ

ਮੁੱਖ ਰੱਖ ਕੇ, ਜੇ ਤਹਿਕੀਕ ਦੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਉਸ ਨੂੰ ਇਸ ਕਾਵਿਕ ਦਾਇਰੇ ਤੋਂ ਬਾਹਰ ਨਹੀਂ ਕੀਤਾ ਜਾ ਸਕਦਾ, ਜਿਵੇਂ—

**ਸਾਧੋ ਇਹੁ ਮਨੁ ਗਹਿਓ ਨ ਜਾਈ॥**
**ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥**

*(ਪੰਨਾ ੨੧੯)*

**ਸਾਧੋ ਇਹੁ ਤਨੁ ਮਿਥਿਆ ਜਾਨਉ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥** *(ਪੰਨਾ ੧੧੮੬)*

ਇਨ੍ਹਾਂ ਦੋਹਾਂ ਸ਼ਬਦਾਂ ਵਿਚ ਪਹਿਲੇ-ਪਹਿਲੇ ਚਰਣਾਂ ਦੀਆਂ 16 ਮਾਤਰਾਂ ਤੇ ਅੰਤ ਦੋ ਗੁਰੂ ਹਨ ਅਤੇ ਬਾਕੀ ਤੁਕਾਂ ਵਿਚ ਪਹਿਲਾ ਵਿਸ੍ਰਾਮ 16 ਮਾਤਰਾਂ ਉੱਤੇ ਤੇ ਦੂਜਾ ਵਿਸ੍ਰਾਮ 12 ਮਾਤਰਾਂ ’ਪਰ ਅਤੇ ਅੰਤ ਦੋ ਗੁਰੂ ਹਨ।

ਇਸੇ ਤਰ੍ਹਾਂ ਮਹਲਾ ੯ ਦੇ ਸਲੋਕਾਂ ਵਿਚ ਹਰੇਕ ਸਲੋਕ ਦੋਹਰੇ ਛੰਦ ਦਾ ਹੀ ਪ੍ਰਤਿ ਰੂਪ ਹੈ। ਜਿਵੇਂ :

**ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥**
**ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥**

*(ਪੰਨਾ ੧੪੨੭)*

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥**
**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥੨੫॥** *(ਉਹੀ)*

ਇਨ੍ਹਾਂ ਦੋਹਾਂ ਸਲੋਕਾਂ ਵਿਚ ਪ੍ਰਤੀ ਚਰਣ 13+11 ਮਾਤਰਾਂ ’ਪਰ ਵਿਸ੍ਰਾਮ ਤੇ ਅੰਤ ਗੁਰੂ ਲਘੂ ਹੋਣ ਕਰਕੇ ਹਰੇਕ ਸਲੋਕ ਦੋਹਰੇ ਦਾ ਹੀ ਪ੍ਰਤੀਰੂਪ ਸਿੱਧ ਹੁੰਦਾ ਹੈ, ਕਿਉਂਕਿ ਦੋਹਰੇ ਦੀਆਂ ਮਾਤਰਾ ਦਾ ਵੀ ਪ੍ਰਤੀ ਚਰਣ ਇਹੋ ਹਿਸਾਬ ਛੰਦ-ਵਜ਼ਨ ਦੇ ਅਨੁਸਾਰ ਬਣਦਾ ਹੈ। ਸਲੋਕ ਸਿਰਲੇਖ ਹੇਠ ਗੁਰੂ ਨਵਮ ਪਾਤਸ਼ਾਹ ਦੇ ਨਾਂ ਕੇਵਲ ਦੋਹਰੇ ਹੀ ਮਿਲਦੇ ਹਨ, ਸਗੋਂ ਦੋ ਥਾਵੀਂ ਦੋਹਰੇ ਦੇ ਉਲਟਵੇਂ ਰੂਪ ਸੋਰਠੇ ਵੀ ਬਣੇ ਦਿੱਸਦੇ ਹਨ, ਜਿਸ ਤਰ੍ਹਾਂ ਏਥੇ ਦੋ ਉਦਾਹਰਣ ਮਹਲਾ ੯ ਦੇ ਸਲੋਕਾਂ ਵਿਚੋਂ ਪੇਸ਼ ਹਨ :

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥**
**ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥੩੮॥**

*(ਪੰਨਾ ੧੪੨੮)*

**ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥**
**ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥੪੪॥** *(ਉਹੀ)*

## ਗੱਦ ਰਚਨਾ—ਹੁਕਮਨਾਮੇ

ਪਦ ਰਚਨਾ ਤੋਂ ਬਾਅਦ ਵਾਰੀ ਆਉਂਦੀ ਹੈ ਗੁਰੂ ਨਵਮ ਪਾਤਸ਼ਾਹ ਕ੍ਰਿਤ ਗਦ ਰਚਨਾ ਦੀ। ਗੱਦ ਰਚਨਾ ਦੇ ਨਮੂਨੇ ਵਜੋਂ ਉਨ੍ਹਾਂ ਨੇ ਆਪਣੇ ਹੱਥਾਂ ਦੇ ਸ਼ਿਕਸਤਾ ਕਲਮ ਨਾਲ ਲਿਖੇ ਹੋਏ

ਬਹੁਤ ਸਾਰੇ ਹੁਕਮਨਾਮੇ, ਜੋ ਸਮੇਂ-ਸਮੇਂ ਸਿਰ ਸਿੱਖ-ਸੰਗਤਾਂ ਦੇ ਨਾਂ ਉਨ੍ਹਾਂ ਵੱਲੋਂ ਜਾਰੀ ਹੁੰਦੇ ਰਹੇ, ਪ੍ਰਮਾਣ ਵਜੋਂ ਪੇਸ਼ ਕੀਤੇ ਜਾ ਸਕਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਪੁਸਤਕ 'ਨੀਸਾਣ ਤੇ ਹੁਕਮਨਾਮੇ' ਵਿਚ ਗੁਰੂ ਜੀ ਦੇ ਅਜਿਹੇ 30 ਹੁਕਮਨਾਮੇ ਛਾਪੇ ਗਏ ਹਨ, ਜਿਨ੍ਹਾਂ ਵਿਚੋਂ ਗੁਰੂ ਸਾਹਿਬ ਦੀ ਗੱਦ-ਰਚਨਾ ਦੇ ਅਨੇਕਾਂ ਪ੍ਰਮਾਣ ਦਿੱਤੇ ਜਾ ਸਕਦੇ ਹਨ।

(12/1973)

# ਬਾਣੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕੇਵਲ 59 ਸ਼ਬਦ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲੁ, ਰਾਮਕਲੀ, ਮਾਰੂ, ਬਸੰਤ ਹਿੰਡੋਲ, ਬਸੰਤ, ਸਾਰੰਗ ਤੇ ਜੈਜਾਵੰਤੀ, 16 ਰਾਗਾਂ ਵਿਚ ਅਤੇ 57 ਸਲੋਕਾਂ ਦੇ ਰੂਪ ਵਿਚ ਉਚਾਰੇ ਹਨ। ਆਪ ਦੀ ਬਾਣੀ ਦੇ ਪ੍ਰਮੁੱਖ ਵਿਸ਼ੇ— ਮਰਨ ਦੇ ਭੈ ਤੋਂ ਮੁਕਤੀ, ਮੋਹ ਦਾ ਤਿਆਗ, ਸਹਿਜ ਜੀਵਨ ਅਤੇ ਸ਼ਾਂਤੀ ਹੈ। ਇਸ ਤੋਂ ਬਿਨਾਂ ਗੁਰਮਤਿ ਦੇ ਹੋਰ ਕਈ ਵਿਸ਼ਿਆਂ ਉੱਤੇ ਗੁਰੂ ਸਾਹਿਬ ਨੇ ਵਿਚਾਰ ਪ੍ਰਗਟ ਕੀਤੇ ਹਨ ਪਰ ਵਧੇਰੇ ਬਲ ਜੀਵਨ-ਜਾਚ ਤੇ ਮੁਕਤੀ-ਮਾਰਗ ਦੀ ਸਾਧਨਾ ਉੱਤੇ ਦਿੱਤਾ ਹੈ।

ਪਰਉਪਕਾਰ ਲਈ ਕੁਰਬਾਨੀ ਨੂੰ ਉੱਤਮ ਵਸਤੂ ਮੰਨਦੇ ਹੋਇਆਂ ਇਸ ਦੀ ਸ਼ਕਤੀ ਲੋਕਾਂ ਦੇ ਮਨਾਂ ਵਿਚ ਭਰਨ ਦਾ ਆਪ ਨੇ ਜਤਨ ਕੀਤਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ:

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ਰਹਾਉ॥**

*(ਪੰਨਾ ੬੩੩)*

ਪ੍ਰਭੂ-ਪ੍ਰੇਮ ਵਿਚ ਪੱਕਾ ਨਿਸ਼ਚਾ ਪ੍ਰਗਟ ਕਰਦੇ ਹੋਏ ਗੁਰੂ ਸਾਹਿਬ ਇਨਸਾਨ ਨੂੰ ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰਨ ਦੀ ਪ੍ਰੇਰਨਾ ਦੇਂਦੇ ਹਨ:

**ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥** *(ਪੰਨਾ ੬੮੪)*

ਆਪ ਦੀ ਬਾਣੀ ਵਿਚ ਤਿਆਗ ਤੇ ਉਪਰਾਮਤਾ ਦੀ ਗੂੰਜ ਪ੍ਰਤੱਖ ਭਾਂਤ ਮਿਲਦੀ ਹੈ। ਇਹ ਗੂੰਜ ਆਪ ਦੇ ਜੀਵਨ-ਅਨੁਭਵ ਦਾ ਸਿੱਧਾ ਪ੍ਰਕਾਸ਼ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਕਰਮ ਜੋਗੀ ਉਹ ਹੁੰਦਾ ਹੈ:

**ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ॥**
**ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ॥੧॥** *(ਪੰਨਾ ੬੮੫)*

ਗੁਰੂ ਸਾਹਿਬ ਨੇ ਇਹ ਭਲੀ-ਭਾਂਤ ਦੇਖ ਲਿਆ ਸੀ ਕਿ ਉਸ ਵੇਲੇ ਦੀ ਵਿਆਕੁਲ, ਭੈ-ਭੀਤ ਤੇ ਦੁਖੀ ਜਨਤਾ, ਸਮਾਜਕ, ਰਾਜਨੀਤਿਕ ਤੇ ਆਰਥਿਕ ਬੇਇਨਸਾਫ਼ੀ ਵਿਚ ਗ੍ਰਸੀ ਹੋਈ ਸੀ। ਪਰਜਾ ਨੂੰ ਨਾ ਆਪਣੇ ਭਲੇ ਦੀ ਸੋਝੀ ਸੀ ਤੇ ਨਾ ਦੂਸਰਿਆਂ ਦੇ ਭਲੇ ਦੀ। ਉਹ ਮੋਹ- ਮਾਇਆ

ਦੇ ਜਾਲ ਵਿਚ ਫਸ ਚੁੱਕੀ ਸੀ ਅਤੇ ਆਪਣੇ ਜੀਵਨ ਆਦਰਸ਼ ਤੋਂ ਕੋਰੀ ਹੋ ਚੁੱਕੀ ਸੀ। ਗੁਰੂ ਸਾਹਿਬ ਇਸ ਦੁਰਦਸ਼ਾ ਨੂੰ ਵਿਅੰਗ-ਰੂਪੀ ਢੰਗ ਨਾਲ ਇੰਞ ਬਿਆਨ ਕਰਦੇ ਹਨ:

**ਕਹਉ ਕਹਾ ਅਪਨੀ ਅਧਮਾਈ॥**
**ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ॥੧॥ਰਹਾਉ॥**

*(ਪੰਨਾ ੭੧੮)*

ਗੁਰੂ ਸਾਹਿਬ ਵੱਲੋਂ ਧਨਾਸਰੀ ਰਾਗ ਵਿਚ ਉਸ ਸਮੇਂ ਦੀ ਸਮਾਜਕ ਅਧੋਗਤੀ ਨੂੰ ਇਸ ਭਾਂਤ ਵਰਨਣ ਕੀਤਾ ਗਿਆ ਹੈ:

**ਸਾਧੋ ਇਹੁ ਜਗੁ ਭਰਮ ਭੁਲਾਨਾ॥**
**ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥੧॥ਰਹਾਉ॥**

*(ਪੰਨਾ ੬੮੪)*

ਹੋਰ ਵੇਖੋ:

**ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ॥**
**ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥੧॥**
**ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ॥**
**ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ॥੨॥** *(ਪੰਨਾ ੬੮੪)*

**ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ॥** *(ਪੰਨਾ ੫੩੬)*

**ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥** *(ਪੰਨਾ ੪੧੧)*

**ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ॥** *(ਪੰਨਾ ੬੩੩)*

ਇਸ ਲਈ ਆਪ ਨੇ ਸੰਸਾਰ ਦੀ ਅਧਾਰਤਾ ਨੂੰ ਸਮਝ ਕੇ ਮੋਹ-ਮਾਇਆ ਤਿਆਗ ਕੇ ਪ੍ਰਭੂ ਦੀ ਸ਼ਰਨ ਵਿਚ ਰਹਿਣ ਲਈ ਤਿਆਗ ਤੇ ਤਪੱਸਿਆ ਦੀ ਸ਼ਾਂਤਮਈ ਪ੍ਰੇਰਨਾ ਦਿੱਤੀ ਹੈ:

**ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ॥**
**ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥ॥੯॥** *(ਪੰਨਾ ੧੪੨੬)*

**ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥**
**ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥** *(ਪੰਨਾ ੧੪੨੭)*

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਮੋਹ-ਮਾਇਆ ਦੇ ਤਿਆਗ ਉੱਤੇ ਬਹੁਤ ਹੀ ਜ਼ੋਰ ਦਿੱਤਾ ਹੈ। ਉਹਨਾਂ ਨੇ ਬਾਰ-ਬਾਰ ਇਨਸਾਨ ਨੂੰ ਇਸ ਗੱਲ ਦੀ ਤਾਕੀਦ ਕੀਤੀ ਹੈ:

**ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥੧੮॥** *(ਉਹੀ)*

**ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥**
**ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥੨੨॥** *(ਉਹੀ)*

**ਧਨੁ ਦਾਰਾ ਸੰਪਤਿ ਗ੍ਰੇਹ॥**
**ਕਛੁ ਸੰਗਿ ਨ ਚਾਲੈ ਸਮਝ ਲੇਹ॥੨॥** *(ਪੰਨਾ ੧੧੮੭)*

ਗੁਰੂ ਸਾਹਿਬ ਨੇ ਨਾਮ ਦੀ ਮਹਿਮਾ ਦਾ ਗਾਇਨ ਕੀਤਾ ਹੈ। ਆਪ ਦਾ ਵਿਸ਼ਵਾਸ ਹੈ ਕਿ ਸਭ ਰੋਗਾਂ ਦਾ ਇਲਾਜ ਨਾਮ-ਸਿਮਰਨ ਵਿਚ ਹੈ। ਆਪ ਫ਼ਰਮਾਉਂਦੇ ਹਨ:

**ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ॥**
**ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥੨੯॥** *(ਪੰਨਾ ੧੪੨੭)*

**ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ॥**
**ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ॥੨੦॥** *(ਪੰਨਾ ੧੪੨੬)*

**ਰੇ ਮਨ ਓਟ ਲੇਹੁ ਹਰਿ ਨਾਮਾ॥**
**ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ॥੧॥ਰਹਾਉ॥**
*(ਪੰਨਾ ੯੦੧)*

ਆਪ ਨੇ ਸਭ ਧਾਰਮਿਕ ਅਡੰਬਰਾਂ ਦਾ ਵਿਰੋਧ ਕੀਤਾ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਜਿਹੜੇ ਲੋਕ ਕੇਵਲ ਤੀਰਥ ਅਸਥਾਨਾਂ ਉੱਤੇ ਜਾ ਕੇ ਇਸ਼ਨਾਨ ਕਰਨ ਨਾਲ ਜਾਂ ਦਾਨ ਕਰ ਕੇ ਆਪਣਾ ਭਲਾ ਚੇਤਦੇ ਹਨ, ਉਹ ਭੁਲੇਖੇ ਵਿਚ ਹਨ:

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥**
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥੪੬॥** *(ਪੰਨਾ ੧੪੨੮)*

**ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ॥੧॥ਰਹਾਉ॥**
*(ਪੰਨਾ ੬੩੩)*

**ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ॥**
**ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥੧॥** *(ਪੰਨਾ ੮੩੦)*

**ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥**
**ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥੧॥**
*(ਪੰਨਾ ੮੩੧)*

ਗੁਰੂ ਸਾਹਿਬ ਨੇ ਹਰਖ, ਸੋਗ, ਉਸਤਤਿ, ਨਿੰਦਾ, ਲੋਭ, ਮੋਹ, ਅਭਿਮਾਨ ਆਦਿ ਕੁਰੀਤੀਆਂ ਤੋਂ ਬੇ-ਲਾਗ ਰਹਿਣ ਲਈ ਇਨਸਾਨ ਨੂੰ ਸਿੱਖਿਆ ਦਿੱਤੀ ਹੈ। ਆਪ ਜੀ ਫ਼ਰਮਾਉਂਦੇ ਹਨ:

**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥**
*(ਪੰਨਾ ੨੧੯)*

**ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ॥** *(ਪੰਨਾ ੧੧੮੬)*

**ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥**
**ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥** *(ਪੰਨਾ ੧੪੨੭)*

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਜੀਵਨ ਦੀ ਨਾ-ਸਮਾਨਤਾ ਜਾਂ ਅਸਥਿਰਤਾ ਬਾਰੇ ਵਧੇਰੇ ਵਿਚਾਰ ਪ੍ਰਗਟ ਕੀਤੇ ਗਏ ਹਨ। ਭਾਵੇਂ ਇਹ ਵਿਸ਼ਾ ਇਕ ਵੱਖਰੇ ਲੇਖ ਦੀ ਮੰਗ ਕਰਦਾ ਹੈ, ਪਰ ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਣੀ ਵਿਚੋਂ ਇਸ ਪ੍ਰਸੰਗ ਵਿਚ ਕੁਝ ਟੂਕਾਂ ਦੇਣੀਆਂ

ਅਯੋਗ ਨਹੀਂ ਹੋਣਗੀਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਇਸ ਜੀਵਨ ਜਾਂ ਇਸ ਸੰਸਾਰ ਬਾਰੇ ਇਸ ਤਰ੍ਹਾਂ ਵਿਚਾਰ ਪ੍ਰਗਟ ਕਰਦੇ ਹਨ:

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥**
**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥** *(ਪੰਨਾ ੧੪੨੭)*

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥**
**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥੨੫॥** *(ਉਹੀ)*

**ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ॥** *(ਪੰਨਾ ੫੩੬)*

**ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥੧॥ਰਹਾਉ॥...** *(ਪੰਨਾ ੬੩੩)*

**ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥੧॥ਰਹਾਉ॥** *(ਪੰਨਾ ੭੨੬)*

**ਸਾਧੋ ਇਹੁ ਤਨੁ ਮਿਥਿਆ ਜਾਨਉ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥੧॥ਰਹਾਉ॥**
**ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ॥** *(ਪੰਨਾ ੧੧੮੬)*

**ਇਹੁ ਜਗੁ ਧੂਏ ਕਾ ਪਹਾਰ॥**
**ਤੈ ਸਾਚਾ ਮਾਨਿਆ ਕਿਹ ਬਿਚਾਰਿ॥੧॥** *(ਉਹੀ)*

**ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ॥੨॥੧॥** *(ਪੰਨਾ ੧੨੩੧)*

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥੧॥** *(ਪੰਨਾ ੨੧੯)*
**ਸੁਪਨੇ ਜਿਉ ਧਨੁ ਪਛਾਨੁ**
**ਕਾਹੇ ਪਰਿ ਕਰਤ ਮਾਨੁ॥**
**ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥੧॥** *(ਪੰਨਾ ੧੩੫੨)*

ਇਸ ਤੋਂ ਬਿਨਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚੋਂ ਸਦਾਚਾਰੀ ਜੀਵਨ ਬਾਰੇ ਵੀ ਕਾਫ਼ੀ ਸਿੱਖਿਆ ਮਿਲਦੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਤਨ, ਧਨ, ਇਸਤਰੀ ਤੇ ਪ੍ਰਭੁਤਾ ਆਦਿ ਪਦਾਰਥ ਦੀ ਲਾਲਸਾ ਕਾਰਨ ਇਨਸਾਨ ਦੁਰਾਚਾਰੀ ਬਣਦਾ ਹੈ। ਇਹਨਾਂ ਪਦਾਰਥਾਂ ਵਿਚੋਂ ਹੀ ਉਹ ਸਥਾਈ ਸੰਤੁਸ਼ਟਤਾ ਭਾਲਦਾ ਹੈ। ਇਨਸਾਨ ਨੂੰ ਇਹ ਵੀ ਇਕ ਵੱਡਾ ਭੁਲੇਖਾ ਹੈ ਕਿ ਇਹ ਪਦਾਰਥ ਉਹ ਆਪਣੇ ਜਤਨਾਂ ਨਾਲ ਪ੍ਰਾਪਤ ਕਰ ਸਕਦਾ ਹੈ ਪਰ ਇਹ ਅਸਲੋਂ ਗ਼ਲਤ ਹੈ। ਇਨਸਾਨ ਤਾਂ ਕਦੇ ਵੀ ਆਪਣੇ ਲਈ ਦੁਖ ਦੀ ਚੇਤਨਾ ਨਹੀਂ ਕਰਦਾ ਪਰ ਉਸ ਨੂੰ ਜੀਵਨ ਵਿਚ ਸੁਖ ਤੇ ਨਾਲ ਦੁਖ ਵੀ ਮਿਲਦਾ ਹੈ। ਇਸ ਲਈ ਸਪੱਸ਼ਟ ਹੈ ਕਿ ਸੁਖ ਤੇ ਦੁਖ ਸਭ ਪ੍ਰਭੂ ਦੇ ਹੀ ਵੱਸ ਹੈ। ਇਸ ਅਸਲੀਅਤ ਬਾਰੇ ਗੁਰੂ ਸਾਹਿਬ ਫ਼ਰਮਾਉਂਦੇ ਹਨ:

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥**

**ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥੩੮॥**

**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥**
**ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥੩੯॥** *(ਪੰਨਾ ੧੪੨੮)*

ਦੁਖਾਂ ਨੂੰ ਦੂਰ ਕਰਨ ਵਾਲਾ ਤੇ ਮੁਕਤੀ ਦਾ ਜਾਂ ਭਗਤੀ ਦਾ ਮਾਲਕ ਪ੍ਰਭੂ ਹੀ ਹੈ:

**ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ॥**

*(ਪੰਨਾ ੨੧੯)*

**ਦੁਖ ਹਰਤਾ ਹਰਿ ਨਾਮੁ ਪਛਾਨੋ॥** *(ਪੰਨਾ ੮੩੦)*

ਇਨਸਾਨ ਵਿਚ ਇਕ ਹੋਰ ਵੱਡਾ ਔਗੁਣ ਪਰਾਈ ਨਿੰਦਿਆ ਹੈ। ਉਹ ਇਸ ਵਿਚੋਂ ਰਸ ਮਾਣਦਾ ਹੈ। ਦੂਜਿਆਂ ਦੇ ਔਗੁਣ ਦੱਸ ਕੇ ਜਾਂ ਸੁਣ ਕੇ ਆਪਣੇ ਆਪ ਨੂੰ ਵਧੀਆ ਜਾਂ ਚੰਗਾ ਹੋਣ ਦਾ ਧਰਵਾਸ ਦੇਂਦਾ ਹੈ ਪਰ ਇਹ ਇਕ ਖੋਟੀ ਵਾਦੀ ਹੈ। ਇਹ ਇਕ ਝੂਠਾ ਧਰਵਾਸ ਹੈ। ਗੁਰੂ ਸਾਹਿਬ ਇਸ ਰਸਤੇ ਉੱਤੇ ਇਨਸਾਨ ਨੂੰ ਇਨ੍ਹਾਂ ਸ਼ਬਦਾਂ ਨਾਲ ਰੋਕਦੇ ਹਨ:

**ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ॥੧॥** *(ਪੰਨਾ ੧੨੩੨)*

ਇਸੇ ਤਰ੍ਹਾਂ ਪਰਾਈ ਔਰਤ ਵਿਚ ਦਿਲਚਸਪੀ ਲੈਣਾ ਇਕ ਹੋਰ ਵੱਡੀ ਬੁਰਾਈ ਹੈ। ਇਹ ਇਕ ਬਹੁਤ ਭਿਆਨਕ ਰੋਗ ਹੈ ਜਿਸ ਤੋਂ ਗੁਰੂ ਸਾਹਿਬ ਨੇ ਮਨੁੱਖ ਨੂੰ ਇੰਜ ਚੇਤੰਨ ਕੀਤਾ ਹੈ:

**ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ॥** *(ਉਹੀ)*

ਗੁਰੂ ਸਾਹਿਬ ਕਹਿੰਦੇ ਹਨ ਕਿ ਧਨ ਦੀ ਪ੍ਰਾਪਤੀ ਲਈ ਅਸੀਂ ਅਯੋਗ ਤਰੀਕੇ ਵਰਤਦੇ ਹਾਂ। ਇਹ ਵੀ ਮਾੜੇ ਹਨ। ਇਸ ਦੀ ਪ੍ਰਾਪਤੀ ਵਾਸਤੇ ਇਨਸਾਨ ਅਣਖ ਤੇ ਸਵੈਮਾਨ ਤਕ ਵਾਰ ਦੇਂਦਾ ਹੈ:

**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥੧॥**

*(ਪੰਨਾ ੪੧੧)*

ਸਦਾਚਾਰਕ ਜੀਵਨ ਦੇ ਸੰਬੰਧ ਵਿਚ ਵਿਚਾਰ ਪ੍ਰਗਟ ਕਰਦੇ ਹੋਏ ਗੁਰੂ ਸਾਹਿਬ ਨੇ ਕਾਮ, ਕ੍ਰੋਧ ਤੇ ਖੋਟਾ ਗਰੂਰ ਕਰਨ ਤੋਂ ਵੀ ਇਨਸਾਨ ਨੂੰ ਰੋਕਿਆ ਹੈ। ਬੁਰਿਆਂ ਦੀ ਸੰਗਤ ਵਰਜਿਤ ਕੀਤੀ ਹੈ:

**ਸਾਧੋ ਮਨ ਕਾ ਮਾਨੁ ਤਿਆਗਉ॥**
**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ਰਹਾਉ॥**

*(ਪੰਨਾ ੨੧੯)*

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਨਸਾਨ ਦੀ ਜੀਵਨ ਦੇ ਸਾਰੇ ਪੱਖਾਂ ਤੋਂ ਅਗਵਾਈ ਕੀਤੀ ਹੈ। ਇਨਸਾਨ ਨੂੰ ਆਪਣੇ ਵਿਚ ਚੰਗੇ ਗੁਣ ਪੈਦਾ ਕਰਨ ਲਈ ਤੇ ਭੈੜੇ ਗੁਣਾਂ ਨੂੰ ਤਿਆਗਣ ਵਾਸਤੇ ਉਪਦੇਸ਼ ਦ੍ਰਿੜ ਕਰਵਾਇਆ ਹੈ।

# ਨੌਵੇਂ ਗੁਰੂ ਜੀ ਦੀ ਬਾਣੀ

## ਬਿਓਰਾ

ਸ੍ਰੀ ਗੁਰੂ ਤੇਗ ਬਹਾਦਰ ਜੀ ਸੰਨ 1664 ਤੋਂ 1675 ਈ. ਤੱਕ ਗੁਰਗੱਦੀ 'ਤੇ ਬਿਰਾਜਮਾਨ ਰਹੇ। ਇਸ ਥੋੜ੍ਹੇ ਜਿਹੇ ਸਮੇਂ ਵਿਚ ਆਪ ਨੇ ਬਕਾਲੇ ਤੋਂ ਚੱਲ ਕੇ ਕੀਰਤਪੁਰ ਸਾਹਿਬ ਤੇ ਫੇਰ ਆਸਾਮ ਤਕ ਯਾਤਰਾ ਕੀਤੀ ਤਾਂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਸੰਦੇਸ਼ ਨੂੰ ਘਰ-ਘਰ ਪਹੁੰਚਾਇਆ ਜਾ ਸਕੇ। ਦਿੱਲੀ ਵਿਚ ਆਪ ਜੈਪੁਰ ਦੇ ਰਾਜੇ ਰਾਮ ਸਿਹੁੰ ਦੇ ਮਹਿਮਾਨ ਸਨ ਤੇ ਕੁਝ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਉਸ ਦੇ ਨਾਲ ਹੀ ਆਪ ਪਟਨਾ ਸਾਹਿਬ ਸਣੇ ਪਰਿਵਾਰ ਗਏ।

ਪਹਿਲੇ ਪੰਜ ਗੁਰੂ ਸਾਹਿਬਾਨ ਵਾਂਗ ਆਪ ਨੇ ਵੀ ਬਾਣੀ ਦਾ ਉਚਾਰਣ ਸੰਸਾਰ ਦੇ ਕਲਿਆਣ ਹਿੱਤ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਰਾਗਾਂ ਵਿਚ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ 19 ਰਾਗਾਂ ਵਿਚ ਮਿਲਦੀ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ 30 ਰਾਗਾਂ ਵਿਚ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਹੇਠ ਲਿਖੇ 15 ਰਾਗਾਂ ਵਿਚ ਹੈ:

ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ।

ਆਪ ਦੀ ਕੋਈ ਲੰਮੀ ਬਾਣੀ ਉਪਲਬਧ ਨਹੀਂ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਉਚਰਿਤ ਜਪੁ ਜੀ, ਸਿਧ ਗੋਸਟਿ ਤੇ ਵਾਰਾਂ ਤੇ ਬਾਰਹ ਮਾਹਾ ਆਦਿ ਹਨ ਜਾਂ ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਉਚਾਰੀਆਂ ਬਾਰਹ ਮਾਹਾ, ਸੁਖਮਨੀ, ਬਾਵਨ ਅਖਰੀ ਤੇ ਵਾਰਾਂ ਆਦਿ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਦੱਸੇ ਵਿਚਾਰਾਂ ਸੰਬੰਧੀ ਕੋਈ ਮੱਤ ਪ੍ਰਗਟਾਉਣ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਆਪ ਜੀ ਦੀ ਬਾਣੀ ਕਿਸ-ਕਿਸ ਰੂਪ ਵਿਚ, ਕਿਥੇ-ਕਿਥੇ ਹੈ। ਜਿਨ੍ਹਾਂ ਰਾਗਾਂ ਦੇ ਨਾਂ ਉੱਪਰ ਲਏ ਗਏ ਹਨ, ਉਨ੍ਹਾਂ ਵਿਚੋਂ ਹਰ ਇਕ ਵਿਚ ਨੌਵੇਂ ਪਾਤਸ਼ਾਹ ਦੇ ਸ਼ਬਦਾਂ ਦਾ ਵੇਰਵਾ ਇਉਂ ਹੈ।

ਸਭ ਤੋਂ ਪਹਿਲਾਂ ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਪਾਠ ਕਰਨ ਦਾ ਅਵਸਰ ਗਉੜੀ ਰਾਗ ਵਿਚ ਪਹੁੰਚ ਕੇ ਪ੍ਰਾਪਤ ਹੁੰਦਾ ਹੈ। ਇਸ ਰਾਗ ਵਿਚ ਆਪ ਦੇ ਕੇਵਲ 9 ਸ਼ਬਦ ਹਨ। ਇਨ੍ਹਾਂ ਵਿਚੋਂ ਪੰਜ ਸ਼ਬਦ ਸਾਧੋ ਨਾਲ ਆਰੰਭ ਹੁੰਦੇ ਹਨ। ਜਿਵੇਂ ਬਹੁਤ ਪ੍ਰਸਿੱਧ ਸ਼ਬਦ ਤੋਂ ਪਹਿਲਾ ਹੀ ਸਬਦ ਹੈ, "ਸਾਧੋ ਮਨ ਕਾ ਮਾਨੁ ਤਿਆਗਉ ॥"

ਇਸ ਰਾਗ ਵਿਚ ਆਏ ਸ਼ਬਦਾਂ ਦੇ ਆਰੰਭ ਦੀਆਂ ਤੁਕਾਂ ਇਉਂ ਹਨ:

1. ਸਾਧੋ ਮਨ ਕਾ ਮਾਨੁ ਤਿਆਗਉ॥
2. ਸਾਧੋ ਰਚਨਾ ਰਾਮ ਬਨਾਈ॥
3. ਪ੍ਰਾਨੀ ਕਉ ਹਰਿ ਜਸੁ.....
4. ਸਾਧੋ ਇਹੁ ਮਨੁ ਗਹਿਓ ਨ ਜਾਈ॥
5. ਸਾਧੋ ਗੋਬਿੰਦ ਕੇ ਗੁਨ ਗਾਵਉ॥
6. ਕੋਊ ਮਾਈ ਭੂਲਿਓ ਮਨੁ.....
7. ਸਾਧੋ ਰਾਮ ਸਰਨਿ ਬਿਸਰਾਮਾ॥
8. ਮਨ ਰੇ ਕਹਾ ਭਇਓ ਤੈ ਬਉਰਾ॥
9. ਨਰ ਅਚੇਤ ਪਾਪ ਤੇ ਡਰੁ ਰੇ॥ *(ਪੰਨਾ ੨੧੯-੨੦)*

ਆਸਾ ਰਾਗ ਵਿਚ ਆਪ ਜੀ ਦਾ ਉਚਾਰਿਆ ਕੇਵਲ ਇਕ ਸ਼ਬਦ ਹੈ:

ਬਿਰਥਾ ਕਹਉ ਕਉਨ ਸਿਉ ਮਨ ਕੀ॥ *(ਪੰਨਾ ੪੧੧)*

ਆਸਾ ਰਾਗ ਤੋਂ ਪਿੱਛੋਂ ਦੇਵਗੰਧਾਰੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕੇਵਲ ਤਿੰਨ ਸ਼ਬਦ ਹਨ:

1. ਯਹ ਮਨੁ ਨੈਕ ਨ ਕਹਿਓ ਕਰੈ॥
2. ਸਭ ਕਿਛੁ ਜੀਵਤ ਕੋ ਬਿਵਹਾਰ॥
3. ਜਗਤ ਮੈ ਝੂਠੀ ਦੇਖੀ ਪ੍ਰੀਤਿ॥ *(ਪੰਨਾ ੫੩੬)*

ਫੇਰ ਬਿਹਾਗੜਾ ਰਾਗ ਵਿਚ ਵੀ ਆਸਾ ਰਾਗ ਵਾਂਗ ਕੇਵਲ ਇਕੋ ਸ਼ਬਦ ਨੌਵੇਂ ਗੁਰੂ ਜੀ ਦਾ ਹੈ:

ਹਰਿ ਕੀ ਗਤਿ ਨਹਿ ਕੋਊ ਜਾਨੈ॥ *(ਪੰਨਾ ੫੩੭)*

ਇਸ ਪਿੱਛੋਂ ਆਉਂਦਾ ਹੈ ਸੋਰਠਿ ਰਾਗ। ਇਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ 12 ਸ਼ਬਦ ਹਨ। ਇਨ੍ਹਾਂ ਵਿਚੋਂ ਤਿੰਨ ਸ਼ਬਦ 'ਮਨ ਰੇ' ਨਾਲ ਆਰੰਭ ਹੁੰਦੇ ਹਨ ਤੇ ਇਕ ਸ਼ਬਦ 'ਰੇ ਮਨ' ਨਾਲ ਸ਼ੁਰੂ ਹੋਇਆ ਹੈ:

1. ਰੇ ਮਨ ਰਾਮ ਸਿਉ ਕਰਿ ਪ੍ਰੀਤਿ॥
2. ਮਨ ਕੀ ਮਨ ਹੀ ਮਾਹਿ ਰਹੀ॥
3. ਮਨ ਰੇ ਕਉਨੁ ਕੁਮਤਿ ਤੈ ਲੀਨੀ॥
4. ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥
5. ਪ੍ਰਾਨੀ ਕਉਨੁ ਉਪਾਉ ਕਰੈ॥
6. ਮਾਈ ਮੈ ਕਿਹਿ ਬਿਧਿ ਲਖਉ ਗੁਸਾਈ॥
7. ਮਾਈ ਮਨੁ ਮੇਰੋ ਬਸਿ ਨਾਹਿ॥
8. ਰੇ ਨਰ ਇਹ ਸਾਚੀ ਜੀਅ ਧਾਰਿ॥
9. ਇਹ ਜਗਿ ਮੀਤੁ ਨ ਦੇਖਿਓ ਕੋਈ॥

10. ਮਨ ਰੇ ਗਹਿਓ ਨ ਗੁਰ ਉਪਦੇਸੁ॥
11. ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
12. ਪ੍ਰੀਤਮ ਜਾਨਿ ਲੇਹੁ ਮਨ ਮਾਹੀ॥ (ਪੰਨਾ ੬੩੧-੩੪)

ਧਨਾਸਰੀ ਰਾਗ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਾਰ ਸ਼ਬਦ ਹਨ:

1. ਕਾਹੇ ਰੇ ਬਨ ਖੋਜਨ ਜਾਈ॥
2. ਸਾਧੋ ਇਹੁ ਜਗੁ ਭਰਮ ਭੁਲਾਨਾ॥
3. ਤਿਹ ਜੋਗੀ ਕਉ ਜੁਗਤਿ... ॥
4. ਅਬ ਮੈ ਕਉਨੁ ਉਪਾਉ ਕਰਉ॥ (ਪੰਨਾ ੬੮੪-੮੫)

ਜੈਤਸਰੀ ਰਾਗ ਵਿਚ ਤਿੰਨ ਸ਼ਬਦ ਹਨ:

1. ਭੂਲਿਓ ਮਨੁ ਮਾਇਆ ਉਰਝਾਇਓ॥
2. ਹਰਿ ਜੂ ਰਾਖਿ ਲੇਹੁ ਪਤਿ ਮੇਰੀ॥
3. ਮਨ ਰੇ ਸਾਚਾ ਗਹੋ ਬਿਚਾਰਾ॥ (ਪੰਨਾ ੭੦੨-੦੩)

ਟੋਡੀ ਰਾਗ ਵਿਚ ਇਕ ਸ਼ਬਦ ਹੈ:

ਕਹਉ ਕਹਾ ਅਪਨੀ ਅਧਮਾਈ॥ (ਪੰਨਾ ੭੧੮)

ਤਿਲੰਗ ਰਾਗ ਵਿਚ ਆਪ ਜੀ ਉਚਰਿਤ ਤਿੰਨ ਸ਼ਬਦ ਹਨ:

1. ਚੇਤਨਾ ਹੈ ਤਉ ਚੇਤ ਲੈ... ॥
2. ਜਾਗ ਲੇਹੁ ਰੇ ਮਨਾ... ॥
3. ਹਰਿ ਜਸੁ ਰੇ ਮਨਾ ਗਾਇ ਲੈ... ॥ (ਪੰਨਾ ੭੨੬-੨੭)

ਬਿਲਾਵਲ ਰਾਗ ਵਿਚ ਵੀ ਤਿੰਨ ਸ਼ਬਦ ਹਨ:

1. ਦੁਖ ਹਰਤਾ ਹਰਿ ਨਾਮੁ... ॥
2. ਹਰਿ ਕੇ ਨਾਮ ਬਿਨਾ ਦੁਖੁ... ॥
3. ਜਾ ਮੈ ਭਜਨੁ ਰਾਮ ਕੋ... ॥ (ਪੰਨਾ ੮੩੦-੩੧)

ਰਾਮਕਲੀ ਰਾਗ ਵਿਚ ਵੀ ਤਿਲੰਗ, ਬਿਲਾਵਲ ਤੇ ਦੇਵਗੰਧਾਰੀ ਵਾਂਗ ਤਿੰਨ ਹੀ ਸ਼ਬਦ ਹੈ:

1. ਰੇ ਮਨ ਓਟ ਲੇਹੁ ਹਰਿ ਨਾਮਾ॥
2. ਸਾਧੋ ਕਉਨ ਜੁਗਤਿ... ॥
3. ਪ੍ਰਾਨੀ ਨਾਰਾਇਨ ਸੁਧਿ... ॥ (ਪੰਨਾ ੯੦੧-੦੨)

ਇੰਞ ਹੀ ਮਾਰੂ ਰਾਗ ਵਿਚ ਵੀ ਤਿੰਨ ਸ਼ਬਦ ਹਨ:

1. ਹਰਿ ਕੋ ਨਾਮੁ ਸਦਾ ਸੁਖਦਾਈ॥
2. ਅਬ ਮੈ ਕਹਾ ਕਰਉ ਰੀ ਮਾਈ॥
3. ਮਾਈ ਮੈ ਮਨ ਕੋ ਮਾਨੁ ਨ ਤਿਆਗਿਓ॥ (ਪੰਨਾ ੧੦੦੮)

ਇਸ ਪਿਛੋਂ ਬਸੰਤ ਰਾਗ ਵਿਚ ਆਪ ਦੀ ਬਾਣੀ ਹੈ। ਇਥੇ ਪੰਜ ਸ਼ਬਦ ਹਨ:

1. **ਸਾਧੋ ਇਹੁ ਤਨੁ ਮਿਥਿਆ... ॥**
2. **ਪਾਪੀ ਹੀਐ ਮੈ ਕਾਮੁ ਬਸਾਇ॥**
3. **ਮਾਈ ਮੈ ਧਨੁ ਪਾਇਓ...॥**
4. **ਮਨ ਕਹਾ ਬਿਸਾਰਿਓ...॥**
5. **ਕਹਾ ਭੂਲਿਓ ਰੇ ਝੂਠੇ ਲੋਭ ਲਾਗ॥** *(ਪੰਨਾ ੧੧੮੬-੮੭)*

ਸਾਰੰਗ ਰਾਗ ਵਿਚ ਆਪ ਦੇ ਚਾਰ ਸ਼ਬਦ ਹਨ:

1. **ਹਰਿ ਬਿਨੁ ਤੇਰੋ ਕੋ ਨ ਸਹਾਈ॥**
2. **ਕਹਾ ਮਨ ਬਿਖਿਆ... ॥**
3. **ਕਹਾ ਨਰ ਅਪਨੋ ਜਨਮੁ...॥**
4. **ਮਨ ਕਰਿ ਕਬਹੂ ਨ ਹਰਿ... ॥** *(ਪੰਨਾ ੧੨੩੧-੩੨)*

ਅੰਤ ਵਿਚ ਰਾਗ ਜੈਜਾਵੰਤੀ ਦਾ ਨਾਂ ਆਉਂਦਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਰਾਗਾਂ ਵਿਚੋਂ ਅੰਤ ਉੱਤੇ ਅਰਥਾਤ ਪੰਨਾ ੧੩੫੨ ਉੱਤੇ ਹੈ। ਇਸ ਰਾਗ ਵਿਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਹੀ ਚਾਰ ਸ਼ਬਦ ਹਨ। ਹੋਰ ਕਿਸੇ ਗੁਰੂ ਸਾਹਿਬ ਜਾਂ ਭਗਤ ਸਾਹਿਬ ਦੀ ਬਾਣੀ ਇਸ ਰਾਗ ਵਿਚ ਨਹੀਂ। ਇਸ ਰਾਗ ਵਿਚ ਆਏ ਸ਼ਬਦ ਹਨ:

1. **ਰਾਮੁ ਸਿਮਰਿ ਰਾਮੁ ਸਿਮਰਿ... ॥**
2. **ਰਾਮੁ ਭਜੁ ਰਾਮੁ ਭਜੁ... ॥**
3. **ਰੇ ਮਨ ਕਉਨ ਗਤਿ ਹੋਇ ਹੈ ਤੇਰੀ॥**
4. **ਬੀਤ ਜੈਹੈ ਬੀਤ ਜੈਹੈ... ॥** *(ਪੰਨਾ ੧੩੫੨-੫੩)*

ਇਉਂ ਇਹ ਸਾਰਾ ਜੋੜ 59 ਬਣਦਾ ਹੈ। ਅਰਥਾਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਚਰਿਤ ਬਾਣੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 59 ਸ਼ਬਦ ਹਨ।

ਇਹਨਾਂ ਸ਼ਬਦਾਂ ਤੋਂ ਬਿਨਾਂ ਪੰਨਾ 1426 ਉੱਤੇ ਨੌਵੇਂ ਮਹਲੇ ਦੇ ਸਲੋਕ ਹਨ, ਉਹਨਾਂ ਦੀ ਸਾਰੀ ਗਿਣਤੀ 57 ਹੈ। ਇਉਂ ਇਹ ਸਾਰਾ ਜੋੜ 116 ਬਣਦਾ ਹੈ।

## ਬਾਣੀ ਬਿਰਲਉ ਬੀਚਾਰਸੀ

ਸੱਚੇ ਪਾਤਸ਼ਾਹ ਨੇ ਇਨ੍ਹਾਂ 59 ਸ਼ਬਦਾਂ ਵਿਚੋਂ 23 ਸ਼ਬਦਾਂ ਦੀ ਪਹਿਲੀ ਤੁਕ ਵਿਚ ਹੀ ਮਨ ਜਾਂ ਨਰ ਨੂੰ ਸੰਬੋਧਨ ਕੀਤਾ ਹੈ, ਜਿਵੇਂ ਕਿ ਜੈਜਾਵੰਤੀ ਰਾਗ ਦੇ ਚਾਰੇ ਸ਼ਬਦ, ਸਾਰੰਗ ਰਾਗ ਦੇ ਤਿੰਨ ਸ਼ਬਦ, ਤਿਲੰਗ, ਧਨਾਸਰੀ ਦੋਹਾਂ ਵਿਚ ਦੋ-ਦੋ ਸ਼ਬਦ, ਸੋਰਠਿ ਰਾਗ ਦੇ 12 ਸ਼ਬਦਾਂ ਵਿਚੋਂ ਪਹਿਲੇ ਪੰਜ ਆਦਿ। ਇਹ ਮਨ ਦਾ ਸੰਬੋਧਨ ਬਹੁਤ ਸਾਰੀ ਥਾਈਂ ਇਨਡਾਇਰੈਕਟ (ਲੁਪਤ) ਰੂਪ ਹੈ, ਜਿਵੇਂ "ਕਹਉ ਕਹਾ ਅਪਨੀ ਅਧਮਾਈ", "ਜਾ ਮੈ ਭਜਨੁ ਰਾਮ ਕੋ ਨਾਹੀ", "ਅਬ ਮੈ ਕਉਨ ਉਪਾਉ ਕਰਉ" ਜਾਂ "ਪਾਪੀ ਹੀਐ ਮੈ"।

'ਮਨ' ਦੇ ਅਰਥ ਚਿੱਤ, ਦਿਲ ਜਾਂ ਮਾਈਂਡ (Mind) ਵੀ ਹਨ ਤੇ ਇਨ੍ਹਾਂ ਅਰਥਾਂ ਵਿਚ ਹੀ ਇਹ ਬਹੁਤ ਵਰਤਿਆ ਜਾਂਦਾ ਹੈ, ਪਰ ਫ਼ਾਰਸੀ ਦੇ ਹਿਸਾਬ ਮਨ ਦਾ ਭਾਵ 'ਮੈਂ' ਹੈ। ਸੋ ਅਸੀਂ ਇਸ ਤੋਂ ਇਹ ਸਿੱਟਾ ਵੀ ਕੱਢ ਸਕਦੇ ਹਾਂ ਕਿ ਗੁਰੂ ਜੀ ਨੇ ਵੀ ਹੋਰ ਗੁਰੂ ਸਾਹਿਬਾਨ ਤੇ ਭਾਰਤ ਦੇ ਮਹਾਨਭਾਵੀਆਂ ਅਨੁਸਾਰ ਉੱਤਮ ਪੁਰਖ ਅਰਥਾਤ ਫਸਟ ਪਰਸਨ (First Person) ਵਿਚ ਬਾਣੀ ਉਚਾਰਣ ਕਰ ਕੇ ਆਪਣੇ ਮਨ ਨੂੰ ਆਪਣੇ ਨਾਂ ਉੱਤੇ ਆਪੇ ਨੂੰ ਸੰਬੋਧਨ ਕਰ ਕੇ ਸਰੋਤਿਆਂ ਤੇ ਪਾਠਕਾਂ ਨੂੰ ਸਮਝਾਇਆ ਹੈ। ਇਉਂ ਪੜ੍ਹਨ-ਸੁਣਨ ਵਾਲਾ ਇਉਂ ਹੀ ਪ੍ਰਤੀਤ ਕਰਦਾ ਹੈ ਜਿਵੇਂ ਉਹ ਆਪ ਹੀ ਆਪਣੇ ਆਪ ਨੂੰ ਸਮਝਾ ਰਿਹਾ ਹੋਵੇ। ਸੰਭਵ ਹੈ, ਇਸੇ ਕਰਕੇ ਅੰਤਲੇ 57 ਸਲੋਕਾਂ ਵਿਚ ਵੀ "ਕਹੁ ਨਾਨਕ ਸੁਨ ਰੇ ਮਨਾ" ਬਹੁਤ ਵਾਰੀ ਆਖਿਆ ਹੋਵੇ।

ਹੁਣ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਆਪਣੀ ਬਾਣੀ ਵਿਚ ਮਨ ਨੂੰ ਜਾਂ ਸਾਨੂੰ ਤੇ ਸਰਬੱਤ ਸੰਸਾਰ ਨੂੰ ਸਤਿਗੁਰਾਂ ਨੇ ਕੀ ਅਟੱਲ, ਅਮਰ ਤੇ ਅਗੰਮੀ ਸੰਦੇਸ਼ਾ ਦਿੱਤਾ ਹੈ। ਇਹ ਬਾਣੀ ਬਹੁਤ ਸਰਲ ਤੇ ਰਸੀਲੀ ਹੈ। ਗੰਭੀਰਤਾ ਅਤੇ ਦੂਰ-ਅੰਦੇਸ਼ੀ ਦੇ ਭਰਪੂਰ ਖ਼ਜ਼ਾਨੇ ਅਤੇ ਆਪਣੇ ਜੀਵਨ ਤੇ ਬਾਣੀ ਨੂੰ ਇਕ ਸੁਰ ਕਰਕੇ ਉਸ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਨ ਵਾਲੇ ਗੁਰੂ ਜੀ ਦੇ ਸੰਦੇਸ਼ੇ ਨੂੰ ਇਸ ਵਿਚੋਂ ਸੁਭਾਵਕ ਹੀ ਸਮਝਿਆ ਜਾ ਸਕਦਾ ਹੈ। ਜਦ ਗੁਰੂ ਜੇਹੀ ਮਹਾਨ ਹਸਤੀ ਕਹਿੰਦੀ ਹੈ:

**ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ॥੨॥**

*(ਪੰਨਾ ੧੨੩੨)*

ਤਾਂ ਕੀ ਸਾਨੂੰ ਅਉਗੁਣਾਂ ਦੇ ਭਰਿਆਂ ਨੂੰ ਸ਼ਰਮ ਨਹੀਂ ਆਉਂਦੀ? ਨਿਮਰਤਾ ਨਹੀਂ ਜਾਗਦੀ? ਗੁਰੂ ਜੀ ਨੇ ਬਾਣੀ ਰਚਦਿਆਂ ਆਮ ਮਨੁੱਖੀ-ਮਨ ਦੀ ਅਵਸਥਾ ਤੇ ਇਸ ਦੇ ਲੱਛਣਾਂ ਦਾ ਵਰਣਨ ਵੀ ਸੁਭਾਵਕ ਹੀ ਕਰ ਦਿੱਤਾ ਹੈ, ਜੋ ਉਨ੍ਹਾਂ ਦੇ ਮਨੋਵਿਗਿਆਨਕ ਅਨੁਭਵ ਦਾ ਪ੍ਰਮਾਣ ਹੈ। ਇਹ ਮਨ ਨੂੰ ਉਸ ਦੇ ਪੁਰਾਣੇ ਸੰਕਲਪਾਂ ਤੇ ਸੰਸਕਾਰਾਂ ਵਿਚੋਂ ਕੱਢ ਕੇ ਤੇ ਉਚੇਰੇ ਮਾਰਗ ਉੱਤੇ ਲੈ ਜਾਣ ਦੀ ਸੇਧ ਦੇਣ ਦਾ ਇਕ ਅਮੁੱਲਾ ਯਤਨ ਹੈ। ਇਉਂ ਕਹੀਏ ਕਿ ਮਨ ਦੀ ਅਸਲੀਅਤ ਨੂੰ ਸਮਝਣਾ ਇਕ ਤਰ੍ਹਾਂ ਨਾਲ ਰੋਗ ਦੀ ਪਛਾਣ ਹੈ। ਫਿਰ ਮਾਨਸਿਕ ਰੋਗ ਦਾ ਮਨੋਵਿਗਿਆਨਕ ਹੀ ਇਲਾਜ ਕੀਤਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਸ ਮਨ ਦਾ ਅਸਲ ਰੂਪ ਸਾਡੇ ਸਾਹਮਣੇ ਰੱਖ ਦੇਂਦੀ ਹੈ ਜਾਂ ਇਉਂ ਕਹੀਏ ਕਿ ਸਾਨੂੰ ਸ਼ੀਸ਼ੇ ਸਾਹਮਣੇ ਖਲ੍ਹਾਰ ਦੇਂਦੀ ਹੈ।

ਇਸ ਮਨ ਦਾ ਅਣਨਾਤਾ-ਅਣਧੋਤਾ-ਅਣਸਾਧਿਆ ਰੂਪ ਕੀ ਹੈ? ਅਸੀਂ ਆਪਣੇ ਮਨ ਨੂੰ ਜਾਣਦੇ ਹਾਂ, ਇਸ ਲਈ ਸਾਰੀ ਤਸਵੀਰ ਸਾਡੇ ਸਾਹਮਣੇ ਬਹੁਤ ਥੋੜ੍ਹੇ ਜਿਹੇ ਸੰਕੇਤਕ ਸ਼ਬਦਾਂ ਵਿਚ ਤਾਰ-ਬੋਲੀ ਵਾਂਗ ਹੀ ਆ ਜਾਂਦੀ ਹੈ, ਜਿਵੇਂ:

(ੳ) **ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥** *(ਪੰਨਾ ੨੧੯)*

(ਅ) **ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥** *(ਪੰਨਾ ੬੩੧)*

(ੲ) **ਨਿਸ ਬਾਸੁਰ ਬਿਖਿਆਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ॥**

*(ਪੰਨਾ ੬੩੨)*

(ਸ) **ਪਾਪੀ ਹੀਅ ਮੈ ਕਾਮੁ ਬਸਾਇ॥**
**ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥੧॥** *(ਪੰਨਾ ੧੧੮੬)*

(ਹ) **ਦੁਆਰਹਿ ਦੁਆਰਿ ਸੁਆਨ ਜਿਉ ਡੋਲਤ... ॥** *(ਪੰਨਾ ੪੧੧)*

ਇਨ੍ਹਾਂ ਅਤੇ ਅਜਿਹੀਆਂ ਹੋਰ ਅਨੇਕਾਂ ਤੁਕਾਂ ਤੋਂ ਸਾਡੇ ਮਨ ਦੇ ਉਘੜਦੇ ਚਿੱਤਰ ਦੀ ਤਸਵੀਰ ਇਹੀ ਹੈ ਕਿ ਮਨੁੱਖੀ-ਮਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਮਾਇਆ, ਤ੍ਰਿਸ਼ਨਾ, ਪਰ-ਨਿੰਦਾ ਤੇ ਹੋਰ ਬਿਖਿਆ (ਜ਼ਹਿਰ ਜਾਂ ਵਿਸ਼ਿਆਂ) ਵਿਚ ਫਸਿਆ ਭੁੱਖੇ, ਲਾਵਾਰਸ ਕੁੱਤੇ ਵਾਂਗ ਦਰਵਾਜ਼ੇ-ਦਰਵਾਜ਼ੇ ਉੱਤੇ ਡੋਲਦਾ ਫਿਰਦਾ ਹੈ ਕਿ ਧਨ ਦਾ ਟੁੱਕਰ ਪਵੇ। ਉਸ ਦਾ ਇਹ ਆਹਰ ਘੜੀ-ਪਲ ਜਾਂ ਕੁਝ ਦਿਨ ਦਾ ਨਹੀਂ, ਸਗੋਂ ਦਿਨ ਰਾਤ (ਸੁਪਨਿਆਂ ਵਿਚ ਵੀ) ਸਾਰੀ ਉਮਰ ਚਲਦਾ ਰਹਿੰਦਾ ਹੈ। ਇਸ ਵਿਚ ਉਹ ਕਿੰਨਾ ਫਸਿਆ ਹੋਇਆ ਹੁੰਦਾ ਹੈ ਕਿ ਇਸ ਤੋਂ ਉੱਚਾ, ਇਸ ਤੋਂ ਪਰ੍ਹੇ, ਉਹ ਹੋਰ ਕੁਝ ਸੋਚ ਹੀ ਨਹੀਂ ਸਕਦਾ ਸਗੋਂ ਇਸ ਸਭ ਕੁਝ ਨੂੰ ਸਦੀਵੀ, ਠੀਕ ਤੇ ਜੀਵਨ ਦਾ ਆਦਰਸ਼ ਜਾਂ ਇਕੋ ਇਕ ਕੰਮ ਸਮਝ ਲੈਂਦਾ ਹੈ। ਇਸ ਤੋਂ ਇਹ ਵੀ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਮਨੁੱਖ ਦੇ ਸਾਰੇ ਕਸ਼ਟਾਂ ਦਾ ਕਾਰਨ ਇਸ ਦਾ ਮਨ ਹੈ। ਇਸ ਲਈ ਮਨੁੱਖ ਦਾ ਸਾਰਾ ਯਤਨ ਇਸ ਭੁਲੇਖੇ ਵਿਚ ਹੈ ਕਿ ਇਸ ਨੇ:

**ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥**

*(ਪੰਨਾ ੧੨੩੧)*

ਉਹ ਇਹ ਵੀ ਭੁੱਲ ਜਾਂਦਾ ਹੈ ਕਿ ਇਹ ਸਭ ਕੁਝ ਇਕ ਦਿਨ ਛੱਡਣਾ ਪੈਣਾ ਹੈ। ਉਹ ਏਥੋਂ ਤਕ ਨਿਘਰਿਆ ਹੋਇਆ ਹੈ ਤੇ ਇੰਨਾ ਮੂਰਖ ਹੈ ਕਿ ਬੁਢੇਪਾ ਆ ਜਾਣ ਉੱਤੇ ਵੀ ਨਹੀਂ ਸਮਝਦਾ। "ਮਨ ਮੂਰਖ ਅਜਹੂ ਨਹ ਸਮਝਤ।" ਨਾ ਉਸ ਨੂੰ ਲੋਕ-ਲਾਜ ਹੈ:

**ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥** *(ਪੰਨਾ ੪੧੧)*

ਇਨ੍ਹਾਂ ਕਮਜ਼ੋਰੀਆਂ ਦਾ ਸੁਭਾਵਕ ਨਤੀਜਾ ਇਹ ਹੁੰਦਾ ਹੈ ਕਿ ਮਨੁੱਖ ਮੌਤ ਨੂੰ ਵੀ ਭੁਲਾ ਛੱਡਦਾ ਹੈ ਤੇ ਜੋ ਕੁਝ ਕਰਨਾ ਚਾਹੀਦਾ ਹੈ ਉਹ ਵੀ ਨਹੀਂ ਕਰਦਾ।

ਉਨ੍ਹਾਂ ਕਰਨ ਯੋਗ ਕੰਮਾਂ ਦੇ ਵੇਰਵੇ ਜਾਂ ਇਨ੍ਹਾਂ ਉਪਰ ਦੱਸੇ ਬੰਧਨਾਂ ਤੋਂ ਮੁਕਤੀ ਦਾ ਰਾਹ ਲੱਭਣਾ ਤਾਂ ਕਿਤੇ ਰਿਹਾ, ਮੁਕਤ (ਅਜ਼ਾਦ, ਸੁਤੰਤਰ) ਰਹਿਣਾ ਵੀ ਰਿਹਾ ਇਕ ਪਾਸੇ, ਇਹ ਉਸ ਵੱਲ ਸੋਚਦਾ ਤਕ ਨਹੀਂ।

ਹੁਣ ਵਿਚਾਰਨ ਤੇ ਸਮਝਣ ਯੋਗ ਕੇਂਦਰੀ ਨੁਕਤਾ ਇਹ ਬਣ ਜਾਂਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਨੁਸਾਰ ਮਨੁੱਖ ਕਿਵੇਂ ਆਪਣੇ ਅਧਿਆਤਮਕ ਆਦਰਸ਼, ਮੁਕਤੀ, ਬ੍ਰਹਮ-ਗਿਆਨ ਅਵਸਥਾ, ਸਾਧੂਪਣ ਜਾਂ ਪਰਮ ਪਦਵੀ ਨੂੰ ਪ੍ਰਾਪਤ ਕਰੇ।

## ਸਾਡੇ ਭੁਲੇਖੇ

ਗੁਰੂ ਜੀ ਨੇ ਮਨੁੱਖ ਨੂੰ ਮਾਨਸ-ਜਨਮ ਦੀ ਮਨੋਰਥ-ਸਿੱਧੀ ਲਈ ਪ੍ਰਮੁੱਖ ਤੇ ਬਹੁਤ ਉਚੇਰੀ ਸਰਵ-ਸਿੱਧ ਸੇਧ ਬਖ਼ਸ਼ੀ ਹੈ। ਨਾਲ ਹੀ ਜਿਨ੍ਹਾਂ ਭੁਲੇਖਿਆਂ ਵਿਚ ਲੋਕਾਈ ਫਸੀ ਹੋਈ ਸੀ, ਉਨ੍ਹਾਂ ਵਿਚੋਂ ਕੱਢਿਆ ਹੈ। ਉਹ ਭੁਲੇਖੇ ਸਨ:

1. ਇਸ ਜੀਵਨ, ਦੁਨੀਆ ਤੇ ਸਰੀਰ ਨੂੰ ਸਥਿਰ ਮੰਨਣਾ, ਹਾਲਾਂ ਕਿ ਸਾਹਮਣੇ ਸਭ ਦਾ ਨਾਸ ਹੁੰਦਾ ਅਸੀਂ ਦੇਖਦੇ ਹਾਂ—

**ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥੧॥...**

**ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥** *(ਪੰਨਾ ੨੧੯)*

ਇਸ ਭੁਲੇਖੇ ਵਿਚ ਫਸਿਆ ਮਨ:

**ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ॥**
**ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥੧॥** *(ਉਹੀ)*

ਅਤੇ:

(ੳ) **ਮਾਇਆ ਕਾਰਨਿ ਧਾਵਹੀ ਮੂਰਖ ਲੋਕ ਅਜਾਨ॥...੨੮॥**

(ਅ) **ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ॥...੩੦॥**

*(ਪੰਨਾ ੧੪੨੮)*

2. ਦੂਜਾ ਭੁਲੇਖਾ ਜੋ ਉਸ ਵੇਲੇ ਹੀ ਨਹੀਂ ਹੁਣ ਤਕ ਵੀ ਲੋਕਾਂ ਦੇ ਮਨਾਂ ਦਾ ਖਹਿੜਾ ਨਹੀਂ ਛੱਡਦਾ, ਇਹ ਰਿਹਾ ਹੈ ਕਿ ਹਠ ਨਾਲ, ਦਿਖਾਵੇ ਲਈ, ਨਿਰੇ ਸਰੀਰ ਨਾਲ, ਮਨ ਉੱਤੇ ਕੋਈ ਪ੍ਰਭਾਵ ਪ੍ਰਤੀਤ ਕੀਤੇ ਬਿਨਾਂ ਬਾਹਰਲੇ ਕਰਮ ਕਰੀ ਜਾਣੇ, ਆਤਮ-ਉੱਨਤੀ ਦਾ ਸਾਧਨ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਝਾਇਆ ਕਿ ਇਨ੍ਹਾਂ ਕਰਮਾਂ (ਰੀਤਾਂ, ਰਸਮਾਂ, ਭੇਖ ਆਦਿ) ਦਾ ਲਾਭ ਤਾਂ ਹੀ ਹੈ ਜੇ ਇਹ ਅੰਦਰੋਂ ਉਪਜਣ। ਇਨ੍ਹਾਂ ਦਾ ਸਾਡੇ ਅੰਦਰ, ਸਾਡੇ ਸੁਭਾਅ, ਲੱਛਣਾਂ, ਆਦਤਾਂ ਤੇ ਸੋਚਣੀ ਉੱਤੇ ਕੋਈ ਪਵਿੱਤਰ ਪ੍ਰਭਾਵ ਪਵੇ। ਇਹ ਸਾਡੇ ਮਨ ਨੂੰ ਮੰਦ ਵਾਸ਼ਨਾ ਤੋਂ ਰੋਕ ਕੇ ਸਾਡੀਆਂ ਬ੍ਰਿਤੀਆਂ ਵਿਚ ਸਦਾਚਾਰਕ ਗੁਣ ਪੈਦਾ ਕਰਨ, ਜਿਵੇਂ—ਧੀਰਜ, ਸਤਿ, ਸੰਤੋਖ, ਦਇਆ, ਰੱਬ ਦਾ ਡਰ ਤੇ ਪ੍ਰੇਮ।

ਇਹ ਗੱਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਹਰਲੇ, ਸਰੀਰਕ ਪਰ ਧਾਰਮਿਕ ਮੰਨੇ ਜਾਂਦੇ ਕਰਮਾਂ ਸੰਬੰਧੀ ਸਮਝਾਈ ਹੈ, ਜਿਵੇਂ:

**ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ॥**

*(ਪੰਨਾ ੨੨੦)*

ਭਾਵ ਇਹ ਕਿ ਧਾਰਮਿਕ ਪੁਸਤਕਾਂ ਦੇ ਪਾਠ ਕਰਨ ਜਾਂ ਸੁਣਨ ਦਾ ਲਾਭ ਤਾਂ ਇਹ ਹੋਣਾ ਚਾਹੀਦਾ ਸੀ ਕਿ ਮਨੁੱਖ ਹਰੀ-ਗੁਣ ਗਾਉਂਦਾ, ਪਰ ਏਥੇ 'ਨਿਮਖ ਨ ਹਰਿ ਗੁਨ ਗਾਵੈ' ਦੀ ਅਵਸਥਾ ਹੀ ਕਾਇਮ ਰਹਿੰਦੀ ਹੈ। ਸਾਫ਼ ਲਿਖਿਆ ਹੈ "ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ॥" ਇਸੇ ਸੰਬੰਧ ਵਿਚ ਹੋਰ ਕਰਮਾਂ ਦੇ ਦ੍ਰਿਸ਼ਟਾਂਤ ਵੀ ਮਿਲਦੇ ਹਨ, ਜਿਵੇਂ:

(ੳ) **ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ॥** *(ਪੰਨਾ ੮੩੦)*

(ਅ) **ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ॥** *(ਪੰਨਾ ੬੩੩)*

(ੲ) **ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥**
**ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥** *(ਪੰਨਾ ੮੩੧)*

3. ਤੀਜਾ ਭੁਲੇਖਾ ਮੋਹ-ਮਮਤਾ ਦਾ ਹੈ ਅਰਥਾਤ ਇਹ ਸਭ ਕੁਝ ਮੇਰਾ ਹੈ, ਮੇਰੇ ਕੋਲ ਰਹੇਗਾ। ਇਸੇ ਵਿਚ ਸਾਡਾ ਆਪਣਾ ਸਰੀਰ, ਕੁਟੰਬ, ਧਨ ਆਦਿ ਹਨ:

**ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥**
**ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ॥** *(ਪੰਨਾ ੨੨੦)*

**ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ॥** *(ਪੰਨਾ ੧੦੦੮)*

**ਇਹ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ॥** *(ਪੰਨਾ ੧੧੮੬)*

**ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ ਸਮਝ ਲੇਹ॥** *(ਪੰਨਾ ੧੧੮੭)*

**ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ॥੧॥ਰਹਾਉ॥**
**ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ॥**
**ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਹੀ॥੧॥...**

**ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ॥**
**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥** *(ਪੰਨਾ ੧੨੩੧)*

4. ਚੌਥਾ ਵੱਡਾ ਭੁਲੇਖਾ ਇਹ ਹੈ ਕਿ ਦੁਨਿਆਵੀ ਪਦਾਰਥ ਤੇ ਕੋਈ ਮਨੁੱਖ ਸੁਖ ਦੇ ਸਕਦੇ ਹਨ। ਸਾਹਿਬਾਂ ਨੇ ਫ਼ੁਰਮਾਇਆ ਹੈ ਕਿ ਇਸ ਭੁੱਲ ਵਿਚ ਮਨੁੱਖ "ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥" ਅਤੇ ਇਉਂ ਮੌਤ ਨੂੰ ਮਨੁੱਖ ਭੁੱਲ ਜਾਂਦਾ ਹੈ ਤੇ ਫਿਰ ਵਿਸ਼ਿਆਂ ਵਿਚ ਫਸ ਕੇ ਇੰਨਾ ਨੀਚ ਹੋ ਜਾਂਦਾ ਹੈ ਕਿ ਨਿੱਤ ਮਾਰ ਖਾਂਦਾ ਨਿਤ ਸਾਹਮਣੇ ਸਭ ਕੁਝ ਦੇਖਦਾ ਵੀ:

**ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ॥**

*(ਪੰਨਾ ੬੩੩)*

ਇਨ੍ਹਾਂ ਤੇ ਇਹੋ ਜਿਹੇ ਹੋਰ ਬੰਧਨਾਂ ਤੇ ਭੁਲੇਖਿਆਂ ਵਿਚੋਂ ਸੁਤੰਤਰਤਾ ਦੇ ਮਹੱਲ ਜਾਂ ਜੀਵਨ-ਮੁਕਤੀ ਦੀ ਉੱਚੀ ਟੀਸੀ ਉੱਤੇ ਪੁੱਜਣ ਲਈ ਕੁਝ ਪਉੜੀਆਂ ਮਨੁੱਖ ਨੂੰ ਆਪਣੇ ਉੱਦਮ ਨਾਲ ਚੜ੍ਹਨ ਦੀ ਲੋੜ ਹੈ, ਤਾਂ ਜੋ ਵਾਹਿਗੁਰੂ ਦੀ ਕ੍ਰਿਪਾ ਨਾਲ ਉਸ ਉੱਚੇ ਮੰਡਲ ਤੱਕ ਜੀਉਂਦੇ ਜੀਅ ਪੁੱਜ ਜਾਵੇ। ਇਸ ਨੇ ਕੀ ਉੱਦਮ ਕਰਨੇ ਹਨ ? ਉਹ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਗੰਮੀ ਬਾਣੀ ਵਿਚ ਦੇਖੋ:

**ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥**

*(ਪੰਨਾ ੨੧੯)*

**ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥**
**ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥** *(ਪੰਨਾ ੮੩੧)*

ਅਰਥਾਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਬੁਰੇ ਲੋਕਾਂ ਦੀ ਸੰਗਤ ਤੋਂ ਬਚਣਾ ਜਾਂ ਮਨ ਦੀਆਂ ਇਨ੍ਹਾਂ ਬ੍ਰਿਤੀਆਂ ਦੇ ਗ਼ੁਲਾਮ ਨਾ ਹੋ ਜਾਣਾ ਸਗੋਂ ਇਨ੍ਹਾਂ ਨੂੰ ਨੌਕਰ ਬਣਾ ਕੇ ਵਰਤਣਾ।

**ਨਰ ਅਚੇਤ ਪਾਪ ਤੇ ਡਰੁ ਰੇ॥** *(ਪੰਨਾ ੨੨੦)*

ਭਾਵ ਇਹ ਕਿ ਹੇ ਅਚੇਤ ਮਨੁੱਖ! ਇਹ ਅਚੇਤਪੁਣਾ (ਬੇਪਰਵਾਹੀ) ਛੱਡ ਤੇ ਪਾਪ ਕਰਨ ਤੋਂ ਡਰ।

ਤੀਸਰਾ ਤੇ ਵੱਡਾ ਗੁਰ ਹੈ ਮਨ ਨੂੰ ਭਟਕਣ ਜਾਂ ਧਾਵਣ ਤੋਂ ਰੋਕਣਾ ਅਤੇ ਆਪਣੀ ਮਨ ਭਾਉਂਦੀ ਕਰਨ ਤੋਂ ਬੰਨ੍ਹਣਾ। ਇਸ ਲਈ ਲੋੜ ਹੈ ਗੁਰੂ ਦੀ, ਗਿਆਨ ਦੀ, ਗੋਬਿੰਦ ਦੇ ਗੁਣ ਗਾਉਣ ਦੀ, ਵਿਚਾਰ ਦੀ ਤੇ ਇਕਾਗਰ-ਚਿੱਤ ਹੋ ਕੇ ਇਸ ਨੂੰ ਮੋੜ-ਮੋੜ ਕੇ ਸਿਮਰਨ, ਯਾਦ, ਨਾਮ ਵਿਚ ਲਾਉਣ ਦੀ; ਪ੍ਰਭੂ ਦੇ ਗੁਣ ਯਾਦ ਕਰਨ ਦੀ ਤੇ ਹਰ ਵੇਲੇ ਉਸ ਨੂੰ ਹਾਜ਼ਰ-ਨਾਜ਼ਰ ਜਾਣਨ ਦੀ:

**(ੳ) ਪ੍ਰਾਨੀ ਨਾਰਾਇਨ ਸੁਧਿ ਲੇਹਿ॥** *(ਪੰਨਾ ੯੦੨)*

**(ਅ) ਮਨ ਰੇ ਸਾਚਾ ਗਹੋ ਬਿਚਾਰਾ॥** *(ਪੰਨਾ ੭੦੩)*

**(ੲ) ਰੇ ਮਨ ਓਟ ਲੇਹੁ ਹਰਿ ਨਾਮਾ॥** *(ਪੰਨਾ ੯੦੧)*

**(ਸ) ਸਾਧੋ ਗੋਬਿੰਦ ਕੇ ਗੁਨ ਗਾਵਉ॥** *(ਪੰਨਾ ੨੧੯)*

**(ਹ) ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥** *(ਪੰਨਾ ੭੨੭)*

**(ਕ) ਹਰਿ ਕੋ ਨਾਮੁ ਸਦਾ ਸੁਖਦਾਈ॥** *(ਪੰਨਾ ੧੦੦੮)*

ਵਾਹਿਗੁਰੂ ਦੀ ਯਾਦ ਵਿਚ ਟਿਕਣ ਵਾਲਾ, ਗੋਬਿੰਦ ਦੇ ਗੁਣ ਗਾਉਣ ਵਾਲਾ ਧੀਰਜ, ਸੰਤੋਖ ਤੇ ਸਹਿਣਸ਼ੀਲਤਾ ਦਾ ਸੋਮਾ ਬਣ ਜਾਂਦਾ ਹੈ। ਉਸ ਨੂੰ ਇਹ ਭਰੋਸਾ ਹੋ ਜਾਂਦਾ ਹੈ ਕਿ ਕਰਨ-ਕਰਾਵਨ ਉਹੀ ਹੈ ਤੇ ਉਹ ਬਾਪ ਜੋ ਕਰ ਰਿਹਾ ਹੈ ਅਸਾਂ ਬੱਚਿਆਂ ਦੇ ਭਲੇ ਲਈ ਹੈ। ਇਸ ਵਿਚੋਂ ਉਹ ਅਵਸਥਾ ਉਪਜਦੀ ਹੈ ਜਿਸ ਨੂੰ ਬ੍ਰਹਮ ਗਿਆਨ ਕਿਹਾ ਜਾਂਦਾ ਹੈ:

**ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥**<br>
**ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥**<br>
**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥**<br>
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੪॥**<br>
**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥**<br>
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੫॥**<br>
**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥** *(ਪੰਨਾ ੧੪੨੭)*

ਇਸੇ ਅਵਸਥਾ ਨੂੰ ਭਗਤ ਰਵਿਦਾਸ ਜੀ ਨੇ "ਬੇਗਮ ਪੁਰਾ ਸਹਰ ਕੋ ਨਾਉ" ਕਿਹਾ ਹੈ, ਜਿਥੇ ਦੁਖਾਂ-ਅੰਦੇਸਿਆਂ ਦੀ ਥਾਂ ਨਹੀਂ।

"ਬ੍ਰਹਮ ਗਿਆਨੀ ਸਦਾ ਨਿਰਲੇਪ" ਦੀ ਇਸ ਅਵਸਥਾ ਦੇ ਅਨੇਕਾਂ ਹੀ ਪ੍ਰਮਾਣ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਜੀਵਨ ਤੇ ਸ਼ਹੀਦੀ ਰਾਹੀਂ ਸੰਸਾਰ ਨੂੰ ਦਿੱਤੇ। ਮਨੁੱਖ ਨੂੰ ਇਸ ਜੀਵਨ-ਮੁਕਤ ਅਵਸਥਾ 'ਤੇ ਪੁੱਜਣ ਲਈ ਜਿਥੇ ਤਿਆਗ, ਯਤਨ, ਉੱਦਮ, ਗਿਆਨ, ਗੁਰੂ ਦੀ ਸ਼ਰਨ ਵਾਹਿਗੁਰੂ 'ਤੇ ਭਰੋਸਾ ਤੇ ਉਸ ਨਾਲ ਪ੍ਰੇਮ ਦੀ ਲੋੜ ਹੈ, ਉਥੇ ਨਾਲ ਹੀ ਵਾਹਿਗੁਰੂ ਜੀ ਦੀ ਮਿਹਰ ਦੀ ਵੀ ਲੋੜ ਹੈ। ਇਹ ਸਾਰੇ ਯਤਨ ਜਾਂ ਕਰਮ ਨਦਰਿ-ਕਰਮ, ਮੇਹਰ ਦੀ ਨਜ਼ਰ ਕਿਰਪਾ ਲਈ ਕਰਨੇ ਹਨ। ਆਪਣੇ ਕਰਮ ਜਾਂ ਉੱਦਮ ਉੱਤੇ ਹੰਕਾਰ ਜਾਂ ਹਠ ਨਹੀਂ, ਸਗੋਂ ਨਿਮਰਤਾ ਨਾਲ ਤਰਲਾ ਸਮਝਣਾ ਹੈ। ਇਸ ਲਈ ਉਸੇ ਅੱਗੇ ਅਰਦਾਸ ਕਰਨੀ ਹੈ:

**ਹਰਿ ਜੂ ਰਾਖਿ ਲੇਹੁ ਪਤਿ ਮੇਰੀ॥** *(ਪੰਨਾ ੭੦੩)*

ਜਾਂ :

**ਹਰਿ ਕੋ ਨਾਮੁ ਸਦਾ ਸੁਖਦਾਈ॥** *(ਪੰਨਾ ੧੦੦੮)*

ਜਾਂ :

**ਹਰਿ ਕੀ ਗਤਿ ਨਹਿ ਕੋਊ ਜਾਨੈ॥** *(ਪੰਨਾ ੫੩੭)*

ਜਾਂ :

**ਹਰਿ ਬਿਨੁ ਤੇਰੋ ਕੋ ਨ ਸਹਾਈ॥** *(ਪੰਨਾ ੧੨੩੧)*

ਇਉਂ "ਵਿਚੇ ਗ੍ਰਿਹ ਉਦਾਸੀ" ਰਹਿੰਦਿਆਂ ਸੰਸਾਰ ਦੇ ਸੰਸਾਰਕ ਪਦਾਰਥਾਂ, ਸੰਬੰਧਾਂ, ਵਾਸ਼ਨਾ ਦੀ ਪ੍ਰੀਤ ਨੂੰ ਵਧੇਰੇ ਕੀਮਤ ਨਾ ਦੇਂਦਿਆਂ ਆਪਣੇ ਅੰਦਰ ਸਦਾਚਾਰ ਦੇ ਗੁਣ ਪੈਦਾ ਕਰਨੇ ਹਨ।

ਇਕ ਬੜੀ ਗ਼ਲਤ ਜਿਹੀ ਧਾਰਨਾ ਪ੍ਰਚਲਿਤ ਹੋ ਗਈ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬੜੀ ਸੋਗਮਈ ਹੈ ਤੇ ਕੇਵਲ ਮੌਤ ਦੀ ਯਾਦ ਕਰਾਉਣ ਵਾਲੀ ਹੈ। ਸਾਡਾ ਵਿਚਾਰ ਹੈ ਕਿ ਮੌਤ ਦੀ ਯਾਦ ਤੇ ਮੋਹ-ਮਾਇਆ ਤੋਂ ਉਦਾਸੀ ਦੀ ਭਾਵਨਾ ਕੇਵਲ ਇਕ ਸਾਧਨ ਦੀ ਤਰ੍ਹਾਂ ਵਰਤੀ ਗਈ ਹੈ। ਇਹ ਬਾਣੀ ਦਾ ਉਦੇਸ਼ ਨਹੀਂ। ਉਦੇਸ਼ ਹੈ— ਜੀਉਂਦੇ ਜੀਅ ਮਨੁੱਖ ਨੂੰ ਜੀਵਨ-ਮੁਕਤ ਕਰਨਾ ਹੈ। ਜੋ ਹਰਖ ਸੋਗ, ਲੋਭ, ਹੰਕਾਰ, ਕ੍ਰੋਧ ਤੋਂ ਉੱਪਰ ਹੋ ਜਾਏ, ਜੋ ਸਦਾ ਵਾਹਿਗੁਰੂ ਨੂੰ ਅੰਗ-ਸੰਗ ਸਮਝਦਾ ਕਦੇ ਘਾਬਰੇ ਨਾ। ਉਸ ਨੂੰ ਰੱਖਿਅਕ, ਪ੍ਰਤਿਪਾਲਕ ਤੇ ਸਹਾਈ ਮੰਨਦਾ ਹੈ। ਉਹ ਕਿਸੇ ਤੋਂ ਡਰੇ ਨਾ; ਜੋ ਸਭ ਉਸ ਦੇ ਬਣਾਏ ਤੇ ਹੁਕਮ ਵਿਚ ਚਲਦੇ ਸਮਝ ਕੇ ਕਿਸੇ ਨੂੰ ਡਰਾਏ ਨਾ ਅਤੇ ਜੋ ਵਿਸ਼ਿਆਂ ਤੋਂ ਬਚੇ। ਇਉਂ ਵਾਹਿਗੁਰੂ ਨੂੰ ਤੇ ਉਸ ਦੀ ਰਚਨਾ ਤੇ ਜੀਆਂ ਨੂੰ ਪਿਆਰ ਕਰੇ ਅਤੇ ਸਭ ਨਾਲ ਦਇਆ ਦਾ ਵਿਹਾਰ ਕਰੇ।

(11/1984)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਲੋਕ
# ਭੂਮਿਕਾ ਤੇ ਵਿਆਖਿਆ

ਵਿਸ਼ਵ ਦੇ ਰਹੱਸ ਤੇ ਹਕੀਕਤਾਂ ਨੂੰ ਸਮਝਣ ਤੇ ਵਿਆਖਣ ਦੇ ਅਨੇਕ ਯਤਨ ਹੋਏ ਹਨ। ਇਨ੍ਹਾਂ ਯਤਨਾਂ ਵਿਚ ਸੰਤ, ਗੁਰੂ, ਫਕੀਰ, ਦਰਵੇਸ਼, ਸੂਫ਼ੀ ਤੇ ਭਗਤਾਂ ਦੀ ਘਾਲਣਾ ਸ਼ਾਮਲ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸ਼ਬਦਾਂ ਤੇ ਸਲੋਕਾਂ ਵਿਚ ਬ੍ਰਹਿਮੰਡੀ ਗੁੰਝਲਾਂ ਖੋਲ੍ਹ ਕੇ ਸਪੱਸ਼ਟ ਕੀਤਾ।

'ਸਲੋਕ' ਰਚਨਾ ਭਾਰਤੀ ਸਾਹਿਤ ਦੀ ਵਿਸ਼ੇਸ਼ ਦੇਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਰਚਣਹਾਰਿਆਂ ਨੇ ਸਲੋਕ ਰਚਨਾ ਕੀਤੀ। ਅਭਿਆਸੀ ਗੁਰੂ ਜੀ ਨੇ ਆਪਣੀ ਸਲੋਕ-ਬਾਣੀ ਵਿਚ ਜਗਤ ਨੂੰ ਝੂਠ ਭਾਵੇਂ ਕਿਹਾ ਹੈ ਪਰ ਇਹ ਸਭ ਕੁਝ ਮਨੁੱਖ ਨੂੰ ਸੁਚੇਤ ਕਰਨ ਲਈ ਹੈ। ਮਨੁੱਖ ਦਾ ਟੀਚਾ ਸੱਚ ਦੀ ਪ੍ਰਾਪਤੀ ਹੈ। ਸੱਚ ਹਾਸਲ ਕਰਨ ਲਈ ਜੱਗ ਦੇ ਝੂਠ ਨਾਲ ਕਾਹਦਾ ਮੋਹ ?

ਗੁਰੂ ਸਾਹਿਬ ਨੇ ਸਲੋਕਾਂ ਵਿਚ ਵਿਭਿੰਨ ਨੁਕਤਿਆਂ ਨੂੰ ਕਾਵਿਕ ਵਿਸ਼ਲੇਸ਼ਣ ਦਾ ਵਿਸ਼ਾ ਬਣਾਇਆ। ਇਨ੍ਹਾਂ ਸਲੋਕਾਂ ਵਿਚ ਅਕਾਲ ਪੁਰਖ ਨੂੰ ਸਰਬੋਤਮ ਮੰਨਦੇ ਹੋਏ ਹਮੇਸ਼ਾ ਉਸ ਦੀ ਸ਼ਰਨ ਲੈਣ ਦੇ ਵਿਸ਼ਵਾਸੀ ਹਨ। ਉਨ੍ਹਾਂ ਲਈ ਸੱਚਾ ਤੇ ਸਦੀਵੀ ਸਿਰਫ਼ ਹਰੀ ਹੈ। ਉਨ੍ਹਾਂ ਨੇ ਜਗਤ ਨੂੰ ਝੂਠ ਤੇ ਬੁਲਬੁਲਾ ਵਰਗਾ ਆਖਿਆ ਹੈ ਜੋ ਛਿਣ-ਭੰਗਰਾ ਤੇ ਥੋੜ-ਚਿਰਾ ਹੈ।

ਸਲੋਕਾਂ ਵਿਚ ਹਰੀ-ਭਜਨ ਕਰਨ ਲਈ ਵਾਰ-ਵਾਰ ਇਸ਼ਾਰੇ ਕੀਤੇ ਹਨ। ਉਹ ਕਹਿੰਦੇ ਹਨ ਕਿ ਮਨੁੱਖੀ ਚੋਲਾ ਅਮੋਲਕ ਹੈ, ਜਿਸ ਵਿਚੋਂ ਸਾਰਥਕ ਅਰਥਾਂ ਦੀ ਭਾਲ ਕੀਤੀ ਜਾ ਸਕਦੀ ਹੈ, ਜਿਸ ਨੂੰ ਫ਼ਜ਼ੂਲ ਗਵਾ ਦੇਣਾ ਮੂਰਖਤਾ ਹੈ। ਇਸ ਨੂੰ ਵਿਅਰਥ ਗੁਆਚਣ ਤੋਂ ਬਚਾਣਾ ਸਿਆਣੀ ਕਾਰੀਗਰੀ ਹੈ। ਮਨੁੱਖ ਮੋਹ ਤੇ ਸੁੰਦਰਤਾ ਦਾ ਸ਼ਿਕਾਰ ਹੋ ਕੇ ਬੁਰੀਆਂ ਤੇ ਅਨੈਤਿਕ ਰੁਚੀਆਂ ਵਿਚ ਰੁਝਿਆ ਮਨੁੱਖੀ-ਚੋਲੇ ਅੰਦਰ ਵਿਦਮਾਨ ਸੁਹਜ ਤੇ ਰਹੱਸ ਭਰੀਆਂ ਸੰਭਾਵਨਾਵਾਂ ਤੋਂ ਹੱਥ ਧੋ ਬੈਠਦਾ ਹੈ। ਉਹ ਮਾਇਆ ਵਿਚ ਗ੍ਰਸਿਆ ਭਟਕਦਾ ਹੈ। ਉਸ ਦਾ ਲੋਕ ਉਸ ਦੀ ਤਮ੍ਹਾ ਜਰ੍ਹਬ ਹੁੰਦੇ ਰਹਿੰਦੇ ਹਨ। ਉਸ ਦਾ ਆਪਾ ਆਪਣੇ ਆਪ ਵਿਚ ਘਿਰਿਆ ਮਨਫ਼ੀ ਹੁੰਦਾ ਰਹਿੰਦਾ ਹੈ। ਬੁਲੰਦੀਆਂ ਨੂੰ ਛੋਹ ਸਕਣ ਵਾਲਾ ਮਨ ਖੱਡਿਆਂ ਵਿਚ ਡਿੱਗ ਪੈਂਦਾ ਹੈ ਤੇ ਜਨਮ-ਚੱਕਰਾਂ ਦੀ ਪ੍ਰਕਰਮਾ ਕਰਦਾ ਰਹਿੰਦਾ ਹੈ।

ਅਜਿਹੇ ਰੰਗਾਂ ਦੇ ਮੇਲੇ ਵਿਚ ਗੁਆਚੇ ਮਨੁੱਖ ਲਈ ਧੁੱਪ ਤੇ ਚਾਂਦਨੀ ਹੀ ਜੀਵਨ ਦੇ ਰੰਗਾਂ ਦੀ ਸੀਮਾ ਹੋ ਨਿਬੜਦੀ ਹੈ। ਇਹ ਹਨੇਰੇ ਤੋਂ ਨਵਾਕਿਫ਼ ਆਦਮੀ ਦਾ ਤਾਂ ਸੱਚ ਹੋ ਸਕਦੈ ਪਰ ਹਨੇਰੇ ਦੇ ਜਾਣਕਾਰ ਦਾ ਨਹੀਂ। ਜੀਵਨ ਦੁੱਖਾਂ-ਸੁੱਖਾਂ ਦਾ ਜੋੜ ਹੈ। ਦੁੱਖਾਂ, ਰੋਗਾਂ ਤੇ ਹਨੇਰਿਆਂ ਵਿਚ ਘਿਰਿਆ ਮਨੁੱਖ ਤੜਪਦਾ ਤੇ ਵਿਲਕਦੈ। ਸਲੋਕਾਂ ਵਿਚ ਇਸ ਰੋਗ ਲਈ ਦਾਰੂ ਹਾਜ਼ਰ

ਹੈ। ਉਹ ਵਾਰ-ਵਾਰ ਹਰੀ-ਭਜਨ ਕਰਨ ਦਾ ਸੁਨੇਹਾ ਦਿੰਦੇ ਹਨ। ਰੋਗੀ ਲਈ ਦਾਰੂ ਜ਼ਰੂਰੀ ਹੈ। ਭਜਨ ਤੇ ਸਿਮਰਨ ਮਹਿਜ਼ ਰਟਨ ਵਿਚ ਨਹੀਂ ਜੀਵਨ-ਅਮਲ ਵਿਚੋਂ ਵੀ ਗੁਜ਼ਰੇ। ਅਜਿਹਾ ਕਰਨ ਨਾਲ ਹੀ ਮਨੁੱਖ ਆਪਣੇ ਆਪ ਨੂੰ ਸਾਧ ਕੇ ਉੱਤਮ ਬਣਾ ਸਕਦੈ। ਇਸ ਤੋਂ ਅਗਾਂਹ ਹੀ ਮੁਕਤੀ ਤੇ ਦੈਵੀ-ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ।

ਗੁਰੂ ਸਾਹਿਬ ਨੇ ਮਾਇਆ ਤੋਂ ਨਿਰਲਿਪਤ ਹੋਣ ਲਈ ਕਿਹੈ। ਮਾਇਆ ਵਿਚ ਲਿਪਤ ਮਨ ਵਿਅਰਥ ਹੈ। ਸੱਚਾਈ ਦੀ ਭਾਲ ਕਰਦਾ ਇਹੀ ਮਨ ਸੱਚ ਹੈ, ਸੁੰਦਰ ਤੇ ਕੰਚਨ ਵੀ। ਜੀਵਨ-ਅਮਲ 'ਚੋਂ ਗੁਜ਼ਰੇ ਅਨੁਭਵ ਨਾਲ ਸਾਡੀ ਸਾਂਝ ਪੈਂਦੀ ਹੈ। ਸਲੋਕ ਵਿਛੜੇ ਮਨੁੱਖੀ-ਮਨ ਨੂੰ ਪ੍ਰਭੂ-ਪ੍ਰੇਮ ਵਿਚ ਲੀਨ ਹੋਣ ਲਈ ਵੈਰਾਗੀ ਹੋਣ ਦੀ ਲੋੜ ਦੱਸਦੇ ਹਨ। ਅਰਥਾਂ ਦੀ ਤਹਿ ਹੇਠ ਵੈਰਾਗ ਦਾ ਵਹਿਣ ਤਰਲ ਹੋ ਕੇ ਵਗਦੈ। ਭਾਰਤੀ-ਚਿੰਤਨ ਵਾਲੇ ਵੈਰਾਗ ਤੋਂ ਉਲਟ ਗੁਰੂ ਜੀ ਮਹਿਜ਼ ਸਿਮਰਨੀ, ਉਦਾਸ ਤੇ ਉਪਰਾਮ ਹੋਣਾ ਹੀ ਨਹੀਂ ਦੱਸਦੇ ਸਗੋਂ ਜੀਵਨ ਦੇ ਸੱਚ ਤੇ ਸਮੱਸਿਆਵਾਂ ਦੇ ਸਨਮੁੱਖ ਹੋ, ਸੰਘਰਸ਼ ਵਿਚ ਜੂਝਣ ਲਈ ਵੀ ਜ਼ਰੂਰੀ ਮੰਨਦੇ ਹਨ। ਉਹ ਮਹਿਜ਼ ਪਦਾਰਥਾਂ ਦਾ ਤਿਆਗ ਨਹੀਂ ਚਾਹੁੰਦੇ ਸਗੋਂ ਸੱਚਾਈ ਤੇ ਸਿਮਰਨ ਵਿਚ ਮਨ ਨੂੰ ਰੰਗਣ ਦੇ ਵੀ ਅਭਿਲਾਖੀ ਹਨ। ਇਹ ਤੱਤ ਤੇ ਸੱਚਾਈਆਂ ਉਨ੍ਹਾਂ ਅੰਕਤ ਹੀ ਨਹੀਂ ਕੀਤੀਆਂ ਸਗੋਂ ਜੀਵਨ ਵਿਚ ਕਮਾਈਆਂ ਵੀ ਹਨ। ਉਨ੍ਹਾਂ ਦੀ ਜੀਵਨ-ਗਾਥਾ ਪੜ੍ਹਦਿਆਂ ਉਨ੍ਹਾਂ ਦੇ ਜੁਝਾਰੂ ਤੇ ਦਲੇਰੀ-ਭਰੇ ਕਾਰਨਾਮਿਆਂ ਦਾ ਇਲਮ ਹੁੰਦੈ। ਧਰਮ ਦੀ ਅਣਖ ਤੇ ਸੁਤੰਤਰਤਾ ਬਚਾਉਣ ਲਈ ਸ਼ਹੀਦੀ ਦੇਣਾ ਅਦੁੱਤੀ ਤੇ ਅਹਿਮ ਕਾਰਨਾਮਾ ਹੈ।

ਸਲੋਕਾਂ ਦਾ ਪਾਠ ਕਰਦਿਆਂ ਜਿਥੇ ਮਨ ਵਿਚ ਵੈਰਾਗ ਉਪਜਦੈ ਉਥੇ ਸੰਸਾਰ ਦੀ ਅਸਥਿਰਤਾ ਦੀ ਸੂਝ ਦਾ ਅਹਿਸਾਸ ਵੀ ਹੁੰਦੈ। ਹੁਣ ਸਲੋਕਾਂ ਦੇ ਅਰਥ ਤੇ ਸੰਖੇਪ ਵਿਆਖਿਆ ਕੀਤੇ ਜਾਣ ਦਾ ਯਤਨ ਹੈ— ਪਹਿਲੇ ਸਲੋਕ ਦੀ ਨਜ਼ਰ ਸਿਮਰਨ ਦੇ ਅਰਥਾਂ ਤੁੱਲ ਹੈ। ਗੁਰੂ ਜੀ ਆਖਦੇ ਹਨ ਕਿ ਹਰੀ ਗੁਣਾਂ ਨੂੰ ਨਾ ਗਾਉਣਾ, ਨਾ ਵਿਚਾਰਨਾ ਅਕਾਰਥ ਹੈ। ਭਜਨ ਦੀ ਕਿਰਿਆ ਤੋਂ ਬਿਨਾਂ ਜੀਵਨ ਵਿਅਰਥ ਗੁਜ਼ਰਦੈ। ਜਿਵੇਂ ਮੱਛੀ ਦਾ ਆਸਰਾ ਪਾਣੀ ਹੈ, ਪ੍ਰਾਣੀ ਦਾ ਆਸਰਾ ਹਰੀ-ਸਿਮਰਨ ਹੈ। ਭਜਨ ਮਨੁੱਖੀ ਜੀਵਨ ਵਿਚ ਜੀਵਨ ਪਾਉਣ ਲਈ ਅਤੀ ਜ਼ਰੂਰੀ ਹੈ। ਅਰਥਾਂ ਤੋਂ ਬਿਨਾਂ ਜੀਵਨ ਫੋਕਾ ਹੈ। ਸਿਮਰਨ ਜੀਵਨ ਵਿਚ ਅਰਥਾਂ ਦਾ ਰੰਗ ਭਰਦੈ।

ਦੂਜੇ ਸਲੋਕ ਦਾ ਨੁਕਤਾ ਮੋਹ ਘਿਰੇ ਮਨੁੱਖ ਵੱਲ ਹੈ ਜੋ ਵਿਸ਼ਿਆਂ ਦਾ ਸ਼ਿਕਾਰ ਹੈ। ਹੇ ਪ੍ਰਾਣੀ ! ਤੂੰ ਵਿਸ਼ਿਆਂ ਦੇ ਮੋਹ ਵਿਚ ਕਿਉਂ ਫਸ ਗਿਆ ਅਰ ਪ੍ਰਭੂ ਦੇ ਵਿਛੋੜੇ ਵਿਚ ਪਲ ਭਰ ਵੀ ਤੂੰ ਉਪਰਾਮ ਤੇ ਵੈਰਾਗੀ ਨਹੀਂ ਹੁੰਦਾ। ਮਨਾਂ ! ਤੂੰ ਹਰੀ ਦਾ ਭਜਨ ਕਰ ਤਾਂ ਕਿ ਜਮਾਂ ਦੀ ਫਾਹੀ ਤੋਂ ਬਚ ਸਕੇਂ।

ਤੀਜਾ ਸਲੋਕ ਬੀਤਦੀ ਉਮਰ ਨੂੰ ਸੁਚੇਤ ਕਰਦੇ ਪ੍ਰਾਣੀ ਨੂੰ ਆਖਿਆ ਗਿਆ ਹੈ ਕਿ ਉਸ ਦੀ ਜਵਾਨੀ ਐਵੇਂ ਲੰਘ ਗਈ। ਹੁਣ ਹਾਣੀ ਹੈ ਬੁਢੇਪਾ। ਹੇ ਮਨ ! ਹਰੀ-ਕੀਰਤੀ ਕਰ, ਕਿਉਂਕਿ ਉਮਰ ਬੀਤਦੀ ਜਾ ਰਹੀ ਹੈ। ਲੰਘਿਆ ਵੇਲਾ ਹੱਥ ਨਹੀਂ ਆਉਂਦਾ। ਬੀਤਦੀ ਉਮਰ ਦੀ ਸੰਭਾਲ ਹਰ ਸਿਆਣੇ ਮਨੁੱਖ ਦਾ ਅਹਿਮ ਕਾਰਜ ਹੋਣਾ ਚਾਹੀਦੈ। ਸੂਰਜ ਛਿਪਣ ਮਗਰੋਂ ਧੁੱਪ ਨਸੀਬ ਨਹੀਂ ਹੁੰਦੀ।

ਚੌਥਾ ਸਲੋਕ ਵੀ ਬੀਤਦੇ ਜੀਵਨ ਬਾਰੇ ਚਿੰਤਨ ਹੈ। ਹੇ ਮਨੁੱਖ ! ਤੂੰ ਬੁੱਢਾ ਹੋ ਗਿਆ ਹੈਂ।

ਤੈਨੂੰ ਸਮਝ ਨਹੀਂ ਪੈਂਦੀ ਕਿ ਤੇਰਾ ਸਮਾਪਤੀ ਬਿੰਦੂ ਆ ਗਿਆ ਹੈ। ਫੇਰ ਵੀ ਹੇ ਝੱਲੇ ਮਨੁੱਖ! ਤੂੰ ਹਰੀ-ਸਿਮਰਨ ਕਿਉਂ ਨਹੀਂ ਕਰਦਾ ? ਜੇ ਬੁਢੇਪਾ ਵੀ ਗੁਆਚ ਗਿਆ ਫੇਰ ਮਨੁੱਖ ਦੇ ਹੱਥ ਕੁਝ ਨਹੀਂ ਆਉਂਦਾ।

ਪੰਜਵੇਂ ਸਲੋਕ ਦਾ ਸੰਬੋਧਨ ਵੀ ਮਨੁੱਖ ਨੂੰ ਹੈ। ਦੌਲਤ, ਇਸਤਰੀ ਤੇ ਸੰਪਤੀ ਤੇਰੀ ਨਹੀਂ। ਸੱਚੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਵਿਚੋਂ ਤੇਰਾ ਕੋਈ ਵੀ ਸਾਥੀ ਨਹੀਂ। ਇਸ ਸਲੋਕ ਵਿਚਲੇ ਅਰਥ ਨਾਲ ਮਨੁੱਖ ਨੂੰ ਉਸ ਦੇ ਆਲੇ-ਦੁਆਲੇ ਦੀ ਸੋਝੀ ਕਰਵਾਈ ਗਈ ਹੈ, ਜਿਸ ਵਿਚ ਉਹ ਫਜ਼ੂਲ ਹੀ ਆਪਾ ਗਲਤਾਨ ਕਰੀ ਬੈਠਾ ਹੈ। ਇਹ ਆਲਾ-ਦੁਆਲਾ ਮਨੁੱਖ ਦਾ ਸਾਥੀ ਨਹੀਂ। ਮਨੁੱਖ ਦਾ ਸਾਥੀ ਤਾਂ ਕੋਈ ਹੋਰ ਹੈ।

ਛੇਵਾਂ ਸਲੋਕ ਅਕਾਲ ਪੁਰਖ ਦੇ ਗੁਣਾਂ ਦੀ ਵਾਕਫ਼ੀ ਕਰਵਾ ਰਿਹਾ ਹੈ। ਗਿਰੇ ਹੋਇਆਂ ਨੂੰ ਉਠਾਣ ਵਾਲੇ, ਡਰ ਦੂਰ ਕਰਨ ਵਾਲੇ ਤੇ ਬੇਸਹਾਰਿਆਂ ਦੇ ਸਹਾਰੇ ਨੂੰ ਸਦਾ ਪਹਿਚਾਨਣਾ ਤੇ ਸਮਝਣਾ ਚਾਹੀਦਾ ਹੈ ਕਿ ਉਹ ਸਦਾ ਨਾਲ ਵਸਦਾ ਹੈ। ਪ੍ਰਭੂ ਮਨੁੱਖ ਦਾ ਸਭ ਤੋਂ ਪਹਿਲਾ ਤੇ ਸਭ ਤੋਂ ਅੰਤਮ ਸਹਾਰਾ ਹੈ। ਅਕਾਲ ਪੁਰਖ ਦੀ ਉੱਚਤਾ ਦਾ ਵਰਣਨ ਕੀਤਾ ਗਿਆ ਹੈ।

ਸੱਤਵਾਂ ਸਲੋਕ—ਨਾਸ਼ੁਕਰੇ ਮਨੁੱਖ! ਜਿਸ ਨੇ ਤੈਨੂੰ ਤਨ ਤੇ ਦੌਲਤ ਬਖ਼ਸ਼ੀ ਹੈ ਉਸ ਨੂੰ ਤੂੰ ਪ੍ਰੇਮ ਨਾ ਕੀਤਾ। ਹੇ ਝੱਲੇ! ਹੁਣ ਤੂੰ ਕਿਉਂ ਚਿੰਤਾਗ੍ਰਸਤ ਹੋਇਆ ਫਿਰਦੈਂ ?

ਅੱਠਵਾਂ ਸਲੋਕ ਵੀ ਨਾਸ਼ੁਕਰੇ ਮਨੁੱਖ ਦੀ ਹੀ ਗਾਥਾ ਹੈ। ਹੇ ਮਨਾਂ! ਜਿਸ ਨੇ ਤੈਨੂੰ ਦੇਹ, ਦੌਲਤ, ਸੰਪਤੀ, ਸੁਖ ਤੇ ਇਹ ਸੁੰਦਰ ਘਰ ਦਿੱਤੇ ਹਨ, ਤੂੰ ਉਸ ਪਰਮਾਤਮਾ ਦਾ ਜਸ ਕਿਉਂ ਨਹੀਂ ਕਰਦਾ। ਸਭ ਦਾਤਾਂ ਬਖਸ਼ਣ ਵਾਲੇ ਨਾਲ ਪ੍ਰੇਮ ਕਰਨਾ ਤੇ ਉਸ ਦਾ ਸ਼ੁਕਰੀਆ ਕਰਨਾ ਜ਼ਰੂਰੀ ਹੈ।

ਨੌਵਾਂ ਸਲੋਕ ਸਮਝਾਉਣਾ ਕਰਦਾ ਹੈ ਕਿ ਸਭ ਸੁਖ ਤੇ ਖ਼ੁਸ਼ੀਆਂ ਦੇਣ ਵਾਲਾ ਇਕੋ ਪਰਮਾਤਮਾ ਹੈ ਜਿਸ ਦਾ ਨਾਮ ਜਪਦਿਆਂ ਤੇ ਸਿਮਰਦਿਆਂ ਮਨੁੱਖ ਦੀ ਮੁਕਤੀ ਹੋ ਜਾਂਦੀ ਹੈ। ਦੂਜਾ ਕੋਈ ਨਹੀਂ। ਪਰਮਾਤਮਾ ਦੀ ਏਕਤਾ ਤੇ ਉਸ ਦੇ ਸਿਮਰਨ ਦੀ ਗੱਲ ਕਰਦਾ ਇਹ ਸਲੋਕ ਮਨੁੱਖ ਦੀ ਗੱਲ ਕਰ ਰਿਹੈ। ਮੁਕਤੀ ਤੇ ਸੁਤੰਤਰਤਾ ਕੌਣ ਨਹੀਂ ਚਾਹੁੰਦਾ ?

ਦਸਵੇਂ ਸਲੋਕ ਨੇ ਸਿਮਰਨ ਦੀਆਂ ਬਰਕਤਾਂ ਦੀ ਬਾਤ ਛੋਹੀ ਹੈ। ਹੇ ਮਿੱਤਰ! ਉਸ ਦਾ ਨਾਮ ਸਿਮਰ ਤੇ ਸਿਮਰਨ ਵਿਚ ਆਤਮਕ ਅਨੰਦ ਤੇ ਮੁਕਤੀ ਹੈ। ਹੇ ਮਨ! ਉਮਰ ਬੀਤਦੀ ਜਾ ਰਹੀ ਹੈ।

ਗਿਆਰ੍ਹਵਾਂ ਸਲੋਕ ਚਤੁਰ ਮਨੁੱਖ ਦੇ ਸਿਆਣੇ ਪ੍ਰਸ਼ਨ ਦਾ ਸਿਆਣਾ ਉੱਤਰ ਹੈ। ਹੇ ਚਤੁਰ, ਹੇ ਸਿਆਣੇ ਮਨੁੱਖ! ਇਹ ਜਿਸਮ ਪੰਜ ਤੱਤਾਂ ਤੋਂ ਬਣਿਆ ਹੋਇਆ ਹੈ ਤੇ ਉਨ੍ਹਾਂ ਵਿਚ ਹੀ ਮਿਲ ਜਾਵੇਗਾ। ਇਹ ਸਲੋਕ ਮਨੁੱਖ ਦੇ ਆਦਿ ਦੇ ਬਣਤਰ ਬਾਰੇ ਵੀ ਗੱਲ ਕਰਦਾ ਹੈ ਤੇ ਅੰਤ ਬਾਰੇ ਵੀ।

ਬਾਰ੍ਹਵਾਂ ਸਲੋਕ ਪ੍ਰਭੂ ਦੇ ਜਿਸਮ ਵਿਚ ਵਾਸ ਦੀ ਗਵਾਹੀ ਭਰਦਾ ਹੈ। ਹੇ ਮਨ! ਸੰਤ-ਜਨਾਂ ਨੇ ਉੱਚੀ ਤੇ ਨਿਗਰ ਆਵਾਜ਼ ਵਿਚ ਦੱਸਿਆ ਹੈ ਕਿ ਪ੍ਰਭੂ ਦਾ ਵਾਸ ਹਰ ਜਿਸਮ ਵਿਚ ਹੈ। ਜੇ ਤੂੰ ਉਸ ਨੂੰ ਸਿਮਰੇਂਗਾ, ਭਜੇਂਗਾ ਤਾਂ ਤੂੰ ਸੰਸਾਰਕ ਭਵ-ਸਾਗਰ ਤੋਂ ਪਾਰ ਹੋ ਜਾਵੇਂਗਾ। ਦੁਨੀਆਂ ਦੇ ਚਿੱਕੜ ਤੋਂ ਸੁਚੇਤਤਾ ਦਿੱਤੀ ਗਈ ਹੈ।

ਤੇਰ੍ਹਵਾਂ ਸਲੋਕ ਉੱਤਮ ਮਨੁੱਖੀ ਸਰੂਪ ਉਲੀਕਦੈ। ਹੇ ਮਨਾਂ! ਜਿਸ ਮਨੁੱਖ ਦੀ ਅਵਸਥਾ ਦੁਖ-

ਸੁਖ ਵੇਲੇ ਇਕੋ ਜਿਹੀ ਹੈ ਉਸ ਨੂੰ ਦੁੱਖ, ਸੁਖ, ਲੋਭ, ਮੋਹ, ਗਰਬ ਆਪਣਾ ਸ਼ਿਕਾਰ ਨਹੀਂ ਬਣਾ ਸਕਦੇ। ਅਜਿਹਾ ਮਨੁੱਖ ਰੱਬ ਦਾ ਸਾਕਾਰ ਰੂਪ ਆਖਿਆ ਜਾ ਸਕਦੈ।

ਚੌਦਵਾਂ ਸਲੋਕ ਵੀ ਉਤਮਤਾ ਦਾ ਗਵਾਹ ਹੈ। ਦੱਸਿਆ ਹੈ ਕਿ ਜੋ ਮਨੁੱਖ ਉਸਤਤਿ ਤੇ ਨਿੰਦਿਆ ਤੋਂ ਪਾਰ ਹੈ, ਲੋਹੇ ਤੇ ਸੋਨੇ ਨੂੰ ਸਮਾਨ ਜਾਣਦੈ, ਉਹ ਮਨੁੱਖ ਘੇਰਿਆਂ ਤੇ ਬੰਦਿਆਂ ਤੋਂ ਮੁਕਤ ਹੈ।

ਪੰਦਰ੍ਹਵੇਂ ਸਲੋਕ ਵਿਚ ਸਮ-ਦ੍ਰਿਸ਼ਟੀ ਦਰਸਾਈ ਹੈ ਕਿ ਜੋ ਮਨੁੱਖ ਸੁਖ-ਦੁੱਖ ਤੇ ਵੈਰੀ-ਮਿੱਤਰ ਨੂੰ ਇਕ ਸਮਾਨ ਜਾਣਦਾ ਹੈ। ਹੇ ਮਨ! ਐਸੇ ਮਨੁੱਖ ਨੂੰ ਸੰਸਾਰ-ਸਾਗਰ ਤੋਂ ਮੁਕਤ ਹੋਇਆ ਜਾਣ ਲੈ।

ਸੋਹਲ੍ਹਵਾਂ ਸਲੋਕ ਸਿਆਣਪ ਦੀ ਸਿਫ਼ਤ 'ਚ ਸੂਝ ਦੇ ਬੂਹੇ 'ਤੇ ਦਸਤਕ ਹੈ। ਹੇ ਮਨ! ਜੇ ਮਨੁੱਖ ਕਿਸੇ ਨੂੰ ਡਰਾਉਂਦਾ ਨਹੀਂ ਤੇ ਨਾ ਹੀ ਡਰਦਾ ਹੈ ਉਹ ਮਨੁੱਖ ਗਿਆਨੀ ਤੇ ਸਿਆਣਾ ਹੈ।

ਸਤਾਰ੍ਹਵਾਂ ਸਲੋਕ ਵੈਰਾਗੀ ਦੀ ਪਹਿਚਾਣ ਕਰਵਾ ਰਿਹੈ। ਜਿਸ ਮਨੁੱਖ ਨੇ ਸਾਰੀ ਮਾਇਆ ਦੇ ਚੱਕਰ ਨੂੰ ਤਿਆਗਿਆ ਹੈ ਉਸ ਨੇ ਹੀ ਵੈਰਾਗ ਦਾ ਸਹੀ ਭੇਖ ਧਾਰਨ ਕੀਤੈ। ਹੇ ਮਨਾ! ਅਜਿਹੇ ਮਨੁੱਖ ਦੇ ਮੱਥੇ 'ਤੇ ਨਸੀਬ ਦੀਆਂ ਸੂਰਜੀ ਲਕੀਰਾਂ ਹਨ।

ਅਠਾਰ੍ਹਵੇਂ ਸਲੋਕ ਵਿਚ ਵੈਰਾਗੀ ਦੀ ਹੋਰ ਪਛਾਣ ਦੱਸੀ ਹੈ। ਜਿਸ ਨੇ ਮਾਇਆ ਤੇ ਅਪਣੱਤ ਦਾ ਮੋਹ ਤਿਆਗਿਆ ਹੈ, ਸਭ ਵਿਕਾਰਾਂ ਤੋਂ ਉਪਰਾਮ ਹੋ ਗਿਆ ਹੈ, ਉਸ ਦੇ ਹਿਰਦੇ ਵਿਚ ਪ੍ਰਭੂ ਦਾ ਨਿਵਾਸ ਹੋ ਜਾਇਆ ਕਰਦੈ।

ਉੱਨ੍ਹੀਵਾਂ ਸਲੋਕ ਮੁਕਤੀ ਦਾ ਰਾਗ ਹੈ। ਜਿਸ ਮਨੁੱਖ ਨੇ ਪ੍ਰਭੂ ਨੂੰ ਪਹਿਚਾਣ ਕੇ ਹਉਮੈ ਤੋਂ ਛੁਟਕਾਰਾ ਪਾਇਆ ਹੈ, ਹੇ ਨਾਨਕ! ਇਹ ਸੱਚ ਮੰਨ ਕਿ ਉਹ ਨਰ ਮੁਕਤ ਹੈ। ਪ੍ਰਭੂ-ਪ੍ਰੇਮ ਨਾਲ ਹਉਮੈ ਖ਼ਤਮ ਹੋ ਜਾਂਦੀ ਹੈ ਤੇ ਮਨੁੱਖ ਉੱਚ ਅਵਸਥਾ ਹਾਸਲ ਕਰਦੈ।

ਵੀਹਵਾਂ ਸਲੋਕ ਹਰੀ ਦੇ ਨਾਮ ਦੀ ਸ਼ਰਨ 'ਚ ਹੈ। ਇਸ ਕਲੇਸ਼ ਭਰੇ ਸੰਸਾਰ ਵਿਚ ਪ੍ਰਭੂ-ਨਾਮ ਹੀ ਖੋਟੀ ਮੱਤ ਨੂੰ ਭਜਾਣ ਵਾਲਾ ਤੇ ਸਾਰੇ ਡਰ ਦੂਰ ਕਰਨ ਵਾਲਾ ਹੈ। ਹਰ ਰੋਜ਼ (ਨਿਰੰਤਰ) ਭਜਨ ਵਾਲੇ ਦੇ ਕੰਮ ਸਫਲ ਹੁੰਦੇ ਹਨ।

ਇੱਕੀਵਾਂ ਸਲੋਕ ਜਮਾਂ ਤੋਂ ਬਚਣਾ ਚਾਹੁੰਦੈਂ ਤਾਂ ਜੀਭ ਨਾਲ ਪ੍ਰਭੂ ਦਾ ਜਾਪ ਕਰ, ਕੰਨਾਂ ਨਾਲ ਹਰੀ ਦਾ ਨਾਮ ਸੁਣ। ਹੇ ਮਨ! ਅਜਿਹਾ ਕਰਨ ਨਾਲ ਜਮਾਂ ਦੇ ਸ਼ਿਕੰਜੇ ਤੋਂ ਬਚੇ ਰਹੀਦੈ। ਜਮ੍ਹਾਂ ਦੀਆਂ ਫਾਹੀਆਂ ਤੋਂ ਬਚਣ ਲਈ ਹਰੀ ਭਜਨ ਜ਼ਰੂਰੀ ਹੈ।

ਬਾਈਵਾਂ ਸਲੋਕ ਪਰਉਪਕਾਰ ਲਈ ਹੈ। ਆਖਿਆ ਗਿਆ ਹੈ ਕਿ ਜੋ ਆਦਮੀ ਅਪਣੱਤ (ਮੋਹ) ਤਿਆਗਦਾ ਹੈ, ਲੋਭ, ਮੋਹ, ਹੰਕਾਰ ਤੋਂ ਬਚਦਾ ਹੈ ਉਹ ਆਪ ਸਫਲ ਹੁੰਦਾ ਹੈ ਤੇ ਦੂਜਿਆਂ ਦੇ ਸਫਲ ਹੋਣ ਵਿਚ ਸਹਾਈ ਹੁੰਦੈ।

ਤੇਈਵੇਂ ਸਲੋਕ ਵਿਚ ਜਗਤ ਨੂੰ ਸੁਪਨੇ ਵਰਗਾ ਕਿਹੈ। ਜਿਉਂ ਸੁਪਨੇ ਵਿਚ ਪਦਾਰਥ ਵੇਖੀਦੇ ਨੇ, ਇਵੇਂ ਹੀ ਜਗ ਨੂੰ ਸਮਝਣਾ ਚਾਹੀਦੈ। ਇਸ ਸਾਰੇ ਖਿਲਾਰੇ ਵਿਚ ਭਗਵਾਨ ਤੋਂ ਬਿਨਾਂ ਕੁਝ ਵੀ ਸੱਚਾ ਨਹੀਂ।

ਚੌਵੀਵਾਂ ਸਲੋਕ ਮਨੁੱਖੀ ਕਮਜ਼ੋਰੀ ਦੇ ਭੇਦ ਖੋਲ੍ਹਦੈ। ਕਰੋੜਾਂ ਵਿਚ ਵਿਰਲਾ ਹੀ ਹੁੰਦਾ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ-ਨਿਵਾਸ ਹੁੰਦੈ। ਹਰ ਰੋਜ਼ ਮਾਇਆ ਦੀ ਖਾਤਿਰ ਮਨੁੱਖ ਭਟਕਦੈ।

ਮਨੁੱਖ ਭਗਤੀ ਨਾਲੋਂ ਮਾਇਆ ਵੱਲ ਜ਼ਿਆਦਾ ਖਿਚਿਆ ਜਾਂਦੈ। ਭਗਤੀ ਵੱਲ ਕੋਈ ਵਿਰਲਾ ਹੀ ਤੁਰਦੈ।

ਪੱਚੀਵੇਂ ਸਲੋਕ ਦਾ ਸੁਭਾਅ ਜੁਗਨੂੰ ਵਰਗਾ ਹੈ। ਜਿਉਂ ਪਾਣੀ ਵਿਚ ਬੁਲਬੁਲਾ ਬਣਦਾ-ਫੁੱਟਦਾ ਰਹਿੰਦੈ, ਨਾਨਕ ਜੀ ਕਹਿੰਦੇ ਹਨ ਕਿ ਹੇ ਮਿੱਤਰ! ਸੁਣ ਜਗਤ ਦੀ ਰਚਨਾ ਵੀ ਤਿਵੇਂ ਹੀ ਰਚੀ ਗਈ। ਭਾਵ ਜਗਤ ਦੀ ਅਸਥਿਰਤਾ ਨੂੰ ਸੁੰਦਰ ਢੰਗ ਨਾਲ ਚਿਤਰਿਆ ਗਿਐ।

ਛੱਬੀਵਾਂ ਸਲੋਕ ਮਨੁੱਖ ਨੂੰ ਅੱਖਾਂ ਬਖ਼ਸ਼ਦੈ। ਮਾਇਆ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਮਨੁੱਖ ਕੁਝ ਵੀ ਨਹੀਂ ਸੋਚਦਾ। ਹੇ ਨਾਨਕ! ਇਹ ਆਖ ਕਿ ਹਰੀ ਦੇ ਸਿਮਰਨ ਤੋਂ ਬਿਨਾਂ ਉਹ ਜਮਾਂ ਦੀਆਂ ਫਾਹੀਆਂ ਵਿਚ ਘਿਰਿਆ ਰਹਿੰਦੈ।

ਸਤਾਈਵੇਂ ਸਲੋਕ ਦਾ ਬਿਆਨ ਦੁਰਲਭ ਹੈ। ਜੋ ਮਨੁੱਖ ਸਦੀਵੀ ਅਨੰਦ ਹਾਸਲ ਕਰਨ ਦਾ ਇਛੁੱਕ ਹੈ ਉਸ ਨੂੰ ਹਰੀ-ਸ਼ਰਣ ਦਾ ਪਾਤਰ ਬਣਨਾ ਪਵੇਗਾ। ਹੇ ਨਾਨਕ! ਮਨ ਨੂੰ ਦੱਸ ਕਿ ਮਨੁੱਖੀ ਚੋਲਾ ਅਮੋਲਕ ਵਸਤੂ ਹੈ।

ਅਠਾਈਵਾਂ ਸਲੋਕ ਮੂਰਖਾਂ ਨੂੰ ਸਮਝ ਬਖਸ਼ਦਾ ਹੈ। ਮੂਰਖ ਤੇ ਬੇ-ਮੱਤੇ ਲੋਕ ਮਾਇਆ ਇਕੱਠੀ ਕਰਨ ਲਈ ਭੱਜੇ ਰਹਿੰਦੇ ਹਨ। ਨਾਨਕ ਜੀ ਕਹਿੰਦੇ ਹਨ ਕਿ ਲੋਕ ਹਰੀ ਦੇ ਸਿਮਰਨ ਤੋਂ ਬਿਨਾਂ ਮਨੁੱਖਾ-ਜਨਮ ਵਿਅਰਥ ਗਵਾ ਛੱਡਦੇ ਹਨ।

ਉਨੱਤੀਵਾਂ ਸਲੋਕ ਆਖਦੈ ਕਿ ਭਗਵਾਨ ਤੇ ਭਗਤ ਵਿਚ ਭੇਦ ਨਹੀਂ। ਜੋ ਮਨੁੱਖ ਹਰ ਰੋਜ਼ ਸਿਮਰਨ ਕਰਦਾ ਹੈ ਉਸ ਨੂੰ ਰਾਮ ਦਾ ਹੀ ਰੂਪ ਜਾਣੋ। ਨਾਨਕ ਜੀ ਕਹਿੰਦੇ ਨੇ ਕਿ ਇਹ ਸੱਚ ਹੈ ਕਿ ਪ੍ਰਭੂ ਤੇ ਭਗਤ ਵਿਚ ਕੋਈ ਅੰਤਰ ਨਹੀਂ।

ਤੀਹਵੇਂ ਸਲੋਕ ਨੇ ਜੀਵਨ ਦੇ ਅਰਥ ਪੁੱਛੇ ਹਨ। ਜਿਸ ਪ੍ਰਾਣੀ ਨੂੰ ਮਾਇਆ ਦੇ ਮੋਹ ਵਿਚ ਫਸਿਆਂ ਹਰੀ ਦਾ ਨਾਮ ਭੁੱਲਿਆ ਰਹਿੰਦਾ ਹੈ, ਨਾਨਕ ਜੀ ਆਖਦੇ ਹਨ ਕਿ ਉਸ ਪ੍ਰਾਣੀ ਦਾ ਜੀਵਨ ਹਰੀ-ਭਜਨ ਤੋਂ ਬਿਨਾਂ ਕਿਹੜੇ ਕੰਮ ਹੈ, ਕੀ ਅਰਥ ਰੱਖਦਾ ਹੈ?

ਇਕੱਤੀਵਾਂ ਸਲੋਕ ਹਰੀ-ਭਜਨ ਦੀ ਸਮਾਸੀ 'ਚ ਹੈ। ਮਾਇਆ ਦੇ ਨਸ਼ੇ ਵਿਚ ਅੰਨ੍ਹਾ ਹੋ ਕੇ ਮਨੁੱਖ ਰਾਮ ਦਾ ਨਾਮ ਯਾਦ ਨਹੀਂ ਕਰਦਾ। ਨਾਨਕ ਜੀ ਆਖਦੇ ਹਨ ਕਿ ਹਰੀ-ਭਜਨ ਤੋਂ ਬਿਨਾਂ ਉਸ ਦੇ ਗਲ ਜਮਾਂ ਦੀਆਂ ਫਾਹੀਆਂ ਪੈਂਦੀਆਂ ਹਨ।

ਬੱਤੀਵਾਂ ਸਲੋਕ ਦੋਸਤੀ ਦੇ ਫੋਕੇ ਹਸ਼ਰ ਦਾ ਲੰਬਾ ਇਤਿਹਾਸ ਹੈ। ਖ਼ੁਸ਼ੀ ਤੇ ਸੁਖ ਵੇਲੇ ਤਾਂ ਮੇਲੀਆਂ-ਗੇਲੀਆਂ ਤੇ ਮਿੱਤਰਾਂ ਦੀ ਬੜੀ ਭਰਮਾਰ ਹੁੰਦੀ ਹੈ, ਪਰ ਦੁੱਖ ਤੇ ਪੀੜ ਵੇਲੇ ਕੋਈ ਨਹੀਂ ਬਹੁੜਦਾ। ਹਰੀ-ਭਜਨ ਕਰਨਾ ਚਾਹੀਦਾ ਹੈ ਜੋ ਅੰਤਮ ਪਲ ਤਕ ਸਹਾਈ ਹੋਵੇਗਾ।

ਤੇਤੀਵੇਂ ਸਲੋਕ ਵਿਚ ਜਨਮ-ਚੱਕਰ ਤੇ ਡਰ ਦੀ ਗਾਥਾ ਹੈ। ਕਈ ਜਨਮਾਂ ਵਿਚ ਘੁੰਮਣ ਮਗਰੋਂ ਵੀ ਜਮਾਂ ਦਾ ਡਰ ਨਹੀਂ ਮਿਟਦਾ। ਨਾਨਕ ਜੀ ਕਹਿੰਦੇ ਹਨ ਕਿ ਹੇ ਮਨਾਂ! ਹਰੀ-ਭਜਨ ਵਿਚ ਲੀਨ ਹੋ ਕੇ ਨਿਰਭੈ ਪ੍ਰਭੂ ਨਾਲ ਮਿਲਾਪ ਹੋ ਸਕਦੈ।

ਚੌਂਤੀਵਾਂ ਸਲੋਕ ਭਗਵਾਨ ਅੱਗੇ ਅਰਦਾਸ-ਰੂਪ ਹੈ। ਆਖਿਆ ਗਿਆ ਹੈ ਕਿ ਬਹੁਤ ਯਤਨ ਕਰਨ ਨਾਲ ਵੀ ਮਨ-ਹੰਕਾਰ ਦੂਰ ਨਹੀਂ ਹੋਇਆ। ਖੋਟੀ ਮੱਤ ਵਾਲੇ ਬੰਦੇ ਨੂੰ ਪ੍ਰਭੂ ਹੀ ਬਚਾ ਸਕਦੈ। ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਭਗਵਾਨ! ਖੋਟੀ ਮੱਤ ਦੇ ਸ਼ਿਕਾਰ ਹੋਏ ਪ੍ਰਾਣੀ ਨੂੰ ਬਚਾਉ।

ਪੈਂਤੀਵੇਂ ਸਲੋਕ ਵਿਚ ਮਨੁੱਖ ਦੇ ਕਈ ਰੰਗਾਂ ਦਾ ਚਿਤਰਣ ਹੈ। ਬਚਪਨ, ਜੁਆਨੀ ਤੇ ਬੁਢਾਪਾ

ਜੀਵਨ ਦੀਆਂ ਤਿੰਨ ਅਵਸਥਾਵਾਂ ਮੰਨਣੀਆਂ ਤੇ ਸਮਝਣੀਆਂ ਚਾਹੀਦੀਆਂ ਹਨ। ਹਰੀ ਭਜਨ ਤੋਂ ਬਿਨਾਂ ਸਮੁੱਚੇ ਫ਼ਖ਼ਰ ਤੇ ਗੌਰਵ ਵਿਅਰਥ ਹਨ।

ਛੱਤੀਵਾਂ ਸਲੋਕ ਮਨੋਂ ਅੰਨ੍ਹੇ ਮਨੁੱਖ ਦਾ ਚਿੱਤਰ ਹੈ। ਜਿਸ ਵੇਲੇ ਜੋ ਕਰਨਾ ਸੀ ਉਸ ਕੀਤਾ ਨਹੀਂ, ਲੋਭ ਤੇ ਮੋਹ ਦਾ ਸ਼ਿਕਾਰ ਬਣਿਆ ਰਿਹਾ। ਜਦੋਂ ਸਮਾਂ ਬੀਤ ਗਿਆ ਹੈ, ਹੇ ਮਨ ਦੇ ਅੰਨੇ ਮਨੁੱਖ! ਹੁਣ ਤੂੰ ਕਿਉਂ ਰੋਂਦਾ ਏਂ ?

ਸੈਂਤੀਵੇਂ ਸਲੋਕ ਨੇ ਮਾਇਆ ਦੇ ਅਸਰ ਨੂੰ ਦੱਸਿਆ ਹੈ। ਹੇ ਮਿੱਤਰ! ਜੋ ਮਨ ਮਾਇਆ ਦੇ ਘੇਰੇ ਵਿਚ ਘਿਰ ਜਾਂਦੈ ਉਹ ਆਪਣੇ ਆਪ ਉਸ ਵਿਚੋਂ ਨਹੀਂ ਨਿਕਲ ਸਕਦਾ, ਜਿਵੇਂ ਕੰਧ ਉੱਤੇ ਉੱਕਰਿਆ ਚਿੱਤਰ ਕੰਧ ਨੂੰ ਨਹੀਂ ਛੱਡਦਾ। ਕੰਧ ਚਿੱਤਰ ਤੋਂ ਮੁਕਤ ਨਹੀਂ ਹੁੰਦੀ।

ਅਠੱਤੀਵਾਂ ਸਲੋਕ ਠੱਗ ਦੇ ਗਲ ਫਾਹੀ ਪਾਈ ਬੈਠਾ ਹੈ। ਆਦਮੀ ਤਾਂ ਕੁਝ ਹੋਰ ਹੀ ਚਾਹੁੰਦਾ ਹੈ ਪਰ ਭਾਣਾ ਹੋਰ ਹੀ ਵਾਪਰ ਜਾਂਦੈ। ਗੁਰੂ ਜੀ ਕਹਿੰਦੇ ਹਨ ਕਿ ਉਹ ਹੋਰਨਾਂ ਨੂੰ ਠੱਗਣ ਦੀ ਵਿਉਂਤ ਘੜਦਾ ਹੈ ਪਰ ਮੌਤ ਦੀ ਫਾਹੀ ਉਸ ਦੇ ਗਲ ਆ ਪੈਂਦੀ ਹੈ।

ਉਨਤਾਲੀਵਾਂ ਸਲੋਕ ਹਰੀ-ਭਾਣੇ ਅੱਗੇ ਨਤਮਸਤਕ ਹੈ। ਪ੍ਰਾਣੀ ਸੁੱਖਾਂ ਨੂੰ ਪ੍ਰਾਪਤ ਕਰਨ ਲਈ ਬੜੇ ਯਤਨ ਕਰਦਾ ਹੈ ਤੇ ਦੁੱਖ ਦੇ ਉਪਾਅ ਲਈ ਕੁਝ ਨਹੀਂ ਕਰਦਾ। ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾਂ! ਸੁਣ, ਹੁੰਦਾ ਉਹ ਕੁਝ ਹੀ ਹੈ ਜੋ ਪ੍ਰਭੂ ਨੂੰ ਭਾਂਵਦਾ ਹੈ।

ਚਾਲ੍ਹੀਵਾਂ ਸਲੋਕ ਪ੍ਰਭੂ ਵਿਚ ਵਿਸ਼ਵਾਸ ਬਣਾਈ ਬੈਠਾ ਹੈ। ਸੰਸਾਰ ਮੰਗਤਾ ਬਣ ਭਟਕਦਾ ਹੈ, ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਤਾਂ ਪ੍ਰਭੂ ਹੈ। ਗੁਰੂ ਜੀ ਆਖਦੇ ਨੇ ਕਿ ਹੇ ਮਨ! ਉਸ ਦਾ ਸਿਮਰਨ ਕਰ, ਤੇਰੇ ਕੰਮ ਸਫਲ ਹੁੰਦੇ ਰਹਿਣਗੇ।

ਇਕਤਾਲੀਵੇਂ ਸਲੋਕ ਵਿਚ ਝੂਠੇ ਮਾਣ 'ਤੇ ਟਕੋਰ ਹੈ। ਗੁਰੂ ਜੀ ਨੇ ਆਖਿਆ ਹੈ ਕਿ ਜਗਤ ਤਾਂ ਸੁਪਨੇ ਵਰਗਾ ਹੈ। (ਸੁਪਨਾ ਹੁੰਦਾ ਹੋਇਆ ਵੀ ਨਹੀਂ ਹੁੰਦਾ।) ਇਸ 'ਤੇ ਮਾਣ ਕਰਨਾ ਝੂਠ ਹੈ। ਜਗਤ ਦੀਆਂ ਅਸਥਿਰ ਵਸਤੂਆਂ ਵਿਚ ਮਨੁੱਖ ਦਾ ਕੁਝ ਵੀ ਨਹੀਂ।

ਬਤਾਲੀਵਾਂ ਸਲੋਕ ਜਗਤ ਨੂੰ ਫ਼ਤਹਿ ਕਰਨ ਦਾ ਨੁਸਖਾ ਹੈ। ਗੁਰੂ ਜੀ ਕਹਿੰਦੇ ਹਨ ਕਿ ਉਸ ਦੇਹ 'ਤੇ ਮਾਣ ਕੀਤਾ ਜਾਂਦਾ ਹੈ ਜੋ ਛਿਣਾਂ ਵਿਚ ਹੀ ਨਾਸ਼ ਹੋ ਜਾਂਦੀ ਹੈ। ਜੋ ਪ੍ਰਾਣੀ ਹਰੀ-ਜਸ ਕਰਦਾ ਰਹਿੰਦੈ ਉਹ ਜਗਤ ਉੱਤੇ ਫ਼ਤਹਿ ਪ੍ਰਾਪਤ ਕਰ ਲੈਂਦਾ ਹੈ।

ਤਰਤਾਲੀਵੇਂ ਸਲੋਕ ਵਿਚ ਹਰੀ ਵਾਲੇ ਹਿਰਦੇ ਦੀ ਸਿਫ਼ਤ ਹੈ। ਗੁਰੂ ਜੀ ਬੋਲਦੇ ਨੇ ਕਿ ਜਿਸ ਹਿਰਦੇ ਵਿਚ ਪ੍ਰਭੂ-ਸਿਮਰਨ ਹੈ ਉਹ ਮਨੁੱਖ ਮੋਹ ਤੇ ਬੰਧਨਾਂ ਦੇ ਹਨੇਰੇ ਤੋਂ ਮੁਕਤ ਹੈ। ਇਹ ਗੱਲ ਸੱਚੀ ਹੈ ਕਿ ਐਸੇ ਮਨੁੱਖ ਤੇ ਹਰੀ ਵਿਚ ਕੋਈ ਵਿੱਥ ਨਹੀਂ।

ਚੁਤਾਲੀਵਾਂ ਸਲੋਕ ਭਗਤੀ ਰਹਿਤ ਮਨੁੱਖ ਨੂੰ ਸਵੀਕਾਰ ਨਹੀਂ ਕਰਦਾ। ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੀ ਭਗਤੀ ਨਹੀਂ ਹੈ ਉਸ ਦਾ ਜਿਸਮ ਸੂਰ ਜਾਂ ਕੁੱਤੇ ਵਰਗਾ ਹੀ ਸਮਝਣਾ ਚਾਹੀਦੈ। ਇਹ ਸਲੋਕ ਮਨੁੱਖ ਤੋਂ ਭਗਤੀ ਕਰਨ ਦੀ ਮੰਗ ਕਰਦੈ।

ਪੰਜਤਾਲੀਵੇਂ ਸਲੋਕ ਦਾ ਵਿਸ਼ਾ ਹਰੀ-ਸਿਮਰਨ ਹੈ। ਗੁਰੂ ਜੀ ਸਮਝਾਂਦੇ ਹਨ ਕਿ ਮਨ-ਚਿੱਤ ਇਕਾਗਰ ਕਰਕੇ ਪ੍ਰਭੂ ਦਾ ਭਜਨ ਇਸ ਵਿਧੀ ਨਾਲ ਕਰੋ ਜਿਵੇਂ ਕੁੱਤਾ ਵਫ਼ਾਦਾਰੀ ਦੀ ਮੂਰਤ ਬਣ ਆਪਣੇ ਮਾਲਕ ਦੇ ਦਰ 'ਤੇ ਸਦਾ ਬੈਠਾ ਰਹਿੰਦਾ ਹੈ ਤੇ ਉਸ ਨੂੰ ਕਦੀ ਨਹੀਂ ਛੱਡਦਾ।

ਛਿਆਹਲੀਵਾਂ ਸਲੋਕ ਪਖੰਡ ਦੇ ਵਿਰੁੱਧ ਲੜਦੀ ਫ਼ੌਜ ਦਾ ਸਿਪਾਹੀ ਹੈ। ਗੁਰੂ ਜੀ ਕਹਿੰਦੇ ਹਨ ਕਿ ਤੀਰਥਾਂ 'ਤੇ ਜਾਣਾ, ਵਰਤ ਰੱਖਣਾ ਤੇ ਦਾਨ ਕਰਨੇ ਮਨੁੱਖੀ ਮਨ ਵਿਚ ਅਹੰਕਾਰ ਪੈਦਾ ਕਰਦੇ ਹਨ। ਉਸ ਦੇ ਇਹ ਸਾਰੇ ਕਰਮ ਵਿਅਰਥ ਹਨ, ਜਿਵੇਂ ਹਾਥੀ ਦਾ ਇਸ਼ਨਾਨ ਫਜ਼ੂਲ ਹੁੰਦੈ, ਕਿਉਂਕਿ ਉਸ ਨੇ ਨਹਾ ਕੇ ਫੇਰ ਮਿੱਟੀ ਵਿਚ ਲਿਟਣਾ ਹੁੰਦੈ।

ਸੰਤਾਲੀਵਾਂ ਸਲੋਕ ਅਰਥ-ਭਰੀ ਚੇਤਾਵਨੀ ਕਰਦੈ। ਸਿਰ ਕੰਬਦਾ ਹੈ, ਪੈਰ ਥਿੜਕਦੇ ਨੇ ਤੇ ਅੱਖ-ਜੋਤ ਬੁਝ ਗਈ ਹੈ। ਅਜਿਹੀ ਅਵਸਥਾ ਵਿਚ ਵੀ ਹਰੀ-ਜੱਸ ਦੇ ਰਸ ਵਿਚ ਮਨ ਲੀਨ ਨਹੀਂ ਹੁੰਦਾ। ਅੰਤਮ ਉਮਰ ਵੀ ਜੋ ਫ਼ਜ਼ੂਲ ਗੁਜ਼ਰ ਗਈ ਤਾਂ ਕੀ ਖੱਟਿਆ?

ਅਠਤਾਲੀਵਾਂ ਸਲੋਕ ਮਨੁੱਖੀ ਰਿਸ਼ਤਿਆਂ ਦੀ ਪੋਲ ਖੋਲ੍ਹਦਾ ਹੈ। ਜਗਤ ਨੂੰ ਮੈਂ ਆਪਣਾ ਸਮਝ ਕੇ ਵੇਖਿਆ ਹੈ ਪਰ ਇਥੇ ਸਭ ਰਿਸ਼ਤੇ ਕਿਰਕਿਰੇ ਹਨ, ਫੋਕਟ ਹਨ। ਪ੍ਰਭੂ ਦੀ ਭਗਤੀ ਸਦੀਵੀ ਹੈ, ਜਿਸ ਨੂੰ ਮਨ ਵਿਚ ਉਗਾਉਣਾ ਚਾਹੀਦੈ।

ਉਨੰਜਵਾਂ ਸਲੋਕ ਜਗ-ਰਚਨਾ ਸੱਚ ਨਹੀਂ ਮੰਨਦਾ। ਗੁਰੂ ਜੀ ਨੇ ਫੁਰਮਾਇਆ ਹੈ ਕਿ ਹੇ ਮਿੱਤਰ! ਇਹ ਗੱਲ ਸੱਚ ਹੈ ਕਿ ਜਗ-ਰਚਨਾ ਝੂਠ ਹੈ, ਜਿਸ ਨੇ ਨਾਸ਼ ਹੋਣਾ ਹੈ। ਰੇਤ ਦੀ ਕੰਧ ਵਾਂਗ ਕੋਈ ਵੀ ਸ਼ੈਅ ਅਟੱਲ ਰਹਿਣ ਵਾਲੀ ਨਹੀਂ।

ਪੰਜ੍ਹਾਵਾਂ ਸਲੋਕ ਰਾਮ ਤੇ ਰਾਵਣ ਦੇ ਸੰਸਾਰ ਤੋਂ ਕੂਚ ਕਰਨ ਦੀ ਗਾਥਾ ਹੈ। ਗੁਰੂ ਜੀ ਕਹਿੰਦੇ ਹਨ ਨੇ ਕਿ ਰਾਮ ਚੰਦਰ ਵੀ ਤੁਰ ਗਿਆ ਤੇ ਵੱਡੇ ਪਰਿਵਾਰ ਵਾਲਾ ਰਾਵਣ ਵੀ। ਸੁਪਨੇ ਵਰਗੇ ਜਗਤ ਵਿਚ ਸਥਿਰ ਕੋਈ ਚੀਜ਼ ਨਹੀਂ। ਦੁਨੀਆਂ ਵਿਚ ਕਿਸੇ ਨਹੀਂ ਰਹਿਣਾ।

ਇਕਵੰਜਵਾਂ ਸਲੋਕ ਚਿੰਤਾ-ਮੁਕਤ ਹੈ। ਗੁਰੂ ਜੀ ਨੇ ਕਿਹਾ ਹੈ ਕਿ ਚਿੰਤਾ ਉਸ ਖ਼ਿਆਲ ਦੀ ਕਰਨੀ ਚਾਹੀਦੀ ਹੈ ਜੋ ਕਦੇ ਵਾਪਰਨਾ ਨਾ ਹੋਵੇ। ਹੋਣ ਵਾਲੀਆਂ ਘਟਨਾਵਾਂ 'ਤੇ ਕਾਹਦਾ ਰੋਸ? ਸੰਸਾਰ ਦੀ ਤਾਂ ਰੀਤ ਹੀ ਇਹ ਹੈ ਕਿ ਇਥੇ ਕੋਈ ਜੀਵ ਸਦਾ ਰਹਿਣ ਵਾਲਾ ਨਹੀਂ।

ਬਵੰਜਵਾਂ ਸਲੋਕ ਜੰਜਾਲ ਤੋਂ ਮੁਕਤ ਹੋਣਾ ਲੋੜਦੈ। ਗੁਰੂ ਜੀ ਕਹਿੰਦੇ ਹਨ ਕਿ ਜੋ ਜੰਮਿਆ ਹੈ ਉਸ ਮਰਨਾ ਹੈ। ਅੱਜ ਜਾਂ ਕੱਲ ਕੂਚ ਕਰ ਜਾਣੈ। ਸਾਝੇ ਝੰਜਟ ਤੇ ਮਾਇਆ ਦੇ ਮੋਹ ਦੇ ਫੰਧੇ ਲਾਹ ਕੇ ਹਰੀ-ਸਿਮਰਨ ਕਰਨਾ ਅਵੱਸ਼ਕ ਹੈ। ਜੰਜਾਲਾਂ ਤੇ ਰੌਲਿਆਂ ਤੋਂ ਬਚਾਅ ਲਈ ਹਰੀ-ਜਸ ਮਨੁੱਖੀ ਮਨ ਦੀ ਪਿਆਸ ਵੀ ਹੈ ਤੇ ਜ਼ਰੂਰਤ ਵੀ।

ਤ੍ਰਿਵੰਜਵਾਂ ਸਲੋਕ ਹਰੀ-ਓਟ ਦਾ ਭਿਖਾਰੀ ਹੈ। ਗੁਰੂ ਜੀ ਆਖਦੇ ਨੇ ਕਿ ਬਲ ਖ਼ਤਮ ਹੋ ਗਿਆ, ਫਾਹੀਆਂ ਪੈ ਗਈਆਂ। ਹੁਣ ਕੋਈ ਹੀਲਾ ਨਹੀਂ। ਜਿਵੇਂ ਤੇਂਦੂਏ ਤੋਂ ਛੁਡਾਉਣ ਲਈ ਹਾਥੀ ਦਾ ਸਹਾਈ ਪ੍ਰਭੂ ਹੋਇਆ ਤਿਵੇਂ ਹੀ ਹੁਣ ਬਿਪਤਾ ਸਮੇਂ ਹਰੀ-ਕਿਰਪਾ ਹੀ ਸਹਾਈ ਹੋ ਸਕਦੀ ਹੈ। ਉਸ ਮਨੁੱਖ ਦੀ ਗਾਥਾ ਹੈ ਜੋ ਢਹਿੰਦੀਆਂ ਦਿਸ਼ਾਵਾਂ ਵੱਲ ਤੁਰ ਰਿਹੈ।

ਚੁਰੰਜਵੇਂ ਸਲੋਕ ਨੇ ਸਭ ਉਪਾਅ ਕਾਇਮ ਕਰ ਦਿੱਤੇ ਹਨ। ਹਾਰੇ ਹੋਏ ਮਨੁੱਖ ਨੂੰ ਧੀਰਜ ਮਿਲਿਐ। ਹੁਣ ਤਾਕਤ ਕਾਇਮ ਹੋ ਗਈ, ਬੰਧਨ ਫਨਾਹ ਹੋ ਗਏ ਤੇ ਇਸੇ ਕਰਕੇ ਸਭ ਹੀਲੇ ਸਫਲ ਹੋ ਰਹੇ ਨੇ। ਹੇ ਨਾਨਕ! ਸਭ ਕੁਝ ਪ੍ਰਭੂ ਦੇ ਹੱਥ ਵਿਚ ਹੈ ਤੇ ਪ੍ਰਭੂ ਹੀ ਮਦਦਗਾਰ ਹੋ ਸਕਦੈ। ਇਹ ਉਸ ਦੀ ਸਮਰੱਥਾ ਹੈ।

ਪਚਵੰਜਵਾਂ ਸਲੋਕ ਮਿੱਤਰਾਂ ਦੇ ਮੋਹ ਦੀ ਹਾਰ ਦੀ ਮੂੰਹ ਬੋਲਦੀ ਤਸਵੀਰ ਹੈ, ਜਿਸ ਵਿਚ ਗੁਰੂ ਜੀ ਨੇ ਆਖਿਆ ਹੈ ਕਿ ਸਾਰੇ ਸਾਥੀ ਛੱਡੇ ਜਾਂਦੇ ਨੇ, ਕੋਈ ਵੀ ਸਾਥ ਨਹੀਂ ਨਿਭਾਂਦਾ। ਅਜਿਹੀ

ਬਿਪਤਾ ਤੇ ਮੁਸੀਬਤ ਵੇਲੇ ਇਕ ਪਰਮਾਤਮਾ ਦੀ ਹੀ ਓਟ ਹੁੰਦੀ ਹੈ। ਗੱਲ ਕੀ, ਸੰਸਾਰਕ ਲੋਕ ਸਵਾਰਥ ਦੀ ਦ੍ਰਿਸ਼ਟੀ ਨਾਲ ਸੋਚਦੇ ਹਨ, ਪਰ ਹਰੀ ਤਾਂ ਹਮੇਸ਼ਾਂ ਹੀ ਨਿਰਸਵਾਰਥ ਹੁੰਦਾ ਹੋਇਆ ਹਰ ਇਕ ਦਾ ਸਾਥ ਦਿੰਦੈ। ਇਸ ਵਿਚ ਮਿੱਤਰਾਂ ਦਾ ਕਸੂਰ ਨਹੀਂ, ਬਲਕਿ ਜਗ ਦਾ ਦਸਤੂਰ ਹੀ ਇਹ ਹੈ ਕਿ ਹਰ ਮਨੁੱਖ ਆਪਾ-ਧਾਪੀ ਦੇ ਸ਼ੋਰ ਵਿਚ ਗੁਆਚਦਾ ਜਾ ਰਿਹੈ।

ਛਪੰਜਵਾਂ ਸਲੋਕ ਮਨੁੱਖ ਦੀ ਸਦੀਵੀ ਕਮਾਈ ਛੁਪਾਈ ਬੈਠਾ ਹੈ। ਗੁਰੂ ਜੀ ਦਾ ਕਥਨ ਹੈ ਕਿ ਜਗਤ ਵਿਚ ਜਿਸ ਵਿਅਕਤੀ ਨੇ ਗੁਰੂ ਦੇ ਉਪਦੇਸ਼ ਦਾ ਜਾਪ ਕੀਤਾ ਹੈ, ਹਰੀ-ਜਸ ਆਪਣੇ ਹਿਰਦੇ 'ਚ ਵਸਾਇਆ ਹੈ, ਉਸ ਪਾਸ ਹਮੇਸ਼ਾਂ ਹੀ ਸਿਮਰਨ, ਗੁਰੂ-ਉਪਦੇਸ਼ ਤੇ ਅਕਾਲ ਪੁਰਖ ਦੀ ਹਾਜ਼ਰੀ ਤੋਂ ਹੋਂਦ ਰਹਿੰਦੀ ਹੈ। ਜੋ ਵਿਅਕਤੀ ਨਾਮ ਸਿਮਰਦੈ ਉਹ ਹਮੇਸ਼ਾ ਅਨੰਦ ਮੰਡਲ ਦੇ ਰਸ ਨੂੰ ਮਾਣਦਾ ਰਹਿੰਦੈ। ਨਾਮ-ਰਸ ਦਾ ਅਜਿਹਾ ਹੀ ਸੁਭਾਅ ਹੈ ਜੋ ਹਰ ਚੀਜ਼ ਨੂੰ ਜੀਵੰਤਤਾ ਬਖ਼ਸ਼ੀ ਰੱਖਦੈ। ਇਸ ਸਲੋਕ ਦਾ ਟੀਚਾ ਮਾਨਵ ਨੂੰ ਹਰੀ-ਰਸ ਦੇ ਅਨੰਦ ਤੇ ਰੰਗ ਵਿਚ ਰੰਗਣਾ ਹੈ।

ਅੰਤਮ ਤੇ ਸਤਵੰਜਵਾਂ ਸਲੋਕ ਮਨੁੱਖੀ ਸੰਕਟ ਨੂੰ ਚੇਤਾਵਨੀ ਹੈ। ਹੇ ਅਕਾਲ! ਜਿਸ ਸੁਭਾਗੇ ਮਨੁੱਖ ਨੇ ਤੇਰਾ ਉੱਚਾ ਤੇ ਰਸ ਭਰਪੂਰ ਨਾਮ ਆਪਣੇ ਪਿਆਰੇ ਹਿਰਦੇ ਵਿਚ ਵਸਾਇਆ ਹੈ, ਜਿਸ ਦੇ ਤੁਲ ਹੋਰ ਕੋਈ ਮਿਸਾਲ ਨਹੀਂ, ਜਿਸ ਨੂੰ ਸਿਮਰਦਿਆਂ ਸਾਰੇ ਦੁਖ ਤੇ ਕਲੇਸ਼ ਅਲੋਪ ਹੋ ਜਾਂਦੇ ਹਨ, ਉਹ ਮਨੁੱਖ ਜਲੌ-ਭਰੇ ਜਲਵਿਆਂ ਰਾਹੀਂ ਤੇਰੇ ਦੀਦਾਰ ਵੀ ਕਰ ਲਿਆ ਕਰਦੈ। ਉਹ ਮਨੁੱਖ ਜੀਵਨ ਅਰਥਾਂ ਨੂੰ ਬੁੱਝਦਾ ਹੋਇਆ ਹਕੀਕਤ ਦੇ ਮਾਰਗ 'ਤੇ ਤੁਰਦੈ। ਉਹ ਰੱਬੀ ਆਗਿਆ ਪਾਲਦਾ ਹੋਇਆ ਆਪਣਾ ਜੀਵਨ ਸਫਲ ਕਰਦੈ।

ਸਮੁੱਚੇ ਤੌਰ 'ਤੇ ਅਸਾਂ ਵੇਖਿਆ ਹੈ ਕਿ ਸਲੋਕ-ਬਾਣੀ ਮਨੁੱਖ ਨੂੰ ਹਰੀ ਸਿਮਰਨ ਵਲ ਤੋਰਨ ਦੀ ਚੇਟਕ ਲਾਉਂਦੀ ਹੈ ਅਤੇ ਹਰੀ-ਸਿਮਰਨ ਮਨੁੱਖੀ ਹਿਰਦੇ ਨੂੰ ਨਿੱਘਾ ਤੇ ਰਸ ਭਰਪੂਰ ਤੇ ਉੱਜਲ ਕਰਦੈ। ਹਰੀ ਦਾ ਸਿਮਰਨ ਮਨੁੱਖ ਨੂੰ ਇਕਾਗਰ ਕਰਦੈ। ਹਰੀ-ਸਿਮਰਨ ਮਨੁੱਖ ਨੂੰ ਆਪੇ ਨਾਲ ਜੋੜਨ ਦਾ ਆਹਰ ਵੀ ਕਰਦੈ ਤੇ ਪ੍ਰਭੂ ਦੇ ਦੈਵੀ-ਅਨੰਦ ਨਾਲ ਵੀ। ਹਰੀ-ਸਿਮਰਨ ਮਨੁੱਖ ਨੂੰ ਸਮਾਧੀ ਬਣਾ ਦਿੰਦੈ, ਅਰਦਾਸ ਰੂਪ ਹੋ ਵਿਚਰਦੈ ਤੇ ਮਨੁੱਖੀ ਟੀਚੇ ਨੂੰ ਹਾਸਲ ਕਰਦੈ।

(6/1977)

# ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ...

ਸ਼ਹੀਦ ਦਾਦੇ ਦੇ ਪੋਤਰੇ ਤੇ ਸ਼ਹੀਦ ਪੋਤਰਿਆਂ ਦੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੋਰਠਿ ਰਾਗ ਵਿਚ ਉਚਾਰਿਆ ਇਹ ਪੂਰਾ ਸ਼ਬਦ ਇਸ ਪ੍ਰਕਾਰ ਹੈ:

**ਸੋਰਠਿ ਮਹਲਾ ੯ ॥**
**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥**
**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥**
**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥**
**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥**

*(ਪੰਨਾ ੬੩੩)*

ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਹਰ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਇਕ ਬੰਦ ਤੋਂ ਬਾਅਦ ਵਿਚ ਆਉਂਦੀਆਂ ਹਨ ਪਰ ਇਹ ਕੋਈ ਪੱਕਾ ਵਿਧਾਨ ਨਹੀਂ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ 'ਰਹਾਉ' ਦੀਆਂ ਤੁਕਾਂ ਪਹਿਲਾਂ ਹੀ ਆਉਂਦੀਆਂ ਹਨ। 'ਰਹਾਉ' ਦਾ ਅਰਥ ਹੈ 'ਠਹਿਰੋ'। 'ਰਹਾਉ' ਵਾਲੀਆਂ ਤਕਾਂ ਵਿਚ ਸ਼ਬਦ ਦਾ ਮੁਖ ਭਾਵ ਹੁੰਦਾ ਹੈ ਤੇ ਬਾਕੀ ਦਾ ਸਾਰਾ ਸ਼ਬਦ 'ਰਹਾਉ' ਵਾਲੀਆਂ ਤੁਕਾਂ ਦੇ ਕੇਂਦਰੀ ਧੁਰੇ 'ਤੇ ਘੁੰਮਦਾ ਹੈ। ਸ਼ਬਦ ਵਿਚ ਮੁੱਖ ਭਾਵ ਦੀ ਖੁੱਲ੍ਹੀ ਵਿਚਾਰ ਹੁੰਦੀ ਹੈ।

ਅਸੀਂ ਵਿਚਾਰ ਸ਼ੁਰੂ ਕਰਨ ਲੱਗੇ ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਦੀ ਜਿਸ ਨੂੰ ਕਿ ਅਸੀਂ ਲੇਖ ਦੇ ਸ਼ੁਰੂ ਵਿਚ ਲਿਖ ਚੁੱਕੇ ਹਾਂ। ਇਸ ਸ਼ਬਦ ਦੀ 'ਰਹਾਉ' ਦੀ ਤੁਕ ਵਿਚ ਸਾਹਿਬ ਫ਼ੁਰਮਾਉਂਦੇ ਹਨ, ਜੋ 'ਨਰੁ' ਹੈ (ਨਰ ਦੀ ਸੰਗਿਆ ਬਹਾਦਰ ਤੋਂ ਹੈ) ਉਹ ਦੁੱਖ ਨੂੰ ਕਦੇ ਦੁੱਖ ਨਹੀਂ ਮੰਨਦਾ ਭਾਵ ਉਸ ਦੇ ਮਨ ਵਿਚ ਦੁੱਖ ਕਦੇ ਪੈਦਾ ਹੀ ਨਹੀਂ ਹੁੰਦਾ। ਸੁੱਖ ਨੂੰ, ਮੋਹ ਨੂੰ, ਡਰ ਨੂੰ ਉਹ ਆਪਣੇ ਦਿਲ ਵਿਚ ਕੋਈ ਥਾਂ ਨਹੀਂ ਦੇਂਦਾ। ਸੋਨੇ ਨੂੰ ਵੀ ਉਹ ਮਿੱਟੀ ਹੀ ਸਮਝਦਾ ਹੈ।

ਇਹ ਗੱਲ ਉਹ ਕਹਿ ਰਹੇ ਹਨ ਜਿਨ੍ਹਾਂ ਦਾ ਸੀਸ ਦਿੱਲੀ ਦੇ ਚਾਂਦਨੀ ਚੌਂਕ ਵਿਚ ਚਿੱਟੇ ਦਿਨ ਕਲਮ ਕੀਤਾ ਗਿਆ। ਕਿਸੇ ਤਿਆਗ ਦੀ ਮੂਰਤੀ ਵਿਚ ਹੀ ਇਹ ਬਹਾਦਰੀ ਆ ਸਕਦੀ ਹੈ ਕਿ ਸਿਰ 'ਤੇ ਤਲਵਾਰ ਲਟਕ ਰਹੀ ਹੋਵੇ ਤੇ ਉਹ ਨਿਰਭੈ ਹੋ ਕੇ ਇਉਂ ਕਹਿ ਰਿਹਾ ਹੋਵੇ:

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥** *(ਪੰਨਾ ੬੩੩)*

ਸੋਨੇ ਨੂੰ ਮਿੱਟੀ ਸਮਝਣਾ ਬਹੁਤ ਹੀ ਕਠਿਨ ਹੈ। ਮਾਇਆ ਵੇੜੇ ਜੀਵ ਕਿਸੇ ਨੂੰ ਕੀਮਤੀ ਚੀਜ਼ ਭੇਟਾ ਕਰਕੇ ਵੀ ਉਸ ਦੇ ਖੋਹੇ ਜਾਣ 'ਤੇ ਮਰਨ-ਹਾਕੇ ਹੋ ਜਾਂਦੇ ਹਨ। ਮਹਾਂਪੁਰਖ ਕੀਮਤੀ ਸ਼ੈ ਪ੍ਰਾਪਤ ਕਰਕੇ ਉਸ ਨੂੰ ਜਾਣ ਬੁਝ ਕੇ ਸੁੱਟ ਦੇਂਦੇ ਹਨ ਅਰ ਕੋਈ ਸ਼ੋਕ ਨਹੀਂ ਕਰਦੇ।

ਇਹ ਸ਼ਬਦ ਦਾ ਪਹਿਲਾ ਬੰਦ ਹੈ। ਨਿੰਦਿਆ ਤੇ ਉਸਤਤਿ ਤਿਆਗਣਾ ਕੋਈ ਸਹਿਲ ਨਹੀਂ। ਉਸਤਤਿ-ਨਿੰਦਿਆ ਦਾ ਸ਼ਿਕਾਰ ਤਾਂ ਕਈ ਵਾਰ ਦੇਵਤੇ ਵੀ ਹੋ ਜਾਂਦੇ ਰਹੇ ਹਨ।

ਇਸ ਜਸ-ਅਪਜਸ ਨੇ ਦੇਵਤਿਆਂ ਤੋਂ ਲੈ ਕੇ ਸਾਧਾਰਨ ਮਨੁੱਖਾਂ ਤਕ ਹਰ ਇਕ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਇਸ ਜਸ-ਅਪਜਸ ਦੇ ਚੱਕਰ ਤੋਂ ਜੋ ਬਚੇ ਹੋਏ ਹਨ, ਜੋ ਲੋਭ, ਮੋਹ, ਅਭਿਮਾਨ ਤੋਂ ਉੱਚੇ ਹੋ ਗਏ ਹਨ, ਜੋ ਖ਼ੁਸ਼ੀ-ਗਮੀ ਤੋਂ ਨਿਆਰੇ ਹਨ, ਜੋ ਮਾਨ ਤੇ ਅਪਮਾਨ ਨੂੰ ਜ਼ਿੰਦਗੀ ਵਿਚ ਕੋਈ ਥਾਂ ਨਹੀਂ ਦੇਂਦੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕਹਿ ਰਹੇ ਹਨ ਕਿ ਅਸਲ 'ਨਰ' ਉਹੀ ਹਨ, ਤੇ ਅਸਲ 'ਖਰ' (ਗਧੇ) ਕੌਣ ਹਨ:

**ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥**
**ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥੨॥**

*(ਪੰਨਾ ੧੨੪੬)*

ਮਨੁੱਖ ਦਾ ਮਨ ਹਮੇਸ਼ਾ ਹੀ ਕੁਝ ਨਾ ਕੁਝ ਚਾਹੁੰਦਾ ਰਹਿੰਦਾ ਹੈ। ਇਹ ਮਨੁੱਖੀ ਮਨ ਦੀ ਫ਼ਿਤਰਤ ਹੈ। ਮਨ ਨੂੰ ਚੰਗੀਆਂ ਲੱਗਣ ਵਾਲੀਆਂ ਗੱਲਾਂ ਦੀ ਆਸ਼ਾ 'ਤੇ ਇਹ ਹਵਾਈ ਕਿਲ੍ਹੇ ਬਣਾਉਂਦਾ ਰਹਿੰਦਾ ਹੈ। ਜਿਸ ਭਾਗਾਂ ਵਾਲੇ ਦੇ ਹਿਰਦੇ ਵਿਚ ਬ੍ਰਹਮ-ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਉਸ ਦਾ ਮਨ ਇਨ੍ਹਾਂ ਖਿਆਲੀ ਵਹਿਣਾਂ ਵਿਚੋਂ ਨਿਕਲ ਕੇ ਅਕਾਲ-ਜੋਤਿ ਨਾਲ ਜਾ ਜੁੜਦਾ ਹੈ:

**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥੨॥**

*(ਪੰਨਾ ੬੩੩)*

ਮਨੁੱਖ ਦੇ ਪੰਜ ਵੱਡੇ ਦੁਸ਼ਮਣ ਹਨ। ਉਹਨਾਂ ਵਿਚੋਂ ਸਭ ਤੋਂ ਵੱਡੇ ਦੋ ਹਨ—ਕਾਮ ਅਤੇ ਕ੍ਰੋਧ। ਇਹ ਦੋਵੇਂ ਮਨੁੱਖ ਦੇ ਮਨ ਨੂੰ ਵੀ ਤੇ ਤਨ ਨੂੰ ਵੀ ਗਾਲ ਸੁਟਦੇ ਹਨ:

**ਕਾਮੁ ਕ੍ਰੋਧੁ ਕਾਇਆ ਕਉ ਗਾਲੈ॥**
**ਜਿਉ ਕੰਚਨ ਸੋਹਾਗਾ ਢਾਲੈ॥** *(ਪੰਨਾ ੯੩੨)*

ਗੁਰਮਤ ਫਿਲਾਸਫੀ ਅਨੁਸਾਰ ਕਲਿਜੁਗ ਦਾ ਜਨਮ ਚੰਡਾਲ ਦੇ ਘਰ ਦਾ ਹੋਇਆ ਦੱਸਿਆ ਹੈ—"ਕਲੀ ਕਾ ਜਨਮੁ ਚੰਡਾਲੁ ਕੈ ਘਰਿ ਹੋਈ॥" ਗੁਰਬਾਣੀ ਵਿਚ ਕ੍ਰੋਧ ਨੂੰ ਹੀ ਚੰਡਾਲ ਦੱਸਿਆ ਹੈ:

**ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥**

*(ਪੰਨਾ ੪੦)*

'ਤਨਖਾਹਨਾਮੇ' ਵਿਚ ਵੀ ਲਿਖਿਆ ਹੈ ਕਿ ਜੋ ਸਿੱਖ ਹੋ ਕੇ ਕਰੋਧ ਕਰਦਾ ਹੈ ਤੇ ਆਪਣੀ ਲੜਕੀ ਨੂੰ ਸ਼ੁਭ ਮਤ ਨਹੀਂ ਦੇਂਦਾ। ਧੀ ਭੈਣ ਦੇ ਪੈਸੇ ਵਟਦਾ ਹੈ, ਉਹ ਜਮਾਂ ਦੇ ਧੱਕਿਆਂ ਦਾ ਅਧਿਕਾਰੀ ਹੈ:

ਸਿਖ ਹੋਇ ਜੋ ਕਰੇ ਕ੍ਰੋਧ।
ਕੰਨਯਾ ਮੂਲਿ ਨ ਦੇਵੈ ਸੋਧਿ।
ਧੀਅ ਭੈਣ ਕਾ ਪੈਸਾ ਖਾਇ।
ਗੋਬਿੰਦ ਸਿੰਘ ਧਕੇ ਯਮ ਲਾਇ॥

*(ਗੁਰਮਤਿ ਮਾਰਤੰਡ, ਭਾਗ ਦੂਜਾ, ਪੰਨਾ ੩੧੮)*

ਇਹ ਸੋਝੀ ਤਦ ਹੀ ਆਉਂਦੀ ਹੈ ਜਦ ਗੁਰੂ ਬਖਸ਼ਿਸ਼ ਕਰੇ। ਜਿਸ 'ਨਰ' ਉੱਤੇ ਇਹ ਕਿਰਪਾ ਹੋ ਜਾਵੇ ਉਸ ਨੂੰ ਪ੍ਰਭੂ ਆਪਣੇ ਨਾਲ ਇਉਂ ਮਿਲਾ ਲੈਂਦਾ ਹੈ:

**ਜਿਉ ਜਲ ਮਹਿ ਜਲੁ ਆਇ ਖਟਾਨਾ॥**
**ਤਿਉ ਜੋਤੀ ਸੰਗਿ ਜੋਤਿ ਸਮਾਨਾ॥** *(ਪੰਨਾ ੨੭੮)*

ਦਰਿਆ ਜਦੋਂ ਮੈਦਾਨਾਂ ਵਿਚ ਵਗਦੇ ਹਨ ਉਹਨਾਂ ਨੂੰ ਵੱਖਰੇ-ਵੱਖਰੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ—ਸਤਿਲੁਜ, ਗੰਗਾ, ਜਮਨਾ, ਗੋਦਾਵਰੀ ਆਦਿ, ਪਰ ਜਦੋਂ ਇਹ ਸਾਰੇ ਦਰਿਆ ਸਮੁੰਦਰ ਵਿਚ ਪੈ ਜਾਂਦੇ ਹਨ, ਉਥੇ ਸਾਰੇ ਨਾਮ ਖ਼ਤਮ ਹੋ ਕੇ ਇਕ ਨਾਮ ਰਹਿ ਜਾਂਦਾ ਹੈ—ਸਮੁੰਦਰ। ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਬਦ ਦੇ ਆਖਰੀ ਬੰਦ ਵਿਚ ਫੁਰਮਾਨ ਕਰਦੇ ਹਨ:

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥੧੧॥**

*(ਪੰਨਾ ੬੩੩)*

(12/1975)

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਸਦਾਚਾਰੀ ਜੀਵਨ ਦੀ ਸਿੱਖਿਆ

ਸਦਾਚਾਰ ਧਰਮ ਦਾ ਇਕ ਅਟੁੱਟ ਅੰਗ ਹੈ। ਹਰ ਧਰਮ ਵਿਚ ਇਸ ਦੀ ਵਿਸ਼ੇਸ਼ ਮਹੱਤਤਾ ਹੈ। ਮਨੁੱਖੀ ਜੀਵਨ ਵਿਚ ਸਦਾਚਾਰ ਦੀ ਕਰੜੀ ਪਾਲਣਾ ਉੱਤੇ ਗੁਰਬਾਣੀ ਵਿਚ ਕਾਫ਼ੀ ਬਲ ਦਿੱਤਾ ਗਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਸਦਾਚਾਰ ਨੂੰ ਉੱਚਾ ਸਥਾਨ ਦਿੱਤਾ ਹੈ। ਆਪ ਜੀ ਨੇ ਮਾਇਆ, ਲੋਭ, ਮੋਹ, ਹੰਕਾਰ, ਪਰਾਈ ਨਿੰਦਿਆ, ਪਰਾਈ ਇਸਤਰੀ ਆਦਿ ਸੰਸਾਰੀ ਪਦਾਰਥਾਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਆਪ ਦਾ ਮਤ ਹੈ ਕਿ ਸੰਸਾਰ ਵਿਚ ਰਹਿੰਦਿਆਂ ਮਨੁੱਖ ਸੰਸਾਰੀ ਪਦਾਰਥਾਂ ਵਿਚ ਏਨਾ ਲੀਨ ਹੋ ਜਾਂਦਾ ਹੈ ਕਿ ਉਹ ਹੋਰ ਸਭ ਕੁਝ ਭੁੱਲ ਜਾਂਦਾ ਹੈ। ਉਹ ਝੂਠੇ ਜਗ ਨੂੰ ਸੱਚਾ ਮੰਨ ਲੈਂਦਾ ਹੈ। ਉਸ ਨੂੰ ਇਹ ਭੁਲੇਖਾ ਹੈ ਕਿ ਇਹ ਸਭ ਸੰਸਾਰੀ ਪਦਾਰਥ ਸਥਿਰ ਹਨ:

**ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ॥** *(ਪੰਨਾ ੭੧੮)*

**ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥** *(ਪੰਨਾ ੧੨੩੧)*

ਉਹ ਭੁਲੇਖੇ ਵੱਸ ਹੀ ਇਨ੍ਹਾਂ ਤੋਂ ਸਥਾਈ ਸੰਤੁਸ਼ਟਤਾ ਚਾਹੁੰਦਾ ਹੈ, ਪਰ ਇਹ ਸੰਸਾਰੀ ਪਦਾਰਥ ਤਾਂ ਮ੍ਰਿਗ ਤ੍ਰਿਸ਼ਨਾ ਸਮਾਨ ਹਨ:

**ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥੧॥** *(ਪੰਨਾ ੨੧੯)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫ਼ਰਮਾਉਂਦੇ ਹਨ ਕਿ ਇਹ ਪਦਾਰਥ, ਇਹ ਮਾਇਆ ਵੱਡਿਆਂ-ਵੱਡਿਆਂ ਜੋਗੀਆਂ ਨੂੰ ਵੀ ਛਲ ਲੈਂਦੀ ਹੈ ਅਤੇ ਇਸ ਤੋਂ ਕੋਈ ਟਾਂਵਾਂ ਹੀ ਬਚ ਸਕਦਾ ਹੈ:

**ਜੋਗੀ ਜੰਗਮ ਅਰੁ ਸੰਨਿਆਸ॥**
**ਸਭ ਹੀ ਪਰਿ ਡਾਰੀ ਇਹ ਫਾਸ॥੧॥** *(ਪੰਨਾ ੧੧੮੬)*

ਮਾਇਆ ਇੰਨੀ ਬਲਵਾਨ ਹੈ ਕਿ ਇਹ ਹਰ ਮਨੁੱਖ ਨੂੰ ਭਰਮਾ ਕੇ ਆਪਣੇ ਅਧੀਨ ਕਰ ਲੈਂਦੀ ਹੈ। ਮਨੁੱਖ ਉਸ ਦਾ ਦਾਸ ਬਣ ਕੇ ਰਹਿੰਦਾ ਹੈ। ਉਹ ਉਸ ਦੇ ਵੱਸ ਹੋ ਕੇ ਪ੍ਰਭੂ ਵੱਲੋਂ ਆਪਣਾ ਮੁਖ ਮੋੜ ਲੈਂਦਾ ਹੈ। ਇਸ ਤਰ੍ਹਾਂ ਉਸ ਦਾ ਇਖ਼ਲਾਕ ਦਿਨੋ ਦਿਨ ਗਿਰਨ ਲੱਗ ਜਾਂਦਾ ਹੈ। ਉਹ ਨੇਕੀ ਨਹੀਂ ਕਰਦਾ। ਆਪਣੇ ਪੇਟ ਦੀ ਖਾਤਰ ਇਸ ਦੇ ਅਧੀਨ ਹੋ ਕੇ ਹਰ ਵਕਤ ਬਦੀ ਕਰਨ ਦੀ ਸੋਚਦਾ ਰਹਿੰਦਾ ਹੈ। ਹਰ ਵਕਤ ਪ੍ਰਭੂ ਦਾ ਜਸ ਗਾਉਣ ਦੀ ਥਾਂ ਇਸੇ ਵਿਚ ਮਗਨ ਹੋ ਜਾਂਦਾ ਹੈ:

**ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ॥**
**ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ॥** *(ਪੰਨਾ ੨੧੯)*

ਮਨੁੱਖ ਮਾਇਆ ਦੇ ਨਸ਼ੇ ਵਿਚ ਪਾਗਲ ਹੋ ਜਾਂਦਾ ਹੈ। ਸੁਧ-ਬੁਧ ਭੁਲਾ ਬਹਿੰਦਾ ਹੈ। ਏਨਾ ਅੰਨ੍ਹਾ ਹੋ ਜਾਂਦਾ ਹੈ ਕਿ ਹੋਰ ਕਿਸੇ ਗੱਲ ਬਾਰੇ ਸੋਚ ਹੀ ਨਹੀਂ ਸਕਦਾ:

**ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ॥** *(ਪੰਨਾ ੧੪੨੮)*

**ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ॥** *(ਪੰਨਾ ੧੪੨੭)*

**ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ॥** *(ਪੰਨਾ ੫੩੬)*

ਇਸ ਨਸ਼ੇ ਵਿਚ ਮਨੁੱਖ ਮਗਨ ਹੋ ਕੇ ਇਹ ਸਮਝਣ ਲੱਗ ਪੈਂਦਾ ਹੈ ਕਿ ਇਹ ਪਦਾਰਥ ਉਸ ਦੇ ਵੱਸ ਵਿਚ ਹੋ ਗਏ ਹਨ, ਪਰ ਹੁੰਦਾ ਇਸ ਦੇ ਉਲਟ ਹੈ। ਉਲਟਾ ਪ੍ਰਾਣੀ ਪਦਾਰਥਾਂ ਦੇ ਵੱਸ ਹੋ ਗਿਆ ਹੁੰਦਾ ਹੈ। ਗੁਰੂ ਜੀ ਦਾ ਮਤ ਹੈ ਕਿ ਇਨਸਾਨ ਆਪਣੇ ਯਤਨਾਂ ਨਾਲ ਇਨ੍ਹਾਂ ਪਦਾਰਥਾਂ ਨੂੰ ਪ੍ਰਾਪਤ ਨਹੀਂ ਕਰ ਸਕਦਾ। ਉਹ ਸੋਚਦਾ ਕੁਝ ਹੋਰ ਹੈ ਪਰ ਹੁੰਦਾ ਕੁਝ ਹੋਰ ਹੈ:

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥**
**ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥੩੮॥**
**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥**
**ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥੩੯॥** *(ਪੰਨਾ ੧੪੨੮)*

ਇਸ ਤਰ੍ਹਾਂ ਪ੍ਰਾਣੀ ਕਈ ਸ਼ੰਕਿਆਂ ਜਾਂ ਭੁਲੇਖਿਆਂ ਦਾ ਸ਼ਿਕਾਰ ਹੋਇਆ ਬੈਠਾ ਹੈ। ਉਸ ਦੇ ਸਦਾਚਾਰਕ ਜੀਵਨ ਲਈ ਇਹ ਗ਼ਲਤ ਕੀਮਤਾਂ ਬਹੁਤ ਵੱਡਾ ਰੋੜਾ ਹਨ। ਇਨ੍ਹਾਂ ਦਾ ਇਕ ਹੋਰ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਮਨੁੱਖ ਇਨ੍ਹਾਂ ਭਰਮਾਂ ਦੇ ਵੱਸ ਹੋਇਆ ਕਈ ਦੁਰਾਚਾਰੀ ਕਾਰਜ ਵੀ ਕਰ ਬੈਠਦਾ ਹੈ, ਜਿਸ ਕਰਕੇ ਉਸ ਦਾ ਜੀਵਨ ਉੱਕਾ ਹੀ ਸਦਾਚਾਰੀ ਨਹੀਂ ਰਹਿੰਦਾ। ਗੁਰੂ ਸਾਹਿਬ ਨੇ ਇਨ੍ਹਾਂ ਕਰਮਾਂ ਵੱਲ ਇਨਸਾਨ ਦਾ ਵਿਸ਼ੇਸ਼ ਧਿਆਨ ਦੁਆਇਆ ਹੈ।

ਇਨ੍ਹਾਂ ਸੰਸਾਰੀ ਪਦਾਰਥਾਂ ਦੇ ਵੱਸ ਹੋ ਕੇ ਮਨੁੱਖ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਬੁਰਾਈਆਂ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਬੁਰਿਆਂ ਦੀ ਸੰਗਤ ਕਰਨ ਲੱਗ ਪੈਂਦਾ ਹੈ। ਇਸ ਪਾਸਿਓਂ ਗੁਰੂ ਸਾਹਿਬ ਨੇ ਮਨੁੱਖ ਨੂੰ ਸਪਸ਼ਟ ਸ਼ਬਦਾਂ ਵਿਚ ਵਰਜਿਆ ਹੈ:

**ਸਾਧੋ ਮਨ ਕਾ ਮਾਨੁ ਤਿਆਗਉ॥**
**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥ਰਹਾਉ॥**

*(ਪੰਨਾ ੨੧੯)*

ਕਾਮ, ਕ੍ਰੋਧ ਤੇ ਮੋਹ ਦਾ ਤੇਜ ਇੰਨਾ ਚਕਾਚੌਂਧ ਵਾਲਾ ਹੁੰਦਾ ਹੈ ਕਿ ਇਸ ਦੇ ਝਲਕਾਰੇ ਸਾਹਮਣੇ ਪ੍ਰਾਣੀ ਨੂੰ ਪ੍ਰਭੂ ਦਾ ਰੂਪ ਨਹੀਂ ਦਿੱਸਦਾ:

**ਕਾਮੁ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥** *(ਪੰਨਾ ੨੧੯)*

ਕ੍ਰੋਧ ਸ਼ਕਤੀਸ਼ਾਲੀ ਵਿਕਾਰ ਹੈ। ਉਸ ਵਿਚ ਗੁਸਿਆ ਹੋਇਆ ਵਿਅਕਤੀ ਸਭ ਕੁਝ ਭੁੱਲ ਜਾਂਦਾ ਹੈ:

**ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥**

*(ਪੰਨਾ ੨੧੯)*

ਕਾਮ ਉਸ ਤੋਂ ਵੀ ਬਲੀ ਹੈ। ਕਾਮ ਜਿਸ ਵਿਅਕਤੀ ਉੱਤੇ ਹਾਵੀ ਹੋ ਜਾਂਦਾ ਹੈ, ਉਹ ਏਨਾ ਅੰਨ੍ਹਾ ਤੇ ਬੋਲਾ ਹੋ ਜਾਂਦਾ ਹੈ ਕਿ ਹੋਰ ਕਿਸੇ ਦਾ ਉਪਦੇਸ਼ ਉਹ ਸੁਣਦਾ ਹੀ ਨਹੀਂ। ਪਰਾਈ ਇਸਤਰੀ ਵਿਚ ਉਸ ਦੀ ਰੁਚੀ ਵਧ ਜਾਂਦੀ ਹੈ:

**ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ॥**

*(ਪੰਨਾ ੧੨੩੨)*

**ਪਾਪੀ ਹੀਐ ਮੈ ਕਾਮੁ ਬਸਾਇ॥**
**ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥੧॥ਰਹਾਉ॥** *(ਪੰਨਾ ੧੧੮੬)*

ਮਨੁੱਖ ਲਾਲਚ ਵਿਚ ਫਸ ਕੇ ਛਲ ਤੇ ਫਰੇਬ ਨਾਲ ਧਨ ਇਕੱਠਾ ਕਰਨ ਦਾ ਵੀ ਯਤਨ ਕਰਦਾ ਹੈ। ਇਸ ਮਤਲਬ ਲਈ ਉਹ ਕਈਆਂ ਨਾਲ ਧੋਖਾ-ਫਰੇਬ ਕਰਦਾ ਹੈ। ਗੁਰੂ ਸਾਹਿਬ ਨੇ ਇਸ ਰੁਚੀ ਨੂੰ ਪਸ਼ੂ ਪ੍ਰਵਿਰਤੀ ਦੱਸਿਆ ਹੈ:

**ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ॥੧॥**

*(ਪੰਨਾ ੬੩੩)*

**ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ॥੧॥** *(ਪੰਨਾ ੫੩੬)*

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਲੋਭ ਵਿਚ ਗ੍ਰਸੇ ਹੋਏ ਵਿਅਕਤੀ ਨੂੰ ਹਲਕੇ ਕੁੱਤੇ ਦੇ ਸਮਾਨ ਦੱਸਿਆ ਹੈ:

**ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥**
**ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥** *(ਪੰਨਾ ੫੦)*

ਇਨਸਾਨ ਕਈ ਵਾਰੀ ਦੂਜੇ ਦੀ ਪਰਵਾਹ ਨਾ ਕਰਦਾ ਹੋਇਆ ਲਾਲਚ ਅਧੀਨ ਪਸ਼ੂਆਂ ਵਾਂਗ ਕੇਵਲ ਆਪਣਾ ਹੀ ਪੇਟ ਭਰਨ ਦਾ ਖ਼ਿਆਲ ਰੱਖਦਾ ਹੈ:

**ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ॥**

*(ਪੰਨਾ ੬੮੫)*

ਅਜੋਕੇ ਲੋਭੀ ਵਿਅਕਤੀ ਬਾਰੇ ਗੁਰੂ ਸਾਹਿਬ ਨੇ ਥਾਂ-ਥਾਂ ਵਿਚਾਰ ਪ੍ਰਗਟ ਕੀਤੇ ਹਨ:

**ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥੧॥ਰਹਾਉ॥**

*(ਪੰਨਾ ੪੧੧)*

**ਮਨ ਰੇ ਕਹਾ ਭਇਓ ਤੈ ਬਉਰਾ॥**
**ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ॥੧॥ਰਹਾਉ॥**

*(ਪੰਨਾ ੨੨੦)*

**ਭੂਲਿਓ ਮਨੁ ਮਾਇਆ ਉਰਝਾਇਓ॥**
**ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥੧॥ਰਹਾਉ॥**

**ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ॥** *(ਪੰਨਾ ੭੦੨)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖ ਨੂੰ ਇਸ ਪਾਸਿਉਂ ਰੋ ਕੇ ਪ੍ਰਭੂ ਦਾ ਨਾਮ-ਸਿਮਰਨ ਕਰਨ ਦੀ ਪ੍ਰੇਰਨਾ ਦਿੱਤੀ ਹੈ:

**ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥**
**ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥੧॥** *(ਪੰਨਾ ੭੨੬)*

ਗੁਰੂ ਸਾਹਿਬ ਦਾ ਮਤ ਹੈ ਕਿ ਧਨ-ਸੰਪਤੀ ਦੀ ਖਾਤਰ ਪ੍ਰਾਣੀ ਕਈ ਵਾਰ ਅਣਖ ਤੇ ਸਵੈਮਾਨ ਗੁਆ ਬੈਠਦਾ ਹੈ। ਅਜਿਹੇ ਮਨੁੱਖ ਦੀ ਤੁਲਨਾ ਗੁਰੂ ਜੀ ਨੇ ਉਸ ਕੁੱਤੇ ਨਾਲ ਕੀਤੀ ਹੈ ਜੋ (ਝੂਠੀ) ਬੁਰਕੀ ਦੀ ਖਾਤਰ ਦਰ-ਦਰ ਭਟਕਦਾ ਫਿਰਦਾ ਹੈ:

**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥**

*(ਪੰਨਾ ੪੧੧)*

ਸਦਾਚਾਰ ਦੇ ਰਾਹ ਵਿਚ ਪਰਾਈ ਨਿੰਦਿਆ ਇਕ ਹੋਰ ਰੋੜਾ ਹੈ। ਕਈ ਵਾਰੀ ਪਰਾਈ ਨਿੰਦਿਆ ਕਰਨਾ ਮਨੁੱਖ ਦਾ ਸ਼ੁਗਲ ਬਣ ਜਾਂਦਾ ਹੈ। ਉਹ ਇਸ ਵਿਚੋਂ ਸੁਆਦ ਲੈਣ ਲੱਗ ਪੈਂਦਾ ਹੈ। ਉਹ ਦੂਜਿਆਂ ਨੂੰ ਬੁਰਾ ਦੱਸ ਕੇ ਆਪਣੇ ਆਪ ਨੂੰ ਚੰਗਾ ਹੋਣ ਦਾ ਦਾਅਵਾ ਕਰਦਾ ਹੈ। ਗੁਰੂ ਜੀ ਫ਼ਰਮਾਉਂਦੇ ਹਨ ਕਿ ਇਹ ਵਿਚਾਰ ਅਸਲੋਂ ਹਾਸੋ-ਹੀਣਾ ਹੈ:

**ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ॥੧॥**

*(ਪੰਨਾ ੧੨੩੨)*

**ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥੧॥ਰਹਾਉ॥**

*(ਪੰਨਾ ੬੩੧)*

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਬਾਰ-ਬਾਰ ਦੁਰਾਚਾਰ ਦੇ ਕਾਰਨਾਂ ਵੱਲ ਸੰਕੇਤ ਕੀਤਾ ਹੈ ਅਤੇ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ ਕਿ ਇਨਸਾਨ ਨੂੰ ਆਪਣੇ ਦਸਾਂ ਨਹੁੰਆਂ ਦੀ ਕਮਾਈ ਨਾਲ ਪੇਟ ਪਾਲਣਾ ਚਾਹੀਦਾ ਹੈ। ਸਰਬੱਤ ਦਾ ਭਲਾ ਉਸ ਦਾ ਮੁੱਖ ਮਨੋਰਥ ਹੋਣਾ ਚਾਹੀਦਾ ਹੈ। ਲੋਭ, ਮੋਹ, ਅਹੰਕਾਰ ਤੇ ਖੋਟੀ ਸੰਗਤ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ। ਪਰਾਈ ਇਸਤਰੀ, ਪਰਾਈ ਨਿੰਦਿਆ ਅਤੇ ਪਰਾਏ ਧਨ ਵਿਚ ਉੱਕਾ ਹੀ ਦਿਲਚਸਪੀ ਨਹੀਂ ਰੱਖਣੀ ਚਾਹੀਦੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਮਤ ਹੈ ਕਿ ਮਾਇਆ ਦੇ ਇਨ੍ਹਾਂ ਲੱਛਣਾਂ ਤੋਂ ਬਚ ਕੇ ਰਹਿਣ ਵਾਲਾ ਵਿਅਕਤੀ ਸਹਿਜੇ ਹੀ ਪ੍ਰਭੂ ਨੂੰ ਪਾ ਸਕਦਾ ਹੈ ਤੇ ਸਦਾਚਾਰੀ ਜੀਵਨ ਬਤੀਤ ਕਰ ਸਕਦਾ ਹੈ:

**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥੧੯॥**

*(ਪੰਨਾ ੧੪੨੭)*

(6/1977)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਮਨ

ਮਨ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਜਿਸ ਅਨੁਸਾਰ, "ਮਨ ਉਹ ਹੈ ਜਿਸ ਦਾ ਮਨਨ ਕੀਤਾ ਜਾਵੇ।" ਪ੍ਰਾਣੀਆਂ ਦੇ ਅੰਤਹ-ਕਰਣ ਦਾ ਉਹ ਅੰਸ਼ ਜਿਸ ਨਾਲ ਉਹ ਇੱਛਾ, ਬੋਧ ਤੇ ਸੰਕਲਪ-ਵਿਕਲਪ ਕਰਦੇ ਹਨ। ਭਾਰਤੀ ਦਰਸ਼ਨ ਵਿਚ ਮਨ ਨੂੰ ਪ੍ਰਬਲ ਪਰ ਸੂਖਮ ਸ਼ਕਤੀ ਦੇ ਰੂਪ ਵਿਚ ਵਿਚਾਰਿਆ ਜਾਂਦਾ ਹੈ। ਉਪਨਿਸ਼ਦਾਂ ਅਨੁਸਾਰ, "ਮਨ ਆਤਮਾ ਦਾ ਦੈਵੀ ਨੇਤਰ ਹੈ।" ਬ੍ਰਿਹਦਾਰਣਯਕ ਉਪਨਿਸ਼ਦ ਵਿਚ ਇਹ ਲਿਖਿਆ ਹੈ ਕਿ "ਮਨ ਸਾਰੀਆਂ ਇੰਦਰੀਆਂ ਦਾ ਆਗੂ ਹੈ। ਮਨ ਦਾ ਸਹਿਯੋਗ ਨਾ ਹੋਵੇ ਤਾਂ ਨਾ ਕੰਨ ਸੁਣਦੇ ਹਨ, ਨਾ ਅੱਖਾਂ ਦੇਖਦੀਆਂ ਹਨ।" ਮਨੁੱਖ ਮਨ ਨਾਲ ਵੇਖਦਾ, ਮਨ ਨਾਲ ਸੁਣਦਾ ਤੇ ਮਨ ਨਾਲ ਹੀ ਸਪਰਸ਼ ਕਰਦਾ ਹੈ।

*(ਗੁਰੂ ਨਾਨਕ ਤੇ ਨਿਰਗੁਣ ਧਾਰਾ, ਡਾ. ਪ੍ਰੇਮ ਪ੍ਰਕਾਸ਼ ਸਿੰਘ)*

ਮਨ ਨੂੰ ਲਗਾਮ ਦੀ ਨਿਆਈਂ ਵੀ ਕਿਹਾ ਗਿਆ ਹੈ। ਜਿਵੇਂ ਲਗਾਮ ਨਾਲ ਘੋੜੇ ਕਾਬੂ ਕੀਤੇ ਜਾਂਦੇ ਹਨ ਤਿਵੇਂ ਮਨ ਇੰਦਰੀਆਂ ਨੂੰ ਕਾਬੂ ਵਿਚ ਰੱਖਦਾ ਹੈ। ਗੀਤਾ ਵਿਚ ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਹੈ ਕਿ ਜਿਵੇਂ ਹਵਾ ਸੁਗੰਧੀ ਨੂੰ ਉਸ ਦੀ ਥਾਂ ਤੋਂ ਆਪਣੇ ਨਾਲ ਲੈ ਜਾਂਦੀ ਹੈ, ਇਸੇ ਤਰ੍ਹਾਂ ਆਤਮਾ, ਮਨ ਤੇ ਇੰਦਰੀਆਂ ਨੂੰ ਪਹਿਲੇ ਸਰੀਰ ਵਿਚੋਂ ਕੱਢ ਕੇ ਅਗਲੇ ਸਰੀਰ ਵਿਚ ਆਪਣੇ ਨਾਲ ਲੈ ਜਾਂਦੀ ਹੈ।

ਪੱਛਮੀ ਦਰਸ਼ਨ ਪ੍ਰਣਾਲੀ ਵਿਚ ਮਨ ਲਈ ਮਾਈਂਡ (Mind) ਸ਼ਬਦ ਵਰਤਿਆ ਗਿਆ ਹੈ। ਪੱਛਮੀ ਦਰਸ਼ਨ ਵਿਚ ਇਹ ਸਮੱਸਿਆ ਬੜੀ ਰਹੀ ਹੈ ਕਿ ਵਿਅਕਤੀ ਦੇ ਅੰਦਰ ਉਹ ਕਿਹੜਾ ਸੂਖਮ ਤੱਤ ਹੈ ਜਿਹੜਾ ਪ੍ਰਤੱਖ ਸਿਮ੍ਰਿਤੀ ਕਲਪਨਾ ਆਦਿ ਦੀ ਅਗਵਾਈ ਕਰਦਾ ਹੈ ਤੇ ਚਿੰਤਕਾਂ ਅੰਦਰੂਨੀ 'ਕਰਤਾ' ਦੀ ਕਲਪਨਾ ਕੀਤੀ ਤੇ ਇਸ ਨੂੰ ਮਨ ਆਖਿਆ।

*(ਗੁਰੂ ਨਾਨਕ ਤੇ ਨਿਰਗੁਣ ਧਾਰਾ, ਡਾ. ਪ੍ਰੇਮ ਪ੍ਰਕਾਸ਼ ਸਿੰਘ)*

ਮਨ ਨੂੰ ਸਾਰੀਆਂ ਸ਼ਕਤੀਆਂ ਦਾ ਮੂਲ ਮੰਨਿਆ ਜਾਂਦਾ ਹੈ। ਜੋ ਅਸੀਂ ਕੰਮ ਕਰਦੇ ਹਾਂ, ਗੱਲਾਂ ਜਾਣਦੇ ਅਤੇ ਸੋਚਦੇ-ਸਮਝਦੇ ਹਾਂ, ਇਹ ਕਰਮ ਤੇ ਗਿਆਨ ਇੰਦਰੀਆਂ ਹਨ ਤੇ ਮਨ ਦਾ ਇਨ੍ਹਾਂ ਇੰਦਰੀਆਂ ਨਾਲ ਸੰਬੰਧ ਮੰਨਿਆ ਗਿਆ ਹੈ। ਇਹ ਸਰੀਰ, ਹਿਰਦੇ ਤੇ ਆਤਮਾ ਤੋਂ ਵੱਖਰਾ ਤੱਤ ਹੈ। ਮਨ ਮਨੁੱਖੀ ਸਰੀਰ ਵਿਚ ਇਕ ਸ਼ਕਤੀ ਹੈ, ਜਿਸ ਰਾਹੀਂ ਮੰਨਣ ਦਾ ਕਾਰਜ ਕੀਤਾ ਜਾਂਦਾ ਹੈ। ਉਹ ਸ਼ਕਤੀ ਹੀ ਮਨ ਹੈ।

*(ਸੁਖਮਨੀ ਸਾਹਿਬ ਦਾ ਆਲੋਚਨਾਤਮਕ ਅਧਿਐਨ, ਪ੍ਰੋ. ਸਾਹਿਬ ਸਿੰਘ 'ਅਰਸ਼ੀ')*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨ ਨੂੰ ਜਿੱਤਣਾ ਜੱਗ ਜਿੱਤਣ ਦੇ ਸਮਾਨ ਆਖਿਆ ਹੈ। "ਮਨ ਜੀਤੈ ਜਗੁ ਜੀਤੁ"—ਜਪੁ ਜੀ। ਮਨ ਦੀ ਉਤਪਤੀ ਪੰਜ ਤੱਤਾਂ ਕਰਕੇ ਮੰਨੀ ਹੈ। "ਇਹੁ

ਮਨੁ ਪੰਚ ਤਤੁ ਤੇ ਜਨਮਾ॥" (ਪੰਨਾ ੪੧੫) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਦੱਸਿਆ ਹੈ ਕਿ ਪ੍ਰਭੂ ਦਾ ਅੰਮ੍ਰਿਤ-ਰੂਪੀ ਨਾਮ ਭਗਤਾਂ ਦੇ ਮਨ ਵਿਚ ਬਿਸ੍ਰਾਮ ਕਰਦਾ ਹੈ:

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥**
**ਭਗਤ ਜਨਾ ਕੈ ਮਨਿ ਬਿਸ੍ਰਾਮ ॥** *(ਪੰਨਾ ੨੬੨)*

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਨੁੱਖੀ ਮਨ ਦੀ ਕਈ ਸਰੂਪਾਂ ਵਿਚ ਵਿਆਖਿਆ ਕੀਤੀ ਮਿਲਦੀ ਹੈ। ਗੁਰੂ ਜੀ ਅਨੁਸਾਰ ਮਨ ਲੋਭੀ, ਲਾਲਚੀ, ਹੰਕਾਰੀ, ਤ੍ਰਿਸ਼ਨਾ ਵਿਚ ਗ੍ਰਸਿਆ, ਵਿਸ਼ੇ-ਵਿਕਾਰਾਂ ਵਿਚ ਫਸਿਆ ਹੋਇਆ ਹੈ। ਦਿਨ-ਰਾਤ ਮਾਇਆ ਪਿੱਛੇ ਦੌੜਦਾ ਹੈ। ਗੁਰੂ ਜੀ ਦੀ ਬਾਣੀ ਵਿਚ ਮਨ ਦੇ ਸਰੂਪਾਂ ਨੂੰ ਹੇਠ ਲਿਖੀਆਂ ਅਵਸਥਾਵਾਂ ਵਿਚ ਰੱਖ ਕੇ ਵਿਚਾਰਦੇ ਹਾਂ।

## ਲੋਭੀ ਮਨ

ਸੰਸਾਰੀ ਜੀਵਾਂ ਦਾ ਮਨ ਮਾਇਆ-ਰੂਪੀ ਪਦਾਰਥਾਂ ਵਿਚ ਦਿਨ-ਰਾਤ ਮਗਨ ਰਹਿੰਦਾ ਹੈ। ਮਾਇਆ ਵੱਲ ਜ਼ਿਆਦਾ ਦੌੜਦਾ ਹੈ। ਇਥੋਂ ਤਕ ਕਿ ਬਉਰਾ ਹੋ ਕੇ ਮਾਇਆ ਦੇ ਮਗਰ ਪਿਆ ਹੋਇਆ ਹੈ। ਮਾਇਆ ਵਿਚ ਲੱਗ ਕੇ ਮਨ ਪਰਮਾਤਮਾ ਦਾ ਸਿਮਰਨ ਨਹੀਂ ਕਰਦਾ:

1. **ਕੋਊ ਮਾਈ ਭੂਲਿਓ ਮਨੁ ਸਮਝਾਵੈ॥...**
   **ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ॥** *(ਪੰਨਾ ੨੧੯)*
2. **ਮਨ ਰੇ ਕਹਾ ਭਇਓ ਤੈ ਬਉਰਾ॥**
   **ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ॥**
   *(ਪੰਨਾ ੨੨੦)*
3. **ਯਹ ਮਨੁ ਨੈਕ ਨ ਕਹਿਓ ਕਰੈ॥...**
   **ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ॥** *(ਪੰਨਾ ੫੩੬)*
4. **ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ॥** *(ਪੰਨਾ ੬੩੨)*

ਲੋਭੀ ਮਨ ਦੀ ਹਾਲਤ ਬਿਆਨ ਕਰਨੀ ਔਖੀ ਹੈ, ਕਿਉਂਕਿ ਲਾਲਚ-ਗ੍ਰਸਿਆ ਮਨ ਦਸਾਂ ਦਿਸ਼ਾਵਾਂ ਵਲ ਦੌੜਦਾ ਹੈ। ਇਸ ਮਨ ਦੀ ਕਿਹੜੀ-ਕਿਹੜੀ ਬਿਰਥਾ ਵਰਣਨ ਕੀਤੀ ਜਾਵੇ। ਧਨ ਦੀ ਪ੍ਰਾਪਤੀ ਲਈ ਕੁੱਤੇ ਵਾਂਗ ਦੁਆਰ-ਦੁਆਰ ਫਿਰਦਾ ਹੈ, ਪਰ ਹਰੀ ਦਾ ਜੱਸ ਨਹੀਂ ਗਾਉਂਦਾ, ਜਿਸ ਨਾਲ ਮਨ ਦੀ ਬੁਰੀ ਮਤ ਦੂਰ ਹੁੰਦੀ ਹੈ। ਗੁਰੂ ਜੀ ਫ਼ਰਮਾਉਂਦੇ ਹਨ:

**ਬਿਰਥਾ ਕਹਉ ਕਉਨ ਸਿਉ ਮਨ ਕੀ॥**
**ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥੧॥ਰਹਾਉ॥...**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥...**
**ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ॥** *(ਪੰਨਾ ੪੧੧)*

ਮਾਇਆ ਮਨ ਨੂੰ ਭਰਮਾਈ ਰੱਖਦੀ ਹੈ। ਮਨ ਜੋ ਕਰਮ ਲਾਲਚ 'ਚ ਲੱਗ ਕੇ ਕਰਦਾ ਹੈ। ਉਨ੍ਹਾਂ ਵਿਚ ਆਪਣੇ ਆਪ ਨੂੰ ਬੰਧਾ ਲੈਂਦਾ ਹੈ। ਮਾਇਆ ਵਿਚ ਉਰਝੇ ਮਨ ਨੂੰ ਗਿਆਨ-ਧਿਆਨ ਦੀ ਕੋਈ ਗੱਲ ਨਹੀਂ ਸੁੱਝਦੀ। ਪ੍ਰਮਾਣ ਇਸ ਪ੍ਰਕਾਰ ਹੈ:

1. ਭੂਲਿਓ ਮਨੁ ਮਾਇਆ ਉਰਝਾਇਓ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥ (ਪੰਨਾ ੭੦੨)

2. ਮਨੁ ਮਾਇਆ ਮਹਿ ਉਰਝਿ ਰਹਿਓ
ਹੈ ਬੂਝੈ ਨਹ ਕਛੁ ਗਿਆਨਾ॥ (ਪੰਨਾ ੯੦੨)

3. ਮਾਇਆ ਕੋ ਮਦੁ ਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ॥ (ਉਹੀ)

ਮਨ ਨੂੰ ਬਥੇਰਾ ਸਮਝਾਇਆ, ਪਰ ਇਹ ਸਮਝਿਆ ਨਾ। ਮਾਇਆ ਵਿਚ ਮਗਨ ਰਿਹਾ। ਪ੍ਰਾਣੀ ਦਾ ਮਨ ਦਿਨ-ਰਾਤ ਮਾਇਆ ਵਾਸਤੇ ਡੋਲਦਾ ਰਿਹਾ। ਨਰਾਇਣ ਨਾਲ ਆਪਣੇ ਆਪ ਨੂੰ ਨਾ ਜੋੜਿਆ। ਗੁਰੂ ਜੀ ਦੱਸਦੇ ਹਨ ਕਿ ਮਨ ਮਾਇਆ ਵੱਲ ਇਸ ਤਰ੍ਹਾਂ ਲੱਗਾ ਹੋਇਆ ਹੈ, ਜਿਸ ਤਰ੍ਹਾਂ ਚਿਤਰੀ ਹੋਈ ਮੂਰਤ ਕੰਧ ਨੂੰ ਨਹੀਂ ਛੱਡਦੀ। ਗੁਰੂ ਜੀ ਦੇ ਸ਼ਬਦਾਂ ਵਿਚ:

1. ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥੨੪॥ (ਪੰਨਾ ੧੪੨੭)

2. ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤ॥੩੭॥ (ਪੰਨਾ ੧੪੨੮)

## ਅਭਿਮਾਨੀ ਜਾਂ ਹੰਕਾਰੀ ਮਨ

ਮਨੁੱਖੀ ਮਨ ਲੋਭੀ ਹੋਣ ਸਦਕਾ ਮਾਇਕ ਪਦਾਰਥ ਇਕੱਠੇ ਕਰਨ ਵਿਚ ਲੱਗਾ ਰਹਿੰਦਾ ਹੈ। ਮਾਇਕ ਪਦਾਰਥਾਂ ਦੇ ਕੋਲ ਹੋਣ ਕਾਰਨ ਮਨ ਹੰਕਾਰੀ ਬਣ ਜਾਂਦਾ ਹੈ। ਮਨ ਨੂੰ ਹੰਕਾਰ ਹੋ ਜਾਂਦਾ ਹੈ ਕਿ ਮੇਰੇ ਵਰਗਾ ਹੋਰ ਕੋਈ ਨਹੀਂ ਹੈ। ਧਨ, ਇਸਤਰੀ, ਮਿਲਖ, ਜ਼ਮੀਨ, ਜਾਇਦਾਦ ਆਦਿ ਮੇਰੀ ਹੈ। ਮੈਂ ਹੀ ਇਸ ਦਾ ਮਾਲਕ ਹਾਂ। ਮਨੁੱਖੀ ਮਨ ਹਉਮੈ ਦਾ ਸ਼ਿਕਾਰ ਹੋ ਜਾਂਦਾ ਹੈ। ਇਹੋ ਹਉਮੈ ਉਸ ਨੂੰ ਪ੍ਰਭੂ ਤੋਂ ਦੂਰ ਰੱਖਦੀ ਹੈ। ਹੰਕਾਰੀ ਮਨ ਦਾ ਵਰਣਨ ਗੁਰੂ ਜੀ ਦੀ ਬਾਣੀ ਵਿਚ ਥਾਂ-ਥਾਂ ਮਿਲਦਾ ਹੈ ਤੇ ਮਨ ਨੂੰ ਇਹ ਮਾਣ ਛੱਡਣ ਲਈ ਆਖਿਆ ਗਿਆ ਹੈ:

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥ (ਪੰਨਾ ੨੧੯)

ਦੁਨਿਆਵੀ ਪਦਾਰਥਾਂ ਵਿਚ ਲੱਗੇ ਮਨ ਨੇ ਆਪਣਾ ਜਨਮ ਗਵਾ ਦਿੱਤਾ। ਇਨ੍ਹਾਂ ਪਦਾਰਥਾਂ ਕਾਰਨ ਦੁਨੀਆਂ ਵਿਚ ਮਾਣ ਤੇ ਵਡਿਆਈ ਬਣੀ ਰਹੀ। ਹੰਕਾਰ ਵਿਚ ਕਿਸੇ ਦੀ ਪਰਵਾਹ ਨਾ ਕੀਤੀ। ਸੁਰਤ ਉਦੋਂ ਆਈ ਜਦੋਂ ਜਮਾਂ ਦਾ ਡੰਡਾ ਮੂੰਹ 'ਤੇ ਵੱਜਾ। ਮਨ ਨੂੰ ਫੇਰ ਭਜਨ ਕਰਨ ਦੀ ਸੁਰਤ ਆਈ। ਫੇਰ ਚਿੰਤਾ ਹੋਈ ਕਿ ਪ੍ਰਭੂ-ਚਰਨਾਂ ਨਾਲ ਪ੍ਰੇਮ ਕਰਨਾ ਹੈ:

ਮਾਈ ਮੈ ਮਨ ਕੋ ਮਾਨੁ ਨ ਤਿਆਗਿਓ॥
ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ॥੧॥ਰਹਾਉ॥
ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ॥...
ਇਹ ਚਿੰਤਾ ਉਪਜੀ ਘਟ ਮਹਿ ਜਬ ਗੁਰ ਚਰਨਨ ਅਨੁਰਾਗਿਓ॥
(ਪੰਨਾ ੧੦੦੮)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੱਸਿਆ ਹੈ ਕਿ ਜੋ ਮਨੁੱਖ ਤੀਰਥ, ਵਰਤ, ਦਾਨ ਕਰਕੇ ਵੀ ਮਨ ਵਿਚ ਮਾਣ ਤੇ ਹੰਕਾਰ ਕਰਦਾ ਹੈ ਉਸ ਦੇ ਸਾਰੇ ਕੀਤੇ ਕਰਮ ਨਿਸ਼ਫਲ ਹੋ ਜਾਂਦੇ ਹਨ। ਝੂਠੇ ਮਾਣ ਕਰਨ ਦਾ ਕੋਈ ਫਾਇਦਾ ਨਹੀਂ। ਗੁਰੂ ਜੀ ਫ਼ਰਮਾਉਂਦੇ ਹਨ:

1. **ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥**
   **ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥੪੬॥**
2. **ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ॥**
   **ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ॥੪੧॥**

*(ਪੰਨਾ ੧੪੨੮)*

ਬਥੇਰਾ ਯਤਨ ਕੀਤਾ ਪਰ ਮਨ ਦਾ ਮਾਣ ਮਿਟ ਨਾ ਸਕਿਆ। ਇਹ ਮਨ ਖੋਟੀ ਮਤ ਵਿਚ ਲੱਗਾ ਰਿਹਾ। ਹੇ ਭਗਵਾਨ! ਤੂੰ ਹੀ ਰੱਖਣਹਾਰ ਹੈਂ:

**ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ॥**
**ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ॥੩੪॥**

*(ਪੰਨਾ ੧੪੨੮)*

## ਚੰਚਲ ਮਨ

ਜਿਥੇ ਮਨ ਲੋਭੀ ਅਤੇ ਹੰਕਾਰੀ ਹੈ, ਉਥੇ ਇਹ ਚੰਚਲ ਵੀ ਹੈ। ਇਕ ਵਸਤੂ ਵੱਲੋਂ ਹਟ ਕੇ ਦੂਜੀ ਵੱਲ ਦੌੜ ਪੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮਨ ਨੂੰ ਚੰਚਲ ਕਿਹਾ ਹੈ— "ਮਨੁ ਚੰਚਲੁ ਬਿਧਿ ਨਾਹੀ ਜਾਣੈ॥"

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਵੀ ਮਨ ਚੰਚਲ ਹੈ ਅਤੇ ਇਹ ਦਸਾਂ ਦਿਸ਼ਾਵਾਂ ਵੱਲ ਦੌੜਦਾ ਹੈ। ਪ੍ਰਮਾਣ ਇਸ ਪ੍ਰਕਾਰ ਹੈ:

**ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ॥**

*(ਪੰਨਾ ੬੮੫)*

ਪਾਪੀ ਮਨ ਵਿਚ ਕਾਮ ਦਾ ਵਾਸਾ ਹੈ। ਕਾਮ ਲਈ ਥਾਂ-ਥਾਂ ਭਟਕਦਾ ਹੈ। ਏਸੇ ਲਈ ਮਨ ਕਾਬੂ ਵਿਚ ਨਹੀਂ ਆਉਂਦਾ। ਜਿੰਨਾ ਚਿਰ ਮਨ ਚੰਚਲਤਾ ਨਹੀਂ ਛੱਡਦਾ ਓਨਾ ਚਿਰ ਪ੍ਰਭੂ ਦੇ ਨਾਮ ਦੀ ਲਗਨ ਨਹੀਂ ਲੱਗਦੀ। ਗੁਰੂ ਅਮਰਦਾਸ ਜੀ ਨੇ ਵੀ ਕਿਹਾ ਹੈ—"ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥"

ਸ੍ਰੀ ਗੁਰੂ ਤੇਗ ਬਹਾਦਰ ਜੀ ਇੰਞ ਵਰਣਨ ਕਰਦੇ ਹਨ:

**ਪਾਪੀ ਹੀਐ ਮੈ ਕਾਮੁ ਬਸਾਇ॥**
**ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥** *(ਪੰਨਾ ੧੧੮੬)*

ਚੰਚਲ ਮਨ ਦੇ ਸੰਗ ਤ੍ਰਿਸ਼ਨਾ ਦਾ ਵਾਸਾ ਹੈ। ਤ੍ਰਿਸ਼ਨਾ ਕਾਰਨ ਮਨ ਭਾਂਤ-ਭਾਂਤ ਦੇ ਪਦਾਰਥ ਭੋਗਣ ਵੱਲ ਨੱਸਦਾ ਹੈ। ਮਨ ਪਕੜਿਆ ਨਹੀਂ ਜਾਂਦਾ ਤੇ ਨਾ ਹੀ ਟਿਕ ਕੇ ਬਹਿੰਦਾ ਹੈ। ਫ਼ੁਰਮਾਨ ਹੈ:

**ਸਾਧੋ ਇਹੁ ਮਨੁ ਗਹਿਓ ਨ ਜਾਈ॥**
**ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥** *(ਪੰਨਾ ੨੧੯)*

## ਵਿਸ਼ਈ ਮਨ

ਜਦੋਂ ਮਨੁੱਖੀ ਮਨ ਕੋਲ ਮਾਇਕ ਤੇ ਸੰਸਾਰੀ ਪਦਾਰਥਾਂ ਦੀ ਬਹੁਲਤਾ ਹੋ ਜਾਂਦੀ ਹੈ ਤਾਂ ਜਿਥੇ ਇਹ ਹੰਕਾਰੀ ਬਣਦਾ ਹੈ ਉਥ ਵਿਸ਼ੇ-ਵਿਕਾਰਾਂ ਵੱਲ ਵੀ ਦੌੜਦਾ ਹੈ। ਮਾਇਆ ਦੀ ਬਹੁਲਤਾ ਮਨ ਨੂੰ ਵਿਕਾਰਾਂ ਵੱਲ ਲੈ ਜਾਂਦੀ ਹੈ। ਮਨ ਵਿਸ਼ੇ-ਵਿਕਾਰਾਂ ਵਿਚ ਤ੍ਰਿਪਤੀ ਕਰਨੀ ਲੋਚਦਾ ਹੈ। ਪਰ ਤ੍ਰਿਪਤੀ ਮਿਲਦੀ ਨਹੀਂ। ਦਿਨ-ਰਾਤ ਵਿਸ਼ੇ-ਵਿਕਾਰਾਂ ਵੱਲ ਦੌੜਦਾ ਹੈ। ਇਸ ਨੂੰ ਕਿਵੇਂ ਰੋਕਿਆ ਜਾਵੇ ?

**ਮਾਈ ਮਨੁ ਮੇਰੋ ਬਸਿ ਨਾਹਿ॥**
**ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ॥**
*(ਪੰਨਾ ੬੩੨)*

ਮਨ ਬੜਾ ਅਮੋੜ ਹੈ। ਜਿਸ ਪਾਸਿਓਂ ਰੋਕੋ ਰੁਕਦਾ ਨਹੀਂ। ਗੁਰੂ ਦੇ ਉਪਦੇਸ਼ ਨੂੰ ਸੁਣਦਾ ਨਹੀਂ, ਸਗੋਂ ਪਖੰਡ ਕਰਦਾ ਹੈ। ਵਿਸ਼ੇ-ਵਿਕਾਰਾਂ ਵਿਚ ਰੁੱਝ ਕੇ ਰਤਨ ਰੂਪੀ ਨਾਮ ਨੂੰ ਵਿਸਾਰ ਦੇਂਦਾ ਹੈ। ਗੁਰੂ ਜੀ ਫ਼ਰਮਾਉਂਦੇ ਹਨ :

**ਮਨ ਰੇ ਗਹਿਓ ਨ ਗੁਰ ਉਪਦੇਸੁ॥...**
**ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ॥** *(ਪੰਨਾ ੬੩੩)*

**ਕਹਉ ਕਹਾ ਅਪਨੀ ਅਧਮਾਈ॥**
**ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ॥** *(ਪੰਨਾ ੭੧੮)*

ਵਿਸ਼ੇ-ਵਿਕਾਰਾਂ ਵਿਚ ਲਪਟੇ ਮਨ ਨੂੰ ਇਹ ਸੋਝੀ ਨਹੀਂ ਕਿ ਸੰਸਾਰ ਵਿਚ ਕੋਈ ਵੀ ਰਹਿਣ ਵਾਲਾ ਨਹੀਂ ਹੈ। ਜੋ ਕੁਝ ਦਿਸ ਰਿਹਾ ਹੈ ਬੱਦਲ ਦੀ ਛਾਂ ਵਾਂਗ ਬਿਨਸ ਜਾਣਾ ਹੈ। ਵਿਸ਼ਿਆਂ ਵਿਚ ਰੁੱਝੇ ਮਨ ਨੂੰ ਭਗਵਾਨ ਦੇ ਭਜਨ ਦਾ ਕੋਈ ਖ਼ਿਆਲ ਨਹੀਂ ਪਰ ਭਜਨ ਤੋਂ ਬਿਨਾਂ ਸੁਪਨੇ ਵਿਚ ਵੀ ਸੁੱਖ ਨਹੀਂ।

**ਕਹਾ ਮਨ ਬਿਖਿਆ ਸਿਉ ਲਪਟਾਹੀ॥**
**ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵੈ ਇਕਿ ਜਾਹੀ॥੧॥ਰਹਾਉ॥**
**ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ॥**
**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥...**
**ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ॥** *(ਪੰਨਾ ੧੨੩੧)*

ਪਰਾਈ ਨਿੰਦਿਆ ਵੱਲ ਮਨ ਬੜਾ ਨੱਸਦਾ ਹੈ। ਬੜੇ ਸੁਆਦ ਤੇ ਰਸ ਨਾਲ ਨਿੰਦਿਆ ਕਰਦਾ ਹੈ। ਪਰਾਏ ਮਨੁੱਖ ਦੇ ਗੁਣਾਂ ਦੇ ਔਗੁਣ ਬਣਾ ਕੇ ਨਿੰਦਿਆ ਕਰਦਾ ਹੈ, ਪਰ ਪਰਮਾਤਮਾ ਦੇ ਗੁਣ ਗਾਇਨ ਨਹੀਂ ਕਰਦਾ :

**ਮਨ ਕਰਿ ਕਬਹੂ ਨ ਹਰਿ ਗੁਨ ਗਾਇਓ॥**

**ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ॥...**
**ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ॥**

*(ਪੰਨਾ ੧੨੩੧)*

ਵਿਸ਼ਿਆਂ ਵਿਚ ਲੱਗੇ ਮਨ ਨੂੰ ਇਹ ਨਹੀਂ ਪਤਾ ਕਿ ਮੇਰੀ ਕੀ ਗਤੀ ਹੋਵੇਗੀ: ਮੇਰਾ ਕੀ ਹਾਲ ਹੋਵੇਗਾ, ਕਿਉਂਕਿ ਇਸ ਮਨ ਨੇ ਕੰਨਾਂ ਨਾਲ ਗੋਬਿੰਦ ਦੇ ਨਾਮ ਨੂੰ ਨਹੀਂ ਸੁਣਿਆ। ਆਪਣੇ ਆਪ ਨੂੰ ਵਿਸ਼ੇ-ਵਿਕਾਰਾਂ ਵਿਚ ਹੀ ਲੁਭਾਇਮਾਨ ਕੀਤਾ ਹੈ:

**ਰੇ ਮਨ ਕਉਨ ਗਤਿ ਹੋਇ ਹੈ ਤੇਰੀ॥**
**ਇਹ ਜਗ ਮਹਿ ਰਾਮ ਨਾਮੁ ਸੋ ਤਉ ਨਹੀ ਸੁਨਿਓ ਕਾਨਿ॥**
**ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਿਨ ਫੇਰੀ॥**

*(ਪੰਨਾ ੧੩੫੨)*

ਮਨ ਵਿਸ਼ੇ-ਵਿਕਾਰਾਂ ਵਿਚ ਏਨਾ ਖੁਭਿਆ ਪਿਆ ਹੈ ਕਿ ਇਨ੍ਹਾਂ ਵੱਲੋਂ ਰੱਤੀ ਭਰ ਵੀ ਉਦਾਸ ਨਹੀਂ ਹੁੰਦਾ। ਪਰ ਹੇ ਮਨਾਂ! ਤੂੰ ਵਿਸ਼ਿਆਂ ਵਿਚ ਏਨਾ ਨਾ ਰੁੱਝਿਆ ਰਹਿ। ਹਰੀ ਦਾ ਭਜਨ ਕਰ ਤਾਂ ਜੋ ਤੇਰੇ ਗਲ ਜਮਾਂ ਦੀ ਫਾਂਸੀ ਨਾ ਪਵੇ। ਤੂੰ ਜਮਾਂ ਦੀ ਮਾਰ ਤੋਂ ਛੁਟਕਾਰਾ ਪਾ ਸਕੇਂ। ਗੁਰੂ ਜੀ ਦੱਸਦੇ ਹਨ ਕਿ ਜਿਸ ਨੇ ਵਿਸ਼ੇ-ਵਿਕਾਰਾਂ ਨੂੰ ਤਿਆਗ ਕੇ ਅਕਾਲ ਪੁਰਖ ਵਿਚ ਮਨ ਜੋੜ ਲਿਆ ਹੈ। ਵੈਰਾਗ ਧਾਰਨ ਕਰ ਲਿਆ ਹੈ, ਉਸ ਜੀਵ ਦੇ ਭਾਵ ਉੱਤਮ ਹਨ। ਉਹ ਆਪਣੇ ਮਨ ਨੂੰ ਪਰਮਾਤਮਾ ਦੀ ਭਗਤੀ ਵਿਚ ਜੋੜ ਲਵੇਗਾ ਅਤੇ ਮੁਕਤੀ ਹਾਸਲ ਕਰ ਲਵੇਗਾ। ਮਨ ਨੂੰ ਵਿਸ਼ੇ-ਵਿਕਾਰਾਂ ਵੱਲੋਂ ਮੋੜਨਾ ਬੜਾ ਮੁਸ਼ਕਲ ਹੈ। ਵਿਰਲਾ ਹੀ ਮਨ 'ਤੇ ਕਾਬੂ ਪਾਉਂਦਾ ਹੈ। ਗੁਰੂ ਜੀ ਫ਼ੁਰਮਾਉਂਦੇ ਹਨ:

1. **ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ॥**
   **ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥੨॥** *(ਪੰਨਾ ੧੪੨੬)*
2. **ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥**
   **ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥੧੭॥** *(ਪੰਨਾ ੧੪੨੭)*

## ਸੁਚੇਤਤਾ

ਮਨੁੱਖੀ ਮਨ ਦੀਆਂ ਇਨ੍ਹਾਂ ਵੱਖ-ਵੱਖ ਹਾਲਤਾਂ ਨੂੰ ਜਾਨਣ ਤੋਂ ਬਾਅਦ ਅਸਾਡੇ ਮਨ ਵਿਚ ਇਹ ਖ਼ਿਆਲ ਸੁਤੇ ਸਿੱਧ ਹੀ ਉਤਪੰਨ ਹੋ ਜਾਂਦਾ ਹੈ ਕਿ ਜਿਥੇ ਗੁਰੂ ਜੀ ਨੇ ਮਨ ਨੂੰ ਲੋਭੀ, ਹੰਕਾਰੀ, ਚੰਚਲ ਤੇ ਵਿਸ਼ੇ-ਵਿਕਾਰਾਂ ਵਿਚ ਗ੍ਰਸਿਆ ਦੱਸਿਆ ਹੈ, ਉਥੇ ਮਨ ਨੂੰ ਸੁਚੇਤ ਵੀ ਕੀਤਾ ਹੋਵੇਗਾ ਅਤੇ ਜੀਵਨ ਮੁਕਤੀ ਹਾਸਲ ਕਰਨ ਦਾ ਰਾਹ ਵੀ ਦੱਸਿਆ ਹੋਵੇਗਾ। ਗੁਰਬਾਣੀ ਦਾ ਫਲਸਫ਼ਾ ਆਸ਼ਾਵਾਦੀ ਹੈ। ਇਹ ਮਨੁੱਖੀ ਮਨ ਨੂੰ ਨਿਰਾਸ਼ ਨਹੀਂ ਕਰਦੀ ਸਗੋਂ ਢਾਰਸ ਬੰਨ੍ਹਾਉਂਦੀ ਹੈ ਕਿ ਮਨ ਨੂੰ ਸੰਸਾਰੀ ਮੋਹ-ਮਾਇਆ ਤੋਂ ਹਟਾ ਕੇ ਗਿਆਨ ਤੇ ਉਪਦੇਸ਼ ਰਾਹੀਂ ਪ੍ਰਭੂ-ਭਗਤੀ ਵਿਚ ਲਾਇਆ ਜਾ ਸਕਦਾ ਹੈ। ਮਨ ਨੂੰ ਵਿਸ਼ੇ-ਵਿਕਾਰਾਂ ਵੱਲੋਂ ਉਦਾਸ ਕਰਕੇ ਪਰਮਾਤਮਾ ਦੇ ਨਾਮ ਨਾਲ ਜੋੜਿਆ ਜਾ ਸਕਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਮਨ ਨੂੰ ਸੰਬੋਧਨ ਕਰਕੇ

ਸੁਚੇਤ ਕੀਤਾ ਹੈ ਕਿ ਹੇ ਮਨਾਂ! ਸਾਰਾ ਕੁਝ ਬਿਨਸ ਜਾਣ ਵਾਲਾ ਹੈ। ਸੰਸਾਰ ਬੱਦਲ ਦੀ ਛਾਂ ਹੈ। ਝੂਠੇ ਲਾਲਚ ਤਿਆਗ ਕੇ ਪਰਮਾਤਮਾ ਦਾ ਜਸ ਗਾ, ਜੋ ਤੇਰਾ ਏਥੇ-ਓਥੇ ਸੰਗੀ- ਸਾਥੀ ਹੈ, ਉਸ ਪ੍ਰਭੂ ਦਾ ਨਾਮ ਸਾਧਸੰਗਤ ਵਿਚ ਬੈਠ ਕੇ ਸਿਮਰ। ਐ ਮਨਾਂ! ਕੰਨਾਂ ਨਾਲ ਪ੍ਰਭੂ ਦਾ ਜਸ ਸੁਣ, ਰਸਨਾ ਨਾਲ ਜਪ। ਪ੍ਰਭੂ ਦੇ ਚਰਨਾਂ ਸੰਗ ਪ੍ਰੀਤੀ ਜੋੜ ਤਾਂ ਜੋ ਤੂੰ ਦੁਨਿਆਵੀ ਬੰਧਨਾਂ ਤੋਂ ਛੁਟਕਾਰਾ ਪਾ ਕੇ ਪਰਮ-ਪਦ ਦੀ ਪ੍ਰਾਪਤੀ ਕਰ ਸਕੇਂ। ਗੁਰੂ ਜੀ ਫ਼ੁਰਮਾਉਂਦੇ ਹਨ:

**ਰੇ ਮਨ ਰਾਮ ਸਿਉ ਕਰਿ ਪ੍ਰੀਤਿ॥**
**ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥**
**ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥** *(ਪੰਨਾ ੬੩੧)*

ਪ੍ਰਭੂ ਦੇ ਸਿਮਰਨ ਨਾਲ ਗਨਕਾ ਵੇਸਵਾ ਤਰ ਗਈ, ਧਰੂਅ ਨੇ ਸਿਮਰਨ ਕਰ ਕੇ ਅਟੱਲ ਪਦਵੀ ਪ੍ਰਾਪਤ ਕੀਤੀ, ਅਜਾਮਲ ਵਰਗੇ ਪਾਪੀ ਨਰਾਇਨ ਆਖਣ ਨਾਲ ਛੁਟਕਾਰਾ ਪਾ ਗਏ, ਹਾਥੀ ਨੇ ਸ਼ਰਨ ਪਕੜੀ ਤਾਂ ਤੰਦੂਏ ਤੋਂ ਛੁੱਟ ਗਿਆ। ਹੇ ਮਨਾ! ਤੂੰ ਇਸ ਪ੍ਰਕਾਰ ਦੇ ਦੁੱਖ ਹਰਨ ਵਾਲੇ ਪਰਮਾਤਮਾ ਨੂੰ ਕਿਉਂ ਵਿਸਾਰਿਆ ਹੈ, ਸਗੋਂ ਉਸ ਨੂੰ ਯਾਦ ਕਰ ਤਾਂ ਜੋ ਤੇਰਾ ਵੀ ਪਾਰ ਉਤਾਰਾ ਹੋ ਜਾਵੇ। ਗੁਰੂ ਜੀ ਨੇ ਇਸ ਸ਼ਬਦ ਰਾਹੀਂ ਕਿੰਨਾ ਸੁੰਦਰ ਵਰਣਨ ਕੀਤਾ ਹੈ:

**ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥**
**ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥੧॥ਰਹਾਉ॥**
**ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥**
**ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥**
**ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥**
**ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥੨॥**
**ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥**
**ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥**

*(ਪੰਨਾ ੬੩੨)*

ਸੰਸਾਰੀ ਪਦਾਰਥਾਂ ਵਿਚ ਗ੍ਰਸੇ ਮਨਾਂ! ਤੂੰ ਪ੍ਰਭੂ ਦੀ ਵਿਚਾਰ ਕਰ। ਉਸ ਦੇ ਨਾਮ ਬਿਨਾਂ ਸੰਸਾਰ ਮਿਥਿਆ ਤੇ ਝੂਠਾ ਹੈ। ਐ ਮਨਾਂ! ਗਫਲਤ ਵਿਚ ਨਾ ਸੁੱਤਾ ਰਹਿ। ਤੇਰੇ ਨਾਲ ਪੈਦਾ ਹੋਣ ਵਾਲਾ ਸਰੀਰ ਵੀ ਤੇਰਾ ਸਾਥੀ ਨਹੀਂ। ਮਾਤਾ-ਪਿਤਾ, ਸਾਕ-ਸੰਬੰਧੀ ਜਿਨ੍ਹਾਂ ਨਾਲ ਤੇਰਾ ਪ੍ਰੇਮ ਹੈ, ਸਾਰੇ ਜਿਉਂਦਿਆਂ ਦੇ ਸਾਕ ਹਨ। ਮਰਨ ਪਿੱਛੋਂ ਤੈਨੂੰ ਅੱਗ ਵਿਚ ਪਾ ਦੇਣਗੇ। ਇਸ ਲਈ ਹਰੀ ਦਾ ਜਸ ਗਾ, ਜੋ ਤੇਰਾ ਸਾਥੀ ਹੈ:

**ਮਨ ਰੇ ਸਾਚਾ ਗਹੋ ਬਿਚਾਰਾ ॥**
**ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥** *(ਪੰਨਾ ੭੦੩)*

**ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥**
**ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥** *(ਪੰਨਾ ੭੨੭)*

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥**
**ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥** *(ਪੰਨਾ ੭੨੬)*

ਮਨੁੱਖੀ ਮਨ ਦੁਨਿਆਵੀ ਆਸਰੇ ਨੂੰ ਆਪਣਾ ਸਦੀਵੀ ਆਸਰਾ ਸਮਝਦਾ ਹੈ ਪਰ ਇਹ ਆਸਰੇ ਝੂਠੇ ਹਨ। ਸਦੀਵੀ ਆਸਰਾ ਤਾਂ ਪਰਮਾਤਮਾ ਦਾ ਹੈ, ਜਿਸ ਦੇ ਸਿਮਰਨ ਨਾਲ ਬੁਰੀ ਮਤ ਵਿਸਰਦੀ ਹੈ। ਜਨਮ-ਮਰਨ ਦੇ ਪਾਪ ਨਾਸ ਹੁੰਦੇ ਹਨ ਤੇ ਬੈਕੁੰਠ ਨੂੰ ਜਾ ਸਕੀਦਾ ਹੈ। ਏਸ ਲਈ ਮਨ ਨੂੰ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ। ਗੁਰਾਂ ਦਾ ਫ਼ੁਰਮਾਨ ਹੈ:

**ਰੇ ਮਨ ਓਟ ਲੇਹੁ ਹਰਿ ਨਾਮਾ ॥**
**ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥੧॥ਰਹਾਉ॥**
**ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ ॥**
**ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ ॥** *(ਪੰਨਾ ੯੦੧)*

**ਮਨ ਕਹਾ ਬਿਸਾਰਿਓ ਰਾਮ ਨਾਮੁ ॥**
**ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥** *(ਪੰਨਾ ੧੧੮੬)*

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਿਥੇ ਆਪਣੀ ਬਾਣੀ ਵਿਚ ਮਨੁੱਖੀ ਮਨ ਨੂੰ ਸੰਸਾਰੀ ਧੰਦਿਆਂ ਤੋਂ ਨਿਰਲੇਪ ਹੋ ਕੇ ਪ੍ਰਭੂ ਨਾਲ ਜੁੜਨ ਲਈ ਸੁਚੇਤ ਕੀਤਾ ਹੈ, ਉਥੇ ਗੁਰੂ ਜੀ ਨੇ ਸਲੋਕਾਂ ਵਿਚ ਵੀ ਮਨ ਨੂੰ ਪ੍ਰਭੂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਜੀ ਨੇ ਪ੍ਰਮਾਣ ਦੇ ਕੇ ਮਨ ਨੂੰ ਸਮਝਾਇਆ ਹੈ। ਹੇ ਮਨਾਂ! ਜਿਵੇਂ ਪਾਣੀ ਤੋਂ ਬਿਨਾਂ ਮੱਛੀ ਨਹੀਂ ਰਹਿ ਸਕਦੀ, ਏਸੇ ਤਰ੍ਹਾਂ ਗੋਬਿੰਦ ਦੇ ਨਾਮ ਜਪਣ ਬਿਨਾਂ ਤੇਰੀ ਵੀ ਮੌਤ ਹੈ। ਜਵਾਨੀ ਤੇ ਬੁਢਾਪਾ ਵਾਰੋ-ਵਾਰੀ ਬੀਤਦੇ ਜਾ ਰਹੇ ਹਨ। ਇਸ ਲਈ ਮਨਾਂ! ਹਰੀ ਦਾ ਸਿਮਰਨ ਕਰ ਜਿਸ ਨਾਲ ਮੁਕਤੀ ਮਿਲਦੀ ਹੈ। ਜੋ ਮਨੁੱਖ ਦੁਖ-ਸੁਖ, ਲੋਭ-ਮੋਹ, ਮਾਨ-ਅਭਿਮਾਨ, ਉਸਤਤ-ਨਿੰਦਿਆ ਸਭ ਨੂੰ ਇਕ ਸਮਾਨ ਸਮਝਦਾ ਹੈ ਉਹ ਮੁਕਤੀ ਦਾ ਦਰ ਲੱਭ ਲੈਂਦਾ ਹੈ। ਗੁਰੂ ਜੀ ਫ਼ਰਮਾਉਂਦੇ ਹਨ:

1. **ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥**
   **ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥** *(ਪੰਨਾ ੧੪੨੬)*
2. **ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥**
   **ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥** *(ਪੰਨਾ ੧੪੨੭)*
3. **ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥**
   **ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥** *(ਉਹੀ)*
4. **ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥**
   **ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥** *(ਪੰਨਾ ੧੪੨੬)*

ਹੇ ਮਨਾਂ! ਅਸਲ ਗਿਆਨੀ ਉਹ ਹੈ ਜੋ ਨਾ ਕਿਸੇ ਨੂੰ ਡਰ ਦੇਂਦਾ ਹੈ ਤੇ ਨਾ ਹੀ ਕਿਸੇ ਦਾ ਡਰ ਮੰਨਦਾ ਹੈ। ਹੇ ਮਨਾਂ! ਜੇ ਤੂੰ ਰਸਨਾ ਨਾਲ ਗੋਬਿੰਦ ਦਾ ਨਾਮ ਲਵੇਂਗਾ, ਕੰਨਾਂ ਨਾਲ ਸੁਣੇਗਾ ਤਾਂ ਤੈਨੂੰ ਜਮਾਂ ਦੇ ਘਰ ਨਹੀਂ ਜਾਣਾ ਪਵੇਗਾ। ਰਾਮ ਦੀ ਸ਼ਰਨ ਆਇਆਂ ਸਦੀਵੀ ਸੁਖ ਪ੍ਰਾਪਤ ਹੋਣਗੇ। ਇਹ ਮਨੁੱਖਾ ਦੇਹ ਦੁਰਲਭ ਹੈ। ਪ੍ਰਭੂ-ਅਰਾਧਨਾ ਕਰਕੇ ਇਸ ਨੂੰ ਸਫ਼ਲ ਕਰ। ਫ਼ੁਰਮਾਨ ਹੈ:

1. **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**

**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥** *(ਪੰਨਾ ੧੪੨੭)*

2. **ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥**
**ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥੨੧॥** *(ਉਹੀ)*

3. **ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥**
**ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥੨੭॥** *(ਉਹੀ)*

ਜਿਊਂਦੇ ਮਨ ਦੇ ਸਾਰੇ ਸਾਥੀ ਹਨ। ਇਹ ਸਾਥੀ ਸੁਖ ਦੇ ਹਨ। ਬਿਪਤਾ ਸਮੇਂ ਸਾਰੇ ਸਾਥ ਛੱਡ ਜਾਂਦੇ ਹਨ। ਐ ਮਨਾਂ! ਹਰੀ ਦਾ ਸਿਮਰਨ ਕਰ ਜੋ ਤੇਰਾ ਦੁੱਖਾਂ ਵਿਚ ਵੀ ਸਹਾਈ ਹੋਵੇ। ਹਰੀ ਦਾ ਭਜਨ ਕੀਤਿਆਂ ਨਿਰਭੈ ਪਦ ਪ੍ਰਾਪਤ ਕਰ ਸਕਦਾ ਹੈਂ। ਪ੍ਰਭੂ ਨੂੰ ਸਿਮਰਿਆਂ ਕਾਰਜ ਪੂਰੇ ਹੁੰਦੇ ਹਨ। ਗੁਰੂ ਜੀ ਇਸ ਪ੍ਰਕਾਰ ਬਿਆਨ ਕਰਦੇ ਹਨ:

1. **ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥**
**ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥** *(ਪੰਨਾ ੧੪੨੮)*

2. **ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥**
**ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥੩੩॥** *(ਉਹੀ)*

3. **ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥**
**ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥** *(ਉਹੀ)*

ਇਸ ਪ੍ਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੇ ਮਨ ਦੇ ਵੱਖ-ਵੱਖ ਸਰੂਪਾਂ ਬਾਰੇ ਅਸੀਂ ਭਲੀ ਪ੍ਰਕਾਰ ਜਾਣੂ ਹੋ ਜਾਂਦੇ ਹਾਂ। ਗੁਰੂ ਜੀ ਨੇ ਮਨ ਨੂੰ ਦੁਨਿਆਵੀ ਪਦਾਰਥਾਂ ਵਲੋਂ ਹਟਾ ਕੇ ਪ੍ਰਭੂ-ਭਗਤੀ ਵਿਚ ਲਾਉਣਾ ਬੜੇ ਸੁਚੱਜੇ ਤੇ ਸੁਚੇਤ ਢੰਗ ਨਾਲ ਸਮਝਾਇਆ ਹੈ। ਮਨ ਦਾ ਹੀ ਝਗੜਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵਾਰ-ਵਾਰ ਜੀਵ ਨੂੰ ਸਮਝਾਇਆ ਹੈ ਕਿ ਪ੍ਰਭੂ-ਭਗਤੀ ਵਿਚ ਲੀਨ ਹੋਣ ਨਾਲ ਹੀ ਮਨ ਦੀ ਚੰਚਲਤਾ ਖ਼ਤਮ ਹੋ ਸਕਦੀ ਹੈ। ਮਨੁੱਖੀ ਮਨ ਲਈ ਉਸ ਦਾ ਅਸਲੀ ਮਨੋਰਥ ਜੀਵਨ ਮੁਕਤੀ ਪ੍ਰਾਪਤ ਕਰਨਾ ਹੈ। ਦੁਨੀਆ ਨਾਸ਼ਵਾਨ ਹੈ, ਕੇਵਲ ਪ੍ਰਭੂ ਦਾ ਨਾਮ ਸਥਿਰ ਹੈ ਜਿਸ ਦੇ ਜਪਿਆਂ ਆਵਾਗਵਨ ਮਿਟ ਜਾਂਦਾ ਹੈ ਤੇ ਮਨ ਨੂੰ ਸਾਰੇ ਸੁਖ ਪ੍ਰਾਪਤ ਹੁੰਦੇ ਹਨ। ਇਸ ਲਈ ਐ ਮਨਾਂ! ਤੈਨੂੰ ਰਾਮ ਦਾ ਸਿਮਰਨ ਕਰਨਾ ਚਾਹੀਦਾ ਹੈ, ਜਿਸ ਦੇ ਸਿਮਰਨ ਨਾਲ ਦੁਖ ਮਿਟ ਜਾਂਦੇ ਹਨ ਤੇ ਪ੍ਰਭੂ ਪਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ:

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥**
**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥** *(ਪੰਨਾ ੧੪੨੯)*

(12/1975)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਦੁੱਖ-ਸੁਖ ਦਾ ਸੰਕਲਪ

ਜ਼ਿੰਦਗੀ ਇਕ ਅਜੀਬ ਰਹੱਸ ਹੈ, ਇਸ ਦੀ ਸਮਝ ਨਹੀਂ ਆਉਂਦੀ। ਲੱਖਾਂ ਵਿਦਵਾਨ ਇਸ ਨੂੰ ਸਮਝਣ ਲਈ ਯਤਨ ਕਰਦੇ ਹੀ ਕਾਲ-ਵਸ ਹੋ ਗਏ ਤੇ ਅਖ਼ੀਰ ਚੁਪ ਹੀ ਕਰ ਰਹਿਣ ਨੂੰ ਚੰਗਾ ਸਮਝ ਕੇ ਇਕ ਮਸਤੀ ਵਿਚ ਗੜੂੰਦ ਰਹਿਣ ਨੂੰ ਤਰਜੀਹ ਦਿੰਦੇ ਹਨ। ਜ਼ਿੰਦਗੀ ਦੀ ਪਰਿਭਾਸ਼ਾ ਕਰਨੀ ਅਸੰਭਵ ਹੈ। ਚਲੋ ਜੇਕਰ ਸਮਝਣ ਲਈ ਕੁਝ ਮੰਨ ਲਈਏ ਤਾਂ ਕੋਈ ਪਾਪ ਨਹੀਂ, ਮੇਰੀ ਜਾਚੇ ਜੰਮਣ ਤੋਂ ਮਰਨ ਤੱਕ ਦੇ ਸਮੇਂ ਨੂੰ ਜ਼ਿੰਦਗੀ ਆਖਣਾ ਉਚਿਤ ਹੈ। ਇਸ ਸਮੇਂ ਵਿਚ ਬੜੇ ਰੰਗ ਆਉਂਦੇ ਹਨ ਪਰ ਉਹਨਾਂ ਨੂੰ ਦੋ ਨਾਵਾਂ ਨਾਲ ਹੀ ਯਾਦ ਕਰ ਸਕਦੇ ਹਾਂ—ਦੁੱਖ ਤੇ ਸੁਖ। ਆਮ ਗੱਲਬਾਤ ਵਿਚ ਦੁੱਖ ਨੂੰ ਸੁਖ ਨਾਲੋਂ ਪਹਿਲਾਂ ਵਰਤਦੇ ਹਾਂ ਜਿਸ ਦਾ ਅਚੇਤ ਭਾਵ ਹੈ ਕਿ ਜ਼ਿੰਦਗੀ ਵਿਚ ਦੁਖ ਅਧਿਕ ਹਨ ਅਤੇ ਸੁਖ ਅਲਪ।

ਮਾਨਵ ਦਾ ਹਰ ਕਰਮ ਕਿਸੇ ਸੁਖ ਦੀ ਪ੍ਰਾਪਤੀ ਲਈ ਹੀ ਹੁੰਦਾ ਹੈ। ਸੁਖਾਂ ਦੀ ਤਾਂਘ ਉਸ ਨੂੰ ਸੁਖ-ਪ੍ਰਾਪਤੀ ਲਈ ਕਰੜੀ ਸਾਧਨਾ ਕਰਨ ਲਈ ਮਜਬੂਰ ਕਰਦੀ ਰਹਿੰਦੀ ਹੈ। ਮਾਨਵ ਛਿੰਨ-ਭੰਗਰੀਆ ਅਲਪ ਜੀਵੀ ਸੁਖ ਦੀਆਂ ਮੱਧਮ ਕਿਰਣਾਂ ਲਈ ਉਮਰ ਭਰ ਕਾਲਖ ਢੋਂਦਾ ਰਹਿੰਦਾ ਹੈ ਪਰ ਕੀ ਇਹ ਸੁਖ ਉਸ ਨੂੰ ਅਨੰਦ ਦਿੰਦਾ ਹੈ ? ਇਹ ਸੁਖ ਸਦੀਵੀ ਹੁੰਦਾ ਹੈ ? ਨਹੀਂ। ਇਹ ਤਾਂ ਪਲਾਂ ਦੀ ਖੇਡ ਹੁੰਦੀ ਹੈ। ਬਸ ਉਹੀ ਸੁਖ-ਦੁਖ ਦਾ ਕਾਰਨ ਹੋ ਨਿਬੜਦਾ ਹੈ। ਆਦਿ ਜੁਗਾਦਿ ਤੋਂ ਮਾਨਵ ਸਦੀਵੀ ਸੁਖ ਦੀ ਭਾਲ ਕਰਦਾ ਆਇਆ ਹੈ, ਪਰ ਉਹ ਸੁਖ ਨਾ ਲੱਭਾ।

ਮਾਨਵ ਜੀਵਨ ਇਕ ਮਹਾਨ ਸੰਘਰਸ਼ ਹੈ। ਇਕ ਵਿਸ਼ਾਲ ਠੰਢਾ ਯੁੱਧ। ਜਨਮ ਤੋਂ ਮਰਨ ਸਮੇਂ ਤਕ ਮਨੁੱਖ ਸੰਘਰਸ਼ ਕਰਦਾ ਹੈ। ਉਸ ਨੂੰ ਜੀਵਨ ਵਿਚ ਦੁੱਖਾਂ, ਦਰਦਾਂ, ਤਕਲੀਫ਼ਾਂ, ਬੁਰਿਆਈਆਂ, ਕਹਿਰਾਂ, ਆਫ਼ਤਾਂ, ਜਬਰਾਂ, ਜ਼ਾਲਮਾਂ, ਘਾਤਕਾਂ, ਨਿੰਦਕਾਂ, ਦੋਖੀਆਂ, ਗੱਦਾਰਾਂ, ਮੀਣਿਆਂ, ਜਾਹਲਸਾਜ਼ਾਂ, ਹੜ੍ਹਾਂ, ਤੁਫਾਨਾਂ, ਅੱਗਾਂ, ਬਿਜਲੀਆਂ, ਬੇਵਫ਼ਾਈਆਂ, ਫ਼ਰੇਬਾਂ, ਅਨਿਆਂ ਆਦਿ ਨਾਲ ਦੋ ਹੱਥ ਹੋਣਾ ਪੈਂਦਾ ਹੈ। ਇਹੀ ਕਾਰਨ ਹੈ ਕਿ ਜੀਵਨ ਨੂੰ ਦੁੱਖਾਂ ਦਾ ਖ਼ਜ਼ਾਨਾ ਆਖਿਆ ਹੈ। ਇਸ ਦੁਖ ਭਰੀ ਦੁਨੀਆਂ ਨੂੰ ਦੇਖ ਕੇ ਮਹਾਤਮਾ ਬੁੱਧ ਨਿਰਬਾਣ ਪਦ ਦੀ ਪ੍ਰਾਪਤੀ ਲਈ ਰਾਜ-ਭਾਗ ਛੱਡ ਕੇ ਜੰਗਲੀਂ ਘੋਰ ਤਪੱਸਿਆ ਕਰਨ ਤੁਰ ਗਏ ਸਨ। ਉਹਨਾਂ ਨੇ ਆਪਣੇ ਚੇਲਿਆਂ ਨਾਲ ਬਚਨ ਕਰਦਿਆਂ ਆਖਿਆ, "ਜਿੰਨੇ ਅੱਥਰੂ ਤੁਸਾਂ (ਪੂਰਬਲਿਆਂ ਜਨਮਾਂ ਵਿਚ) ਵਹਾਏ ਹਨ ਉਨ੍ਹਾਂ ਦੀ ਮਾਤਰਾ ਅਧਿਕ ਹੈ ਜਾਂ ਚਾਰ ਸਮੁੰਦਰਾਂ ਦੇ ਜਲ ਦੀ ਮਾਤਰਾ ਅਧਿਕ ਹੈ ?" ਭਿਖਸ਼ੂਆਂ ਨੇ ਆਖਿਆ, "ਜੋ ਅੱਥਰੂ ਅਸਾਂ ਵਹਾਏ ਹਨ ਉਹਨਾਂ ਦੀ ਮਾਤਰਾ ਅਧਿਕ ਹੈ।" ਬੁੱਧ ਜੀ ਨੇ ਆਖਿਆ, "ਠੀਕ ਹੈ!" ਉਹਨਾਂ ਨੇ ਫਿਰ ਪੁੱਛਿਆ, "ਜਿੰਨਾ ਦੁੱਧ ਤੁਸਾਂ ਮਾਤਾ ਦੇ ਥਣਾਂ 'ਚੋਂ

ਚੁੰਘਿਆ ਹੈ ਉਸ ਦੀ ਮਾਤਰਾ ਅਧਿਕ ਹੈ ਜਾਂ ਚਾਰ ਸਮੁੰਦਰਾਂ ਦੇ ਜਲ ਦੀ ਅਧਿਕ ਹੈ ?" ਭਿਖਸ਼ੂਆਂ ਨੇ ਕਿਹਾ, "ਜੋ ਦੁੱਧ ਪੀਤਾ ਹੈ ਉਸ ਦੀ ਮਾਤਰਾ ਅਧਿਕ ਹੈ।" ਬੁੱਧ ਜੀ ਨੇ ਪੁੱਛਿਆ, "ਠੀਕ ਹੈ!"[1] ਇਸ ਵਾਰਤਾਲਾਪ ਤੋਂ ਸਪੱਸ਼ਟ ਹੈ ਕਿ ਮਾਨਵ ਨੇ ਕਰੋੜਾਂ ਜਨਮ ਧਾਰਨ ਕੀਤੇ ਹਨ ਤੇ ਹਰ ਜਨਮ ਵਿਚ ਦੁੱਖ ਨੇ ਉਹਦੀਆਂ ਅੱਖਾਂ ਕਦੇ ਸੁੱਕਣ ਨਹੀਂ ਦਿੱਤੀਆਂ। ਇਸ ਦੁੱਖ ਦੀ ਵਿਆਪਕਤਾ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਪੈ ਸਕਦਾ ਹੈ। ਬੁੱਧ ਜੀ ਨੇ ਦੁੱਖਾਂ ਦੇ ਕਾਰਨ ਵੀ ਦੱਸੇ ਹਨ। "ਓ ਭਿਖਸ਼ੂਓ! ਦੁੱਖ ਦੇ ਕਾਰਨਾਂ ਬਾਰੇ ਸ਼ੁਭ ਸੱਚ ਇਹ ਹੈ: ਜਨਮ ਦੁੱਖ ਹੈ, ਬੁਢਾਪਾ ਦੁੱਖ ਹੈ। ਬੀਮਾਰੀ ਦੁੱਖ ਹੈ, ਮੌਤ ਦੁੱਖ ਹੈ। ਜਿਸ ਨਾਲ ਪਿਆਰ ਨਾ ਹੋਵੇ, ਉਸ ਦਾ ਸੰਗ ਦੁੱਖ ਹੈ। ਪ੍ਰੇਮੀ ਪਾਸੋਂ ਵਿਛੋੜਾ ਦੁੱਖ ਹੈ। ਇੱਛਾਵਾਂ ਦੀ ਅਪੂਰਤੀ ਦੁੱਖ ਹੈ। ਸੰਖੇਪ ਵਿਚ ਦੁਨਿਆਵੀ ਚੀਜ਼ਾਂ ਨਾਲ ਲਗਾਓ ਵੀ ਦੁੱਖ ਹੈ।"

"ਓ ਭਿਖਸ਼ੂਓ! ਦੁੱਖ ਦੇ ਮੁੱਲ ਬਾਰੇ ਸ਼ੁਭ ਸੱਚ ਇਹ ਹੈ ਕਿ ਅਸਤਿਤਵ ਦੀ ਚਾਹ, ਜਿਸ ਨਾਲ ਜਨਮ ਧਾਰਨੇ ਪੈਂਦੇ ਹਨ, ਜਿਸ ਨਾਲ ਲਾਲਚ ਤੇ ਇੱਛਾਵਾਂ ਪੈਦਾ ਹੁੰਦੀਆਂ ਹਨ, ਜਿਨ੍ਹਾਂ ਦੀ ਤ੍ਰਿਪਤੀ ਇਥੇ ਹੁੰਦੀ ਹੈ, ਅਨੰਦ ਦੀ ਕਾਮਨਾ, ਅਸਤਿਤਵ ਦੀ ਰਾਹ, ਤਾਕਤ ਦੀ ਚਾਹ ਆਦਿ ਦੁੱਖਾਂ ਦੇ ਮੂਲ ਕਾਰਨ ਹਨ।"[2] ਇਹੀ ਕਾਰਨ ਹੈ ਕਿ ਮਹਾਤਮਾ ਜੀ ਨੇ ਆਪਣੇ ਚੇਲਿਆਂ ਨੂੰ ਥਾਂ-ਪਰ-ਥਾਂ ਇੱਛਾਵਾਂ ਮਾਰਨ ਲਈ ਆਖਿਆ ਹੈ। ਉਹ ਤਾਂ ਇਥੋਂ ਤਾਈਂ ਆਖਦੇ ਹਨ ਕਿ ਨਿਰਬਾਣ ਦੀ ਇੱਛਾ ਵੀ ਨਾ ਮਨ ਵਿਚ ਰੱਖ ਕਿਉਂਕਿ ਤ੍ਰਿਸ਼ਨਾ ਹੀ ਮੂਲ ਹੈ ਸਾਰੇ ਦੁੱਖਾਂ ਦਾ। ਉਹਨਾਂ ਦੇ ਮਹਾਂ ਵਾਕ ਹਨ:

"ਸੱਬੇ ਸੰਖਾਰਾ ਦੁੱਖਤਿ ਯਦਾ ਪਾਞਾਯ ਪੱਸਤਿ॥
ਅਯ ਨਬਿੰਦਤੀ ਦੁੱਖੇ ਏਸ ਮੱਗੋ ਵਿਸੁੱਧਿਯ॥"

"ਜੋ ਸਾਜਿਆ ਗਿਆ ਹੈ, ਉਹ ਦੁੱਖ ਰੂਪ ਹੈ, ਜਿਸ ਨੇ ਇਉਂ ਬੁੱਝ ਲਿਆ ਹੈ, ਉਹ ਦੁੱਖ-ਰਹਿਤ ਹੋ ਗਿਆ ਹੈ। ਇਹੋ ਰਾਹ ਸ਼ੁੱਧ ਧਰਮ ਦਾ ਹੈ।"[3]

ਗੁਰਬਾਣੀ ਵਿਚ ਵੀ ਦੁੱਖ ਦੀ ਵਿਆਪਕਤਾ ਨੂੰ ਸਵੀਕਾਰ ਕੀਤਾ ਗਿਆ ਹੈ। 'ਨਾਨਕ ਦੁਖੀਆ ਸਭੁ ਸੰਸਾਰੁ' ਉਕਤੀ ਇਸ ਗੱਲ ਨੂੰ ਸਪੱਸ਼ਟ ਕਰ ਦਿੰਦੀ ਹੈ ਕਿ ਸਮਸਤ ਜਗਤ ਦੁਖੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ 'ਸਗਲ ਸ੍ਰਿਸਟਿ ਕੋ ਰਾਜਾ ਦੁਖੀਆ' ਤੇ 'ਜੋ ਜੋ ਦੀਸੈ ਸੋ ਸੋ ਰੋਗੀ' ਆਖਦਿਆਂ ਦੁੱਖ ਦੀ ਵਿਆਪਕਤਾ ਨੂੰ ਸਵੀਕਾਰ ਕਰਦੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ:

**ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ॥**
**ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ॥**
**ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ॥**
**ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ॥** *(ਪੰਨਾ ੧੨੪੦)*

ਬਾਬਾ ਫ਼ਰੀਦ ਜੀ ਵੀ ਦੁੱਖ ਦੀ ਵਿਆਪਕਤਾ ਨੂੰ ਦੇਖ ਕੇ ਆਖਦੇ ਹਨ ਕਿ ਮੈਨੂੰ ਤਾਂ ਜਾਪਦਾ ਸੀ ਕਿ ਮੈਂ ਹੀ ਅਤਿਅੰਤ ਦੁਖੀ ਹਾਂ ਪਰ ਜਦੋਂ ਦੁਨੀਆਂ ਵਲ ਨਿਗਾਹ ਮਾਰੀ ਤਾਂ ਹੈਰਾਨੀ ਹੋਈ ਕਿ ਸਮਸਤ ਜਗਤ ਹੀ ਦੁੱਖ ਵਿਚ ਗ੍ਰਸਿਆ ਹੋਇਆ ਹੈ:

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥**
**ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥੮੧॥** *(ਪੰਨਾ ੧੩੮੨)*

ਜੀਵਨ ਵਿਚ ਮਨੁੱਖ ਨੂੰ ਪਲ ਪਲ ਮਗਰੋਂ ਦੁੱਖਾਂ ਨਾਲ ਦੋ ਹੱਥ ਹੋਣਾ ਪੈਂਦਾ ਹੈ। ਜਨਮ ਮਰਨ, ਜਮਦੂਤਾਂ ਦਾ ਡਰ, ਨਰਕ-ਅਗਨੀ, ਚੌਰਾਸੀ ਲੱਖ ਜੂਨਾਂ ਦਾ ਚੱਕਰ; ਗੱਲ ਕੀ ਸਾਰੇ ਪਾਸੇ ਦੁੱਖ ਹੀ ਦੁੱਖ ਦੇਖ ਕੇ ਮਨੁੱਖ ਸੁੱਖਾਂ ਦੀ ਭਾਲ ਕਰਨ ਲਈ ਤੁਰਦਾ ਹੈ। ਉਹ ਅਮਰ ਹੋਣਾ ਚਾਹੁੰਦਾ ਹੈ। ਸਦੀਵੀ ਜੀਵਨ। ਸਦੀਵੀ ਸੁਖ। ਪਰ ਉਸ ਦੀ ਭਾਲ, ਉਸ ਦੀ ਚਾਹ ਉਸ ਨੂੰ ਹੋਰ ਵੀ ਦੁਖੀ ਬਣਾਉਂਦੀ ਹੈ। ਜਗਤ ਦੁੱਖ-ਰੂਪ ਹੈ। ਇਥੇ ਤਾਂ ਜੇਕਰ ਬਹੁਤ ਹੱਸਿਆ ਵੀ ਜਾਵੇ ਤਾਂ ਅੱਖਾਂ ਵਿਚ ਪਾਣੀ ਆ ਜਾਂਦਾ ਹੈ।

ਮਨੁੱਖ ਦਾ ਹਰ ਯਤਨ ਹੈ ਕਿ ਸੁਖ ਮਿਲੇ। ਸੁਖ ਕੀ ਹੈ ? ਇਸ ਦੀ ਇਕ ਪਰਿਭਾਸ਼ਾ ਨਹੀਂ ਹੋ ਸਕਦੀ। ਜੋ ਮੇਰੇ ਲਈ ਸੁਖ ਹੈ ਮੇਰੇ ਸਾਥੀਆਂ ਲਈ ਦੁੱਖ ਹੋ ਸਕਦਾ ਹੈ ਪਰ ਅਸੀਂ ਆਖ ਸਕਦੇ ਹਾਂ ਕਿ ਵਿਅਕਤੀ ਦੀ ਹਰ ਇੱਛਾ ਪੂਰੀ ਹੋ ਜਾਵੇ ਤਾਂ ਉਹੀ ਸੁਖ ਹੈ। ਜਿਸ ਚੀਜ਼ ਦੀ ਉਹ ਚਾਹ ਕਰਦਾ ਹੈ ਉਸ ਨੂੰ ਪ੍ਰਾਪਤ ਹੋ ਜਾਵੇ ਤਾਂ ਉਸ ਲਈ ਸੁਖ ਹੈ। ਧਰਮ ਅਰਥ ਕਾਮ ਮੋਕਸ਼ ਦੀ ਪ੍ਰਾਪਤੀ ਸੁਖ ਹੈ। ਇਹਨਾਂ ਦੀ ਆਸ ਹੀ ਦੁੱਖ ਦਾ ਕਾਰਨ ਹੈ ਤੇ ਇਹਨਾਂ ਦੀ ਪ੍ਰਾਪਤੀ ਸੁਖ ਦਾ ਕਾਰਨ।

ਗੁਰਬਾਣੀ ਵਿਚ ਦੋ ਪ੍ਰਕਾਰ ਦੇ ਸੁਖ ਮੰਨੇ ਹਨ, ਇਕ ਪਦਾਰਥਕ ਸੁਖ ਜੋ ਛਿੰਨ-ਭੰਗਰੇ ਤੇ ਥੋੜ-ਚਿਰੀ ਹੁੰਦੇ ਹਨ ਤੇ ਦੂਜੇ ਆਤਮਿਕ ਜੋ ਸਦੀਵੀ ਹਨ ਤੇ ਅਮਰ ਹਨ।

ਪਦਾਰਥਕ ਸੁੱਖ ਤਾਂ ਮਾਇਆ ਦੀ ਉਪਜ ਹਨ। "ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ" ਪਦਾਰਥਕ ਬਹੁਲਤਾ ਤੇ ਉਹਨਾਂ ਦਾ ਅਧਿਕ ਪ੍ਰਯੋਗ ਹੀ ਸਰੀਰਕ ਰੋਗਾਂ ਦਾ ਖਾਸ ਕਾਰਨ ਹਨ। ਇਹੀ ਕਾਰਨ ਹੈ ਕਿ ਗੁਰੂ ਸਾਹਿਬ 'ਅੰਨੁ ਪਾਣੀ ਥੋੜਾ ਖਾਇਆ' ਤੇ 'ਅਲਪ ਅਹਾਰ ਸੁਲਪ ਸੀ ਨਿੰਦ੍ਰਾ" ਦਾ ਉਪਦੇਸ਼ ਦਿੰਦੇ ਹਨ।

ਇਹ ਸਰੀਰਕ ਭੋਗ ਵਿਲਾਸ, ਇਹ ਕਾਮ ਦੀ ਖੇਲ, ਇਹ ਸੁਖ ਜਾਪਦੇ ਹਨ। ਪਰ ਜ਼ਰਾ ਕੁ ਧਿਆਨ ਨਾਲ ਵਿਚਾਰੀਏ ਤਾਂ ਪਤਾ ਲੱਗਦਾ ਹੈ ਕਿ ਮਨੁੱਖ ਪਲਾਂ ਦੇ ਸੁਖ ਲਈ ਕਿੰਨਾ ਦੁੱਖ ਪਾਉਂਦਾ ਹੈ। ਭਰਥਰੀ ਹਰਿ ਜੀ ਨੇ ਬਹੁਤ ਸੁੰਦਰ ਆਖਿਆ ਹੈ ਕਿ ਮੈਂ ਸੋਚਦਾ ਸਾਂ ਕਿ ਮੈਂ ਭੋਗ ਭੋਗ ਰਿਹਾ ਹਾਂ। ਪਰ ਅੱਜ ਪਤਾ ਲੱਗਾ ਕਿ ਮੈਨੂੰ ਹੀ ਭੋਗ ਭੋਗ ਗਏ ਹਨ। ਅੰਤ ਹਾਲਤ ਕੀ ਹੁੰਦੀ ਹੈ :

**ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ॥੪੭॥** *(ਪੰਨਾ ੧੪੨੮)*

**ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥੪॥** *(ਪੰਨਾ ੧੪੨੬)*

ਸੁਖ ਦੀ ਭਾਲ ਹਿਤ ਇਹ ਜੀਵ ਕੁਟੰਬ ਦੇ ਮੋਹ ਵਿਚ ਗ੍ਰਸਤ ਹੁੰਦਾ ਹੈ। ਇਸ ਨੂੰ ਇਹ ਸਭ ਕੁਝ ਆਪਣਾ ਜਾਪਦਾ ਹੈ। ਇਹ ਘਰ ਬਾਰ, ਇਹ ਰਿਸ਼ਤੇਦਾਰ, ਸੰਬੰਧੀ, ਪਿਆਰੇ ਪੁਤ੍ਰ ਧੀਆਂ, ਪਰ ਇਹ ਵੀ ਧੋਖਾ ਹੈ। ਕਬੀਰ ਜੀ ਦੇ ਸ਼ਬਦਾਂ ਵਿਚ :

**ਪੁਤ੍ਰ ਕਲਤ੍ਰ ਲਛਮੀ ਮਾਇਆ॥**
**ਇਨ ਤੇ ਕਹੁ ਕਵਨੈ ਸੁਖੁ ਪਾਇਆ॥** *(ਪੰਨਾ ੬੯੨)*

ਇਸ ਗੱਲ ਨੂੰ ਮਹਾਤਮਾ ਬੁੱਧ ਜੀ ਨੇ ਬੜੇ ਹੀ ਸੁੰਦਰ ਢੰਗ ਨਾਲ ਆਖਿਆ ਹੈ :

"ਪੁੱਤਾ ਮ ਅਥਿ ਧਨੰਮ ਮ ਅਥਿ ਇਤਿ ਬਾਲੋ ਵਿਹਨਤਿ।
ਅੱਤਾ ਹਿ ਅੱਤਨੋ ਨਥਿ ਕੁੱਤੋ ਪੁੱਤਾ ਕੁੱਤੋ ਧੱਨਮ॥"

ਮੂਰਖ ਇਉਂ ਜਾਣਦਾ ਤੇ ਕਹਿੰਦਾ ਹੈ, "ਇਹ ਮੇਰਾ ਪੁੱਤਰ ਹੈ। ਇਹ ਮੇਰਾ ਧਨ ਹੈ ਜਦ ਆਪਣਾ ਆਪ ਹੀ ਆਪਣਾ ਨਹੀਂ ਤਾਂ ਪੁੱਤ ਤੇ ਧਨ ਨੇ ਕੀ ਹੋਣਾ ਹੋਇਆ ?"[4]

ਇਸ ਗੱਲ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਅੰਕਿਤ ਕਰਦਿਆਂ ਦੱਸਿਆ ਹੈ ਕਿ ਮਾਤਾ ਪਿਤਾ ਇਸਤਰੀਆਂ ਆਦਿ ਕੌਤਕ ਪੁਤ੍ਰ ਭਰਾ ਮਿਤ੍ਰ ਹਿਤੂ ਸਾਕ-ਸਬੰਧੀ, ਕੁਟੰਬ ਆਦਿ ਦਾ ਮੋਹ ਕਿਸ ਪ੍ਰਕਾਰ ਦੇ ਹਨ ? ਇਹਨਾਂ ਸਾਰਿਆਂ ਦਾ ਕਾਰਨ ਚੰਚਲ-ਰੂਪ ਮਾਇਆ। ਜੋ ਕਿਸ ਤਰ੍ਹਾਂ ਦੇਖਦਿਆਂ ਹੀ ਤਿਆਗ ਜਾਂਦੀ ਹੈ। ਸਾਧ-ਸੰਗ ਕਰਕੇ ਸਦਾ ਸਾਥ ਰਹਿਣ ਵਾਲੇ ਸਿਮਰਨ ਦੀ ਪ੍ਰਾਪਤੀ ਹੁੰਦੀ ਹੈ। ਉਹਨਾਂ ਦੇ ਸ਼ਬਦ ਹਨ :

**ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ ॥**
**ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਯ੍ਯਤੇ ॥**
**ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤਿ ॥**
**ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧ੍ਯ੍ਯੰ ਅਚੁਤ ਤਨਹ ॥੧॥**
**ਧ੍ਰਿਗੰਤ ਮਾਤ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ ਬਾਂਧਵਹ ॥**
**ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ ॥**
**ਧ੍ਰਿਗ ਸ੍ਨੇਹੰ ਗ੍ਰਿਹਾਰਥ ਕਹ ॥**
**ਸਾਧਸੰਗ ਸ੍ਨੇਹ ਸਤ੍ਯ੍ਯਿੰ ਸੁਖਯੰ ਬਸੰਤਿ ਨਾਨਕਹ ॥੨॥** *(ਪੰਨਾ ੧੩੫੩)*

ਇਸ ਗੱਲ ਨੂੰ ਵਾਰ-ਵਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਸਾਨੂੰ ਦ੍ਰਿੜ੍ਹ ਕਰਵਾਉਣ ਹਿੱਤ ਦੁਹਰਾਇਆ ਹੈ ਕਿ ਇਹ ਸਕੇ-ਸੰਬੰਧੀ, ਪੁੱਤਰ, ਧੀਆਂ, ਪਤਨੀ, ਮਾਪੇ ਸੰਬੰਧੀ ਮਿਤ੍ਰ ਸਭ ਸੁਖ ਦੇ ਸਾਥੀ ਹਨ। ਦੁੱਖ ਵੇਲੇ ਤਾਂ ਇਕੱਲੇ ਹੀ ਦੋ ਹੱਥ ਹੋਣਾ ਪੈਂਦਾ ਹੈ। ਜਮ ਮਾਰਗ 'ਤੇ ਤਾਂ ਕੋਈ ਵੀ ਸੰਗੀ ਸਾਥੀ ਨਹੀਂ। ਸਭ ਜੀਊਂਦਿਆਂ ਦੇ ਬੇਲੀ ਹਨ। ਇਸ ਲਈ ਇਹਨਾਂ ਦੇ ਮੋਹ ਵਿਚ ਗ੍ਰਸਤ ਨਹੀਂ ਹੋਣਾ ਚਾਹੀਦਾ। ਇਸ ਪ੍ਰਥਾਇ ਗੁਰਬਾਣੀ ਵਿਚ ਇੰਞ ਅੰਕਿਤ ਹੈ :

1. **ਸਭ ਕਿਛੁ ਜੀਵਤ ਕੋ ਬਿਵਹਾਰ ॥**
   **ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥੧॥ਰਹਾਉ॥**
   **ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ ॥**
   **ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ ॥੧॥** *(ਪੰਨਾ ੫੩੬)*
2. **ਜਗਤ ਮੈ ਝੂਠੀ ਦੇਖੀ ਪ੍ਰੀਤਿ ॥**
   **ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥੧॥** *(ਉਹੀ)*
3. **ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥**
   **ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥** *(ਪੰਨਾ ੬੩੩)*
4. **ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥**
   **ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥** *(ਪੰਨਾ ੭੨੬)*
5. **ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥** *(ਪੰਨਾ ੧੧੮੭)*

ਮਾਨਵ ਫਿਰ ਵੀ ਸੁਖ ਦੀ ਭਾਲ ਕਰਨੋਂ ਨਹੀਂ ਹੱਟਦਾ। ਇਕ ਸੁਖ ਦੀ ਪ੍ਰਾਪਤੀ ਲਈ ਉਹ ਦਿਨ ਰਾਤ ਮਰਦਾ ਹੈ। ਜਨ-ਜਨ ਦੀ ਸੇਵਾ ਕਰਦਾ ਹੈ ਤਾਂ ਕਿ ਪ੍ਰਾਪਤੀ ਲਈ ਉਹਨਾਂ ਦੀ ਸਹਾਇਤਾ ਲਵੇ ਤੇ ਇਕ ਸੁਖ ਨੂੰ ਹਥਿਆ ਲਵੇ। ਸੁਖ ਦੀ ਪ੍ਰਾਪਤੀ ਪਲਾਂ ਲਈ ਖ਼ੁਸ਼ੀ ਪ੍ਰਦਾਨ ਕਰਦੀ ਹੈ। ਪਰ ਫਿਰ ਉਹ ਸੁਖ ਛੋਟਾ ਲੱਗਣ ਲੱਗ ਪੈਂਦਾ ਹੈ ਤੇ ਮਨ ਹੋਰ ਭਟਕਣ ਲੱਗ ਪੈਂਦਾ ਹੈ। ਇਹ ਤਾਂ ਮੱਛੀ ਦੇ ਪੱਥਰ ਚੱਟਣ ਵਾਲੀ ਗੱਲ ਹੈ। ਓਨਾ ਚਿਰ ਉਹ ਸੁਖ ਵਧੀਆ ਲੱਗਦਾ ਹੈ ਜਿੰਨਾ ਚਿਰ ਪ੍ਰਾਪਤੀ ਨਹੀਂ ਹੁੰਦੀ ਪਰ ਜਦੋਂ ਪ੍ਰਾਪਤੀ ਹੁੰਦੀ ਹੈ ਤਾਂ ਉਹ ਸੁਖ ਵੀ ਸੁਖ ਨਹੀਂ ਰਹਿ ਜਾਂਦਾ। ਗੁਰੂ ਸਾਹਿਬ ਵੀ ਦੱਸਦੇ ਹਨ:

**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥** *(ਪੰਨਾ ੪੧੧)*

ਮਾਨਵ ਦੀ ਇੱਛਾ ਹੈ ਕਿ ਉਹ ਅਮਰ ਹੋ ਜਾਵੇ। ਕਾਲ ਕਦੇ ਵੀ ਉਹਦੇ ਜੀਵਨ ਨੂੰ ਸਮਾਪਤ ਨਾ ਕਰੇ। ਇਸ ਲਈ ਉਹ ਕਾਲ ਪਾਸੋਂ ਬਚਣ ਲਈ ਉਪਾਵ ਕਰਦਾ ਰਹਿੰਦਾ ਹੈ। ਕਾਲ ਨੂੰ ਭੁਲਾਣ ਲਈ ਮਨ ਹੋਰ ਪਾਸੇ ਲਾਉਂਦਾ ਹੈ। ਜਾਪ ਤਾਪ ਕਰਦਾ ਹੈ ਪਰ ਕਾਲ ਤਾਂ ਬਾਜ ਵਾਂਗ ਆ ਕੇ ਝਪਟਦਾ ਹੈ। ਦਸਮ ਪਾਤਸ਼ਾਹ ਜੀ ਦੇ ਸ਼ਬਦਾਂ ਵਿਚ:

**ਬਚੈਗੋ ਨਾ ਕਿਉ ਹੂੰ ਕਰੈ ਕਾਲ ਚੋਟੰ॥**
**ਲਿਖੰ ਜੰਤ੍ਰ ਕੇਤੇ ਪੜ੍ਹੰ ਮੰਤ੍ਰ ਕੋਟੰ॥੬੧॥** *(ਬਚਿੱਤਰ ਨਾਟਕ, ਅਧਿ: ੧)*

ਤੇ ਬਾਬਾ ਫ਼ਰੀਦ ਜੀ ਆਖਦੇ ਹਨ:

**ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥**
**ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥**
**ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥**
**ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥** *(ਪੰਨਾ ੧੩੮੩)*

ਇਸ ਦੁਨੀਆਂ ਵਿਚ ਜੋ ਆਇਆ ਹੈ ਉਹ ਆਖ਼ਰ ਚਲਾ ਗਿਆ ਹੈ। ਫਿਰ ਰਹਿਣ ਲਈ ਇਸ ਦੁਨੀਆਂ ਦੇ ਸਾਰੇ ਯਤਨ ਅਸਫਲ ਰਹੇ ਹਨ। ਵੱਡੇ ਵੱਡੇ ਅੰਬੀਆਂ, ਔਲੀਆ, ਗੌਂਸ, ਦੇਵ, ਦਾਨਵ, ਮਾਨਵ ਆਦਿ ਆਏ ਪਰ ਕਾਲ ਨੇ ਇਹਨਾਂ ਦੀ ਲੀਲਾ ਖ਼ਤਮ ਕਰ ਦਿੱਤੀ। ਸਿਵਾਏ ਅਕਾਲ ਪੁਰਖ ਦੇ ਸਾਰੇ ਹੀ ਕਾਲ ਵੱਸ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ:

**ਜਿਤੇ ਰਾਮ ਹੂਏ॥ ਸਭੈ ਅੰਤ ਮੂਏ ॥**
**ਜਿਤੇ ਕ੍ਰਿਸਨ ਹ੍ਵੈਹੈਂ॥ ਸਭੈ ਅੰਤ ਜੈਹੈਂ ॥**
**ਜਿਤੇ ਦੇਵ ਹੋਸੀ॥ ਸਭੇ ਅੰਤ ਜਾਸੀ ॥**
**ਜਿਤੇ ਬੋਧ ਹ੍ਵੈਹੈਂ॥ ਸਭੇ ਅੰਤ ਛੈਹੈਂ ॥੭੧॥...**
**ਜਿਤੇ ਹੋਇ ਬੀਤੇ॥ ਤਿਤੇ ਕਾਲ ਜੀਤੇ ॥** *(ਬਚਿੱਤਰ ਨਾਟਕ, ਅਧਿ: ੧)*

ਗੱਲ ਕੀ ਕਾਲ ਦੇ ਸਾਰੇ ਹੀ ਅਧੀਨ ਹਨ। ਪਰ ਮਨੁੱਖ ਜਾਣਦਾ ਹੋਇਆ ਵੀ ਇਸ ਨੂੰ ਮੰਨਣ ਲਈ ਤਿਆਰ ਨਹੀਂ ਕਿ ਮੈਂ ਵੀ ਮਰਨਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਕਾਲ ਦੇ ਹਮਲੇ ਬਾਰੇ ਮਾਨਵ ਨੂੰ ਸੁਚੇਤ ਕਰਦਿਆਂ ਆਖਦੇ ਹਨ:

1. **ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥** *(ਪੰਨਾ ੬੩੧)*
2. **ਮਨ ਕੀ ਮਨ ਹੀ ਮਾਹਿ ਰਹੀ ॥**
   **ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥** *(ਉਹੀ)*

ਮੌਤ ਆ ਕੇ ਸਾਰੀ ਖੇਡ ਹੀ ਸਮਾਪਤ ਕਰ ਦਿੰਦੀ ਹੈ। ਮਨੁੱਖ ਦੇ ਮਨ ਦੀਆਂ ਮਨ ਵਿਚ ਹੀ ਰਹਿ ਜਾਂਦੀਆਂ ਹਨ। ਇਹ ਦਿੱਸਦਾ ਵਸਦਾ ਪਲ ਵਿਚ ਹੀ ਸੁਪਨਾ ਬਣ ਜਾਂਦਾ ਹੈ ਤੇ ਮਾਨਵ ਨੂੰ ਦੋਨੋਂ ਹੱਥ ਝਾੜ ਕੇ ਖਾਲੀ ਹੱਥੀਂ ਤੁਰਨਾ ਪੈਂਦਾ ਹੈ। ਸਿਕੰਦਰ ਵਰਗਾ ਮਹਾਨ ਬਾਦਸ਼ਾਹ ਜਦੋਂ ਮਰਨ ਕਿਨਾਰੇ ਸੀ ਤਾਂ ਆਪਣੇ ਮਿੱਤ੍ਰਾਂ ਨੂੰ ਪਾਸ ਬੁਲਾ ਕੇ ਆਖਣ ਲੱਗਾ ਕਿ ਮੇਰੇ ਮਰਨ ਮਗਰੋਂ ਮੇਰੇ ਦੋਨੋਂ ਹੱਥ ਕਫ਼ਨ ਤੋਂ ਬਾਹਰ ਰੱਖਣਾ ਤੇ ਮੇਰਾ ਜਨਾਜ਼ਾ ਵੈਦਾਂ ਦੇ ਕੰਧਿਆਂ 'ਤੇ ਹੋਵੇ ਤਾਂ ਕਿ ਲੋਕਾਂ ਨੂੰ ਪਤਾ ਲੱਗੇ ਕਿ ਮਹਾਨ ਸਿਕੰਦਰ ਖ਼ਾਲੀ ਹੱਥ ਹੀ ਇਸ ਦੁਨੀਆਂ ਤੋਂ ਜਾ ਰਿਹਾ ਹੈ ਤੇ ਇਹ ਵੈਦ ਵੀ ਉਸ ਨੂੰ ਬਚਾ ਨਹੀਂ ਸਕੇ।

ਫਿਰ ਸੁਖ ਕਿਥੇ ? ਇਹ ਬੜੀ ਵੱਡੀ ਸਮੱਸਿਆ ਹੈ। ਹਰ ਇਕ ਦੀ ਦ੍ਰਿਸ਼ਟੀ ਵੱਖਰੀ ਹੈ। ਹਰ ਇਕ ਦੇ ਸੁਖ ਦੇ ਸੰਕਲਪ ਵੱਖ ਹਨ। ਵਿਸ਼ਟਾ ਦੇ ਕੀੜੇ ਨੂੰ ਵਿਸ਼ਟਾ ਹੀ ਸੁਖ-ਸਾਗਰ ਹੈ। ਹੰਸ ਸੁੱਚੇ ਮੋਤੀਆਂ ਨੂੰ ਸੁਖ ਮੰਨਦਾ ਹੈ। ਸਿੱਖ ਲਈ ਸੁਖ ਦਾ ਸੰਕਲਪ ਕੀ ਹੈ ? ਅਕਾਲ ਪੁਰਖ ਦੀ ਪ੍ਰਾਪਤੀ ਤੇ ਇਉਂ ਸਿੱਖ-ਗੁਰੂ-ਅਕਾਲ ਪੁਰਖ ਇਕ ਮਿਕ ਹੋ ਜਾਂਦੇ ਹਨ। ਇਹੀ ਸੁਖ ਹੈ। ਪਰ ਇਸ ਦੀ ਪ੍ਰਾਪਤੀ ਕਿਵੇਂ ਹੋਵੇ ? ਕਿਹੜੇ ਸਾਧਨ ਹਨ ਕਿ ਸੁਖ-ਸਾਗਰ-ਪਰਮਾਤਮਾ ਵਿਚ ਸਮਾ ਸਕੀਏ ? ਜੋ ਸਮਾ ਗਏ ਹਨ ਉਹਨਾਂ ਦੀ ਦਸ਼ਾ ਕਿਹੋ ਜਿਹੀ ਹੈ ? ਆਓ ਇਸ ਬਾਰੇ ਵਿਚਾਰ ਕਰੀਏ।

ਗੁਰਬਾਣੀ ਵਿਚ ਸਭ ਤੋਂ ਪ੍ਰਮੁੱਖ ਤੇ ਸਿੱਧਾ-ਸਾਦਾ ਸਾਧਨ ਦੱਸਿਆ ਹੈ, ਸਿਮਰਨ। ਸਿਮਰਨ ਦਾ ਅਰਥ ਹੈ ਯਾਦ ਕਰਨਾ। ਅਕਾਲ ਪੁਰਖ ਨੂੰ ਹਰ ਵੇਲੇ ਯਾਦ ਕਰਨਾ। ਉਸ ਦੇ ਨਾਮ ਦਾ ਜਾਪ ਕਰਨਾ। ਸਿਮਰਨ ਤਾਂ ਰਟਨ ਨਹੀਂ ਸਗੋਂ ਸੁਚੇਤ ਹੋ ਕੇ ਅਕਾਲ ਪੁਰਖ ਦੀ ਹਸਤੀ ਨੂੰ ਹਰ ਵੇਲੇ ਦਿਲ ਵਿਚ ਵਸਾ ਕੇ ਉਸ ਨੂੰ ਯਾਦ ਕਰਨਾ ਹੈ। ਜਦੋਂ ਸਾਧਕ ਹਰ ਵੇਲੇ ਆਪਣਾ ਮਨ ਸਿਮਰਨ ਵਿਚ ਲਾਈ ਰੱਖਦਾ ਹੈ ਤਾਂ ਅਜਿਹੀ ਅਵਸਥਾ ਆ ਜਾਂਦੀ ਹੈ ਜਿਥੇ ਅਜਪਾ ਜਾਪ ਹੋਣ ਲੱਗ ਪੈਂਦਾ ਹੈ। ਅੰਤਰ-ਆਤਮੇ ਆਪ-ਮੁਹਾਰਾ ਉਸ ਵਿਰਾਟ ਵਾਹਿਗੁਰੂ ਦਾ ਜਾਪ ਹੋਈ ਜਾਂਦਾ ਹੈ। ਇਹ ਸਿਮਰਨ ਦਾ ਸਿਖਰ ਹੈ। ਇਥੇ ਨਾਮ ਤੇ ਨਾਮੀ ਵਿਚ ਅਭਿੰਨਤਾ ਹੋ ਜਾਂਦੀ ਹੈ। ਇਸ ਲਈ ਗੁਰਬਾਣੀ ਵਿਚ ਵਾਰ ਵਾਰ ਸਿਮਰਨ ਦੀ ਲੋੜ ਤੇ ਸਿਮਰਨ ਕਰਨ ਲਈ ਆਖਿਆ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦਾ ਆਰੰਭ ਹੀ "ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ" ਤੋਂ ਕਰਦੇ ਹਨ ਅਤੇ ਦੱਸਦੇ ਹਨ—"ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ" ਤੇ "ਹਰਿ ਕਾ ਨਾਮੁ ਜਪਤ ਦੁਖੁ ਜਾਇ" ਦਾ ਉਪਦੇਸ਼ ਦਿੰਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਵੀ ਥਾਂ ਥਾਂ 'ਤੇ ਪ੍ਰਾਣੀ ਨੂੰ ਨਾਮ ਸਿਮਰਨ ਲਈ ਆਖਦੇ ਹਨ। ਇਹ ਮਾਇਆ-ਮਦ-ਮਾਤਾ ਪ੍ਰਾਣੀ ਹਰ ਵੇਲੇ ਮਾਇਆ ਜਾਲ ਵਿਚ ਫਸਿਆ ਮ੍ਰਿਗ-ਤ੍ਰਿਸ਼ਨਾ ਅਧੀਨ ਭੱਜਾ ਫਿਰਦਾ ਪਾਪ ਕਰਦਾ ਰਹਿੰਦਾ ਹੈ ਤੇ ਅਖੀਰ ਮਾਇਆ ਦੇ ਸੁਖ ਵੀ ਪ੍ਰਾਪਤ ਨਹੀਂ ਹੁੰਦੇ ਤੇ ਨਾ ਹੀ ਕੁਝ ਹੋਰ ਪ੍ਰਾਪਤ ਹੁੰਦਾ ਹੈ। ਅੰਤ ਕਾਲ ਆ ਕੇ ਘੇਰ ਲੈਂਦਾ ਹੈ ਤੇ ਮਨ ਦੀਆਂ ਮਨ ਵਿਚ ਹੀ ਰਹਿ ਜਾਂਦੀਆਂ ਹਨ। ਇਸ ਲਈ ਅਚੇਤ ਦੀਵਾਨੇ ਤੇ ਪਾਪੀ ਮਨ ਨੂੰ ਸਾਹਿਬ ਵਾਰ-ਵਾਰ ਨਾਮ ਜਪਣ ਲਈ ਉਪਦੇਸ਼ ਦਿੰਦੇ ਹਨ :

**ਸਾਧੋ ਗੋਬਿੰਦ ਕੇ ਗੁਨ ਗਾਵਉ ॥...**
**ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥੧॥**
**ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥** *(ਪੰਨਾ ੨੧੯)*

ਪੁਨਾ

**ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥...** *(ਪੰਨਾ ੨੨੦)*

ਪੁਨਾ

**ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥** *(ਉਹੀ)*

ਪੁਨਾ

**ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ ॥** *(ਪੰਨਾ ੫੩੬)*

ਪੁਨਾ

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥**
**ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥** *(ਪੰਨਾ ੬੩੨)*

ਪੁਨਾ

**ਹਰਿ ਕੋ ਨਾਮੁ ਸਦਾ ਸੁਖਦਾਈ ॥** *(ਪੰਨਾ ੧੦੦੮)*

ਸਿਮਰਨ ਕਰਨ ਨਾਲ ਵਾਹਿਗੁਰੂ ਨਾਲ ਪ੍ਰੇਮ-ਪਿਆਰ ਪਵੇਗਾ। ਭਗਤੀ ਮਾਰਗ ਹੈ ਹੀ ਪ੍ਰੇਮ ਦਾ ਸਾਗਰ। ਪਿਆਰ ਹੀ ਸਰਬ ਸ੍ਰੇਸ਼ਟ ਸਾਧਨ ਹੈ, ਉਸ ਸੁਖ ਦਾਤਾ ਜੀ ਨੂੰ ਪਾਉਣ ਦਾ। ਇਹੀ ਕਾਰਨ ਹੈ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਵਾਹਿਗੁਰੂ ਨਾਲ ਪ੍ਰੇਮ ਪਾਉਣ ਲਈ ਆਖਿਆ ਹੈ। ਉਹ ਬਾਲਕ ਵਾਂਗੂੰ ਪਾਲਦਾ ਹੈ। ਮਾਂ ਪਿਓ ਬਣ ਕੇ ਬਾਲਕ ਦੀ ਹਰ ਰੀਝ ਪੂਰੀ ਕਰਦਾ ਹੈ। ਜੇਕਰ ਉਸ ਨੂੰ ਕੰਤ ਰੂਪ ਵਿਚ ਚਿਤਵਿਆ ਹੈ ਤਾਂ ਉਹ ਪੀਆ ਬਣ ਕੇ ਕਾਮਨ ਦੀ ਹਰ ਆਸ ਪੂਰੀ ਕਰਦਾ ਹੈ, ਗੁਰਬਾਣੀ ਵਿਚ ਉਸ ਨੂੰ ਮਾਂ-ਪਿਉ, ਭੈਣ-ਭਾਈ, ਮੀਤ-ਸਾਜਨ, ਸੰਤ, ਖਸਮ-ਮਾਲਕ ਸਭ ਕੁਝ ਚਿਤਵ ਕੇ ਪਿਆਰ ਪਾਇਆ ਹੈ। ਇਸ ਲਈ ਉਹ ਸਿੱਖ ਸਾਧਕ ਦਾ ਸਭ ਕੁਝ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਥਾਂ-ਥਾਂ 'ਤੇ ਵਾਹਿਗੁਰੂ ਜੀ ਨਾਲ ਪ੍ਰੇਮ-ਪਿਆਰ, ਪ੍ਰੀਤ ਪਾਉਣ ਲਈ ਆਖਦੇ ਹਨ :

**ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥**
**ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥** *(ਪੰਨਾ ੬੩੧)*

ਵਾਹਿਗੁਰੂ ਦੀ ਸ਼ਰਨ ਵਿਚ ਜਾਣਾ ਹੀ ਸੁਖਾਂ ਦੀ ਪ੍ਰਾਪਤੀ ਹੈ। ਸੁਖ-ਦਾਤਾ ਸ਼ਰਨ ਆਇਆਂ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ। ਸ਼ਰਨ ਆਏ ਨੂੰ ਕੰਠ ਲਾਉਂਦਾ ਹੈ ਤੇ ਉਥੇ ਮਨ ਸਾਰੇ ਵਿਕਾਰਾਂ ਤੋਂ ਮੁਕਤ ਹੋ ਕੇ ਵਿਸ਼ਰਾਮ ਕਰਦਾ ਹੈ। ਅਸਲ ਵਿਚ ਦੁੱਖਾਂ ਦਾ ਕਾਰਨ ਹੀ ਮਨ ਦੀ ਭਟਕਣਾ ਹੈ। ਇਸ ਲਈ ਗੁਰੂ ਜੀ ਦੇ ਮਹਾਂਵਾਕ ਹਨ :

**ਸਾਧੋ ਰਾਮ ਸਰਨਿ ਬਿਸਰਾਮਾ ॥** *(ਪੰਨਾ ੨੨੦)*

ਇਹ ਜਗਤ ਤਾਂ ਮਿਥਿਆ ਹੈ। ਬੱਦਲ ਦੀ ਛਾਂ ਵਾਂਗ ਬਿਨਸਨਹਾਰਾ ਹੈ। ਪਲ ਪਲ ਮਗਰੋਂ

ਇਹ ਬਦਲਦਾ ਰਹਿੰਦਾ ਹੈ। ਹਰ ਚੀਜ਼ ਸਮੇਂ ਦੇ ਨਾਲ ਨਾਲ ਆਪਣੀ ਹੋਂਦ ਖੋਹ ਦਿੰਦੀ ਹੈ। ਕਾਲ ਆ ਕੇ ਸਾਰੀ ਖੇਡ ਖ਼ਤਮ ਕਰ ਦੇਂਦਾ ਹੈ। ਇਸ ਲਈ ਮੁਕਤੀ ਦਾਤੇ ਦੀ ਸ਼ਰਨ ਰਹਿਣਾ ਬਣਦਾ ਹੈ। ਮਹਾਂਵਾਕ ਹਨ:

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥**
**ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥** *(ਪੰਨਾ ੨੧੯)*

ਜਦੋਂ ਗਜ (ਹਾਥੀ) ਨੂੰ ਤੰਦੂਏ ਨੇ ਆਪਣੇ ਜਾਲ ਵਿਚ ਜਕੜ ਲਿਆ ਤਾਂ ਉਸ ਨੇ ਸਾਰੇ ਯਤਨ ਕੀਤੇ, ਪਰ ਅਖ਼ੀਰ ਪਰਮਾਤਮਾ ਨੂੰ ਯਾਦ ਕੀਤਾ, ਉਹਦੀ ਸ਼ਰਨ ਪੈ ਗਿਆ ਤਾਂ ਉਸ ਅਕਾਲ ਸ਼ਕਤੀ ਨੇ ਗਜ ਨੂੰ ਮੁਕਤੀ ਦਿਵਾ ਦਿੱਤੀ। ਇਹ ਉਦਾਹਰਣ ਦੇ ਕੇ ਗੁਰੂ ਸਾਹਿਬ ਅਕਾਲ ਪੁਰਖ ਦੀ ਸ਼ਰਨ ਗ੍ਰਹਿਣ ਕਰਨ ਲਈ ਆਖਦੇ ਹਨ:

**ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥** *(ਪੰਨਾ ੬੩੨)*

ਇਹੀ ਕਾਰਨ ਹੈ ਕਿ ਸਾਹਿਬਾਂ ਨੇ ਥਾਂ-ਥਾਂ 'ਤੇ ਮਾਨਵ ਨੂੰ ਪ੍ਰਭੂ ਦੀ ਸ਼ਰਨ ਦੀ ਪ੍ਰਾਪਤੀ ਲਈ ਬੇਨਤੀ ਕਰਨ ਲਈ ਆਖਿਆ ਹੈ। ਕਾਰਨ ਹੈ ਕਿ ਮਾਨਵ ਤਾਂ ਅਵਗੁਣਾਂ ਭਰਿਆ ਹੈ। ਉਸ ਨੂੰ ਤਾਂ ਸਿਰਫ਼ ਅਰਦਾਸ ਕਰਨੀ ਬਣਦੀ ਹੈ। ਇਹੀ ਕਾਰਨ ਹੈ ਕਿ ਸਾਹਿਬ ਆਖਦੇ ਹਨ:

**ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥**
**ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥** *(ਪੰਨਾ ੭੦੩)*

ਪੁਨਾ

**ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ॥**
**ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥** *(ਪੰਨਾ ੧੨੩੨)*

ਤੇ ਗੁਰੂ ਸਾਹਿਬ ਆਖਦੇ ਹਨ ਜਿਨ੍ਹਾਂ ਨੂੰ ਸਦੀਵੀ ਸੁਖ ਦੀ ਚਾਹ ਹੈ ਉਹਨਾਂ ਦੀ ਇਹ ਚਾਹ ਸਿਰਫ਼ ਅਕਾਲ ਪੁਰਖ ਦੀ ਸ਼ਰਨ ਜਾਣ ਨਾਲ ਹੀ ਪੂਰੀ ਹੋ ਸਕਦੀ ਹੈ:

**ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥**
**ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥** *(ਪੰਨਾ ੧੪੨੭)*

ਸਾਰੇ ਸੁੱਖਾਂ ਦਾ ਦਾਤਾ ਅਕਾਲ ਪੁਰਖ ਹੈ। ਉਸ ਦਾ ਸ਼ਰੀਕ ਕੋਈ ਨਹੀਂ ਹੈ। ਉਸ ਨੂੰ ਯਾਦ ਕਰਕੇ ਉਸ ਦੀ ਸ਼ਰਨ ਜਾ ਕੇ ਮਾਨਵ ਸਦੀਵ ਸੁਖ ਨੂੰ ਪ੍ਰਾਪਤ ਕਰ ਲੈਂਦਾ ਹੈ। ਉਸ ਨੇ ਸਾਨੂੰ ਸਰੀਰ, ਪਦਾਰਥਕ, ਸੁਖ, ਮਹਿਲ ਮਾੜੀਆਂ ਆਦਿ ਦਿੱਤੇ ਹਨ, ਉਸ ਨੂੰ ਸਿਮਰਨਾ ਚਾਹੀਦਾ ਹੈ। ਉਸ ਦੇ ਸਿਮਰਨ ਨਾਲ ਮੁਕਤੀ ਮਿਲ ਜਾਵੇਗੀ:

**ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥**
**ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥**
**ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥**
**ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥** *(ਪੰਨਾ ੧੪੨੬)*

ਅਸਲ ਵਿਚ ਸਿਮਰਨ ਕਰਦਿਆਂ, ਅਕਾਲ ਪੁਰਖ ਦੀ ਸ਼ਰਨ ਵਿਚ ਰਹਿੰਦਿਆਂ ਮਾਨਵ

ਦੁੱਖ-ਸੁਖ ਨੂੰ ਅਕਾਲ ਪੁਰਖ ਦਾ ਭਾਣਾ ਮੰਨ ਕੇ ਅਨੰਦ ਵਿਚ ਰਹਿੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਂਵਾਕ ਹਨ:

**ਭਾਣਾ ਮੰਨੇ ਸਦਾ ਸੁਖੁ ਹੋਇ ॥** *(ਪੰਨਾ ੩੬੪)*

**ਸੁਖੁ ਦੂਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ ॥** *(ਪੰਨਾ ੪੩੨)*

ਪੁਨਾ

**ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥**
**ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥** *(ਪੰਨਾ ੮੧੩)*

ਪੁਨਾ

**ਨਾਨਕ ਸੁਖ ਅਨਦ ਭਏ ਪ੍ਰਭ ਕੀ ਮੰਨਿ ਰਜਾਇ ॥** *(ਪੰਨਾ ੧੪੨੫)*

ਭਾਣਾ ਮੰਨਣ ਵਾਲਾ ਤਾਂ ਫਿਰ ਦੁੱਖ-ਸੁਖ, ਮਾਣ-ਅਪਮਾਨ, ਹਰਖ-ਸੋਗ, ਉਸਤਤ-ਨਿੰਦਾ ਆਦਿ ਨੂੰ ਸਮ ਕਰਕੇ ਜਾਣਦਾ ਹੈ, ਉਹ ਬ੍ਰਹਮ ਗਿਆਨੀ, ਸਾਧ, ਸੰਤ, ਜੀਵਨ-ਮੁਕਤਿ, ਜਨ, ਭਗਤ ਬਣ ਜਾਂਦਾ ਹੈ। ਫਿਰ ਤਾਂ:

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**
**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥** *(ਪੰਨਾ ੨੧੯)*

**ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥**
**ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥** *(ਪੰਨਾ ੨੨੦)*

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥**
**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥**
**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥** *(ਪੰਨਾ ੬੩੩)*

ਪਰ ਕੀ ਇਹ ਮਾਨਸਿਕ ਦਸ਼ਾ ਮਾਨਵ ਆਪ ਹੀ ਪ੍ਰਾਪਤ ਕਰ ਸਕਦਾ ਹੈ ? ਨਹੀਂ। ਇਸ ਲਈ ਤਾਂ ਗੁਰੂ ਜੀ ਦੀ ਮਿਹਰ ਦੀ ਲੋੜ ਹੈ। "ਗੁਰ ਪ੍ਰਸਾਦਿ" ਹੀ ਪਰਮਾਤਮਾ ਦੀ ਪ੍ਰਾਪਤੀ ਲਈ ਅਵਸ਼ਕ ਹੈ। ਗੁਰੂ ਦੀ ਮਿਹਰ ਹੀ ਸਾਧਨ ਹੈ ਇਸ ਦਸ਼ਾ ਦੀ ਪ੍ਰਾਪਤੀ ਦਾ। ਇਸ ਕਰਕੇ ਸਾਹਿਬ ਫ਼ੁਰਮਾਉਂਦੇ ਹਨ:

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥** *(ਉਹੀ)*

ਇਸ ਸਾਰੀ ਵਿਚਾਰ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਜੋ ਮਾਨਵ ਦੁੱਖ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ ਤੇ ਸਦੀਵੀ ਸੁਖ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਉਸ ਨੂੰ ਸਿਮਰਨ ਕਰਨਾ ਚਾਹੀਦਾ ਹੈ। ਅਕਾਲ ਪੁਰਖ ਦੀ ਸ਼ਰਨ ਵਿਚ ਰਹਿਣਾ, ਰਾਮ ਨਾਮ ਨੂੰ ਯਾਦ ਰੱਖਣਾ, ਪਰਮਾਤਮਾ ਨੂੰ ਪਿਆਰ

ਕਰਨਾ, ਭਾਣੇ ਵਿਚ ਰਹਿਣਾ ਤੇ ਹਰ ਵੇਲੇ ਵਾਹਿਗੁਰੂ ਨੂੰ ਆਪ ਦੇ ਹਿਰਦੇ ਵਿਚ ਵਸਾਉਣਾ ਚਾਹੀਦਾ ਹੈ, ਫਿਰ ਦੁੱਖ-ਸੁਖ ਪੋਂਹਦੇ ਹੀ ਨਹੀਂ। ਇਹ ਆਉਂਦੇ ਤਾਂ ਹਨ ਪਰ ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਜਿਵੇਂ ਆਦਮੀ ਕੱਪੜੇ ਬਦਲਦਾ ਰਹਿੰਦਾ ਹੈ ਇਵੇਂ ਦੁੱਖ-ਸੁਖ ਵੀ ਬਦਲਣੇ ਚਾਹੀਦੇ ਹਨ:

**ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥**
**ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥** *(ਪੰਨਾ ੧੪੯)*

ਸੋ ਅਜਿਹਾ ਸੋਚਣਾ ਚਾਹੀਦਾ ਹੈ ਕਿ ਇਹ ਆਉਣ ਜਾਣ ਵਾਲੀਆਂ ਚੀਜ਼ਾਂ ਹਨ, ਫਿਰ ਦੁਖ ਪੋਹੇਗਾ ਨਹੀਂ ਤੇ ਸੁਖ ਖਰਸਮਤੀਆਂ ਕਰਨ ਨੂੰ ਪ੍ਰੇਰੇਗਾ ਨਹੀਂ। "ਕਿਸੇ ਵੇਲੇ ਇਕ ਦਾ ਪਾਸਾ ਭਾਰੀ ਹੁੰਦਾ ਹੈ, ਕਿਸੇ ਵੇਲੇ ਦੂਜੇ ਦਾ। ਪਰ ਦੁੱਖ ਉਸ ਵੇਲੇ ਬਾਜ਼ੀ ਜਿੱਤਣ ਲੱਗਦਾ ਹੈ ਜਿਸ ਵੇਲੇ ਕਿ ਇਨਸਾਨ ਕਿਸੇ ਸੁਭਾਵਕ ਅਸਥਿਰਤਾ ਵਿਚ ਸੁਖ ਨੂੰ ਦੁੱਖ ਤੇ ਦੁੱਖ ਨੂੰ ਸੁਖ ਸਮਝਣ ਲੱਗ ਜਾਂਦਾ ਹੈ। ਮੌਸਮ ਦੀ ਤਬਦੀਲੀ ਅਨੁਸਾਰ ਧੁਪ ਕਦੇ ਸੁਖ ਵਾਲੀ ਚੀਜ਼ ਹੈ ਤੇ ਕਦੇ ਦੁੱਖ ਵਾਲੀ, ਉਹੋ ਚੀਜ਼ ਜੋ ਹੁਣ ਦੁਖ ਵਾਲੀ ਹੈ, ਉਸ ਨੇ ਅਰੁਕ ਤਬਦੀਲੀ ਮੁਤਾਬਕ ਸੁਖ ਵਾਲੀ ਹੋ ਜਾਣਾ ਹੈ। ਜੇ ਇਹ ਗੱਲ ਹੈ ਤਾਂ ਫਿਰ ਇਹ ਪੁੱਛਣਾ ਕਿ ਦੁੱਖ ਕਿਉਂ ਹੈ, ਵਿਅਰਥ ਹੈ। ਤਾਂ ਸਾਡਾ ਫ਼ਰਜ਼ ਬਣਦਾ ਹੈ ਕਿ ਸੁਖ-ਦੁੱਖ ਦੀ ਖੇਡ ਵਿਚ ਦਖਲ ਨਾ ਦੇਈਏ।"[5]

ਇਸੇ ਗੱਲ ਨੂੰ ਖ਼ਲੀਲ ਜਿਬਰਾਨ ਇਉਂ ਅੰਕਿਤ ਕਰਦਾ ਹੈ, "ਤੁਹਾਡਾ ਸੁਖ ਤੁਹਾਡਾ ਬੇਨਕਾਬ ਦੁੱਖ ਹੈ। ਜਿਹੜੇ ਖੂਹ ਵਿਚੋਂ ਤੁਹਾਡਾ ਹਾਸਾ ਉਪਜਦਾ ਹੈ ਇਹ ਬਹੁਤ ਵਾਰੀ ਹੰਝੂਆਂ ਨਾਲ ਭਰਿਆ ਗਿਆ ਸੀ...ਜਦੋਂ ਕਿਸੇ ਖ਼ੁਸ਼ੀ ਦੇ ਘਰ ਵਿਚ ਹੋਵੇ ਤਾਂ ਆਪਣੇ ਦਿਲ ਵਿਚ ਡੂੰਘੀ ਝਾਤ ਮਾਰੋ। ਤੁਹਾਨੂੰ ਪਤਾ ਲੱਗੇਗਾ ਕਿ ਇਹ ਤਾਂ ਉਹੀ ਵਸਤੂ ਹੈ ਜਿਸ ਨੇ ਤੁਹਾਨੂੰ ਦੁੱਖ ਦਿੱਤਾ ਸੀ। ਤੇ ਇਹ ਉਹੋ ਦੁੱਖ ਹੈ ਜੋ ਤੁਹਾਨੂੰ ਸੁਖ ਦੇ ਰਿਹਾ ਹੈ।.... ਕੁਝ ਲੋਕ ਆਖਦੇ ਹਨ, ਦੁੱਖ ਤੋਂ ਸੁਖ ਵਡੇਰਾ ਹੈ ਤੇ ਕੁਝ ਆਖਦੇ ਹਨ, ਨਹੀਂ ਸੁਖ ਤੋਂ ਦੁੱਖ ਵਡੇਰਾ ਹੈ। ਪਰ ਮੈਂ ਤੁਹਾਨੂੰ ਆਖਦਾ ਹਾਂ ਇਹ ਦੋਵੇਂ ਹੀ ਇਕ ਦੂਸਰੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ....।"[6]

ਸੋ ਦੁੱਖ-ਸੁਖ ਵੇਲੇ ਸਮ-ਦ੍ਰਿਸ਼ਟੀ ਦੀ ਪ੍ਰਾਪਤੀ ਲਈ ਗੁਰੂ ਨੂੰ ਕਿਰਪਾ ਕਰਕੇ ਅਜਿਹੀ ਬਲਕਾਰੀ ਸੁਰਤ ਬਖ਼ਸ਼ਣ ਲਈ ਅਰਦਾਸ ਕਰੋ, ਫਿਰ ਸੁਖ ਹੀ ਸੁਖ ਹੈ।

(12/1975)

## ਹਵਾਲੇ ਤੇ ਟਿੱਪਣੀਆਂ


1. ਡਾ. ਦੀਵਾਨ ਚੰਦ, *ਦਰਸ਼ਨ ਸੰਗ੍ਰਹਿ*, ਪੰਨਾ 329.
2. Dr. Devi Prasad Chattopadhyaya, *Indian Philosophy*, p. 124
3. ਸਿਰਦਾਰ ਕਪੂਰ ਸਿੰਘ, *ਪੰਦ੍ਰੀਕ*, ਪੰਨਾ 365.
4. ਉਹੀ, ਪੰਨਾ 341.
5. ਡਾ. ਬਲਬੀਰ ਸਿੰਘ, *ਕਲਮ ਦੀ ਕਰਾਮਾਤ*, ਪੰਨਾ 71.
6. *The Prophet.*

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਮੁਕਤੀ ਦਾ ਸੰਕਲਪ

ਗੁਰਬਾਣੀ ਵਿਚ 'ਮੁਕਤੀ' ਲਈ ਅਨੇਕਾਂ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ, ਜਿਵੇਂ ਮੋਖ, ਗਤਿ, ਪਰਮਗਤਿ, ਪਰਮਪਦ, ਨਿਰਬਾਨ, ਮੋਖੰਤਰ, ਮੋਖ ਦੁਆਰ, ਬੰਦ ਖਲਾਸ, ਬਿਸਰਾਮ, ਜੋਤੀ-ਜੋਤਿ, ਅਮਰ ਆਦਿ। ਵੱਖ-ਵੱਖ ਧਰਮਾਂ ਦੀ ਵਿਚਾਰਧਾਰਾ ਅਨੁਸਾਰ ਮੁਕਤੀ ਦਾ ਸੰਕਲਪ ਵੀ ਵੱਖ-ਵੱਖ ਹੈ, ਪਰ ਗੁਰਮਤਿ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਗੁਰਮੁਖਾਂ ਦੀ ਸਤਿਸੰਗ ਦੁਆਰਾ ਜੀਵ-ਆਤਮਾ ਦਾ ਆਪਣਾ ਮੂਲ ਪਰਮਸਤਿ ਵਿਚ ਲੀਨ ਹੋਣਾ ਹੀ ਮੁਕਤੀ ਹੈ। ਗੁਰਮਤਿ ਅਨੁਸਾਰ ਮੁਕਤੀ ਦਾ ਉਦੇਸ਼ ਮਰਨ ਉਪਰੰਤ ਕਿਸੇ ਕਲਪਿਤ ਬਹਿਸ਼ਤ ਦੀ ਪ੍ਰਾਪਤੀ ਨਹੀਂ, ਸਗੋਂ ਇਸ ਜੀਵਨ ਨੂੰ ਹੰਢਾਉਂਦਿਆਂ ਹੀ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ:

**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥** *(ਪੰਨਾ ੫੨੨)*

ਪ੍ਰਭੂ ਦੀ ਪ੍ਰੀਤ ਵਿਚ ਮੁਗਧ ਹੋਏ ਹਿਰਦੇ ਤਾਂ ਰਾਜ ਨਹੀਂ ਚਾਹੁੰਦੇ, ਮੁਕਤੀ ਨਹੀਂ ਚਾਹੁੰਦੇ, ਸਗੋਂ ਉਹਨਾਂ ਨੂੰ ਤਾਂ ਪਰਮਾਤਮਾ ਦੇ ਚਰਨਾਂ ਦੀ ਪ੍ਰੀਤ ਦੀ ਹੀ ਤ੍ਰਿਸ਼ਨਾ ਹੁੰਦੀ ਹੈ:

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥** *(ਪੰਨਾ ੫੩੪)*

ਪਰ ਅਜਿਹੀ ਅਵਸਥਾ ਵਿਚ ਵਿਚਰਨ ਵਾਲਾ ਪ੍ਰਾਣੀ ਤਾਂ ਆਪਣੇ ਆਪ ਹੀ ਮੋਖ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਮੋਹ-ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਮੁਕਤੀ ਦੀ ਪ੍ਰਾਪਤੀ ਲਈ ਪ੍ਰੇਰਨਾ ਦਿੰਦੀ ਹੈ, ਪਰ ਅਗਿਆਨਤਾ ਦੇ ਹਨੇਰੇ ਵਿਚ ਮਨੁੱਖ ਧਨ-ਦੌਲਤ ਇਕੱਤਰ ਕਰਨ ਵਿਚ ਹੀ ਮਗਨ ਰਹਿੰਦਾ ਹੈ ਅਤੇ ਉਹ ਮੁਕਤੀ ਦਾ ਮਾਰਗ ਨਹੀਂ ਜਾਣ ਸਕਦਾ:

**ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥** *(ਪੰਨਾ ੬੩੧)*

ਇਹ ਸਾਰਾ ਜਗਤ ਹੀ ਮਾਇਆ ਨੇ ਮੋਹ ਲਿਆ ਹੈ ਅਤੇ ਇਹੋ ਕਾਰਨ ਹੈ ਕਿ ਉਹ ਭੈ ਤੋਂ ਰਹਿਤ ਮੋਖ ਪਦ ਦੀ ਪ੍ਰਾਪਤੀ ਨਹੀਂ ਕਰ ਸਕਦਾ। ਗੁਰੂ ਜੀ ਦਾ ਫ਼ਰਮਾਨ ਹੈ:

**ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥੩॥੮॥**

*(ਪੰਨਾ ੨੨੦)*

ਇਹ ਮਨੁੱਖਾ ਜਨਮ ਵਾਰ ਵਾਰ ਨਹੀਂ ਮਿਲਦਾ, ਇਸ ਲਈ ਮਨੁੱਖ ਨੂੰ ਮੁਕਤੀ ਲਈ ਕੋਈ ਉਪਾਅ ਕਰਨਾ ਹੀ ਚਾਹੀਦਾ ਹੈ। ਗੁਰੂ ਜੀ ਇਸ ਤੱਥ ਨੂੰ ਦ੍ਰਿੜ੍ਹ ਕਰਦੇ ਹੋਏ ਫ਼ੁਰਮਾਉਂਦੇ ਹਨ:

**ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥** *(ਪੰਨਾ ੨੨੦)*

ਜੋ ਮਨੁੱਖ ਹਉਮੈ ਦਾ ਤਿਆਗ ਕਰ ਕੇ ਆਪਣੇ ਸਿਰਜਣਹਾਰ ਪਰਮਾਤਮਾ ਨੂੰ ਪਹਿਚਾਣ ਲੈਂਦਾ ਹੈ, ਉਹ ਮੁਕਤ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

**ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥**
**ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥** *(ਪੰਨਾ ੧੪੨੭)*

ਹੰਕਾਰ ਦਾ ਤਿਆਗ ਕਰਕੇ ਸੰਤ ਜਨਾਂ ਦੀ ਸੰਗਤ ਵਿਚ ਆਉਣ ਨਾਲ ਇਕ ਛਿਨ ਵਿਚ ਹੀ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ:

**ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ ॥** *(ਪੰਨਾ ੧੨੩੧)*

ਜੋ ਮਨੁੱਖ ਮਾਣ ਤੇ ਮੋਹ ਦੋਹਾਂ ਦਾ ਤਿਆਗ ਕਰ ਕੇ ਗੋਬਿੰਦ ਦੇ ਗੁਣ ਗਾਉਂਦਾ ਹੈ, ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਗੁਰੂ ਸਾਹਿਬ ਅਨੁਸਾਰ:

**ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥**
**ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥੨॥** *(ਪੰਨਾ ੮੩੧)*

ਉਸਤਤ ਅਤੇ ਨਿੰਦਿਆ ਦਾ ਤਿਆਗ ਕਰ ਕੇ ਹੀ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ, ਪਰ ਇਹ ਕੰਮ ਵੀ ਔਖਾ ਹੈ, ਕੋਈ ਗੁਰਮੁਖ ਹੀ ਕਰ ਸਕਦਾ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ:

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥**
**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥** *(ਪੰਨਾ ੨੧੯)*

ਮੋਹ-ਮਾਇਆ ਦਾ ਤਿਆਗ ਕਰਨ ਉਪਰੰਤ ਉਹ ਕਿਹੜਾ ਸਾਧਨ ਹੈ, ਜੋ ਮੁਕਤੀ ਪ੍ਰਾਪਤ ਕਰਨ ਲਈ ਸਹਾਈ ਹੋ ਸਕਦਾ ਹੈ, ਇਹ ਇਕ ਪ੍ਰਸ਼ਨ ਹੈ?

**ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ ॥** *(ਪੰਨਾ ੯੦੨)*

ਇਸ ਪ੍ਰਸ਼ਨ ਦਾ ਉੱਤਰ ਹੈ ਕਿ ਕਲਯੁਗ ਵਿਚ ਪਰਮਾਤਮਾ ਦੇ ਸਿਮਰਨ ਵਿਚ ਹੀ ਮਨੁੱਖ ਦੀ ਗਤੀ ਹੈ, ਮੁਕਤੀ ਹੈ:

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥** *(ਪੰਨਾ ੬੩੨)*

ਕਲਯੁਗ ਵਿਚ ਪ੍ਰਭੂ ਦਾ ਨਾਮ ਹੀ ਮੁਕਤੀ ਦਾ ਸਾਧਨ ਹੈ ਤੇ ਪਰਮਾਤਮਾ ਦਾ ਸਿਮਰਨ ਕਰਨ ਨਾਲ ਮਨੁੱਖ ਮੁਕਤ-ਅਵਸਥਾ ਪ੍ਰਾਪਤ ਕਰ ਸਕਦਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ:

**ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥** *(ਪੰਨਾ ੮੩੧)*

ਜਿਸ ਪ੍ਰਭੂ ਨੇ ਇਹ ਮਾਨਮ ਜਨਮ ਦਿੱਤਾ ਹੈ, ਮਨੁੱਖ ਉਸ ਨੂੰ ਵਿਸਰ ਜਾਂਦਾ ਹੈ ਅਤੇ ਜਿਸ ਦੇ ਸਿਮਰਨ ਨਾਲ ਮੁਕਤਿ ਹੋ ਸਕਦਾ ਹੈ, ਉਸ ਦੇ ਗੁਣ ਨਹੀਂ ਗਾਉਂਦਾ:

**ਮਾਨਸ ਜਨਮੁ ਦੀਓ ਜਿਹ ਠਾਕੁਰਿ ਸੋ ਤੈ ਕਿਉ ਬਿਸਰਾਇਓ ॥**
**ਮੁਕਤੁ ਹੋਤ ਨਰ ਜਾ ਕੈ ਸਿਮਰੈ ਨਿਮਖ ਨ ਤਾ ਕਉ ਗਾਇਓ ॥੨॥** *(ਪੰਨਾ ੯੦੨)*

ਮਨੁੱਖ ਤਾਂ ਮੋਹ-ਮਾਇਆ ਸੰਗ ਹੀ ਰੁਚੀ ਵਧਾਉਂਦਾ ਹੈ ਅਤੇ ਪਰਮਾਤਮਾ ਜੋ ਉਸ ਦੇ ਅੰਦਰ ਬਾਹਰ ਵਿਦਮਾਨ ਹੈ, ਉਸ ਨਾਲ ਪ੍ਰੀਤ ਨਹੀਂ ਪਾਉਂਦਾ। ਮੁਕਤ ਉਹ ਮਨੁੱਖ ਹੈ ਜਿਸ ਦੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੈ, ਗੁਰੂ ਸਾਹਿਬ ਫ਼ਰਮਾਉਂਦੇ ਹਨ:

**ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥**
**ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ ॥੨॥੬॥** *(ਪੰਨਾ ੨੨੦)*

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਦੇਸ਼ ਹੈ ਕਿ ਅਭਿਮਾਨ ਤੇ ਮੋਹ ਮਾਇਆ ਦਾ ਤਿਆਗ ਕਰ ਕੇ ਮਨ ਨੂੰ ਪਰਮਾਤਮਾ ਦੀ ਭਗਤੀ ਵਿਚ ਲਾਉ ਕਿਉਂਕਿ ਇਹ ਹੀ ਮੁਕਤੀ ਦਾ ਸੱਚਾ ਰਾਹ ਹੈ:

**ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥**
**ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥** *(ਪੰਨਾ ੨੧੯)*

ਮਨੁੱਖ ਪਰਮਾਤਮਾ ਦਾ ਸਿਮਰਨ ਕਰ ਕੇ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ, ਫ਼ਰਮਾਨ ਹੈ:

**ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥**
**ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥੩੩॥** *(ਪੰਨਾ ੧੪੨੮)*

**ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥**
**ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥**
**ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥**
**ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥੧੦॥** *(ਪੰਨਾ ੧੪੨੬-੨੭)*

ਮੁਕਤੀ ਦੀ ਪ੍ਰਾਪਤੀ ਲਈ ਪਰਮਾਤਮਾ ਦਾ ਸਿਮਰਨ ਆਵਸ਼ਕ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ:

**ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥੨॥੩॥** *(ਪੰਨਾ ੧੨੩੧)*

ਗੁਰੂ ਜੀ ਪਰਮਾਤਮਾ ਦੀ ਓਟ ਲੈਣ ਦਾ ਆਦੇਸ਼ ਕਰਦੇ ਹੋਏ ਦੱਸਦੇ ਹਨ ਕਿ ਪਰਮਾਤਮਾ ਦੇ ਸਿਮਰਨ ਨਾਲ ਖੋਟੀ ਬੁੱਧੀ ਦਾ ਨਾਸ ਹੁੰਦਾ ਹੈ ਅਤੇ ਮੋਖ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ:

**ਰੇ ਮਨ ਓਟ ਲੇਹੁ ਹਰਿ ਨਾਮਾ ॥**
**ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥੧॥ਰਹਾਉ॥**

*(ਪੰਨਾ ੯੦੧)*

ਮਨੁੱਖ ਮੁਕਤੀ ਲਈ ਅਨੇਕਾਂ ਥਾਵਾਂ 'ਤੇ ਭਟਕਦਾ ਹੈ, ਅਨੇਕਾਂ ਯਤਨ ਕਰਦਾ ਹੈ, ਪਰ ਪਰਮਾਤਮਾ ਨੂੰ, ਜੋ ਉਸ ਦੇ ਆਪਣੇ ਮਨ ਵਿਚ ਹੀ ਵੱਸਦਾ ਹੈ, ਉਸ ਨੂੰ ਪਹਿਚਾਣ ਨਹੀਂ ਸਕਦਾ:

**ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥**
**ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥** *(ਪੰਨਾ ੭੦੩)*

ਭਾਵੇਂ ਪਰਮਾਤਮਾ ਦਾ ਸਿਮਰਨ ਹੀ ਮੁਕਤੀ ਦਾ ਸਾਧਨ ਹੈ, ਪਰ ਮੋਹ-ਮਾਇਆ ਵਿਚ ਫਸਿਆ ਮਨੁੱਖ ਉਸ ਨੂੰ ਵਿਸਾਰ ਦੇਂਦਾ ਹੈ ਅਤੇ ਕੋਈ ਵਿਰਲਾ ਹੀ ਪਰਮਾਤਮਾ ਦਾ ਸਿਮਰਨ ਕਰਦਾ ਹੈ।

ਗੁਰੂ ਸਾਹਿਬ ਫ਼ਰਮਾਉਂਦੇ ਹਨ :

**ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ ॥**
**ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥੨॥੩॥** *(ਪੰਨਾ ੨੧੯)*

ਪਰਮਾਤਮਾ ਦੇ ਸਿਮਰਨ ਦੁਆਰਾ ਹੀ ਮਨੁੱਖ ਭਵ-ਸਾਗਰ ਨੂੰ ਪਾਰ ਕਰ ਸਕਦਾ ਹੈ :

**ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥੨॥** *(ਪੰਨਾ ੫੩੬)*

ਸਾਧ ਜਨਾਂ ਦੀ ਸੰਗਤ ਵਿਚ ਖੋਟੀ ਮਤ ਦਾ ਨਾਸ ਹੁੰਦਾ ਹੈ ਅਤੇ ਪਰਮਾਤਮਾ ਦੇ ਸਿਮਰਨ ਨਾਲ ਜਮ ਦੀ ਫਾਸੀ ਕੱਟੀ ਜਾਂਦੀ ਹੈ ਅਰਥਾਤ ਮਨੁੱਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ :

**ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥**
**ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥** *(ਪੰਨਾ ੬੩੩)*

ਇਸ ਤਰ੍ਹਾਂ ਮੁਕਤੀ ਦੇ ਮਾਰਗ ਵਿਚ ਸਿਮਰਨ ਦਾ ਵਿਸ਼ੇਸ਼ ਮਹੱਤਵ ਹੈ। ਇਸ ਪ੍ਰਸੰਗ ਵਿਚ ਗੁਰ ਜੀ ਫ਼ਰਮਾਉਂਦੇ ਹਨ ਕਿ ਸਿਮਰਨ ਦੀ ਬਰਕਤ ਦੁਆਰਾ ਅਜ਼ਾਮਲ, ਗਨਕਾ ਆਦਿ ਪਾਪੀ ਜੀਵ ਵੀ ਮੁਕਤ ਹੋ ਗਏ :

**ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥**
**ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥੧॥ਰਹਾਉ॥**
**ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥.....**
**ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥**
**ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥** *(ਪੰਨਾ ੬੩੨)*

ਇਸ ਤੱਥ ਦੀ ਪ੍ਰੋੜ੍ਹਤਾ ਕਰਦਿਆਂ ਗੁਰੂ ਸਾਹਿਬ ਆਪਣੇ ਵਿਚਾਰ ਫਿਰ ਦੁਹਰਾ ਰਹੇ ਹਨ :

**ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ ॥੧॥ਰਹਾਉ॥**
**ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ ॥**
**ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ ॥੧॥** *(ਪੰਨਾ ੮੩੦)*

**ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥**
**ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥੨॥** *(ਪੰਨਾ ੯੦੨)*

**ਹਰਿ ਕੋ ਨਾਮੁ ਸਦਾ ਸੁਖਦਾਈ ॥**
**ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥੧॥ਰਹਾਉ॥**
*(ਪੰਨਾ ੧੦੦੮)*

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਵੀ ਮਨੁੱਖ ਦੀ ਮੁਕਤ ਅਵਸਥਾ ਉਹ ਹੈ ਜਦ ਉਹ ਉਸਤਤਿ-ਨਿੰਦਿਆ, ਅੰਮ੍ਰਿਤ-ਬਿਖੁ, ਹਰਖ-ਸੋਗ, ਵੈਰੀ-ਮਿੱਤਰ ਆਦਿ ਵਖਰੇਵਿਆਂ ਤੋਂ ਛੁਟਕਾਰਾ ਪਾ ਕੇ ਉਹਨਾਂ ਨੂੰ ਸਮਾਨ ਸਮਝਣ ਲੱਗ ਪੈਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਨੁਸਾਰ ਵੀ ਮੁਕਤ ਅਵਸਥਾ ਵਿਚ ਮਨੁੱਖ ਦੀ

ਮਨੋ-ਦਸ਼ਾ ਅਜਿਹੀ ਹੋ ਜਾਂਦੀ ਹੈ ਕਿ ਉਸ ਨੂੰ ਨਰਕ ਤੇ ਸਵਰਗ, ਅੰਮ੍ਰਿਤ ਤੇ ਜ਼ਹਿਰ, ਉਸਤਤ ਤੇ ਨਿੰਦਾ, ਲੋਭ-ਮੋਹ ਆਦਿ ਸਭ ਸਮਾਨ ਹੀ ਜਾਪਦੇ ਹਨ। ਦੁੱਖ-ਸੁਖ ਅਜਿਹੇ ਵਿਅਕਤੀ ਨੂੰ ਪ੍ਰਭਾਵਿਤ ਨਹੀਂ ਕਰਦੇ। ਇਸ ਤਰ੍ਹਾਂ ਹੀ ਸਥਿਤੀ ਵਿਚ ਵਿਚਰਦੇ ਮਨੁੱਖ ਨੂੰ ਹੀ ਗਿਆਨੀ ਆਖ ਸਕਦੇ ਹਾਂ ਅਤੇ ਉਸ ਮਨੁੱਖ ਨੂੰ ਹੀ 'ਮੁਕਤ' ਮੰਨ ਸਕਦੇ ਹਾਂ:

**ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥**
**ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥੨॥**
**ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥**
**ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥** *(ਪੰਨਾ ੨੨੦)*

ਮੁਕਤ ਵਿਅਕਤੀ ਦੇ ਸਰੂਪ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਚਿਤਰਿਆ ਹੈ:

**ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ ॥**
**ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ ॥੧॥**
**ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥**
**ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥੨॥੩॥** *(ਪੰਨਾ ੬੮੫)*

ਅਰਥਾਤ ਜਿਸ ਦੇ ਅੰਦਰ ਪਰਾਈ ਨਿੰਦਿਆ ਤੇ ਉਸਤਤ ਨਹੀਂ, ਜਿਸ ਲਈ ਸੋਨਾ ਤੇ ਲੋਹਾ ਸਮਾਨ ਹੋ ਗਏ, ਜੋ ਖ਼ੁਸ਼ੀ ਗ਼ਮੀ ਤੋਂ ਅਭਿੱਜ ਰਹਿੰਦਾ ਹੈ ਉਸ ਨੂੰ ਜੋਗੀ ਸਮਝੋ। ਗੁਰੂ ਜੀ ਫ਼ਰਮਾਉਂਦੇ ਹਨ ਕਿ ਇਹ ਚੰਚਲ ਮਨ ਦਸਾਂ-ਦਿਸ਼ਾਵਾਂ ਵਲ ਦੌੜਦਾ ਹੈ ਤੇ ਜਿਸ ਨੇ ਆਪਣੇ ਮਨ ਨੂੰ ਅਚੱਲ ਰੂਪ ਵਿਚ ਸਥਿਰ ਕਰ ਲਿਆ ਹੈ, ਉਸ ਮਨੁੱਖ ਨੂੰ ਮੁਕਤ ਸਮਝੋ। ਇਸੇ ਭਾਵ ਨੂੰ ਫਿਰ ਦੁਹਰਾਇਆ ਗਿਆ ਹੈ:

**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥**
**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥** *(ਪੰਨਾ ੧੪੨੭)*

ਆਤਮਾ ਦਾ ਮੂਲ ਮਨੋਰਥ ਹੀ ਆਪਣੇ ਪਰਮ-ਸਤਿ ਨਾਲ ਇਕ-ਮਿੱਕ ਹੋਣਾ ਹੈ, ਇਹੋ ਉਸ ਦੀ ਮੁਕਤ ਅਵਸਥਾ ਹੈ। ਜੋ ਮਨੁੱਖ ਲੋਭ ਤੇ ਮੋਹ-ਮਾਇਆ ਤੋਂ ਨਿਰਲੇਪ ਰਹਿੰਦਾ ਹੈ ਅਤੇ ਹਰਖ ਸੋਗ ਜਿਸ ਨੂੰ ਛੁਹ ਵੀ ਨਹੀਂ ਸਕਦੇ, ਅਜਿਹਾ ਮਨੁੱਖ ਅੰਤ ਪਰਮਾਤਮਾ ਦਾ ਹੀ ਸਰੂਪ ਹੋ ਜਾਂਦਾ ਹੈ ਜਿਵੇਂ ਛੋਟੀ ਜਿਹੀ ਲਹਿਰ ਸਾਗਰ ਵਿਚ ਸਮਾ ਕੇ ਸਾਗਰ-ਰੂਪ ਹੋ ਜਾਂਦੀ ਹੈ। ਆਤਮਾ ਅਤੇ ਪਰਮਾਤਮਾ ਦੀ ਇਸ ਅਭੇਦਤਾ ਦਾ ਵਰਨਣ ਗੁਰੂ ਸਾਹਿਬ ਨੇ ਇਸ ਤਰ੍ਹਾਂ ਕੀਤਾ ਹੈ:

**ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥**
**ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥** *(ਪੰਨਾ ੨੨੦)*

**ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥**
**ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥** *(ਪੰਨਾ ੧੪੨੮)*

ਜਦ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਅਤੇ ਉਸਤਤ-ਨਿੰਦਿਆ ਤੇ ਹਰਖ-ਸੋਗ ਉਸ ਦੀ ਦ੍ਰਿਸ਼ਟੀ ਵਿਚ ਸਮ ਹੋ ਜਾਂਦੇ ਹਨ ਤਾਂ ਪਰਮਾਤਮਾ ਦੇ ਸਿਮਰਨ ਦੁਆਰਾ ਉਸ ਨੂੰ ਅਜਿਹਾ ਆਤਮਕ ਬਲ ਪ੍ਰਾਪਤ ਹੋ ਜਾਂਦਾ ਹੈ ਕਿ ਜਿਸ ਨਾਲ ਉਹ ਹਰ ਤਰ੍ਹਾਂ ਨਾਲ ਮੁਕਤ ਹੋ ਜਾਂਦਾ ਹੈ:

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥** *(ਪੰਨਾ ੧੪੨੯)*

ਇਹੋ ਮਨੁੱਖ ਦੀ ਮੁਕਤਿ ਅਵਸਥਾ ਹੈ।

(10/1976)

# ਜਨ ਨਾਨਕ ਇਹੁ ਖੇਲੁ ਕਠਨੁ ਹੈ...

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਾਰੇ ਕੁਝ ਲੋਕਾਂ ਵਿਚ ਇਹ ਰਾਏ ਪ੍ਰਚਲਿਤ ਹੈ ਕਿ ਆਪ ਦੀ ਬਾਣੀ ਵਿਚੋਂ ਨਿਰਾਸ਼ਾ ਦੀ ਝਲਕ ਪੈਂਦੀ ਹੈ। ਪਰ ਜ਼ਰਾ ਗਹੁ ਨਾਲ ਵਾਚਣ ਤੋਂ ਪਤਾ ਲੱਗਦਾ ਹੈ ਕਿ ਅਸਲੀਅਤ ਇਸ ਤੋਂ ਬਿਲਕੁਲ ਵਿਪਰੀਤ ਹੈ। ਆਪ ਦੀ ਸਾਰੀ ਹੀ ਬਾਣੀ ਮਨੁੱਖ ਨੂੰ 'ਜ਼ਿੰਦਗੀ ਦਾ ਤੱਤ' ਪਛਾਨਣ ਲਈ ਅਤੇ 'ਨਿਰਬਾਨ ਪਦੁ' ਦੀ ਪ੍ਰਾਪਤੀ ਕਰਨ ਲਈ ਪ੍ਰੇਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦਾ ਇਹ ਸ਼ਬਦ ਗਉੜੀ ਰਾਗ ਵਿਚ ਦਰਜ ਹੈ। ਆਪ ਦੇ ਇਸੇ ਸ਼ਬਦ ਨੂੰ ਮਿਸਾਲ ਵਜੋਂ ਵਿਚਾਰਦਿਆਂ ਅਸੀਂ ਆਪਣੀ ਰਾਏ ਦੀ ਪੁਸ਼ਟੀ ਕਰਾਂਗੇ। ਸ਼ਬਦ ਹੈ :

**ਰਾਗੁ ਗਉੜੀ ਮਹਲਾ ੯ ॥**
**ਸਾਧੋ ਮਨ ਕਾ ਮਾਨੁ ਤਿਆਗਉ ॥**
**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ਰਹਾਉ॥**
**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**
**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥**
**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥**
**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥** *(ਪੰਨਾ ੨੧੯)*

ਇਸ ਸ਼ਬਦ ਵਿਚ ਗੁਰੂ ਸਾਹਿਬ ਮਨੁੱਖ ਨੂੰ 'ਜਗ ਦਾ ਤੱਤ' ਪਛਾਣ ਕੇ 'ਨਿਰਬਾਨ ਪਦੁ' ਖੋਜਣ ਦਾ ਢੰਗ ਅਤੇ ਪ੍ਰੇਰਨਾ ਬੜੇ ਸੰਕੁਚਿਤ ਪਰੰਤੂ ਭਾਵਪੂਰਤ ਤਰੀਕੇ ਨਾਲ ਦਿੰਦੇ ਹਨ। ਇਸ ਸ਼ਬਦ ਨੂੰ ਗਉੜੀ ਰਾਗ ਅਧੀਨ ਦਰਜ ਕੀਤਾ ਗਿਆ ਹੈ। ਗਉੜੀ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੁੰਦਾ ਹੈ। ਇਸ ਰਾਗ ਅਧੀਨ ਆਈ ਬਾਣੀ ਵੀ ਜ਼ਿੰਦਗੀ ਦੇ ਗੰਭੀਰ ਅਤੇ ਦਾਰਸ਼ਨਿਕ ਪਹਿਲੂਆਂ ਨੂੰ ਪ੍ਰਗਟਾਉਂਦੀ ਹੈ। ਅਜਿਹੀ ਰਚਨਾ ਉਚਤਮ ਤੇ ਸਦੀਵੀ ਮਨੁੱਖੀ ਕੀਮਤਾਂ ਦੀ ਧਾਰਨੀ ਹੈ।

"ਸਾਧੋ ਮਨ ਕਾ ਮਾਨੁ ਤਿਆਗਉ॥" ਇਸ ਸ਼ਬਦ ਦੀ ਪਹਿਲੀ ਤੁਕ ਹੈ। 'ਸਾਧੋ' ਸ਼ਬਦ ਸੰਬੋਧਨੀ ਹੈ। ਪਹਿਲੀ ਸਤਰ ਦਾ ਪਹਿਲਾ ਸ਼ਬਦ ਹੀ ਸਾਡੇ ਸਾਹਮਣੇ ਇਕ 'ਸਰੋਤਾ' ਤੇ ਇਕ 'ਵਕਤਾ' ਦਾ ਬਿੰਬ ਪੇਸ਼ ਕਰਦਾ ਹੈ। ਇਹੀ ਬਿੰਬ ਪੂਰੀ ਸਤਰ ਨੂੰ ਪੜ੍ਹਨ ਤੋਂ ਬਾਦ ਸਾਧਕ ਅਤੇ ਗੁਰੂ-ਉਪਦੇਸ਼ਕ ਦੇ ਰੂਪ ਵਿਚ ਸੰਪੂਰਨ ਹੁੰਦਾ ਹੈ। ਉਂਜ ਤਾਂ ਸਾਰੀ ਬਾਣੀ ਹੀ ਉਪਦੇਸ਼ਾਤਮਿਕ ਹੈ, ਭਾਵੇਂ ਉਹ ਸਿੱਖ ਨੂੰ ਸੰਬੋਧਨ ਕਰਕੇ ਕਹੀ ਹੋਵੇ ਤੇ ਭਾਵੇਂ 'ਮਨ' ਨੂੰ ਪਰ ਇਸ ਸ਼ਬਦ ਦੀ ਪਹਿਲੀ ਸਤਰ ਹੀ ਇਸ ਦੇ ਪ੍ਰਯੋਜਨ-ਯੁਕਤ ਹੋਣ ਦਾ ਸਬੂਤ ਹੈ। ਗੁਰੂ ਜੀ ਸਿੱਖ ਜਾਂ ਸਾਧਕ ਨੂੰ 'ਮਨ ਕਾ ਮਾਨੁ' ਤਿਆਗਣ ਦਾ ਉਪਦੇਸ਼ ਦੇ ਰਹੇ ਹਨ। 'ਮਨ ਕਾ ਮਾਨੁ' ਹਉਮੈ ਹੈ, ਜਿਸ ਅਧੀਨ ਮਨੁੱਖ

ਸਵਾਰਥੀ ਹੋ ਜਾਂਦਾ ਹੈ। ਇਹ ਹਉਮੈ ਇਕ ਅਜਿਹਾ ਭੁਲੇਖਾ ਹੈ ਜਿਸ ਵਿਚ ਗੁਆਚਿਆ ਮਨੁੱਖ ਆਪਣੇ ਆਪ ਨੂੰ ਆਤਮ ਸੱਚ ਅਕਾਲ ਪੁਰਖ ਜਾਂ ਵਾਹਿਗੁਰੂ ਨਾਲੋਂ ਵੱਖਰਾ ਮਹਿਸੂਸ ਕਰਦਾ ਹੈ। ਅਜਿਹੀ ਸਵੈ-ਕੇਂਦਰਿਤ ਸੋਚਣੀ ਮਨੁੱਖ ਅੰਦਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਉਪਜਾਉਂਦੀਆਂ ਹਨ ਅਤੇ ਉਹ 'ਜਗ' ਦੇ ਤਤ ਨੂੰ ਨਹੀਂ ਪਛਾਣ ਸਕਦਾ। ਇਸੇ ਲਈ ਗੁਰੂ ਸਾਹਿਬ ਸੁਆਰਥੀ ਵਿਕਾਰਾਂ ਨੂੰ ਤਿਆਗਣ ਦਾ ਉਪਦੇਸ਼ ਦਿੰਦੇ ਹਨ। ਸ਼ਬਦ ਦੀ ਦੂਸਰੀ ਸਤਰ ਹੈ:

**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥**

ਕਾਮ ਪੰਜ ਵਿਕਾਰਾਂ ਵਿਚੋਂ ਪਹਿਲਾ ਵਿਕਾਰ ਹੈ। 'ਗੀਤਾ' ਵਿਚ ਇਸ ਬਾਰੇ ਲਿਖਿਆ ਹੈ "ਜਿਵੇਂ ਧੂੰਏਂ ਨਾਲ ਅੱਗ ਅਤੇ ਮੈਲ ਨਾਲ ਸ਼ੀਸ਼ਾ ਢਕਿਆ ਜਾਂਦਾ ਹੈ, ਇਵੇਂ ਹੀ ਕਾਮ ਨਾਲ ਗਿਆਨ ਢਕਿਆ ਜਾਂਦਾ ਹੈ।" ਪਰ ਦੂਜੇ ਪਾਸੇ ਕਾਮ ਹੀ ਅਜਿਹੀ ਰੁਚੀ ਹੈ ਜਿਹੜੀ ਮਨੁੱਖੀ ਨਸਲ ਦਾ ਮੂਲ ਹੈ। ਇਹ ਇਕ ਅਜਿਹੀ ਲੋੜ ਹੈ ਜਿਹੜੀ ਸ੍ਰਿਸ਼ਟੀ ਦੇ ਵਿਕਾਸ ਲਈ ਬਹੁਤ ਜ਼ਰੂਰੀ ਹੈ। ਇਸੇ ਲਈ ਕੁਦਰਤ ਨੇ ਇਸ ਨੂੰ ਸੁਆਦ ਭਰਪੂਰ ਬਣਾ ਦਿੱਤਾ ਹੈ ਤਾਂ ਫਿਰ ਕੀ ਇਸ ਮੂਲ ਲੋੜ ਤੋਂ ਮੂੰਹ ਫੇਰ ਕੇ ਸ੍ਰਿਸ਼ਟੀ ਦੇ ਨਿਯਮ ਨੂੰ ਤੋੜ ਦਿੱਤਾ ਜਾਵੇ ? ਗੁਰੂ ਜੀ ਅਜਿਹਾ ਹਰਗਿਜ਼ ਨਹੀਂ ਕਹਿੰਦੇ। ਗੁਰੂ ਜੀ ਤਾਂ ਅਜਿਹੇ ਕਾਮ ਨੂੰ ਤਿਆਗਣ ਦਾ ਉਪਦੇਸ਼ ਦਿੰਦੇ ਹਨ, ਜਿਹੜਾ ਮਨੁੱਖ ਲਈ ਅੰਤਮ ਨਿਸ਼ਾਨਾ ਬਣ ਕੇ ਰਹਿ ਗਿਆ ਹੈ ਪਰ ਜਦੋਂ ਮਨੁੱਖ ਨਿੱਜੀ ਸੁਆਰਥ ਹਿੱਤ ਕਾਮ ਨੂੰ ਇਕ ਸੁਆਦ ਦਾ ਸਾਧਨ ਬਣਾ ਲੈਂਦਾ ਹੈ ਤਾਂ ਇਹ ਇਕ ਬੁਰਿਆਈ ਹੋ ਨਿਬੜਦਾ ਹੈ। ਉਦੋਂ ਮਨੁੱਖ ਦਾ ਮੰਤਵ ਕਾਮ ਦੁਆਰਾ ਨਰੋਈ ਔਲਾਦ ਪੈਦਾ ਕਰਨਾ ਨਾ ਹੋਵੇ ਸਿਰਫ਼ ਸਰੀਰਕ ਸੁਆਦ ਪੂਰਾ ਕਰਨਾ ਹੁੰਦਾ ਹੈ। ਗੁਰੂ ਜੀ ਅਜਿਹੇ ਕਾਮ ਤੋਂ ਮੁਕਤ ਹੋਣ ਲਈ ਹੀ ਪ੍ਰੇਰਦੇ ਹਨ। ਸਿੱਖ ਧਰਮ ਵਿਚ ਗ੍ਰਹਿਸਤ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਇਹ ਪੰਗਤੀਆਂ ਇਸ ਗੱਲ ਦੀ ਪ੍ਰੋੜ੍ਹਤਾ ਕਰਦੀਆਂ ਹਨ:

**ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਡਈਓ॥**
**ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂ ਨਾ ਜਈਓ॥**

ਨਿਜ-ਨਾਰੀ ਦਾ ਪਿਆਰ ਇਕ ਸਿਰਜਣਾ ਦੀ ਨਿਸ਼ਾਨੀ ਹੈ ਅਤੇ ਪਰ-ਨਾਰੀ ਨਾਲ ਸੰਬੰਧ ਇਕ 'ਵਿਕਾਰ' ਹੈ ਜਿਹਨੂੰ ਗੁਰੂ ਸਾਹਿਬ ਕਾਮ ਕਹਿ ਕੇ ਤਿਆਗਣ ਦਾ ਉਪਦੇਸ਼ ਦਿੰਦੇ ਹਨ।

ਕਾਮ ਤੋਂ ਬਾਅਦ ਕ੍ਰੋਧ ਆਉਂਦਾ ਹੈ। ਕ੍ਰੋਧ ਮਨੁੱਖ ਨੂੰ ਪਸ਼ੂ ਬਣਾ ਦਿੰਦਾ ਹੈ। ਕ੍ਰੋਧ ਮਨੁੱਖ ਅੰਦਰ ਉਦੋਂ ਪੈਦਾ ਹੁੰਦਾ ਹੈ ਜਦੋਂ ਮਨੁੱਖ ਇਹ ਭੁੱਲ ਜਾਂਦਾ ਹੈ ਕਿ ਅਸੀਂ ਸਾਰੇ 'ਏਕ ਪਿਤਾ' ਦੇ 'ਬਾਰਿਕ' ਹਾਂ। ਇਸ ਵਿਕਾਰ ਵਿਚ ਗ੍ਰਹਿਸਤ ਵਿਅਕਤੀ ਆਪਣੇ ਹਿੱਤ ਦੂਜਿਆਂ ਨਾਲੋਂ ਅੱਡਰੇ ਸਮਝਣ ਲੱਗ ਪੈਂਦਾ ਹੈ। ਆਪਣੇ ਨਿੱਜਪੁਣੇ ਵਿਚ ਉਸ ਨੂੰ ਚੰਗੇ ਮਾੜੇ ਦੀ ਪਛਾਣ ਨਹੀਂ ਰਹਿੰਦੀ। ਕ੍ਰੋਧਿਤ ਮਨੁੱਖ ਸਹਿਜ ਅਵਸਥਾ ਨੂੰ ਗੁਆ ਬਹਿੰਦਾ ਹੈ। ਅਜਿਹਾ ਵਿਅਕਤੀ ਆਪਣੇ ਕੀਤੇ ਕੰਮਾਂ ਦੇ ਬੁਰੇ ਨਤੀਜਿਆਂ ਬਾਰੇ ਨਹੀਂ ਸੋਚ ਸਕਦਾ। ਉਹ ਸਰੀਰਕ ਤੇ ਮਾਨਸਿਕ ਦੋਹਾਂ ਤਰ੍ਹਾਂ ਦਾ ਸੰਤੁਲਨ ਗਵਾ ਬਹਿੰਦਾ ਹੈ ਅਤੇ ਕਾਹਲ ਵਿਚ ਅਜਿਹੇ ਕੰਮ ਕਰ ਜਾਂਦਾ ਹੈ ਜਿਨ੍ਹਾਂ ਦਾ ਨਤੀਜਾ ਪਛਤਾਵਾ ਤੇ ਪਤਨ ਹੁੰਦੇ ਹਨ। ਇਸੇ ਲਈ ਗੁਰੂ ਸਾਹਿਬ 'ਕ੍ਰੋਧ' ਨੂੰ ਤਿਆਗਣ ਦਾ ਉਪਦੇਸ਼ ਦਿੰਦੇ ਹਨ।

ਕਾਮ ਤੇ ਕ੍ਰੋਧ ਵਾਂਗ ਹੀ 'ਸੰਗਤ ਦੁਰਜਨ ਕੀ' ਤੋਂ ਵੀ ਦੂਰ ਰਹਿਣ ਦੀ ਪ੍ਰੇਰਨਾ ਗੁਰੂ ਜੀ ਦਿੰਦੇ ਹਨ। ਦੁਰਜਨ ਤੋਂ ਭਾਵ ਹੈ ਭੈੜਾ ਮਨੁੱਖ। ਮਨੁੱਖ ਦੀ ਚੰਗਿਆਈ-ਬੁਰਿਆਈ ਉਸ ਦੇ ਸੰਗ-

ਸਾਥ ਤੋਂ ਪਛਾਣੀ ਜਾਂਦੀ ਹੈ। ਸੋ ਗੁਰੂ ਸਾਹਿਬ 'ਦੁਰਜਨਾਂ' ਦੀ ਸੰਗਤਿ ਤੋਂ ਪਰ੍ਹਾਂ ਰਹਿਣ ਦੀ ਪ੍ਰੇਰਨਾ ਕਰਦੇ ਹਨ। 'ਗੁਰੂ ਸਾਹਿਬ' ਨੇ 'ਸਾਧ ਸੰਗਤਿ' ਨੂੰ ਪ੍ਰਧਾਨਤਾ ਦਿੱਤੀ ਹੈ। ਸਿੱਖ ਧਰਮ ਦੇ ਜਨਮ ਤੋਂ ਲੈ ਕੇ ਮਰਨ ਤੱਕ ਦੇ ਸਾਰੇ ਸੰਸਕਾਰ 'ਸਾਧ ਸੰਗਤ' ਦੀ ਹਜ਼ੂਰੀ ਵਿਚ ਕੀਤੇ ਜਾਂਦੇ ਹਨ। ਇਕੱਲਿਆਂ ਜੰਗਲਾਂ ਵਿਚ ਜਾਂ ਪਹਾੜਾਂ ਵਿਚ ਜਾ ਕੇ ਵਿਅਕਤੀਗਤ ਭਗਤੀ ਕਰਨ ਦਾ ਗੁਰੂ ਸਾਹਿਬ ਨੇ ਖੰਡਨ ਕੀਤਾ ਹੈ। ਗੁਰੂ ਸਾਹਿਬ ਬਾਣੀ ਵਿਚ ਥਾਂ-ਥਾਂ ਉਪਦੇਸ਼ ਦਿੰਦੇ ਹਨ ਕਿ ਸਾਧ-ਸੰਗਤਿ ਵਿਚ ਜੁੜ ਬੈਠਣਾ ਅਤੇ 'ਦੁਰਜਨ' ਦੀ ਸੰਗਤ ਤੋਂ ਦੂਰ ਰਹਿਣਾ ਸਿੱਖ ਲਈ ਜ਼ਰੂਰੀ ਹੈ।

ਵਿਚਾਰ ਅਧੀਨ ਸ਼ਬਦ ਵਿਚ ਹੀ ਅਗਲੀਆਂ ਸਤਰਾਂ ਵਿਚ ਗੁਰੂ ਸਾਹਿਬ ਉਸ ਵਿਅਕਤੀ ਦੇ ਗੁਣ ਦੱਸਦੇ ਹਨ ਜਿਸ ਨੇ 'ਜਗਤ ਦੇ ਤੱਤ' ਨੂੰ ਪਛਾਣ ਲਿਆ ਹੈ:

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**
**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥**
**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥**

ਗਿਆਨਵਾਨ ਮਨੁੱਖ ਸੁਖ-ਦੁਖ, ਜੰਮਣ-ਮਰਨ ਆਦਿ ਤੋਂ ਨਿਰਲੇਪ ਰਹਿੰਦਾ ਹੈ। ਹਰਖ-ਸੋਗ ਜਾਂ ਸੁਖ-ਦੁੱਖ ਜਿਹੇ ਅਹਿਸਾਸ ਵਿਅਕਤੀਗਤ ਹਨ। ਬ੍ਰਹਮ ਗਿਆਨੀ ਸੁਖ ਦੇ ਆਉਣ ਨਾਲ ਖ਼ੁਸ਼ ਤੇ ਦੁੱਖ ਹੋਣ 'ਤੇ ਦੁਖੀ ਨਹੀਂ ਹੁੰਦਾ ਸਗੋਂ ਉਹ ਹੁਕਮ ਪਛਾਣ ਕੇ ਅਜਿਹੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਕਿ ਉਸ ਨੂੰ 'ਵੈਰੀ' ਵੀ 'ਮੀਤ' ਸਮਾਨ ਜਾਪਣ ਲੱਗ ਜਾਂਦੇ ਹਨ। ਬ੍ਰਹਮ ਗਿਆਨੀ ਇਹ ਪਛਾਣ ਲੈਂਦਾ ਹੈ ਕਿ 'ਘਰਿ ਘਰਿ ਏਹਾ ਅਗਿ' ਅਤੇ 'ਨਾਨਕ ਦੁਖੀਆ ਸਭੁ ਸੰਸਾਰੁ' ਹੈ ਜਿਸ ਨੂੰ ਆਪੇ ਜਗਤ ਤੇ ਬ੍ਰਹਮ ਦੇ ਰਿਸ਼ਤੇ ਦੀ ਸੋਝੀ ਹੈ ਉਹ 'ਜਗ ਦੇ ਤੱਤ' ਤੱਕ ਪੁੱਜ ਜਾਂਦਾ ਹੈ। ਅਜਿਹਾ ਵਿਅਕਤੀ ਹੀ 'ਨਿਰਬਾਨ ਪਦੁ' ਨੂੰ ਪ੍ਰਾਪਤ ਕਰ ਸਕਦਾ ਹੈ। ਨਿਰਬਾਨ ਸ਼ਬਦ ਬੁੱਧ ਮੱਤ ਵਿਚ ਮੁਕਤੀ ਲਈ ਵਰਤਿਆ ਜਾਂਦਾ ਸੀ, ਪਰ ਗੁਰਮਤਿ ਦੀ ਮੁਕਤੀ ਤੇ ਬੁੱਧ ਮੱਤ ਦੀ ਮੁਕਤੀ ਦੇ ਸੰਕਲਪ ਵਿਚ ਭਿੰਨਤਾ ਹੈ। ਗੁਰਮਤਿ ਦੀ ਮੁਕਤੀ ਬੋਧੀਆਂ ਵਾਂਗ ਇੱਛਾਵਾਂ ਨੂੰ ਮਾਰਨ 'ਤੇ ਨਹੀਂ ਸਗੋਂ ਇੱਛਾਵਾਂ ਨੂੰ ਸੰਤੁਲਨ ਵਿਚ ਰੱਖਣ 'ਤੇ ਆਧਾਰਿਤ ਹੈ। ਅਕਾਲ ਪੁਰਖ ਨਾਲ ਜੁੜਿਆ ਆਦਮੀ ਆਪਣਾ ਆਪ ਗਵਾ ਦਿੰਦਾ ਹੈ। ਬੇਲੋੜੀਆਂ ਤੇ ਵਿਅਕਤੀਗਤ ਇੱਛਾਵਾਂ ਨੂੰ ਉਹ ਇਕ ਸੰਤੁਲਨ ਦੇ ਕੇ ਖੋਜ ਦੇ ਰਾਹ ਪੈਂਦਾ ਹੈ। ਉਸ ਦੀ ਅਜਿਹੀ ਖੋਜ ਹੀ ਉਸ ਨੂੰ ਨਿਰਬਾਨ ਪਦ ਦੀ ਪ੍ਰਾਪਤੀ ਕਰਾਉਂਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਉਪਦੇਸ਼ ਕਰਦੇ ਹਨ ਕਿ ਨਿਰਬਾਨ ਅਵਸਥਾ ਨੂੰ ਪ੍ਰਾਪਤ ਕਰਨਾ ਕੋਈ ਸੁਖਾਲਾ ਕੰਮ ਨਹੀਂ ਸਗੋਂ ਇਹ (ਖੇਲ ਕਠਨੁ ਹੈ)। ਇਸ ਕਠਿਨ ਖੇਲ ਨੂੰ ਜਿੱਤਣ ਲਈ ਹਉਮੈ ਦਾ ਤਿਆਗ ਕਰਨਾ ਪੈਂਦਾ ਹੈ। ਖੋਜੀ ਬਿਰਤੀ ਦਾ ਧਾਰਨੀ ਹੋਣਾ ਪੈਂਦਾ ਹੈ। ਇਸ 'ਕਠਿਨ ਖੇਲ' ਵਿਚ ਉਹੀ ਵਿਅਕਤੀ ਪੈ ਸਕਦਾ ਹੈ, ਜਿਹੜਾ ਸ਼ਬਦ ਤੇ ਵਿਚਾਰ ਕਰਦਾ ਹੈ। ਆਪਣੀ ਮੱਤ ਤਿਆਗ ਕੇ ਗੁਰਮੁਖ ਬਣਦਾ ਹੈ। ਅਜਿਹਾ ਕੋਈ ਗੁਰਮੁਖ ਹੀ ਇਸ ਖੇਲ ਨੂੰ ਜਾਣ ਸਕਦਾ ਹੈ।

ਉਪਰੋਕਤ ਸਾਰੀ ਵਿਚਾਰ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਦੇ ਇਸ ਸ਼ਬਦ ਦੀ ਪ੍ਰਕਿਰਤੀ ਉਪਦੇਸ਼ਾਤਮਿਕ ਹੈ। ਇਸ ਸ਼ਬਦ ਰਾਹੀਂ ਗੁਰੂ ਜੀ ਮਨੁੱਖ ਨੂੰ 'ਨਿਰਬਾਨ ਪਦ' ਦੀ ਖੋਜ ਕਰਨ ਲਈ ਪ੍ਰੇਰਨਾ ਦਿੰਦੇ ਹਨ। " ਜਨੁ ਨਾਨਕੁ ਇਹੁ ਖੇਲੁ ਕਠਨੁ ਹੈ" ਤੋਂ ਕਈ ਵਾਰੀ ਨਿਰਾਸ਼ਾ ਦਾ ਭੁਲੇਖਾ

ਖਾ ਲਿਆ ਜਾਂਦਾ ਹੈ। ਪਰ ਗੁਰੂ ਸਾਹਿਬ ਦੀ ਇਹ ਸਤਰ ਸਿੱਖ ਸਰੋਤੇ ਵਿਚ ਇਕ ਵੰਗਾਰ ਦੀ ਭਾਵਨਾ ਨੂੰ ਜਗਾਉਂਦੀ ਹੈ। ਗੁਰੂ ਸਾਹਿਬ ਮਨੁੱਖ ਨੂੰ ਸਵੈ ਕੇਂਦਰਿਤ ਨਾ ਹੋ ਕੇ ਸੰਗਤੀ ਪ੍ਰੇਰਨਾ ਦਿੰਦੇ ਹਨ। ਸਮੂਹਿਕ ਵਿਅਕਤੀ ਹੀ ਸਹਿਜ ਨੂੰ ਜਾਂ ਨਿਰਬਾਨ ਨੂੰ ਪ੍ਰਾਪਤ ਹੁੰਦਾ ਹੈ। ਇਸ ਪਦਵੀ ਨੂੰ ਉਹੀ ਪ੍ਰਾਪਤ ਕਰ ਸਕਦਾ ਹੈ ਜਿਹੜਾ ਸਿਰ ਦੇ ਦੇਵੇ ਪਰ ਸਿਰਰ ਨਾ ਦੇਵੇ। ਇਸ ਕਠਿਨ ਖੇਲ ਨੂੰ ਉਹੀ ਵਿਅਕਤੀ ਹੀ ਜਿੱਤ ਸਕਦਾ ਹੈ ਜਿਹੜਾ ਤਲੀ 'ਤੇ 'ਸਿਰ ਧਰ ਕੇ' ਪ੍ਰੀਤਮ ਦੀ ਗਲੀ ਵਿਚ ਆਵੇ ਅਤੇ ਸਿਰ ਦਿੰਦਿਆਂ ਕਿਸੇ ਤਰ੍ਹਾਂ ਦੀ 'ਕਾਣਿ' ਨਾ ਕਰੇ।

(2/1976)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹੁਕਮਨਾਮੇ...

ਪੰਡਿਤ ਜਵਾਹਰ ਲਾਲ ਨਹਿਰੂ ਨੇ ਆਪਣੀ ਪੁਸਤਕ 'ਏ ਬੈਚ ਔਫ ਓਲਡ ਲੈਟਰਜ਼' ਦੇ ਮੁੱਖ ਬੰਦ ਵਿਚ ਲਿਖਿਆ ਹੈ ਕਿ ਪੁਰਾਣੇ ਖ਼ਤ ਪੜ੍ਹ ਕੇ ਜਿਥੇ ਭੁੱਲੀਆਂ ਵਿਸਰੀਆਂ ਯਾਦਾਂ ਸਾਹਮਣੇ ਆ ਜਾਂਦੀਆਂ ਹਨ ਉਥੇ ਉਸ ਸਮੇਂ ਦਾ ਵਾਤਾਵਰਨ ਵੀ ਫਿਰ ਬਣਿਆ ਦਿੱਸ ਆਉਂਦਾ ਹੈ। ਸਾਂਝਾਂ ਤਾਜ਼ੀਆਂ ਹੁੰਦੀਆਂ ਜਾਪਦੀਆਂ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਪਤ੍ਰ (ਹੁਕਮਨਾਮੇ) ਪੜ੍ਹ ਕੇ ਵੀ ਐਸਾ ਹੀ ਮਹਿਸੂਸ ਹੁੰਦਾ ਹੈ। ਨੌਵੇਂ ਪਾਤਸ਼ਾਹ ਦੇ ਹੁਕਮਨਾਮਿਆਂ ਵਿਚ ਜਿਥੇ ਕਈ ਸਮਕਾਲੀ ਸਿੱਖਾਂ ਦੀਆਂ ਸ਼ਖ਼ਸੀਅਤਾਂ ਬਾਰੇ ਚਾਨਣਾ ਪੈਂਦਾ ਹੈ, ਉਥੇ ਗੁਰੂ ਪਾਤਸ਼ਾਹ ਦੇ ਸੁਭਾਅ, ਕਰਮ, ਕਰਤੱਵ ਤੇ ਪ੍ਰਤਿਭਾ ਬਾਰੇ ਵੀ ਬਹੁਤ ਕੁਝ ਨਵਾਂ ਨਿਖਰ ਸਾਹਮਣੇ ਆਉਂਦਾ ਹੈ।

## ਦੂਖ ਨਿਵਾਰਨ

ਇਕ ਹੁਕਮਨਾਮਾ ਜੋ ਗੁਰੂ ਜੀ ਨੇ ਬਨਾਰਸ ਦੀ ਸੰਗਤ ਦੇ ਮੁਖੀ ਭਾਈ ਜਵਹੇਰੀ ਮਲ ਨੂੰ ਲਿਖਿਆ, ਉਸ ਨੂੰ ਪੜ੍ਹ ਕੇ ਉਨ੍ਹਾਂ ਦੇ ਕੋਮਲ ਹਿਰਦੇ ਦੀ ਤਸਵੀਰ ਹੀ ਖਿੱਚੀ ਜਾਂਦੀ ਹੈ। ਉਸ ਹੁਕਮਨਾਮੇ ਵਿਚ ਉਹ ਲਿਖਦੇ ਹਨ :

ਸਿਰੀਧਰ ਕੀ ਸੰਗਤਿ ਸੇਵਾ ਕਰਣੀ
ਅਲੂਫਾ ਸਿਰੀਧਰ ਨੋ ਦੇਣਾ
ਸਿਰੀਧਰ ਜਿਤ ਵੇਲਾ ਚੰਗਾ ਹੋਵੇਗਾ ਤਾਂ ਪਟਣੇ
ਪਹੁਚਾਇ ਦੇਣਾ, ਸੰਗਤਿ ਕਾ ਭਲਾ ਹੋਗੇ।

ਸਿਰੀਧਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘੋੜੇ ਦਾ ਨਾਂ ਸੀ। ਕੈਸਾ ਦਰਦ ਵਾਲਾ ਸੁਭਾਅ ਸੀ ਸੱਚੇ ਪਾਤਸ਼ਾਹ ਦਾ। ਰਾਹ ਵਿਚ ਘੋੜਾ ਕੁਝ ਢਿੱਲਾ ਪੈ ਗਿਆ। ਆਪ ਜੀ ਦਾ ਅੱਗੇ ਜਾਣਾ ਜ਼ਰੂਰੀ ਸੀ। ਪਟਨਾ ਸਾਹਿਬ ਪੁੱਜਦੇ ਸਾਰ ਇਹ ਹੁਕਮਨਾਮਾ ਲਿਖਿਆ। ਘੋੜੇ ਦਾ ਖ਼ਿਆਲ ਰੱਖਣ ਲਈ ਖਾਸ ਹਦਾਇਤਾਂ ਭੇਜੀਆਂ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵਾਰੀ ਭਾਈ ਦਾਨ ਸਿੰਘ ਦੇ ਜਾਨ ਭਾਈ ਨੂੰ ਚਾਬਕ ਮਾਰਨ ਵੇਲੇ ਕਿਹਾ ਸੀ 'ਕਿਮ ਭ੍ਰਾਤਾ ਕੋ ਛਮਕੀ ਮਾਰੀ।' ਸ੍ਰੀ ਗੁਰੂ ਤੇਗ ਬਹਾਦਰ ਜੀ ਘੋੜੇ ਦਾ ਦੁੱਖ ਨਹੀਂ ਸਹਾਰ ਸਕਦੇ, ਹਿੰਦ 'ਤੇ ਹੁੰਦਾ ਜ਼ੁਲਮ ਉਹ ਕਿਵੇਂ ਸਹਾਰ ਸਕਦੇ ਹਨ।

## ਸੰਗਤਿ ਕੀਨੀ ਖਾਲਸਾ

ਪਟਨਾ ਸਾਹਿਬ ਦੀ ਸੰਗਤਿ ਨੂੰ ਆਪ ਸਭ ਹੁਕਮਨਾਮਿਆਂ ਵਿਚ 'ਸ੍ਰੀ ਗੁਰੂ ਜੀ ਦਾ ਖਾਲਸਾ, ਪਟਨਾ ਗੁਰੂ ਕਾ ਘਰ ਹੈ' ਲਿਖਦੇ ਹਨ। ਉਨ੍ਹਾਂ ਦਾ ਬਨਾਰਸ ਦੀ ਸੰਗਤ ਨੂੰ ਵੀ ਸ੍ਰੀ ਗੁਰੂ ਜੀ

ਦਾ ਖਾਲਸਾ ਲਿਖਣਾ ਇਹ ਪ੍ਰਗਟਾਉਂਦਾ ਹੈ ਕਿ ਮਸੰਦ ਪ੍ਰਥਾ ਆਖਰੀ ਦਮਾਂ 'ਤੇ ਸੀ ਅਤੇ ਇਨ੍ਹਾਂ ਦੀ ਥਾਂ ਸੰਗਤਿ ਦਾ ਸਿੱਧਾ ਸੰਬੰਧ ਗੁਰੂ ਨਾਲ ਹੋ ਰਿਹਾ ਸੀ। ਇਸੇ ਗੁਰੂ ਜੀ ਦਾ ਖਾਲਸਾ ਤੋਂ ਵਾਹਿਗੁਰੂ ਜੀ ਦਾ ਖਾਲਸਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਇਆ। ਲੀਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਾ ਹੀ ਦਿੱਤੀ ਸੀ।

## ਗ੍ਰਿਹਸਤੀ ਮਹਿ ਬੜਾ ਗ੍ਰਿਹਸਤੀ

'ਗ੍ਰਿਹਸਤੀ ਮਹਿ ਬੜਾ ਗ੍ਰਿਹਸਤੀ' ਦੇ ਮਹਾਂਵਾਕ ਅਨੁਸਾਰ ਉਹ ਕਿਵੇਂ ਗ੍ਰਿਹਸਤ ਦੀਆਂ ਜ਼ਿੰਮੇਵਾਰੀਆਂ ਅਤੇ ਰੁਝੇਵਿਆਂ ਵਿਚ ਨਿਭਾ ਰਹੇ ਸਨ। ਇਸ ਦੀ ਝਲਕ ਵੀ ਹੁਕਮਨਾਮੇ ਵਿਚੋਂ ਮਿਲਦੀ ਹੈ। ਮਾਤਾ ਗੁਜਰੀ ਤੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਪਟਨਾ ਸਾਹਿਬ ਛੱਡ ਕੇ ਅੱਗੇ ਆਸਾਮ ਵਲ ਜਾ ਰਹੇ ਸਨ। ਰਾਹ ਵਿਚੋਂ ਇਕ ਹੁਕਮਨਾਮਾ ਪਟਨਾ ਸਾਹਿਬ ਦੀ ਸੰਗਤਿ ਦੇ ਨਾਂ ਲਿਖਦੇ ਹਨ :

ਕੋਈ ਅਵਲ ਹਵੇਲੀ ਹੋਵੇ
ਬਡੀ ਹੋਵੇ।
ਤਿਸ ਮੋ ਕਬੀਲੇ ਹਮਾਰੇ ਰਖਣੈ।
ਸੰਗਤਿ ਕੇ ਗੁਰੂ ਰੁਜਗਾਰ ਮੋ ਬਰਕਤ ਕਰੈਗਾ
ਸੇਵਾ ਕਾ ਵੇਲਾ ਹੈ।

ਉਸ ਸਮੇਂ ਮਾਤਾ ਗੁਜਰੀ ਜੀ ਵਲ ਖਾਸ ਧਿਆਨ ਦੇਣ ਦੀ ਲੋੜ ਸੀ। ਇਸ ਲਈ ਹੁਕਮਨਾਮੇ ਵਿਚ ਸਪੱਸ਼ਟ ਤੌਰ 'ਤੇ 'ਅਛੀ ਹਵੇਲੀ' ਵੱਡੀ ਸਾਰੀ ਦੀ ਗੱਲ ਲਿਖੀ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋ ਗਿਆ ਤਾਂ ਪਟਨਾ ਨਿਵਾਸੀਆਂ ਨੇ ਬਹੁਤ ਖ਼ੁਸ਼ੀ ਮਨਾਈ, ਜਸ਼ਨ ਕੀਤਾ ਤਾਂ ਆਪ ਜੀ ਨੇ ਨਾ ਸਿਰਫ਼ ਵਧਾਈ ਮੋੜੀ ਸਗੋਂ ਆਪਣੇ ਵਲੋਂ ਵੀ ਖ਼ੁਸ਼ੀ ਮੋੜੀ। ਬਚਨ ਲਿਖੇ :

ਸਰਬਤ ਸੰਗਤਿ ਪਟਣੇ ਕੀ ਜਿਨਿ ਸਿਖ ਵਾਹਿਗੁਰੂ ਕੀਆ ਹੈ।
ਤਿਸ ਕੇ ਮਨੋਰਥ ਪੂਰੇ ਹੋਵਹਿਗੇ।
ਗੋਬਿੰਦ (ਰਾਇ) ਕੀ ਵਧਾਈ ਉਪਰਿ ਸੰਗਤ ਖਰਚ ਕੀਆ।
ਗੁਰੂ ਕੀ ਦਰਗਹ ਥਾਇ ਪਯਾ ਰੁਪਯੇ ਕੀ ਮੁਹਰ ਥਾਇ ਪੜੀ।
ਪੀਛੇ ਸੇਵਾ ਕੀਤੀ ਸੋ ਥਾਇ ਪਈ ਆਗੈ ਜੋ ਸੇਵਾ ਕਰੇਗਾ ਤਿਸ ਕਾ ਭਲਾ ਹੋਗੁ।

## ਮਿਤ੍ਰ ਸਖਾਈ

ਮਿਤ੍ਰ ਦੀ ਯਾਦ ਅਤੇ ਮਿਤ੍ਰ ਨਾਲ ਕਿਤਨਾ ਪਿਆਰ ਕਰਦੇ ਸਨ, ਇਸ ਦੀ ਗਵਾਹੀ ਇਕ ਉਹ ਹੁਕਮਨਾਮਾ ਹੈ, ਜੋ ਆਪ ਜੀ ਨੇ ਮੁੰਘੇਰ ਦੀ ਸੰਗਤ ਦੇ ਨਾਮ ਭਾਈ ਦਿਆਲ ਦਾਸ, ਭਾਈ ਗਨਰਾਇ ਤੇ ਹੋਰ ਸਿੱਖਾਂ ਵਲ ਲਿਖਿਆ। ਆਪ ਜੀ ਨੇ ਹੁਕਮ ਕੀਤਾ :

ਪਾਂਚ ਖਾਚੇ ਬਾਸਣ (ਬਰਤਨ) ਮੀਨਾ ਪੁਰਕਿਆ ਕੇ,
ਸੁਰਾਹੀ ਪਿਆਲੇ ਹਛੇ ਕਹਾਰਾਂ ਨੋ ਦੇ ਕੇ ਦਿਲੀ
ਭਾਈ ਕਲਿਆਣੇ ਦੀ ਧਰਮਸਾਲਾ ਪਹੁਚਾਵਣੇ

ਨਵਾਬ ਸੈਫ ਖਾਂ ਨੋ ਦੇਣੇ ਹਨਿ, ਹਛੇ ਬਾਸਣ ਭੇਜਣੇ।

ਇਹ ਉਹੋ ਹੀ ਨਵਾਬ ਸੈਫ਼ ਖਾਂ ਹੈ ਜੋ ਔਰੰਗਜ਼ੇਬ ਦਾ ਸਾਂਢੂ ਸੀ ਅਤੇ ਜਿਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬੇਨਤੀ ਕੀਤੀ ਸੀ ਕਿ ਉਸ ਪਾਸ ਸੈਫਾਬਾਦ (ਪਟਿਆਲਾ) ਹੀ ਟਿਕਣ ਤੇ ਔਰੰਗਜ਼ੇਬ ਦੀ ਕੀ ਮਜ਼ਾਲ ਹੈ ਜੋ ਆਪ ਜੀ ਵੱਲ ਵੇਖ ਸਕੇ। ਮਹਾਰਾਜ ਨੇ ਫ਼ਰਮਾਇਆ ਸੀ ਕਿ ਆਪ ਖ਼ੁਸ਼ੀ ਨਾਲ ਦਿੱਲੀ ਜਾ ਰਹੇ ਹਨ ਅਤੇ ਔਰੰਗਜ਼ੇਬ ਨੂੰ ਇਸ ਕੱਟੜਪੁਣੇ ਤੋਂ ਰੋਕਣ ਦਾ ਸਿਵਾਇ ਸ਼ਹਾਦਤ ਤੋਂ ਕੋਈ ਰਾਹ ਨਹੀਂ। ਸੈਫਖਾਨ ਆਪ ਉਨ੍ਹਾਂ ਦੀ ਪਾਲਕੀ ਨੂੰ ਮੋਢਾ ਦੇ ਕੇ ਆਪਣੀ ਹੱਦ ਤਕ ਛੱਡਣ ਆਇਆ ਸੀ।

ਜਿਸ ਭਾਈ ਦਿਆਲਾ ਜੀ ਨੇ ਦੇਗ ਵਿਚ ਉਬਾਲਾ ਖਾ ਕੇ ਸਿਦਕ ਦੀ ਇੰਤਹਾ ਦੱਸੀ, ਉਸੇ ਪ੍ਰਤੀ ਕਈ ਹੁਕਮਨਾਮੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹਨ ਕਿ ਉਸ ਦਾ ਕਹਿਆ ਗੁਰੂ ਦਾ ਸਮਝਣਾ। ਨੌਵੇਂ ਪਾਤਸ਼ਾਹ ਨੂੰ ਕਿਤਨਾ ਵਿਸ਼ਵਾਸ ਸੀ ਆਪਣੇ ਸਿੱਖ 'ਤੇ ਅਤੇ ਸਿੱਖ ਨੂੰ ਕਿਤਨੀ ਸ਼ਰਧਾ ਸੀ ਆਪਣੇ ਗੁਰੂ 'ਤੇ ਇਹ ਹੁਕਮਨਾਮੇ ਉਸ ਦਾ ਸਬੂਤ ਹਨ। ਇਕ ਹੁਕਮਨਾਮੇ ਵਿਚ ਗੁਰੂ ਜੀ ਲਿਖਦੇ ਹਨ—ਭੇਟ ਸੰਗਤਿ ਨੇ ਭਾਈ ਦਿਆਲ ਦਾਸ ਪਾਸ ਪਹੁੰਚਾਵਣੀ, ਹਜ਼ੂਰ ਪਹੁੰਚੇਗੀ।

## ਸਿਰ ਨਹੀਂ ਝੁਕਾਉਣਾ

ਪਟਨਾ ਸਾਹਿਬ ਵਿਚ ਜਦ (ਗੁਰੂ) ਗੋਬਿੰਦ (ਸਿੰਘ) ਜੀ ਨੇ ਹਾਣੀਆਂ ਦੀਆਂ ਢਾਣੀਆਂ ਬਣਾ ਕੇ ਖੇਡਾਂ ਆਰੰਭ ਕੀਤੀਆਂ ਅਤੇ ਸਾਥੀਆਂ ਵਿਚ ਜੁਰਅਤ ਭਰਨ ਲਈ ਇਹ ਵੀ ਕਿਹਾ ਕਿ ਜੋ ਵੀ ਨਵਾਬਾਂ ਅੱਗੇ ਡੱਟ ਖਲੋਣਗੇ ਅਤੇ ਝੁਕ ਕੇ ਸਲਾਮਾਂ ਨਹੀਂ ਕਰਨਗੇ, ਉਨ੍ਹਾਂ ਨੂੰ ਵੱਖ ਇਨਾਮ ਦੇਵਾਂਗਾ। ਕੁਝ ਲੋਕਾਂ ਨੇ ਜਦ ਸ਼ਿਕਾਇਤਾਂ ਮਾਤਾ ਜੀ ਅਤੇ ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਪਹੁੰਚਾਈਆਂ ਤਾਂ ਉਨ੍ਹਾਂ ਸਗੋਂ ਇਕ ਹੁਕਮਨਾਮਾ ਹੀ ਇਸ ਪ੍ਰਤੀ ਕੱਢਿਆ ਕਿ 'ਜੋ ਸਰਕਾਰੀ ਕਰਮਚਾਰੀ ਆਂਦਾ ਦਿਸੇ ਪਹਲ ਤਾਂ ਉਸ ਨੂੰ ਸਲਾਮ ਨਾ ਕਹਿਣੀ। ਜੇ ਆਇ ਹੀ ਜਾਇ ਤਾਂ ਸਿਰਹਾਂਦੀ ਨਹੀਂ ਬਿਠਾਵਣਾ, ਪਵਾਂਦੀ ਦੇਣੀ।' ਮੀਰੀ-ਪੀਰੀ ਦੇ ਮਾਲਕ ਦੇ ਸਪੁੱਤਰ ਨੇ ਸ਼ਾਹਾਂ ਦੀ ਪ੍ਰਵਾਹ ਹਟਾ ਹੀ ਦਿੱਤੀ। ਲੋਕੀਂ ਸੱਚਮੁੱਚ ਸੁਤੰਤਰ ਹੋ ਵਿਚਰਨ ਲੱਗੇ। ਸ੍ਰੀ ਗੁਰੂ ਹਰਿਗੋਬਿੰਦ ਜੀ ਵੇਲੇ ਸਿੱਖਾਂ ਨੇ ਸ਼ਾਹ ਜਹਾਨ ਦੇ ਕਰਮਚਾਰੀਆਂ ਨੂੰ ਬਾਜ਼ ਵਾਪਸ ਮੰਗਣ 'ਤੇ ਕਿਹਾ ਸੀ, "ਤੁਸੀਂ ਬਾਜ਼ ਹੀ ਬਾਜ਼ ਪੁਕਾਰਦੇ ਹੋ, ਅਸੀਂ ਤਾਜ ਤੁਹਾਡੜਾ ਚਾਹੁੰਦੇ ਹਾਂ।"

ਸੱਚਮੁੱਚ ਐਸੀ ਸ਼ਕਤੀ ਭਰ ਦਿੱਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅਤੇ ਉਨ੍ਹਾਂ ਦੀ ਸ਼ਹਾਦਤ ਨੇ ਕਿ ਔਰੰਗਜ਼ੇਬ ਸਾਹਮਣੇ ਇਕ ਹੀ ਸਿੱਖ ਨੇ ਤਲਵਾਰ ਕੱਢ ਕੇ ਹਮਲਾ ਬੋਲ ਦਿੱਤਾ ਜਦ ਉਹ 30 ਅਕਤੂਬਰ, 1676 ਨੂੰ ਜੁੰਮੇ ਦੀ ਨਮਾਜ਼ ਪੜ੍ਹ ਕੇ ਜਾਮਾ ਮਸਜਿਦ ਤੋਂ ਬੇੜੀ ਵਿਚ ਬੈਠ ਕੇ ਲਾਲ ਕਿਲ੍ਹੇ ਜਾ ਰਿਹਾ ਸੀ।

ਮੇਰਾ ਇਹ ਵੀ ਵਿਸ਼ਵਾਸ ਹੈ ਕਿ ਹੁਕਮਨਾਮਿਆਂ ਵਿਚ ਆਏ ਸਿੱਖਾਂ ਦੇ ਨਾਵਾਂ ਦੀ ਸੂਚੀ ਬਨਾਉਣ ਨਾਲ ਉਹ ਸੂਚੀ ਮੁਕੰਮਲ ਹੋ ਜਾਏਗੀ, ਜੋ ਭਾਈ ਗੁਰਦਾਸ ਜੀ ਨੇ ਗਿਆਰ੍ਹਵੀਂ ਵਾਰ ਵਿਚ ਅਰੰਭ ਕੀਤੀ ਸੀ। ਇਹ ਹੁਕਮਨਾਮੇ ਬਹੁਤ ਕੁਝ ਆਪਣੇ ਲਈ ਲੁਕਾਈ ਬੈਠੇ ਹਨ। ਸਿਰਫ਼ ਇਕ ਡੂੰਘੀ ਝਾਤ ਮਾਰਨ ਦੀ ਲੋੜ ਹੈ।

(3/1972)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹੁਕਮਨਾਮੇ

ਬਹੁਤ ਸਾਰੇ ਵਿਅਕਤੀ ਇਹ ਸਮਝਦੇ ਹੋਣਗੇ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਬਦ ਅਤੇ ਸਲੋਕ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਉਹਨਾਂ ਤੋਂ ਬਿਨਾਂ ਆਪ ਜੀ ਦੀ ਕੋਈ ਹੋਰ ਸਾਹਿਤਕ ਰਚਨਾ ਨਹੀਂ ਹੈ ਪਰ ਆਮ ਪਾਠਕ ਇਹ ਜਾਣ ਕੇ ਹੈਰਾਨ ਹੋਣਗੇ ਕਿ ਆਪ ਨੇ ਬਹੁਤ ਵਾਰਤਕ ਵੀ ਲਿਖੀ ਹੈ ਜੋ ਨੀਸਾਣੁ ਅਤੇ ਹੁਕਮਨਾਮਿਆਂ ਦੇ ਰੂਪ ਵਿਚ ਹੈ। ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਬੜੀ ਮਿਹਨਤ ਨਾਲ ਸਾਰੇ ਗੁਰੂ ਸਾਹਿਬਾਨ ਦੇ ਹੁਕਮਨਾਮੇ, ਨੀਸਾਣੁ ਅਤੇ ਪਰਚੀਆਂ ਆਦਿ ਨੂੰ ਇਕੱਠਾ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਇਹਨਾਂ ਨੂੰ 'ਨੀਸਾਣੁ ਅਤੇ ਹੁਕਮਨਾਮੇ' ਸਿਰਲੇਖ ਹੇਠ ਪੁਸਤਕ ਦੇ ਰੂਪ ਵਿਚ ਛਾਪਿਆ ਹੈ। ਇਸੇ ਤਰ੍ਹਾਂ ਡਾ. ਗੰਡਾ ਸਿੰਘ ਜੀ ਦੁਆਰਾ ਸਾਰੇ ਗੁਰੂ ਅਤੇ ਮਾਤਾ ਸਾਹਿਬਾਨ ਦੇ ਹੁਕਮਨਾਮਿਆਂ, ਨੀਸਾਣਾਂ, ਰੁਕਿਆਂ ਆਦਿ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਹੁਕਮਨਾਮੇ' ਸਿਰਲੇਖ ਹੇਠ ਛਾਪਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹੁਣੇ ਹੁਣੇ ਛਪੀ ਖ਼ਾਲਸਾ ਡਾਇਰੀ ਦੀ ਭੂਮਿਕਾ ਵਿਚ ਸ਼ਮਸ਼ੇਰ ਸਿੰਘ ਅਸ਼ੋਕ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਹੁਕਮਨਾਮਿਆਂ ਦੀ ਗਿਣਤੀ 29 ਲਿਖੀ ਹੈ ਜਦ ਕਿ ਉਹਨਾਂ ਦੀ ਉਪਰ ਵਰਣਿਤ ਪੁਸਤਕ ਹੁਕਮਨਾਮਿਆਂ ਦੀ ਗਿਣਤੀ ਕੀਤਿਆਂ 30 ਬਣਦੀ ਹੈ। ਇਸ ਤੋਂ ਬਿਨਾਂ ਆਪ ਜੀ ਦੇ ਲਿਖੇ ਹੋਏ ਨੀਸਾਣੁ ਵੀ ਮਿਲਦੇ ਹਨ ਜਿਨ੍ਹਾਂ ਨੂੰ ਵਾਰਤਕ ਦਾ ਇਕ ਨਮੂਨਾ ਹੀ ਕਿਹਾ ਸਕਦਾ ਹੈ। ਡਾ. ਗੰਡਾ ਸਿੰਘ ਜੀ ਨੇ ਇਹਨਾਂ ਹੁਕਮਨਾਮਿਆਂ ਦੀ ਸੰਖਿਆ 22 ਲਿਖੀ ਹੈ।

## ਹੁਕਮਨਾਮੇ ਕਿਉਂ ਲਿਖੇ?

ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਗੁਰੂ ਜੀ ਨੂੰ ਹੁਕਮਨਾਮੇ ਲਿਖਣ ਦੀ ਲੋੜ ਕਿਉਂ ਪਈ। ਇਸ ਪ੍ਰਸ਼ਨ ਦਾ ਪਹਿਲਾ ਉੱਤਰ ਤਾਂ ਇਹ ਹੈ ਕਿ ਗੁਰੂ ਜੀ ਨੇ ਧਰਮ ਦੇ ਪ੍ਰਚਾਰ ਲਈ ਮਸੰਦ ਨਿਯੁਕਤ ਕੀਤੇ ਹੋਏ ਸਨ। ਸਮੇਂ-ਸਮੇਂ ਗੁਰੂ ਜੀ ਉਹਨਾਂ ਮਸੰਦਾਂ ਨੂੰ ਹਦਾਇਤਾਂ ਭੇਜਦੇ ਰਹਿੰਦੇ ਸਨ। ਮਸੰਦ ਜਿਥੇ ਧਰਮ ਦਾ ਪ੍ਰਚਾਰ ਕਰਦੇ ਸਨ ਉਥੇ ਉਹ ਆਪਣੇ ਇਲਾਕੇ ਦੇ ਗੁਰਸਿੱਖਾਂ ਕੋਲੋਂ ਦਸਵੰਧ ਵਸੂਲਦੇ ਅਤੇ ਗੁਰੂ ਜੀ ਨੂੰ ਪਹੁੰਚਾਉਂਦੇ ਸਨ। ਕਈ ਹੁਕਮਨਾਮਿਆਂ ਵਿਚ ਮਸੰਦਾਂ ਕੋਲੋਂ ਧਨ ਅਤੇ ਹੋਰ ਕਈ ਲੋੜ ਵਾਲੀਆਂ ਚੀਜ਼ਾਂ ਦੀ ਮੰਗ ਕੀਤੀ ਗਈ ਹੁੰਦੀ। ਕਈ ਹੁਕਮਨਾਮਿਆਂ ਵਿਚ ਸੰਗਤ ਨੂੰ ਪਰਮਾਤਮਾ ਦਾ ਨਾਮ ਜਪਣ ਦੀ ਪ੍ਰੇਰਣਾ ਦਿੱਤੀ ਗਈ ਹੁੰਦੀ। ਜਦੋਂ ਗੁਰੂ ਜੀ ਪਟਨੇ ਤੋਂ ਅੱਗੇ ਬੰਗਾਲ ਅਤੇ ਅਸਾਮ ਵੱਲ ਚਲ ਪਏ ਅਤੇ ਬਾਕੀ ਪਰਿਵਾਰ ਪਟਨੇ ਛੱਡ ਗਏ ਤਾਂ ਪਟਨੇ ਦੀ ਸੰਗਤ ਦੇ ਨਾਂ ਆਪ ਨੇ ਹੁਕਮਨਾਮੇ ਲਿਖੇ ਜਿਨ੍ਹਾਂ ਵਿਚ ਗੁਰੂ-ਪਰਿਵਾਰ ਦੀ ਸੰਭਾਲ ਲਈ ਪਟਨੇ ਦੀ ਸੰਗਤ ਦਾ ਧੰਨਵਾਦ ਅਤੇ ਅੱਗੇ ਲਈ ਵੀ ਪਰਿਵਾਰ ਦੀ ਸੰਭਾਲ ਦੀ ਤਾਕੀਦ

ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਲਿਖਤ ਹੁਕਮਨਾਮਿਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:

| | |
|---|---|
| 1. ਜਗਦੇਉ ਰਾਮਦਾਸ ਦੀ ਸੰਗਤਿ ਦੇ ਨਾਂ | 3 |
| 2. ਧਰਦੇਵ ਦੀ ਸੰਗਤ ਦੇ ਨਾਂ | 1 |
| 3. ਪਟਣ ਸ਼ੇਖ ਫਰੀਦ ਦੀ ਸੰਗਤ ਦੇ ਨਾਂ | 6 |
| 4. ਪਟਨੇ ਦੀ ਸੰਗਤ ਦੇ ਨਾਂ | 8 |
| 5. ਬਨਾਰਸ ਦੀ ਸੰਗਤ ਦੇ ਨਾਂ | 11 |
| 6. ਮਿਰਜ਼ਾਪੁਰ ਦੀ ਸੰਗਤ ਦੇ ਨਾਂ | 1 |
| ਕੁਲ ਜੋੜ | 30 |

ਇਸ ਤੋਂ ਬਿਨਾਂ ਕੁਝ ਇਕ ਨੀਸਾਣੁ ਹੋਰ ਹਨ ਜੋ ਵੱਖ-ਵੱਖ ਪੁਰਾਤਨ ਬੀੜਾਂ ਵਿਚੋਂ ਮਿਲਦੇ ਹਨ ਜਿਵੇਂ ਗੁਰਦੁਆਰਾ ਮੈਣੀ ਸੰਗਤ ਪਟਨਾ, ਗੁਰਦੁਆਰਾ ਥੰਮ ਸਾਹਿਬ ਪਟਨਾ, ਸ੍ਰੀ ਗੁਰੂ ਨਾਨਕ ਆਸ਼ਰਮ ਅਰਹੋਰਾ, ਬੰਨੋਆਣੀਆਂ ਦੀ ਸ੍ਰੀ ਆਦਿ (ਗੁਰੂ) ਗ੍ਰੰਥ ਜੀ ਦੀ ਪੁਰਾਤਨ ਬੀੜ, ਪੋਥੀ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਸੰਮਤ ੧੭੨੮ ਬਿਕ੍ਰਮੀ ਅਤੇ ਛੋਟਾ ਮਿਰਜ਼ਾਪੁਰ (ਯੂ.ਪੀ.) ਦੀ ਪੁਰਾਤਨ ਬੀੜ ਆਦਿ। ਹੁਣ ਤਕ ਇਕ ਹੁਕਮਨਾਮਿਆਂ ਦਾ ਉਤਾਰਾ ਪਾਠਕਾਂ ਦੇ ਸਾਹਮਣੇ ਰੱਖਾਂਗੇ ਤਾਂ ਜੁ ਗੁਰੂ ਜੀ ਦੀ ਵਾਰਤਕ ਤੋਂ ਉਹ ਜਾਣੂ ਹੋ ਸਕਣ। ਜਗਦੇਉ ਰਾਮਦਾਸ ਦੀ ਸੰਗਤਿ ਦੇ ਨਾਂ ਇਕ ਹੁਕਮਨਾਮੇ ਵਿਚ ਗੁਰੂ ਜੀ ਲਿਖਦੇ ਹਨ:

**ਹੁਕਮਨਾਮਾ ਪਾਤਸ਼ਾਹੀ ੯**

**(ਸ੍ਰੀ ਗੁਰੂ ਤੇਗ ਬਹਾਦਰ ਜੀ)**

ਗੁਰੂ ਸਤ

ਭਾਈ ਉਗਰ ਸੈਣ ਸਰਬਤ ਸੰਗਤ
ਗੁਰੂ ਤੁਸਾਦੀ ਰਖੈਗਾ ਰਾਮਦਾਸ ਜਗਦੇਉ
ਦਾ ਘਰ ਹੈ ਸੁ ਗੁਰੂ ਦਾ ਹੈ ਤੂ ਗੁਰੂ ਦਾ ਪੁਤੁ ਹੈ ਸਭਨਾ
ਮਸੰਦਾਂ ਕਾ ਮੁਹਰੀ ਹੈ ਏਸ ਥਾਉ ਕੀ ਸਭ ਮਦਾਰ ਤੁਸਾ ਉਪਰ ਹੈ
ਰਾਮਦਾਸ ਗੁਰਦਿਤੇ ਭਾਈ ਗੁਰੀਏ ਭਾਈ ਕਲਿਆਣ ਦਾਸ ਨੋ
ਆਦਮੀ ਸਦਣ ਭੇਜਿਆ ਹੈ ਜਿਤਨੇ ਲਾਇਕ ਹੋਣਨਿ ਸੋ
ਹਕੀਕਤ ਲਿਖਿ ਭੇਜਹਗੇ ਰਾਮਦਾਸ ਜੀ ਜੇਹੀ ਤੁਸਾਂ ਸੇਵਾ ਕੀਤੀ ਹੈ
ਇਦੂ ਭੀ ਵਡਾ ਭਰੋਸਾ ਰਖਦੇ ਅਸਹ ਰਾਮਦਾਸ ਜੀ ਆਪਣਾ
ਆਦਮੀ ਗੁਰਾਗੀ ਥੇ ਭੇਜਦੇ ਹਰਨਾਏ ਸਵਾਲ ਭੀ ਸਭ ਮਦਾਰ ਤੇ ਉਪਰਿ ਹੈ।

ੴ ਸਤਿਗੁਰੂ

"ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਆਗਿਆ ਹੈ ਭਾਈ ਉਗਰਸੈਣ ਸੇ-ਸਤਿਗੁਰੂ ਤੁਸਾਡੀ ਰਖੇਗਾ ਸੰਗਤਿ ਦੇ ਮਨੋਰਥ ਗੁਰੂ ਪੂਰੇ ਕਰੇਗਾ ਰਾਮਦਾਸ ਜਗਦੇਉ ਦਾ ਘਰ ਹੈ ਸੋ ਗੁਰੂ ਦਾ ਹੈ ਤੂ ਗੁਰੂ ਦਾ ਪੁਤੁ ਹੈ ਸਭਨਾ ਮਸੰਦਾਂ ਦਾ ਮੁਹਰੀ ਹੈ ਏਸੁ ਥਾਉ ਦੀ ਸਭ ਮਦਾਰ ਤੁਸਾਂ ਉਪਰਿ ਹੈ ਰਾਮਦਾਸ ਗੁਰਦਿਤੇ ਭਾਈ ਕਲਿਆਨ ਦਾਸ ਕੋ ਆਦਮੀ ਸਦਣਿ ਭੇਜੇ ਹਨ ਜਿਤਣੇ ਲਾਇਕ

ਹੋਨਿਗੇ ਸਭੁ ਹਕੀਕਤਿ ਲਿਖਣ ਭੇਜਹਗੇ ਰਾਮਦਾਸ ਜੀ ਜੇਹੀ ਤੁਸਾਂ ਸੇਵਾ ਕੀਤੀ ਹੈ (ਤੁ) ਸੀ ਏਦੂ ਵਡਾ ਭਰੋਸਾ ਰਖਦੇ ਅਸਹੁ ਗੁਰੂ ਤੁਸਾਡੀ ਰਖੇਗਾ ਖ਼ੁਸ਼ੀ ਹੈ।"

ਇਸ ਹੁਕਮਨਾਮੇ ਵਿਚ ਗੁਰੂ ਜੀ ਨੇ ਜਗਦੇਉ ਦੀ ਸੰਗਤਿ ਭਾਈ ਉਗਰਸੈਣ, ਰਾਮਦਾਸ ਆਦਿ ਸਿੱਖਾਂ ਨੂੰ ਗੁਰੂ ਘਰ ਦੀ ਸੇਵਾ ਕਰਨ ਖ਼ਾਤਰ ਵਡਿਆਇਆ ਹੈ। ਗੁਰੂ ਜੀ ਨੇ ਉਥੋਂ ਦੇ ਮੁਹਰੀ ਮਸੰਦ ਨੂੰ ਪੁੱਤਰ ਦਾ ਦਰਜਾ ਦਿੱਤਾ ਹੈ ਅਤੇ ਉਥੋਂ ਦੀ ਸੰਗਤ ਨੂੰ ਸਦਾ ਸੁਖੀ ਰਹਿਣ ਦੀ ਅਸੀਸ। ਉਸ ਇਲਾਕੇ ਦੀ ਉਗਰਾਹੀ ਵੀ ਉਨ੍ਹਾਂ ਦੇ ਜ਼ਿੰਮੇ ਲਾਈ। ਇਸੇ ਤਰ੍ਹਾਂ ਜਗਦੇਉ ਦੇ ਇਕ ਹੋਰ ਹੁਕਮਨਾਮੇ ਵਿਚ ਗੁਰੂ ਜੀ ਨੇ ਸਿੱਖਾਂ ਕੋਲੋਂ ਬਲਦਾਂ ਦੀ ਮੰਗ ਕੀਤੀ ਹੈ:

**ਹੁਕਮਨਾਮਾ ਪਾਤਸ਼ਾਹੀ ੯**

**(ਸ੍ਰੀ ਗੁਰੂ ਤੇਗ ਬਹਾਦਰ ਜੀ)**

(ਲਾ)ਲ ਚੰ(ਦ) ਕੌ, ਦੇਣੀ ਸੰਗਤ
ਕੇ ਰੁਜਗਾਰ ਬਰਕਤਿ ਹੋਗੁ
ਰਾਮਦਾਸ ਜਗਦੇ ਕਾ ਘਰੁ
ਗੁਰੂ ਕਾ ਹੈ ਮੇਰੀ ਰਾਮਦਾਸ ਜੀ
ਤੇ ਉਪਰਿ ਬਹੁਤ ਖੁਸੀ ਹੈ

**ਗੁਰੂ ਸਤਿ**

"ਰਾਮਦਾਸ ਉਗਰਸੈਣ ਭਾਈ ਲਾਲ ਚੰਦ ਸਰਬਤ ਸੰਗਤ ਗੁਰੂ ਰਖੈਗਾ ਕਾਰਬਾਰ ਲੈ ਕੇ ਜੋੜਾ ਜੁੜਾਵਲ ਕਾ ਛਿਅ ਬਦਲ ਫੁਰਮਾਇਸ ਕੇ ਸਰਬਤਿ ਸੰਗਤਿ ਲੈ ਕੇ ਦੀਵਾਲੀ ਨੋ ਮਾਤਾ ਜੀ ਪਾਸ ਆਵਣਾ ਜੀ ਹੁਕਮ ਕਰੇਗੇ ਗੁਰੂ ਕਾ ਹੁਕਮ ਕਰ ਮੰਨਣਾ ਸੰਗਤ ਕੀ ਬਹੁੜੀ ਹੋਗ (ਸਿੱਖਾਂ ਪੁਤਾਂ) ਦੀ ਸੇਵਾ ਕੀ ਵੇਲਾ ਸੰਗਤਿ ਕਾਰਬਾਰ ਰਾਮਦਾਸ।"

ਫਿਰ ਇਕ ਹੋਰ ਹੁਕਮਨਾਮੇ ਵਿਚ ਉਪਰੋਕਤ ਚੀਜ਼ਾਂ ਮਾਤਾ ਜੀ ਦੇ ਪਾਸ ਪਹੁੰਚ ਜਾਣ 'ਤੇ ਸੰਗਤਾਂ ਦਾ ਧੰਨਵਾਦ ਕੀਤਾ ਹੈ ਅਤੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਧਰਦੇਵ ਵਾਲੇ ਹੁਕਮਨਾਮੇ ਵਿਚ ਗੁਰੂ ਜੀ ਨੇ ਉਸ ਸਮੇਂ ਦਾ ਵਰਣਨ ਕੀਤਾ ਹੈ ਜਦ ਆਪ ਪੂਰਬ ਦੇ ਦੌਰੇ ਤੋਂ ਬਾਅਦ ਕੀਰਤਪੁਰ ਵਲੋਂ ਹੁੰਦੇ ਹੋਏ ਮਾਝੇ ਦੇ ਪਿੰਡ ਬਾਬਾ ਬਕਾਲੇ ਨਾਮੀ ਸਥਾਨ 'ਤੇ ਪੁੱਜੇ ਤਾਂ ਜਮਾਲਪੁਰ ਦੇ ਲਾਗੇ ਚੋਰਾਂ ਨੇ ਆਪ ਜੀ ਦੇ ਦੋ ਬੈਲ ਤੇ ਇਕ ਖੱਚਰ ਚੁਰਾ ਲਈ। ਆਪ ਜੀ ਨੇ ਭਾਈ ਮੱਲਾ, ਭਾਈ ਬਾਘਾ ਅਤੇ ਸਰਬਤ ਸੰਗਤ ਨੂੰ ਬੈਲਾਂ ਤੇ ਖੱਚਰ ਦੀ ਭਾਲ ਕਰਨ ਲਈ ਇਕ ਹੁਕਮਨਾਮਾ ਲਿਖਿਆ। ਡਾ. ਗੰਡਾ ਸਿੰਘ ਜੀ ਨੇ ਆਪਣੀ ਪੁਸਤਕ 'ਹੁਕਮਨਾਮੇ' ਵਿਚ ਇਹ ਹੁਕਮਨਾਮਾ ਮਾਤਾ ਗੁਜਰੀ ਨਾਲ ਸੰਬੰਧਤ ਕੀਤਾ ਹੈ ਜੋ ਠੀਕ ਨਹੀਂ ਲੱਗਦਾ ਕਿਉਂਕਿ ਗੁਰੂ ਜੀ ਦੀ ਹਾਜ਼ਰੀ ਵਿਚ ਮਾਤਾ ਵਲੋਂ ਹੁਕਮਨਾਮਾ ਜਾਰੀ ਕਰਨਾ ਕੁਝ ਜਚਦਾ ਨਹੀਂ। ਸੋ ਇਹ ਹੁਕਮਨਾਮਾ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਆਪਣਾ ਹੀ ਲਿਖਿਆ ਹੋਇਆ ਹੈ।

ਪਾਕਪਟਨ ਦੀ ਸੰਗਤ ਦੇ ਨਾਮ ਹੁਕਮਨਾਮੇ ਵਿਚ ਗੁਰੂ ਜੀ ਨੇ ਦੀਵਾਲੀ ਦੇ ਮੌਕੇ ਉੱਤੇ ਦਰਸ਼ਨਾਂ ਲਈ ਆਉਣ ਲਈ ਲਿਖਿਆ ਹੈ। ਭਾਈ ਬੱਠਾ ਬਨਾਰਸ ਦਾ ਮਸੰਦ ਸੀ। ਗੁਰੂ ਜੀ ਨੇ ਭਾਈ ਬੱਠੇ ਨੂੰ ਆਪਣੇ ਪੁੱਤਰ ਦਾ ਦਰਜਾ ਦਿੱਤਾ ਅਤੇ ਸੰਗਤ ਨੂੰ ਉਸ ਦਾ ਹੁਕਮ ਮੰਨਣ ਲਈ ਲਿਖਿਆ। ਆਪ ਜੀ ਨੇ ਲਿਖਿਆ:

ਜੁ ਸਿਖੁ ਭਾਈ ਬੱਠੇ ਨਾਲ ਦਰਸਨਿ ਆਵਗੁ
ਸੋ ਨਿਹਾਲ ਹੋਗੁ ਗੁਰੂ ਉਸ ਦੇ ਸਭ ਕੰਮ ਰਾਸਿ ਕਰੇਗਾ।

ਪਟਨੇ ਦੀ ਸੰਗਤ ਦੇ ਨਾਂ ਇਕ ਹੁਕਮਨਾਮੇ ਵਿਚ ਸੰਗਤਾਂ ਵਲੋਂ ਗੁਰੂ ਜੀ ਨੂੰ ਕਪੜੇ ਭੇਜਣ ਅਤੇ ਗੁਰੂ ਜੀ ਕੋਲ ਪਹੁੰਚ ਜਾਣ ਦਾ ਸੰਕੇਤ ਹੈ। ਇਸ ਹੁਕਮਨਾਮੇ ਵਿਚ ਗੁਰੂ ਜੀ ਨੇ ਆਪਣੇ 60 ਤੋਂ ਵੀ ਉਪਰ ਸਿੱਖਾਂ ਦੇ ਨਾਮ ਲਿਖੇ ਹਨ। ਹੁਕਮਨਾਮੇ ਦੀਆਂ ਸਤਰਾਂ ਇਉਂ ਹਨ:

**ਹੁਕਮਨਾਮਾ ਪਾਤਸ਼ਾਹੀ ੯**
**(ਸ੍ਰੀ ਗੁਰੂ ਤੇਗ ਬਹਾਦਰ ਜੀ)**

ਸਰਬਤ ਸੰਗਤ ਪਟਣੇ ਕੀ ਗੁਰੂ ਰਖੈਗਾ ਗੁਰੂ ਗੁਰੂ
ਜਪਣਾ ਜਨਮ ਸਉਰੇ ਸੰਗਤਿ ਕਾ ਭਲਾ ਹੋਵੈ ਕਾਰੁ
ਭੇਟ ਕਪੜੇ ਭਾਈ ਮੇਹਰ ਚੰਦੁ ਭਾਈ ਕਲਿਆਣ ਰਾਇ
ਹਥਿ ਭੇਜੀ ਸੀ ਸੋ ਹਜ਼ੂਰਿ ਪਹੁਚੀ ਸੰਗਤਿ
ਕੇ ਰੁਜ਼ਗਾਰ ਵਿਚ ਗੁਰੂ ਬਰਕਤਿ
ਕਰੈਗਾ ਪਟਣਾ ਗੁਰੂ ਕਾ ਘਰ ਹੈ ਸੰਗਤਿ ਕਾ
ਭਲਾ ਹੋਵੇਗਾ।

ਜਦੋਂ ਗੁਰੂ ਜੀ ਢਾਕੇ ਤੋਂ ਰਾਜਾ ਰਾਮ ਸਿੰਘ ਨਾਲ ਅਸਾਮ ਲਈ ਚੱਲੇ ਤਾਂ ਆਪ ਜੀ ਨੇ ਪਟਨੇ ਦੀ ਸੰਗਤ ਦੇ ਨਾਂ ਇਉਂ ਲਿਖਿਆ:

ਕੋਈ ਅਵਲ ਹਵੇਲੀ
ਹੋਵੇ ਬੜੀ ਹੋਵੇ ਤਿਸ ਮੋ
ਕਬੀਲੇ ਹਮਾਰੇ ਰਖਣੈ
ਸੰਗਤਿ ਕੇ ਗੁਰੂ ਰੁਜਗਾਰ ਮੋ
ਬਰਕਤਿ ਕਰੇਗਾ ਸੇਵਾ
ਕੀ ਵੇਲਾ ਹੈ

ਸਪੱਸ਼ਟ ਹੈ ਕਿ ਗੁਰੂ ਜੀ ਨੇ ਪਟਨੇ ਦੀ ਸੰਗਤ ਨੂੰ ਗੁਰੂ ਪਰਿਵਾਰ ਦੇ ਰਹਿਣ ਲਈ ਚੰਗੀ ਖੁੱਲ੍ਹੀ ਥਾਂ ਲੱਭ ਕੇ ਦੇਣ ਅਤੇ ਗੁਰੂ ਪਰਿਵਾਰ ਦੀ ਸੇਵਾ ਕਰਨ ਦਾ ਹੁਕਮ ਦਿੱਤਾ। 'ਸੇਵਾ ਕੀ ਵੇਲਾ ਹੈ' ਤੋਂ ਸਪੱਸ਼ਟ ਹੈ ਕਿ ਉਸ ਵਕਤ (ਗੁਰੂ) ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਣ ਵਾਲਾ ਸੀ—ਜਦ ਜਨਮ ਹੋਇਆ ਤਾਂ ਆਪ ਨੇ ਸੰਗਤ ਨੂੰ ਵਧਾਈ ਦਿੱਤੀ। ਗੁਰੂ-ਪਰਿਵਾਰ ਦੀ ਸੇਵਾ ਕਰਨ ਲਈ ਅਸੀਸ ਅਤੇ ਅੱਗੇ ਤੋਂ ਸੇਵਾ ਕਰਦੇ ਰਹਿਣ ਦੀ ਤਾਕੀਦ ਕੀਤੀ:

ਸਰਬਤਿ ਸੰਗਤਿ
ਪਟਣੇ ਦੀ ਜਿਨਿ ਸਿਖਾ
ਵਾਹਿਗੁਰੂ ਕੀਆ ਹੈ ਤਿਸ ਕੇ
ਮਨੋਰਥ ਪੂਰੇ ਹੋਵਹਿਗੇ ਗੋਬਿੰਦ
ਦਾਸ ਕੀ ਬਧਾਈ ਉਪਰਿ ਸੰਗਤ

ਖਰਚ ਕੀਆ ਗੁਰੂ ਕੀ ਦਰਗਾਹ ਥਾਇ
ਪਯਾ ਰੁਪਏ ਕੀ ਮੁਹਰ ਥਾਇ ਪੜੀ
ਪੀਛੇ ਸੇਵਾ ਕੀਤੀ ਸੋ ਥਾ—
ਇ ਪਹੀ ਆਗੇ ਜੋ ਸੇਵਾ ਕਰੇਗਾ
ਤਿਸਕਾ ਭਲਾ ਹੋਗੁ ਸੰਗਤਿ ਕੇ ਰੁਜ਼ਗਾਰ ਮੌ ਬਰਕਤਿ
ਹੋਗ ਭਾਈ ਜੀ ਸਰਪਾਉ ਭੇਜਿਆ ਹੈ
ਪਟਣਾ ਗੁਰੂ ਦਾ ਘਰ ਹੈ ਸੰਗਤਿ ਕਾ ਭਲਾ ਹੋਗੁ

ਬਨਾਰਸ ਦੇ ਹੁਕਮਨਾਮਿਆਂ ਵਿਚ ਗੁਰੂ ਜੀ ਨੇ ਰੁਪਈਆਂ ਦੀ ਮੰਗ ਕੀਤੀ ਹੈ। ਮਿਰਜ਼ਾਪੁਰ ਦੇ ਹੁਕਮਨਾਮੇ ਵਿਚ ਗੁਰੂ ਜੀ ਨੇ ਸੰਗਤ ਨੂੰ ਆਪਣੀ ਭੇਟਾ ਦਿਆਲ ਦਾਸ ਪਾਸ ਬਨਾਰਸ ਭੇਜਣ ਲਈ ਲਿਖਿਆ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਮਿਰਜ਼ਾਪੁਰ ਦੀ ਸੰਗਤ ਬਨਾਰਸ ਦੀ ਸੰਗਤ ਨਾਲ ਸੰਬੰਧਤ ਸੀ ਅਤੇ ਦਿਆਲ ਦਾਸ ਉਥੋਂ ਦਾ ਪ੍ਰਮੁੱਖ ਮਸੰਦ ਸੀ।

ਹੁਣ ਪਾਠਕਾਂ ਦੇ ਮਨ ਵਿਚ ਸ਼ੰਕਾ ਪੈਦਾ ਹੁੰਦਾ ਹੈ ਕਿ ਗੁਰੂ ਜੀ ਤਾਂ ਤਿਆਗੀ ਸੁਭਾਅ ਵਾਲੇ ਸਨ ਫਿਰ ਉਹਨਾਂ ਨੂੰ ਸੰਗਤਾਂ ਕੋਲੋਂ ਰੁਪਈਏ ਲੈਣ ਦੀ ਕੀ ਲੋੜ ਸੀ ? ਉੱਤਰ ਬੜਾ ਸਪੱਸ਼ਟ ਹੈ ਕਿ ਗੁਰੂ ਜੀ ਜਿਸ ਥਾਂ 'ਤੇ ਪ੍ਰਭੂ ਭਗਤੀ ਦਾ ਉਪਦੇਸ਼ ਦੇਣ ਹਿੱਤ ਜਾਂਦੇ ਸਨ ਉਥੋਂ ਦੀਆਂ ਸੰਗਤਾਂ ਅਤੇ ਲੋਕਾਂ ਦੀਆਂ ਮੁਸ਼ਕਲਾਂ ਅਤੇ ਔਕੜਾਂ ਨੂੰ ਦੂਰ ਕਰਨ ਦਾ ਯਤਨ ਵੀ ਕਰਿਆ ਕਰਦੇ ਸਨ ਜਿਵੇਂ ਬੇ-ਘਰੇ ਲੋਕਾਂ ਨੂੰ ਘਰ ਬਣਵਾ ਕੇ ਦੇਣੇ, ਪਾਣੀ ਦੀ ਕਮੀ ਵਾਲੇ ਇਲਾਕਿਆਂ ਵਿਚ ਖੂਹ ਖੁਦਵਾਉਣ। ਬੇ-ਜ਼ਮੀਨੇ ਲੋਕਾਂ ਨੂੰ ਜ਼ਮੀਨ ਲੈ ਕੇ ਦੇਣੀ ਅਤੇ ਭੁੱਖਿਆਂ ਲਈ ਲੰਗਰ ਦਾ ਪ੍ਰਬੰਧ ਕਰਨਾ ਆਦਿ। ਸੋ ਉਪਰੋਕਤ ਕੰਮਾਂ ਲਈ ਮਾਇਆ ਦੀ ਲੋੜ ਹੁੰਦੀ ਸੀ ਇਸ ਲਈ ਆਪ ਆਪਣੇ ਸ਼ਰਧਾਲੂਆਂ ਵਲੋਂ ਭੇਟਾ ਹੋਣ ਵਾਲੇ ਤੋਹਫੇ ਅਤੇ ਮਾਇਆ ਪ੍ਰਵਾਨ ਕਰਿਆ ਕਰਦੇ ਸਨ। ਇਕੱਠੇ ਹੋਏ ਧਨ ਵਿਚੋਂ ਆਪ ਇਕ ਇਕ ਪਾਈ ਗਰੀਬਾਂ ਅਤੇ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਖਰਚ ਦਿਆ ਕਰਦੇ ਸਨ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਕਦੀ ਵੀ ਕਿਸੇ ਸਿੱਖ ਨੂੰ ਧਨ ਦੇਣ ਲਈ ਮਜਬੂਰ ਨਹੀਂ ਕੀਤਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੁਆਰਾ ਰਚਿਤ ਵਾਰਤਕ ਵਿਚ ਨਵੀਨ ਅਤੇ ਪੁਰਾਤਨ ਵਾਰਤਕ ਦਾ ਸੁਚੱਜਾ ਸੁਮੇਲ ਹੈ। ਸਰਲਤਾ, ਸਪੱਸ਼ਟਤਾ, ਸੁਖੈਨਤਾ ਅਤੇ ਸਾਦਗੀ ਆਪ ਜੀ ਦੀ ਰਚਨਾ ਦੇ ਭੂਸ਼ਣ ਹਨ। ਸ਼ਬਦ-ਚੋਣ ਕਰਨ ਲੱਗਿਆਂ ਗੁਰੂ ਜੀ ਨੇ ਇਕ ਕਲਾਕਾਰ ਦੀ ਸੂਝ ਦਿਖਾਈ ਹੈ। ਢੁਕਵੇਂ ਸ਼ਬਦ ਢੁਕਵੇਂ ਥਾਂ ਪੁਰ ਵਰਤੇ ਗਏ ਹਨ। ਆਪ ਦੀ ਵਾਰਤਕ ਉਪਦੇਸ਼ਾਤਮਕ ਹੈ ਪਰ ਸੁਜਾਨ ਗੁਰੂ ਲੇਖਕ ਨੇ ਰੌਚਿਕਤਾ ਦੇ ਗੁਣ ਨੂੰ ਆਪਣੀ ਰਚਨਾ ਵਿਚੋਂ ਲਾਂਭੇ ਨਹੀਂ ਜਾਣ ਦਿੱਤਾ।

ਗੁਰੂ ਜੀ ਦੀ ਵਾਰਤਕ ਰਚਨਾ ਦੀ ਬੋਲੀ ਉਤੇ ਭਾਵੇਂ ਹਿੰਦੀ ਅਤੇ ਸਾਧ ਭਾਸ਼ਾ ਦਾ ਬਹੁਤਾ ਪ੍ਰਭਾਵ ਹੈ ਪਰ ਫਿਰ ਵੀ ਇਸ ਦਾ ਪਿੰਡਾ ਨਿਰੋਲ ਪੰਜਾਬੀ ਹੈ। ਬੋਲੀ ਉੱਤੇ ਸਾਧ-ਭਾਸ਼ਾ ਦੀ ਰੰਗਣ, ਬਿਸਰਾਮ-ਚਿੰਨ੍ਹਾਂ ਦਾ ਨਾ ਹੋਣਾ, ਅਰਥ ਭਿੰਨਤਾ ਲਈ ਲਗਾਂ-ਮਾਤਰਾਂ ਨੂੰ ਵਧਾ ਘਟਾ ਲੈਣਾ ਆਦਿ ਪੁਰਾਤਨ ਵਾਰਤਕ ਵਾਲੇ ਲੱਛਣ ਹਨ ਜਦ ਕਿ ਸਰਲਤਾ, ਸਪੱਸ਼ਟਤਾ, ਰੌਚਿਕਤਾ ਅਤੇ ਢੁਕਵੀਂ ਸ਼ਬਦ ਚੋਣ ਆਦਿ ਨਵੀਨ ਵਾਰਤਕ ਦੇ ਗੁਣ ਹਨ ਅਤੇ ਗੁਰੂ ਜੀ ਦੀ ਵਾਰਤਕ ਵਿਚ ਇਹ

ਸਾਰੇ ਗੁਣ ਮੌਜੂਦ ਹਨ। ਆਪ ਨੇ ਹੋਰ ਪੁਰਾਤਨ ਵਾਰਤਾਕਾਰਾਂ ਵਾਂਗ ਸੰਜੋਗਾਤਮਕ ਸ਼ਬਦਾਵਲੀ ਦੀ ਵਰਤੋਂ ਨਾ ਹੋਣ ਦੇ ਬਰਾਬਰ ਕੀਤੀ ਹੈ—ਸੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵਾਰਤਕ ਰਚਨਾ ਵਾਰਤਕ ਦਾ ਇਕ ਉਤਕ੍ਰਿਸ਼ਟ ਨਮੂਨਾ ਹੈ ਅਤੇ ਨਵੀਨ ਪੰਜਾਬੀ ਵਾਰਤਕ ਦੇ ਜਨਮ ਨੂੰ ਤਿੰਨ ਸਦੀਆਂ ਪਿੱਛੇ ਲੈ ਜਾਂਦੀ ਹੈ।

## ਮਿਤ੍ਰ ਸਖਾਈ

ਮਿਤ੍ਰ ਦੀ ਯਾਦ ਨਾਲ ਆਪ ਦਾ ਬਹੁਤ ਪਿਆਰ ਸੀ, ਇਸ ਦੀ ਗਵਾਹੀ ਇਕ ਹੁਕਮਨਾਮਾ ਹੈ, ਜਿਸ ਵਿਚ ਆਪ ਨੇ ਭਾਈ ਦਿਆਲ ਦਾਸ, ਭਾਈ ਰਾਮਰਾਇ ਆਦਿ ਸਿੱਖਾਂ ਨੂੰ ਹੋਰ ਵਸਤਾਂ ਦੇ ਨਾਲ ਪੰਜ ਖਾਂਚੇ ਮੀਨਾਪੁਰੀ ਬਾਸਣਾਂ ਦੀ ਫ਼ੁਰਮਾਇਸ਼ ਕੀਤੀ ਜੋ ਕਿ ਨਵਾਬ ਸੈਫ ਖ਼ਾਨ ਨੂੰ ਦੇਣੇ ਸਨ। ਆਪ ਨੇ ਲਿਖਿਆ :

> ਪੰਜ ਖਾਂਚੇ ਬਾਸਣਾ...
> ਸੁਰਾਹੀ ਪਿਆਲੇ ਹਛੇ ਕਹਾਰਾਂ ਨੋ ਦੇ ਕੇ ਦਿਲੀ
> ਭਾਈ ਕਲਿਆਣੇ ਦੀ ਧਰਮਸਾਲਾ ਪਹੁਚਾਵਣੇ
> ਨਵਾਬ ਸੈਫ ਖਾਂ ਨੋ ਦੇਣੇ ਹਨਿ, ਹਛੇ ਬਾਸਣ ਭੇਜਣੇ।

ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਦਾ ਨਵਾਬ ਸੈਫ਼ਖ਼ਾਨ ਨਾਲ ਬਹੁਤ ਚੰਗਾ ਸੰਬੰਧ ਸੀ। ਇਹ ਬਾਦਸ਼ਾਹ ਸ਼ਾਹ ਜਹਾਨ ਦੇ ਬਖ਼ਸ਼ੀ ਤਰਬੀਅਤ ਖ਼ਾਨ ਦਾ ਪੁੱਤਰ ਸੈਫਦੀਨ ਮਹਿਮੂਦ, ਪ੍ਰਸਿੱਧ ਫਕੀਰੁੱਲਾ ਸੀ, ਜਿਸ ਨੂੰ ਸ਼ਾਹ ਜਹਾਨ ਨੇ ਸੈਫੁਦੀਨ ਦਾ ਖਿਤਾਬ ਦਿੱਤਾ ਸੀ। ਇਸ ਨੇ 1658 ਈ. ਵਿਚ ਸਰਹੰਦ ਪਾਸ ਆਪਣੇ ਨਾਂ ਉੱਤੇ ਪਿੰਡ ਸੈਫਾਬਾਦ ਅਬਾਦ ਕੀਤਾ ਅਤੇ ਇਥੇ ਹੀ ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਰਸ਼ਨ ਦੇਣ ਲਈ ਬੁਲਾਇਆ ਸੀ।

ਇਹ ਔਰੰਗਜ਼ੇਬ ਦਾ ਸਾਂਢੂ ਸੀ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦੀ ਦੇਣ ਲਈ ਦਿੱਲੀ ਜਾ ਰਹੇ ਸਨ ਤਾਂ ਇਸ ਨੇ ਆਪ ਨੂੰ ਬੇਨਤੀ ਕੀਤੀ ਸੀ ਕਿ ਉਹ ਸੈਫਾਬਾਦ ਹੀ ਟਿਕਣ ਤੇ ਔਰੰਗਜ਼ੇਬ ਦੀ ਕੀ ਮਜ਼ਾਲ ਹੈ ਜੋ ਉਨ੍ਹਾਂ ਵਲ ਵੇਖ ਵੀ ਸਕੇ। ਪਰ ਆਪ ਨੇ ਫ਼ਰਮਾਇਆ ਸੀ ਕਿ ਆਪ ਹੀ ਖ਼ੁਸ਼ੀ ਨਾਲ ਦਿੱਲੀ ਜਾ ਰਹੇ ਹਨ। ਸ਼ਹਾਦਤ ਇਕੋ ਇਕ ਸਾਧਨ ਹੈ ਜੋ ਔਰੰਗਜ਼ੇਬ ਨੂੰ ਉਸ ਦੇ ਕਟੜਪੁਣੇ ਤੋਂ ਰੋਕ ਸਕਦੀ ਹੈ। ਸੈਫੁਦੀਨ ਆਪ ਉਹਨਾਂ ਦੀ ਪਾਲਕੀ ਨੂੰ ਮੋਢਾ ਦੇ ਕੇ ਆਪਣੀ ਹੱਦ ਤਕ ਛੱਡਣ ਆਇਆ ਸੀ।

## ਚੇਤੰਨ ਪਤੀ

ਗੁਰੂ ਜੀ ਦੇ ਹੁਕਮਨਾਮਿਆਂ ਤੋਂ ਇਹ ਵੀ ਸਪੱਸ਼ਟ ਹੈ ਕਿ ਆਪ ਅਣਗਿਣਤ ਰੁਝੇਵਿਆਂ ਦੇ ਬਾਵਜੂਦ ਘਰੇਲੂ ਜ਼ਿੰਮੇਵਾਰੀਆਂ ਨੂੰ ਵੀ ਨਿਭਾਉਂਦੇ ਸਨ। ਆਪ ਆਪਣੇ ਪਰਿਵਾਰ ਨੂੰ ਪਟਨੇ ਛੱਡ ਕੇ ਬੰਗਾਲ ਵਲ ਚਲੇ ਗਏ। ਉਥੋਂ ਰਾਜਾ ਰਾਮ ਸਿੰਘ ਨਾਲ ਅਸਾਮ ਜਾਣਾ ਪੈ ਗਿਆ। ਆਪ ਨੇ ਪਟਨੇ ਦੀ ਸੰਗਤ ਨੂੰ ਗੁਰੂ-ਪਰਿਵਾਰ ਦੀ ਦੇਖ ਭਾਲ ਅਤੇ ਚੰਗਾ ਵੱਡਾ ਮਕਾਨ ਲੈ ਕੇ ਦੇਣ ਦੀ ਤਾਕੀਦ ਕੀਤੀ। ਗੋਬਿੰਦ ਰਾਏ ਦਾ ਪ੍ਰਕਾਸ਼ ਹੋਣ ਵਾਲਾ ਸੀ, ਇਸ ਲਈ ਆਪ ਨੇ ਲਿਖਿਆ :

ਕੋਈ ਅਵਲ ਹਵੇਲੀ
ਹੋਵੈ ਬਡੀ ਹੋਵੈ ਤਿਸ ਮੋ
ਕਬੀਲੇ ਹਮਾਰੇ ਰਖਣੈ
ਸੰਗਤਿ ਕੇ ਗੁਰੂ ਰੁਜ਼ਗਾਰ ਮੋ
ਬਰਕਤਿ ਕਰੈਗਾ ਸੇਵਾ
ਕੀ ਵੇਲਾ ਹੈ

(ਗੁਰੂ) ਗੋਬਿੰਦ ਰਾਇ ਨੇ ਪ੍ਰਕਾਸ਼ ਸਮੇਂ ਕੀਤੇ ਖਰਚ ਕਾਰਨ ਵੀ ਆਪ ਨੇ ਪਟਨੇ ਦੀ ਸੰਗਤ ਦਾ ਧੰਨਵਾਦ ਕੀਤਾ ਅਤੇ ਅੱਗੋਂ ਤੋਂ ਗੁਰੂ-ਪਰਿਵਾਰ ਦਾ ਖ਼ਿਆਲ ਰੱਖਣ ਦੀ ਤਾਕੀਦ ਕੀਤੀ। ਇਸ ਤੋਂ ਸਪੱਸ਼ਟ ਹੈ ਕਿ ਆਪ ਇਕ ਚੇਤੰਨ ਗ੍ਰਿਹਸਤੀ ਸਨ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਸਨ।

## ਸੰਗਤਿ ਕੀਨੀ ਖ਼ਾਲਸਾ

ਆਪ ਨੇ ਆਪਣੇ ਕਈ ਹੁਕਮਨਾਮਿਆਂ ਵਿਚ ਸ੍ਰੀ ਗੁਰੂ ਜੀ ਦਾ ਖਾਲਸਾ, ਪਟਣਾ ਗੁਰੂ ਕਾ ਘਰ ਹੈ, ਰਾਮਦਾਸ ਜਗਦੇਉ ਗੁਰੂ ਦਾ ਘਰ ਹੈ, ਸਿੱਖਾਂ ਨੂੰ ਆਪਣਾ ਪੁਤੁ ਆਦਿ ਲਿਖਣਾ ਪ੍ਰਗਟਾਉਂਦਾ ਹੈ ਕਿ ਮਸੰਦ ਪ੍ਰਥਾ ਆਖਰੀ ਦਮਾਂ 'ਤੇ ਸੀ ਅਤੇ ਇਨ੍ਹਾਂ ਦੀ ਥਾਂ ਸੰਗਤਿ ਦਾ ਸਿੱਧਾ ਸੰਬੰਧ ਗੁਰੂ ਨਾਲ ਹੋ ਰਿਹਾ ਸੀ। ਇਸੇ ਗੁਰੂ ਜੀ ਦਾ ਖਾਲਸਾ ਤੋਂ ਵਾਹਿਗੁਰੂ ਜੀ ਦਾ ਖਾਲਸਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਇਆ। ਲੀਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਾ ਦਿੱਤੀ ਸੀ।

## ਸਿਰ ਨਹੀਂ ਝੁਕਾਉਣਾ

ਪਟਨਾ ਸਾਹਿਬ ਵਿਚ ਜਦ ਬਾਲ ਗੋਬਿੰਦ ਰਾਇ ਨੇ ਹਾਣੀਆਂ ਦੀਆਂ ਢਾਣੀਆਂ ਬਣਾ ਕੇ ਖੇਡਾਂ ਆਰੰਭ ਕੀਤੀਆਂ ਅਤੇ ਸਾਥੀਆਂ ਵਿਚ ਜੁਰਅਤ ਭਰਨ ਲਈ ਇਹ ਵੀ ਕਿਹਾ ਕਿ ਜੋ ਵੀ ਨਵਾਬਾਂ ਅੱਗੇ ਡੱਟ ਖਲੋਣਗੇ ਅਤੇ ਝੁਕ ਕੇ ਸਲਾਮਾਂ ਨਹੀਂ ਕਰਨਗੇ, ਉਨ੍ਹਾਂ ਨੂੰ ਇਨਾਮ ਦੇਵਾਂਗਾ। ਕੁਝ ਲੋਕਾਂ ਨੇ ਜਦ ਸ਼ਿਕਾਇਤਾਂ ਮਾਤਾ ਜੀ ਅਤੇ ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਪਹੁੰਚਾਈਆਂ ਤਾਂ ਉਨ੍ਹਾਂ ਸਗੋਂ ਇਕ ਹੁਕਮਨਾਮਾ ਹੀ ਇਸ ਪ੍ਰਤੀ ਕੱਢਿਆ :

> 'ਜੋ ਸਰਕਾਰੀ ਕਰਮਚਾਰੀ ਆਂਦਾ ਦਿਸੇ ਪਹਲ ਤਾਂ ਉਸ ਨੂੰ ਸਲਾਮ ਨਾ ਕਹਿਣੀ। ਜੇ ਆਇ ਹੀ ਜਾਇ ਤਾਂ ਸਿਰਹਾਂਦੀ ਨਹੀਂ ਬਿਠਾਵਣਾ, ਪਵਾਂਦੀ ਦੇਣੀ।'

ਸੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਹੁਕਮਨਾਮੇ ਜਿਥੇ ਅਜੋਕੀ ਵਾਰਤਕ ਨੂੰ ਤਿੰਨ ਸੌ ਸਾਲ ਪਿੱਛੇ ਲੈ ਜਾਂਦੇ ਹਨ ਉਥੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਵੀ ਉਘਾੜ ਕੇ ਸਾਹਮਣੇ ਲਿਆਉਂਦੇ ਹਨ।

(5/1976)

# ਸ਼ਹਾਦਤ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ

ਸ਼ਹੀਦ ਅਤੇ ਸ਼ਹਾਦਤ ਦੋਨੋਂ ਸ਼ਬਦ ਅਰਬੀ ਭਾਸ਼ਾ ਦੇ ਹਨ, ਸ਼ਹਾਦਤ ਸ਼ਬਦ ਤੁਸ਼ਾਹਦ ਤੋਂ ਬਣਿਆ ਹੈ। ਸ਼ਹਾਦਤ ਦੇਣ ਵਾਲਾ ਸ਼ਹੀਦ ਅਖਵਾਂਦਾ ਹੈ। ਸ਼ਹੀਦ ਦੇ ਕੋਸ਼ਿਕ ਅਰਥ 'ਗਵਾਹ' ਹਨ। ਕੁਝ ਵਿਦਵਾਨਾਂ ਨੇ 'ਗਵਾਹੀ ਦੇਣਾ' ਵੀ ਕੀਤੇ ਹਨ। ਇਸ ਦਾ ਸੰਬੰਧ ਅਰਬੀ ਭਾਸ਼ਾ ਨਾਲ ਹੋਣ ਕਰਕੇ ਇਸ ਸ਼ਬਦ ਦਾ ਪ੍ਰਯੋਗ ਕੁਰਾਨ ਸ਼ਰੀਫ਼ ਵਿਚ ਆਇਆ ਹੈ। ਕੁਰਾਨ ਸ਼ਰੀਫ਼ ਵਿਚ ਸ਼ਬਦ 'ਸ਼ੁਹਦਾ' ਅਤੇ 'ਸ਼ਾਹਿਦ' ਸਮਾਨ ਅਰਥਕ ਸ਼ਬਦਾਂ ਵਿਚ ਆਏ ਹਨ, ਇਸ ਦੇ ਅਰਥ ਥੋੜ੍ਹੇ ਜਿਹੇ ਫ਼ਰਕ ਨਾਲ ਅੱਖੀਂ ਦੇਖ ਕੇ ਗਵਾਹੀ ਦੇਣ ਵਾਲੇ ਕੀਤੇ ਹਨ।

## ਇਤਿਹਾਸਕ ਪਿਛੋਕੜ

'ਐਨਸਾਈਕਲੋਪੀਡੀਆ ਆਫ਼ ਇਸਲਾਮ' ਵਿਚ ਸ਼ਹੀਦ ਦੇ ਅਰਥ 'ਗਵਾਹ' ਹਨ, ਪ੍ਰੰਤੂ ਕਿਤੇ ਕਿਤੇ ਗਵਾਹੀ ਸ਼ਬਦ ਖ਼ੁਦਾ (ਰੱਬ) ਵਾਸਤੇ ਵੀ ਆਇਆ ਹੈ, ਜਿਵੇਂ :

ਰੱਬ ਤੁਹਾਡੇ ਕਰਮ ਦਾ ਸ਼ਾਹਿਦ ਹੈ। ਭਾਵ ਗਵਾਹ ਹੈ। *(ਸੂਰਾ-੩-੯੮)*

'ਐਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ' ਵਿਚ ਮੁਸਲਮਾਨ ਧਰਮ ਵਿਚ ਸ਼ਹੀਦ ਦੀ ਪਦਵੀ ਉਸ ਨੂੰ ਦਿੱਤੀ ਗਈ ਹੈ ਜੋ ਪਵਿੱਤਰ ਲੜਾਈ ਵਿਚ ਮਾਰਿਆ ਗਿਆ ਹੋਵੇ। ਇਹ ਸ਼ਬਦ ਕੁਰਬਾਨੀ ਜਾਂ ਬਲੀ ਦੇਣ ਵਾਲੇ ਵਾਸਤੇ ਵੀ ਵਰਤਿਆ ਹੈ। ਰੱਬ ਦੇ ਰਾਹ 'ਤੇ ਮਰਨ ਵਾਲੇ ਨੂੰ ਉੱਚੀ ਪਦਵੀ ਦਿੱਤੀ ਗਈ ਹੈ। ਗਵਾਂਢੀ ਨਾਲ ਲੜਦੇ ਸਮੇਂ, ਡਾਕੂ ਨਾਲ ਲੜਦੇ ਸਮੇਂ ਜਾਂ ਨਿਮਾਜ਼ ਅਦਾ ਕਰਦੇ ਸਮੇਂ ਮਰਨ ਵਾਲੇ ਨੂੰ ਸ਼ਹੀਦ ਦਾ ਨਾਂ ਦਿੱਤਾ ਗਿਆ ਹੈ।

ਇਰਾਨੀ ਪ੍ਰੰਪਰਾ ਵਿਚ ਧਰਮ ਲਈ ਆਪਾ ਕੁਰਬਾਨ ਕਰਨ ਵਾਲੇ ਨੂੰ ਸ਼ਹੀਦ ਕਿਹਾ ਗਿਆ ਹੈ।

ਜਪਾਨ ਦੇ ਇਤਿਹਾਸ ਵਿਚ ਸ਼ਹੀਦ ਉਸ ਨੂੰ ਕਿਹਾ ਗਿਆ ਹੈ ਜੋ ਆਪਣੀ ਕੌਮ ਅਤੇ ਦੇਸ਼ ਲਈ ਕੁਰਬਾਨੀ ਕਰ ਦੇਵੇ। ਸ਼ਹੀਦ ਜੋ ਧਾਰਮਿਕ ਪਰੰਪਰਾ ਸਹਿਤ, ਸ਼ਹਾਦਤ ਦੇ ਸੰਕਲਪ ਨੂੰ ਆਪਣੇ ਅੰਦਰ ਅਨੁਭਵ ਕਰ ਲੈਂਦਾ ਹੈ ਤਾਂ ਹੀ ਉਹ ਮਹਾਨ ਦਰਜਾ ਪ੍ਰਾਪਤ ਕਰਦਾ ਹੈ।

ਚੀਨ ਵਿਚ ਨੇਕੀ ਦੀ ਖ਼ਾਤਰ ਦਿੱਤੀ ਕੁਰਬਾਨੀ ਨੂੰ ਸ਼ਹੀਦ ਦਾ ਨਾਂ ਦਿੱਤਾ ਗਿਆ ਹੈ। ਇਸਾਈ ਧਰਮ ਅੰਦਰ ਇਸ ਦਾ ਅਰਥ ਕੁਝ ਬਦਲ ਕੇ ਲਿਆ ਗਿਆ ਹੈ। ਉਨ੍ਹਾਂ ਅਨੁਸਾਰ ਖ਼ੂਨ ਨਾਲ ਦਿੱਤੀ ਕੁਰਬਾਨੀ ਹੀ ਸ਼ਹਾਦਤ ਨਹੀਂ, ਇਸਾਈ ਧਰਮ ਵਿਚ ਵਿਸ਼ਵਾਸ ਰੱਖਦਿਆਂ ਕੁਰਬਾਨ ਹੋਣ ਵਾਲਾ ਸ਼ਹੀਦ ਹੈ।

ਯਹੂਦੀ ਧਰਮ ਵਿਚ ਉਹ ਲੋਕ ਜੋ ਰੱਬੀ-ਕਾਨੂੰਨ ਦਿਲ, ਆਤਮਾ ਤੇ ਪੂਰੀ ਸ਼ਕਤੀ ਨਾਲ ਮੰਨਦੇ ਅਤੇ ਦੁੱਖ ਸਹਿੰਦੇ ਹਨ ਪਰ ਨਿਯਮ ਦੀ ਪਾਲਣਾ ਤੋਂ ਮੂੰਹ ਨਹੀਂ ਮੋੜਦੇ ਉਹ ਸ਼ਹੀਦ ਹਨ।

ਭਾਰਤੀ ਧਰਮਾਂ ਅੰਦਰ ਸ਼ਹਾਦਤ ਸ਼ਬਦ ਦੀ ਵਰਤੋਂ ਘੱਟ ਹੀ ਦੇਖੀ ਗਈ ਹੈ। ਹਿੰਦੂ ਧਰਮ ਅੰਦਰ ਦੇਵੀ-ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਪਸ਼ੂਆਂ ਦੀ ਬਲੀ ਦਿੱਤੀ ਜਾਂਦੀ ਹੈ। ਇਸ ਦਾ ਅਕੀਦਾ ਬਿਲਕੁਲ ਵੱਖਰਾ ਹੈ। ਇਹ ਸਿਰਫ਼ ਦੇਵਤਿਆਂ ਨੂੰ ਖ਼ੁਸ਼ ਕਰਨਾ ਹੀ ਹੈ। ਇਸ ਦਾ ਦੇਸ਼ 'ਤੇ ਕੌਮ ਦੀ ਭਲਾਈ ਨਾਲ ਕੋਈ ਸੰਬੰਧ ਨਹੀਂ।

## ਗੁਰਮਤਿ ਅੰਦਰ 'ਸ਼ਹੀਦ' ਦਾ ਬਹੁਪੱਖੀ ਅਧਿਐਨ

ਗੁਰਮਤਿ ਅੰਦਰ ਸ਼ਹੀਦ ਦੀ ਪਰਿਭਾਸ਼ਾ ਵੱਖਰੀ ਹੈ। ਜ਼ਾਤੀ ਪੱਧਰ ਦੀ ਲੜਾਈ ਅਤੇ ਦੁਰਘਟਨਾ ਨਾਲ ਲੜ ਮਰਨ ਵਾਲੇ ਨੂੰ ਸ਼ਹੀਦ ਨਹੀਂ ਕਿਹਾ ਜਾ ਸਕਦਾ ਜਦ ਕਿ ਇਸਲਾਮ ਅੰਦਰ ਹਰ ਤਰ੍ਹਾਂ ਮਰਨ ਵਾਲੇ ਨੂੰ ਸ਼ਹੀਦ ਕਿਹਾ ਗਿਆ ਹੈ।

'ਐਨਸਾਈਕਲੋਪੀਡੀਆ' ਅਨੁਸਾਰ ਦੇਸ਼ ਅਤੇ ਕੌਮ ਨਾਲੋਂ ਧਰਮ ਲਈ ਦਿੱਤੀ ਕੁਰਬਾਨੀ ਮਹਾਨ ਹੈ, ਸਰਬ ਉੱਤਮ ਹੈ ਤੋਂ ਭਾਵ ਸ਼ਹਾਦਤਾਂ ਤਾਂ ਸਾਰੀਆਂ ਮਹਾਨ ਹਨ, ਪ੍ਰੰਤੂ ਧਰਮ ਦੀ ਖ਼ਾਤਰ ਦਿੱਤੀ ਗਈ ਸ਼ਹਾਦਤ ਮਹਾਨ ਹੈ।

ਗੁਰਮਤਿ ਅਨੁਸਾਰ ਸ਼ਹੀਦ ਦੀ ਮੌਤ ਕੋਈ ਅਚਨਚੇਤ ਘਟਨਾ ਨਹੀਂ। ਸ਼ਹੀਦ ਗ਼ਲਤ ਕੀਮਤਾਂ ਨਾਲ ਜੂਝਦਾ ਹੈ। ਉਸ ਦਾ ਆਦਰਸ਼ ਬੜਾ ਪਵਿੱਤਰ ਹੁੰਦਾ ਹੈ। ਉਸ ਦੀ ਸ਼ਹਾਦਤ ਦਾ ਨਿਸ਼ਾਨਾ ਆਪਣੇ ਆਪ ਤੋਂ ਉੱਪਰ ਉਠ ਕੇ ਦੂਸਰੇ ਦੇ ਭਲੇ ਲਈ ਚੁੱਕਿਆ ਕਦਮ ਹੈ। ਇਸ ਵਿਚ ਸਵੈਮਾਨ ਤੇ ਸੁਤੰਤਰਤਾ ਦੀ ਸਪਿਰਟ, ਅਣਖ ਤੇ ਗੌਰਵਮਈ ਜੀਵਨ ਜੀਉਣ ਦਾ ਆਕੀਦਾ ਹੁੰਦਾ ਹੈ।

ਸ਼ਹੀਦ ਪਰਉਪਕਾਰੀ ਜੀਵ ਹੁੰਦਾ ਹੋਇਆ ਖ਼ੁਦਗਰਜ਼ੀ ਤੋਂ ਉਪਰ ਉਠ ਕੇ ਵਕਤ ਦੇ ਜ਼ੁਲਮ ਅਤੇ ਜ਼ਾਲਮ ਦੇ ਖ਼ਿਲਾਫ਼ ਸੰਘਰਸ਼ ਕਰਦਾ ਹੈ। ਉਹ ਸਭ ਕੁਝ ਇਸ ਅਕੀਦੇ ਦੀ ਖ਼ਾਤਰ ਕੁਰਬਾਨ ਕਰ ਦਿੰਦਾ ਹੈ। ਇਹ ਇਕ ਐਸਾ ਪ੍ਰੇਮ ਹੈ ਜਿਥੇ ਸਿਰ ਨੂੰ ਤਲੀ 'ਤੇ ਧਰ ਕੇ ਅੱਗੇ ਵੱਧਣਾ ਹੈ, ਫਿਰ ਐਸੇ ਪੈਰ ਪੁੱਟਣ ਤੋਂ ਬਾਅਦ ਪਿੱਛੇ ਨਹੀਂ ਹਟਣਾ।

ਸ਼ਹੀਦ ਦੇ ਮਨ ਵਿਚ ਆਦਰਸ਼ ਪ੍ਰਤੀ ਕੁਰਬਾਨੀ ਸਿਰਫ਼ ਕਥਨੀ ਹੀ ਨਹੀਂ ਸਗੋਂ ਉਹ ਕਰਨੀ ਰਾਹੀਂ ਪੂਰੀ ਇਸ ਦੀ ਗਵਾਹੀ ਦਿੰਦਾ ਹੈ ਭਾਵ ਕਥਨੀ 'ਤੇ ਪੂਰਾ ਉਤਰਦਾ ਹੈ। ਉਹ ਬੁਜ਼ਦਿਲੀ ਦੀ ਮੌਤ ਨਾਲੋਂ ਬਹਾਦਰ ਦੀ ਮੌਤ ਮਰਨਾ ਹੀ ਆਪਣਾ ਜੀਵਨ ਆਦਰਸ਼ ਸਮਝਦਾ ਹੈ। ਕਿਉਂਕਿ ਬੁਜ਼ਦਿਲ ਆਪਣੀ ਮੌਤ ਤੋਂ ਪਹਿਲਾਂ ਕਈ ਵਾਰ ਮਰ ਮੁਕਦੇ ਹਨ।

ਬੁਜ਼ਦਿਲੀ ਦੀ ਮੌਤ ਦੇਸ਼ ਕੌਮ ਅਤੇ ਸਮਾਜ 'ਤੇ ਭਾਰੂ ਹੁੰਦੀ ਹੈ। ਇਹ ਕਾਇਰਤਾ ਭਰੀ ਮੌਤ ਪਿੱਛੇ ਦੁੱਖ, ਤਕਲੀਫ਼ਾਂ ਅਤੇ ਝੋਰੇ ਛੱਡ ਜਾਂਦੀ ਹੈ, ਜਦ ਕਿ ਸ਼ਹੀਦ ਦੀ ਬਹਾਦਰੀ ਭਰੀ ਮੌਤ ਪਿੱਛੇ ਇਕ ਸੁਨਹਿਰੀ ਇਤਿਹਾਸ, ਸੂਰਬੀਰਤਾ ਦੀ ਸਪਿਰਟ ਅਤੇ ਚੜ੍ਹਦੀ ਕਲਾ ਦਾ ਸੁਨੇਹਾ ਦੇ ਜਾਂਦੀ ਹੈ। ਅਜਿਹੀ ਮੌਤ ਕੌਮ ਦੀ ਇਕ ਅਮਾਨਤ ਤੇ ਵਡਮੁੱਲਾ ਖ਼ਜ਼ਾਨਾ ਹੁੰਦੀ ਹੈ। ਜੋ ਕੌਮ ਨੂੰ ਅਮੀਰੀ ਬਖਸ਼ਦੀ ਹੈ।

ਕਾਇਰ ਮੌਤ ਤੋਂ ਡਰਦਾ ਹੈ, ਪਰੰਤੂ ਦੂਸਰੇ ਪਾਸੇ ਸ਼ਹੀਦ ਤੋਂ ਮੌਤ ਘਬਰਾਂਦੀ ਹੈ। ਸ਼ਹੀਦ ਮੌਤ ਨੂੰ ਪਿਆਰ ਕਰਦਾ ਹੈ। ਕਾਇਰ ਮੌਤ ਤੋਂ ਬਾਅਦ ਫਿਟਕਾਰਿਆ ਜਾਂਦਾ ਹੈ ਅਤੇ ਸ਼ਹੀਦ ਸਤਿਕਾਰਿਆ ਜਾਂਦਾ ਹੈ। ਕਾਇਰ ਦੁਨੀਆਂ ਵਿਚ ਮਾਣ ਪ੍ਰਾਪਤ ਨਹੀਂ ਕਰਦਾ ਹੈ ਜਦ ਕਿ ਸ਼ਹੀਦ

ਲੋਕ-ਪ੍ਰਲੋਕ ਦੋਹਾਂ ਵਿਚ ਇੱਜ਼ਤ ਦਾ ਹੱਕਦਾਰ ਹੁੰਦਾ ਹੈ। ਭਾਈ ਗੁਰਦਾਸ ਜੀ ਸ਼ਹੀਦੀ ਬਾਰੇ ਸਪੱਸ਼ਟ ਕਰਦੇ ਹਨ ਕਿ :

> ਸਬਰ ਤੇ ਸਿਦਕ ਸ਼ਹੀਦ ਦੇ ਬੁਨਿਆਦੀ ਹੱਕ ਹਨ। ਸਬਰ ਇਕ ਸਵੈ-ਵਿਸ਼ਵਾਸ ਅਤੇ ਦ੍ਰਿੜ੍ਹਤਾ ਹੈ ਜੋ ਸ਼ਹੀਦ ਨੂੰ ਆਪਣੇ ਸੱਚੇ ਅਤੇ ਸੁੱਚੇ ਅਕੀਦੇ ਵੱਲ ਜਾਣ ਲਈ ਆਤਮਿਕ ਬਲ ਬਖ਼ਸ਼ਦੀ ਹੈ। ਸਾਹਸ ਪੈਦਾ ਕਰਦੀ ਹੈ। ਸਬਰ ਥਿੜਕਣ ਤੋਂ ਬਚਾਉਂਦੀ ਹੈ। ਸ਼ਹੀਦ ਆਤਮਾ ਭਰਮ ਅਤੇ ਭਉ ਤੋਂ ਮੁਕਤ ਹੁੰਦੀ ਹੈ।
>
> ਸਾਬਰੁ ਸਿਦਕਿ ਸ਼ਹੀਦੁ ਭਰਮ ਭਉ ਖੋਵਣਾ। *(੩/੧੮)*

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਿੱਖ ਧਰਮ ਵਿਚ ਗੁਰੂ ਸ਼ਹਾਦਤ ਦਾ ਆਗਾਜ਼ ਹੁੰਦਾ ਹੈ ਜੋ ਭਾਈ ਗੁਰਦਾਸ ਜੀ ਦੇ ਉਪਰੋਕਤ ਕਥਨ ਦੀ ਪ੍ਰਤੱਖ ਉਦਾਹਰਣ ਹੈ।

ਨਿਰਭਉ ਨਿਰਵੈਰ ਪ੍ਰਭੂ ਦੇ ਗੁਣ ਹਨ। ਇਸ 'ਤੇ ਚੱਲਣ ਵਾਲਾ ਇਨ੍ਹਾਂ ਗੁਣਾਂ ਦਾ ਧਾਰਨੀ ਹੋ ਨਿਬੜਦਾ ਹੈ।

ਸ਼ਹੀਦ ਆਤਮਾ ਨਾ ਕਿਸੇ ਤੋਂ ਡਰਦੀ ਹੈ ਤੇ ਨਾ ਹੀ ਕਿਸੇ ਨੂੰ ਡਰਾਉਂਦੀ ਹੈ :

> **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
> **ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥** *(ਪੰਨਾ ੧੪੨੭)*

ਗੁਰਮਤਿ ਅੰਦਰ ਇਕ ਤਾਂ ਉਹ ਸ਼ਹੀਦ ਗਿਣੇ ਜਾਂਦੇ ਹਨ, ਜੋ ਧਰਮ, ਦੇਸ਼ ਤੇ ਕੌਮ ਦੇ ਸੱਚੇ ਅਤੇ ਸੁੱਚੇ ਆਦਰਸ਼ ਲਈ ਸ਼ਾਂਤਮਈ ਰਹਿ ਕੇ ਸ਼ਹੀਦੀ ਦਿੰਦੇ ਹਨ। ਹਰ ਪ੍ਰਕਾਰ ਦੇ ਦੁੱਖ ਤੇ ਤਕਲੀਫ਼ਾਂ ਸਿਦਕ ਨਾਲ ਝੱਲਦੇ ਹਨ। ਦੂਸਰੇ ਸ਼ਹੀਦ ਉਹ ਹਨ ਜੋ ਮੈਦਾਨੇ ਜੰਗ ਅੰਦਰ ਜੂਝਦੇ ਹਨ ਅਤੇ ਜ਼ੁਲਮ ਅਤੇ ਜ਼ਾਲਮ ਦੇ ਖ਼ਿਲਾਫ਼ ਆਪਣੇ ਜੀਵਨ ਦੀ ਅਹੂਤੀ ਦਿੰਦੇ ਹਨ :

> **ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥** *(ਪੰਨਾ ੫੭੯)*

ਸ਼ਹੀਦ ਦੇ ਸਾਹਮਣੇ ਵਕਤੀ ਹਕੂਮਤ ਵਲੋਂ ਕਈ ਪ੍ਰਕਾਰ ਦੇ ਲਾਲਚ ਅਤੇ ਧਮਕੀਆਂ ਮਿਲਦੀਆਂ ਹਨ, ਬਿਖੜੇ ਅਤੇ ਔਖੇ ਰਸਤੇ ਆਉਂਦੇ ਹਨ: ਪ੍ਰੰਤੂ, ਸੱਚੇ ਤੇ ਸੁੱਚੇ ਸ਼ਹੀਦ ਦਾ ਇਰਾਦਾ ਇਤਨਾ ਮਜ਼ਬੂਤ ਹੁੰਦਾ ਹੈ ਕਿ ਅਜਿਹੇ ਡਰਾਵੇ ਤੇ ਲਾਲਚ ਉਸ ਨੂੰ ਆਪਣੇ ਰਸਤੇ ਤੋਂ ਉਖਾੜ ਨਹੀਂ ਸਕਦੇ।

ਸ਼ਹੀਦ ਸਾਹਸਹੀਨ ਲੋਕਾਂ ਵਿਚ ਇਕ ਨਵੀਂ ਰੂਹ ਫੂਕਦਾ ਹੈ, ਦਲੇਰੀ ਬਖਸ਼ਦਾ ਹੈ। ਸ਼ਹੀਦ ਆਪਣੇ ਅਕੀਦੇ ਨੂੰ ਜ਼ਿੰਦਗੀ ਨਾਲੋਂ ਪਹਿਲ ਦਿੰਦਾ ਹੈ। ਸ਼ਹੀਦਾਂ ਦਾ ਇਤਿਹਾਸ ਖ਼ੂਨ ਨਾਲ ਲਿਖਿਆ ਜਾਂਦਾ ਹੈ। ਸ਼ਹੀਦਾਂ ਦਾ ਡੁੱਲ੍ਹਿਆ ਖ਼ੂਨ ਕਦੀ ਵਿਅਰਥ ਨਹੀਂ ਜਾਂਦਾ। ਸ਼ਹੀਦ ਦੀ ਮਿੱਟੀ ਭਾਗਾਂ ਵਾਲੀ ਹੈ—ਲੋਕੀਂ ਸਿਜਦੇ ਕਰਦੇ ਹਨ ਅਤੇ ਮੱਥੇ 'ਤੇ ਲਾਉਂਦੇ ਹਨ। ਇਹ ਪਵਿੱਤਰ ਮਿੱਟੀ ਉਸ ਦੇ ਗੀਤ ਗਾਉਂਦੀ ਹੈ।

ਸ਼ਹੀਦ ਦਾ ਖ਼ੂਨ ਧਰਮ ਦਾ ਬੀਜ ਹੁੰਦਾ ਹੈ। ਇਹ ਡੁਲ੍ਹਿਆ ਖ਼ੂਨ ਕਦੀ ਵਿਅਰਥ ਨਹੀਂ ਜਾਂਦਾ ਅਤੇ ਕੌਮ ਨੂੰ ਚਾਨਣ-ਮੁਨਾਰੇ ਦੀ ਤਰ੍ਹਾਂ ਔਖੀਆਂ ਘੜੀਆਂ ਵਿਚ ਸਾਹਸ ਬਖ਼ਸ਼ਦਾ ਹੈ, ਰਾਹ ਦਿਖਾਉਂਦਾ ਹੈ। ਇਹ ਗੌਰਵਮਈ ਇਤਿਹਾਸ, ਕੌਮ ਲਈ ਇਕ ਅਮੀਰ ਖ਼ਜ਼ਾਨਾ ਹੁੰਦਾ ਹੈ।

ਸਿੱਖ ਕੌਮ ਸ਼ਹੀਦਾਂ ਦੀ ਕੌਮ ਹੈ। ਸ਼ਹੀਦੀ ਇਸ ਨੂੰ ਵਿਰਸੇ ਵਿਚੋਂ ਮਿਲੀ ਹੈ। ਬਹਾਦਰ ਕੌਮਾਂ

ਦੇ ਮਹਿਲ ਇੱਟਾਂ ਅਤੇ ਗਾਰੇ ਨਾਲ ਨਹੀਂ ਉਸਾਰੇ ਜਾਂਦੇ, ਸਗੋਂ ਸ਼ਹੀਦਾਂ ਦੀਆਂ ਹੱਡੀਆਂ, ਖ਼ੂਨ ਤੇ ਮਿੱਝ ਨਾਲ ਉਸਾਰੇ ਜਾਂਦੇ ਹਨ। ਇਹ ਮਹਿਲ ਜ਼ੁਲਮ ਦੇ ਝੱਖੜਾਂ ਨਾਲ ਗਿਰਦੇ ਨਹੀਂ, ਸਗੋਂ ਕੌਮ ਦੇ ਲਤਾੜੇ ਤੇ ਪਛਾੜੇ ਲੋਕਾਂ ਨੂੰ ਸ਼ਰਨ ਦਿੰਦੇ ਹਨ।

ਸ਼ਹੀਦ ਦੀ ਮੌਤ ਪਵਿੱਤਰ ਗਿਣੀ ਜਾਂਦੀ ਹੈ। ਇਸ ਲਈ ਦੁਨਿਆਵੀ ਪੱਧਰ 'ਤੇ ਬੁਢਾਪੇ, ਬੀਮਾਰੀ ਅਤੇ ਹਰ ਕੁਦਰਤੀ ਮੌਤ ਵਾਂਗ ਸੋਗ, ਰੋਣਾ, ਪਿਟਣਾ ਨਹੀਂ ਹੁੰਦਾ, ਸਗੋਂ ਅਕਾਲ ਪੁਰਖ ਦੇ ਭਾਣੇ ਅੰਦਰ ਰਹਿ ਕੇ ਸ਼ਹੀਦ ਦੇ ਬਹਾਦਰੀ ਭਰੇ ਕਾਰਨਾਮਿਆਂ ਨੂੰ ਸਤਿਕਾਰਿਆ ਜਾਂਦਾ ਹੈ ਅਤੇ ਅਰਦਾਸਾਂ ਅਤੇ ਕੌਮ ਦੀ ਅਗਵਾਈ ਲਈ ਅਰਜ਼ੋਈ ਕੀਤੀ ਜਾਂਦੀ ਹੈ।

ਇਸਲਾਮ ਅੰਦਰ ਤਾਂ ਰੱਬ ਦੇ ਰਾਹ 'ਤੇ ਮਰਨ ਵਾਲੇ ਦੇ ਨਾਂ ਤਾਂ ਕਪੜੇ ਬਦਲੇ ਜਾਂਦੇ ਹਨ, ਨਾ ਹੀ ਨਹਿਲਾਇਆ ਜਾਂਦਾ ਹੈ। ਉਸ ਦੀ ਜਨਾਜ਼ੇ ਦੀ ਨਮਾਜ਼ ਵੀ ਪੜ੍ਹੀ ਨਹੀਂ ਜਾਂਦੀ। ਇਹ ਸਭ ਕਰਮ ਦੁਨਿਆਵੀ ਜੀਵਾਂ ਵਾਸਤੇ ਹਨ। ਸ਼ਹੀਦ ਇਨ੍ਹਾਂ ਸਭ ਕਰਮ-ਕਾਂਡਾਂ ਤੋਂ ਮੁਕਤ ਹੁੰਦਾ ਹੈ। ਸੱਚੇ ਤੇ ਸੁੱਚੇ ਸ਼ਹੀਦ ਦੀ ਮੌਤ ਇਕ ਅਮਰ ਯਾਦਗਾਰ ਹੁੰਦੀ ਹੈ।

ਸ਼ਹੀਦ ਦੀ ਮੌਤ ਨਾਲ ਉਸ ਦਾ ਅੰਤ ਨਹੀਂ ਹੁੰਦਾ ਸਗੋਂ ਇਹ ਮੌਤ ਉਸ ਨੂੰ ਇਕ ਨਵਾਂ ਜਨਮ ਦਿੰਦੀ ਹੈ ਜੋ ਹਮੇਸ਼ਾ ਲਈ ਯਾਦ ਰਹਿੰਦਾ ਹੈ ਅਤੇ ਅਮਰਤਾ ਬਖ਼ਸ਼ਦੀ ਹੈ। ਸ਼ਹੀਦ ਦੀ ਮੌਤ ਇਕ ਵਾਰ ਹੀ ਹੁੰਦੀ ਹੈ—ਕਾਇਰ ਜੋ ਕਈ ਵਾਰ ਜਨਮਦਾ ਤੇ ਮਰਦਾ ਹੈ।

ਇਥੇ ਇਕ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ ਸਿੱਖ ਧਰਮ ਵਿਚ, ਸ਼ਹਾਦਤ ਦਾ ਸੰਕਲਪ ਵਿਲੱਖਣਤਾ ਦਾ ਸੂਚਕ ਹੈ। ਸ਼ਹੀਦਾਂ ਦਾ ਇਤਿਹਾਸ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਦਿੱਤੀਆਂ ਗਈਆਂ ਕੁਰਬਾਨੀਆਂ ਆਪਣੇ ਧਰਮ, ਦੇਸ਼, ਕੌਮ ਤਕ ਹੀ ਮਹਿਦੂਦ ਸਨ: ਪ੍ਰੰਤੂ ਇਥੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਇਸ ਲਈ ਅਨੋਖੀ ਤੇ ਵਿਲੱਖਣ ਹੈ ਕਿ ਉਨ੍ਹਾਂ ਨੇ ਸ਼ਹਾਦਤ ਆਪਣੇ ਧਰਮ ਲਈ ਨਹੀਂ ਦਿੱਤੀ ਸਗੋਂ ਨਿਰੋਲ ਹਿੰਦੂ ਧਰਮ ਵਾਸਤੇ ਦਿੱਤੀ। ਜਿਸ ਦਾ ਜ਼ਿਕਰ ਇਤਿਹਾਸਕਾਰਾਂ ਨੇ ਬਰਾਬਰ ਕੀਤਾ ਹੈ। ਇਥੇ ਅਸੀਂ ਇਕ ਉਦਾਹਰਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਿਚੋਂ ਹੀ ਦੇਵਾਂਗੇ:

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨਿ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਆ ਪਰ ਸੀ ਨ ਉਚਰੀ॥੧੩॥**
**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥** *(ਬਚਿੱਤਰ ਨਾਟਕ, ਅਧਿ: ੫)*

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪਿਛੋਕੜ

ਔਰੰਗਜ਼ੇਬ ਚਾਹੁੰਦਾ ਸੀ ਕਿ ਹਿੰਦੁਸਤਾਨ ਅੰਦਰ ਇਕੋ ਹੀ ਧਰਮ (ਇਸਲਾਮ) ਹੋਵੇ। ਇਸ ਮਿਸ਼ਨ ਦੀ ਪੂਰਤੀ ਲਈ ਉਸ ਨੇ ਇਕ ਵੱਖਰਾ ਸੈਲ (ਮਹਿਕਮਾ) ਵੀ ਕਾਇਮ ਕੀਤਾ। ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ:

ਔਰੰਗਜ਼ੇਬ ਦੀ ਮਨਸ਼ਾ ਸੁੰਨੀ-ਸਲਤਨਤ ਸਥਾਪਤ ਕਰਨ ਦੀ ਸੀ। ਇਸ ਮੰਤਵ ਲਈ

ਉਸ ਨੇ ਜਾਇਜ਼-ਨਜਾਇਜ਼ ਵਸੀਲਾ ਵਰਤਿਆ। ਉਸ ਦੀ ਪਾਲਿਸੀ ਨੇ ਸਾਰੇ ਦੇਸ਼ ਵਿਚ ਤੂਫ਼ਾਨ ਖੜਾ ਕਰ ਦਿੱਤਾ।

*(ਖ਼ਾਲਸੇ ਦੀ ਉਤਪਤੀ, ਭਾਗ ਦੂਜਾ, ਪੰਨਾ 57-58)*

ਹਿੰਦੁਸਤਾਨ ਵਿਚ ਬਹੁ-ਗਿਣਤੀ ਹਿੰਦੂਆਂ ਦੀ ਸੀ। ਔਰੰਗਜ਼ੇਬ ਨੇ ਇਕ ਤਾਂ ਹਿੰਦੂਆਂ ਦਾ ਖੁਰਾ-ਖੋਜ ਮਿਟਾਉਣਾ ਚਾਹਿਆ, ਦੂਸਰੇ ਨੰਬਰ 'ਤੇ ਬ੍ਰਾਹਮਣ ਸ਼੍ਰੇਣੀ ਨੂੰ ਮੁਸਲਮਾਨ ਬਨਾਉਣਾ ਚਾਹੁੰਦਾ ਸੀ। ਇਸ ਲਈ ਸਭ ਤੋਂ ਪਹਿਲਾਂ ਕਸ਼ਮੀਰ ਚੁਣਿਆ। ਉਸ ਦਾ ਕਾਰਨ ਇਹ ਸੀ ਕਿ ਇਕ ਤਾਂ ਕਸ਼ਮੀਰ ਵਿਚ ਬ੍ਰਾਹਮਣਾਂ ਦੀ ਗਿਣਤੀ ਜ਼ਿਆਦਾ ਸੀ, ਦੂਸਰੀ ਪੜ੍ਹਿਆਂ-ਲਿਖਿਆਂ ਦੀ ਵੀ ਗਿਣਤੀ ਜ਼ਿਆਦਾ ਸੀ। ਬਾਦਸ਼ਾਹ ਨੇ ਸੋਚਿਆ ਕਿ ਕਸ਼ਮੀਰੀ ਬ੍ਰਾਹਮਣ ਮੁਸਲਮਾਨ ਬਣਨ ਦੇ ਬਾਦ ਬਾਕੀ ਸਭ ਆਪਣੇ ਆਪ ਹੀ ਇਸਲਾਮ ਨੂੰ ਧਾਰਨ ਕਰ ਲੈਣਗੇ।

ਔਰੰਗਜ਼ੇਬ ਨੇ ਇਫ਼ਤਖਾਰ ਖਾਂ ਨੂੰ ਸ਼ੇਰ ਅਫ਼ਗਾਨ ਦੀ ਉਪਾਧੀ ਦੇ ਕੇ ਕਸ਼ਮੀਰੀ ਪੰਡਤਾਂ ਨੂੰ ਇਸਲਾਮ ਧਰਮ ਵਿਚ ਲਿਆਉਣ ਲਈ ਡਿਊਟੀ ਲਾਈ। ਮੈਕਾਲਿਫ਼ ਲਿਖਦਾ ਹੈ:

> "ਕਸ਼ਮੀਰੀ ਪੰਡਤ ਚੰਗੇ ਵਿਦਵਾਨ ਹਨ। ਜੇਕਰ ਇਹ ਇਸਲਾਮ ਕਬੂਲ ਕਰ ਲੈਣਗੇ ਤਾਂ ਆਮ ਹਿੰਦੁਸਤਾਨੀ ਵੀ ਇਨ੍ਹਾਂ ਵਾਂਗ ਹੀ ਕਰਨਗੇ। ਦੂਜਾ ਜੇਕਰ ਬ੍ਰਾਹਮਣ ਹੀਲ ਹੁਜ਼ਤ ਕਰਨਗੇ ਤਾਂ ਇਨ੍ਹਾਂ ਦੇ ਖ਼ਿਲਾਫ਼ ਜਹਾਦ ਦਾ ਨਾਅਰਾ ਲਗਵਾਇਆ ਜਾ ਸਕਦਾ ਹੈ। ਬ੍ਰਾਹਮਣ ਸ਼੍ਰੇਣੀ ਦਾ ਸੁਭਾ ਲਾਲਚੀ ਸੀ। ਉਹ ਪੈਸੇ ਦੀ ਖ਼ਾਤਰ ਵੀ ਈਮਾਨ ਬਦਲ ਸਕਦੇ ਸਨ।"

ਸ੍ਰ. ਰਤਨ ਸਿੰਘ ਭੰਗੂ ਨੇ ਵੀ ਔਰੰਗਜ਼ੇਬ ਦੀ ਨੀਤੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ:

ਹਿੰਦੋ ਹਿੰਦੂ ਨਿਰਬੀਜ ਹੋ ਕਰਨੇ।
ਸ਼ਾਹਿ ਨੌਰੰਗੇ ਜੋ ਲਿਖ ਬਰਨੇ।
ਤੁਰਕ ਪ੍ਰਥਮ ਹੋ ਬ੍ਰਹਮਣ ਕਰਨੇ।
ਔਰ ਹਿੰਦੂ ਹੋ ਪਾਛੇ ਫਰਨੇ। *(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੬)*

ਹਿੰਦੂਆਂ ਦੇ ਮੇਲਿਆਂ ਤੇ ਤਿਉਹਾਰਾਂ 'ਤੇ ਸਖ਼ਤ ਪਾਬੰਦੀ ਲਾ ਦਿੱਤੀ। ਸੰਗੀਤ ਨੂੰ ਤਿਲਾਂਜਲੀ ਦੇ ਦਿੱਤੀ। ਸੈਂਕੜੇ ਬ੍ਰਾਹਮਣ ਬੰਦੀ ਗ੍ਰਿਹਿ ਵਿਚ ਪਾ ਦਿੱਤੇ ਗਏ ਅਤੇ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ ਤਾਂ ਕਿ ਦੇਖਾ-ਦੇਖੀ ਬਾਕੀ ਸਭ ਇਸਲਾਮ ਵਿਚ ਆ ਜਾਣਗੇ। ਬੁਤ-ਪ੍ਰਸਤਾਂ ਅਤੇ ਗ਼ੈਰ-ਮੁਸਲਮਾਨਾਂ ਨੂੰ ਮਿਟਾਉਣਾ ਉਸ ਦਾ ਮੁੱਖ ਮੰਤਵ ਸੀ। ਔਰੰਗਜ਼ੇਬ ਨੇ ਨਵਾਬਾਂ ਅਤੇ ਗਵਰਨਰਾਂ ਨੂੰ ਪੂਰੇ ਅਧਿਕਾਰ ਦਿੱਤੇ। ਉਨ੍ਹਾਂ ਨੇ ਹਿੰਦੂਆਂ ਦੀਆਂ ਪਾਠਸ਼ਾਲਾਵਾਂ ਨੂੰ ਮਦਰੱਸਿਆਂ ਵਿਚ ਬਦਲ ਦਿੱਤਾ। ਧਰਮਸ਼ਾਲਾਵਾਂ ਨੂੰ ਮਸੀਤਾਂ ਵਿਚ ਬਦਲ ਦਿੱਤਾ।

ਇਸ ਤਰ੍ਹਾਂ ਕਰਨ ਉਪਰੰਤ ਸਖ਼ਤੀ ਦਾ ਦੌਰ ਸਿੱਖਾਂ 'ਤੇ ਵੀ ਚਲਿਆ ਜਿਸ ਦਾ ਜ਼ਿਕਰ ਖਾਫੀ ਖਾਂ ਕਰਦਾ ਹੈ:

> "Aurangzeb ordered the Temples of the Sikhs to be destroyed and the guru's Agent (Masands) for collecting the tithes and presents of the faithful to be expelled from the cities."

ਕੱਟੜ ਸੁੰਨੀ ਬਾਦਸ਼ਾਹ ਸਾਰੇ ਹਿੰਦੁਸਤਾਨ ਵਿਚ ਇਕੋ ਧਰਮ (ਇਸਲਾਮ) ਨੂੰ ਦੇਖਣਾ ਚਾਹੁੰਦਾ ਸੀ। ਉਹ ਗ਼ੈਰ-ਮੁਸਲਮਾਨ, ਜਿਨ੍ਹਾਂ ਨੂੰ ਉਹ ਕਾਫ਼ਰ ਕਹਿੰਦੇ ਸਨ, ਕਦ ਬਰਦਾਸ਼ਤ ਕਰ ਸਕਦਾ ਸੀ ਕਿ ਉਹ ਘੋੜਿਆਂ 'ਤੇ ਚੜ੍ਹਨ, 'ਸੱਚੇ ਪਾਤਸ਼ਾਹ' ਅਖਵਾਉਣ, ਝੰਡੇ-ਬੁੰਗੇ ਕਾਇਮ ਕਰਨ, ਪੱਗਾ ਬੰਨ੍ਹਣ, ਸਾਂਝੇ ਲੰਗਰ ਤੇ ਸੰਗਤ ਕਾਇਮ ਕਰਨ, ਜਿਨ੍ਹਾਂ ਵਿਚ ਲਤਾੜੇ ਤੇ ਪਛਾੜੇ ਲੋਕਾਂ ਨੂੰ ਬਰਾਬਰਤਾ ਹੋਵੇ। ਇਸ ਸਭ ਕੁਝ ਨੇ ਔਰੰਗਜ਼ੇਬ ਨੂੰ ਇਕ ਖ਼ਤਰਾ ਪੈਦਾ ਕਰ ਦਿੱਤਾ ਕਿ ਉੱਤਰ-ਪੱਛਮ ਵਿਚ, ਮੇਰੀ ਬਾਦਸ਼ਾਹਤ ਵਿਚ ਕੋਈ ਨਵਾਂ ਰਾਜ ਭਾਗ ਨਾ ਕਾਇਮ ਹੋ ਜਾਵੇ।

ਕਸ਼ਮੀਰ, ਮਥਰਾ ਅਤੇ ਕਾਂਸ਼ੀ ਦੇ ਪ੍ਰਮੁੱਖ ਪੰਡਤ ਮਟਨ (ਕਸ਼ਮੀਰ) ਨਿਵਾਸੀ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ 25 ਮਈ, 1675 ਈ. ਨੂੰ ਬ੍ਰਾਹਮਣਾਂ ਦਾ ਇਕ ਜਥਾ, ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਫ਼ਰਿਆਦੀ ਬਣ ਕੇ ਆਇਆ। ਗੁਰੂ ਸਾਹਿਬਾਨ ਦਾ ਮਿਸ਼ਨ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ..." ਦੇ ਅਨੁਸਾਰ ਸਤਿਗੁਰਾਂ ਨੇ ਮਜ਼ਲੂਮਾਂ ਦੀ ਬਾਂਹ ਫੜੀ ਤੇ ਢਾਰਸ ਦਿੱਤਾ। ਇਸ ਬਾਰੇ ਆਮ ਵਾਰਤਾ ਪ੍ਰਚੱਲਤ ਹੈ ਕਿ ਗੁਰੂ ਜੀ ਨੇ ਜਿਨ੍ਹਾਂ ਮਜ਼ਲੂਮਾਂ ਦੀ ਬਾਂਹ ਫੜੀ ਉਨ੍ਹਾਂ ਲਈ ਸਿਰ-ਧੜ ਦੀ ਬਾਜ਼ੀ ਲਾ ਦਿੱਤੀ।

ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ।
ਗੁਰੂ ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨ ਛੋੜੀਐ।

ਔਰੰਗਜ਼ੇਬ ਨੂੰ ਸੁਨੇਹਾ ਭਿਜਵਾ ਦਿੱਤਾ ਕਿ ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਗੁਰਗੱਦੀ ਦੇ ਨਾਂਵੇਂ ਗੁਰੂ ਤੇਗ ਬਹਾਦਰ ਇਸਲਾਮ ਕਬੂਲ ਕਰ ਲੈਣਗੇ ਤਾਂ ਸਾਰੇ ਹਿੰਦੂ ਆਪਣੇ ਆਪ ਮੁਸਲਮਾਨ ਬਣ ਜਾਣਗੇ।

ਇਹ ਇਕ ਅਨੋਖੀ ਸ਼ਹਾਦਤ ਸੀ। ਸੰਸਾਰ ਦਾ ਇਤਿਹਾਸ ਵੇਖੀਏ ਤਾਂ ਪਤਾ ਲੱਗਦਾ ਹੈ—ਕਾਲਤ-ਮਕਤੂਅਲ ਨੂੰ ਲੱਭਦੇ ਹਨ; ਪ੍ਰੰਤੂ ਇਥੇ ਉਲਟ ਗੱਲ ਸੀ—ਮਕਤੂਅਲ ਖ਼ੁਦ ਕਾਤਲ ਕੋਲ ਜਾ ਕੇ ਪੇਸ਼ ਹੋ ਜਾਂਦੇ ਹਨ।

ਗੁਰੂ ਜੀ ਆਪਣੇ ਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਜੈਤਾ ਜੀ ਆਦਿ ਨਾਲ ਦਿੱਲੀ ਵੱਲ ਚਲ ਪਏ।

ਔਰੰਗਜ਼ੇਬ ਵਲੋਂ ਜਾਰੀ ਹੁਕਮ ਦੀਆਂ ਸ਼ਰਤਾਂ ਪੇਸ਼ ਹੋਈਆਂ ਕਿ ਇਸਲਾਮ ਕਬੂਲ ਕਰੋ ਜਾਂ ਮੌਤ ਕਬੂਲ ਕਰੋ। ਕੁਝ ਵਿਦਵਾਨਾਂ ਨੇ ਜ਼ਿਕਰ ਕੀਤਾ ਹੈ ਕਿ ਗੁਰੂ ਸਾਹਿਬ ਨੂੰ ਕਈ ਪ੍ਰਕਾਰ ਦੇ ਲਾਲਚ ਦਿੱਤੇ ਗਏ ਅਤੇ ਕਰਾਮਾਤਾਂ ਦਿਖਾਉਣ ਲਈ ਕਿਹਾ ਗਿਆ। ਜਿਸ ਦੇ ਉੱਤਰ ਵਿਚ ਗੁਰੂ ਜੀ ਨੇ ਕਰਾਮਾਤਾਂ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਕਰਾਮਾਤ ਕਹਿਰ ਦਾ ਨਾਂ ਹੈ, ਘਟੀਆ ਕਿਸਮ ਦੀ ਸ਼ੁਹਰਤ ਹੈ, ਨਾਟਕ-ਚੇਟਕ ਹਨ, ਸਾਡੇ ਮਿਸ਼ਨ ਦੇ ਵਿਰੁੱਧ ਹਨ।

ਧਰਮ ਬਾਰੇ ਉੱਤਰ ਦਿੰਦਿਆਂ ਕਿਹਾ ਕਿ ਧਰਮ ਆਪੋ ਆਪਣਾ ਪਿਆਰਾ ਹੈ। ਨਾਲੇ ਉਹੀ ਪਰਮਾਣਤ ਹੈ ਜੋ ਸਚਾਈ 'ਤੇ ਅਧਾਰਤ ਹੈ। ਧਰਮ ਜ਼ਬਰਦਸਤੀ ਨਹੀਂ ਬਦਲਿਆ ਜਾ ਸਕਦਾ। ਰਹੀ ਗੱਲ ਮੌਤ ਦੀ, ਗੁਰੂ ਜੀ ਨੂੰ ਇਹ ਕਬੂਲ ਸੀ, ਕਿਉਂਕਿ ਸਰੀਰ ਨਾਸ਼ਵਾਨ ਹੈ, ਇਸ ਦੀ ਕੁਰਬਾਨੀ ਕਿਸੇ ਮਜ਼ਲੂਮ ਦੀ ਰਖਸ਼ਾ ਲਈ ਦਿੱਤੀ ਗਈ, ਵਿਅਰਥ ਨਹੀਂ ਜਾ ਸਕਦੀ।

ਗੁਰੂ ਜੀ ਨੂੰ ਕਤਲ ਕਰਨ ਤੋਂ ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਉਹਨਾਂ ਦੇ ਸਾਹਮਣੇ ਚੀਰਿਆ, ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲਿਆ ਅਤੇ ਭਾਈ ਸਤੀ ਦਾਸ

ਨੂੰ ਰੂੰ ਵਿਚ ਬੰਨ੍ਹ ਕੇ ਸਾੜਿਆ ਗਿਆ। ਇਹ ਸਭ ਕੁਝ ਇਸੇ ਲਈ ਕੀਤਾ ਗਿਆ ਕਿ ਸ਼ਾਇਦ ਗੁਰੂ ਜੀ ਇਸ ਦਰਦ ਭਰੇ ਦ੍ਰਿਸ਼ ਨੂੰ ਦੇਖ ਕੇ ਇਸਲਾਮ ਕਬੂਲ ਕਰ ਲੈਣਗੇ।

11 ਨਵੰਬਰ, 1675 ਈ. ਨੂੰ ਚਾਂਦਨੀ ਚੌਂਕ (ਗੁ: ਸੀਸ ਗੰਜ) ਵਿਖੇ ਕਾਜ਼ੀ ਅਬੁਲ ਵਹਾਰ ਬੋਰਾ ਨੇ ਫਤਵਾ ਪੜ੍ਹਿਆ ਅਤੇ ਸਮਾਣਾ (ਪਟਿਆਲਾ) ਨਿਵਾਸੀ ਜਲਾਦ ਜਲਾਲੁਦੀਨ ਨੇ ਤਲਵਾਰ ਨਾਲ ਗੁਰੂ ਜੀ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ। ਤਦ ਇਕ ਭਿਆਨਕ ਝੱਖੜ ਝੁਲਿਆ, ਸੀਸ ਭਾਈ ਜੈਤਾ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਾਇਆ ਅਤੇ ਧੜ ਦਾ ਭਾਈ ਲੱਖੀ ਸ਼ਾਹ ਨੇ ਆਪਣਾ ਘਰ ਜਲਾ ਕੇ ਸਸਕਾਰ ਕੀਤਾ ਜਿਥੇ ਅੱਜ ਗੁਰਦੁਆਰਾ ਰਕਾਬਗੰਜ ਸਾਹਿਬ ਸੁਸ਼ੋਭਿਤ ਹੈ।

## ਸ਼ਹਾਦਤ ਦਾ ਅਸਰ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਅੰਦਰ ਇਸ ਬਾਰੇ ਲਿਖਿਆ ਹੈ :

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥** *(ਅਧਿ: ੫)*

ਸ਼ਹਾਦਤ ਨੇ ਸਿੱਖਾਂ ਦੇ ਮਨ ਵਿਚ ਸਵੈ-ਵਿਸ਼ਵਾਸ, ਸਵੈ-ਮਾਣ ਅਤੇ ਸਵੈ-ਬਲ ਪੈਦਾ ਕੀਤਾ, ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਹੋਇਆ। ਧਰਮ ਜੋ ਸਭ ਤੋਂ ਪਿਆਰੀ ਚੀਜ਼ ਹੈ ਜਿਸ ਦੀ ਖ਼ਾਤਰ ਸਭ ਕੁਝ ਕੁਰਬਾਨ ਕੀਤਾ ਜਾ ਸਕਦਾ ਹੈ ਜੇਕਰ ਕਿਸੇ ਦਾ ਧਰਮ ਹੀ ਨਾ ਰਿਹਾ ਤਾਂ ਉਸ ਦਾ ਜਿਊਣਾ ਕੀ ਅਰਥ ਹੈ। ਜੋ ਕੌਮਾਂ ਗੁਲਾਮੀ ਦੀ ਜ਼ਿੰਦਗੀ ਜਿਉਂਦੀਆਂ ਹਨ—ਆਪਣਾ ਸਭਿਆਚਾਰ, ਸ਼ਰਮ, ਅਣਖ ਸਭ ਗੁਆ ਬੈਠਦੀਆਂ ਹਨ। ਗ਼ੁਲਾਮੀ ਇਕ ਲਾਹਨਤ ਹੈ।

24 ਸਾਲ ਬਾਅਦ 1699 ਈ. ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ। ਖ਼ਾਲਸਾ ਇਕ ਪੂਰਨ ਮਨੁੱਖ ਹੈ। ਖ਼ਾਲਸਾ ਸਿੱਧਾ ਅਕਾਲ ਪੁਰਖ ਨੂੰ ਮੰਨਣ ਵਾਲਾ ਸੱਚ ਦਾ ਹਾਮੀ, ਮਜ਼ਲੂਮ ਦਾ ਰਖਸ਼ਕ, ਰਖਵਾਲਾ ਹੈ। ਇਸ ਦੀ ਸਥਾਪਨਾ ਅਕਾਲ ਪੁਰਖ ਦਾ ਆਦੇਸ਼ ਸੀ। ਇਸ ਦੀ ਉਪਮਾ ਬੇਅੰਤ ਹੈ :

ਗੁਰੂ ਜੀ ਨੇ ਖ਼ਾਲਸੇ ਦੀ ਸ਼ਖ਼ਸੀਅਤ ਇਸ ਤਰ੍ਹਾਂ ਚਿਤਰੀ ਹੈ :

**ਜਾਗਤ ਜੋਤ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਸਲ ਜਾਨੈ॥**

*(ਤੇਤੀ ਸਵੱਯੇ ਪਾ: ੧੦)*

(12/1986)

# ਧਰਮ ਹੇਤ ਸਾਕਾ ਜਿਨਿ ਕੀਆ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਧਰਮ ਹੇਤ ਸਾਕਾ ਸੰਸਾਰ ਭਰ ਵਿਚ ਹੋਈਆਂ ਸ਼ਹਾਦਤਾਂ ਤੋਂ ਹਰ ਪੱਖ ਤੋਂ ਵਿਲੱਖਣ, ਅਦੁੱਤੀ, ਗੌਰਵਮਈ ਅਤੇ ਮੌਲਿਕ ਹੈ, ਜਿਸ ਦੀ ਮੌਲਿਕਤਾ ਤੇ ਵਡੱਪਣ ਅੱਜ ਤੱਕ ਓਵੇਂ ਹੀ ਕਾਇਮ ਹੈ। ਆਪਣੇ ਧਰਮ, ਦੇਸ਼, ਕੌਮ, ਅਕੀਦੇ ਤੇ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਕੁਰਬਾਨੀਆਂ ਬਹੁਤ ਸਾਰਿਆਂ ਲੋਕਾਂ ਪਹਿਲਾਂ ਵੀ ਦਿੱਤੀਆਂ ਅਤੇ ਹੁਣ ਵੀ ਦੇ ਰਹੇ ਹਨ, ਪਰ ਕਿਸੇ ਦੂਸਰੇ ਧਰਮ ਦੀ ਖ਼ਾਤਰ ਜਿਸ ਨਾਲ ਸਿਧਾਂਤਕ ਜਾਂ ਇਤਿਹਾਸਕ ਸਾਂਝ ਵੀ ਨਾ ਹੋਵੇ, ਸ਼ਹੀਦੀ ਦੇਣੀ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਹਿੱਸੇ ਆਈ ਹੈ। ਇਹ ਸ਼ਹਾਦਤ ਨਿਰੋਲ ਹਿੰਦੂ ਧਰਮ 'ਤੇ ਹੋ ਰਹੇ ਧਾਰਮਿਕ ਤਸ਼ੱਦਦ ਨੂੰ ਰੋਕਣ ਵਾਸਤੇ ਹੋਈ।

ਇਸ ਮਹਾਨ ਸ਼ਹਾਦਤ ਦਾ ਮੂਲ ਕਾਰਨ ਇਹ ਸੀ ਕਿ ਸਮੇਂ ਦਾ ਜਾਬਰ ਬਾਦਸ਼ਾਹ ਔਰੰਗਜ਼ੇਬ ਗ਼ੈਰ-ਇਸਲਾਮ ਹਿੰਦੁਸਤਾਨੀਆਂ ਨੂੰ ਹਰ ਜਾਇਜ਼-ਨਜਾਇਜ਼ ਤਰੀਕੇ ਨਾਲ ਇਸਲਾਮ ਵਿਚ ਲਿਆਉਣ ਲਈ ਬਜ਼ਿੱਦ ਸੀ। ਭਾਵੇਂ ਕਿ ਦਾਰੁਲ ਇਸਲਾਮ ਸਥਾਪਨਾ ਲਈ ਪਹਿਲਾਂ ਹੋ ਚੁੱਕੇ ਮੁਗ਼ਲ ਬਾਦਸ਼ਾਹਾਂ ਨੇ ਗ਼ੈਰ-ਮੁਸਲਿਮ ਲੋਕਾਂ ਨੂੰ ਧਰਮ ਪਰਿਵਰਤਨ ਲਈ ਮਜਬੂਰ ਕੀਤਾ ਪਰ ਜ਼ੁਲਮ ਦੀ ਇੰਤਹਾ ਇਤਨੀ ਕਦੇ ਪਹਿਲਾਂ ਨਹੀਂ ਸੀ ਹੋਈ, ਜਿੰਨੀ ਔਰੰਗਜ਼ੇਬ ਦੇ ਸਮੇਂ। ਸਾਰੇ ਹੀ ਮੁਗ਼ਲ ਬਾਦਸ਼ਾਹ ਗ਼ੈਰ-ਮੁਸਲਿਮ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਆਪਣਾ ਪਵਿੱਤਰ ਕਰਤੱਵ ਸਮਝਦੇ ਸਨ। ਔਰੰਗਜ਼ੇਬ ਨੇ ਇਸ ਕਰਤੱਵ ਦੀ ਪੂਰਤੀ ਲਈ ਸ਼ਾਂਤ-ਮਈ ਢੰਗ ਤਰੀਕਿਆਂ ਦੀ ਥਾਂ ਜਬਰ-ਜ਼ੁਲਮ ਦੇ ਰਸਤੇ ਨੂੰ ਅਪਣਾਂਦਿਆਂ ਅਤੇ ਧਰਮ ਵਿਚ ਪ੍ਰਵੇਸ਼ ਕਰਵਾਉਣ ਲਈ ਹਰ ਤਰ੍ਹਾਂ ਦੇ ਜ਼ੁਲਮ ਨੂੰ ਠੀਕ ਕਰਾਰ ਦਿੱਤਾ।

ਔਰੰਗਜ਼ੇਬ ਨੇ ਇਹ ਇਰਾਦਾ ਕਰ ਲਿਆ ਕਿ ਗ਼ੈਰ-ਮੁਸਲਿਮ ਲੋਕਾਂ ਨੂੰ ਹਰ ਹੀਲੇ ਇਸਲਾਮ ਵਿਚ ਲਿਆਵੇਗਾ। ਆਪਣੇ ਇਸ ਨਿਸ਼ਾਨੇ ਦੀ ਪੂਰਤੀ ਲਈ ਉਸ ਨੇ ਅਹਿਲਕਾਰਾਂ ਨੂੰ ਸੰਦੇਸ਼ ਭੇਜੇ ਕਿ ਇਸਲਾਮ ਨੂੰ ਫੈਲਾਉਣ ਲਈ ਹਰ ਤਰ੍ਹਾਂ ਦੇ ਯਤਨ ਕੀਤੇ ਜਾਣ। ਇਸ ਦੀ ਪੂਰਤੀ ਲਈ ਲੋਕਾਂ ਉਪਰ ਆਰਥਿਕ, ਰਾਜਨੀਤਕ ਤੇ ਸਮਾਜਿਕ ਪਾਬੰਦੀਆਂ ਲਗਾਈਆਂ ਤਾਂ ਜੁ ਲੋਕ ਮਜਬੂਰੀ-ਵਸ ਇਸਲਾਮ ਨੂੰ ਕਬੂਲ ਕਰ ਲੈਣ। ਲੋਕਾਂ ਉਪਰ ਜਜ਼ੀਏ, ਖਿਰਾਜ਼, ਵੰਗਾਰ ਆਦਿ ਦੇ ਦਬਾਅ ਦੇ ਨਾਲ-ਨਾਲ ਲਾਲਚ ਦੇਣ ਦਾ ਤਰੀਕਾ ਵੀ ਅਪਣਾਇਆ ਗਿਆ। ਇਹ ਗੱਲ ਨਿਰਸੰਕੋਚ ਮੰਨਣੀ ਵੀ ਪਵੇਗੀ ਕਿ ਉਪਰੋਕਤ ਮਜਬੂਰੀਆਂ ਤੇ ਲਾਚਾਰੀਆਂ ਕਾਰਨ ਬਹੁਤ ਸਾਰੇ ਨਿਮਨ-ਵਰਗ ਦੇ ਹਿੰਦੂਆਂ ਨੇ ਇਸਲਾਮ ਨੂੰ ਪ੍ਰਵਾਨ ਵੀ ਕਰ ਲਿਆ ਸੀ।

ਔਰੰਗਜ਼ੇਬ ਦੇ ਸਮੇਂ ਹਿੰਦੁਸਤਾਨ ਵਿਚ ਬਹੁ-ਗਿਣਤੀ ਹਿੰਦੂਆਂ ਦੀ ਸੀ ਅਤੇ ਕਸ਼ਮੀਰ ਪੜ੍ਹੇ-ਲਿਖੇ ਤੇ ਉੱਚ-ਸ਼੍ਰੇਣੀ ਪੰਡਿਤਾਂ ਦਾ ਗੜ੍ਹ ਸਮਝਿਆ ਜਾਂਦਾ ਸੀ। ਇਸ ਲਈ ਔਰੰਗਜ਼ੇਬ ਨੇ ਆਪਣੇ

ਇਰਾਦੇ ਦੀ ਪੂਰਤੀ ਲਈ ਸਭ ਤੋਂ ਪਹਿਲਾਂ ਕਸ਼ਮੀਰ ਨੂੰ ਹੀ ਚੁਣਿਆ। ਇਸ ਦਾ ਪ੍ਰਮੁੱਖ ਕਾਰਨ ਇਹ ਸੀ ਕਿ ਕਸ਼ਮੀਰ ਵਿਚ ਬਹੁ-ਗਿਣਤੀ ਉੱਚ-ਸ਼੍ਰੇਣੀ ਬ੍ਰਾਹਮਣਾਂ ਦੀ ਸੀ ਤੇ ਔਰੰਗਜ਼ੇਬ ਸਮਝਦਾ ਸੀ ਕਿ ਜੇ ਇਹ ਲੋਕ ਇਸਲਾਮ ਨੂੰ ਪ੍ਰਵਾਨ ਕਰ ਗਏ ਤਾਂ ਬਾਕੀ ਹਿੰਦੁਸਤਾਨੀ ਆਪਣੇ ਆਪ ਹੀ ਇਸਲਾਮ ਨੂੰ ਪ੍ਰਵਾਨ ਕਰ ਲੈਣਗੇ।

ਇਸ ਦੀ ਪੂਰਤੀ ਲਈ ਔਰੰਗਜ਼ੇਬ ਨੇ ਕਸ਼ਮੀਰ ਵਿਚ, ਖਾਸ ਕਰਕੇ ਹਿੰਦੂਆਂ ਦੇ ਹਰ ਤਰ੍ਹਾਂ ਦੇ ਮੇਲਿਆਂ ਤੇ ਤਿਉਹਾਰਾਂ ਉੱਤੇ ਸਖ਼ਤ ਪਾਬੰਦੀ ਲਗਾ ਦਿੱਤੀ। ਸੈਂਕੜੇ ਪ੍ਰੋਹਿਤ ਸ਼੍ਰੇਣੀ ਦੇ ਹਿੰਦੂਆਂ ਨੂੰ ਬੰਦੀ ਬਣਾ ਲਿਆ ਗਿਆ। ਧਰਮਸ਼ਾਲਾਵਾਂ ਤੇ ਪਾਠਸ਼ਾਲਾਵਾਂ ਨੂੰ ਕ੍ਰਮਵਾਰ ਮਸੀਤਾਂ ਤੇ ਮਦਰੱਸਿਆਂ ਵਿਚ ਜਬਰੀ ਬਦਲਿਆ ਗਿਆ। ਭਾਰਤ ਦਾ ਕੋਈ ਗ਼ੈਰ-ਮੁਸਲਮ ਦਸਤਾਰ ਨਹੀਂ ਸਜਾ ਸਕਦਾ ਸੀ। ਘੋੜੇ ਦੀ ਸਵਾਰੀ ਦੀ ਮਨਾਹੀ ਸੀ, ਮੰਦਰ 'ਚ ਟੱਲ ਵੱਜਣੇ ਬੰਦ ਹੋ ਗਏ।

ਔਰੰਗਜ਼ੇਬ ਦੇ ਮਜ਼੍ਹਬੀ ਕਾਨੂੰਨ ਤੋਂ ਬਚਣ ਤੇ ਆਪਣੇ ਧਰਮ ਦੀ ਹੋਂਦ ਕਾਇਮ ਰੱਖਣ ਲਈ ਕਸ਼ਮੀਰੀ ਪੰਡਤਾਂ ਨੇ ਗੁਰੂ ਘਰ ਦਾ ਆਸਰਾ ਤੱਕਦਿਆਂ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਸ ਬੇਨਤੀ ਕੀਤੀ ਕਿ ਸਾਡੇ ਧਰਮ ਨੂੰ ਬਚਾਇਆ ਜਾਵੇ। ਗੁਰੂ ਘਰ ਦੀ ਜਿਸ ਨੇ ਸ਼ਰਨ ਲਈ ਗੁਰੂ ਨੇ ਉਸ ਨੂੰ ਹੀ ਸੀਨੇ ਲਾਇਆ ਤੇ ਆਪਾ ਕੁਰਬਾਨ ਕਰਕੇ ਵੀ ਰੱਖਿਆ ਕੀਤੀ। ਪੰਡਤਾਂ ਦੀ ਬੇਨਤੀ ਨੂੰ ਸੁਣਨ ਉਪਰੰਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਹੋਣਹਾਰ ਸਾਹਿਬਜ਼ਾਦੇ (ਗੁਰੂ) ਗੋਬਿੰਦ ਰਾਇ ਨਾਲ ਸਲਾਹ-ਮਸ਼ਵਰਾ ਕਰਕੇ ਹਿੰਦੂਆਂ ਦੀ ਖ਼ਾਤਰ ਆਪਣੇ ਆਪ ਦੀ ਸ਼ਹੀਦੀ ਦੇਣ ਦਾ ਨਿਰਣਾ ਕਰ ਲਿਆ।

ਗੁਰੂ ਜੀ ਨੇ ਪੰਡਤਾਂ ਨੂੰ ਕਹਿ ਭੇਜਿਆ ਕਿ

> 'ਜਾਓ ! ਔਰੰਗਜ਼ੇਬ ਨੂੰ ਕਹਿ ਦੇਵੋ ਕਿ ਜੇਕਰ ਗੁਰੂ ਨਾਨਕ ਗੱਦੀ ਦੇ ਨੌਵੇਂ ਵਾਰਸ ਨੂੰ ਮੁਸਲਮਾਨ ਬਣਾ ਲਵੇਂਗਾ ਤਾਂ ਅਸੀਂ ਸਾਰੇ ਆਪਣੇ ਆਪ ਹੀ ਇਸਲਾਮ ਨੂੰ ਪ੍ਰਵਾਨ ਕਰ ਲਵਾਂਗੇ।'

ਜ਼ੁਲਮ ਦੇ ਬਲ ਰਹੇ ਭਾਂਬੜਾਂ ਨੂੰ ਸੀਤਲ ਕਰਨ ਲਈ ਗੁਰੂ ਜੀ ਨੇ ਆਪਣੇ ਆਪ ਨੂੰ ਔਰੰਗਜ਼ੇਬ ਦੀ ਸ਼ਖ਼ਸੀ ਕਚਹਿਰੀ ਵਿਚ ਪੇਸ਼ ਕੀਤਾ। ਦਿੱਲੀ ਵਿਖੇ ਗੁਰੂ ਜੀ ਨਾਲ ਪੇਸ਼ ਗੁਰਸਿੱਖਾਂ ਵਿਚੋਂ ਭਾਈ ਮਤੀਦਾਸ ਜੀ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਗੁਰੂ ਜੀ ਦੇ ਸਨਮੁੱਖ ਅਣਮਨੁੱਖੀ ਤਰੀਕਿਆਂ ਨਾਲ ਸ਼ਹੀਦ ਕੀਤਾ ਗਿਆ। ਉਹ ਤਿੰਨੇ ਹੀ ਸਿਦਕ-ਸਬੂਰੀ ਵਿਚ ਪੂਰੇ ਉਤਰੇ। ਇਹਨਾਂ ਸ਼ਹੀਦੀਆਂ ਤੋਂ ਪਿੱਛੋਂ ਗੁਰੂ ਜੀ ਪਾਸ ਤਿੰਨ ਸ਼ਰਤਾਂ ਰੱਖੀਆਂ ਗਈਆਂ ਕਿ 1. ਇਸਲਾਮ ਕਬੂਲ ਕਰੋ, 2. ਕਰਾਮਾਤ ਦਿਖਾਓ 3. ਮੌਤ ਲਈ ਤਿਆਰ ਹੋ ਜਾਓ।

ਪਹਿਲੀ ਸ਼ਰਤ ਆਪਣਾ ਧਰਮ ਤਿਆਗਣ ਲਈ ਹੈ ਪਰ ਕੀ ਉਹ ਗੁਰੂ ਜੀ ਜੋ ਦੂਸਰਿਆਂ ਦੀ ਧਰਮ ਰੱਖਿਆ ਵਾਸਤੇ ਆਪਾ ਕੁਰਬਾਨ ਕਰਨ ਲਈ ਪੇਸ਼ ਹੋਣ, ਉਹ ਇਸ ਨੂੰ ਪਰਵਾਨ ਕਰਦੇ ਸਨ ? ਹਰਗਿਜ਼ ਨਹੀਂ।

ਦੂਸਰੀ ਸ਼ਰਤ ਪ੍ਰਤੀ ਗੁਰੂ ਜੀ ਦੇ ਵਿਚਾਰ ਸਨ ਕਿ ਕਰਾਮਾਤ ਦਿਖਾਉਣੀ ਸਾਡੇ ਧਰਮ ਵਿਰੁੱਧ ਹੈ ਅਤੇ ਤੀਸਰੀ ਲਈ ਤਿਆਰ ਹਾਂ। ਭਾਵ ਗੁਰੂ ਜੀ ਨੇ ਤਿਲਕ ਜੰਞੂ ਦੀ ਰਾਖੀ ਖਾਤਰ ਸ਼ਹਾਦਤ ਨੂੰ ਪਹਿਲੀ ਦਿੱਤੀ। ਗੁਰੂ ਜੀ ਨੇ ਆਪਾ ਕੁਰਬਾਨ ਕਰ ਦਿੱਤਾ, ਗ਼ੈਰਾਂ ਦੇ ਧਰਮ ਨੂੰ ਖ਼ਤਮ ਹੋਣੋਂ ਬਚਾਉਣ ਲਈ। ਪਰ ਕੀ, ਉਹਨਾਂ ਲੋਕਾਂ ਇਸ ਮਹਾਨ ਸ਼ਹਾਦਤ ਦੀ ਸਾਰਥਕਤਾ ਨੂੰ ਸਮਝਿਆ-

ਵਿਚਾਰਿਆ ? ਜੁਆਬ ਨਾਂਹ ਵਿਚ ਹੈ। ਜਿਸ ਬਹੁ-ਗਿਣਤੀ ਧਰਮ ਨੂੰ ਡੁੱਬਣੋਂ ਬਚਾਉਣ ਲਈ ਗੁਰੂ ਜੀ ਨੇ ਸ਼ਹਾਦਤ ਦਿੱਤੀ ਉਸੇ ਧਰਮ ਦੀ ਬਹੁ-ਗਿਣਤੀ ਅੱਜ ਉਸ ਦਾ ਨਕਾਰਾਤਮਕ ਮੁੱਲ ਅਦਾ ਕਰ ਰਹੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਅਜ਼ਾਦ ਹੋਂਦ-ਹਸਤੀ ਤੇ ਪਹਿਚਾਣ ਵਾਲੀ ਕੌਮ ਸਿਰਜੀ। ਉਨ੍ਹਾਂ ਹੁਕਮ ਕੀਤਾ ਕਿ ਮੇਰਾ ਸਿੱਖ ਦੋਹਰੀ ਦਸਤਾਰ ਸਜਾਏਗਾ ਤੇ ਸ਼ਸਤਰਧਾਰੀ ਹੋਣਾ ਜ਼ਰੂਰੀ ਕਰਾਰ ਦਿੱਤਾ।

ਅੱਜ ਵੀ ਲੋੜ ਹੈ, ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਤੋਂ ਪ੍ਰੇਰਣਾ, ਸਿਖਿਆ ਤੇ ਅਗਵਾਈ ਲੈਣ ਦੀ। ਗੁਰੂ ਜੀ ਦੀ ਇਹ ਸ਼ਹਾਦਤ ਜਿਥੇ ਅਣਖ, ਸਵੈ-ਮਾਣ, ਸਵੈ-ਵਿਸ਼ਵਾਸ, ਚੜ੍ਹਦੀ ਕਲਾ ਵਾਲਾ ਜੀਵਨ ਜੀਉਣ ਦੀ ਪ੍ਰੇਰਨਾ ਦਿੰਦੀ ਹੈ, ਉਥੇ ਦੂਸਰਿਆਂ ਲਈ, ਕੌਮ ਲਈ, ਧਰਮ ਵਾਸਤੇ ਮੈਂ-ਮੇਰੀ ਦਾ ਤਿਆਗ ਕਰਨ ਤੇ ਆਪਾ ਵਾਰਨ ਦਾ ਸੰਦੇਸ਼ ਸਾਨੂੰ ਅੱਜ ਵੀ ਦ੍ਰਿੜ ਕਰਵਾਉਂਦੀ ਹੈ।

(12/1991)

# ਲਾਸਾਨੀ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸਮੁੱਚਾ ਜੀਵਨ ਸੰਸਾਰਕ ਧਨ-ਪਦਾਰਥਾਂ ਤੋਂ ਮੋਹ-ਰਹਿਤ ਅਤੇ ਮਜ਼ਲੂਮਾਂ, ਗਰੀਬਾਂ ਲਈ ਹਮਦਰਦੀ ਨਾਲ ਭਰਪੂਰ ਜੀਵਨ ਹੈ। ਉਹਨਾਂ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਅਤੇ ਉਹਨਾਂ ਵਲੋਂ ਰਚੀ ਗੁਰਬਾਣੀ ਦਾ ਜੇ ਦੀਰਘ-ਦ੍ਰਿਸ਼ਟੀ ਨਾਲ ਅਧਿਐਨ ਕੀਤਾ ਜਾਏ ਤਾਂ ਉਹ ਪ੍ਰਤੱਖ ਰੂਪ 'ਚ ਇਕ ਲਾਸਾਨੀ ਨੂਰਾਨੀ ਸ਼ਖ਼ਸੀਅਤ ਦੇ ਮਾਲਕ ਦਿਸ ਆਉਂਦੇ ਹਨ। ਭਾਈ ਵੀਰ ਸਿੰਘ 'ਬਲ' ਦੇ ਕਥਨ ਅਨੁਸਾਰ :

ਆਦਿ ਸਦਾ ਬ੍ਰਿਤ ਏ ਜਨ ਕੈ ਪਿਖ ਦੀਨਨ ਪੈ ਕਰਨੀ ਸੁਖ ਛਾਇਆ।
ਸਾਂਤ ਸੁਭਾਵ ਸਦਾ ਜਿਨ ਕੋ ਕਬਹੂ ਨਹਿ ਤਾਮਸ ਵਾਕੁ ਅਲਾਇਆ।
ਨਾਮ ਅਧਾਰ ਰਹੈ ਦਿਨ ਰੈਨ ਸਦਾ ਜਿਨ ਰਾਜ ਮੈ ਜੋਗ ਕਮਾਇਆ।
ਸੋ ਕਰੁਣਾਨਿਧ ਤੇਗ ਬਹਾਦਰ ਆਪ ਦਲੀਪੁਪੁਰੀ ਚਢਿ ਆਇਆ।

ਉਦਾਰਤਾ ਵਿਖਾਉਣੀ, ਉਹਨਾਂ ਦੇ ਜੀਵਨ ਦੀ ਇਕ ਵਿਸ਼ੇਸ਼ ਖ਼ਾਸੀਅਤ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਪਿੱਛੋਂ, ਗੁਰੂ ਨਾਨਕ ਘਰ ਦੇ ਬਾਈ ਵਾਰਸ ਉਭਰ ਕੇ ਸਾਹਮਣੇ ਆਉਂਦੇ ਹਨ। ਇਹ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹਨ ਅਤੇ ਆਪਣੇ ਮਸੰਦਾਂ ਰਾਹੀਂ ਆਪਣੇ ਆਪ ਨੂੰ ਗੁਰੂ ਨਾਨਕ ਗੱਦੀ ਦੇ ਨੌਂਵੇਂ ਵਾਰਸ ਘੋਸ਼ਿਤ ਕਰਵਾ ਰਹੇ ਹਨ, ਪਰ ਸੀਤਲ ਸੁਭਾਵ ਦੇ ਮਾਲਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫਿਰ ਵੀ ਸ਼ਾਂਤ-ਚਿਤ ਆਪਣੇ ਘਰ ਵਿਚ ਹੀ ਪ੍ਰਭੂ ਚਰਨਾਂ ਨਾਲ ਜੁੜ ਕੇ ਲਿਵਲੀਨ ਰਹਿੰਦੇ। ਆਖ਼ਰ, ਮੱਖਣ ਸ਼ਾਹ ਲੁਬਾਣਾ ਨਾਂ ਦੇ ਇਕ ਵਪਾਰੀ ਰਾਹੀਂ, ਜਦੋਂ ਆਪ ਨੌਂਵੇਂ ਪਾਤਸ਼ਾਹ ਦੇ ਰੂਪ ਵਿਚ ਪ੍ਰਗਟ ਹੋਏ, ਤਾਂ ਸੋਢੀ ਸਾਹਿਬਜ਼ਾਦਾ ਧੀਰਮੱਲ ਡਾਢਾ ਦੁਖੀ ਹੋਇਆ। ਉਸ ਨੇ ਆਪਣੇ ਇਕ ਮਸੰਦ ਸ਼ੀਹੇਂ ਰਾਹੀਂ ਗੁਰੂ ਜੀ ਨੂੰ ਮਰਵਾਉਣਾ ਚਾਹਿਆ ਅਤੇ ਉਸ ਨੇ ਸ਼ੀਹੇਂ ਮਸੰਦ ਰਾਹੀਂ ਸਤਿਗੁਰੂ ਜੀ ਉੱਤੇ ਗੋਲੀ ਵੀ ਚਲਵਾਈ ਤੇ ਗੁਰੂ ਘਰ ਦਾ ਸਮਾਨ ਵੀ ਲੁੱਟ ਖੜਿਆ, ਪਰੰਤੂ ਸ਼ਰੀਕੇਬਾਜ਼ੀ ਦੇ ਇਹ ਸਾਰੇ ਹੱਥ-ਕੰਡੇ ਤੱਕ ਕੇ ਵੀ ਚੰਦਰਮਾਂ ਵਾਂਗੂ ਸੀਤਲ ਤੇ ਸ਼ਾਂਤ ਰਹਿਣ ਵਾਲੇ ਸਤਿਗੁਰੂ ਅਡੋਲ-ਚਿੱਤ ਰਹੇ। ਇਸ ਹਮਲੇ ਅਤੇ ਲੁੱਟ ਦੇ ਪ੍ਰਤੀਕਰਮ ਵਜੋਂ ਰੋਹ ਵਿਚ ਆਏ ਮੱਖਣ ਸ਼ਾਹ ਲੁਬਾਣੇ ਨੇ ਜਦੋਂ ਲੁੱਟਿਆ ਸਮਾਨ ਵਾਪਸ ਲਿਆਂਦਾ ਤਾਂ ਗੁਰੂ ਸਾਹਿਬ ਨੇ ਕਮਾਲ ਦੀ ਉਦਾਰਤਾ ਦਾ ਪ੍ਰਮਾਣ ਦੇਂਦਿਆਂ ਹੋਇਆਂ, ਉਹ ਸਾਰਾ ਸਮਾਨ ਵਾਪਸ ਧੀਰਮੱਲ ਪਾਸ ਹੀ ਭਿਜਵਾ ਦਿੱਤਾ ਤੇ ਆਪ ਨੇ ਮੱਖਣ ਸ਼ਾਹ ਰਾਹੀਂ ਸਮੂਹ-ਸੰਗਤ ਨੂੰ ਖਿਮਾ ਬਾਰੇ ਇਹ ਉਪਦੇਸ਼ ਦਿੱਤਾ :

ਕਰਨੀ ਛਿਮਾ ਮਹਾਂ ਤਪ ਜਾਨ।
ਛਿਮਾ ਕਰਨਿ ਹੀ ਦੈਬੋ ਦਾਨ।

ਛਿਮਾ ਸਕਲ ਤੀਰਥ ਅਸ਼ਨਾਨ।
ਛਿਮਾ ਕਰਤਿ ਨਰ ਕੀ ਕਲਿਆਨ।੪੩।

*(ਭਾਈ ਸੰਤੋਖ ਸਿੰਘ, ਗੁਰਪ੍ਰਤਾਪ ਸੂਰਜ, ਰਾਸਿ ੧੧, ਅੰਸੂ ੧੭)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਜੀਵਨ ਭਰ ਹੀ ਲੋਕਾਂ ਦੇ ਦੁੱਖ ਨਿਵਿਰਤ ਕਰਨ ਵਿਚ ਜੁਟੇ ਰਹੇ ਸਨ। ਆਪ ਨੇ ਪੰਜਾਬ ਦੇ ਪਿੰਡਾਂ-ਕਸਬਿਆਂ ਤੋਂ ਇਲਾਵਾ, ਉੱਤਰ ਪ੍ਰਦੇਸ਼, ਬੰਗਾਲ, ਆਸਾਮ, ਉੜੀਸਾ, ਬਿਹਾਰ ਆਦਿਕ ਪ੍ਰਾਂਤਾਂ, ਸ਼ਹਿਰਾਂ ਤੇ ਪਿੰਡਾਂ ਦਾ ਦੌਰਾ ਕੀਤਾ ਅਤੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੱਗੇ ਸਿੱਖੀ ਦੇ ਬੂਟੇ ਦੀ ਸੇਵਾ-ਸੰਭਾਲ ਕੀਤੀ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਸੰਗਤਾਂ ਨੂੰ ਸਿੱਖ-ਸਿਧਾਂਤਾਂ 'ਤੇ ਦ੍ਰਿੜ੍ਹ ਰਹਿਣ ਲਈ ਪ੍ਰੇਰਿਆ। ਉਹਨਾਂ ਹਿੰਦੂ ਆਵਾਮ ਦੇ ਮਨਾਂ 'ਚੋਂ ਬਾਦਸ਼ਾਹ ਔਰੰਗਜ਼ੇਬ ਦਾ ਸਹਿਮ ਤੇ ਡਰ ਦੂਰ ਕੀਤਾ। ਲੋਕਾਂ ਨੂੰ ਨਿਰਭਉ ਹੋ ਕੇ ਜੀਣ ਦਾ ਉਪਦੇਸ਼ ਦਿੱਤਾ। "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਦਾ ਸਿਧਾਂਤ ਦ੍ਰਿੜ੍ਹ ਕਰਵਾਇਆ ਤੇ ਸਮਝਾਇਆ ਕਿ ਸਭ ਲੋਕਾਂ ਨੂੰ ਸੰਗਤ ਦੇ ਰੂਪ ਵਿਚ ਜਥੇਬੰਦ ਹੋਣਾ ਚਾਹੀਦਾ ਹੈ, ਤਾਹੀਓਂ ਉਹ ਭੈ-ਮੁਕਤ ਹੋ ਸਕਣਗੇ। ਜੋ ਵਿਅਕਤੀ ਮੌਤ ਤੋਂ ਨਹੀਂ ਡਰਦਾ, ਉਹੀ ਮੁਕਤ ਹੋਇਆ ਕਰਦਾ ਹੈ—ਇਸ ਲਈ "ਨਾ ਕਿਸੇ ਦਾ ਡਰ ਮੰਨੋ ਤੇ ਨਾ ਹੀ ਕਿਸੇ ਨੂੰ ਡਰਾਓ।" ਇਸ ਸਿਧਾਂਤ ਨੂੰ ਆਪਣੇ ਜੀਵਨ ਵਿਚ ਹੰਢਾ ਕੇ ਹੀ ਵਿਅਕਤੀ ਨੂੰ ਸੰਸਾਰ ਵਿਚ ਵਿਚਰਨਾ ਚਾਹੀਦਾ ਹੈ।

ਇਸ ਤੋਂ ਇਲਾਵਾ ਆਪ ਅਮਨ ਸ਼ਾਂਤੀ, ਭਾਈਚਾਰਕ ਸਾਂਝ ਦੇ ਵੀ ਅਲੰਬਰਦਾਰ ਸਨ। ਆਪ ਸੁਲਾਹ-ਕੁਲ ਨੀਤੀ ਨੂੰ ਅਪਣਾਉਣ ਦੇ ਹੱਕ ਵਿਚ ਸਨ ਅਤੇ ਜੰਗਾਂ, ਯੁੱਧਾਂ ਦੇ ਵਿਰੁੱਧ, ਜਿਨ੍ਹਾਂ ਵਿਚ ਅਨੇਕਾਂ ਮਨੁੱਖਾਂ ਦਾ ਅਜਾਈਂ ਖ਼ੂਨ ਡੁੱਲ੍ਹਦਾ ਹੈ ਅਤੇ ਇਸ ਦਾ ਪ੍ਰਤੱਖ ਪ੍ਰਭਾਵ ਸੈਨਿਕਾਂ ਦੇ ਬੱਚਿਆਂ 'ਤੇ ਪੈਂਦਾ ਹੈ। ਔਰਤਾਂ ਵਿਧਵਾ ਹੋ ਜਾਂਦੀਆਂ ਹਨ ਤੇ ਬੱਚੇ ਯਤੀਮ। ਇਸ ਨੀਤੀ 'ਤੇ ਅਮਲ ਕਰਦਿਆਂ ਹੋਇਆਂ ਆਪ ਨੇ ਰਾਜਾ ਰਾਮ ਸਿੰਘ ਅਤੇ ਆਸਾਮੀ ਰਾਜੇ ਚੱਕਰ-ਧਵੱਜ ਸਿੰਘ ਦੇ ਦਰਮਿਆਨ ਸੁਲ੍ਹਾ ਕਰਵਾ ਦਿੱਤੀ ਅਤੇ ਭਿਅੰਕਰ ਯੁੱਧ ਨੂੰ ਟਾਲ ਦਿੱਤਾ ਤੇ ਗਰੀਬਾਂ ਨੂੰ ਅਣਆਈ ਮੌਤੇ ਮਰਨ ਤੋਂ ਬਚਾ ਲਿਆ।

ਸੰਸਾਰ ਵਿਚ ਲੋਕ, ਆਪੋ-ਆਪਣੇ ਮਨੋਰਥਾਂ ਲਈ ਤਾਂ ਕੁਰਬਾਨੀ ਦੇਂਦੇ ਹੀ ਆਏ ਹਨ, ਪ੍ਰੰਤੂ ਪਰ-ਸਵਾਰਥ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਇਕ ਅਜਿਹੀ ਵਿਸ਼ੇਸ਼ ਘਟਨਾ ਹੈ, ਜਿਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਨਹੀਂ ਮਿਲਦੀ। ਆਪ ਜੀ ਦੇ ਜੀਵਨ-ਕਾਲ ਵਿਚ ਹਿੰਦੁਸਤਾਨ ਦੇ ਵੱਖ-ਵੱਖ ਪ੍ਰਦੇਸ਼ਾਂ ਵਿਚ, ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਅਨੁਸਾਰ, ਹਿੰਦੂਆਂ ਦੇ ਆਲੀਸ਼ਾਨ ਮੰਦਰ ਢਾਹੇ ਜਾ ਰਹੇ ਸਨ ਤੇ ਤਾਲੀਮੀ ਕੇਂਦਰ ਨਸ਼ਟ ਕੀਤੇ ਜਾ ਰਹੇ ਸਨ। ਹਿੰਦੂ ਸਭਿਅਤਾ ਦੇ ਚਿੰਨ੍ਹ ਮਿਟਾਏ ਜਾ ਰਹੇ ਸਨ, ਪਰ ਇਹ ਸਭ ਕੁਝ ਤੱਕ ਕੇ ਵੀ ਕਿਸੇ ਨੇ ਚੂੰ ਤੱਕ ਨਹੀਂ ਸੀ ਕੀਤੀ। ਸਭ ਚੁੱਪ-ਚਾਪ ਇਹ ਜ਼ੁਲਮ ਬਰਦਾਸ਼ਤ ਕਰੀ ਜਾ ਰਹੇ ਸਨ। ਸਭ ਪਾਸੇ ਹਨ੍ਹੇਰਾ ਹੀ ਹਨ੍ਹੇਰਾ ਪਸਰਿਆ ਹੋਇਆ ਸੀ। ਪਰੰਤੂ ਹਿੰਦੁਸਤਾਨ ਭਰ ਦੇ ਵਿਦਵਾਨ ਪੰਡਤਾਂ ਨੂੰ ਆਖ਼ਰ ਇਸ ਗ਼ੁਲਾਮੀ ਦੇ ਝੁੱਲ ਰਹੇ ਝੱਖੜਾਂ ਵਿਚ ਵੀ ਇਕ ਜੋਤ ਨਜ਼ਰ ਆਈ, ਉਹ ਸੀ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਦਰ ਘਰ, ਗਰੀਬਾਂ-ਮਜ਼ਲੂਮਾਂ ਦਾ ਰਾਖਾ, ਉਹਨਾਂ ਦੇ ਹੰਝੂ ਪੂੰਝਣ ਵਾਲਾ ਅਤੇ ਉਹਨਾਂ ਦਾ ਮਾਰਗ-ਦਰਸ਼ਨ ਕਰਨ ਵਾਲਾ ਸੀ ਅਤੇ ਇਸੇ ਦਰ-ਘਰ ਦੇ ਵਾਰਸ

ਸਨ, ਸ਼ਾਂਤੀ ਦੇ ਪੁੰਜ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ। ਨਿਰਭਉ ਤੇ ਨਿਰਵੈਰ, ਕਰਨੀ ਤੇ ਕਥਨੀ ਦੇ ਸੂਰੇ, ਜਿਨ੍ਹਾਂ ਦੇ ਜੀਵਨ ਦਾ ਉਦੇਸ਼ ਸੀ :

ਬਾਂਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਂਹਿ ਨਾ ਛੋੜੀਐ।
ਤੇਗ ਬਹਾਦਰ ਬੋਲਿਆ ਧਰ ਪਈਐ, ਧਰਮ ਨਾ ਛੋੜੀਐ।

ਪੰਡਤਾਂ ਦੀ ਪ੍ਰਤੀਨਿਧਤਾ ਕਰਦੇ ਹੋਏ ਕਸ਼ਮੀਰੀ ਪੰਡਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰ-ਘਰ ਅਨੰਦਪੁਰ ਸਾਹਿਬ ਆ ਕੇ ਫ਼ਰਿਆਦੀ ਹੋਏ। ਢਾਹੀਆਂ ਮਾਰ ਮਾਰ ਕੇ ਰੁੰਨੇ, ਗਿੜਗਿੜਾ ਕੇ ਹਿੰਦੂ ਧਰਮ, ਹਿੰਦੂ ਸਭਿਅਤਾ ਦੀ ਰੱਖਿਆ ਲਈ ਅਰਜ਼ੋਈਆਂ ਕੀਤੀਆਂ। ਪੰਡਤਾਂ ਦਾ ਰੁਦਨ ਸੁਣ ਕੇ ਸਭ ਪਾਸੇ ਚੁੱਪ ਛਾ ਗਈ। ਧਰਮ ਦੀ ਧੁਜਾ ਸੱਚੇ ਸਾਹਿਬ ਵੀ ਚਿੰਤਤ ਹੋ ਗਏ ਕਿਉਂਕਿ ਇਹ ਇਕ ਮਹੱਤਵਪੂਰਨ ਚੁਣੌਤੀ ਸੀ, ਜੋ ਉਹਨਾਂ ਦਾ ਮਨ ਮਲ ਖਲੋਤੀ ਸੀ। ਪੰਡਤ ਗੁਰੂ ਨਾਨਕ ਪਾਤਸ਼ਾਹ ਦਾ ਨਾਂ ਲੈ ਲੈ ਕੇ ਦੁਹਾਈਆਂ ਪਾ ਰਹੇ ਸਨ ਅਤੇ ਬਹੁੜੀ ਲਈ ਵਿਲ੍ਕਣੀਆਂ ਲਾ ਰਹੇ ਸਨ। ਪਰ ਹੁਣ ਤਾਂ ਇਹ ਦੁਹਾਈਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਾਹਮਣੇ ਪੈ ਰਹੀਆਂ ਸਨ, ਜੋ ਗੁਰ-ਗੱਦੀ ਦੇ ਨੌਵੇਂ ਵਾਰਸ ਦੇ ਰੂਪ ਵਿਚ ਸੁਭਾਇਮਾਨ ਸਨ। ਇਸ ਗਹਿਰ-ਗੰਭੀਰ ਮਸਲੇ ਨੂੰ ਸੁਲਝਾਉਣਾ ਹੁਣ ਉਹਨਾਂ ਆਪਣਾ ਪਰਮ-ਧਰਮ ਸਮਝਿਆ ਕਿਉਂਕਿ ਆਪ ਭਲੀ ਪ੍ਰਕਾਰ ਜਾਣਦੇ ਸਨ ਕਿ ਦੁਖੀਆਂ ਦੇ ਦੁੱਖ ਨਿਵਿਰਤ ਕਰਨੇ ਹੀ ਗੁਰੂ ਘਰ ਦੀ ਪਰੰਪਰਾ ਰਹੀ ਹੈ। ਦੁਖੀਆਂ-ਮਜ਼ਲੂਮਾਂ ਦਾ ਪੱਖ ਪੂਰਦਿਆਂ ਅਤੇ ਉਨ੍ਹਾਂ ਦੇ ਹੱਕਾਂ ਦੀ ਪ੍ਰਾਪਤੀ ਲਈ ਜੂਝਦਿਆਂ ਹੋਇਆਂ, ਜ਼ਾਲਮ ਨੂੰ ਲਲਕਾਰਨਾ ਹੀ ਗੁਰੂ-ਘਰ ਦਾ ਦਸਤੂਰ ਰਿਹਾ ਹੈ। ਇਸ ਪਰੰਪਰਾ ਨੂੰ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਹੀ ਸਥਾਪਤ ਕਰ ਗਏ ਹਨ, 'ਬਾਬਰ' ਨੂੰ ਲਲਕਾਰ ਕੇ ਤੇ ਵੰਗਾਰ ਕੇ।

ਆਖ਼ਰ ਉਹਨਾਂ ਆਪਣੇ ਮਨ ਵਿਚ ਇਕ ਅਨੋਖਾ ਫ਼ੈਸਲਾ ਕੀਤਾ। ਉਸ ਸਮੇਂ ਨਾ ਹੀ ਉਹਨਾਂ ਆਪਣੇ ਘਰ ਬਾਰੇ ਤੇ ਨੌਂ ਕੁ ਵਰ੍ਹਿਆਂ ਦੇ ਬੱਚੇ ਗੋਬਿੰਦ ਰਾਇ ਦੀ ਚਿੰਤਾ ਕੀਤੀ ਤੇ ਨਾ ਹੀ ਆਪਣੀ ਜ਼ਿੰਦਗੀ ਨਾਲ ਹੀ ਮੋਹ ਜਿਤਾਇਆ। ਉਹਨਾਂ ਦੀਰਘ-ਦ੍ਰਿਸ਼ਟੀ ਨਾਲ ਵਿਚਾਰਿਆ ਕਿ ਅੱਜ ਹਿੰਦੂਆਂ ਦੀ ਬਾਂਹ ਫੜਨ ਦਾ ਮਤਲਬ ਆਪਣੇ ਆਪ ਨੂੰ ਕੁਰਬਾਨ ਕਰਨਾ ਹੈ। ਬਾਦਸ਼ਾਹ ਦੀ ਖ਼ੂਨੀ ਤਲਵਾਰ ਨੂੰ ਆਪਣੇ ਸੀਸ 'ਤੇ ਝੱਲਣਾ ਹੈ। ਉਹਨਾਂ ਦੇ ਦੁੱਖਾਂ ਨੂੰ ਆਪਣੀ ਝੋਲੀ ਵਿਚ ਪੁਆਉਣਾ ਹੈ। ਸੋ ਇਹਨਾਂ ਸਮੂਹ ਗੱਲਾਂ ਨੂੰ ਵਿਚਾਰ ਕੇ, ਫ਼ਰਿਆਦੀ ਹੋਏ ਪੰਡਤਾਂ ਨੂੰ ਧੀਰਜ ਦੇਂਦਿਆਂ ਹੋਇਆਂ ਆਪ ਨੇ ਇਹ ਫ਼ਰਮਾਇਆ ਕਿ ਉਹ ਬਾਦਸ਼ਾਹ ਨੂੰ ਇਹ ਆਖ ਦੇਣ ਕਿ ਜੇ ਉਹਨਾਂ ਦਾ ਗੁਰੂ ਦੀਨ (ਇਸਲਾਮ) ਕਬੂਲ ਕਰ ਲਵੇ ਤਾਂ ਉਹ ਵੀ ਮੁਸਲਮਾਨ ਬਣ ਜਾਣਗੇ।

ਸੋ ਗ੍ਰਿਫ਼ਤਾਰੀ ਦੇ ਹੁਕਮ ਹੋਏ। ਮੁਸੀਬਤ ਦੀ ਗੱਠੜੀ ਉਹਨਾਂ ਆਪਣੇ ਮੋਢਿਆਂ 'ਤੇ ਚੁੱਕ, ਪੰਜਾਬ ਦੇ ਪਿੰਡਾਂ ਤੇ ਕਸਬਿਆਂ ਵਿਚ ਸੰਗਤਾਂ ਦਾ ਮਨੋਬਲ ਵਧਾਉਂਦੇ ਹੋਏ, ਕੁਰਬਾਨ ਹੋਣ ਲਈ ਦਿੱਲੀ ਵੱਲ ਚਲ ਪਏ। ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲ ਜੀ ਦੀ ਮਹਾਨ ਸ਼ਹਾਦਤ ਤੋਂ ਅਗਲੇਰੇ ਦਿਨ, ਭਾਵ 11 ਨਵੰਬਰ, 1675 ਈ. ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ, ਹਾਕਮਾਂ ਵਲੋਂ ਦਿੱਤੇ ਗਏ ਅਸਹਿ ਤੇ ਅਕਹਿ ਤਸੀਹੇ ਝੱਲ ਕੇ, ਜਬਰ-ਜ਼ੁਲਮ ਦੇ ਵਿਰੁੱਧ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦੇ ਹੋਏ ਆਪ ਆਪਣਾ ਸੀਸ ਵਾਰ ਗਏ। ਇਹ ਸ਼ਹੀਦੀ ਨਿਰਦਈ ਮੁਗ਼ਲ ਹਾਕਮਾਂ ਦੇ ਐਲਾਨਾਂ ਵਿਚ ਵੀ ਇਕ ਭੁਚਾਲ ਲਿਆਉਣ ਦਾ ਕਾਰਨ ਬਣੀ। ਹਿੰਦੁਸਤਾਨ ਭਰ

ਦੇ ਲੋਕ ਤ੍ਰਾਹ ਤ੍ਰਾਹ ਕਰ ਉੱਠੇ। ਲੋਕਾਂ ਨੇ ਦਿਲ ਹੀ ਦਿਲ ਚਿਤਾਰਿਆ ਕਿ ਅਜਿਹੀ ਜ਼ਾਲਮ ਹਕੂਮਤ, ਜਿਸ ਵਿਚ ਗੁਰੂਆਂ, ਪੀਰਾਂ, ਮਹਾਂਪੁਰਖਾਂ 'ਤੇ ਵਾਰ ਕੀਤਾ ਜਾਂਦਾ ਹੈ, ਹੁਣ ਜ਼ਿਆਦਾ ਦੇਰ ਤਕ ਨਹੀਂ ਚਲ ਸਕੇਗੀ। ਇਸ ਦਾ ਬੇੜਾ ਹੁਣ ਮੰਝਧਾਰ ਵਿਚ ਡੁੱਬ ਕੇ ਹੀ ਰਹੇਗਾ। ਵਿਚਾਰਯੋਗ ਗੱਲ ਇਹ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹਿੰਦੂ ਧਰਮ ਦੇ ਅਨੁਯਾਈ ਨਹੀਂ ਸਨ, ਉਹਨਾਂ ਦੀਆਂ ਧਾਰਮਿਕ ਫੋਕੀਆਂ ਰਵਾਇਤਾਂ, ਵਹਿਮਾਂ-ਭਰਮਾਂ ਦਾ ਉਹ ਬਾਣੀ ਰਾਹੀਂ ਖੰਡਨ ਕਰਦੇ ਹਨ, ਪਰੰਤੂ ਉਹਨਾਂ ਦੀ ਰਾਖੀ ਲਈ ਉਹ ਆਪਣੀ ਅਦੁੱਤੀ ਕੁਰਬਾਨੀ ਦੇਣ ਵਿਚ ਜ਼ਰਾ ਨਹੀਂ ਹਿਚਕਚਾਏ। ਅਸਲ ਵਿਚ ਉਨ੍ਹਾਂ ਦੀ ਸ਼ਹਾਦਤ ਜਬਰ-ਜ਼ੁਲਮ ਦੇ ਖ਼ਿਲਾਫ਼ ਸੀ। ਇਸ ਭਾਵਨਾ ਤਹਿਤ ਹੀ ਉਨ੍ਹਾਂ ਹਿੰਦੂਆਂ ਲਈ ਸ਼ਹਾਦਤ ਦਿੱਤੀ। ਇਸੇ ਲਈ ਗੁਰੂ ਸਾਹਿਬ ਨੂੰ 'ਹਿੰਦ ਦੀ ਚਾਦਰ' ਤੇ 'ਹਿੰਦੂ ਧਰਮ ਦੇ ਬੇੜੇ ਦਾ ਮਲਾਹ' ਕਰਕੇ ਯਾਦ ਕੀਤਾ ਜਾਂਦਾ ਹੈ ਅਤੇ ਉਹਨਾਂ ਵਲੋਂ ਦਿੱਤੀ ਅਜ਼ੀਮ ਸ਼ਹਾਦਤ ਨੂੰ ਲਾਸਾਨੀ ਸ਼ਹਾਦਤ ਮਿਥਿਆ ਗਿਆ ਹੈ। ਕਵੀ 'ਕਾਸਦ' ਇੰਝ ਲਿਖਦਾ ਹੈ :

ਨਾ ਤੂੰ ਬੁੱਤ ਪੂਜੇ, ਨਾ ਤੂੰ ਤਿਲਕ ਲਾਏ,
ਨਾ ਤੂੰ ਪਾਏ ਜੰਞੂ, ਆਪਣੇ ਤਨ ਉੱਤੇ।
ਫਿਰ ਵੀ ਤਿਲਕ ਤੇ ਜੰਞੂ ਦੀ ਰਖਿਆ ਲਈ,
ਦਿੱਤਾ ਸੀਸ ਤੂੰ ਅਤੀ ਪ੍ਰਸੰਨ ਹੋ ਕੇ।
ਕਵੀ ਤੇਰੀ ਕੁਰਬਾਨੀ ਦੇ ਗਾਉਣ ਸੋਹਲੇ,
ਮੈਂ ਅਨਜਾਣ 'ਕਾਸਦ' ਕਿਹੜੇ ਬੋਲ ਬੋਲਾਂ।
ਸਾਰੀ ਸ੍ਰਿਸ਼ਟੀ 'ਚ ਹੀ ਤੇਰਾ ਜਵਾਬ ਕੋਈ ਨਹੀਂ,
ਕਿਹੜੀ ਤੱਕੜੀ 'ਤੇ ਤੇਰਾ ਇਸ਼ਕ ਤੋਲਾਂ।

ਲਾਸਾਨੀ ਸ਼ਹੀਦ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵੀ ਉਹਨਾਂ ਦੀ ਸ਼ਖ਼ਸੀਅਤ ਨੂੰ ਉਜਾਗਰ ਕਰਨ ਵਿਚ ਸਹਾਈ ਹੁੰਦੀ ਹੈ। ਉਹਨਾਂ ਆਪਣੀ ਸਮੁੱਚੀ ਬਾਣੀ ਹਰ ਇਕ ਦੇ ਸਮਝ ਆਉਣ ਵਾਲੀ ਬੋਲੀ ਵਿਚ ਰਚੀ, ਤਾਂ ਜੋ ਹਿੰਦੁਸਤਨ ਦੇ ਲੋਕ ਇਸ ਬਾਣੀ ਨੂੰ ਪੜ੍ਹ-ਸੁਣ ਕੇ ਨਿਰਭੈ ਹੋ ਸਕਣ। ਜਿਉਂ-ਜਿਉਂ ਅਸੀਂ ਸੱਚੇ ਸਾਹਿਬਾਂ ਦੀ ਬਾਣੀ ਦਾ ਪਾਠ ਕਰਦੇ ਜਾਂਦੇ ਹਾਂ, ਮਨ ਵੈਰਾਗ ਨਾਲ ਭਰਦਾ ਜਾਂਦਾ ਹੈ। ਇਹ ਗੁਰਬਾਣੀ ਦੁਨੀਆਂ ਦੀ ਅਸਲੀਅਤ ਸਾਡੀਆਂ ਅੱਖਾਂ ਸਾਹਮਣੇ ਪ੍ਰਗਟ ਕਰਦੀ ਹੈ ਤੇ ਮਨੁੱਖ ਨੂੰ ਸਮਝਾਉਂਦੀ ਹੈ ਕਿ ਮਨੁੱਖੀ ਜੀਵਨ ਜਲ ਦੇ ਬੁਲਬਲੇ ਦੀ ਨਿਆਈਂ ਹੈ। ਮਨੁੱਖ ਨੂੰ ਆਪਣਾ ਸਮੁੱਚਾ ਸਮਾਂ ਪ੍ਰਭੂ ਦੇ ਚਰਨਾਂ ਵਿਚ ਲੀਨ ਰਹਿਣਾ ਚਾਹੀਦਾ ਹੈ। ਧਨ, ਦੌਲਤ, ਧੀਆਂ, ਪੁੱਤਰ, ਪਤਨੀ ਆਦਿ ਸਮੂਹ ਰਿਸ਼ਤੇ-ਨਾਤੇ ਇਸੇ ਜੀਵਨ ਨਾਲ ਹੀ ਸੰਬੰਧਿਤ ਹਨ। ਸੰਸਾਰ ਤੋਂ ਜਾਣ ਲੱਗਿਆਂ ਕਿਸੇ ਨਾਲ ਨਹੀਂ ਨਿਭਣਾ। ਇਸੇ ਲਈ ਆਪ ਨੇ ਮੋਹ-ਮਾਇਆ ਤੋਂ ਨਿਰਲੇਪ ਰਹਿਣ ਦਾ ਉਪਦੇਸ਼ ਦਿੱਤਾ ਹੈ। ਉਹਨਾਂ ਨਿਰਵੈਰ ਤੇ ਨਿਰਭਉ ਹੋ ਕੇ ਜੀਵਨ ਵਿਚ ਵਿਚਰਨ ਲਈ ਪ੍ਰੇਰਿਆ ਹੈ ਅਤੇ ਦੁੱਖ-ਸੁਖ ਨੂੰ ਇਕ ਸਮਾਨ ਸਮਝਣ ਦੀ ਤਾਕੀਦ ਕੀਤੀ ਹੈ। ਪਰੰਤੂ ਇਨ੍ਹਾਂ ਉਪਦੇਸ਼ਾਂ 'ਤੇ ਅਮਲ ਕੇਵਲ ਉਹੀ ਮਨੁੱਖ ਕਰ ਸਕਦਾ ਹੈ, ਜਿਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਿਵਾਸ ਹੋ ਗਿਆ ਹੋਵੇ। ਆਪ ਨੇ ਆਪਣੀ ਸ਼ਹਾਦਤ ਦੇ ਕੇ ਇਹ ਦੱਸਿਆ ਹੈ ਕਿ ਜੀਵਨ ਉਹੀਓ ਸਫਲ ਹੈ, ਜੋ ਦੂਜਿਆਂ ਲਈ ਜੀਵਿਆ ਜਾਵੇ। ਕੇਵਲ ਆਪਣੇ ਲਈ ਜੀਣਾ, ਕਿਸੇ ਅਰਥ ਨਹੀਂ ਹੈ।

ਸੋ ਇੰਝ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਕ ਆਦਰਸ਼ਕ ਮਨੁੱਖ ਦੀ ਲੋਚਾ ਕੀਤੀ ਹੈ ਅਤੇ ਜਿਸ ਕਿਸੇ ਨੂੰ ਵੀ ਇਸ ਆਦਰਸ਼ ਨੂੰ ਅਪਨਾਇਆ ਹੈ, ਉਹ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਬਣ ਕੇ ਸੰਸਾਰ ਮੰਚ 'ਤੇ ਉਜਾਗਰ ਹੋ ਗਿਆ ਹੈ। ਇਹੀ ਸਫਲਤਾ ਤੇ ਦੇਣ ਹੈ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਤੇ ਉਹਨਾਂ ਵਲੋਂ ਰਚੀ 'ਧੁਰ ਕੀ ਬਾਣੀ' ਦੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਸਾਹਿਬਾਂ ਦੀ ਅਮਰ ਸ਼ਹਾਦਤ ਨੂੰ 'ਲਾਸਾਨੀ' ਆਖ ਕੇ ਆਪਣੀ ਸ਼ਰਧਾ ਦੇ ਫੁੱਲ ਇਉਂ ਅੰਕਿਤ ਕੀਤੇ ਹਨ:

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥**

*(ਬਚਿੱਤਰ ਨਾਟਕ, ਅਧਿ: ੫)*

(12/1997)

# ਸਿੱਖ ਸਰੋਤ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਬੰਧੀ ਤੱਥ

ਭਾਈ ਮੱਖਣ ਸ਼ਾਹ ਲੁਬਾਣਾ ਸੱਚੇ ਗੁਰੂ ਦੀ ਭਾਲ ਕਰਦਾ ਬਕਾਲਾ ਆ ਪੁੱਜਾ। ਉਸ ਨੇ ਉਥੇ ਮੰਜੀਆਂ ਲਾ ਕੇ ਬੈਠੇ ਗੱਦੀ ਦੇ ਹਰ ਦਾਅਵੇਦਾਰ ਅੱਗੇ ਦੋ-ਦੋ ਮੋਹਰਾਂ ਭੇਟਾ ਕਰ ਕੇ ਮੱਥਾ ਟੇਕਿਆ ਪਰ ਕਿਸੇ ਨੇ ਵੀ ਉਸ ਦੇ ਮਨ ਦੀ ਸੰਤੁਸ਼ਟੀ ਨਾ ਕਰਵਾਈ। ਉਹ ਨਿਰਾਸ਼ ਹੋ ਗਿਆ। ਇਸ ਨਿਰਾਸ਼ਾ ਵਿਚ ਉਸ ਨੂੰ ਕਿਸੇ ਨੇ ਬਕਾਲਾ ਵਿਖੇ ਹੀ ਸ੍ਰੀ (ਗੁਰੂ) ਤੇਗ ਬਹਾਦਰ ਜੀ ਦੇ ਹੋਣ ਦੀ ਦੱਸ ਪਾਈ। ਨਿਰਾਸ਼ਾ ਵਿਚ ਡੁੱਬਾ ਭਾਈ ਮੱਖਣ ਸ਼ਾਹ ਲੁਬਾਣਾ ਸ੍ਰੀ (ਗੁਰੂ) ਤੇਗ ਬਹਾਦਰ ਜੀ ਦੇ ਅਸਥਾਨ 'ਤੇ ਪੁੱਜਾ ਅਤੇ ਉਨ੍ਹਾਂ ਦੇ ਚਰਨਾਂ ਵਿਚ ਦੋ ਮੋਹਰਾਂ ਦੀ ਭੇਟਾ ਰੱਖ ਕੇ ਮੱਥਾ ਟੇਕਿਆ। ਗੁਰੂ ਜੀ ਦੇ ਵਿਚਾਰ ਸੁਣ ਕੇ ਉਸ ਦੀ ਸੰਤੁਸ਼ਟੀ ਹੋ ਗਈ।

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਇਸ ਦਾ ਵਰਣਨ ਕਰਦੇ ਹੋਏ ਆਪਣੀ ਪੁਸਤਕ 'ਇਤਿ ਜਿਨਿ ਕਰੀ' ਵਿਚ ਲਿਖਿਆ ਹੈ ਕਿ, ਮੱਖਣ ਸ਼ਾਹ ਇਹ ਸਭ ਸੁਣ ਕੇ ਅਵਾਕ ਹੀ ਹੋ ਗਿਆ। ਫਿਰ ਹੱਥ ਜੋੜ ਕਿਹਾ, 'ਤੁਸੀਂ ਡੁਬਦੇ ਨੂੰ ਫਿਰ ਬਚਾ ਲਿਆ ਹੈ। ਭਟਕਦੇ ਨੂੰ ਟਿਕਾ ਦਿੱਤਾ ਹੈ। ਮਰੇ ਹੋਏ ਨੂੰ ਜੀਵਨ ਦਿੱਤਾ ਹੈ।' ਉਧਰ ਸ੍ਰੀ (ਗੁਰੂ) ਤੇਗ ਬਹਾਦਰ ਜੀ ਬਾਹਰ ਆਏ ਅਤੇ ਇਧਰ ਮੱਖਣ ਸ਼ਾਹ 'ਚੜ੍ਹ ਉਚੇ ਮੰਦਰ ਏਹ ਸੁਣਾਇਆ।

'ਆਵੋਂ ਗੁਰ ਸਿੱਖੋ ਮੈਂ ਸਤਿਗੁਰ ਲਾਧਾ।
ਜਾ ਕੀ ਮਹਿਮਾ ਅਗਮ ਅਗਾਧਾ।' *(ਮਹਿਮਾ ਪ੍ਰਕਾਸ਼)*

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋ ਜਾਣ ਨਾਲ ਹੌਲੀ-ਹੌਲੀ ਸਾਰੇ ਦਾਅਵੇਦਾਰ ਆਪੋ-ਆਪਣੀਆਂ ਮੰਜੀਆਂ ਚੁੱਕ ਕੇ ਇਸ ਤਰ੍ਹਾਂ ਗਾਇਬ ਹੋਣੇ ਸ਼ੁਰੂ ਹੋ ਗਏ ਜਿਵੇਂ ਸੂਰਜ ਦੇ ਨਿਕਲਦਿਆਂ ਤਾਰੇ ਅਲੋਪ ਹੋ ਜਾਂਦੇ ਹਨ। ਧੀਰ ਮੱਲ ਨੇ ਕੁਝ ਵਿਰੋਧ ਕੀਤਾ ਪਰ ਉਹ ਵੀ ਸਚਾਈ ਦੇ ਸੂਰਜ ਸਾਹਮਣੇ ਬਹੁਤੀ ਦੇਰ ਟਿਕ ਨਾ ਸਕਿਆ। ਪ੍ਰਗਟ ਹੋ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰਿਆਈ ਦੀਆਂ ਜ਼ਿੰਮੇਵਾਰੀਆਂ ਸੰਭਾਲੀਆਂ ਅਤੇ ਸਿੱਖੀ ਦਾ ਪ੍ਰਚਾਰ ਕਰਨ ਲਈ ਵੱਖ-ਵੱਖ ਇਲਾਕਿਆਂ ਵਿਚ ਵਿਚਰਨਾ ਸ਼ੁਰੂ ਕਰ ਦਿੱਤਾ। ਮਾਝੇ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਜਦੋਂ ਆਪ ਸ੍ਰੀ ਅੰਮ੍ਰਿਤਸਰ ਪੁੱਜੇ ਤਾਂ ਮਸੰਦਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ। ਆਪ ਨੂੰ ਅੰਦਰ ਦਾਖਲ ਨਾ ਹੋਣ ਦਿੱਤਾ। ਮੁੜ ਕੇ ਆਪ ਤਰਨਤਾਰਨ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਲੱਖੀ ਜੰਗਲ, ਸਾਬੋ ਕੀ ਤਲਵੰਡੀ, ਗੋਬਿੰਦਪੁਰ, ਧਮਤਾਨ ਤੋਂ ਹੁੰਦੇ ਹੋਏ ਕਹਿਲੂਰ ਦੇ ਇਲਾਕੇ ਵਿਚ ਆ ਪੁੱਜੇ। ਉਥੇ ਆਪ ਜੀ ਨੇ 500 ਰੁਪਏ ਦੇ ਕੇ ਮਾਖੋਵਾਲ ਪਿੰਡ ਦੀ ਜ਼ਮੀਨ ਸ੍ਰੀ ਅਨੰਦਪੁਰ ਸਾਹਿਬ ਨਗਰ ਵਸਾਉਣ ਲਈ ਖਰੀਦ ਲਈ। 'ਗੁਰ ਬਿਲਾਸ ਪਾਤਸ਼ਾਹੀ ਦਸਵੀਂ' ਅਨੁਸਾਰ:

ਆਨ ਬਸਾਓ ਚਕ ਤਬ ਅਨੰਦਪੁਰ ਕੀ ਜਾਏ। ਜ਼ਰ ਖਰੀਦ ਜਗਾ ਲੇ ਜਾਨਾ।
ਨਗਰ ਰਚਿਓ ਅਛਾ ਸੁਖਦਾਨਾ। ਮਾਤਾ ਜੀ ਕੇ ਇਸਮ ਨਿਧਾਨਾ।

ਪਹਿਲਾਂ ਇਸ ਦਾ ਨਾਂ 'ਚੱਕ ਨਾਨਕੀ' ਰੱਖਿਆ ਗਿਆ ਸੀ ਜੋ ਬਾਅਦ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ।

'ਚੱਕ ਨਾਨਕੀ' ਦੀ ਨੀਂਹ ਰੱਖ ਕੇ ਅਤੇ ਉਸਾਰੀ ਦੀ ਜ਼ਿੰਮੇਵਾਰੀ ਕੁਝ ਪਤਵੰਤੇ ਸਿੱਖਾਂ ਨੂੰ ਸੌਂਪ ਕੇ ਗੁਰੂ ਸਾਹਿਬ ਨੇ ਆਪ ਸਿੱਖੀ ਦੇ ਪ੍ਰਚਾਰ ਲਈ ਵੱਖ-ਵੱਖ ਇਲਾਕਿਆਂ ਵਿਚ ਵਿਚਰਨਾ ਅਰੰਭ ਕਰ ਦਿੱਤਾ। ਵੱਖ-ਵੱਖ ਪਿੰਡਾਂ ਦਾ ਦੌਰਾ ਕਰਦੇ ਆਪ ਜਦੋਂ ਧਮਤਾਨ ਪੁੱਜੇ ਤਾਂ ਉਥੇ ਆਪ ਜੀ ਨੂੰ ਔਰੰਗਜ਼ੇਬ ਦਾ ਦਿੱਲੀ ਪੁੱਜਣ ਲਈ ਸੱਦਾ ਪੁੱਜਾ। ਗੁਰ ਮਹਿਮਾ ਅਨੁਸਾਰ :

ਸੁਨ ਮਹਿਮਾ ਆਲਮਗੀਰ ਰਿਸਾਏ। ਸ੍ਰੀ ਸਤਗੁਰ ਜੀ ਕਹ ਬਠਵਾਏ।
ਤੁਮ ਹਿੰਦ ਕੇ ਗੁਰੂ ਕਹਾਵੋ। ਕਛ ਹਮ ਕੋ ਕਰਾਮਾਤ ਦਿਖਲਾਵੋ।

ਆਸਾਮ-ਬੰਗਾਲ ਦੇ ਦੌਰੇ ਤੋਂ ਆਪ ਜੀ ਕਲਕੱਤੇ ਦੇ ਰਸਤੇ ਪਟਨਾ ਪੁੱਜੇ। ਪਰਵਾਰ ਨੂੰ ਮਿਲ ਕੇ ਅਤੇ ਸ੍ਰੀ ਗੋਬਿੰਦ ਰਾਏ ਦੀ ਪਾਲਣਾ ਅਤੇ ਦੇਖ-ਰੇਖ ਦੀਆਂ ਵਿਸ਼ੇਸ਼ ਹਦਾਇਤਾਂ ਦੇ ਕੇ ਆਪ ਜੀ ਅੱਗੇ ਚੱਲ ਪਏ। ਪਟਨਾ ਤੋਂ ਬਨਾਰਸ, ਜੋਧਪੁਰ, ਅਯੁੱਧਿਆ, ਲਖਨਊ, ਸ਼ਾਹਜਹਾਨਪੁਰ, ਮੁਰਾਦਾਬਾਦ, ਲਖਨੌਰ, ਕਰਨਾਲ ਅਤੇ ਪਾਨੀਪਤ ਹੁੰਦੇ ਹੋਏ 1670 ਈ. ਨੂੰ ਇਕ ਵਾਰ ਫਿਰ ਆਪ ਜੀ ਦਿੱਲੀ ਪੁੱਜੇ। ਆਪਣੀ ਇਸ ਫੇਰੀ ਦੌਰਾਨ ਗੁਰੂ ਸਾਹਿਬ ਦੋ ਮਹੀਨੇ ਅਤੇ 13 ਦਿਨ ਦਿੱਲੀ ਰਹੇ। ਦਿੱਲੀ ਨਿਵਾਸ ਸਮੇਂ ਆਪ ਜੀ ਜਿੱਥੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਰਹੇ, ਉਥੇ ਸਰਕਾਰ ਦੀ ਨੀਤੀ ਅਤੇ ਸਮੁੱਚੇ ਦੇਸ਼ ਦੀ ਸਥਿਤੀ ਦਾ ਵੀ ਗੰਭੀਰਤਾ ਨਾਲ ਜਾਇਜ਼ਾ ਲੈਂਦੇ ਰਹੇ। ਫਿਰ ਆਪ ਜੀ ਦਿੱਲੀ ਤੋਂ ਪਟਿਆਲਾ ਆਏ। ਨਵਾਬ ਸੈਫ਼ ਖਾਨ ਦੇ ਨਾਲ ਹੀ ਰੋਹਤਕ, ਲਾਖਣਮਾਜਰਾ, ਜੀਂਦ, ਪਹੋਵਾ, ਲਖਨੌਰ ਅਤੇ ਕੀਰਤਪੁਰ ਤੋਂ ਹੁੰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਪੁੱਜੇ।

ਪੂਰਬੀ ਭਾਰਤ ਦੀ ਯਾਤਰਾ ਤੋਂ ਪਰਤ ਕੇ ਦਿੱਲੀ ਤੋਂ ਹੁੰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਅਕਤੂਬਰ 1670 ਈ: ਵਿਚ ਸ੍ਰੀ ਅਨੰਦਪੁਰ ਸਾਹਿਬ ਪੁੱਜ ਗਏ। ਇਨ੍ਹਾਂ ਦਿਨਾਂ ਵਿਚ ਹੀ ਔਰੰਗਜ਼ੇਬ ਨੇ ਆਪਣੇ ਗਵਰਨਰਾਂ ਨੂੰ ਹੁਕਮ ਭੇਜਿਆ ਕਿ ਹਿੰਦੂਆਂ ਦੇ ਮੰਦਰ ਢਾਹ ਦਿੱਤੇ ਜਾਣ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀਨ ਵਿਚ ਲਿਆਂਦਾ ਜਾਵੇ। ਇਹ ਹੁਕਮ ਮਿਲਦਿਆਂ ਹੀ ਗਵਰਨਰਾਂ ਨੇ ਆਪਣੀ ਵਫਾਦਾਰੀ ਦਾ ਸਬੂਤ ਦੇਣ ਲਈ ਹਿੰਦੂਆਂ ਨੂੰ ਲੁੱਟਣਾ, ਮਾਰਨਾ, ਕੁੱਟਣਾ ਅਤੇ ਜ਼ੋਰ-ਜਬਰ ਰਾਹੀਂ ਉਨ੍ਹਾਂ ਨੂੰ ਆਪਣੇ ਦੀਨ ਵਿਚ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ, ਜਿੱਥੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰ ਕੇ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ, ਉਥੇ ਉਹ ਬਦਲ ਰਹੀ ਰਾਜਨੀਤਿਕ ਸਥਿਤੀ ਦਾ ਲਗਾਤਾਰ ਜਾਇਜ਼ਾ ਵੀ ਲੈ ਰਹੇ ਸਨ। ਆਉਣ ਵਾਲੇ ਸਮੇਂ ਦੀ ਗੰਭੀਰਤਾ ਤੋਂ ਉਹ ਚੰਗੀ ਤਰ੍ਹਾਂ ਜਾਣੂ ਹੋ ਗਏ ਸਨ, ਇਸੇ ਲਈ ਆਪ ਨੇ ਪਟਨੇ ਤੋਂ ਪਰਿਵਾਰ ਨੂੰ ਸ੍ਰੀ ਅਨੰਦਪੁਰ ਸਾਹਿਬ ਬੁਲਾ ਲਿਆ। ਸ੍ਰੀ ਅਨੰਦਪੁਰ ਸਾਹਿਬ ਪੁੱਜਣ 'ਤੇ ਬਾਲ ਗੋਬਿੰਦ ਰਾਏ ਜੀ ਨੂੰ ਫਾਰਸੀ, ਗੁਰਮੁਖੀ, ਹਿੰਦੀ ਅਤੇ

ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਵਿੱਦਿਆ ਦੇਣ ਦਾ ਯੋਗ ਪ੍ਰਬੰਧ ਕੀਤਾ ਗਿਆ। ਆਪ ਨੂੰ ਘੋੜ-ਸਵਾਰੀ ਅਤੇ ਸ਼ਸਤਰ-ਵਿੱਦਿਆ ਦੇਣ ਲਈ ਸੰਬੰਧਿਤ ਮਾਹਰ ਵਿਅਕਤੀਆਂ ਦੀ ਨਿਯੁਕਤੀ ਕੀਤੀ ਗਈ।

ਔਰੰਗਜ਼ੇਬ ਦਾ ਜ਼ੁਲਮ ਵੇਖ ਕੇ ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿਚ ਬਗ਼ਾਵਤਾਂ ਹੋਣ ਲੱਗ ਪਈਆਂ, ਜਿੱਥੇ ਆਪਣੇ ਧਰਮ ਦੀ ਬੇਹੁਰਮਤੀ ਵੇਖ ਕੇ ਹਿੰਦੂ ਔਰੰਗਜ਼ੇਬ ਨਾਲ ਨਾਰਾਜ਼ ਸਨ, ਉਥੇ ਉਸ ਵੱਲੋਂ ਆਪਣੇ ਭਰਾਵਾਂ ਦੇ ਕੀਤੇ ਗਏ ਕਤਲਾਂ, ਪਿਉ ਨੂੰ ਕੈਦ ਕਰਨ ਅਤੇ ਪੀਰਾਂ-ਫਕੀਰਾਂ ਨੂੰ ਜ਼ੁਲਮ ਦਾ ਸ਼ਿਕਾਰ ਬਣਾਏ ਜਾਣ ਕਾਰਨ ਮੁਸਲਮਾਨਾਂ ਦਾ ਇਕ ਵੱਡਾ ਹਿੱਸਾ ਵੀ ਉਸ ਦੇ ਵਿਰੁੱਧ ਸਿਰ ਚੁੱਕ ਰਿਹਾ ਸੀ। ਇਹ ਵੇਖ ਕੇ ਉਸ ਨੇ ਹਿੰਦੂਆਂ ਉਪਰ ਜ਼ੁਲਮ ਤਿੱਖੇ ਕਰ ਕੇ ਉਨ੍ਹਾਂ ਨੂੰ ਦਬਾਉਣ ਤੇ ਆਪਣੇ ਆਪ ਨੂੰ ਦੀਨ ਦਾ ਹਿਤੂ ਸਾਬਤ ਕਰ ਕੇ ਮੁਸਲਮਾਨਾਂ ਦੇ ਦਿਲ ਵਿਚ ਆਪਣੀ ਜਗ੍ਹਾ ਬਣਾਉਣ ਦਾ ਫੈਸਲਾ ਕਰ ਲਿਆ।

ਔਰੰਗਜ਼ੇਬ ਨੇ ਇਹ ਕੰਮ ਕਸ਼ਮੀਰ ਤੋਂ ਅਰੰਭ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਉਸ ਨੇ ਸਭ ਤੋਂ ਪਹਿਲਾਂ ਕਸ਼ਮੀਰ ਹੀ ਕਿਉਂ ਚੁਣਿਆ, ਇਸ ਬਾਰੇ ਵੱਖ-ਵੱਖ ਇਤਿਹਾਸਿਕਾਰਾਂ ਦੇ ਵੱਖ-ਵੱਖ ਵਿਚਾਰ ਹਨ। ਭਾਈ ਮਨੀ ਸਿੰਘ ਜੀ ਅਨੁਸਾਰ ਉਸ ਨੇ ਸੋਚਿਆ ਕਿ ਇੱਥੇ ਬ੍ਰਾਹਮਣ ਬਹੁਤ ਹਨ। ਇਹੀ ਹਨ ਜੋ ਹਿੰਦੂਆਂ ਨੂੰ ਵਿੱਦਿਆ ਦਿੰਦੇ ਹਨ। ਜੇਕਰ ਪਹਿਲਾਂ ਇਨ੍ਹਾਂ ਨੂੰ ਮੁਸਲਮਾਨ ਬਣਾ ਲਿਆ ਜਾਏ ਤਾਂ ਸਾਰੇ ਹਿੰਦੂ ਧਰਮ ਦੀ ਸਿੱਖਿਆ ਨਾ ਮਿਲ ਸਕਣ ਕਾਰਨ ਧਰਮ ਤੋਂ ਹੀਨ ਹੋ ਜਾਣਗੇ ਅਤੇ ਆਪਣੇ ਆਪ ਮੁਸਲਮਾਨ ਧਰਮ ਅਪਣਾ ਲੈਣਗੇ।

ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਕਸ਼ਮੀਰ ਦੇ ਬ੍ਰਾਹਮਣਾਂ ਅਤੇ ਹੋਰ ਗ਼ੈਰ-ਮੁਸਲਮਾਨਾਂ ਉਪਰ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ ਗਏ। ਸਾਮ-ਦਾਮ-ਦੰਡ, ਹਰ ਹੀਲਾ ਵਰਤਿਆ ਜਾਣ ਲੱਗ ਪਿਆ। ਇਸ ਜ਼ੁਲਮ ਤੋਂ ਘਬਰਾ ਕੇ ਕਸ਼ਮੀਰੀ ਪੰਡਤਾਂ ਦਾ ਇਕ ਪ੍ਰਤੀਨਿਧੀ ਮੰਡਲ ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ ਸਹਾਇਤਾ ਲਈ ਪੁਕਾਰ ਕਰਨ ਵਾਸਤੇ ਹਿੰਦੂ ਰਾਜਿਆਂ ਵੱਲ ਤੁਰ ਪਿਆ।

ਇਹ ਪੰਡਤ ਹਰੇਕ ਹਿੰਦੂ ਰਾਜਿਆਂ ਦੇ ਦਰਬਾਰ ਵਿਚ ਗਏ, ਹਰ ਰਾਜਪੂਤ ਰਾਜੇ ਦਾ ਉਨ੍ਹਾਂ ਦਰ ਖੜਕਾਇਆ। ਪਰ ਕੋਈ ਵੀ ਉਨ੍ਹਾਂ ਦੀ ਮਦਦ ਲਈ ਨਾ ਬਹੁੜਿਆ। ਕਿਸੇ ਨੇ ਰੁੱਝੇ ਹੋਣ ਦਾ ਬਹਾਨਾ ਕਰ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਸੇ ਨੇ ਆਪਣੇ ਆਪ ਨੂੰ ਮੁਗ਼ਲ ਸਲਤਨਤ ਦੇ ਮੁਕਾਬਲੇ 'ਤੇ ਅਦਨਾ ਦੱਸ ਕੇ ਕਿਸੇ ਵੀ ਤਰ੍ਹਾਂ ਦੀ ਮਦਦ ਕਰ ਸਕਣ ਦੇ ਆਪਣੇ ਆਪ ਨੂੰ ਅਯੋਗ ਦੱਸਿਆ। ਸਭ ਪਾਸਿਉਂ ਨਿਰਾਸ਼ ਹੋ ਕੇ ਵਾਪਸ ਮੁੜੇ ਤਾਂ ਰਸਤੇ ਵਿਚ ਜਿੱਥੇ ਵੀ ਠਹਿਰਦੇ ਆਪੋ ਵਿਚ ਵਿਚਾਰ-ਵਟਾਂਦਰਾ ਕਰਦੇ ਕਿ ਹੁਣ ਕੀ ਰਾਹ ਕੱਢਿਆ ਜਾਵੇ ਜਿਸ ਨਾਲ ਧਰਮ ਅਤੇ ਜਾਨ ਬਚ ਸਕੇ। ਪਰ ਉਨ੍ਹਾਂ ਨੂੰ ਕੋਈ ਰਾਹ ਜਾਂ ਸਹਾਰਾ ਨਜ਼ਰ ਨਾ ਆਉਂਦਾ।

ਉਹ ਸ੍ਰੀ ਅਨੰਦਪੁਰ ਸਾਹਿਬ ਪੁੱਜ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਜਾ ਹਾਜ਼ਰ ਹੋਏ। ਪ੍ਰਿੰਸੀਪਲ ਸਤਿਬੀਰ ਸਿੰਘ ਲਿਖਤ ਪੁਸਤਕ 'ਸੌ ਸੁਆਲ' ਅਨੁਸਾਰ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠਾਂ ਕਸ਼ਮੀਰੀ ਪੰਡਤਾਂ ਇਹ ਅਰਜੋਈ ਕੀਤੀ ਸੀ:

'ਬਾਹਿ ਅਸਾਡੀ ਪਕੜੀਏ, ਗੁਰੂ ਹਰਿਗੋਬਿੰਦ ਕੇ ਚੰਦ।'

ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਾਕ ਹੋਏ ਸਨ:

ਚਿਤ ਚਰਨ ਕਮਲ ਕਾ ਆਸਰਾ, ਚਿਤ ਚਰਨ ਕਮਲ ਸੰਗ ਜੋੜੀਐ।
ਬਾਂਹਿ ਜਿਨਾਂ ਦੀ ਪਕੜੀਐ, ਸਿਰ ਦੀਜੈ ਬਾਂਹਿ ਨ ਛੋੜੀਐ।

ਇਸ ਤਰ੍ਹਾਂ (ਗੁਰੂ) ਗੋਬਿੰਦ (ਸਿੰਘ) ਜੀ ਨੂੰ ਗੁਰਿਆਈ ਦੀ ਸੌਂਪਣਾ ਕਰ ਕੇ ਗੁਰੂ ਸਾਹਿਬ ਆਪਣੀ ਸ਼ਹੀਦੀ ਦੇਣ ਲਈ ਦਿੱਲੀ ਵੱਲ ਨੂੰ ਤੁਰ ਪਏ। ਆਗਰਾ ਪਹੁੰਚ ਕੇ ਆਪ ਜੀ ਨੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ ਜਿੱਥੋਂ ਆਪ ਜੀ ਨੂੰ ਫੌਜ ਦੀ ਨਿਗਰਾਨੀ ਹੇਠ ਤਿੰਨ ਸਿੱਖਾਂ—ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਸਮੇਤ ਦਿੱਲੀ ਲਿਆਂਦਾ ਗਿਆ ਅਤੇ ਇਕ ਸੁੰਞੀ ਹਵੇਲੀ ਵਿਚ ਬੰਦ ਕਰ ਕੇ ਆਪ ਉਪਰ ਸਖ਼ਤ ਪਹਿਰੇ ਬਿਠਾ ਦਿੱਤੇ ਗਏ। ਪ੍ਰੋ. ਕਰਤਾਰ ਸਿੰਘ ਐਮ.ਏ. 'ਸਿੱਖ ਇਤਿਹਾਸ' ਵਿਚ ਲਿਖਦੇ ਹਨ : 'ਔਰੰਗਜ਼ੇਬ ਉਸ ਵੇਲੇ ਦਿੱਲੀ ਵਿਚ ਨਹੀਂ ਸੀ। ਉਹ ਤਾਂ ਅਪ੍ਰੈਲ 1674 ਵਿਚ ਰਾਵਲਪਿੰਡੀ ਵੱਲ ਗਿਆ ਸੀ। ਪਰ ਉਹ ਜਾਣ ਤੋਂ ਪਹਿਲਾਂ ਸਪੱਸ਼ਟ ਹੁਕਮ ਦੇ ਗਿਆ ਸੀ ਕਿ ਗੁਰੂ ਜੀ ਨਾਲ ਕੀ ਵਰਤਾਓ ਕਰਨਾ ਹੈ।'

ਸ. ਸ਼ਮਸ਼ੇਰ ਸਿੰਘ 'ਅਸ਼ੋਕ' 'ਪੰਜਾਬੀ ਵੀਰ ਪਰੰਪਰਾ 17ਵੀਂ ਸਦੀ' ਵਿਚ ਇਸ ਸਮੇਂ ਦੀ ਸਥਿਤੀ ਦਾ ਵਰਣਨ ਕਰਦਿਆਂ ਹੋਇਆਂ ਲਿਖਦੇ ਹਨ : 'ਗੁਰੂ ਸਾਹਿਬ ਸਿੱਖਾਂ ਸਮੇਤ ਬਾਦਸ਼ਾਹ ਦੇ ਹੁਕਮ ਨਾਲ ਕੋਤਵਾਲ ਦੇ ਹਵਾਲੇ ਕੀਤੇ ਗਏ ਤੇ ਉਨ੍ਹਾਂ ਨੂੰ ਸਖ਼ਤੀ ਨਾਲ ਮਜਬੂਰ ਕੀਤਾ ਗਿਆ ਕਿ ਉਹ ਜਾਂ ਤਾਂ ਕੋਈ ਕਰਾਮਾਤ ਦਿਖਾਉਣ ਜੇ ਨਹੀਂ ਤਾਂ ਝਟਪਟ ਮੁਸਲਮਾਨ ਬਣ ਜਾਣ। ਗੁਰੂ ਸਾਹਿਬ ਨੇ ਅੱਗੋਂ ਕੋਰਾ ਜਵਾਬ ਦਿੱਤਾ ਤਾਂ ਗੁਰੂ ਸਾਹਿਬ ਕੋਤਵਾਲੀ ਵਿਚ ਭੁੱਖੇ-ਤਿਹਾਏ ਰੱਖ ਕੇ, ਅਨੇਕ ਕਿਸਮ ਦੀਆਂ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇ ਕੇ ਤੰਗ ਕੀਤੇ ਜਾਣ ਲੱਗੇ, ਪਰ ਉਹ ਫੇਰ ਵੀ ਅਡੋਲ ਰਹੇ ਤੇ ਆਪਣੇ ਪ੍ਰਣ ਤੋਂ ਇਕ ਕਦਮ ਵੀ ਪਿੱਛੇ ਨਾ ਮੁੜੇ।'

ਜਸਟਿਸ ਪ੍ਰੀਤਮ ਸਿੰਘ ਸਫੀਰ ਅਨੁਸਾਰ 'ਉਸ (ਔਰੰਗਜ਼ੇਬ) ਨੇ ਸੋਚਿਆ ਕਿ ਜੇ ਉਹ ਗੁਰੂ ਤੇ ਉਨ੍ਹਾਂ ਦੇ ਸਾਥੀਆਂ ਦੀ ਚੜ੍ਹਦੀ ਕਲ੍ਹਾ ਨੂੰ ਖ਼ਤਮ ਕਰ ਕੇ ਉਨ੍ਹਾਂ ਦਾ ਮਨੋਬਲ ਨਾ ਡੇਗ ਸਕਿਆ ਅਤੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨਾ ਨਾ ਮੰਨਵਾ ਸਕਿਆ ਤਾਂ ਉਹ ਆਪਣੇ ਹਮ-ਮਜ਼ਹਬ ਲੋਕਾਂ ਦੀਆਂ ਨਜ਼ਰਾਂ ਵਿਚ ਡਿੱਗ ਪਵੇਗਾ। ਗੁਰੂ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਇਨਕਾਰ ਦੀ ਸੂਰਤ ਵਿਚ ਉਨ੍ਹਾਂ ਨੂੰ ਦੱਸਿਆ ਗਿਆ, ਉਨ੍ਹਾਂ ਨੂੰ, ਉਨ੍ਹਾਂ ਦੇ ਸ਼ਰਧਾਲੂ ਸਿੱਖਾਂ ਸਮੇਤ, ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ। ਨੌਵੇਂ ਪਾਤਸ਼ਾਹ ਨੇ ਫੁਰਮਾਇਆ ਕਿ ਨਾ ਹੀ ਉਹ ਆਪ ਤੇ ਨਾ ਹੀ ਉਨ੍ਹਾਂ ਦੇ ਸਿੱਖ ਮੌਤ ਤੋਂ ਡਰਦੇ ਹਨ।'

ਪ੍ਰੋ. ਪੂਰਨ ਸਿੰਘ 'ਦਸ ਗੁਰੂ ਦਰਸ਼ਨ' ਵਿਚ ਲਿਖਦੇ ਹਨ, 'ਗੁਰੂ ਜੀ ਨੂੰ ਦਿੱਲੀ ਵਿਖੇ ਕੈਦ ਕਰ ਦਿੱਤਾ ਗਿਆ ਅਤੇ ਔਰੰਗਜ਼ੇਬ ਦੇ ਹੁਕਮ ਨਾਲ ਤਸੀਹੇ ਦਿੱਤੇ ਗਏ, ਪਰ ਇਹ ਸਾਰੇ ਤਸੀਹੇ ਪਹਾੜ ਜਿੰਨੀ ਤਕੜੀ ਕੰਧ ਉਤੇ ਛਿੱਟੇ ਸੁੱਟਣ ਦੇ ਸਮਾਨ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਵਾਂਗ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਇਕ ਛਿਣ ਲਈ ਵੀ ਆਪਣੇ ਆਪ ਨੂੰ ਪਰਮ ਸਤਿ ਦੇ ਧਿਆਨ ਤੋਂ ਲਾਂਭੇ ਨਾ ਹਟਾਇਆ। ਬਦਲੇ ਦੀ ਕਿਸੇ ਵੀ ਭਾਵਨਾ ਨੇ ਉਨ੍ਹਾਂ ਦੇ ਮਨ ਦੀ ਸ਼ਾਂਤੀ ਨੂੰ ਭੰਗ ਨਾ ਕੀਤਾ। ਉਨ੍ਹਾਂ ਨੇ ਚਮਕਦੇ ਮਸਤਕ ਉਤੇ ਇਕ ਵੀ ਤਿਊੜੀ ਨਾ ਪਾਈ। ਉਹ ਅਨੰਦਪੁਰ ਜਿਹੇ ਹੀ ਸ਼ਾਂਤ ਚਿੱਤ ਸਨ। ਉਨ੍ਹਾਂ ਅੰਦਰ ਉਹ ਮਾਨਸਿਕ ਸ਼ਾਂਤੀ ਸੀ ਕਿ ਤ੍ਰਿਲੋਕੀ ਦੀ ਪਰਲੋ ਵੀ ਉਸ ਨੂੰ ਹਿਲਾ ਨਹੀਂ ਸੀ ਸਕਦੀ।'

ਗੁਰੂ ਸਾਹਿਬ ਨੂੰ ਪਿੰਜਰੇ ਵਿਚ ਬੰਦ ਕਰ ਕੇ ਖੜ੍ਹਿਆ ਰੱਖਿਆ ਗਿਆ। ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ।

ਭਾਈ ਮਤੀ ਦਾਸ ਜੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇ ਕੇ ਸ਼ਹੀਦ ਕੀਤੇ ਜਾਣ ਦੀ ਤਿਆਰੀ ਕੀਤੀ ਗਈ ਜਿਸ ਨਾਲ ਗੁਰੂ ਸਾਹਿਬ ਨੂੰ ਡਰਾਇਆ ਜਾ ਸਕੇ। ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਨ ਦਾ ਹੁਕਮ ਸੁਣਾਇਆ ਗਿਆ। ਭਾਈ ਜੀ ਨੇ ਆਪਣੀ ਅੰਤਮ ਇੱਛਾ ਦੱਸੀ ਕਿ ਆਰੇ ਨਾਲ ਚੀਰਨ ਸਮੇਂ ਉਨ੍ਹਾਂ ਦਾ ਮੂੰਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵੱਲ ਹੋਵੇ ਤਾਂ ਜੋ ਉਹ ਆਪਣੀ ਸੁਰਤ ਗੁਰੂ ਸਾਹਿਬ ਦੇ ਚਰਨਾਂ ਵਿਚ ਟਿਕਾ ਕੇ ਸ਼ਹੀਦੀ ਪ੍ਰਾਪਤ ਕਰ ਸਕਣ।

ਇਹ ਅਹਿਲਕਾਰਾਂ ਦੇ ਵੀ ਦਿਲ ਦੀ ਗੱਲ ਸੀ ਕਿਉਂਕਿ ਉਹ ਸਮਝਦੇ ਸਨ ਕਿ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਦਿਆਂ ਵੇਖ ਕੇ ਗੁਰੂ ਸਾਹਿਬ ਡਰ ਜਾਣਗੇ।

ਜਿਉਂ-ਜਿਉਂ ਆਰਾ ਚੱਲਦਾ ਗਿਆ, ਭਾਈ ਮਤੀ ਦਾਸ ਜੀ 'ਜਪੁਜੀ ਸਾਹਿਬ' ਦਾ ਪਾਠ ਕਰਦੇ ਗਏ। 'ਗੁਰ ਪ੍ਰਤਾਪ ਸੂਰਜ ਗ੍ਰੰਥ' ਅਨੁਸਾਰ:

> ਅਰਧੋ ਅਰਧ ਚਿਰਾਇ ਸੁ ਡਾਰਾ। ਪਰਯੋ ਪ੍ਰਿਥੀ ਪਰ ਹੋਵੈ ਦੋ ਫਾਰਾ।
> ਦੋਨਹੁਂ ਤਨ ਤੇ ਜਪੁਜੀ ਪਢੈ। ਹੇਰਤਿ ਸਭਿ ਕੇ ਅਚਰਜ ਬਢੈ॥46॥

ਭਾਈ ਮਤੀ ਦਾਸ ਜੀ ਨੂੰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਆਰੇ ਨਾਲ ਚੀਰਿਆ ਗਿਆ। ਜਦੋਂ ਗੁਰੂ ਸਾਹਿਬ ਫਿਰ ਵੀ ਅਡੋਲ ਰਹੇ ਤਾਂ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲਿਆ ਗਿਆ। ਇਸ ਸਮੇਂ ਦਾ ਵਰਣਨ ਕਰਦਿਆਂ ਹੋਇਆਂ ਪ੍ਰਿੰਸੀਪਲ ਸਤਿਬੀਰ ਸਿੰਘ ਆਪਣੀ ਪੁਸਤਕ 'ਇਤਿ ਜਿਨਿ ਕਰੀ' ਵਿਚ ਲਿਖਦੇ ਹਨ, ਭਾਈ ਜੀ ਨੇ ਅਰਦਾਸ ਕਰਦੇ ਕਿਹਾ ਕਿ 'ਹੇ ਸਤਿਗੁਰੂ ਅਰਜਨ ਸਾਹਿਬ ਜੀ! ਅੱਗੇ ਤੁਸੀਂ ਇਕ ਵਾਰ ਜਹਾਂਗੀਰ ਦੀ ਦੇਗ ਵਿਚ ਉਬਲੇ ਸੀ, ਹੁਣ ਔਰੰਗਜ਼ੇਬ ਦੀ ਦੇਗ ਵਿਚ ਆ ਕੇ ਉਬਲਦੇ ਸਿੱਖ ਦੀ ਲਾਜ ਰੱਖੋ।' ਭਾਈ ਦਿਆਲਾ ਜੀ ਖਿੜੇ-ਮੱਥੇ ਸ਼ਹੀਦੀ ਪਾ ਗਏ।

ਭਾਈ ਦਿਆਲਾ ਜੀ ਦੀ ਸ਼ਹੀਦੀ ਤੋਂ ਬਾਅਦ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅਤੇ ਅੱਗ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਇਨ੍ਹਾਂ ਸਿੱਖਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਸ਼ਹੀਦ ਹੁੰਦਿਆਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਅੱਖਾਂ ਨਾਲ ਵੇਖਿਆ। ਫਿਰ ਵੀ ਆਪ ਆਪਣੇ ਉਦੇਸ਼ ਅਤੇ ਆਦਰਸ਼ ਤੋਂ ਜ਼ਰਾ ਵੀ ਨਾ ਡੋਲੇ। ਆਪ ਉਸ ਸਮੇਂ ਦੇ ਬਹੁਤ ਪੀੜਤ ਹਿੰਦੂ ਧਰਮ ਦੀ ਰੱਖਿਆ ਅਤੇ ਧਾਰਮਿਕ ਅਜ਼ਾਦੀ ਦੇ ਸੰਕਲਪ ਨੂੰ ਦ੍ਰਿੜ੍ਹ ਕਰਵਾਉਣ ਲਈ ਆਪਣੀ ਸ਼ਹਾਦਤ ਦੇਣ ਲਈ ਹੀ ਤਾਂ ਦਿੱਲੀ ਵੱਲ ਆਏ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਦੇ ਕੇ ਜਿਸ ਸਿੱਖੀ ਦੇ ਮਹੱਲ ਦੀ ਉਸਾਰੀ ਅਰੰਭ ਕੀਤੀ ਸੀ, ਉਸ ਵਿਚ ਉਹ ਕਿਵੇਂ ਕਿਸੇ ਤਰ੍ਹਾਂ ਦੀ ਤਰੇੜ ਆਉਣ ਦੇ ਸਕਦੇ ਸਨ ?

ਇਸ ਤਰ੍ਹਾਂ ਇਕ ਪਾਸੇ ਹਕੂਮਤ ਰਾਜ-ਮੱਦ ਵਿਚ ਨਸ਼ਿਆਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿੱਛੋਂ ਉਨ੍ਹਾਂ ਦੇ ਸਰੀਰ ਦਾ ਅਪਮਾਨ ਕਰਨ ਲਈ ਆਪਣੀ ਸੰਪੂਰਨ ਸ਼ਕਤੀ ਝੋਂਕਣ ਲਈ ਤਿਆਰ ਹੋ ਗਈ। ਦੂਜੇ ਪਾਸੇ ਸਿੱਖਾਂ ਨੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ

ਕਰ ਕੇ ਅੰਗ-ਸੰਗ ਸਹਾਈ ਹੋਣ ਦਾ ਵਰ ਮੰਗਿਆ ਅਤੇ ਆਪਣੇ ਸਤਿਗੁਰਾਂ ਦੇ ਸਰੀਰ ਦੇ ਸਤਿਕਾਰ ਦੀ ਰੱਖਿਆ ਲਈ ਲੱਕ ਬੰਨ੍ਹ ਕੇ ਮੈਦਾਨ ਵਿਚ ਨਿੱਤਰ ਪਏ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਹੁੰਦਿਆਂ ਹੀ ਕੁਦਰਤ ਵੱਲੋਂ ਜ਼ੋਰਦਾਰ ਹਨੇਰੀ ਝੁੱਲ ਪਈ ਤੇ ਇਸੇ ਸਮੇਂ ਨਾਲ 'ਲਾਲ ਕਿਲ੍ਹੇ' ਵਿਚ ਰਸਦ ਪਹੁੰਚਾਉਣ ਗਏ, ਭਾਈ ਲੱਖੀ ਸ਼ਾਹ ਦੇ ਗੱਡੇ ਬਾਹਰ ਨਿਕਲ ਕੇ ਚਾਂਦਨੀ ਚੌਂਕ ਵੱਲ ਦੌੜ ਪਏ। ਬਲਦਾਂ ਦੇ ਦੌੜਨ ਅਤੇ ਗੱਡਿਆਂ ਦੇ ਪਹੀਆਂ ਨਾਲ ਧੂੜ ਉਠ ਕੇ ਹਨ੍ਹੇਰੀ ਵਿਚ ਰਲਣ ਲੱਗ ਪਈ ਜਿਸ ਨੇ ਗੁਰੂ ਸਾਹਿਬ ਦੇ ਸਰੀਰ ਦੀ ਰੱਖਿਆ ਲਈ ਖੜ੍ਹੇ ਸੈਨਿਕਾਂ ਦੀਆਂ ਅੱਖਾਂ ਵਿਚ ਰੜਕਣ ਪੈਦਾ ਕਰ ਦਿੱਤੀ। ਇਸ ਰੜਕਣ ਨੂੰ ਮਿਟਾਉਣ ਅਤੇ ਹਨ੍ਹੇਰੀ ਦੇ ਥੰਮ੍ਹ ਜਾਣ ਦਾ ਇੰਤਜ਼ਾਰ ਕਰਨ ਲਈ ਪਹਿਰੇਦਾਰ ਇਕ ਪਾਸੇ ਹੋ ਗਏ।

ਇਸ ਮੌਕੇ ਨੂੰ ਗਨੀਮਤ ਸਮਝ ਕੇ ਨਜ਼ਦੀਕ ਖੜ੍ਹੇ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਦਾ ਸੀਸ ਆਪਣੇ ਕੱਪੜਿਆਂ ਵਿਚ ਛੁਪਾ ਲਿਆ ਤੇ ਨਾਲ ਲੈ ਕੇ ਨਿਕਲ ਗਏ।

ਵਗਦੀ ਹਨ੍ਹੇਰੀ ਵਿਚ ਭਾਈ ਲੱਖੀ ਸ਼ਾਹ ਨੇ ਆਪਣੇ ਕੁਝ ਸਾਥੀਆਂ ਨਾਲ ਇਕ ਗੱਡਾ ਗੁਰੂ ਸਾਹਿਬ ਦੇ ਸ਼ਹੀਦੀ ਅਸਥਾਨ 'ਤੇ ਲਿਆ ਖੜ੍ਹਾ ਕੀਤਾ। ਗੱਡੇ ਤੋਂ ਉਤਰ ਕੇ ਜਦੋਂ ਉਨ੍ਹਾਂ ਕੇਵਲ ਧੜ ਉਥੇ ਪਿਆ ਵੇਖਿਆ ਤਾਂ ਉਹ ਹੈਰਾਨ-ਪ੍ਰੇਸ਼ਾਨ ਹੋ ਕੇ ਸੀਸ ਦੀ ਭਾਲ ਵਿਚ ਇਧਰ-ਉਧਰ ਵੇਖਣ ਲੱਗ ਪਏ। ਇਹ ਪਤਾ ਲੱਗਣ 'ਤੇ ਸੀਸ ਤਾਂ ਭਾਈ ਜੈਤਾ ਜੀ ਲੈ ਗਏ ਹਨ। ਇਹ ਸੁਣ ਕੇ ਭਾਈ ਲੱਖੀ ਸ਼ਾਹ ਨੇ ਸੁਖ ਦਾ ਸਾਹ ਲਿਆ ਅਤੇ ਭਾਈ ਊਦਾ ਜੀ ਨੇ ਆਪਣੇ ਦੂਜੇ ਸਾਥੀਆਂ ਦੀ ਮਦਦ ਨਾਲ ਗੁਰੂ ਸਾਹਿਬ ਦਾ ਧੜ ਪੂਰੇ ਸਤਿਕਾਰ ਨਾਲ ਗੱਡੇ 'ਤੇ ਰੱਖ ਕੇ ਛੁਪਾ ਲਿਆ। ਬਲਦਾਂ ਨੂੰ ਹੱਕ ਕੇ ਗੱਡੇ ਨੂੰ ਉਧਰੋਂ ਹੀ ਦੌੜੇ ਜਾਂਦੇ ਆਪਣੇ ਦੂਜੇ ਗੱਡਿਆਂ ਦੇ ਵਿਚ ਰਲਾ ਦਿੱਤਾ।

ਘਨੀ ਤੂਲ ਤੇ ਛਾਦਨ ਕੀਨੇ। ਜਿਸ ਪ੍ਰਕਾਰ ਕੋ ਸਕਹਿ ਨ ਚੀਨੇ।
ਮਨ ਹੀ ਮਨ ਮਨਾਇ ਉਰ ਧਰੈਂ। ਆਪਨੋ ਕਾਜ ਆਪ ਗੁਰ ਕਰੈ॥

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੨ ਅੰਸੂ ੬੭)*

ਇਸੇ ਵਿਸ਼ਵਾਸ ਵਿਚ ਭਰਪੂਰ ਭਾਈ ਲੱਖੀ ਸ਼ਾਹ ਅਤੇ ਉਸ ਦੇ ਸਾਥੀ ਗੁਰੂ ਸਾਹਿਬ ਦਾ ਧੜ ਲੈ ਕੇ ਰਕਾਬ ਗੰਜ (ਪਿੰਡ) ਵਿਚ ਜਾ ਪੁੱਜੇ। ਇਥੇ ਪੁੱਜਦਿਆਂ-ਪੁੱਜਦਿਆਂ ਉਨ੍ਹਾਂ ਨੂੰ ਰਾਤ ਹੋ ਗਈ। ਭਾਈ ਲੱਖੀ ਸ਼ਾਹ ਨੇ ਰਾਤ ਨੂੰ ਹੀ ਗੁਰੂ ਸਾਹਿਬ ਦੇ ਧੜ ਨੂੰ ਘਰ ਦੇ ਅੰਦਰ ਸਤਿਕਾਰ ਸਹਿਤ ਸਜਾਇਆ। ਅਰਦਾਸ ਕਰ ਕੇ ਅਕਾਲ ਪੁਰਖ ਦਾ ਧੰਨਵਾਦ ਕੀਤਾ ਅਤੇ ਘਰ ਨੂੰ ਸਾਮਾਨ ਸਮੇਤ ਅੱਗ ਲਾ ਦਿੱਤੀ। ਜਦੋਂ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੋ ਗਿਆ ਕਿ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਹੋ ਚੁੱਕਾ ਹੈ ਤਾਂ ਲੱਖੀ ਸ਼ਾਹ ਅਤੇ ਉਸ ਦੇ ਸਾਥੀਆਂ ਨੇ ਘਰ ਨੂੰ ਅੱਗ ਲੱਗ ਜਾਣ ਦਾ ਸ਼ੋਰ-ਮਚਾਉਣਾ ਸ਼ੁਰੂ ਕਰ ਦਿੱਤਾ ਜਿਸ ਨੂੰ ਸੁਣ ਕੇ ਨੇੜਿਓਂ ਲੰਘਦੇ ਕੁਝ ਘੋੜ ਸਵਾਰ ਸੈਨਿਕ ਆ ਗਏ। ਭਾਈ ਲੱਖੀ ਸ਼ਾਹ ਨੂੰ ਉਹ ਜਾਣਦੇ ਸਨ। ਇਸ ਲਈ ਉਨ੍ਹਾਂ ਦੇ ਸਰਦਾਰ ਨੇ ਘੋੜੇ ਤੋਂ ਉਤਰ ਕੇ ਲੱਖੀ ਸ਼ਾਹ ਨੂੰ ਧੀਰਜ ਦਿੱਤਾ ਤੇ ਫਿਰ ਉਹ ਆਪਣੇ ਰਾਹ ਪੈ ਗਏ।

ਦੂਜੇ ਪਾਸੇ ਹਨ੍ਹੇਰੀ ਰੁਕਣ ਤੋਂ ਬਾਅਦ ਜਦੋਂ ਗੁਰੂ ਸਾਹਿਬ ਦਾ ਸੀਸ ਅਤੇ ਧੜ ਦੋਵੇਂ ਗਾਇਬ ਹੋਏ ਪਹਿਰੇਦਾਰਾਂ ਨੇ ਵੇਖੇ ਤਾਂ ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਨ੍ਹਾਂ ਨੇ ਧੜ ਤੇ ਸੀਸ ਦੀ

ਭਾਲ ਲਈ ਬੜੀ ਦੌੜ-ਭੱਜ ਕੀਤੀ। ਪਰ ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪਈ। ਭਾਈ ਜੈਤਾ ਜੀ, ਤਰਾਉੜੀ (ਕਰਨਾਲ), ਅਨਾਜ ਮੰਡੀ (ਅੰਬਾਲਾ) ਅਤੇ ਨਾਭਾ ਸਾਹਿਬ ਵਿਖੇ ਪੜਾਅ ਕਰਦੇ ਕੀਰਤਪੁਰ ਜਾ ਪੁੱਜੇ, ਜਿੱਥੇ ਬਾਲ ਗੋਬਿੰਦ ਰਾਏ ਜੀ ਨੇ ਸੀਸ ਨੂੰ ਸਤਿਕਾਰ ਸਹਿਤ ਸਵੀਕਾਰ ਕੀਤਾ।

ਸੰਗਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਨੂੰ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੀਆਂ ਜਿੱਥੇ ਸੀਸ ਚੰਦਨ ਦੀ ਚਿਖਾ 'ਤੇ ਰੱਖ ਕੇ ਸਸਕਾਰ ਕਰ ਦਿੱਤਾ ਗਿਆ।

(11/2011)

# ਸ੍ਰੀ ਗੁਰੂ ਤੇਗ ਬਹਾਦਰ: ਹਿੰਦ ਦੀ ਚਾਦਰ

ਸਿੱਖਾਂ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮਕਾਲੀਆਂ ਤੇ ਇਤਿਹਾਸਕਾਰਾਂ ਨੇ ਉਨ੍ਹਾਂ ਦੀ ਪਾਵਨ ਸ਼ਖ਼ਸੀਅਤ ਤੇ ਅਦੁੱਤੀ ਦੇਣ ਨੂੰ ਬੜੇ ਮਾਣ ਤੇ ਸਤਿਕਾਰ ਨਾਲ 'ਹਿੰਦ ਦੀ ਚਾਦਰ', 'ਧਰਮ ਦੀ ਚਾਦਰ' ਅਤੇ 'ਸ੍ਰਿਸ਼ਟੀ ਦੀ ਚਾਦਰ' ਵਰਗੇ ਬੜੇ ਮਹੱਤਵਪੂਰਨ ਵਿਸ਼ੇਸ਼ਣੀ ਨਾਵਾਂ ਨਾਲ ਚਿਤਰਿਆ ਹੋਇਆ ਹੈ।

'ਹਿੰਦ ਦੀ ਚਾਦਰ' ਇਸ ਲਈ ਕਿ ਉਨ੍ਹਾਂ ਦੀ ਪਰਉਪਕਾਰੀ ਤੇ ਕਲਿਆਣਕਾਰੀ ਸ਼ਹਾਦਤ 'ਤੇ ਲੋਕ-ਦਿਲਾਂ ਦੀ ਛਾਪ 'ਤੇ ਧੰਨਵਾਦ ਨੂੰ ਜ਼ਬਾਨ ਦੇਂਦਿਆਂ, ਸਮੇਂ ਦੇ ਪ੍ਰਸਿੱਧ ਭੱਟ ਚਾਂਦ ਨੇ ਆਖਿਆ ਸੀ:

ਬਾਂਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਂਹਿ ਨਹਿ ਛੋੜੀਐ।<br>
ਤੇਗ ਬਹਾਦਰ ਬੋਲਿਆ ਧਰ ਪਈਐ, ਧਰਮ ਨ ਛੋੜੀਐ।

*(ਬੋਲਨਾ ਗੁਰੂ ਤੇਗ ਬਹਾਦਰ ਜੀ ਕਾ, ਜ਼ਬਾਨੀ ਭੱਟ ਕੀ)*

ਉਨ੍ਹਾਂ ਦੀ ਸ਼ਹੀਦੀ ਕਿਸੇ ਨਿੱਜੀ ਮਾਮਲੇ, ਆਪਣੇ ਘਰ-ਪਰਿਵਾਰ ਜਾਂ ਸਿੱਖ-ਸੇਵਕਾਂ ਦੀ ਸਹਾਇਤਾ ਦੀ ਰੱਖਿਆ ਲਈ ਨਹੀਂ ਸੀ ਹੋਈ। ਇਹ ਤਾਂ ਉਦੋਂ ਦੇ ਹਿੰਦੁਸਤਾਨ ਦੀ ਸਭਿਅਤਾ ਤੇ ਸਭਿਆਚਾਰ ਅਤੇ ਉਸ ਦੀ ਹਿੰਦੂ ਜਾਤੀ ਦੇ ਧਰਮ-ਕਰਮ ਨੂੰ ਬਚਾਉਣ ਲਈ, ਕੋਈ ਟੇਕ-ਤਕੀਆ ਭਾਲਦੇ ਸ਼ਰਨ ਆਇ ਪਏ ਉਨ੍ਹਾਂ ਬ੍ਰਾਹਮਣ-ਆਗੂਆਂ ਦੀ ਕੂਕ-ਪੁਕਾਰ 'ਤੇ ਦਿੱਤੀ ਗਈ ਸੀ ਜਿਨ੍ਹਾਂ ਨੂੰ ਇਸ ਗੱਲ ਦਾ ਯਕੀਨ ਹੋ ਚੁੱਕਾ ਸੀ ਕਿ ਸਿਰਫ਼ ਸ੍ਰੀ ਗੁਰੂ ਤੇਗ ਬਹਾਦਰ ਹੀ, ਜੋ ਕੇਵਲ 'ਸੰਤ' ਤੇ 'ਸੂਰਬੀਰ' ਹੀ ਨਹੀਂ, 'ਬਚਨ ਕੇ ਬਲੀ' ਵੀ ਹਨ, ਜੋ ਉਨ੍ਹਾਂ ਨੂੰ ਉਸ ਘਰ ਸਥਿਤੀ ਤੇ ਗੰਭੀਰ ਸੰਕਟ ਤੋਂ ਬਚਾਅ ਸਕਣਗੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦੇ ਕੇ ਜਿਵੇਂ ਉਨ੍ਹਾਂ ਦੀ ਅਤੇ ਸਮੁੱਚੇ ਹਿੰਦ ਦੀ ਰੁਲ ਰਹੀ 'ਪਤਿ-ਆਬਰੂ' ਨੂੰ ਬਚਾਇਆ, ਜ਼ਿਕਰ ਕਰਦਿਆਂ ਅਤੇ ਉਸ ਨੂੰ ਕੇਵਲ ਹਿੰਦੁਸਤਾਨ ਦਾ ਅਤੇ ਸਿਰਫ਼ ਉਸ ਦੀ ਸਤਾਰ੍ਹਵੀਂ ਸਦੀ ਦਾ ਹੀ ਨਹੀਂ, ਸਾਰੇ ਕਲਯੁਗ ਦਾ ਇਕ ਮਹਾਨ ਤੇ ਬੇਮਿਸਾਲ ਕਾਰਨਾਮਾ ਮੰਨਦਿਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫ਼ਰਮਾਉਂਦੇ ਹਨ:

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**<br>
**ਕੀਨੋ ਬਡੋ ਕਲੂ ਮਹਿ ਸਾਕਾ॥**<br>
**ਸਾਧਨਿ ਹੇਤਿ ਇਤੀ ਜਿਨਿ ਕਰੀ॥**<br>
**ਸੀਸੁ ਦੀਆ ਪਰੁ ਸੀ ਨ ਉਚਰੀ॥੧੩॥** *(ਬਚਿੱਤਰ ਨਾਟਕ, ਅਧਿ: ੫)*

ਅਤੇ ਮਗਰੋਂ ਕੈਪਟਨ ਮਰੇ ਦੀ ਇਕ ਧਾਰਮਿਕ ਪੁੱਛ ਦਾ ਜਵਾਬ ਦੇਂਦਿਆਂ, ਤਦੇ ਤਾਂ ਸ਼ਹੀਦ ਰਤਨ ਸਿੰਘ ਭੰਗੂ ਨੇ ਵੀ ਦੱਸਿਆ ਸੀ:

ਤੇਗ ਬਹਾਦਰ ਫਿਰ ਗੁਰ ਭਯੋ, ਪਰਸਵਾਰਥ ਹਿਤ ਜਿਨਿ ਸਿਰ ਦਯੋ।
ਕਲਜੁਗ ਮੈ ਬਡ ਸਾਕਾ ਕੀਯਾ, ਧਰਮ ਕਰਮ ਰਖ ਹਿੰਦੂਅਨ ਲੀਯਾ।

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੪)*

ਸ੍ਰੀ ਗੁਰੂ ਤੇਗ ਬਹਾਦਰ 'ਧਰਮ ਦੀ ਚਾਦਰ' ਇਸ ਲਈ ਸਨ ਕਿ ਉਨ੍ਹਾਂ ਦਾ ਇਹ ਲਾਸਾਨੀ ਕਾਰਨਾਮਾ ਸਿਰਫ਼ ਹਿੰਦੂ ਧਰਮ ਅਤੇ ਕਿਸੇ ਖਾਸ ਧਾਰਮਿਕ ਸਿਧਾਂਤ ਦੀ ਰੱਖਿਆ ਲਈ ਹੀ ਨਹੀਂ ਸੀ ਵਾਪਰਿਆ। ਇਹ ਸ਼ਹਾਦਤ ਤਾਂ ਸਭ ਧਰਮਾਂ ਦੀ ਸੁਤੰਤਰ ਪੈਰਵੀ ਤੇ ਪ੍ਰਫੁੱਲਤਾ ਲਈ ਅਤੇ ਇਕ ਵਿਸ਼ਵ-ਵਿਆਪੀ ਮਾਨਵੀ ਸਿਧਾਂਤ ਦੀ ਰੱਖਿਆ ਲਈ ਦਿੱਤੀ ਗਈ ਸੀ। ਤਦੇ ਤਾਂ ਇਸ ਦੀ ਮਹੱਤਤਾ ਤੇ ਵਿਸ਼ੇਸ਼ਤਾ ਵੱਲ ਧਿਆਨ ਦੁਆਉਂਦਿਆਂ ਦਸਵੇਂ ਪਾਤਸ਼ਾਹ ਨੇ ਇਹ ਵੀ ਫ਼ਰਮਾਇਆ ਸੀ :

**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰੁ ਸਿਰਰੁ ਨ ਦੀਆ॥** *(ਬਚਿੱਤਰ ਨਾਟਕ, ਅਧਿ: ੫)*

ਉਹ 'ਸ੍ਰਿਸ਼ਟਿ ਦੀ ਚਾਦਰ' ਇਸ ਲਈ ਕਹੇ ਗਏ ਸਨ ਕਿ ਉਨ੍ਹਾਂ ਨੇ ਲਗਭਗ ਸਮਕਾਲੀ ਕਵੀ, ਚੰਦਰ ਸੈਨ ਸੈਨਾਪਤਿ ਦੇ ਲਫ਼ਜ਼ਾਂ ਵਿਚ, ਸਮੂਹ ਮਨੁੱਖ ਜਾਤੀ ਦੀ ਹੋ ਰਹੀ ਬੇਪਤੀ, ਮਾਨਵਤਾ ਦੀ ਨੰਗੇਜ਼ ਤੇ ਨੱਕ-ਨਮੂਜ਼ ਨੂੰ ਆਪਣੀ ਸਰੀਰ ਰੂਪੀ ਚਾਦਰ ਵਿਛਾ ਕੇ ਢੱਕ ਦਿੱਤਾ ਸੀ :

ਪ੍ਰਗਟ ਭਏ ਗੁਰੂ ਤੇਗ ਬਹਾਦਰ, ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ।
ਧਰਮ ਕਰਮ ਕੀ ਜਿਨਿ ਪਤਿ ਰਾਖੀ, ਅਟੱਲ ਕਰੀ ਕਲਜੁਗ ਮੇਂ ਸਾਖੀ।

*(ਸ੍ਰੀ ਗੁਰੂ ਸੋਭਾ, ੧/੧੪)*

ਸਭ ਤੋਂ ਵੱਧ ਇਹ ਕਿ ਉਨ੍ਹਾਂ ਦੀ ਸ਼ਹਾਦਤ ਦਾ ਆਦਰਸ਼ ਜਿਥੇ ਮਾਨਵ-ਧਰਮ ਦੀ ਸੁਰੱਖਿਆ ਸੀ, ਉਥੇ ਸਮੂਹ ਮਨੁੱਖ ਜਾਤੀ ਦੇ ਵਿਚਾਰ-ਵਿਸ਼ਵਾਸ ਦੀ ਸੁਤੰਤਰਤਾ ਅਤੇ ਉਸ ਦੀ ਜ਼ਮੀਰ ਦੀ ਆਜ਼ਾਦੀ ਵਾਲੇ ਬੁਨਿਆਦੀ ਹੱਕਾਂ-ਅਧਿਕਾਰਾਂ ਦੀ ਬਰਕਰਾਰੀ ਵੀ ਸੀ। ਇਹ ਸਮੇਂ ਦੇ ਸਭ ਤੋਂ ਵੱਡੇ ਸਾਮਰਾਜ, ਭਾਵ ਮੁਗ਼ਲ ਸਲਤਨਤ ਦੀ ਬੇਪਨਾਹ ਤੇ ਬੇਲਗਾਮ ਰਾਜ-ਸ਼ਕਤੀ ਲਈ ਇਕ ਭਾਰੀ ਚੈਲੰਜ ਸੀ। ਇਹ ਉਸ ਦੇ ਬੜੇ ਕੱਟੜਪੰਥੀ ਤੇ ਨਿਰਦਈ ਸਮਰਾਟ ਦੇ ਜ਼ੁਲਮ-ਤਸ਼ੱਦਦ ਵਿਰੁੱਧ ਇਕ ਬੁਲੰਦ ਆਵਾਜ਼ ਸੀ। ਨਾਲੇ ਇਹ ਉਸ ਦੇ ਸਾਰੇ ਹਿੰਦੁਸਤਾਨ ਨੂੰ ਇਸਲਾਮ 'ਚ ਲਿਆਉਣ ਲਈ ਜਬਰੀ ਧਰਮ-ਬਦਲੀ ਵਾਸਤੇ ਅਪਨਾਈ ਹੋਈ ਤੁਅੱਸਬੀ ਤੇ ਹਿੰਸਕ ਨੀਤੀ ਨੂੰ ਇਕ ਮਹਾਨ ਵੰਗਾਰ ਵੀ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਿਸ ਪਰਉਪਕਾਰੀ ਭਾਵਨਾ, ਨਿਰਭੈਤਾ ਤੇ ਦ੍ਰਿੜ੍ਹਤਾ ਨਾਲ ਉਸ ਦੀ ਰਾਜਧਾਨੀ ਤੇ ਸ਼ਕਤੀ-ਗੜ੍ਹ ਦਿੱਲੀ ਜਾ ਕੇ ਇਹ ਇਨਕਲਾਬੀ ਵੰਗਾਰ ਪਾਈ, ਉਸ ਦੀ ਧਾਰਮਿਕ ਨੀਤੀ ਨੂੰ ਖੰਡਿਆ, ਉਸ ਦੀ ਇਸਲਾਮ ਕਬੂਲਣ ਅਤੇ ਸਮੂਹ ਹਿੰਦਵਾਸੀਆਂ ਨੂੰ ਇਸ ਵੱਲ ਪ੍ਰੇਰਨ ਦੀ ਮੰਗ ਨੂੰ ਅਪਰਵਾਨਿਆ, ਉਸ ਦੀ ਕੋਈ ਕਰਾਮਾਤ ਵਿਖਾਉਣ ਵਾਲੀ ਸ਼ਰਤ ਨੂੰ ਠੁਕਰਾਇਆ ਅਤੇ ਇਹ ਕੁਝ ਨਾ ਕਰਨ-ਮੰਨਣ ਦੀ ਸੂਰਤ ਵਿਚ ਕਤਲ ਦੇ ਡਰਾਵਿਆਂ ਨੂੰ ਟਿੱਚ ਕਰ ਸਮਝਦਿਆਂ, ਧਰਮ-ਨਿਆਂ ਤੇ ਹੋਰ ਮਾਨਵੀ ਹਿੱਤਾਂ ਅਤੇ ਜ਼ਮੀਰ ਦੀ ਆਜ਼ਾਦੀ ਲਈ ਆਪਣੇ ਆਪ ਨੂੰ ਨਿਛਾਵਰ ਕਰ ਦਿੱਤਾ, ਉਹ ਠੀਕ ਅਰਥਾਂ ਵਿਚ ਇਕ ਯੁਗ-ਪਲਟਾਊ ਘਟਨਾ ਸੀ। ਉਹ ਤਾਂ ਸਭ ਸਮਿਆਂ ਦੇ ਸਥਾਨਾਂ ਲਈ ਇਕ ਅਦੁੱਤੀ

ਸਾਕਾ ਸੀ ਜਿਸ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਵੱਲ ਧਿਆਨ ਦਵਾਉਂਦਿਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਦੋਂ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਸ਼ਹਿਨਸ਼ਾਹ, ਔਰੰਗਜ਼ੇਬ ਦੇ ਸਿਰ ਉੱਤੇ ਆਪਣੇ ਸਰੀਰ ਦਾ ਠੀਕਰਾ ਭੰਨ ਕੇ ਉਸ ਦੀਆਂ ਸਭ ਉਮੀਦਾਂ ਤੇ ਸਕੀਮਾਂ ਉੱਤੇ ਪਾਣੀ ਫੇਰ ਦਿੱਤਾ ਸੀ ਅਤੇ ਇਕ ਅਜਿਹਾ ਕਾਰਨਾਮਾ ਕਰ ਵਿਖਾਇਆ ਸੀ ਜੋ ਆਪਣੀ ਮਿਸਾਲ ਆਪ ਸੀ।

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥**

*(ਬਚਿੱਤਰ ਨਾਟਕ, ਅਧਿ: ੫)*

11 ਨਵੰਬਰ, 1675 ਈ. ਨੂੰ ਹੋਈ ਉਨ੍ਹਾਂ ਦੀ ਇਸ ਪਾਵਨ ਤੇ ਬੇਮਿਸਾਲ ਸ਼ਹੀਦੀ ਵਿਚੋਂ ਛੇਤੀ ਹੀ ਇਕ ਅਜਿਹੀ ਬੇਪਨਾਹ ਸ਼ਕਤੀ ਪੈਦਾ ਹੋਈ ਜਿਸ ਨੇ ਉਨ੍ਹਾਂ ਦੇ ਸੂਰਬੀਰ ਸਪੁੱਤਰ ਰਾਹੀਂ ਖ਼ਾਲਸੇ ਨੂੰ ਜਨਮ ਦਿੱਤਾ, ਬੇਜੋੜ ਸ਼ਹੀਦੀਆਂ ਦਾ ਸਿਲਸਿਲਾ ਜਾਰੀ ਕੀਤਾ ਅਤੇ ਕੁਝ ਦਹਾਕਿਆਂ ਵਿਚ ਹੀ ਪੰਜਾਬ 'ਚੋਂ ਜ਼ੁਲਮ ਬਦੇਸ਼ੀ ਰਾਜ ਦਾ ਅਜਿਹਾ ਸਫਾਇਆ ਕਰ ਦਿੱਤਾ ਕਿ ਇਕ ਬੇਨਿਆਜ਼ ਸੂਫ਼ੀ ਫ਼ਕੀਰ ਬੁੱਲ੍ਹੇ ਸ਼ਾਹ ਨੇ ਬੜੀ ਹੈਰਾਨੀ ਵਿਚ ਖੁਲ੍ਹੇਆਮ ਆਖਿਆ :

ਭੂਰਿਆਂ ਵਾਲੇ ਰਾਜੇ ਕੀਤੇ, ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।

ਅਜਿਹੀ ਬੇਜੋੜ ਸ਼ਹਾਦਤ ਦੇਣ 'ਤੇ ਉਸ ਦੇ ਸਿੱਟੇ ਵਜੋਂ ਅਜਿਹੀ ਬੇਜੋੜ 'ਕਰਾਮਾਤ' ਵਿਖਾਉਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਇਕ ਬੇਜੋੜ ਸ਼ਖ਼ਸੀਅਤ ਦੇ ਵੀ ਮਾਲਕ ਸਨ। ਉਹ ਕੇਵਲ ਆਪ ਹੀ ਮਹਾਨ ਨਹੀਂ ਸਨ, ਉਨ੍ਹਾਂ ਦਾ ਅੱਗਾ-ਪਿੱਛਾ, ਭਾਵ ਖਾਨਦਾਨ ਤੇ ਸੰਤਾਨ ਵੀ ਅਜਿਹੇ ਮਹਾਨ ਸੀ ਕਿ ਸੰਸਾਰ ਦੇ ਸ਼ਾਇਦ ਹੀ ਕਿਸੇ ਹੋਰ ਧਰਮ ਦੇ ਸੰਚਾਲਕ, ਅਵਤਾਰ ਜਾਂ ਪੀਰ-ਪੈਗੰਬਰ ਨੂੰ ਅਜਿਹਾ ਰੁਤਬਾ ਪ੍ਰਾਪਤ ਹੋਇਆ ਹੋਵੇ। ਜੇ ਇਕ ਪਾਸੇ, ਉਹ ਸ਼ਹੀਦੀ ਦੇ ਸੋਮੇ ਤੇ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੋਤੇ ਅਤੇ ਮੀਰੀ ਤੇ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਸਨ, ਤਾਂ ਦੂਜੇ ਪਾਸੇ ਖ਼ਾਲਸੇ ਦੇ ਸਾਜਨਹਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ-ਪਿਤਾ ਅਤੇ ਚਾਰ ਸ਼ਹੀਦ ਸਾਹਿਬਜ਼ਾਦਿਆਂ ਦੇ ਦਾਦਾ ਜੀ ਵੀ ਸਨ।

ਉਨ੍ਹਾਂ ਦਾ ਜਨਮ 1 ਅਪ੍ਰੈਲ 1621 ਈ. ਨੂੰ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਨੇ ਆਪਣੇ ਸੂਰਬੀਰ ਗੁਰੂ-ਪਿਤਾ ਦੀ ਨਿਗਰਾਨੀ ਹੇਠ ਵਿੱਦਿਆ ਲਈ ਅਤੇ ਸੰਨ 1635 ਵਿਚ ਕਰਤਾਰਪੁਰ ਦੀ ਲੜਾਈ ਸਮੇਂ ਬਹਾਦਰੀ ਦੇ ਅਜਿਹੇ ਜੌਹਰ ਵਿਖਾਏ ਕਿ 'ਵਡ ਜੋਧਾ ਬਹੁ ਪਰਉਪਕਾਰੀ' ਪਿਤਾ ਨੇ ਉਨ੍ਹਾਂ ਦਾ ਸ਼ੁਭ ਨਾਂ ਹੀ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ ਸੀ। ਸੰਨ 1664 ਵਿਚ ਗੁਰਗੱਦੀ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਤੋਂ ਪਹਿਲਾਂ, ਉਨ੍ਹਾਂ ਨੇ ਵੀਹ ਵਰ੍ਹੇ ਬਕਾਲੇ ਰਹਿੰਦਿਆਂ, ਸੁੱਚ-ਸੰਜਮ ਤੇ ਨਾਮ-ਸਿਮਰਨ ਰਾਹੀਂ ਉਨ੍ਹਾਂ ਲਈ ਭਰਵੀਂ ਤਿਆਰੀ ਕੀਤੀ। ਇਸ ਤੋਂ ਪਹਿਲਾਂ ਤੇ ਮਗਰੋਂ ਪੰਜਾਬ ਤੇ ਪੰਜਾਬੋਂ ਬਾਹਰ ਚਲ-ਫਿਰ ਕੇ ਧਰਮ, ਸਦਾਚਾਰ ਤੇ ਹੱਕ-ਨਿਆਂ ਦਾ ਪ੍ਰਚਾਰ ਕੀਤਾ, ਨਿਮਾਣੀ ਤੇ ਨਿਤਾਣੀ ਭਾਰਤੀ ਆਤਮਾ ਨੂੰ ਹਲੂਣਦਿਆਂ, ਉਸ ਦੇ ਹੱਕ ਤੇ ਫ਼ਰਜ਼ ਚੇਤੇ ਕਰਾਏ ਅਤੇ ਨਾ ਕਿਸੇ ਤੋਂ ਡਰਨ ਤੇ ਨਾ ਕਿਸੇ ਨੂੰ ਡਰਾਉਣ ਦਾ ਇਹ ਕ੍ਰਾਂਤੀਕਾਰੀ ਸੰਦੇਸ਼ ਦੇ ਕੇ ਜਨ-ਸ਼ਕਤੀ ਨੂੰ ਸੁਚੇਤ ਕੀਤਾ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥** *(ਪੰਨਾ ੧੪੨੭)*

ਸ਼ਿਵਾਲਕ ਦੀ ਵਾਦੀ ਵਿਚ ਸਤਲੁਜ ਦੇ ਕੰਢੇ ਅਨੰਦਪੁਰ ਨਾਂ ਦਾ ਇਕ ਅਜਿਹਾ ਰਮਣੀਕ ਨਗਰ ਵਸਾਇਆ ਜੋ ਮਗਰੋਂ ਖ਼ਾਲਸੇ ਦਾ ਪ੍ਰਗਟ ਸਥਾਨ ਬਣ ਕੇ ਉਭਰਿਆ। ਉਨ੍ਹਾਂ ਦੀਆਂ ਅਜਿਹੀਆਂ ਧਾਰਮਿਕ ਤੇ ਸੁਧਾਰਕ ਲੋਕ-ਹਿਤੈਸ਼ੀ ਅਤੇ ਦੇਸ਼-ਭਗਤਕ ਸਰਗਰਮੀਆਂ ਨੂੰ ਸਮੇਂ ਦੀਆਂ ਮੁਗ਼ਲਈ ਸਰਕਾਰਾਂ ਨੇ ਸਾਰੇ ਹਿੰਦੁਸਤਾਨ ਨੂੰ ਜਬਰੀ ਧਰਮ-ਬਦਲੀ ਰਾਹੀਂ ਇਸਲਾਮ ਦੇ ਘੇਰੇ ਵਿਚ ਲਿਆਉਣ ਵਾਲੀ ਆਪਣੀ ਨਿਰਦਈ ਨੀਤੀ ਅਤੇ ਸਰਕਾਰੀ ਵਕਾਰ ਲਈ ਇਕ ਭਾਰੀ ਚੈਲੰਜ ਤੇ ਖ਼ਤਰਾ ਸਮਝਿਆ ਜੋ ਉਨ੍ਹਾਂ ਦੀ ਗੱਦੀ-ਨਸ਼ੀਨੀ ਤੋਂ ਬਾਅਦ ਸਾਮਰਾਜੀ ਧੱਕਾਸ਼ਾਹੀ ਲਈ ਬਹਾਨਾ ਅਤੇ ਉਸ ਸ਼ਹਾਦਤ ਦਾ ਮੁੱਖ ਕਾਰਨ ਬਣ ਗਿਆ ਜੋ ਸਭ ਸਮਿਆਂ ਲਈ ਮਹਾਨ ਤੇ ਅਦੁੱਤੀ ਮੰਨੀ ਗਈ ਹੈ।

ਗੁਰੂ ਤੇਗ ਬਹਾਦਰ ਜੀ ਨੇ ਗੱਦੀ-ਨਸ਼ੀਨੀ ਦੇ ਦਸ ਕੁ ਵਰ੍ਹਿਆਂ ਦੌਰਾਨ ਦੇਸ਼, ਕੌਮ ਤੇ ਆਮ ਮਨੁੱਖਤਾ ਦੇ ਹਿੱਤਾਂ ਦੀ ਰੱਖਿਆ ਲਈ ਦਿੱਤੀ ਅਜਿਹੀ ਸ਼ਹੀਦੀ ਤੇ ਘਾਲੀ ਹੋਰ ਘਾਲ ਤੋਂ ਇਲਾਵਾ ਜੋ ਬਾਣੀ ਰਚੀ ਤੇ ਉਚਾਰੀ, ਉਸ ਦੀ ਆਪਣੀ ਵਿਲੱਖਣਤਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਉਂ-ਥਾਂ, 59 ਸ਼ਬਦਾਂ ਤੇ 57 ਸਲੋਕਾਂ ਦੇ ਰੂਪ ਵਿਚ ਸੰਚਿਤ ਹੈ। ਇਹ ਸਾਰੀ ਰਚਨਾ ਉਨ੍ਹਾਂ ਦੇ ਜੀਵਨ, ਉਨ੍ਹਾਂ ਦੇ ਮਨੋਰਥ, ਆਦਰਸ਼ ਤੇ ਘਾਲ-ਕਮਾਈ ਨਾਲ ਬਿਲਕੁਲ ਇਕ-ਸੁਰ ਹੈ। ਇਹ ਜੋ ਕਿਹਾ ਜਾਂਦਾ ਹੈ ਕਿ ਕਿਸੇ ਪਰਪੱਕ ਰਚਨਾਕਾਰ ਦੀ ਸ਼ੈਲੀ ਹੀ ਸ਼ਖ਼ਸੀਅਤ ਹੁੰਦੀ ਹੈ, ਇਹ ਕਥਨ ਇਸ ਉੱਤੇ ਇੰਨ-ਬਿੰਨ ਢੁਕਦਾ ਹੈ। ਪ੍ਰੇਮਾ-ਭਗਤੀ ਇਸ ਬਾਣੀ ਦਾ ਮੂਲ ਸਵਰ ਹੈ। ਇਸ ਦਾ ਮੁੱਖ ਵਿਸ਼ਾ ਮਨੁੱਖ-ਮਾਤਰ ਨੂੰ ਜਗਤ ਦੀ ਅਸਥਿਰਤਾ, ਜੀਵਨ ਦੀ ਨਾਸ਼ਮਾਨਤਾ, ਮਾਇਆ ਦੀ ਜੰਜਾਲਤਾ ਅਤੇ ਵਿਸ਼ੇ-ਵਿਕਾਰਾਂ ਦੀ ਹਾਨੀਕਾਰਤਾ ਆਦਿ ਦਾ ਅਹਿਸਾਸ ਕਰਵਾ ਕੇ, ਉਸ ਨੂੰ ਹਰੀ-ਸਿਮਰਨ ਤੇ ਸ਼ੁਭ-ਆਚਾਰੀ ਜੀਵਨ ਰਾਹੀਂ ਪਰਮ-ਪਦ (ਭਾਵ ਮੁਕਤੀ) ਪ੍ਰਾਪਤ ਕਰਨ ਲਈ ਪ੍ਰੇਰਨਾ ਕਰਦਾ ਹੈ, ਜਿਵੇਂ :

**ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥**
**ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥**
**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥**
**ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥** *(ਪੰਨਾ ੨੧੯)*

ਇਹ ਲਗਭਗ ਸਾਰੇ ਪਾਵਨ ਸ਼ਬਦ ਤੇ ਸਲੋਕ 'ਮਨ' ਨੂੰ ਜਾਂ 'ਸਾਧਕ' (ਜਗਿਆਸੂ) ਨੂੰ ਸੰਬੋਧਿਤ ਹਨ ਅਤੇ ਥਾਉਂ-ਥਾਂ ਸ਼ੁਭ ਸਲਾਹਾਂ ਤੇ ਚੇਤਾਵਨੀਆਂ ਨਾਲ ਓਤਪੋਤ ਹਨ। ਮਿਸਾਲ ਵਜੋਂ :

**ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥**
**ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥** *(ਪੰਨਾ ੨੨੭)*

**ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ ॥** *(ਪੰਨਾ ੬੩੩)*

ਇਸ ਪਾਵਨ ਬਾਣੀ ਦੇ ਸਾਰੇ ਸ਼ਬਦ ਜਾਂ ਪਦੇ 15 ਭਿੰਨ-ਭਿੰਨ ਰਾਗਾਂ ਵਿਚ ਰਚੇ ਹੋਏ ਹਨ। ਇਨ੍ਹਾਂ ਵਿਚ ਇਕ ਅਜਿਹਾ ਰਾਗ ਵੀ ਹੈ, ਜਿਸ ਦਾ ਨਾਂ 'ਜੈਜਾਵੰਤੀ' ਅੰਕਿਤ ਹੈ ਅਤੇ ਇਸ

ਵਿਚ ਰਚੇ ਹੋਏ ਚਾਰ ਸ਼ਬਦ ਆਪਣੀ ਲੈਅ, ਤੋਲ ਤੇ ਸੁਰ-ਤਾਲ ਕਾਰਨ ਨਿਵੇ ਕਲੀ ਥਾਂ ਤੇ ਆਭਾ ਦੇ ਧਾਰਨੀ ਹਨ, ਜਿਵੇਂ:

**ਸਗਲ ਭਰਮ ਡਾਰਿ ਦੇਹਿ ਗੋਬਿੰਦ ਕੋ ਨਾਮੁ ਲੇਹਿ॥**
**ਅੰਤਿ ਬਾਰ ਸੰਗਿ ਤੇਰੈ ਇਹੈ ਏਕੁ ਜਾਤੁ ਹੈ॥** *(ਪੰਨਾ ੧੩੫੨)*

ਜਿਥੋਂ ਤਕ ਸਲੋਕਾਂ ਦਾ ਸੰਬੰਧ ਹੈ, ਉਹ ਸਾਰੇ ਦੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਮੁੰਦਾਵਣੀ ਤੋਂ ਪਹਿਲਾਂ, 'ਸਲੋਕ ਮਹਲਾ ੯' ਦੇ ਸਿਰਲੇਖ ਹੇਠ ਅੰਕਿਤ ਹਨ। ਇਨ੍ਹਾਂ ਦਾ ਮੂਲ-ਮੰਤਵ ਤੇ ਵਿਸ਼ਾ ਵੀ ਮਨੁੱਖ-ਮਾਤਰ ਨੂੰ ਸੰਸਾਰ ਵਿਚ ਵਿਚਰਦਿਆਂ ਸੱਚ-ਸੰਜਮ ਨਾਲ ਆਪਣੇ ਫ਼ਰਜ਼ ਨਿਭਾਉਂਦਿਆਂ, ਪ੍ਰੇਮਾ-ਭਗਤੀ ਰਾਹੀਂ ਹਰਿ-ਚਰਨਾਂ ਨਾਲ ਜੁੜੇ ਰਹਿਣ ਲਈ ਪ੍ਰੇਰਨਾ ਦੇਣਾ ਹੈ। ਪਹਿਲਾ ਸਲੋਕ ਹੀ ਇਸ ਮੰਤਵ ਦੀ ਸ਼ਾਹਦੀ ਭਰਦਾ ਹੈ:

**ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥**
**ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥** *(ਪੰਨਾ ੧੪੨੬)*

ਇਸ ਮੁਤਾਬਕ ਪ੍ਰਭੂ ਦਾ ਭਜਨ ਕਰੇ ਬਿਨਾਂ, ਹਰੀ ਦੀ ਕੀਰਤਿ ਗਾਏ ਬਿਨਾਂ, ਉਸ ਦਾ ਨਾਮ ਧਿਆਏ ਬਿਨਾਂ ਗੁਜ਼ਾਰਿਆ ਗਿਆ ਜੀਵਨ ਨਿਸਫਲ ਹੈ ਅਤੇ ਉਹ ਮਨੁੱਖਾ ਜੀਵ ਲਈ ਉਤਨਾ ਹੀ ਜ਼ਰੂਰੀ ਹੈ ਜਿਤਨਾ ਮੱਛੀ ਲਈ ਪਾਣੀ ਹੁੰਦਾ ਹੈ। ਨਾਮ ਦੇ ਸਿਮਰਨ ਜਾਂ ਅਰਾਧਨ ਨੂੰ ਤਾਂ ਨਿਰਭੈ ਹੋ ਕੇ ਵਿਚਰਨ ਲਈ, ਖੋਟੀ ਮੱਤ ਤੋਂ ਖਹਿੜਾ ਛੁਡਾਉਣ ਲਈ ਅਤੇ ਜੀਵਨ-ਮਨੋਰਥ ਵਿਚ ਸਫਲਤਾ ਪ੍ਰਾਪਤ ਕਰਨ ਲਈ ਸਭ ਤੋਂ ਵੱਧ ਲਾਭਦਾਇਕ ਇਕ ਸਾਧਨ ਮੰਨਿਆ ਹੈ:

**ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥**
**ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥** *(ਪੰਨਾ ੧੪੨੭)*

ਸੁਖ, ਆਨੰਦ ਤੇ ਮੁਕਤੀ ਦੀ ਪ੍ਰਾਪਤੀ ਦਾ ਸਾਧਨ ਵੀ ਇਸੇ ਨੂੰ ਮੰਨ ਕੇ ਰਾਗ ਸਾਰੰਗ ਵਿਚ ਇਥੋਂ ਤਕ ਫ਼ਰਮਾਇਆ ਹੋਇਆ ਹੈ:

**ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ ॥**
**ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ ॥** *(ਪੰਨਾ ੧੨੩੧)*

ਜਿਸ ਸੱਚੇ-ਸੁੱਚੇ ਧਰਮ ਦੀ ਰੱਖਿਆ ਤੇ ਪਾਸਾਰ-ਪ੍ਰਚਾਰ ਲਈ ਉਨ੍ਹਾਂ ਨੇ ਆਪਣੀ ਆਹੂਤੀ ਦਿੱਤੀ ਸੀ, ਉਸ ਦੇ ਗੁਣ-ਲੱਛਣ ਦੱਸਦਿਆਂ, ਇਸੇ ਨਾਮ ਦੇ ਸਿਮਰਨ, ਭਜਨ ਤੇ ਕੀਰਤਿ ਨੂੰ ਮੁੱਖਤਾ ਦਿੱਤੀ ਹੋਈ ਹੈ:

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥**
**ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥** *(ਪੰਨਾ ੬੩੨)*

**ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥** *(ਪੰਨਾ ੯੦੨)*

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ, ਪ੍ਰਭੂ ਦੀ ਕੀਰਤ ਜਾਂ ਮਹਿਮਾ ਗਾਉਣ ਵਿਚ ਹੀ ਸਭ ਧਰਮ-ਕਰਮ ਆ ਜਾਂਦੇ ਹਨ। ਮੁਕਤੀ ਵੀ ਤਾਂ ਉਸੇ ਦੇ ਗੁਣ ਗਾਉਣ ਨਾਲ ਪ੍ਰਾਪਤ ਹੋ ਜਾਂਦੀ ਹੈ:

**ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥** *(ਪੰਨਾ ੫੩੬)*

ਇਸੇ ਲਈ ਉਨ੍ਹਾਂ ਨੇ ਪ੍ਰਭੂ ਨੂੰ ਪਾਉਣ ਤੇ ਮੁਕਤ ਹੋਣ ਲਈ ਮਨੁੱਖ ਨੂੰ ਜੰਗਲਾਂ ਤੇ ਪਹਾੜਾਂ ਦੀਆਂ ਕੁੰਦਰਾਂ ਵਿਚ ਭਟਕਣ ਤੋਂ ਹੋੜਦਿਆਂ ਸਮਝਾਇਆ ਹੈ:

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥**
**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**
**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥** *(ਪੰਨਾ ੬੮੪)*

ਅਰਥਾਤ, ਪਰਮਾਤਮਾ ਮਨੁੱਖ ਦੇ ਆਪਣੇ ਹਿਰਦੇ ਵਿਚ ਹੀ ਵਸ ਰਿਹਾ ਹੈ, ਇੰਨ-ਬਿੰਨ ਉਸੇ ਤਰ੍ਹਾਂ ਜਿਸ ਤਰ੍ਹਾਂ ਕਿ ਫੁੱਲ ਵਿਚ ਵਾਸਨਾ ਅਤੇ ਸ਼ੀਸ਼ੇ ਵਿਚ ਛਾਇਆ ਵਸ ਰਹੀ ਹੁੰਦੀ ਹੈ। ਅੰਦਰ-ਬਾਹਰ ਸਭ ਪਾਸੇ ਇਕੋ ਪਰਮਾਤਮਾ ਦਾ ਵਾਸਾ ਹੈ। ਇਸ ਲਈ ਉਸ ਨੂੰ ਭਾਲਣ-ਪਾਉਣ ਲਈ ਬਨਾਂ ਵਿਚ ਜਾਣ ਦੀ ਕੋਈ ਲੋੜ ਨਹੀਂ। ਉਸ ਨੂੰ ਤਾਂ ਆਪਣੀ ਹਉਮੈ ਤੇ ਭਰਮ ਤਿਆਗ ਕੇ ਆਪਣੇ ਅੰਦਰ ਹੀ ਖੋਜਿਆ ਤੇ ਪਾਇਆ ਜਾ ਸਕਦਾ ਹੈ।

ਇਸ ਪਾਵਨ ਬਾਣੀ ਵਿਚ ਅੰਕਿਤ ਅਧਿਆਤਮਕ ਉਪਦੇਸ਼ ਤੇ ਕਲਿਆਣਕਾਰੀ ਸੰਦੇਸ਼ ਹਰ ਦੇਸ਼-ਵਾਸੀ ਲਈ ਸਾਂਝਾ ਤੇ ਉਸੇ ਵੱਲ ਸੰਬੋਧਿਤ ਹੋਣ ਕਰਕੇ, ਇਸ ਦੀ ਭਾਸ਼ਾ ਬੜੀ ਸਾਦੀ, ਸਰਲ ਤੇ ਨਿਤ-ਵਰਤੀਂਦੀ ਸਾਮੀ ਬੋਲੀਆਂ ਦੇ ਪ੍ਰਭਾਵ ਤੋਂ ਬਚੀ ਹੋਈ ਹੈ। ਉਸ ਉਪਦੇਸ਼ ਨੂੰ ਸਾਰਥਕ ਤੇ ਸਜੀਵ ਬਣਾਉਣ ਲਈ ਅਤੇ ਉਸ ਦੇ ਅੰਤਰੀਵ ਭਾਵ ਨੂੰ ਸਪੱਸ਼ਟ ਕਰਨ ਲਈ ਕਈ ਥਾਂ ਕਈ ਅਲੰਕਾਰ, ਬਿੰਬ ਤੇ ਪ੍ਰਤੀਕ ਵਰਤੇ ਹੋਏ ਹਨ, ਜਿਨ੍ਹਾਂ ਦੀ ਵਰਤੋਂ ਬੜੀ ਯੋਗ, ਸਹਿਜ-ਸੁਭਾਵੀ ਅਤੇ ਭਾਵਨਾ-ਅਨੁਕੂਲ ਹੈ। ਮਿਸਾਲ ਵਜੋਂ:

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥**
**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥** *(ਪੰਨਾ ੧੪੨੭)*

ਸੋ, ਜਿਵੇਂ ਇਸ ਪਵਿੱਤਰ ਬਾਣੀ ਦਾ ਵਿਸ਼ਾ-ਵਸਤੂ ਗੁਰੂ ਸਾਹਿਬ ਦੇ ਮੰਤਵ ਤੇ ਭਾਵਨਾ ਦੇ ਐਨ ਅਨੁਕੂਲ ਹੈ, ਤਿਵੇਂ ਇਸ ਦੀ ਬੋਲੀ-ਸ਼ੈਲੀ ਵੀ ਉਸ ਨੂੰ ਸਰਲ ਤੇ ਸਪੱਸ਼ਟ ਰੂਪ ਵਿਚ ਬਿਆਨਣ ਲਈ ਹਰ ਪੱਖੋਂ ਢੁਕਵੀਂ ਤੇ ਫੱਬਵੀਂ ਹੈ। ਅਜਿਹੇ ਗੁਣਾਂ ਦੀ ਧਾਰਨੀ ਇਸ ਬਾਣੀ ਵਿਚ ਪ੍ਰੋ. ਮੋਹਨ ਸਿੰਘ ਦੇ ਲਫ਼ਜ਼ਾਂ ਵਿਚ, 'ਮਿੱਠੀ ਕਸਕ, ਮਧੁਰ ਸੰਗੀਤ ਅਤੇ ਮੰਤਵ ਪ੍ਰਗਟਾਊ ਸ਼ਕਤੀ ਮੌਜੂਦ ਹੈ। ਇਉਂ ਇਹ ਬਾਣੀ ਮਨੁੱਖ-ਮਾਤਰ ਵਿਚ ਸਵੈ-ਵਿਸ਼ਵਾਸ ਤੇ ਉਤਸ਼ਾਹ ਭਰਨ, ਉਸ ਦੇ ਮਨ ਨੂੰ ਤਕੜਾ ਕਰਨ ਅਤੇ ਉਹਦੇ ਹਿਰਦੇ ਨੂੰ ਹਲੂਣ ਕੇ 'ਸੱਚੇ ਮਾਰਗ' ਉੱਤੇ ਚੱਲਣ ਲਈ ਕੇਵਲ ਪਹਿਰੇ ਹੀ ਨਹੀਂ ਦੇਂਦੀ ਸਗੋਂ ਸਵੈ-ਵਿਸ਼ਵਾਸੀ, ਸਮਰੱਥਾ ਅਤੇ ਸਫਲ ਵੀ ਬਣਾ ਦੇਂਦੀ ਹੈ।

(11/1999)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ

ਹਰ ਕਰਮ ਦੀ ਮਹਾਨਤਾ ਉਸ ਦੇ ਪਿੱਛੇ ਲੁਕੀ ਹੋਈ ਭਾਵਨਾ ਨਾਲ ਸੰਬੰਧਤ ਹੁੰਦੀ ਹੈ। ਕੁਰਬਾਨੀ ਵੀ ਇਕ ਮਹਾਨ ਕਰਮ ਹੈ ਪਰ ਇਸ ਦੀ ਮਹਾਨਤਾ ਇਸ ਦੇ ਪਿੱਛੇ ਲੁਕੀ ਭਾਵਨਾ ਦੇ ਅਨੁਸਾਰ ਹੀ ਜਾਣੀ ਜਾ ਸਕਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਇਸ ਅਦੁੱਤੀ ਸ਼ਹਾਦਤ ਦਾ ਕਾਰਨ ਆਮ ਤੌਰ 'ਤੇ ਦੇਸ਼ ਤੇ ਜਾਤੀ ਨਾਲ ਸੰਬੰਧਤ ਕਰ ਕੇ ਦੱਸਿਆ ਜਾਂਦਾ ਹੈ। ਪਰ ਦੇਸ਼ ਤੇ ਜਾਤੀ ਆਪਣੇ ਆਪ ਵਿਚੋਂ ਸੀਮਾ-ਬੱਧ ਹਨ। ਦੇਸ਼ ਤੇ ਕਾਲ ਤੋਂ ਪਰੇ ਧਰਮ ਦਾ ਇਕ ਅਜਿਹਾ ਸਿਧਾਂਤ ਹੈ, ਜਿਹੜਾ ਸਾਰੀ ਮਨੁੱਖਤਾ ਦਾ ਸਾਂਝਾ ਹੈ। ਧਰਮ ਸੀਮਾ-ਬਧ ਨਾ ਹੋ ਕੇ ਆਪਣੇ ਸੁਭਾਵ ਵਿਚ ਅਸੀਮ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਦੀ ਸ਼ਹਾਦਤ ਦਾ ਵਰਣਨ ਕਰਦਿਆਂ ਉਸ ਦਾ ਕਾਰਨ ਧਰਮ ਹੀ ਦੱਸਿਆ ਹੈ:

**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥** *(ਬਚਿੱਤਰ ਨਾਟਕ, ਅਧਿ: ੫)*

ਨੌਵੇਂ ਪਾਤਸ਼ਾਹ ਦੇ ਸਮੇਂ ਉਹਨਾਂ ਦੇ ਸਮਕਾਲੀ ਔਰੰਗਜ਼ੇਬ ਵਲੋਂ ਬਹੁਤ ਜ਼ਿਆਦਾ ਅਤਿਆਚਾਰ ਹੋ ਰਹੇ ਸਨ ਭਾਵੇਂ ਔਰੰਗਜ਼ੇਬ ਤੋਂ ਪਹਿਲੇ ਰਾਜਿਆਂ ਵਲੋਂ ਵੀ ਨਿਮਾਣੀ ਤੇ ਨਿਤਾਣੀ ਜਨਤਾ 'ਤੇ ਬਹੁਤ ਜ਼ੁਲਮ ਢਾਹੇ ਜਾਂਦੇ ਸਨ ਜਿਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਰਦੇ ਹਨ:

**ਬਹੁ ਵਾਟੀ ਜਗਿ ਚਲੀਆ ਤਬ ਹੀ ਪਏ ਮੁਹੰਮਦਿ ਯਾਰਾ।**
**ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।**
**ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।**
**ਪੀਰ ਪਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ।**
**ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।**
**ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।**
**ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।**
**ਪਾਪੇ ਦਾ ਵਰਤਿਆ ਵਰਤਾਰਾ॥** *(ਵਾਰ ੧, ਪਉੜੀ ੨੦)*

ਪਰ ਜ਼ੁਲਮ ਵਾਲੀ ਹੁਣ ਤਾਂ ਹੱਦ ਹੋ ਗਈ ਸੀ ਜਿਵੇਂ ਇਹ ਸਮਾਂ ਮੁਗ਼ਲ ਰਾਜ ਦਾ ਸ਼ਿਖਰ ਦਾ ਸਮਾਂ ਸੀ ਇਸ ਤਰ੍ਹਾਂ ਜ਼ੁਲਮ ਵੀ ਆਪਣੇ ਜੋਬਨ 'ਤੇ ਸੀ। ਹੁਣ ਤਾਂ ਔਰੰਗਜ਼ੇਬ ਨੇ ਲੋਕਾਂ ਨੂੰ ਮੁਸਲਮਾਨੀ ਇਮਾਨ ਵਿਚ ਲਿਆਉਣ ਲਈ ਤਲਵਾਰ ਵੀ ਚੁੱਕ ਲਈ ਸੀ। ਇਥੋਂ ਤਕ ਕਿ ਉਸ ਨੇ ਉਹਨਾਂ ਮੁਸਲਮਾਨਾਂ 'ਤੇ ਵੀ ਜੋ ਉਸ ਨਾਲ ਮਤਭੇਦ ਰੱਖਦੇ ਸਨ ਅਤਿਆਚਾਰ ਕੀਤੇ।

ਹਰ ਪਾਸੇ ਜ਼ੁਲਮ ਦੀ ਹਨ੍ਹੇਰੀ ਚਲ ਰਹੀ ਸੀ। ਮੁਸਲਮਾਨ ਇਤਿਹਾਸਕਾਰ ਮੁਹੰਮਦ ਲਤੀਫ਼ ਆਪਣੀ ਪੁਸਤਕ 'ਪੰਜਾਬ ਦਾ ਇਤਿਹਾਸ' ਵਿਚ ਲਿਖਦਾ ਹੈ:

> "ਔਰੰਗਜ਼ੇਬ ਨੇ ਫੈਸਲਾ ਕੀਤਾ ਕਿ ਹਿੰਦੁਸਤਾਨ ਦਾ ਅੱਗੋਂ ਤੋਂ ਇਕ ਹੀ ਧਰਮ ਹੋਵੇਗਾ, ਸਾਰੇ ਮੁਹੰਮਦ ਤੇ ਅੱਲਾ ਉੱਤੇ ਵਿਸ਼ਵਾਸ ਲਿਆਉਣ। ਇਸ ਕੰਮ ਦੀ ਪੂਰਤੀ ਲਈ ਉਸ ਨਵਾਬਾਂ ਤੇ ਗਵਰਨਰਾਂ ਨੂੰ ਪੂਰੇ ਅਧਿਕਾਰ ਦਿੱਤੇ ਕਿ ਉਹ ਬੁਤਾਂ ਦੇ ਧਰਮ ਨੂੰ ਤੋੜ ਕੇ ਇਸਲਾਮ ਫੈਲਾਣ—ਉਸ ਹਿੰਦੂਆਂ ਦੀਆਂ ਪਾਠਸ਼ਾਲਾਵਾਂ ਬੰਦ ਕਰਵਾ ਦਿੱਤੀਆਂ—ਸੈਂਕੜੇ ਬ੍ਰਾਹਮਣਾਂ ਨੂੰ ਬੰਦੀ ਵਿਚ ਪਾ ਦਿੱਤਾ। ਉਨ੍ਹਾਂ ਨੂੰ ਤਸੀਹੇ ਦਿੱਤੇ ਤਾਂ ਜੋ ਉਹ ਇਸਲਾਮ ਕਬੂਲ ਕਰ ਲੈਣ।"

ਇਕ ਹੋਰ ਇਤਿਹਾਸਕਾਰ ਸਰਕਾਰ ਦੀ ਇਸੇ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ। ਬੈਨਰਜੀ ਦੇ ਕਥਨ ਅਨੁਸਾਰ: "ਔਰੰਗਜ਼ੇਬ ਦੀ ਮਨਸ਼ਾ ਸੁੰਨੀ ਰਾਜ ਸਥਾਪਤ ਕਰਨ ਦੀ ਸੀ। ਉਸ ਮੰਤਵ ਲਈ ਉਸ ਹਰ ਜਾਇਜ਼ ਨਾਜਾਇਜ਼ ਵਸੀਲਾ ਵਰਤਿਆ। ਉਸ ਦੀ ਪਾਲਿਸੀ ਨੇ ਸਾਰੇ ਦੇਸ਼ ਵਿਚ ਇਕ ਤੂਫ਼ਾਨ ਖੜਾ ਕਰ ਦਿੱਤਾ।" ਉਸ ਨੇ ਆਪਣੇ ਭਰਾ ਨੂੰ ਭੀ ਕਤਲ ਕਰਵਾ ਦਿੱਤਾ ਤੇ ਪਿਤਾ ਨੂੰ ਜੇਲ੍ਹ ਵਿਚ ਡੱਕ ਦਿੱਤਾ ਤੇ ਪਾਣੀ ਤੋਂ ਤਰਸਾ ਤਰਸਾ ਕੇ ਮਾਰਿਆ। ਇਹ ਗੱਲ ਉਸ ਦੇ ਪਿਤਾ ਸ਼ਾਹਜਹਾਨ ਵਲੋਂ ਔਰੰਗਜ਼ੇਬ ਨੂੰ ਫ਼ਾਰਸੀ ਵਿਚ ਲਿਖੀ ਚਿੱਠੀ ਤੋਂ ਇਸ ਤਰ੍ਹਾਂ ਪ੍ਰਗਟ ਹੁੰਦੀ ਹੈ:

> ਆਫ਼ਰੀ ਬਾਦ ਹਿੰਦੂਆਂ ਹਰ ਬਾਬ।
> ਮੁਰਦਾ ਏਰਾ ਮੈ ਤਿਹੰਦ ਕਾਇਮ ਆਬ॥
> ਐ ਪਿਸਰ ਤੂੰ ਅਜਬ ਮੁਸਲਮਾਨੀ।
> ਪਿਦਰ ਜ਼ਿੰਦਾ ਆਬ ਨਾ ਰਸਾਨੀ॥

(ਹਿੰਦੂ ਲੋਕ ਮੋਏ ਹੋਏ ਪਿਤਰਾਂ (ਮਾਂ-ਬਾਪ) ਨੂੰ ਪਾਣੀ ਦੇਂਦੇ ਹਨ ਪਰ ਤੂੰ ਅਜੀਬ ਮੁਸਲਮਾਨ ਹੈ ਕਿ ਜਿਉਂਦੇ ਪਿਤਾ ਨੂੰ ਪਾਣੀ ਨਹੀਂ ਪਿਲਾ ਰਿਹਾ।)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਬਾਦਸ਼ਾਹ ਵਲੋਂ ਕੀਤੇ ਜਾ ਰਹੇ ਜ਼ੁਲਮ ਦੀ ਕਰੜੀ ਆਲੋਚਨਾ ਕੀਤੀ ਤੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਦੇਸ਼ ਭਰ ਦਾ ਰਟਨ ਕੀਤਾ। ਇਸ ਰਟਨ ਵਿਚ ਉਹਨਾਂ ਔਰੰਗਜ਼ੇਬ ਦੇ ਜ਼ੁਲਮ ਤੋਂ ਸਹਿਮੀ ਹੋਈ ਮਨੁੱਖਤਾ ਨੂੰ ਪਰਮਾਤਮਾ ਬ੍ਰਹਮ ਦੀ ਓਟ ਤੇ ਆਸਰਾ ਲੈਣ ਲਈ ਪ੍ਰੇਰਨਾ ਕੀਤੀ, ਚੂੰਕਿ ਇਹ ਸਹਿਮੀ ਹੋਈ ਜਨਤਾ ਵਧੇਰੇ ਕਰਕੇ ਹਿੰਦੂ ਸੀ ਇਸ ਕਰਕੇ ਗੁਰੂ ਸਾਹਿਬ ਨੇ ਉਹਨਾਂ ਦੇ ਹੀ ਪੁਰਾਣਾਂ ਵਿਚੋਂ ਹਵਾਲੇ ਦੇ ਕੇ ਉਹਨਾਂ ਨੂੰ ਨਾਮ ਦਾ ਆਸਰਾ ਲੈਣ ਲਈ ਪ੍ਰੇਰਿਆ ਤੇ ਸ਼ਾਇਦ ਇਹੀ ਕਾਰਨ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰਬਾਣੀ ਵਿਚ ਬਾਕੀ ਗੁਰੂਆਂ ਨਾਲੋਂ ਪੁਰਾਣਿਕ ਹਵਾਲੇ ਬਹੁਤ ਅਧਿਕ ਹਨ:

> **ਹਰਿ ਕੋ ਨਾਮੁ ਸਦਾ ਸੁਖਦਾਈ ॥**
> **ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥** *(ਪੰਨਾ ੧੦੦੮)*

ਆਪ ਨੇ ਲੋਕਾਂ ਨੂੰ ਦੁੱਖ ਤੇ ਤਕਲੀਫ਼ਾਂ ਦਾ ਸਾਹਮਣਾ ਕਰਨ ਲਈ ਪ੍ਰੇਰਿਆ ਆਪ ਨੇ ਉਸ ਨੂੰ ਅਹਿਸਾਸ ਕਰਵਾਇਆ ਕਿ ਦੁੱਖ ਵਿਚ ਵਿਚਰਦੇ ਹੋਏ ਹੌਂਸਲਾ ਛੱਡਣਾ ਠੀਕ ਨਹੀਂ, ਇਹ ਬਹੁਤ ਵੱਡੀ ਕਮਜ਼ੋਰੀ ਹੈ। ਦੁਖ ਵਿਚ ਵੀ ਦਿਲ ਨਾ ਹਾਰਨਾ ਤੇ ਆਉਣ ਵਾਲੀ ਗੰਭੀਰ ਸਥਿਤੀ ਲਈ ਆਪਣੇ ਆਪ ਨੂੰ ਤਿਆਰ ਕਰਨਾ ਮਨੁੱਖ ਦਾ ਕਰਤੱਵ ਹੋਣਾ ਚਾਹੀਦਾ ਹੈ:

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥** *(ਪੰਨਾ ੬੩੩)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਵਿਚਾਰ ਸੀ ਕਿ ਹਰ ਮਨੁੱਖ ਦਾ ਇਹ ਬੁਨਿਆਦੀ ਹੱਕ ਹੈ ਕਿ ਉਹ ਆਪਣੇ ਧਰਮ ਦੇ ਅਸੂਲਾਂ ਨੂੰ ਅਪਨਾ ਕੇ ਜੀਵਨ ਸਫਲਤਾ ਦਾ ਰਾਜ਼ ਲੱਭ ਸਕਦਾ ਹੈ। ਕਿਸੇ ਵੀ ਤਾਕਤ ਨੂੰ ਇਸ ਦੇ ਅਜਿਹੇ ਮਸਲੇ ਵਿਚ ਦਖ਼ਲ ਦੇਣ ਦਾ ਹੱਕ ਨਹੀਂ। ਗੁਰੂ ਮਹਾਰਾਜ ਨੇ ਇਹ ਗੱਲ ਦ੍ਰਿੜ੍ਹ ਕਰਵਾਈ ਕਿ ਮਨੁੱਖ ਨੂੰ ਆਪਦੀ ਸ਼ਰਧਾ ਅਨੁਸਾਰ ਆਤਮਕ ਉੱਨਤੀ ਲਈ ਧਾਰਮਕ ਤੇ ਰਾਜਨੀਤਕ ਸਵਤੰਤਰਤਾ ਦੀ ਲੋੜ ਹੈ। ਉਹ ਮਹਿਸੂਸ ਕਰਦੇ ਸਨ ਕਿ ਕਿਸੇ ਦੀ ਆਜ਼ਾਦੀ ਨੂੰ ਸਲਬ ਕਰਨ ਦਾ ਅਧਿਕਾਰ ਕਿਸੇ ਕਰਮਚਾਰੀ ਜਾਂ ਸਰਕਾਰ ਨੂੰ ਨਹੀਂ। ਗੁਰੂ ਜੀ ਨੇ ਇਸ ਮੁੱਢਲੇ ਅਸੂਲ ਨੂੰ ਕਾਇਮ ਕਰਨ ਲਈ ਅਤੇ ਆਜ਼ਾਦੀ ਦੇ ਪਰਚਮ ਨੂੰ ਉੱਚਾ ਚੁੱਕਣ ਲਈ ਲੋਕਾਂ ਨੂੰ ਤਿਆਰ ਕਰਨ ਦਾ ਬੀੜਾ ਚੁੱਕਿਆ। ਆਪ ਨੇ ਕਿਹਾ ਕਿ ਆਜ਼ਾਦੀ ਦਾ ਜੀਵਨ ਬਤੀਤ ਕਰਨਾ ਮਨੁੱਖ ਦਾ ਬੁਨਿਆਦੀ ਹੱਕ ਹੈ। ਆਜ਼ਾਦੀ ਬਿਨਾਂ ਜੀਵਨ ਵਿਅਰਥ ਹੈ। ਨਿਤਾਣਿਆਂ ਤੇ ਲਿਤਾੜੇ ਲੋਕਾਂ ਦੀ ਧਾਰਮਕ ਆਜ਼ਾਦੀ ਲਈ ਆਪ ਨੇ ਆਪਣੀ ਸ਼ਹਾਦਤ ਦਿੱਲੀ ਵਿਖੇ ਦੇ ਕੇ ਬਹੁਤ ਵੱਡਾ ਸਾਕਾ ਕੀਤਾ ਕਿਉਂਕਿ ਆਜ਼ਾਦੀ ਨੂੰ ਬਹਾਲ ਕਰਨਾ ਆਪ ਨੇ ਧਾਰਮਿਕ ਤੇ ਮਨੁੱਖੀ ਕਰਤੱਵ ਸਮਝਿਆ। ਇਸ ਲਾ-ਮਿਸਾਲ ਸ਼ਹਾਦਤ ਦਾ ਜ਼ਿਕਰ ਦਸਮੇਸ਼ ਪਿਤਾ ਜੀ ਨੇ ਆਪਣੀ ਆਤਮ ਕਥਾ ਬਚਿੱਤਰ ਨਾਟਕ ਵਿਚ ਕੀਤਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਾਡੇ ਸਾਹਮਣੇ ਇਕ ਆਦਰਸ਼ ਤਿਆਗ ਦੀ ਭਾਵਨਾ ਨੂੰ ਪ੍ਰਗਟਾਉਂਦੀ ਹੈ। ਇਹ ਤਿਆਗ ਗ੍ਰਿਹਿਸਤ ਵਿਚ ਵਿਚਰਦਿਆਂ ਮਨ ਮਾਇਆ ਦੇ ਮੋਹ ਤੇ ਅਵਿਦਿਆ ਅਗਿਆਨਤਾ ਦੇ ਹਨ੍ਹੇਰੇ ਤੋਂ ਦੂਰ ਖੜਾ ਹੈ।

ਗੁਰੂ ਜੀ ਦਾ ਇਹ ਅਨੁਭਵ ੧ਓ ਦੇ ਸਨਮੁਖ ਹੋ ਕੇ ਦੈਵੀ ਕ੍ਰਮ ਵਿਚ ਮਾਣਿਆ ਹੋਇਆ ਹੈ, ਜਦੋਂ ਉਹ ਕਾਲ ਕਰਮ ਵਿਚ ਵਿਚਰਦਿਆਂ ਵਿਅਕਤੀਆਂ ਨੂੰ ਇਸ ਅਨੁਭਵ ਦੇ ਨਾਲ ਜਾਣਕਾਰੀ ਕਰਵਾਂਦੇ ਹਨ ਤਾਂ ਉਹ ਸੰਸਾਰ ਨੂੰ ਮਿਥਿਆ ਤੇ ਸੁਪਨਾ ਕਹਿ ਕੇ ਸਮਝਾਂਦੇ ਹਨ:

**ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥** *(ਪੰਨਾ ੨੧੯)*

**ਸਾਧੋ ਇਹੁ ਤਨੁ ਮਿਥਿਆ ਜਾਨਉ ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥** *(ਪੰਨਾ ੧੧੮੬)*

ਇਹ ਵਿਚਾਰ ਗੁਰੂ ਸਾਹਿਬ ਦੀ ਸ਼ਹਾਦਤ ਨੇ ਉਨ੍ਹਾਂ ਦੇ ਆਪਣੇ ਜੀਵਨ ਵਿਚ ਹੀ ਵਿਹਾਰਕ ਪੱਧਰ 'ਤੇ ਪੂਰੇ ਕਰਕੇ ਦਰਸਾਏ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਾਰੇ ਲਿਖਿਆ ਹੈ ਕਿ ਉਨ੍ਹਾਂ ਆਪਣੇ ਸਰੀਰ ਨੂੰ ਪਰਿਵਰਤਨਸ਼ੀਲ ਸਮਝਦੇ ਹੋਏ ਇਕ ਠੀਕਰ ਵਾਂਗ ਦਿੱਲੀ ਦੇ ਰਾਜੇ (ਔਰੰਗਜ਼ੇਬ) ਦੇ ਸਿਰ 'ਤੇ ਤੋੜ ਦਿੱਤਾ:

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥**

*(ਬਚਿੱਤਰ ਨਾਟਕ, ਅਧਿ: ੫)*

ਇਸ ਸ਼ਹਾਦਤ ਦੀ ਮਿਸਾਲ ਮਨੁੱਖਤਾ ਦੇ ਇਤਿਹਾਸ ਵਿਚ ਨਹੀਂ ਮਿਲਦੀ। ਪ੍ਰਸਿੱਧ

ਇਤਿਹਾਸਕਾਰ ਮੈਕਾਲਫ਼ ਲਿਖਦਾ ਹੈ : "ਇਸ ਸ਼ਹਾਦਤ ਦੀ ਤੁਲਨਾ ਦੁਨੀਆਂ ਦੀ ਕਿਸੇ ਘਟਨਾ ਨਾਲ ਨਹੀਂ ਕੀਤੀ ਜਾ ਸਕਦੀ। ਇਹ ਆਪਣੇ ਆਪ ਵਿਚ ਵੱਖਰੀ ਅਨੋਖੀ ਘਟਨਾ ਹੈ।" ਇਤਿਹਾਸਕਾਰ ਦੌਲਤ ਰਾਮ ਨੇ ਆਪ ਜੀ ਦੀ ਸ਼ਹਾਦਤ ਬਾਰੇ ਲਿਖਿਆ ਹੈ, ਕਿ ਉਲਟੀ ਗੰਗਾ ਵਹਾਣਾ ਮੁਹਾਵਰਾ ਸੁਣਿਆ ਤਾਂ ਸੀ ਪਰ ਗੁਰੂ ਸਾਹਿਬ ਦੀ ਸ਼ਹਾਦਤ ਨੇ ਇਸ ਨੂੰ ਅਮਲੀ ਰੂਪ ਵਿਚ ਵਿਖਾ ਦਿੱਤਾ। ਆਮ ਤੌਰ 'ਤੇ ਕਤਲ ਕਰਨ ਵਾਲਾ (ਕਾਤਲ) ਮਕਤੂਲ (ਕਤਲ ਹੋਣ ਵਾਲੇ) ਕੋਲ ਜਾਂਦਾ ਹੈ ਪਰ ਇਥੇ ਤਾਂ ਮਕਤੂਲ ਆਪ ਚਲ ਕੇ ਕਾਤਲ ਕੋਲ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਮਹਾਨ ਸ਼ਹਾਦਤ ਬਾਰੇ ਬਚਿਤ੍ਰ ਨਾਟਕ ਵਿਚ ਲਿਖਦੇ ਹਨ :

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਆ ਪਰ ਸੀ ਨ ਉਚਰੀ॥੧੩॥** *(ਉਹੀ)*

ਕਿਉਂਕਿ ਆਪ ਜ਼ਾਲਮਾਂ ਦੇ ਪਸ਼ੂ-ਪੁਣੇ ਨੂੰ ਮਨੁੱਖੀ ਆਤਮਾ ਵਿਚੋਂ ਬਦਲਣਾ ਚਾਹੁੰਦੇ ਸਨ, ਮਨੁੱਖੀ ਸੁਭਾ ਨੂੰ ਕਾਇਮ ਰੱਖਣ ਲਈ ਉਹ ਲਿਤਾੜੇ ਲੋਕਾਂ ਨੂੰ ਹਿੰਮਤ ਬਖਸ਼ਣਾ ਚਾਹੁੰਦੇ ਸਨ। ਆਪ ਦਾ ਆਸ਼ਾ ਔਰੰਗਜ਼ੇਬ ਦੀ ਆਤਮਾ ਨੂੰ ਜਗਾਣਾ ਸੀ।

ਸੁਆਲ ਪੈਦਾ ਹੁੰਦਾ ਹੈ ਕਿ ਜਦ ਬੇਅੰਤ ਬੰਦਿਆਂ ਨੂੰ ਰੋਜ਼ਾਨਾ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਸੀ ਤਾਂ ਕਿਸੇ ਇਕ ਮਹਾਨ ਸ਼ਖ਼ਸੀਅਤ ਦੀ ਕੁਰਬਾਨੀ ਕਿਸ ਤਰ੍ਹਾਂ ਜ਼ਾਲਮ ਦਾ ਹਿਰਦਾ ਕੰਬਾ ਸਕਦੀ ਸੀ। ਇਸ ਦੇ ਉੱਤਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਆਮ ਮਨੁੱਖ ਰੋਸ ਦੀ ਭਾਵਨਾ ਲੈ ਕੇ ਮਰ ਜਾਂਦਾ ਹੈ, ਪਰ ਮਹਾਂਪੁਰਖ ਖਿੜੇ ਮੱਥੇ ਰੱਬ ਦਾ ਭਾਣਾ ਮੰਨਦੇ ਹੋਏ ਸ਼ਹੀਦ ਹੋ ਜਾਂਦੇ ਹਨ।

ਉਸ ਦੀ ਅਜਿਹੀ ਸ਼ਖ਼ਸੀਅਤ ਦੀ ਕੁਰਬਾਨੀ ਵੱਡੇ ਤੋਂ ਵੱਡੇ ਜ਼ਾਲਮ ਦਾ ਵੀ ਹਿਰਦਾ ਪੰਘਾਰ ਜਾਂਦੀ ਹੈ। ਜੇ ਇਤਨੀ ਵੱਡੀ ਸ਼ਖ਼ਸੀਅਤ ਦੀ ਕੁਰਬਾਨੀ ਪਿੱਛੋਂ ਵੀ ਜ਼ਾਲਮ ਦੇ ਸੁਭਾ ਵਿਚ ਕੋਈ ਤਬਦੀਲੀ ਨਾ ਆਵੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਤਲਵਾਰ ਦੀ ਵਰਤੋਂ ਕਰਨੀ ਧਰਮ ਹੈ :

**ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥**
**ਹਲਾਲ ਅਸਤੁ ਬੁਰਦਨ ਬ-ਸ਼ਮਸ਼ੇਰ ਦਸਤ॥** *(ਜ਼ਫ਼ਰਨਾਮਾ)*

ਇਸ ਤਰ੍ਹਾਂ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਨੇ ਸਿੱਖ ਧਰਮ ਦੇ ਵਿਕਾਸ ਨੂੰ ਸੰਪੂਰਨ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ।

ਕੁਝ ਇਤਿਹਾਸਕਾਰਾਂ ਨੇ ਇਹ ਭੁਲੇਖਾ ਪਾਇਆ ਹੈ ਕਿ ਉਹਨਾਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਤਲਵਾਰ ਚੁੱਕੀ। ਪਰ ਇਹ ਕਥਨ ਸੱਚਾਈ ਦੇ ਬਿਲਕੁਲ ਵਿਰੁੱਧ ਹੈ। ਬਦਲਾ ਲੈਣ ਦੀ ਭਾਵਨਾ ਸਿੱਖੀ ਜੀਵਨ ਵਿਚ ਨਹੀਂ ਹੈ। ਇਤਿਹਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਾਪਰੀ ਹੋਈ ਇਕ ਘਟਨਾ ਇਸ ਟਪਲੇ ਨੂੰ ਦੂਰ ਕਰਨ ਲਈ ਕਾਫੀ ਹੈ। ਇਕ ਵਾਰੀ ਲੜਾਈ ਪਿੱਛੋਂ ਸਿੰਘਾਂ ਨੂੰ ਇਕ ਤੁਰਕਣੀ ਦਾ ਡੋਲਾ ਹੱਥ ਆਇਆ।

ਸਿੰਘਾਂ ਨੇ ਗੁਰੂ ਸਾਹਿਬ ਪਾਸ ਬਦਲਾ ਲੈਣ ਲਈ ਮੰਗ ਕੀਤੀ ਪਰ ਸਾਹਿਬਾਂ ਨੇ ਉਨ੍ਹਾਂ ਨੂੰ ਇਸ ਕੰਮ ਤੋਂ ਵਰਜ ਦਿੱਤਾ ਤੇ ਕਿਹਾ ਕਿ ਉਹ ਖ਼ਾਲਸਾ ਪੰਥ ਨੂੰ ਬਦਲੇ ਦੀ ਭਾਵਨਾ ਤੋਂ ਉਚੇਰਾ ਲਿਜਾਣਾ ਚਾਹੁੰਦੇ ਹਨ:

ਸਿੰਘ ਦਾ ਪ੍ਰਸ਼ਨ:

ਪੁਨਿ ਸਿੰਘ ਨ ਬੂਝੇ ਗੁਣਖਾਨੀ।
ਸਕਲ ਤੁਰਕ ਭੂਗਵੇ ਹਿੰਦਵਾਨੀ।
ਸਿਖ ਬਦਲਾ ਲੈ ਭਲਾ ਜਾਣਾਵੈ।
ਗੁਰ ਸ਼ਾਸਤਰ ਕਿਉਂ ਵਰਜ ਹਟਾਵੈ।

ਗੁਰੂ ਜੀ ਦਾ ਉੱਤਰ

ਸੁਣਿ ਸਤਿਗੁਰ ਬੋਲੇ ਤਿਸ ਬੇਰੇ।
ਹਮ ਲੇ ਜਾਨੋ ਪੰਥ ਉਚੇਰੇ।
ਨਹੀ ਅਧੋਗਤੀ ਬਿਖੇ ਪੁਚਾਵੇ।
ਯਾ ਤੇ ਕੁਲਮਲ ਕਰਨ ਹਟਾਵੇ।

ਇਸ ਸੱਚਾਈ ਪਿੱਛੋਂ ਟਪਲੇ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਕੁਝ ਮੁਸਲਮਾਨ ਇਤਿਹਾਸਕਾਰਾਂ ਨੇ ਇਸ ਮਹਾਨ ਸ਼ਹਾਦਤ ਦੀ ਮਹਾਨਤਾ ਨੂੰ ਘਟਾਣ ਲਈ ਲਿਖਿਆ ਹੈ ਕਿ ਗੁਰੂ ਸਾਹਿਬ ਨੂੰ ਅਮਨ ਭੰਗ ਕਰਨ ਦੇ ਕਾਰਨ ਸ਼ਹੀਦ ਕੀਤਾ ਗਿਆ। ਇਹ ਗੱਲ ਬਹੁਤ ਭੁਲੇਖਾ ਪਾਉਣ ਵਾਲੀ ਹੈ। ਇਸ ਦਾ ਉੱਤਰ ਮੈਕਾਲਫ਼ ਨੇ ਬਹੁਤ ਚੰਗੀ ਤਰ੍ਹਾਂ ਦਿੰਦੇ ਹੋਇਆਂ ਲਿਖਿਆ ਹੈ ਕਿ ਗੁਰੂ ਸਾਹਿਬ ਦਾ ਜੀਵਨ ਤੇ ਲਿਖਤਾਂ ਪੜ੍ਹ ਕੇ ਇਹ ਗੱਲ ਬਿਲਕੁਲ ਗ਼ਲਤ ਲਗਦੀ ਹੈ ਜੋ ਮੰਨਣ ਯੋਗ ਨਹੀਂ:

ਕਿਸੇ ਘਟਨਾ ਦੀ ਮਹਾਨਤਾ ਤੇ ਵਿਸ਼ੇਸ਼ਤਾ ਉਸ ਦੇ ਨਿਕਲੇ ਸਿੱਟਿਆਂ ਤੋਂ ਲਈ ਜਾ ਸਕਦੀ ਹੈ। ਨੌਵੇਂ ਪਾਤਸ਼ਾਹ ਦੀ ਸ਼ਹਾਦਤ ਨੇ ਕੌਮ ਉਸਾਰੀ ਵਿਚ ਬਹੁਤ ਵੱਡਾ ਹਿੱਸਾ ਪਾਇਆ। ਇਸ ਘਟਨਾ ਨੇ ਮਨੁੱਖਤਾ ਦੇ ਇਤਿਹਾਸ ਵਿਚ ਬਹੁਤ ਵੱਡਾ ਕਾਰਨਾਮਾ ਕਰ ਦਿਖਾਇਆ ਹੈ। ਸਮੇਂ ਦੇ ਹਾਲਾਤ ਅਜਿਹੇ ਹੋ ਚੁੱਕੇ ਸਨ ਕਿ ਖ਼ਾਲਸਾ ਪੰਥ ਦੀ ਸਾਜਣਾ ਮੁਕੰਮਲ ਕਰਨ ਦਾ ਸਮਾਂ ਆ ਗਿਆ ਸੀ। ਅਕਾਲ ਪੁਰਖ ਨੇ ਇਸ ਮਹਾਨ ਕੰਮ ਕਰਨ ਲਈ ਦਸਮੇਸ਼ ਪਿਤਾ ਨੂੰ ਕਿਹਾ:

**ਗੁਰਬਰ ਅਕਾਲ ਕੇ ਹੁਕਮ ਸਿਉ ਉਪਜਿਓ ਬਿਗਿਆਨਾ॥**
**ਤਬ ਸਹਿਜੇ ਰਚਿਓ ਖਾਲਸਾ ਸੂਰਤ ਮਰਦਾਨਾ॥**

ਮਹਾਰਾਜ ਦੀ ਸ਼ਹਾਦਤ ਨੇ ਜੋ ਚੰਗਿਆੜੀ ਸੁੱਟੀ ਸੀ ਉਹ ਭਾਂਬੜ ਦੀ ਸ਼ਕਲ ਵਿਚ ਬਲ ਉਠੀ। ਜ਼ੁਲਮ ਦੇ ਰਾਜ ਨੂੰ ਖ਼ਤਮ ਕਰਨ ਲਈ ਤਿਆਰੀ ਜ਼ੋਰਾਂ 'ਤੇ ਹੋਣ ਲੱਗੀ। ਜਿਸ ਕਾਰਨ ਕਮਜ਼ੋਰ ਤੇ ਨਿਰਬਲ ਮਨੁੱਖਾਂ ਦੇ ਡੌਲੇ ਫਰਕਨ ਲੱਗੇ, ਸਮੁੰਦਰ ਵਿਚ ਆਈਆਂ ਛੱਲਾਂ ਕਿਨਾਰਿਆਂ ਨਾਲ ਟਕਰਾਣ ਲੱਗੀਆਂ। ਆਜ਼ਾਦੀ ਦੇ ਸੋਹਿਲੇ ਹੋਰ ਉੱਚੀ ਉੱਚੀ ਗਾਏ ਜਾਣ ਲੱਗੇ ਜਿਸ ਕਾਰਨ ਦੇਸ਼ ਦੇ ਬਾਗ਼ ਵਿਚ ਨਵੀਂ ਬਹਾਰ ਆ ਗਈ। ਗਾਰਡਨ ਨੇ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਤੋਂ ਨਿਕਲੇ ਸਿੱਟੇ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ:

ਜੋ ਤਿੱਖੀਆਂ ਸੂਲਾਂ ਗੁਰੂ ਤੇਗ ਬਹਾਦਰ ਜੀ ਦੇ ਖ਼ੂਨ ਨਾਲ ਦਿੱਲੀ ਵਿਚ ਬੀਜੀਆਂ ਗਈਆਂ ਸਨ ਉਨ੍ਹਾਂ ਨੇ ਜਲਦੀ ਹੀ ਖਾਲਸਾ ਰੂਪ ਵਿਚ ਭਾਰੀ ਫਸਲ ਬਖਸ਼ੀ।

ਗੁਰੂ ਸਾਹਿਬ ਦੀ ਸ਼ਹਾਦਤ ਤੇ ਉਪਦੇਸ਼ ਇਤਨੇ ਮਹਾਨ ਹਨ ਕਿ ਉਹ ਸਦਾ ਮਨੁੱਖਤਾ ਦੇ ਕਲਿਆਣ ਲਈ ਤੇ ਜੀਵਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਗਵਾਈ ਕਰਦੇ ਰਹਿਣਗੇ। ਅੱਜ-ਕਲ੍ਹ ਦੇ ਪਦਾਰਥਵਾਦੀ ਯੁੱਗ ਵਿਚ ਹਰ ਕੌਮ ਅਤੇ ਦੇਸ਼ ਚਾਹੁੰਦਾ ਹੈ ਕਿ ਉਸ ਦੀ ਤਾਕਤ ਵਧੇ। ਕੁਝ ਦੇਸ਼ ਤਾਂ ਲਲਚਾਈਆਂ ਨਜ਼ਰਾਂ ਨਾਲ ਗੁਆਂਢੀ ਦੇਸ਼ਾਂ ਨੂੰ ਵੇਖ ਰਹੇ ਹਨ ਤਾਂ ਜੋ ਉਹਨਾਂ ਦੀ ਤਾਕਤ ਨੂੰ ਘਟਾ ਕੇ ਆਪਣੀ ਤਾਕਤ ਤੇ ਅਸਰ ਵਧਾ ਸਕਣ। ਇਸ ਪਾਲਿਸੀ ਨੇ ਅਧੋਗਤੀ ਦੀ ਹਾਲਤ ਪੈਦਾ ਕਰ ਦਿੱਤੀ ਹੈ। ਇਸ ਭਿਆਨਕ ਸਥਿਤੀ ਵਿਚ ਕਮਜ਼ੋਰ ਦੇਸ਼ ਫੌਜੀ ਗਠ-ਜੋੜਾਂ ਵਿਚ ਧਕੇਲ ਦਿੱਤੇ ਗਏ ਸਨ। ਇਸ ਰਾਜਨੀਤਕ ਖਿਚੋਤਾਣ ਦੇ ਕਾਰਨ ਮਨੁੱਖਤਾ ਦਾ ਭਵਿੱਖ ਖ਼ਤਰੇ ਵਿਚ ਪਿਆ ਜਾਪਦਾ ਹੈ। ਇਸ ਸਮੇਂ ਵੀ ਗੁਰੂ ਸਾਹਿਬ ਦੇ ਉਪਦੇਸ਼ ਤੇ ਸ਼ਹਾਦਤ ਮਨੁੱਖਤਾ ਦੀ ਅਗਵਾਈ ਕਰਦੇ ਹਨ। ਆਪ ਫ਼ੁਰਮਾਉਂਦੇ ਹਨ ਕਿ ਨਾ ਕੋਈ ਕਿਸੇ ਨੂੰ ਡਰਾਵੇ ਤੇ ਨਾ ਆਪ ਕਿਸੇ ਤੋਂ ਡਰੇ। ਸਗੋਂ ਆਪ ਸਵੈਮਾਨਤਾ ਵਾਲਾ ਜੀਵਨ ਬਤੀਤ ਕਰੇ ਤੇ ਦੂਜਿਆਂ ਨੂੰ ਅਜਿਹਾ ਜੀਵਨ ਬਿਤਾਣ ਦੇਵੇ। ਗੁਰੂ ਸਾਹਿਬ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਅ ਕਰਦੇ ਹੋਏ ਕਿਹਾ ਕਿ ਡਰਨ ਵਾਲਾ ਕਾਇਰ ਹੈ ਤੇ ਡਰਾਉਣ ਵਾਲਾ ਜ਼ਾਲਮ ਹੈ। ਆਪ ਨੇ ਦੋਹਾਂ 'ਤੇ ਕਰੜੀ ਆਲੋਚਨਾ ਕੀਤੀ। ਆਪ ਨੇ ਜਿਥੇ ਜ਼ਾਲਮ ਤੇ ਜ਼ੁਲਮ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਉਥੇ ਡਰਾਕਲਾਂ ਨੂੰ ਬਿਨਾਂ ਡਰ ਤੇ ਭੈ ਦੇ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ। ਆਪ ਨੇ ਸਭ ਲਈ ਸਾਂਝਾ ਰਸਤਾ ਦੱਸਿਆ, "ਆਪ ਜੀਉ ਤੇ ਦੂਜਿਆਂ ਨੂੰ ਜੀਣ ਦਿਉ" ਦਾ ਉਪਦੇਸ਼ ਦਿੱਤਾ। ਆਪ ਫ਼ਰਮਾਉਂਦੇ ਹਨ:

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥** *(ਪੰਨਾ ੧੪੨੭)*

ਸਿਰਫ਼ ਉਪਦੇਸ਼ ਹੀ ਨਹੀਂ ਦਿੱਤਾ ਸਗੋਂ ਆਪ ਨੇ ਇਸ 'ਤੇ ਅਮਲ ਕਰਕੇ ਦਿਖਾਇਆ। ਗੁਰੂ ਸਾਹਿਬ ਦੇ ਮਹਾਨ ਕਾਰਜ ਲਈ ਦਿੱਤੀ ਸ਼ਹਾਦਤ ਸਦੀਵ ਤੌਰ 'ਤੇ ਮਨੁੱਖਤਾ ਦੀ ਅਗਵਾਈ ਕਰਦੀ ਰਹੇਗੀ।

(3/1976)

# ਸੀਸੁ ਦੀਆ ਪਰ ਸਿਰਰੁ ਨਾ ਦੀਆ

ਦੀਨ-ਦੁਨੀ ਦੇ ਮਾਲਕ, ਸਿੱਖਾਂ ਦੇ ਸਿਦਕ ਦੇ ਦਾਤੇ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਿੱਖੀ ਸਿਦਕ ਅਤੇ ਭਰੋਸੇ ਦੀ ਇਕ ਅਟੱਲ ਅਤੇ ਉੱਚੀ ਮਿਸਾਲ ਦਿੱਤੀ। ਉਹਨਾਂ ਨੇ ਆਪਣਾ ਸੀਸ ਤਾਂ ਵਾਰ ਦਿੱਤਾ, ਪਰ ਇਰਾਦੇ ਨੂੰ ਰੰਚਕ ਭਰ ਵੀ ਨਹੀਂ ਡੋਲਣ ਦਿੱਤਾ। ਇਕ ਪਾਸੇ ਸੀ ਜਬਰ, ਜ਼ੁਲਮ ਅਤੇ ਕਹਿਰ ਦੂਜੇ ਪਾਸੇ ਸੀ ਸਿਦਕ ਭਰੋਸਾ ਅਤੇ ਨਿਮਰਤਾ। ਇਕ ਪਾਸੇ ਸੀ ਹਕੂਮਤ ਦਾ ਮਾਨ ਅਤੇ ਦੂਜੇ ਪਾਸੇ ਸੀ ਸੱਚਾਈ ਦੀ ਪ੍ਰੇਰਨਾ ਅਤੇ ਪਿਆਰ। ਹਕੂਮਤ ਗਰਜ਼ੀ, ਹੰਕਾਰ ਫੁਨਕਾਰਿਆ, ਤੁਅੱਸਬ ਨੇ ਆਪਣੀ ਅੱਗ ਵਰ੍ਹਾਈ, ਜ਼ੁਲਮ ਦੀ ਹੱਦ ਤੋੜ ਦਿੱਤੀ ਗਈ ਪਰ ਹਿੰਦ ਦੀ ਚਾਦਰ ਬੇਦਾਗ ਰਹੀ। ਨਾ ਮੱਥੇ ਵੱਟ, ਨਾ ਮਨ ਵਿਚ ਭੈ, ਨਾ ਦਿਲ ਵਿਚ ਵੈਰ ਅਤੇ ਨਾ ਕੋਈ ਗਰਜ਼।

ਹੁਕਮ ਸੀ ਕਰਾਮਾਤ ਦਿਖਾਓ, ਪਰ ਇਧਰ ਵਿਚਾਰ ਸੀ ਕਿ ਕਰਾਮਾਤ, ਪਰਵਰਦਗਾਰ ਦੇ ਕੰਮ ਵਿਚ ਰੋੜਾ ਹੈ, ਮੰਗ ਸੀ ਝੁਕ ਜਾਓ—ਉੱਤਰ ਸੀ, ਸਿਰ ਸਦਾ ਝੁਕਦਾ ਹੈ, ਮਨ ਸਦਾ ਨਿਵਦਾ ਹੈ, ਉਸ ੧ਓ ਦੀ ਦਰਗਾਹ ਵਿਚ, ਨਾ ਕਿ ਮਨੁੱਖ ਅੱਗੇ।

ਬਾਦਸ਼ਾਹਤ ਦਾ ਜਲਾਲ ਚਮਕਿਆ ਅਤੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿਚ ਉਬਾਲ ਦਿੱਤਾ। ਉਮੀਦ ਸੀ ਖ਼ੌਫ਼ ਗੁਰੂ ਨੂੰ ਡਰਾ ਕੇ ਜਾਨ ਬਚਾਉਣ ਹਿੱਤ ਕਰਾਮਾਤ ਲਈ ਮਜਬੂਰ ਕਰੇਗਾ, ਉਧਰ ਦ੍ਰਿੜ੍ਹ ਇਰਾਦਾ ਸੀ, ਉਸ ਰਹੀਮ, ਉਸ ਕਰੀਮ ਦੀ ਲੀਲ੍ਹਾ ਅਤੇ ਮਰਜ਼ੀ ਦੇਖਣ ਦਾ।

ਕਰਾਮਾਤ ਜਾਂ ਕ੍ਰਿਸ਼ਮਾ ਨਾਮ ਹੈ ਪਰਵਰਦਗਾਰ ਦੀ ਚਲਾਈ ਦੁਨੀਆਂ ਦੀ ਰਫ਼ਤਾਰ ਦੀ ਰੇਖ ਵਿਚ ਮੇਖ ਲਗਾਉਣ ਦਾ। ਕਰਾਮਾਤ ਕਿਉਂ ? ਕਿਉਂ ਉਸ ਖ਼ੁਦਾ ਦੇ ਰਸਤੇ ਵਿਚ ਬੰਦੇ ਦਾ ਦਖ਼ਲ ? ਹਕੂਮਤ ਦਾ ਮਾਨ ਫਿਰ ਛਿੱਥਾ ਪਿਆ ਤਾਕਤ ਦੇ ਨਸ਼ੇ ਵਿਚ ਕਹਿਰ ਹੋਰ ਤੇਜ਼ ਹੋਇਆ ਅਤੇ ਭਾਈ ਮਤੀ ਦਾਸ ਆਰੇ ਨਾਲ ਚਿਰਵਾਏ ਗਏ। ਵਹਿ ਤੁਰਿਆ ਸ਼ਹੀਦ ਦਾ ਖ਼ੂਨ। ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਜਿਉਂਦੇ ਜੀਅ ਸਾੜ ਦਿੱਤਾ। ਇਕ ਨਵਾਂ ਪੰਨਾ ਇਤਿਹਾਸ ਦਾ ਲਿਖਣ ਵਾਸਤੇ ਤੇ ਦੁਨੀਆਂ ਨੂੰ ਦੱਸਣ ਵਾਸਤੇ ਕਿ ਸੱਚੀ ਸ਼ਹਾਦਤ ਦੀ ਰਾਹ ਕਿਹੜੀ ਹੈ। ਸਤਿਗੁਰੂ ਨੇ ਫੁਰਮਾਇਆ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥** *(ਪੰਨਾ ੬੩੩)*

ਹਕੂਮਤ ਤੜਫ ਉਠੀ—ਗੁਰੂ ਮਹਾਰਾਜ ਉੱਤੇ ਹੋਰ ਪਾਬੰਦੀਆਂ ਲਗਾਈਆਂ ਗਈਆਂ, ਪਹਿਰਾ ਸਖ਼ਤ ਕਰ ਦਿੱਤਾ ਗਿਆ, ਇਥੇ ਹੀ ਬਸ ਨਹੀਂ, ਗੁਰੂ ਜੀ ਨੂੰ ਪਿੰਜਰੇ ਵਿਚ ਪਾ ਦਿੱਤਾ, ਇਹ

ਸੀ ਇਮਤਿਹਾਨ ਸਬਰ ਦਾ, ਇਹ ਸੀ ਇਕ ਨਿਸ਼ਾਨ—ਇਹ ਦੇਖਣ ਵਾਸਤੇ ਕਿ ਕਿਥੋਂ ਤਕ ਸਤਿਗੁਰੂ ਵਿਚ ਸ਼ਕਤੀ ਹੈ। ਜ਼ੁਲਮ ਖ਼ਿਲਾਫ਼ ਆਪਣੀ ਆਵਾਜ਼ ਉਠਾਉਣ ਦੀ—ਅਡੋਲ ਮਨ ਨੇ ਮਨ ਪਾਸੋਂ ਪੁੱਛਿਆ:

**ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥**
**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥** *(ਪੰਨਾ ੧੪੨੯)*

ਅਕਾਲ ਪੁਰਖ ਨੇ ਇਕ ਨਵੀਂ ਪ੍ਰੇਰਨਾ ਦੇ ਕੇ ਇਕ ਨਵੀਂ ਸ਼ਕਤੀ ਦਾ ਸੰਚਾਰ ਕੀਤਾ, ਆਤਮ ਬਲ ਵਧਿਆ, ਮਨ ਨੇ ਹਲੋਰਾ ਲਿਤਾ:

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥** *(ਉਹੀ)*

ਅਤੇ ਫੇਰ ਲੜਾਈ ਸ਼ੁਰੂ ਹੋ ਗਈ। ਹਕੂਮਤ ਨੇ ਆਪਣਾ ਜ਼ੋਰ ਫੇਰ ਇਕ ਵਾਰ ਲਗਵਾ ਦਿੱਤਾ। ਕੁਝ ਇਤਿਹਾਸਕਾਰ ਇਸ ਗੱਲ ਦਾ ਭੁਲੇਖਾ ਖਾਂਦੇ ਹਨ ਕਿ ਲੜਾਈ ਹਿੰਦੂ ਮੁਸਲਮਾਨ ਜਾਂ ਸਿੱਖ ਮੁਸਲਮਾਨ ਦੇ ਵਿਚਕਾਰ ਸੀ। ਨਹੀਂ ਇਹ ਤਾਂ ਲੜਾਈ ਸੀ ਕੁਫਰ ਅਤੇ ਸੱਚ ਵਿਚਕਾਰ, ਇਹ ਲੜਾਈ ਸੀ ਹਕੂਮਤ ਅਤੇ ਪਰਜਾ ਵਿਚਕਾਰ—ਜਿਵੇਂ ਕਿ ਕਿਹਾ ਗਿਆ ਹੈ ਕਿ "ਤਾਕਤ ਮਨੁੱਖ ਨੂੰ ਭ੍ਰਿਸ਼ਟਾ ਦੇਂਦੀ ਹੈ ਅਤੇ ਪੂਰਨ ਤਾਕਤ ਪੂਰਨ ਭ੍ਰਿਸ਼ਟਾਚਾਰ ਲੈ ਆਉਂਦੀ ਹੈ। ਉਸ ਸਮੇਂ ਦੀ ਹਕੂਮਤ ਅਤੇ ਬਾਦਸ਼ਾਹ ਤਾਕਤ ਦੇ ਨਸ਼ੇ ਵਿਚ ਚੂਰ, ਭ੍ਰਿਸ਼ਟ ਚੁੱਕੇ ਸਨ। ਉਨ੍ਹਾਂ ਵਿਚ ਇਨਸਾਨ ਅਤੇ ਇਨਸਾਨੀਅਤ ਵਿਚਕਾਰ ਤਮੀਜ਼ ਕਰਨੀ ਮੁਸ਼ਕਲ ਹੋ ਚੁੱਕੀ ਸੀ, ਉਹ ਅਸਲੀ ਇਸਲਾਮ ਦੇ ਅਸੂਲ ਭੁੱਲ ਬੈਠੇ ਸਨ—ਉਹ ਉਸ ਅੱਲ੍ਹਾ ਤਾਲਾ ਦੇ ਹੁਕਮ ਦੇ ਖ਼ਿਲਾਫ਼ ਜਾ ਰਹੇ ਸਨ ਤਾਂ ਹੀ ਤਾਂ ਇਹ ਮਾਨ, ਇਹ ਭਰਮ ਅਤੇ ਇਹ ਜ਼ੁਲਮ। ਭਾਈ ਵੀਰ ਸਿੰਘ ਲਿਖਦੇ ਹਨ—"ਪੱਥਰ ਤੋੜੇ ਦਿਲ ਪਏ ਤੁਟਦੇ ਦਿਲ ਕਾਂਬਾ ਗਵਾਵੈ।" ਇਥੇ ਵੀ ਤਾਂ ਰੱਬ ਦੀ ਉਸਤਤ ਦੀ ਕੋਈ ਕਦਰ ਨਹੀਂ ਸੀ, ਕੋਈ ਵਿਚਾਰ ਨਹੀਂ ਸੀ। ਜੇ ਕੋਈ ਵਿਚਾਰ ਸੀ ਤਾਂ ਵਿਅਕਤੀਗਤ ਸ਼ੁਹਰਤ ਦਾ, ਕਿਸੇ ਨੂੰ ਈਨ ਮਨਾਉਣ ਦਾ, ਜ਼ੁਲਮ ਦੇ ਨਾਲ ਮਜ਼ਹਬ ਵਿਚ ਵਾਧਾ ਕਰਨ ਦਾ।

ਇਕ ਪਾਸੇ ਸੀ ਨਿਮਾਣੇ ਕਸ਼ਮੀਰੀ ਪੰਡਤਾਂ ਦੀ ਆਵਾਜ਼। ਦੂਜੇ ਪਾਸੇ ਹਕੂਮਤ ਦਾ ਡਰ, ਖੌਫ ਅਤੇ ਜ਼ੁਲਮ। ਤੀਜੇ ਪਾਸੇ ਸਨ ਸੱਚਾਈ ਦੇ ਅਲੰਬਰਦਾਰ, ਗੁਰੂ ਘਰ ਦੇ ਸੇਵਕ, ਸੱਚ ਦੇ ਮਾਰਗ ਦੇ ਪਤੰਗ, ਜੋ ਸ਼ਹੀਦ ਹੋ ਜਾਣਾ ਤਾਂ ਜਾਣਦੇ ਹਨ ਪਰ ਸੱਚ ਦੀ ਰਾਹ ਛੱਡਣਾ ਨਹੀਂ ਜਾਣਦੇ।

ਉਹ ਦਿਨ ਵੀ ਆਣ ਪੁੱਜਾ ਜਦ ਕਾਜ਼ੀ ਨੇ ਗੁਰੂ ਸਾਹਿਬ ਨੂੰ ਬੁਲਾ ਪੁੱਛਿਆ ਕਿ "ਤੁਸੀਂ ਇਸਲਾਮ ਕਬੂਲਦੇ ਹੋ ਕਿ ਨਹੀਂ—ਜੇ ਨਹੀਂ ਕਬੂਲਦੇ ਤਾਂ ਕਰਾਮਾਤ ਕਰ ਵਿਖਾਵੋ ਤਾਂ ਜੋ ਇਹ ਸਾਬਤ ਹੋ ਸਕੇ ਕਿ ਤੁਸੀਂ ਰੱਬ ਦੇ ਨਜ਼ਦੀਕ ਹੋ।" ਸ਼ਾਂਤਮਈ ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਕਾਦਰ ਦੀ ਕੁਦਰਤ ਹੀ ਇਕ ਵੱਡੀ ਕਰਾਮਾਤ ਹੈ, ਕਰਾਮਾਤ ਕਿਉਂ ਅਤੇ ਕਿਸ ਵਾਸਤੇ, ਸੱਚਾਈ ਹੀ ਸਭ ਤੋਂ ਵੱਡਾ ਮਜ਼ਹਬ ਹੈ—

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥** *(ਪੰਨਾ ੧੩੪੯)*

ਪਰ ਜਦ ਮਜ਼ਹਬ ਦੀਆਂ ਅੱਖਾਂ ਉੱਤੇ ਤੁਅਸਬ ਦਾ ਪਰਦਾ ਚੜ੍ਹ ਚੁੱਕਾ ਹੋਵੇ ਤਾਂ ਸੱਚਾਈ

ਨਜ਼ਰ ਨਹੀਂ ਆਉਂਦੀ ਇਥੇ ਤਾਂ ਹਕੂਮਤ ਦੀ ਚਰਬੀ ਵੀ ਚੜ੍ਹੀ ਹੋਈ ਸੀ—ਕਿਵੇਂ ਕੰਮ ਬਣਦਾ।

ਗੁਰੂ ਜੀ ਦੇ ਸਾਹਮਣੇ ਜਲਾਦ ਖੜਾ ਕਰ ਦਿੱਤਾ ਗਿਆ ਦ੍ਰਿੜ੍ਹ ਇਰਾਦੇ ਨੂੰ ਨਿਵਾਉਣ ਵਾਸਤੇ, ਡਰ-ਧਮਕੀ ਅਤੇ ਚਾਪਲੂਸੀ ਤੋਂ ਕੰਮ ਲਿਆ ਗਿਆ, ਪਰ ਸੱਚੇ ਪਾਤਸ਼ਾਹ ਝੂਠੀ ਬਾਦਸ਼ਾਹਤ ਤੋਂ ਕਿਵੇਂ ਡਰਨ ਅਤੇ ਕਿਉਂ ਡਰਨ, ਕਿਉਂ ਛੱਡਣ ਆਪਣਾ ਪੱਲਾ, ਕਿਉਂ ਛੱਡਣ ਆਪਣਾ ਰਾਹ। ਤਲਵਾਰ ਲਹਿਰਾਈ ਅਤੇ ਸਤਿਗੁਰੂ ਦਾ ਸੀਸ ਚਾਂਦਨੀ ਚੌਂਕ ਵਿਚ ਰੋਂਦੀ ਕੁਰਲਾਂਦੀ ਲੋਕਾਈ ਸਾਹਮਣੇ ਕਟ ਦਿੱਤਾ ਗਿਆ—ਪਰ ਅੰਤ ਤਕ ਗੁਰੂ ਸਾਹਿਬ ਨੇ ਆਪਣੇ ਨਿਸ਼ਾਨੇ ਨੂੰ ਨਹੀਂ ਛੱਡਿਆ—ਉਹ ਸ਼ਹਾਦਤ ਤਾਂ ਦੇ ਗਏ ਪਰ ਉਹਨਾਂ ਨੇ ਸੱਚੇ ਮਾਰਗ ਨੂੰ ਹੀ ਅਪਣਾਇਆ।

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥**

*(ਬਚਿੱਤਰ ਨਾਟਕ, ਅਧਿ: ੫)*

ਅਤੇ ਸੱਚ ਹੀ ਸੱਚਾਈ ਦੇ ਅਨੁਯਾਈ ਦੀ ਅੱਜ ਵੀ ਜੈ ਹੈ ਅਤੇ ਇਹ ਮੰਨਣਾ ਹੀ ਪੈਂਦਾ ਹੈ ਕਿ ਆਪ ਜੀ ਨੇ "ਸੀਸੁ ਦੀਆ ਪਰ ਸਿਰਰੁ ਨ ਦੀਆ॥"

(12/1975)

# ਮਹਾਨ ਸ਼ਹਾਦਤ
# ਭਾਰਤ ਦੇ ਪੁਰਾਤਨ ਇਤਿਹਾਸ ਦੇ ਸੰਦਰਭ ਵਿਚ

ਇਕ ਉਹ ਸਮਾਂ ਵੀ ਸੀ ਜਦ ਭਾਰਤ ਦੀ ਧਨ, ਦੌਲਤ, ਇਸਤਰੀਆਂ ਦੀ ਸਿਹਤ ਤੇ ਸੁੰਦਰਤਾ ਅਤੇ ਦੇਸ਼ ਵਿਚ ਵਿਦਿਆ ਤੇ ਸਭਿਆਚਾਰ ਦਾ ਸਿਖਰਾਂ 'ਤੇ ਪੁੱਜੇ ਹੋਣ ਕਾਰਨ ਸੰਸਾਰ ਵਿਚ ਪ੍ਰਸਿੱਧੀ ਹੋ ਚੁੱਕੀ ਸੀ, ਧੁੰਮਾਂ ਪਈਆਂ ਹੋਈਆਂ ਸਨ। ਆਮ ਲੋਕਾਂ ਦਾ ਰਹਿਣ-ਸਹਿਣ ਤੇ ਵਿਵਹਾਰ ਸੱਚਾ-ਸੁੱਚਾ ਤੇ ਪਵਿੱਤਰ ਸੀ। ਬਾਹਰਲੇ ਹਮਲਿਆਂ ਤੋਂ ਪਹਿਲਾਂ ਈਰਾਨ ਦੇ ਬਾਦਸ਼ਾਹ ਦਾ ਵਕੀਲ 'ਅਬਦੁਲ ਰਜ਼ਾਕ' ਜੋ ੭੭੩ ਬਿ. ਨੂੰ ਭਾਰਤ ਵਿਚ ਆਇਆ ਸੀ, ਲਿਖਦਾ ਹੈ ਕਿ ਮੈਂ ਹਿੰਦੁਸਤਾਨ ਵਿਚ ਲੋਕਾਂ ਦੇ ਮਕਾਨਾਂ ਤੇ ਮੰਦਰਾਂ ਉੱਤੇ ਸੋਨੇ ਦੇ ਕਲਸ਼ ਹੀਰਿਆਂ-ਪੰਨਿਆਂ ਨਾਲ ਜੜੇ ਹੋਏ ਵੇਖੇ। ਸਰਾਫ਼ਾਂ ਦੀਆਂ ਦੁਕਾਨਾਂ ਵਿਚ ਸੋਨੇ, ਚਾਂਦੀ, ਮਾਣਕ ਅਤੇ ਹੀਰੇ ਮੋਤੀਆਂ ਦੇ ਢੇਰ ਲੱਗੇ ਪਏ ਸਨ। ਜਦ ਕਲੀਕੋਟ ਦੇ ਰਾਜ ਵਿਚ ਗਿਆ, ਉਥੇ ਸੋਨੇ ਦੀਆਂ ਚੁਗਾਠਾਂ ਅਤੇ ਹੀਰਿਆਂ ਨਾਲ ਜੜਤ ਪਲੰਘ ਵੇਖੇ। ਇਹ ਲਿਖਦਾ ਹੈ ਕਿ ਏਸ ਦੇਸ਼ ਵਿਚ ਸਾਰੀ ਦੁਨੀਆਂ ਨਾਲੋਂ ਲੱਖਾਂ ਗੁਣਾਂ ਵੱਧ ਧਨ ਦੌਲਤ ਹੈ। ਭਾਰਤ ਇਕ ਬਹਿਸ਼ਤ ਹੈ। ਦੁਕਾਨਾਂ ਤੇ ਘਰ ਦੌਲਤ ਨਾਲ ਭਰੇ ਹੋਏ ਬਿਨਾਂ ਜਿੰਦਰੇ ਲਾਏ ਖੁੱਲ੍ਹੇ ਪਏ ਸਨ।

ਕਿਸੇ ਦਾ ਗ਼ੁਲਾਮ ਹੋ ਜਾਣਾ ਇਸ ਲਈ ਬੁਰਾ ਹੈ ਕਿ ਗ਼ੁਲਾਮ ਦਾ ਧਰਮ, ਇੱਜ਼ਤ, ਅਣਖ ਅਤੇ ਸਭਿਆਚਾਰ ਤਾਂ ਕੀ ਜਾਨ-ਮਾਲ ਵੀ ਖ਼ਤਰੇ ਵਿਚ ਪੈ ਜਾਂਦੇ ਹਨ। ਏਹੀ ਹਾਲ ਉਸ ਦੇਸ਼ ਜਾਂ ਕੌਮ ਦਾ ਹੁੰਦਾ ਹੈ ਜੋ ਦੂਸਰੀ ਕੌਮ ਦਾ ਗ਼ੁਲਾਮ ਹੋ ਜਾਵੇ। ਠੀਕ ਇਸੇ ਤਰ੍ਹਾਂ ਭਾਰਤੀ ਕੌਮ ਵੀ ਹੋਈ ਸੀ। ਜਦੋਂ ਇਹ ਸੈਂਕੜੇ ਸਾਲ ਲੋਧੀਆਂ, ਪਠਾਣਾਂ ਤੇ ਮੁਗ਼ਲਾਂ ਦੀ ਗ਼ੁਲਾਮੀ ਵਿਚ ਦਿਨ-ਕਟੀ ਕਰ ਰਹੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਠਾਣਾਂ ਦੇ ਰਾਜ ਦੇ ਅੰਤ ਹੋਣ ਦਾ ਸਮਾਂ ਅਤੇ ਰਾਜ ਪਲਟਾ ਏਮਨਾਬਾਦ (ਸੈਦਪੁਰ) ਦੇ ਮਕਾਮ ਉੱਤੇ ਅੱਖੀਂ ਵੇਖ ਲਿਆ ਸੀ। ਇਹ ਉਹ ਸਮਾਂ ਸੀ ਜਦ ਬਾਬਰ ਨੇ 1521 ਈ. (੧੫੭੮ ਬਿ.) ਨੂੰ ਭਾਰਤ 'ਤੇ ਚੜ੍ਹਾਈ ਕਰਕੇ ਕਤਲਿਆਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਨਵ-ਵਿਆਹੁਤਾ ਸੁੰਦਰ ਇਸਤਰੀਆਂ ਜਿਨ੍ਹਾਂ ਦੇ ਦੰਦ-ਖੰਡ ਦੇ ਚੂੜੇ, ਕੋਮਲ ਬਾਹਾਂ ਦੇ ਸ਼ਿੰਗਾਰ ਬਣੇ ਹੋਏ ਸਨ; ਅਜੇ ਸਿਰ ਦੀਆਂ ਚੀਰਨੀਆਂ ਵਿਚ ਤਾਜ਼ਾ ਹੀ ਸੰਧੂਰ ਲਗਿਆ ਹੋਇਆ ਸੀ, ਉਹਨਾਂ ਨੂੰ ਘਰਾਂ ਵਿਚੋਂ ਕੱਢ ਕੇ, ਜੋ ਉਹਨਾਂ ਮੁਗਲ ਸਿਪਾਹੀਆਂ ਨਾਲ ਜਾਣਾ ਨਹੀਂ ਸੀ ਚਾਹੁੰਦੀਆਂ, ਗਲਾਂ ਵਿਚ ਰੱਸੀਆਂ ਪਾ ਕੇ ਘੜੀਸੀ ਲਿਜਾ ਰਹੇ ਸਨ। ਉਹਨਾਂ ਦੀ ਚੀਕ ਪੁਕਾਰ ਸੁਣਨ ਵਾਲਾ ਕੋਈ ਨਹੀਂ ਸੀ ਰਹਿ ਗਿਆ। ਉਨ੍ਹਾਂ ਦੇ ਸਿਰ ਦੇ ਸਾਈਂ ਤੇ ਘਰ ਦੇ ਹੋਰ ਸਭ ਮੈਂਬਰ ਜੋ ਭੀ ਸਨ, ਕਤਲ ਕਰਕੇ ਲਾਸ਼ਾਂ ਦੇ ਢੇਰ ਲਾ ਦਿੱਤੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਇਹ ਸਭ ਅੱਤਿਆਚਾਰਾਂ ਨੂੰ ਵੇਖ ਕੇ ਦ੍ਰਵ ਗਏ ਅਤੇ ਫ਼ਰਮਾਇਆ :

**ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥**
**ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥.....**
**ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥**
**ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥** *(ਪੰਨਾ ੪੧੭)*

ਇਹ ਉਪੱਦਰ ਕੇਵਲ ਹਿੰਦੂ ਕੌਮ ਦੀਆਂ ਇਸਤਰੀਆਂ 'ਤੇ ਹੀ ਨਹੀਂ ਸੀ ਵਾਪਰ ਰਿਹਾ, ਮੁਗ਼ਲ ਸਿਪਾਹੀਆਂ ਵਲੋਂ ਪਠਾਣ ਇਸਤਰੀਆਂ ਤੇ ਲੜਕੀਆਂ ਉੱਤੇ ਵੀ ਇਹੋ ਜ਼ੁਲਮ ਜਾਂ ਅੱਤਿਆਚਾਰ ਢਾਹਿਆ ਜਾ ਰਿਹਾ ਸੀ।

'ਤੁਜ਼ਕਿ ਬਾਬਰੀ' ਵਿਚ ਸ਼ਾਹ ਬਾਬਰ ਲਿਖਦਾ ਹੈ ਕਿ ਮੈਂ ਆਪਣੀ ਫਤਹਿ ਦੀ ਖ਼ੁਸ਼ੀ ਮਨਾਉਣ ਲਈ ਕਾਫਰਾਂ (ਹਿੰਦੂਆਂ) ਦੇ ਪਿੰਡ ਤੇ ਸ਼ਹਿਰ ਅੱਗ ਲਾ ਕੇ ਫੂਕ ਦਿੰਦਾ ਸਾਂ। ਇਕ ਵਾਰ ਮੇਰੇ ਸਾਹਮਣੇ ਇਤਨੇ ਹਿੰਦੂ ਕਤਲ ਕੀਤੇ ਗਏ ਕਿ ਉਹਨਾਂ ਦਾ ਖ਼ੂਨ ਇੰਨਾ ਬਹਿ ਤੁਰਦਾ ਕਿ ਮੈਨੂੰ ਇਕ ਦਿਨ ਵਿਚ ਤਿੰਨ ਵਾਰ ਤੰਬੂ ਬਦਲਣੇ ਪਏ।

ਅਖ਼ੀਰ ਤੈਮੂਰ ਵੀ ਲਿਖ ਗਿਆ ਹੈ ਕਿ ਮੇਰੇ ਹੁਕਮ ਨਾਲ ਦਿਪਾਲਪੁਰ ਵਿਖੇ 5000 ਹਿੰਦੂ, ਅਯੁੱਧਿਆ ਵਿਚ 10000 ਹਿੰਦੂ, ਬਨਾਰਸ (ਕਾਸ਼ੀ) ਦੇ ਬ੍ਰਾਹਮਣ 3000 ਕਤਲ ਕੀਤੇ ਗਏ। ਲੜਕੇ ਲੜਕੀਆਂ ਜਦ ਗ਼ੁਲਾਮ ਬਣਾ ਕੇ ਲਿਜਾਏ ਗਏ ਉਨ੍ਹਾਂ ਦੇ ਪਿੱਛੇ ਰਹਿੰਦੇ ਮਾਂ-ਬਾਪ ਜਾਂ ਹੋਰ ਸੰਬੰਧੀ 29000 ਹਿੰਦੂ ਕੋਠਿਆਂ ਵਿਚ ਬੰਦ ਕਰ ਕੇ ਸਾੜ ਦਿੱਤੇ ਸਨ।

ਇਸ ਪ੍ਰਕਾਰ ਅੱਤਿਆਚਾਰਾਂ ਦੀ ਅਨ੍ਹੇਰੀ ਨੇ ਕਹਿਰ ਮਚਾ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਉਸ ਸਮੇਂ ਦੇ ਬਾਦਸ਼ਾਹਾਂ ਬਾਰੇ ਫਰਮਾ ਗਏ ਹਨ :

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥** *(ਪੰਨਾ ੧੪੫)*

ਤਥਾ

**ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥** *(ਭਾਈ ਗੁਰਦਾਸ ਜੀ)*

ਉਸ ਸਮੇਂ ਦੇ ਇਤਿਹਾਸ ਵਿਚ ਹਿੰਦੂ ਸਮਾਜ ਵਿਚ ਕੋਈ ਅਜਿਹੀ ਹਸਤੀ ਨਜ਼ਰ ਨਹੀਂ ਆ ਰਹੀ ਜਿਸ ਨੇ ਉਹਨਾਂ ਅੱਤਿਆਚਾਰਾਂ ਨੂੰ ਰੋਕਣ ਦਾ ਉਪਰਾਲਾ ਕੀਤਾ ਹੋਵੇ। ਸਿੱਧ ਲੋਕ ਜੋ ਕੁਝ ਆਤਮਿਕ ਸ਼ਕਤੀਆਂ ਪ੍ਰਾਪਤ ਕਰਕੇ ਰਿਧੀਆਂ ਸਿੱਧੀਆਂ ਵਿਚ ਹੀ ਉਲਝ ਗਏ, ਉਹਨਾਂ ਨੇ ਮਜ਼ਲੂਮਾਂ ਦੀ ਤਾਂ ਕੀ ਸਾਰ ਲੈਣੀ ਸੀ ਮਨੁੱਖੀ ਸਮਾਜ ਤੋਂ ਵੱਖਰਾ ਹੋ ਪਹਾੜਾਂ ਦੀਆਂ ਚੋਟੀਆਂ ਉੱਤੇ ਜਾ ਬੈਠੇ।

**ਸਿਧ ਛਪ ਬੈਠੇ ਪਰਬਤੀਂ, ਕਉਣ ਜਗਤ ਕਉ ਪਾਰ ਉਤਾਰਾ॥**

*(ਭਾਈ ਗੁਰਦਾਸ ਜੀ)*

ਦੇਸ਼ ਦੀ ਖੱਤਰੀ ਕੌਮ ਬਹਾਦਰ ਗਿਣੀ ਜਾਂਦੀ ਸੀ, ਇਹਨਾਂ ਤੋਂ ਦੇਸ਼ ਅਤੇ ਧਰਮ ਦੀ ਰੱਖਿਆ ਦੀ ਆਸ ਹੋ ਸਕਦੀ ਹੈ, ਇਹ ਵੀ ਆਪਣੀ ਅਣਖ ਗੁਆ ਕੇ ਆਪਣੀ ਮਾਤ-ਭਾਸ਼ਾ ਨੂੰ ਤਿਆਗ ਕੇ ਅਰਬੀ ਫ਼ਾਰਸੀ ਪੜ੍ਹਨ ਲੱਗ ਪਏ :

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥** *(ਪੰਨਾ ੬੬੩)*

ਵਿਦਵਾਨ ਪੰਡਤ ਜੋ ਲੋਕਾਂ ਦੀ ਹਰ ਕਾਰਜ ਵਿਚ ਅਗਵਾਈ ਕਰਦੇ ਸਨ, ਮੌਤ ਦੇ ਡਰ ਕਾਰਨ ਆਪਦੀ ਸਭਿਅਤਾ ਨੂੰ ਤਿਲਾਂਜਲੀ ਦੇ ਬੈਠੇ :

**ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥** *(ਪੰਨਾ ੪੭੧)*

**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥** *(ਪੰਨਾ ੪੭੨)*

**ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥** *(ਪੰਨਾ ੧੧੯੧)*

ਰਾਜਪੂਤ ਰਾਜੇ ਆਪਣੀ ਬਹਾਦਰੀ ਕਰਕੇ ਪ੍ਰਸਿੱਧ ਸਨ ਪਰ ਉਹ ਵੀ ਦਿੱਲੀ ਦੇ ਬਾਦਸ਼ਾਹਾਂ ਨੂੰ ਆਪਣੀਆਂ ਲੜਕੀਆਂ ਦਾ ਡੋਲਾ ਦੇ ਕੇ ਇਸ ਵਿਚ ਆਪਣੀ ਮਾਣ-ਵਡਿਆਈ ਸਮਝਣ ਲੱਗ ਪਏ। ਹਿੰਦੂ (ਕੌਮ) ਕਰਮਕਾਂਡਾਂ ਨੂੰ ਹੀ ਆਪਣਾ ਧਰਮ ਸਮਝ ਬੈਠੇ, ਜਿਸ ਕਰਕੇ ਉਨ੍ਹਾਂ ਆਪਣਾ ਆਤਮਕ ਬਲ ਖੋ ਲਿਆ।

ਦੇਸ਼ ਅੰਦਰ ਇਹ ਅਨ੍ਹੇਰ ਗਰਦੀਆਂ ਉਦੋਂ ਤਾਂ ਸਿਖਰਾਂ ਟੱਪ ਗਈਆਂ, ਜਦੋਂ ਔਰੰਗਜ਼ੇਬ ਆਪਣੇ ਬਾਪ ਬਾਦਸ਼ਾਹ ਸ਼ਾਹ ਜਹਾਨ ਨੂੰ ਕੈਦ ਕਰਕੇ ਆਪ ਦਿੱਲੀ ਦੇ ਤਖ਼ਤ ਦਾ ਮਾਲਕ ਬਣ ਬੈਠਾ। ਰਾਜ ਅਧਿਕਾਰ ਸੰਭਾਲਦਿਆਂ ਉਸ ਦੇ ਅੰਦਰ ਮਜ਼ਬੀ ਤੁਅੱਸਬ ਦੀ ਅੱਗ ਭੜਕ ਉਠੀ ਤੇ ਉਸ ਦੇ ਮਨ ਵਿਚ ਖ਼ਿਆਲ ਆਇਆ ਕਿ ਸਾਰੇ ਭਾਰਤ ਵਾਸੀਆਂ ਨੂੰ ਮੈਂ ਆਪਣੇ ਮਜ਼੍ਹਬ ਦੀਨ ਇਸਲਾਮ ਵਿਚ ਲੈ ਆਵਾਂ। ਆਪਣੀ ਇਸ ਇੱਛਾ ਦੀ ਪੂਰਤੀ ਲਈ ਦੇਸ਼ ਦੇ ਸਾਰੇ ਸੂਬਿਆਂ ਨੂੰ ਫ਼ੁਰਮਾਨ ਭੇਜ ਦਿੱਤੇ ਕਿ ਸਾਰੇ ਕਾਫ਼ਰਾਂ ਨੂੰ ਮੁਸਲਮਾਨ ਬਣਾ ਦਿੱਤਾ ਜਾਵੇ। ਕਿਸੇ ਵਿਅਕਤੀ ਨੂੰ ਹੁਣ ਕੋਈ ਅਧਿਕਾਰ ਨਹੀਂ ਹੋਵੇਗਾ ਕਿ ਉਹ ਮੇਰੇ ਮਜ਼ਹਬ ਤੋਂ ਬਿਨਾਂ ਕੋਈ ਹੋਰ ਧਰਮ ਗ੍ਰਹਿਣ ਕਰੇ।

ਹਾਕਮਾਂ ਨੇ ਬਾਦਸ਼ਾਹ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਪਿੰਡਾਂ ਦੇ ਪਿੰਡ ਇਸਲਾਮ ਦੇ ਘੇਰੇ ਵਿਚ ਲਿਆਉਣੇ ਸ਼ੁਰੂ ਕਰ ਦਿੱਤੇ। ਹਿੰਦੂਆਂ ਦੇ ਮੰਦਰ ਢਾਹ ਕੇ ਮਸੀਤਾਂ ਉਸਾਰੀਆਂ ਜਾਣ ਲੱਗੀਆਂ। ਹਿੰਦੂਆਂ ਉੱਤੇ ਬੜੇ ਭਾਰੀ ਟੈਕਸ ਲਗਾ ਦਿੱਤੇ, ਤੀਰਥਾਂ ਤੇ ਮੰਦਰਾਂ ਵਿਚ ਜਾਣ ਉੱਤੇ ਪਾਬੰਦੀ ਲਗਾ ਦਿੱਤੀ। ਸਰਕਾਰੀ ਨੌਕਰੀਆਂ ਵਿਚ ਉਹੀ ਹਿੰਦੂ ਰਹਿਣ ਦਿੱਤੇ ਜਿਨ੍ਹਾਂ ਨੇ ਆਪਣਾ ਧਰਮ ਛੱਡ ਕੇ ਇਸਲਾਮ ਕਬੂਲ ਕਰ ਲਿਆ।

ਵਧੇਰੇ ਸਖ਼ਤੀ ਕਸ਼ਮੀਰ ਦੇ ਪੰਡਤਾਂ ਉੱਤੇ ਹੋਣ ਲੱਗੀ। ਬਾਦਸ਼ਾਹ ਚਾਹੁੰਦਾ ਸੀ ਕਿ ਕਸ਼ਮੀਰ ਵਿਚ, ਜੋ ਇਕ ਬਹਿਸ਼ਤ ਦੀ ਧਰਤੀ ਹੈ, ਕੋਈ ਕਾਫ਼ਰ ਨਾ ਰਹੇ ਦੂਸਰੇ ਬ੍ਰਾਹਮਣ ਹੀ ਦੇਸ਼ ਦੇ ਦੂਜੇ ਲੋਕਾਂ ਦੀ ਹਰ ਕੰਮ ਵਿਚ ਅਗਵਾਈ ਕਰਦੇ ਸਨ। ਹਰ ਕਾਰਜ ਕਰਨ ਤੋਂ ਪਹਿਲਾਂ ਸਭ ਲੋਕ ਪਹਿਲਾਂ ਬ੍ਰਾਹਮਣਾਂ ਦੀ ਰਾਏ ਲੈਂਦੇ ਸਨ। ਜਦ ਕਸ਼ਮੀਰੀ ਪੰਡਤਾਂ ਨੂੰ ਇਸਲਾਮ ਵਿਚ ਲੈ ਆਂਦਾ ਤਾਂ ਦੂਸਰੇ ਹਿੰਦੂ ਉਹਨਾਂ ਨੂੰ ਵੇਖ ਕੇ ਆਪਣੇ ਆਪ ਮੁਸਲਮਾਨ ਬਣ ਜਾਣਾ ਪਸੰਦ ਕਰਨਗੇ।

ਜਦ ਏਸ ਤਰ੍ਹਾਂ ਭਾਰਤ ਵਿਚੋਂ ਹਿੰਦੂ ਧਰਮ ਸਦਾ ਲਈ ਖ਼ਤਮ ਹੋਣ ਲੱਗਾ ਤਾਂ ਕਸ਼ਮੀਰ ਦੇ ਕੁਝ ਆਗੂ ਪੰਡਤਾਂ ਨੇ ਕਸ਼ਮੀਰ ਦੇ ਸੂਬੇ ਅੱਗੇ ਬੇਨਤੀ ਕੀਤੀ ਕਿ ਸਾਨੂੰ ਸੋਚ ਵਿਚਾਰ ਲਈ ਕੁਝ ਮੁਹਲਤ ਦਿੱਤੀ ਜਾਵੇ। ਫੇਰ ਅਸੀਂ ਆਪਣੇ ਆਪ ਮੁਸਲਮਾਨ ਬਣ ਜਾਵਾਂਗੇ। ਇਸ ਤਰ੍ਹਾਂ ਤੁਹਾਨੂੰ ਜਬਰੀ ਤਿਲਕ ਜੰਞੂ ਉਤਾਰਨ ਤੇ ਕਤਲ ਕਰਨ ਦੀ ਲੋੜ ਨਾ ਰਹੇਗੀ।

ਸੂਬੇ ਇਫ਼ਤਖਾਰ ਖ਼ਾਨ ਨੇ ਉਨ੍ਹਾਂ ਨੂੰ ਕੁਝ ਸਮੇਂ ਦੀ ਮੁਹਲਤ ਦੇ ਦਿੱਤੀ। ਕਸ਼ਮੀਰੀ ਪੰਡਤਾਂ

ਨੇ ਹਰਦੁਆਰ, ਰਿਸ਼ੀਕੇਸ਼ ਅਤੇ ਕਾਸ਼ੀ ਆਦਿ ਥਾਵਾਂ 'ਤੇ ਚਿੱਠੀਆਂ ਅਤੇ ਵਿਸ਼ੇਸ਼ ਆਦਮੀ ਭੇਜ ਕੇ ਭਾਰਤ ਦੇ ਉੱਘੇ ਵਿਦਵਾਨ ਪੰਡਤਾਂ ਨੂੰ ਸੱਦਾ ਪੱਤਰਾਂ ਰਾਹੀਂ ਬੁਲਾ ਭੇਜਿਆ। ਕੁਰੂਕਸ਼ੇਤਰ ਦੇ ਮੁਕਾਮ 'ਤੇ ਅਮਰ ਨਾਥ ਦੇ ਮੰਦਰ ਵਿਚ ਇਕ ਭਾਰੀ ਇਕੱਠ ਕੀਤਾ। ਉਸ ਇਕੱਤਰਤਾ ਵਿਚ ਵਿਚਾਰ-ਗੋਚਰ ਵਿਸ਼ਾ ਇਹ ਸੀ ਕਿ ਇਸ ਸਮੇਂ ਹਿੰਦੂ ਧਰਮ ਤੇ ਭਾਰਤੀ ਸੰਸਕ੍ਰਿਤੀ ਕਿਵੇਂ ਕਾਇਮ ਰੱਖੀ ਜਾ ਸਕਦੀ ਹੈ।

ਬਹੁਤ ਸਾਰੇ ਵਿਚਾਰ-ਵਟਾਂਦਰੇ ਉਪਰੰਤ ਇਸ ਗੱਲ 'ਤੇ ਸਭ ਸਹਿਮਤ ਹੋ ਗਏ ਕਿ ਇਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਤੇ ਬਿਰਾਜਮਾਨ ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਪਹੁੰਚ ਕੇ ਉਨ੍ਹਾਂ ਵਲੋਂ ਸਹਾਇਤਾ ਲਈ ਅਰਜ਼ੋਈ ਕੀਤੀ ਜਾਵੇ। ਇਸ ਘੋਰ ਸੰਕਟ ਵਿਚ ਓਹੀ ਸਹਾਈ ਹੋ ਕੇ ਧਰਮ ਦੀ ਰੱਖਿਆ ਕਰਨ ਦੇ ਸਮਰੱਥ ਹਨ।

ਭਾਰਤ ਦੇ ਸਮੂਹ ਬੁੱਧੀਜੀਵੀਆਂ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਜਾਣ ਦੇ ਫੈਸਲੇ ਤੋਂ ਇਹ ਸਿੱਧ ਹੁੰਦਾ ਹੈ ਕਿ ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲੀ ਆਉਂਦੀ ਗੱਦੀ ਦੀ ਪ੍ਰਭੁਤਾ ਭਾਰਤ ਅੰਦਰ ਚੋਟੀ ਤੇ ਪੂਜੀ ਹੋਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਸਾਰੇ ਦੇਸ਼ ਅੰਦਰ ਕੋਨੇ-ਕੋਨੇ ਪਹੁੰਚ ਕੇ ਸਭ ਧਰਮਾਂ ਜਾਂ ਵਿਚਾਰਧਾਰਾ ਦੇ ਆਗੂਆਂ ਨਾਲ ਵਿਚਾਰ-ਗੋਸ਼ਟੀਆਂ ਰਾਹੀਂ ਆਪਣੇ ਚੁਣੇ ਰਾਹ ਦਾ ਪ੍ਰਭਾਵ ਪਾ ਚੁੱਕੇ ਸਨ। ਗੁਰੂ ਸਾਹਿਬਾਨ ਦਾ ਮਨੁੱਖਤਾ ਲਈ ਸਰਬ ਸਾਂਝਾ ਉਪਦੇਸ਼ ਸਰਬੱਤ ਦੇ ਭਲੇ ਦੀ ਸੋਚਣਾ ਅਤੇ ਸਭ ਨਾਲ ਪਿਆਰ ਭਾਵਨਾ ਦੇ ਵਰਤਾਉ ਦੇ ਕਾਰਨ ਭਾਰਤ ਵਾਸੀਆਂ ਦੇ ਦਿਲਾਂ ਅੰਦਰ ਬਹੁਤ ਸਤਿਕਾਰ ਪ੍ਰਾਪਤ ਕਰ ਚੁੱਕੇ ਸਨ।

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਧਰਮ ਖ਼ਾਤਰ ਦਿੱਤੀ ਸ਼ਹਾਦਤ ਨੇ ਗੁਰੂ ਸਾਹਿਬਾਨ ਦੀ ਪ੍ਰਤਿਭਾ ਨੂੰ ਵਧੇਰੇ ਚਮਕਾ ਦਿੱਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਭਗਤੀ ਨਾਲ ਸ਼ਕਤੀ ਦੇ ਸੁਮੇਲ ਕਾਰਨ ਅਤੇ ਮੁਗ਼ਲਾਂ ਦੀ ਫ਼ੌਜ ਨਾਲ ਚਾਰ ਵਾਰ ਦੀ ਸਿੱਧੀ ਟੱਕਰ ਵਿਚ ਫ਼ਤਹਿ ਪ੍ਰਾਪਤ ਕਰਨ ਦੇ ਫਲਸਰੂਪ ਸ਼ਰਧਾਲੂਆਂ ਦੇ ਹੌਸਲੇ ਬੁਲੰਦ ਹੋ ਚੁੱਕੇ ਸਨ। ਇਸ ਦੀ ਸਾਰੇ ਦੇਸ਼ ਵਿਚ ਭਰਪੂਰ ਸ਼ਲਾਘਾ ਹੋ ਰਹੀ ਸੀ। ਗਵਾਲੀਅਰ ਦੇ ਕਿਲ੍ਹੇ ਵਿਚੋਂ ਕੈਦ ਕੀਤੇ 52 ਰਾਜਿਆਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਛੁਡਵਾ ਦਿੱਤਾ। ਇਸ ਕਰਕੇ ਭਾਰਤ ਦੇ ਰਜਵਾੜਿਆਂ ਤੇ ਉਹਨਾਂ ਦੇ ਹੋਰ ਸਭ ਰਿਸ਼ਤੇਦਾਰਾਂ ਅੰਦਰ ਵੀ ਗੁਰੂ ਸਾਹਿਬ ਦਾ ਅਸਰ-ਰਸੂਖ ਸਿਖਰਾਂ 'ਤੇ ਪੁੱਜ ਚੁੱਕਾ ਸੀ। ਮੁਸਲਮਾਨ ਪੀਰਾਂ-ਫਕੀਰਾਂ ਦੇ ਦਿਲਾਂ ਅੰਦਰ ਗੁਰੂ ਵਿਅਕਤੀਆਂ ਦੀ ਬੜੀ ਸ਼ਰਧਾ ਬਣ ਚੁੱਕੀ ਸੀ। ਇਥੋਂ ਤਕ ਕਿ ਬਾਦਸ਼ਾਹ ਦਾ ਸਕਾ ਸਾਂਢੂ ਪੀਰ ਸੈਫਦੀਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬੜਾ ਸ਼ਰਧਾਲੂ ਸੀ।

ਉਪਰੋਕਤ ਹਾਲਾਤਾਂ ਵਿਚ ਭਾਰਤ ਅੰਦਰ ਉੱਘੇ ਵਿਦਵਾਨ ਪੰਡਤਾਂ ਨੂੰ ਗੁਰੂ ਸਾਹਿਬ ਦੇ ਮੁਕਾਬਲੇ 'ਤੇ ਕੋਈ ਹੋਰ ਯੋਗ ਹਸਤੀ ਨਜ਼ਰ ਨਹੀਂ ਆਈ ਜੋ ਉਹਨਾਂ ਦੇ ਧਰਮ ਦੀ ਰੱਖਿਆ ਕਰ ਸਕਦੀ। ਸੋ ਕੁਰੂਕਸ਼ੇਤਰ ਦੇ ਮੁਕਾਮ ਉੱਤੇ ਫੈਸਲੇ ਅਨੁਸਾਰ ਪੰਡਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਪੰਡਤਾਂ ਦਾ ਇਕ ਵਫ਼ਦ ਨੇ ਅਨੰਦਪੁਰ ਸਾਹਿਬ ਗੁਰੂ ਸਾਹਿਬ ਦੀ ਸੇਵਾ ਵਿਚ ਪੁੱਜ ਕੇ ਵਾਪਰ ਰਹੀ ਸਾਰੀ ਵਿਥਿਆ ਸੁਣਾਈ ਤੇ ਧਰਮ ਦੀ ਰੱਖਿਆ ਲਈ ਸਹਾਇਤਾ ਦੇ ਜਾਚਕ ਹੋਏ।

ਗੁਰੂ ਸਾਹਿਬ ਸਾਰੀ ਵਾਰਤਾ ਸੁਣ ਕੇ ਚੁੱਪ ਰਹੇ ਤੇ ਸੋਚਣ ਲੱਗ ਪਏ। ਥੋੜੇ ਸਮੇਂ ਅੰਦਰ ਹੀ ਸੋਚ ਵਿਚਾਰ ਕੇ ਹਿੰਦੂ ਧਰਮ ਨੂੰ ਬਚਾ ਦੇਣ ਦਾ ਹੱਲ ਦੱਸ ਦਿੱਤਾ ਕਿ ਇਸ ਸਮੇਂ ਧਰਮ ਦੀ

ਰੱਖਿਆ ਲਈ ਕੋਈ ਮਹਾਨ ਤੇ ਪਵਿੱਤਰ ਹਸਤੀ ਕੁਰਬਾਨੀ ਦੇਵੇ। ਉਹਨਾਂ ਦਾ ਬਾਲਕ ਪੁੱਤਰ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਜੀ) ਜੋ ਉਸ ਸਮੇਂ ਉਹਨਾਂ ਪਾਸ ਬੈਠਾ ਸੀ, ਸਭ ਕੁਝ ਸੁਣ ਰਿਹਾ ਸੀ, ਨੇ ਕਿਹਾ, "ਪਿਤਾ ਜੀ! ਆਪ ਤੋਂ ਵੱਡੀ ਤੇ ਪਵਿੱਤਰ ਹਸਤੀ ਹੋਰ ਕੌਣ ਹੋ ਸਕਦੀ ਹੈ? ਤੁਸੀਂ ਹੀ ਇਨ੍ਹਾਂ ਸ਼ਰਨ ਆਇਆਂ ਦੀ ਬਾਂਹ ਫੜੋ।"

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਪਣੇ ਬਾਲਕ ਪੁੱਤਰ ਦੀ ਇਹ ਗੱਲ ਸੁਣ ਕੇ ਬੜੀ ਪ੍ਰਸੰਨਤਾ ਹੋਈ, ਭਰੋਸਾ ਹੋਇਆ ਕਿ ਸਾਡੇ ਪਿੱਛੋਂ ਸਿੱਖ ਧਰਮ ਨੂੰ ਸਾਂਭ ਸਕਣਗੇ।

ਗੁਰੂ ਸਾਹਿਬ ਨੇ ਪੰਡਤਾਂ ਨੂੰ ਸੰਬੋਧਨ ਕਰਕੇ ਫ਼ਰਮਾਇਆ, "ਤੁਸੀਂ ਆਪਣੇ ਸੂਬੇ ਰਾਹੀਂ ਬਾਦਸ਼ਾਹ ਔਰੰਗਜ਼ੇਬ ਨੂੰ ਸੰਦੇਸ਼ ਭੇਜ ਦੇਵੋ ਕਿ ਤੁਸੀਂ ਸ੍ਰੀ (ਗੁਰੂ) ਤੇਗ ਬਹਾਦਰ ਨੂੰ ਜੋ ਗੁਰਗੱਦੀ 'ਤੇ ਬਿਰਾਜਮਾਨ ਹਨ, ਉਨ੍ਹਾਂ ਨੂੰ ਮੁਸਲਮਾਨ ਬਣਾ ਲਉ, ਫਿਰ ਅਸੀਂ ਸਭ ਆਪਣੇ ਆਪ ਮੁਸਲਮਾਨ ਬਣ ਜਾਵਾਂਗੇ। ਗੁਰੂ ਸਾਹਿਬ ਦੇ ਇਹ ਬਚਨ ਸੁਣ ਕੇ ਪੰਡਤ ਬਹੁਤ ਖ਼ੁਸ਼ ਹੋਏ ਕਿਉਂਕਿ ਉਹਨਾਂ ਨੂੰ ਪੂਰਨ ਭਰੋਸਾ ਸੀ ਕਿ ਗੁਰੂ ਸਾਹਿਬ ਕਿਸੇ ਵੀ ਹਾਲਤ ਵਿਚ ਆਪਣੇ ਧਰਮ ਤੋਂ ਨਹੀਂ ਡਿੱਗ ਸਕਦੇ।"

ਪੰਡਤਾਂ ਨੇ ਲਾਹੌਰ ਤੇ ਕਸ਼ਮੀਰ ਦੇ ਸੂਬਿਆਂ ਰਾਹੀਂ ਬਾਦਸ਼ਾਹ ਔਰੰਗਜ਼ੇਬ ਨੂੰ ਗੁਰੂ ਜੀ ਦੇ ਕਥਨ ਅਨੁਸਾਰ ਸੁਨੇਹਾ ਭੇਜ ਦਿੱਤਾ।

ਔਰੰਗਜ਼ੇਬ ਜੋ ਉਸ ਸਮੇਂ ਹਸਨ ਅਬਦਾਲ ਸੀ, ਇਹ ਸੁਣ ਕੇ ਬੜਾ ਖ਼ੁਸ਼ ਹੋਇਆ ਕਿ ਇਕ ਵਿਅਕਤੀ ਨੂੰ ਮੁਸਲਮਾਨ ਬਣਾਉਣ ਨਾਲ ਹੋਰ ਸਭ ਹਿੰਦੂ, ਮੁਸਲਮਾਨ ਬਣ ਜਾਣਗੇ। ਉਸੇ ਵੇਲੇ ਹੁਕਮ ਜਾਰੀ ਕਰ ਦਿੱਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਜਾਇਆ ਜਾਵੇ ਤੇ ਉਹਨਾਂ ਨੂੰ ਹਰ ਸੂਰਤ ਵਿਚ ਮੁਸਲਮਾਨ ਬਣਾ ਲਿਆ ਜਾਵੇ।

ਗੁਰੂ ਸਾਹਿਬ ਗ੍ਰਿਫ਼ਤਾਰੀ ਦੇ ਵਾਰੰਟ ਆਉਣ ਤੋਂ ਪਹਿਲਾਂ ਹੀ ਦਿੱਲੀ ਵਲ ਰਵਾਨਾ ਹੋ ਗਏ ਸਨ। ਰਸਤੇ ਵਿਚ ਥਾਂ-ਥਾਂ ਧਰਮ ਪ੍ਰਚਾਰ ਕਰਦੇ ਗਏ। ਅੰਤ ਨੂੰ ਆਪਣੇ ਆਪ ਨੂੰ ਪ੍ਰਗਟ ਕਰਕੇ ਗ੍ਰਿਫ਼ਤਾਰੀ ਦੇ ਦਿੱਤੀ। ਦਿੱਲੀ ਦੇ ਬਹੁਤ ਸਾਰੇ ਬੜੇ ਬੜੇ ਕਾਜ਼ੀਆਂ ਅਤੇ ਸਰਕਾਰੀ-ਅਹਿਲਕਾਰਾਂ ਨੇ ਬਾਦਸ਼ਾਹ ਦੇ ਹੁਕਮ ਅਨੁਸਾਰ ਗੁਰੂ ਸਾਹਿਬ ਨੂੰ ਬਹੁਤ ਵੱਡੇ ਵੱਡੇ ਲਾਲਚ ਦੇਣ ਦਾ ਭਰੋਸਾ ਦਿਵਾਇਆ। ਉਹਨਾਂ ਸਿੱਖ ਧਰਮ ਤੇ ਇਸਲਾਮ ਵਿਚ ਸਮਾਨਤਾ ਦਰਸਾਉਣ ਲਈ ਕਿਹਾ ਕਿ ਤੁਸੀਂ ਤੇ ਅਸੀਂ ਇਕੋ ਖ਼ੁਦਾ ਨੂੰ ਮੰਨਦੇ ਹਾਂ, ਤੁਸੀਂ ਵੀ ਮੂਰਤੀ-ਪੂਜਾ ਦੇ ਵਿਰੁੱਧ ਹੋ ਅਤੇ ਅਸੀਂ ਵੀ ਬੁੱਤ-ਪ੍ਰਸਤੀ ਦੇ ਖ਼ਿਲਾਫ਼ ਹਾਂ। ਫਿਰ ਤੁਹਾਨੂੰ ਇਸਲਾਮ ਕਬੂਲ ਕਰਨ ਵਿਚ ਕੀ ਹਰਜ਼ ਹੈ? ਜਦ ਉਹਨਾਂ ਦੇ ਸਭ ਤਰ੍ਹਾਂ ਦੇ ਯਤਨ ਅਸਫਲ ਹੋ ਗਏ ਤੇ ਗੁਰੂ ਸਾਹਿਬ ਨੇ ਫ਼ਰਮਾਇਆ ਕਿ ਮਨੁੱਖ ਦੀ ਧਾਰਮਿਕ ਆਜ਼ਾਦੀ ਵਿਚ ਕਿਸੇ ਵਲੋਂ ਵੀ ਦਖ਼ਲ ਦੇਣਾ ਬਹੁਤ ਭਾਰੀ ਅਨਿਆਂ ਹੈ। ਹਰ ਮਨੁੱਖ ਦਾ ਇਹ ਮੁੱਢਲਾ ਅਧਿਕਾਰ ਹੈ ਕਿ ਉਹ ਜੋ ਚਾਹੇ, ਧਰਮ ਅਪਣਾਏ, ਕਿਸੇ ਵਿਅਕਤੀ ਜਾਂ ਸ਼ਕਤੀ ਦਾ ਉਸ ਵਿਚ ਦਖ਼ਲ ਦੇਣਾ ਬਹੁਤ ਅਯੋਗ ਹੈ।

ਅੰਤ ਨੂੰ ਕਾਜ਼ੀਆਂ, ਅਹਿਲਕਾਰਾਂ ਨੇ ਗੁਰੂ ਸਾਹਿਬ ਅੱਗੇ ਤਿੰਨ ਸ਼ਰਤਾਂ ਰੱਖੀਆਂ:

1. ਮੁਸਲਮਾਨ ਬਣ ਜਾਓ।
2. ਜੇਕਰ ਤੁਹਾਡੇ ਅੰਦਰ ਕੋਈ ਰੂਹਾਨੀ ਸ਼ਕਤੀ ਹੈ ਤਾਂ ਕਰਾਮਾਤ ਦਿਖਾਓ।
3. ਤਲਵਾਰ ਅੱਗੇ ਸਿਰ ਝੁਕਾ ਕੇ ਆਪਣੀ ਮੌਤ ਕਬੂਲ ਕਰਨੀ ਪਵੇਗੀ।

ਗੁਰੂ ਸਾਹਿਬ ਨੇ ਤਾਂ ਤੀਸਰੀ ਗੱਲ ਹੀ ਪ੍ਰਵਾਨ ਕੀਤੀ। ਬਾਦਸ਼ਾਹ ਨੂੰ ਸਾਰਾ ਬਿਰਤਾਂਤ ਭੇਜ ਦਿੱਤਾ ਗਿਆ ਤੇ ਉਸ ਨੇ ਗੁਰੂ ਸਾਹਿਬ ਨੂੰ ਕਤਲ ਕਰਨ ਦਾ ਹੁਕਮ ਲਿਖ ਭੇਜਿਆ।

ਅਖ਼ੀਰ ਤਕ ਗੁਰੂ ਸਾਹਿਬ ਨੂੰ ਡਰਾਉਣ ਤੇ ਮੌਤ ਦਾ ਭੈ ਦੇਣ ਲਈ ਭਾਈ ਮਤੀ ਦਾਸ ਨੂੰ ਉਹਨਾਂ ਦੇ ਸਾਹਮਣੇ ਆਰੇ ਨਾਲ ਚੀਰ ਕੇ ਦੋ ਟੁਕੜੇ ਕਰ ਦਿੱਤੇ। ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਸਾੜ ਦਿੱਤਾ। ਗੁਰੂ ਸਾਹਿਬ ਇਹ ਸਭ ਕੁਝ ਵੇਖ ਕੇ ਵੀ ਅਡੋਲ ਰਹੇ।

ਅੰਤ ਨੂੰ ਗੁਰੂ ਸਾਹਿਬ ਨੂੰ ਵੀ ਸਰਕਾਰੀ ਜਲਾਦ ਦੀ ਤਲਵਾਰ ਨੇ ਸੀਸ ਧੜ ਨਾਲੋਂ ਜੁਦਾ ਕਰਕੇ ਸ਼ਹੀਦ ਕਰ ਦਿੱਤਾ:

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਆ ਪਰੁ ਸੀ ਨ ਉਚਰੀ॥੧੩॥** *(ਬਚਿਤ੍ਰ ਨਾਟਕ)*

ਮਹਾਨ ਸ਼ਕਤੀਸ਼ਾਲੀ ਬਾਦਸ਼ਾਹ ਜਿਸ ਦੇ ਪਾਸ ਬੇਅੰਤ ਫ਼ੌਜ ਹੋਵੇ ਅਤੇ ਜਿਸ ਦੇ ਹੁਕਮ ਬਿਨਾਂ ਸਾਰੇ ਭਾਰਤ ਅੰਦਰ ਪੱਤਾ ਨਾ ਹਿਲਦਾ ਹੋਵੇ, ਮਹਾਨ ਪਵਿੱਤਰ ਆਤਮਾ ਦੇ ਮਾਲਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਉਸ ਦੇ ਜ਼ੁਲਮ ਅਤੇ ਅਤਿਆਚਾਰਾਂ ਨੂੰ ਸਦਾ ਲਈ ਨਸ਼ਟ ਕਰ ਦਿੱਤਾ।

ਹਿੰਦੂ ਧਰਮ ਤੇ ਭਾਰਤੀ ਸੰਸਕ੍ਰਿਤੀ ਬਚਾ ਲਈ ਜਿਸ ਦੇ ਫਲਸਰੂਪ ਹਿੰਦੂ ਸਮਾਜ ਮੁੜ ਪ੍ਰਫੁੱਲਤ ਹੋ ਗਿਆ। ਇਸ ਪ੍ਰਕਾਰ ਗੁਰੂ ਸਾਹਿਬ ਨੇ ਮਨੁੱਖਤਾ ਦੇ ਇਕ ਆਦਰਸ਼ ਦੀ ਬੁਨਿਆਦ ਰੱਖ ਦਿੱਤੀ ਕਿ ਹਰ ਪ੍ਰਾਣੀ ਦਾ ਫ਼ਰਜ਼ ਬਣਦਾ ਹੈ ਕਿ ਜੇਕਰ ਕਿਸੇ ਗਰੀਬ ਜਾਂ ਨਿਤਾਣੇ ਉੱਤੇ ਕਿਸੇ ਸ਼ਕਤੀ ਜਾਂ ਵਿਅਕਤੀ ਵਲੋਂ ਅਨਿਆਂ ਜਾਂ ਅਤਿਆਚਾਰ ਹੁੰਦਾ ਹੋਵੇ ਉਸ ਦੀ ਸਹਾਇਤਾ ਕੀਤੀ ਜਾਵੇ:

ਬਾਂਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਂਹਿ ਨਹਿ ਛੋੜੀਐ॥
ਤੇਗ ਬਹਾਦਰ ਬੋਲਿਆ ਧਰ ਪਈਐ, ਧਰਮ ਨ ਛੋੜੀਐ॥

*(ਭੱਟ ਨਰਬਦ)*

ਭਾਵ ਜਿਸ ਨੂੰ ਸਹਾਇਤਾ ਦੇਣ ਦਾ ਬਚਨ ਦਿੱਤਾ ਜਾਵੇ, ਪਾਵੇਂ ਕਿੰਨਾ ਵੀ ਕਸ਼ਟ ਉਠਾਣਾ ਪਵੇ ਜਾਂ ਆਪਣੇ ਜੀਵਨ ਦੀ ਕੁਰਬਾਨੀ ਵੀ ਕਿਉਂ ਨਾ ਦੇਣੀ ਪਵੇ, ਉਸ ਦੀ ਸਹਾਇਤਾ ਕੀਤੀ ਜਾਵੇ।

ਆਪਣੇ ਧਰਮ ਜਾਂ ਆਦਰਸ਼ ਉੱਤੇ ਦ੍ਰਿੜ੍ਹ ਰਹਿਣਾ ਚਾਹੀਦਾ ਹੈ। ਜੀਵਨ ਦੇਣਾ ਪੈ ਜਾਵੇ ਤਾਂ ਦੇ ਦਿੱਤਾ ਜਾਵੇ ਪਰ ਆਪਣੇ ਧਰਮ 'ਤੇ ਕਾਇਮ ਰਿਹਾ ਜਾਵੇ।

ਸੰਸਾਰ ਅੰਦਰ ਭਾਵੇਂ ਬਹੁਤ ਪੁਰਸ਼ਾਂ ਨੇ ਆਪਣੇ ਦੇਸ਼, ਕੌਮ ਜਾਂ ਆਪਣੇ ਧਰਮ ਨੂੰ ਬਚਾਉਣ ਲਈ ਕੁਰਬਾਨੀਆਂ ਦਿੱਤੀਆਂ ਹੋਣਗੀਆਂ ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੋਰਨਾਂ ਦੇ ਧਰਮ ਨੂੰ ਬਚਾਉਣ ਲਈ ਮਨੁੱਖਤਾ ਦੇ ਮੁੱਢਲੇ ਅਧਿਕਾਰਾਂ ਧਾਰਮਿਕ ਆਜ਼ਾਦੀ ਲਈ ਸ਼ਹਾਦਤ ਦਿੱਤੀ ਸੀ।

ਉਪਰੋਕਤ ਸੱਚਾਈ ਭਰਪੂਰ ਇਤਿਹਾਸਕ ਘਟਨਾ ਤੋਂ ਜੋ 11 ਨਵੰਬਰ 1675 ਨੂੰ ਦਿੱਲੀ

ਵਿਚ ਵਾਪਰੀ ਸੀ, ਸਿੱਧ ਹੁੰਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸੰਸਾਰ ਅੰਦਰ ਅਦੁੱਤੀ ਤੇ ਬੇ-ਮਿਸਾਲ ਹੈ ਤਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਫ਼ੁਰਮਾਇਆ ਹੈ:

**ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ॥੧੫॥**

*(ਬਚਿੱਤਰ ਨਾਟਕ, ਅਧਿ: ੫)*

ਅੱਜ ਉਸ ਮਹਾਨ ਗੁਰਦੇਵ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵਾਲੀ ਥਾਂ ਹਰ ਰੋਜ਼ ਹਜ਼ਾਰਾਂ ਲੋਕਾਂ ਦੇ ਬੜੇ ਸਤਿਕਾਰ ਨਾਲ ਸਿਰ ਝੁਕਦੇ ਹਨ।

(12/1975)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ

ਸੰਨ 1675 ਵਿਚ ਸੂਫ਼ੀਆਂ ਦੇ ਬੇਤਾਜ ਬਾਦਸ਼ਾਹ ਸਰਮਦ ਨੇ ਮਾਨਵੀ ਪ੍ਰੇਮ ਦਾ ਨੂਰ ਫੈਲਾਉਂਦਿਆਂ ਮੁਗ਼ਲ ਸਮਰਾਟ ਔਰੰਗਜ਼ੇਬ ਦੀ ਸਿਖ਼ਰ 'ਤੇ ਪਹੁੰਚੀ ਧਾਰਮਿਕ ਕੱਟੜਤਾ ਦੀ ਅੱਗ ਨੂੰ ਆਪਣੇ ਬਲਿਦਾਨ ਦੇ ਅੰਮ੍ਰਿਤੀ ਕਤਰਿਆਂ ਨਾਲ ਠੰਡਾ ਕਰਦਿਆਂ ਕਿਹਾ:

> "The incident of Mansur was forgotten through passage of time. By ordering my crucifixion once more be re-newed the tale of great love."

ਭਾਵ—ਸਮੇਂ ਦੀ ਰਫ਼ਤਾਰ ਨਾਲ ਮਨਸੂਰ ਦੀ ਸ਼ਹਾਦਤ ਨੂੰ ਭੁਲਾ ਦਿੱਤਾ ਗਿਆ ਸੀ, ਅੱਜ ਮੇਰੀ ਮੌਤ ਨਾਲ ਰੱਬੀ ਇਸ਼ਕ ਦਾ ਅਫ਼ਸਾਨਾ ਸੁਰਜੀਤ ਹੋ ਰਿਹਾ ਹੈ।

ਪਰ ਇਕ ਤੇਜੱਸਵੀ ਦਰਵੇਸ਼, ਜ਼ਿੰਦਗੀ ਤੋਂ ਵਿਰੱਕਤ ਸੂਫ਼ੀ ਫ਼ਕੀਰ, ਮਸਤ ਅਲਬੇਲੇ ਰੌਸ਼ਨ ਜ਼ਮੀਰ ਸ਼ਾਇਰ ਨੂੰ ਕਤਲ ਕਰਕੇ ਔਰੰਗਜ਼ੇਬ ਦੇ ਦਿਲ ਦੀ ਜੁਆਲਾ ਸੀਤਲ ਹੋਣ ਦੀ ਥਾਂ ਹੋਰ ਵੀ ਭੜਕ ਉੱਠੀ। ਸ਼ਾਇਦ ਪਿਤਾ ਨੂੰ ਪਿਆਸਾ ਤੜਫਾਉਣ ਵਾਲੇ ਜ਼ਾਲਮ ਸ਼ਾਹ ਨੂੰ ਆਪਣੀ ਤੰਗ ਨਜ਼ਰੀ ਨਾਲ ਹੀ ਪਿਆਰ ਸੀ। ਸ਼ਾਇਦ ਜਾਬਰ ਆਲਮਗੀਰ ਦੀ ਖ਼ੂਨੀ ਤਲਵਾਰ ਅਜੇ ਮਾਸੂਮਾਂ ਦੇ ਖ਼ੂਨ ਦੀ ਪਿਆਸੀ ਸੀ। ਸ਼ਾਇਦ ਅਜੇ ਸ਼ਹੀਦਾਂ ਦੇ ਸਿਰਤਾਜ, ਜੁਝਾਰ ਜੀਵਨ ਦੇ ਸੱਚੇ ਸਮਰਾਟ ਦੀ ਸ਼ਹੀਦੀ ਬਾਕੀ ਸੀ। ਸਮੇਂ ਦੇ ਮਹਾਨ ਤਾਜਦਾਰ, ਸ਼ਰ੍ਹਾ ਦੇ ਅਨੋਖੇ ਵਿਆਖਿਆਕਾਰ ਔਰੰਗਜ਼ੇਬ ਦੀ ਘਿਰਣਾ ਬਿਜਲੀ ਬਣ ਕੇ ਕੜਕ ਉੱਠੀ। ਸਹਿਮੇ ਹੋਏ ਪੰਛੀਆਂ ਵਾਂਗ ਮਜ਼ਲੂਮ ਕੁਰਲਾ ਰਹੇ ਸਨ। ਉਨ੍ਹਾਂ ਨੂੰ ਜ਼ਲੀਲ ਕਰਕੇ ਹਰ ਹੀਲੇ ਨਾਲ ਜਬਰੀ ਧਰਮ ਬਦਲਣ ਲਈ ਕਿਹਾ ਜਾ ਰਿਹਾ ਸੀ। ਔਰੰਗਜ਼ੇਬ ਭਾਰਤੀ ਸਭਿਆਚਾਰ ਨੂੰ ਨਸ਼ਟ ਕਰਨ ਅਤੇ ਖਿੜੇ ਗੁਲਸਤਾਨ ਨੂੰ ਕਬਰਸਤਾਨ ਵਿਚ ਬਦਲਣ 'ਤੇ ਤੁਲਿਆ ਹੋਇਆ ਸੀ। ਸਭਿਆਚਾਰ ਕਿਸੇ ਕੌਮ ਦੇ ਖੁਸ਼ਨੁਮਾ ਜੀਵਨ ਦਾ ਦਰਪਨ ਹੁੰਦਾ ਹੈ ਪਰ ਧਰਮ ਦੇ ਇਸ ਝੂਠੇ ਦਾਅਵੇਦਾਰ ਨੂੰ ਇਸ ਵਿਚੋਂ ਆਪਣੀ ਹੀ ਤਾਨਾਸ਼ਾਹੀ ਦਾ ਚੰਗੇਜ਼ੀ ਚਿਹਰਾ-ਮੋਹਰਾ ਨਜ਼ਰ ਆਇਆ। ਕਿਸੇ ਮਿਥਿਹਾਸਕ ਦੈਂਤ ਵਾਂਗ ਕੁਦਰਤ ਦੇ ਜੀਉਂਦੇ ਜਾਗਦੇ ਮਨੁੱਖੀ ਚਿੱਤਰਾਂ ਨੂੰ ਵਿਗਾੜਨ ਵਿਚ ਅਖੌਤੀ ਪਾਰਸਾਂ ਔਰੰਗਜ਼ੇਬ ਨੂੰ ਗੌਰਵ ਅਨੁਭਵ ਹੁੰਦਾ ਸੀ। ਪਰ ਇਹ ਭੁੱਲੜ ਭੁੱਲ ਚੁਕਿਆ ਸੀ ਕਿ ਮਿਥਿਹਾਸ ਵਿਚ ਇਕ ਪ੍ਰੋਮੀਥੀਅਸ ਵੀ ਹੋਇਆ ਹੈ ਜਿਹੜਾ ਮਾਨਵਤਾ ਨੂੰ ਜੀਵਤ ਰੱਖਣ ਲਈ, ਆਪਣੀ ਜਾਨ ਤਲੀ 'ਤੇ ਰੱਖ ਕੇ, ਸੂਰਜ ਤੋਂ ਰੌਸ਼ਨੀ ਲਿਆਇਆ ਸੀ। ਮਜ਼ਹਬੀ ਜਨੂੰਨ ਵਿਚ ਉਹ ਰਵਾਦਾਰੀ, ਉਦਾਰਤਾ ਅਤੇ ਸਦਭਾਵਨਾ ਨੂੰ ਛਿੱਕੇ 'ਤੇ ਟੰਗ ਕੇ ਅੱਲ੍ਹਾ ਨੂੰ ਰੱਬ-ਉਲ ਆਲਮੀਨ ਦੀ ਥਾਂ ਕੇਵਲ ਰੱਬ-ਉਲ ਮੁਸਲਮੀਨ ਸਮਝ ਬੈਠਾ। ਗ਼ੈਰ ਮੁਸਲਮਾਨਾਂ ਤੇ ਉਸ ਦੇ ਜਬਰ ਨੂੰ ਦੇਖ ਮਾਨਵਤਾ ਦੇ ਪੈਰੀਂ ਛਾਲੇ ਪੈ ਗਏ। ਇਤਿਹਾਸ

ਦਾ ਸਿਰ ਨੀਵਾਂ ਹੋ ਗਿਆ। ਭਾਰਤੀ ਸਭਿਆਚਾਰ ਦੀਆਂ ਹਰੀਆਂ-ਭਰੀਆਂ ਲਗਰਾਂ ਪੱਤਝੜ ਦੀਆਂ ਉਦਾਸ ਸ਼ਾਖਾਂ ਬਣ ਕੇ ਰਹਿ ਗਈਆਂ।

ਇਸ ਸਮੇਂ ਮਾਨਵੀ ਕਦਰਾਂ-ਕੀਮਤਾਂ, ਮਹਾਨ ਸਰਬ-ਸਾਂਝੇ ਭਾਰਤੀ ਵਿਰਸੇ ਦੇ ਕਾਤਲ ਔਰੰਗਜ਼ੇਬ ਦੇ ਤੂਫ਼ਾਨੀ ਕਹਿਰ ਤੋਂ ਮਨੁੱਖੀ-ਪ੍ਰੇਮ ਦੀ ਸ਼ਮ੍ਹਾ ਨੂੰ ਬਚਾਉਣ ਲਈ ਕਿਸੇ ਦੀਦਾਵਰ, ਮਨੁੱਖਤਾ ਦੇ ਨਿਸ਼ਕਾਮ ਸੇਵਕ, ਕੌਮੀ ਪਰਵਾਨੇ, ਪੂਰਨ ਪੁਰਖ, ਆਦਰਸ਼ ਸ਼ਖ਼ਸੀਅਤ ਦੀ ਲੋੜ ਸੀ। ਅੰਤ ਦਾਰਾ ਜਿਹੇ ਫਰਿਸ਼ਤਾ ਸੀਰਤ ਭਰਾ ਦਾ ਕਾਤਲ ਔਰੰਗਜ਼ੇਬ ਸਮੇਂ ਦੀਆਂ ਸੂਈਆਂ ਨੂੰ ਉਲਟਾ ਘੁਮਾਉਂਦਾ-ਘੁਮਾਉਂਦਾ ਵਿਸ਼ਾਲ ਮੁਗ਼ਲੀਆ ਰਾਜ ਨੂੰ ਲੁਟਾ ਬੈਠਾ ਪਰ ਇਸ ਤੋਂ ਪਹਿਲਾਂ ਉਹ ਮਾਨਵਤਾ ਦੇ ਨਾਯਾਬ ਸਰਮਾਏ ਨੂੰ ਲੁੱਟ ਚੁੱਕਿਆ ਸੀ। ਮਾਨਵਤਾ ਦਾ ਇਹ ਨਾਯਾਬ ਸਰਮਾਇਆ ਸੁਲਹ-ਕੁਲ ਭਾਵ ਦਾ ਅਨੂਪਮ ਗੁਲਾਬ, ਕੁਦਰਤ ਦਾ ਅਦੁੱਤੀ ਸ਼ਾਹਕਾਰ, ਅਮਨ-ਸ਼ਾਂਤੀ ਦਾ ਗੁਲਾਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ 1621 ਵਿਖੇ ਪ੍ਰਗਟ ਹੋਇਆ।

ਔਰੰਗਜ਼ੇਬ ਵਲੋਂ ਭੇਜੇ ਗਏ ਕਸ਼ਮੀਰ ਦੇ ਗਵਰਨਰ 'ਸ਼ੇਰ ਅਫ਼ਗਾਨ ਖ਼ਾਨ' ਨੇ ਤਾਂ ਜ਼ੁਲਮ ਦੀ ਹੱਦ ਹੀ ਕਰ ਦਿੱਤੀ, ਕਸ਼ਮੀਰ ਦੇ ਹਿੰਦੂ ਕੁਰਲਾ ਉਠੇ ਕਿਉਂ ਜੋ ਸ਼ਕਤੀਸ਼ਾਲੀ ਮੁਗ਼ਲੀਆ ਸਾਮਰਾਜ ਨਾਲ ਟੱਕਰ ਲੈਣੀ ਕੋਈ ਸੌਖੀ ਗੱਲ ਨਹੀਂ ਸੀ। ਜ਼ੁਲਮ ਦੇ ਇਸ ਘੁਪ ਹਨੇਰੇ ਤੋਂ ਦੂਰ, ਅਨੰਦਪੁਰ ਵਿਖੇ ਸੂਰਜ ਨੂੰ ਵੀ ਸ਼ਰਮਾਅ ਦੇਣ ਵਾਲੀ, ਨਵੀਂ ਨਰੋਈ ਸੁਚੱਜੀ ਜ਼ਿੰਦਗੀ ਨੂੰ ਬਹਾਲ ਕਰਨ ਵਾਲੀ ਸ਼ਮ੍ਹਾ 'ਸ੍ਰੀ ਗੁਰੂ ਤੇਗ ਬਹਾਦਰ' ਦੇ ਰੂਪ ਵਿਚ ਆਪਣੇ ਪੂਰੇ ਜਲਾਲ 'ਚ ਰੌਸ਼ਨ ਸੀ। ਅੰਤ ਉੱਘੇ ਕਸ਼ਮੀਰੀ ਪੰਡਤ ਇਸ ਮਿਹਰਾਂ ਦੇ ਸੂਰਜ, ਲੋਕ ਹਿੱਤਾਂ ਦੇ ਰਾਖੇ ਅਤੇ ਗੌਰਵਸ਼ਾਲੀ ਯੋਧੇ ਦੇ ਦਰ 'ਤੇ ਆ ਫਰਿਆਦੀ ਹੋਏ। ਗੁਰੂ ਸਾਹਿਬਾਨ ਦੇ ਦਰ 'ਤੇ ਆਇਆ ਕੋਈ ਸਵਾਲੀ ਭਲਾ ਕਿਵੇਂ ਖ਼ਾਲੀ ਜਾ ਸਕਦਾ ਸੀ ? ਦੂਰ-ਅਰਸ਼ੀ ਪ੍ਰਤਿਭਾਸ਼ਾਲੀ ਬਾਲ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਭਾਰਤ ਨੂੰ ਅਨਾਥ ਹੋਣੋਂ ਬਚਾਉਣ ਲਈ ਖ਼ੁਦ ਅਨਾਥ ਹੋਣਾ ਖਿੜੇ ਮੱਥੇ ਕਬੂਲ ਹੀ ਨਹੀਂ ਕੀਤਾ ਸਗੋਂ ਆਪਣੇ ਕਰਮ-ਯੋਗੀ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਨ ਆਇਆਂ ਦੇ ਧਰਮ-ਈਮਾਨ ਦੀ ਰੱਖਿਆ ਕਰਨ ਲਈ ਪ੍ਰੇਰਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਭਵਿੱਖ ਦੀ ਭਾਗਸ਼ਾਲੀ ਕਰੂੰਬਲ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) 'ਤੇ ਪੂਰਨ ਵਿਸ਼ਵਾਸ ਸੀ ਕਿ ਉਨ੍ਹਾਂ ਦੀ ਸ਼ਹੀਦੀ ਅਜਾਈਂ ਨਹੀਂ ਜਾਵੇਗੀ। ਗੁਰੂ ਜੀ ਪਹਿਲਾਂ ਹੀ ਉਸ ਮੁਕਾਮ 'ਤੇ ਸਨ ਜਿਥੇ ਇਕ ਪੂਰਨ ਆਦਰਸ਼ ਸ਼ਖ਼ਸੀਅਤ ਵਲੋਂ ਖੁਸ਼ਨੁਮਾ ਜੀਵਨ ਦਾ ਭਰਪੂਰ ਪਿਆਲਾ ਸ਼ਹਾਦਤ ਦੇ ਛਲਕਦੇ ਹੋਏ ਜਾਮ ਨਾਲ ਹੱਸ ਕੇ ਬਦਲ ਲਿਆ ਜਾਂਦਾ ਹੈ। ਉਨ੍ਹਾਂ ਹਿੰਦੂਆਂ ਦੇ ਪ੍ਰਤੀਨਿਧਾਂ ਨੂੰ ਕਹਿ ਦਿੱਤਾ ਕਿ "ਉਹ ਸਮੇਂ ਦੀ ਸਰਕਾਰ ਨੂੰ ਕਹਿ ਦੇਣ ਕਿ ਜੇ ਸ੍ਰੀ ਗੁਰੂ ਤੇਗ ਬਹਾਦਰ ਮੁਸਲਮਾਨ ਬਣ ਜਾਣ ਤਾਂ ਅਸੀਂ ਵੀ ਸਾਰੇ ਮੁਸਲਮਾਨ ਬਣ ਜਾਵਾਂਗੇ।" ਇਹ ਪੈਗ਼ਾਮ ਮਿਲਦਿਆਂ ਹੀ ਔਰੰਗਜ਼ੇਬ ਨੂੰ ਸਾਰਾ ਭਾਰਤ ਦਿਆਰੇ-ਇਸਲਾਮ ਵਿਚ ਬਣਦਾ ਹੋਇਆ ਨਜ਼ਰ ਆਇਆ, ਕਿਉਂ ਜੋ ਉਸ ਦੀ ਖ਼ੂਨੀ ਤਲਵਾਰ ਸਹਿਜੇ ਹੀ ਸਰਮਦ ਜਿਹੇ ਸੂਫ਼ੀ ਦਰਵੇਸ਼ਾਂ ਨਾਲ ਖ਼ੂਨ ਦੀ ਹੋਲੀ ਖੇਲ ਚੁੱਕੀ ਸੀ।

ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੁਏ ਕਾਤਿਲ ਮੇਂ ਹੈ।

ਦੇ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਰੱਬੀ ਨੂਰ ਦਾ ਅੰਮ੍ਰਿਤ ਛਲਕਾਉਂਦੇ, ਧਾਰਮਿਕ ਆਜ਼ਾਦੀ ਦਾ ਪ੍ਰਚਾਰ ਕਰਕੇ, ਮਨੁੱਖੀ ਮਨਾਂ ਨੂੰ ਨਿਰਭੈਤਾ ਬਖਸ਼ਦੇ:

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥** *(ਪੰਨਾ ੧੪੨੭)*

ਪਰਵਾਨਾਵਾਰ ਖੰਡੇ ਦੀ ਧਾਰ ਨਾਲੋਂ ਤਿੱਖੇ ਸ਼ਹੀਦੀ ਮਾਰਗ 'ਤੇ ਤੁਰ ਪਏ।

ਔਰੰਗਜ਼ੇਬ ਦੇ ਆਦੇਸ਼ਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਉਨ੍ਹਾਂ ਦੇ ਪੰਜ ਸਾਥੀਆਂ ਸਮੇਤ ਬੰਦੀ ਬਣਾ ਲਿਆ ਗਿਆ। ਉਨ੍ਹਾਂ ਜ਼ਾਲਮਾਂ ਨੂੰ ਕੀ ਸਾਰ ਕਿ ਨੂਰਾਨੀ ਨੂਰ ਕਦੇ ਕੈਦ ਨਹੀਂ ਹੁੰਦਾ, ਹੁਸਨਿ-ਇਲਾਹੀ ਕਦੇ ਜ਼ਰਦ (ਪੀਲਾ) ਨਹੀਂ ਪੈਂਦਾ। ਹੰਢੇ ਹੋਏ ਸ਼ਿਕਾਰੀਆਂ ਵਾਂਗ ਜ਼ਾਲਮਾਂ ਵਲੋਂ ਗੁਰੂ ਜੀ ਅੱਗੇ ਧਰਮ ਬਦਲੀ ਦਾ ਸੁਨਹਿਰੀ ਪਿਆਲਾ ਰੱਖਿਆ ਗਿਆ। ਸੱਚ ਦੇ ਇਸ ਆਸ਼ਕ ਨੇ ਕੁਫ਼ਰ ਦਾ ਇਹ ਪਿਆਲਾ ਠੁਕਰਾਇਆ ਹੀ ਨਹੀਂ ਸਗੋਂ ਚੂਰ ਚੂਰ ਕਰ ਦਿੱਤਾ। ਸਮੇਂ ਦੇ ਹਾਕਮਾਂ ਨੇ ਗੁਰੂ ਜੀ ਨੂੰ ਭੈ-ਭੀਤ ਕਰਨ ਲਈ, ਉਨ੍ਹਾਂ ਦੇ ਤਿੰਨ ਸਾਥੀਆਂ ਨੂੰ ਘੋਰ ਤਸੀਹੇ ਦੇ ਕੇ ਉਨ੍ਹਾਂ ਦੇ ਸਾਹਮਣੇ ਸ਼ਹੀਦ ਕਰ ਦਿੱਤਾ, ਪਰ ਗੁਰੂ ਜੀ ਦੀ ਅਡੋਲਤਾ ਦਾ ਚਮਤਕਾਰ ਦੇਖ ਸਮੁੱਚੀ ਕਾਇਨਾਤ ਦੰਗ ਰਹਿ ਗਈ। ਅੰਤ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਧਾਰਮਿਕ ਸੁਤੰਤਰਤਾ ਦੇ ਪਹਿਰੇਦਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ 11 ਨਵੰਬਰ, 1675 ਈ. ਵਿਚ ਸ਼ਹੀਦ ਕਰ ਦਿੱਤਾ। ਗੁਰੂ ਜੀ ਮਾਨਵਤਾ ਹਿੱਤ ਅੱਤਿਆਚਾਰ ਅਤੇ ਦਮਨ ਨੂੰ ਵੰਗਾਰਦੇ ਹੋਏ ਸ਼ਹੀਦ ਹੋ ਗਏ। ਹਰ ਪਾਸੇ ਖਾਮੋਸ਼ੀ ਛਾ ਗਈ, ਪਰ ਇਹ ਪਲ ਭਰ ਦੀ ਖਾਮੋਸ਼ੀ ਕਿਸੇ ਤੂਫ਼ਾਨ ਨੂੰ ਜਨਮ ਦੇ ਗਈ ਅਤੇ ਔਰੰਗਜ਼ੇਬ ਦੀ ਆਲਮਗੀਰੀ ਇਸ ਤੁਫਾਨ ਦੇ ਸਾਹਮਣੇ ਦਮ ਤੋੜ ਕੇ ਰਹਿ ਗਈ।

ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਹਿੰਦੂਆਂ ਵਿਚ ਗੁਰੂ ਜੀ ਦਾ ਸਨਮਾਨ ਅਤੇ ਸਿੱਖਾਂ ਵਿਚ ਜ਼ਾਲਮ ਮੁਗ਼ਲੀਆ ਸਰਕਾਰ ਪ੍ਰਤੀ ਰੋਸ ਦੀ ਭਾਵਨਾ ਦਿਨ ਰਾਤ ਵਧਣ ਲੱਗੀ। ਇਸ ਮਹਾਨ ਸ਼ਹਾਦਤ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਸ਼ਵਾਲਕ ਪਰਬਤਾਂ ਦੇ ਦਾਮਨ 'ਚ ਅਨੰਦਪੁਰ ਵਿਖੇ ਇਕ ਇਨਕਲਾਬ ਹੋਂਦ ਵਿਚ ਆਇਆ, ਇਕ ਕ੍ਰਾਂਤੀ ਬੁਲੰਦ ਹੋਈ, ਇਕ ਮਰਦ ਅਗੰਮੜੇ ਨੇ ਸਿਰ ਉਠਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਹ ਸ਼ਬਦ ਹਰ ਪਾਸੇ ਗੂੰਜ ਉਠੇ:

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥** *(ਪੰਨਾ ੧੪੨੯)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਮਜ਼ੋਰ ਦਿਲਾਂ ਨੂੰ ਖ਼ੂਨਿ-ਸ਼ਹਾਦਤ ਦੇ ਲਬਰੇਜ਼ ਜਾਮ ਪਿਲਾ ਇਨਕਲਾਬੀ ਪ੍ਰਭਾਤ ਨੂੰ ਜਨਮ ਦਿੱਤਾ। 1699 ਈ. ਵਿਚ ਵਿਸਾਖੀ ਦੇ ਸ਼ੁਭ ਦਿਹਾੜੇ ਵਾਪਰੀ, ਇਹ ਕ੍ਰਾਂਤੀ ਵਿਸ਼ਵ ਕ੍ਰਾਂਤੀਆਂ ਵਿਚੋਂ ਸਰ ਬੁਲੰਦ ਹੈ। ਇਸ ਦਿਨ ਗੁਰੂ ਜੀ ਨੇ ਆਪਣੇ ਰੂਹਾਨੀ ਖ਼ਜ਼ਾਨੇ ਵਿਚੋਂ ਜ਼ੁਲਮ ਵਿਰੁੱਧ ਲੜਨ ਲਈ, ਇਕ ਨਵੀਂ ਕੌਮ ਨੂੰ ਜਨਮ ਦਿੱਤਾ—ਖ਼ਾਲਸਾ ਸਾਜਿਆ। ਕਿਸ਼ੇ ਸ਼ਾਇਰ ਨੇ ਬੜਾ ਸੁੰਦਰ ਲਿਖਿਆ ਹੈ:

ਗੁਰੂ ਗੋਬਿੰਦ ਸਿੰਘ ਨੇ ਰੂਹ ਵੋਹ ਸੰਗਤ ਮੇਂ ਫੂੰਕੀ ਥੀ,
ਕਲੇਜਾ ਹਾਥ ਭਰ ਕਾ ਅਬ ਭੀ ਹੈ ਹਰ ਸਿੱਖ ਸਰਾਹੀ ਕਾ।

ਗੁਰੂ ਜੀ ਨੇ ਇਕੋ ਬਾਟੇ ਵਿਚੋਂ ਸਭ ਨੂੰ ਅੰਮ੍ਰਿਤ ਪਿਲਾ, ਜ਼ਾਤ-ਪਾਤ ਦੇ ਪਰਖਚੇ ਉਡਾ

ਦਿੱਤੇ ਅਤੇ ਮੁਰਦਾ ਦਿਲਾਂ ਨੂੰ ਪਰਵਾਜ਼ ਦੇ ਖੰਭ ਲਾ ਦਿੱਤੇ। ਜਿਸ ਨੇ ਇਸ ਸੰਤ-ਸਿਪਾਹੀ ਭਗਤੀ ਅਤੇ ਸ਼ਕਤੀ ਦੇ ਸੁਆਮੀ, ਨਿਰਭੈ ਅਤੇ ਨਿਰਵੈਰ ਸਾਕੀ ਦੇ ਹੱਥੋਂ ਦੋ ਘੁੱਟਾਂ ਅੰਮ੍ਰਿਤ ਦੀਆਂ ਪੀਤੀਆਂ, ਦੇਸ਼-ਭਗਤਾਂ, ਸ਼ਹੀਦਾਂ ਦੀ ਮਹਿਫਲ ਵਿਚ ਜਾ ਸਜਿਆ:

"ਜਿਹੜਾ ਪੀਂਦਾ ਇਸ ਨੂੰ ਹੋਏ ਅਕਾਲ ਨੀ ਸਹੀਓ।"

ਇਸ ਅੰਮ੍ਰਿਤ ਦਾ ਪਿਛੋਕੜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸੀ ਅਤੇ ਇਸ ਦੀ ਤਾਸੀਰ ਨੇ ਮੁਗ਼ਲੀਆ ਸਰਕਾਰ ਦੇ ਕੁਫ਼ਰ ਨੂੰ ਮਿੱਟੀ ਵਿਚ ਮਿਲਾ ਦਿੱਤਾ। ਚਾਹੇ ਭਿੰਨ- ਭਿੰਨ ਸ਼ਕਤੀਆਂ ਨੇ ਮੁਗ਼ਲ ਰਾਜ ਦੇ ਪਤਨ ਵਿਚ ਹਿੱਸਾ ਪਾਇਆ, ਪਰ ਅਸਲ ਵਿਚ ਇਸ ਸ਼ਹਾਦਤ ਨੇ ਹੀ ਹਿੰਦੂਆਂ ਦੀ ਮੁਰਦਾ ਅਣਖ ਨੂੰ ਜਗਾਇਆ, ਹਿੰਦੂ ਧਰਮ ਨੂੰ ਬਚਾਇਆ। ਇਸ ਸ਼ਹੀਦੀ ਨੇ ਹੀ ਧਰਮ ਰੱਖਿਆ ਲਈ ਜੀਵਨ ਦਾਨ ਦੀ ਪਵਿੱਤਰ ਗੁਰੂ-ਪਰੰਪਰਾ ਨੂੰ ਦ੍ਰਿੜ੍ਹਾਇਆ:

"The Execution confirmed that to die for religion was the sacred tradition of the Guru."

ਜਦ ਨਦੌਣ ਦੀ ਲੜਾਈ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚੜ੍ਹਦੀ ਕਲਾ ਦੀ ਸੂਚਨਾ ਦੱਖਣੀ ਭਾਰਤ ਵਿਚ ਰੁੱਝੇ ਔਰੰਗਜ਼ੇਬ ਨੂੰ ਮਿਲੀ ਤਾਂ ਉਹ ਤੜਪ ਉਠਿਆ। ਮੁਗ਼ਲ ਸਾਮਰਾਜ ਬੁਰੀ ਤਰ੍ਹਾਂ ਗੁਰੂ ਜੀ ਦਾ ਪਿੱਛਾ ਕਰਨ ਲੱਗਾ, ਪਰ ਉਨ੍ਹਾਂ ਹਰ ਕੀਮਤ 'ਤੇ ਸ਼ਾਨਿ-ਇਮਤਿਆਜ਼ੀ ਨੂੰ ਬਰਕਰਾਰ ਰੱਖਿਆ। 1704 ਈ. ਨੂੰ ਹੋਈ ਚਮਕੌਰ ਦੀ ਭਿਆਨਕ ਲੜਾਈ ਵਿਚ ਗੁਰੂ ਜੀ ਦੇ ਦੋ ਸਾਹਿਬਜ਼ਾਦੇ ਸ਼ਹੀਦ ਹੋ ਗਏ ਅਤੇ ਦੋ ਲਖਤਿ-ਜਿਗਰ, ਬਾਬਾ-ਏ-ਕੌਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਉਪਜੇ ਦੋ ਸੋਹਲ ਸ਼ਗੂਫੇ, ਕੌਮ ਦੇ ਬਾਗ ਨੂੰ ਖਿੜਿਆ ਰੱਖਣ ਲਈ ਕੁਰਬਾਨ ਹੋ ਗਏ, ਸਰਹੰਦ ਦੀਆਂ ਦੀਵਾਰਾਂ ਵਿਚ ਹਸਦੇ ਹਸਦੇ ਜ਼ਿੰਦਾ ਦਫ਼ਨ ਹੋ ਗਏ, ਪਰ ਧਰਮ-ਯੁੱਧ ਦੇ ਆਸ਼ਕ ਗੁਰੂ ਗੋਬਿੰਦ ਸਿੰਘ ਜੀ ਨੇ ਜਿਗਰ ਦੇ ਖ਼ੂਨ ਨਾਲ ਜਲਾਈ ਮਸ਼ਾਲ ਦੀ ਪਰਉਪਕਾਰੀ ਲੋਅ ਮੱਧਮ ਨਾ ਪੈਣ ਦਿੱਤੀ। ਉਹ ਹਰ ਪਾਸਿਓਂ ਜ਼ਾਲਮ ਸਾਮਰਾਜੀਆਂ ਨਾਲ ਘਿਰੇ ਅਡੋਲ, ਅਹਿੱਲ-ਅਚੱਲ ਅਤੇ ਨਿਰਭੇ ਰਹੇ। ਉਨ੍ਹਾਂ ਪਿਆਰੀ ਤੋਂ ਪਿਆਰੀ ਦਾਤ ਅਤੇ ਵਸਤੂ ਨੂੰ ਵਾਰ ਕੇ ਇਹ ਹੀ ਵਰ ਮੰਗਿਆ:

ਜੂਝ ਮਰਉਂ ਰਣ ਮਹਿ ਤਜ ਭੈ,
ਤੁਮ ਤੇ ਪ੍ਰਭੂ ਸਾਮ ਇਹੈ ਵਰ ਪਾਵੈ॥

ਪਿੰਡ ਖਿਦਰਾਣੇ ਦੀ ਭੂਮੀ 'ਤੇ ਹੋਈ ਉਨ੍ਹਾਂ ਆਪਣੇ ਜੀਵਨ ਦੀ ਅੰਤਮ ਲੜਾਈ ਵਿਚ ਆਪਣੇ 40 ਸਿੰਘਾਂ ਸਮੇਤ ਵਿਸ਼ਾਲ ਧਾੜਵੀ ਮੁਗ਼ਲ ਟੋਲੇ ਦੇ ਛੱਕੇ ਛੁੜਾ ਦਿੱਤੇ ਅਤੇ ਮੁਗ਼ਲ ਸਾਮਰਾਜ ਦੀ ਕਮਰ ਟੁੱਟ ਕੇ ਰਹਿ ਗਈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹਜ਼ਾਰਾਂ ਸਿਰਲੱਥ ਧਰਮ ਰੱਖਿਅਕ ਯੋਧਿਆਂ ਨੂੰ ਜਨਮ ਦੇ ਚੁੱਕੀ ਸੀ ਅਤੇ ਜੀਵਨ ਦੀ ਭਿਆਨਕ ਸ਼ਾਮ ਵਿਚ ਘਿਰੇ ਔਰੰਗਜ਼ੇਬ ਦੇ ਚਾਰੋਂ ਪਾਸੇ ਨਿਰਾਸ਼ਾ ਹੀ ਨਿਰਾਸ਼ਾ ਸੀ। ਇਸ ਨਿਰਾਸ਼ਾ ਦੇ ਆਲਮ ਵਿਚ ਆਲਮਗੀਰ ਨੂੰ ਮੁਕਤੀ ਦਾਤਾ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਲਿਖਿਆ, ਜ਼ਫ਼ਰਨਾਮਾ (ਵਿਜੈ ਪੱਤਰ) ਪ੍ਰਾਪਤ ਹੋਇਆ। ਇਸ ਰਾਹੀਂ ਉਨ੍ਹਾਂ ਔਰੰਗਜ਼ੇਬ ਨੂੰ ਉਸ ਦੀ ਝੂਠੀ ਅਤੇ ਫਰੇਬੀ ਆਲਮਗੀਰੀ ਦਾ ਰੂਪ ਦਿਖਾਇਆ ਅਤੇ ਸੱਚ ਦੀ ਵਿਜੈ ਦਾ ਦੀਦਾਰ ਕਰਵਾਇਆ:

**ਨ ਪੇਚੀਦਹ ਮੂਏ ਨ ਰੰਜੀਦਹ ਤਨ॥**
**ਕਿ ਬੇਰੂੰ ਖ਼ੁਦਾਵੁਰਦ ਦੁਸ਼ਮਨ ਸ਼ਿਕਨ॥੪੪॥**

ਭਾਵ—ਨਾ ਅਸਾਡਾ ਵਾਲ ਵਿੰਗਾ ਹੋਇਆ, ਨਾ ਤਨ ਦਾ ਬੁਰਾ ਹਾਲ ਹੋਇਆ ਕਿਉਂ ਜੋ ਸ਼ੱਤਰੂ-ਹਰਤਾ ਪਰਮਾਤਮਾ ਨੇ ਆਪ ਸਾਨੂੰ ਬਚਾਇਆ।

**ਬਿਬਾਯਦ ਕਿ ਯਜ਼ਦਾਂ ਸ਼ਨਾਸੀ ਕੁਨੀ॥**
**ਨ ਗੁਫਤਹ ਕਸੇ ਕਸ ਖ਼ਰਾਸ਼ੀ ਕੁਨੀ॥੬੫॥**

ਭਾਵ—ਤੈਨੂੰ ਚਾਹੀਦਾ ਹੈ ਕਿ ਤੂੰ ਪਰਮਾਤਮਾ ਨੂੰ ਪਛਾਣ ਕਿਸੇ ਦੇ ਕਹਿਣ 'ਤੇ ਕਿਸੇ 'ਤੇ ਜ਼ੁਲਮ ਨਾ ਕਰੇਂ।

ਔਰੰਗਜ਼ੇਬ ਆਪਣੇ ਮਨ ਦੇ ਪਰਦੇ 'ਤੇ ਗੁਰੂ ਜੀ ਦੇ ਨੂਰ ਦਾ ਪ੍ਰਕਾਸ਼ ਪੈਂਦਿਆਂ ਹੀ ਪੁਕਾਰ ਉਠਿਆ:

"My years have gone by profitless. God has been in my heart yet my darkened eyes have not recognised his light."

ਭਾਵ—ਮੇਰੇ ਜੀਵਨ ਦਾ ਸਮਾਂ ਵਿਅਰਥ ਲੰਘ ਗਿਆ ਹੈ। ਮੇਰੀਆਂ ਧੁੰਧਲੀਆਂ ਅੱਖਾਂ ਦਿਲ 'ਚ ਬਸੇ ਰੱਬੀ ਨੂਰ ਨੂੰ ਪਛਾਨਣੋਂ ਅਸਮਰਥ ਰਹੀਆਂ ਹਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਵਿਸ਼ਾਲ ਸੈਨਾ ਦੇ ਬਲ-ਬੂਤੇ ਤੇ ਮਾਨਵੀ ਕਦਰਾਂ ਪੈਰਾਂ ਥੱਲੇ ਲਤਾੜ ਰਹੇ ਔਰੰਗਜ਼ੇਬ ਨੂੰ ਅਰਸ਼ਾਂ ਤੋਂ ਫਰਸ਼ 'ਤੇ ਲਿਆ ਸੁੱਟਿਆ। ਉਸ ਤੋਂ ਬਾਅਦ ਉਸ ਦੇ ਪੁੱਤਰ ਬਹਾਦਰ ਸ਼ਾਹ ਨੂੰ ਆਪਣੀ ਗੱਦੀ ਸਥਿਰ ਰੱਖਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਹਾਨ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਦਾ ਮੁਥਾਜ ਬਣਨਾ ਪਿਆ। ਪਰ ਜਦੋਂ ਉਸ ਨੇ ਵੀ ਦਾਨਵ ਨੀਤੀ ਅਪਨਾਈ ਤਾਂ ਗੁਰੂ ਜੀ ਦੇ ਥਾਪੇ ਖਾਲਸਾ ਆਗੂ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਰਾਜ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਬੰਦਾ ਸਿੰਘ ਬਹਾਦਰ ਨੇ ਮੁਗ਼ਲ ਸਾਮਰਾਜ ਦੀ ਅਜਿੱਤਤਾ ਦਾ ਤਿਲਸੱਮ ਤੋੜ ਕੇ ਰੱਖ ਦਿੱਤਾ। ਸਮਕਾਲੀ ਇਤਿਹਾਸਕਾਰ ਖਾਫੀ ਖ਼ਾਨ, ਜਿਸ ਨੇ ਲੋਹਗੜ੍ਹ ਦੀ ਲੜਾਈ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਬੀਰਤਾ ਦੇ ਜੌਹਰ ਦੇਖੇ, ਲਿਖਦਾ ਹੈ ਕਿ ਰਸਦ-ਸਾਮਗਰੀ ਦੀ ਘਾਟ ਕਾਰਨ ਸਿੱਖਾਂ ਦੀ ਹਾਲਤ ਬੜੀ ਨਾਜ਼ੁਕ ਹੋ ਗਈ ਸੀ, ਪਰ ਬੰਦਾ ਸਿੰਘ ਨੂੰ ਹਰਾਉਣਾ ਬੜੀ ਦੂਰ ਦੀ ਗੱਲ ਸੀ:

"For want of provision, the Sikhs were reduced to rigorous strairts. But Banda Singh was far from van quished."

ਫ਼ਰਖ਼ੁਸੀਅਰ ਵਲੋਂ ਭੇਜੀ ਗਈ ਸ਼ਾਹੀ ਫ਼ੌਜ ਦੇ ਨੈਤਿਕ ਪਤਨ ਦਾ ਹਾਲ ਵਰਣਨ ਕਰਦਾ ਹੋਇਆ ਸਮਕਾਲੀ ਇਤਿਹਾਸਕਾਰ 'ਮੀਰ ਕਾਸਮ' ਆਪਣੇ ਇਬਰਤਨਾਮਾ ਵਿਚ ਲਿਖਦਾ ਹੈ ਕਿ ਦਹਿਸ਼ਤਜ਼ਦਾ ਸ਼ਾਹੀ ਸੈਨਾਪਤੀ ਇਹ ਦੁਆ ਕਰ ਰਹੇ ਸਨ ਕਿ ਰੱਬ ਅਜਿਹੀ ਸਥਿਤੀ ਪੈਦਾ ਕਰੇ ਜਿਸ ਅਧੀਨ ਬੰਦਾ ਭੱਜਣ ਵਿਚ ਹੀ ਆਪਣੀ ਸਲਾਮਤੀ ਸਮਝੇ:

"The commanders of the Royal army prayed that God might so ordain things that Banda should seek safety in flights."

1716 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਵੋਤਮ ਸ਼ਹਾਦਤ ਨੇ ਕੰਬ ਰਹੇ ਮੁਗ਼ਲ ਸਾਮਰਾਜ ਨੂੰ ਹੋਰ ਕੰਬਾ ਦਿੱਤਾ ਤੇ ਰਸਾਤਲ ਕੰਢੇ ਪਹੁੰਚਾ ਦਿੱਤਾ।

ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦੀ ਹੀ ਸ਼ਾਨ ਸੀ ਕਿ ਜ਼ਾਲਮ ਮੁਗ਼ਲ ਸਾਮਰਾਜ ਖ਼ੁਦ ਮਿਟ ਗਿਆ, ਪਰ ਇਸ ਸ਼ਹਾਦਤ 'ਚੋਂ ਉਪਜੇ ਕੌਮੀ ਪਰਵਾਨਿਆਂ ਨੂੰ ਮੇਟਣੋਂ ਹਰ ਅਯੋਗ ਢੰਗ ਅਮਲ 'ਚ ਲਿਆਉਣ ਦੇ ਬਾਵਜੂਦ ਬੁਰੀ ਤਰ੍ਹਾਂ ਅਸਮਰਥ ਰਿਹਾ:

ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ।
ਜਿਉਂ ਜਿਉਂ ਮੰਨੂ ਵਢਦਾ, ਅਸੀਂ ਦੂਣੇ ਚੌਣੇ ਹੋਏ।

ਪ੍ਰਸਿੱਧ ਇਤਿਹਾਸਕਾਰ ਈਸ਼ਵਰੀ ਪ੍ਰਸ਼ਾਦ ਲਿਖਦਾ ਹੈ—1675 ਈ. ਵਿਚ ਆਪਣੇ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੇ ਮੁਗ਼ਲ ਰਾਜ ਵਿਰੁੱਧ ਜੰਗ ਦਾ ਬਿਗਲ ਵਜਾ ਦਿੱਤਾ, ਇਸ ਦਾ ਸਿੱਟਾ ਮੁਗ਼ਲ ਰਾਜ ਦੀ ਪੂਰੀ ਬਰਬਾਦੀ ਵਿਚ ਪ੍ਰਗਟ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ ਲੇਵਾ ਜ਼ੁਲਮ ਵਿਰੁੱਧ ਸੰਘਰਸ਼ ਕਰਦੇ ਰਹੇ ਅਤੇ ਪੰਜਾਬ ਦੇ ਪਾਣੀਆਂ ਨੂੰ ਪਾਕ-ਪਵਿੱਤਰ ਕਰਦੇ ਰਹੇ। ਅੰਤ ਜ਼ੁਲਮ-ਓ-ਜਬਰ ਦੀ ਕਬਰ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਸਹਿਨਸ਼ੀਲਤਾ ਦੇ ਫੁੱਲ ਮਹਿਕਾਏ।

ਮੈਕਾਲਿਫ ਲਿਖਦਾ ਹੈ—"ਪੰਜਾਬ ਦੀ ਧਰਤੀ ਵਿਚੋਂ ਜੇ ਅੱਜ ਵੀ ਕੋਈ ਬੂਟਾ ਪੁੱਟ ਕੇ ਵੇਖੀਏ ਤਾਂ ਹੇਠੋਂ ਜ਼ਮੀਨ ਲਾਲ-ਸੂਹੀ ਸੁਰਖ ਨਿਕਲਦੀ ਹੈ ਕਿਉਂਕਿ ਪੰਜਾਬ ਦੀ ਸਰ-ਜ਼ਮੀਨ ਨੂੰ ਸਿੱਖਾਂ ਨੇ ਕਈ ਵੇਰ ਆਪਣੇ ਖ਼ੂਨ ਨਾਲ ਰੰਗ ਕੇ ਲਾਲ-ਸੂਹਾ ਸਾਲੂ ਪਹਿਨਾਇਆ:

ਨਗ਼ਮਾ-ਏ-ਭਗਤੀ ਗੁਰੂ ਤੇਗ ਬਹਾਦਰ।
ਅੰਮ੍ਰਿਤ-ਓ-ਮੁਕਤੀ ਗੁਰੂ ਤੇਗ ਬਹਾਦਰ।
ਸਰ ਚਸ਼ਮਾ-ਏ-ਸ਼ਕਤੀ ਗੁਰੂ ਤੇਗ ਬਹਾਦਰ।
ਹਾਸਿਲਿ-ਹਸਤੀ ਗੁਰੂ ਤੇਗ ਬਹਾਦਰ।

(12/1979)

# ਧਰਮ ਰੱਖਿਅਕ—ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਬਾਰੇ ਦੁਨੀਆ ਵਿਚ ਜ਼ਿਕਰ ਕੀਤਾ ਗਿਆ ਹੈ, ਜਿਸ ਤੋਂ ਔਰੰਗਜ਼ੇਬ ਵਲੋਂ ਕੀਤੇ ਗਏ ਅਤਿਆਚਾਰਾਂ ਦਾ ਪਤਾ ਲਗਦਾ ਹੈ। ਬੇਸ਼ੱਕ ਸ੍ਰੀ ਗੁਰੂ ਨਾਨਕ ਸਾਹਿਬ ਤੇ ਦੂਜੇ ਗੁਰੂ ਸਾਹਿਬਾਨ ਨੇ ਆਪਣੀਆਂ ਕਰਨੀਆਂ ਤੇ ਕੁਰਬਾਨੀਆਂ ਦੁਆਰਾ ਭਾਰਤੀ ਸਮਾਜ ਦਾ ਮਨੋਬਲ ਉੱਚਾ ਕਰਨ ਦੇ ਯਤਨ ਕੀਤੇ ਪਰ ਫਿਰ ਵੀ ਵਿਸ਼ਾਲ ਵਸਦਾ-ਹਿੰਦੂ ਰਾਜਸੀ ਸਭਿਆਚਾਰਕ ਤੇ ਧਾਰਮਿਕ ਤੌਰ 'ਤੇ ਪੂਰੀ ਤਰ੍ਹਾਂ ਨਿਤਾਣਾ ਹੋ ਚੁੱਕਾ ਸੀ। ਔਰੰਗਜ਼ੇਬ ਵਰਗਾ ਜਾਬਰ ਹੁਕਮਰਾਨ ਹਿੰਦੂਆਂ ਦਾ ਸਫ਼ਾਇਆ ਕਰਨ 'ਤੇ ਤੁਲਿਆ ਹੋਇਆ ਸੀ। ਇਸ ਪ੍ਰੋਗਰਾਮ ਦੀ ਪੂਰਤੀ ਲਈ ਉਸ ਨੇ ਕਸ਼ਮੀਰ ਦੇ ਪੰਡਤਾਂ ਨੂੰ ਮੁਸਲਮਾਨ ਬਣਾਉਣ ਦੀ ਇਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਤੇ ਹਜ਼ਾਰਾਂ ਪੰਡਤਾਂ ਨੂੰ ਤਲਵਾਰ ਦੇ ਜ਼ੋਰ 'ਤੇ ਮੁਸਲਮਾਨ ਬਣਨ ਲਈ ਮਜਬੂਰ ਕੀਤਾ। ਸਾਰੇ ਭਾਰਤੀਆਂ ਸਾਹਮਣੇ ਇਹ ਇਕ ਸਪੱਸ਼ਟ ਸਵਾਲ ਰੱਖ ਦਿੱਤਾ ਗਿਆ ਕਿ ਉਹ ਦੀਨ ਜਾਂ ਮੌਤ ਵਿਚੋਂ ਇਕ ਕਬੂਲ ਕਰ ਲੈਣ। ਕਸ਼ਮੀਰ ਦੇ ਬ੍ਰਾਹਮਣਾਂ ਨੂੰ ਮੁਸਲਮਾਨ ਬਣਾਉਣ ਦਾ ਇਕ ਵਿਸ਼ੇਸ਼ ਕਾਰਨ ਇਹ ਸੀ ਕਿ ਜੇ ਹਿੰਦੂ ਧਰਮ ਦੀ ਸਿੱਖਿਆ ਦੇਣ ਵਾਲੇ ਹੀ ਨਾ ਰਹਿਣ ਤਾਂ ਹਿੰਦੂ ਧਰਮ ਖ਼ੁਦ-ਬਖ਼ੁਦ ਖ਼ਤਮ ਹੋ ਜਾਵੇਗਾ।

ਅਜਿਹੇ ਨਾਜ਼ੁਕ ਸਮੇਂ ਜਦੋਂ ਕਿਸੇ ਨੇ ਵੀ ਮਜ਼ਲੂਮ ਹਿੰਦੂਆਂ ਦੀ ਬਾਂਹ ਨਾ ਫੜੀ ਤਾਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬੈਠੇ ਗੁਰੂ ਨਾਨਕ ਸਾਹਿਬ ਦੇ ਨੌਵੇਂ ਰੂਪ ਨੇ ਮਹਿਸੂਸ ਕਰ ਲਿਆ ਕਿ ਹੁਣ ਇਸ ਜ਼ੁਲਮੋ-ਸਿਤਮ ਦੇ ਟਾਕਰੇ ਲਈ ਕਿਸੇ ਮਹਾਂ ਬਲੀ ਸੂਰਮੇ ਦੀ ਸ਼ਹਾਦਤ ਦੀ ਲੋੜ ਹੈ ਅਤੇ ਆਪ ਨੇ ਆਪਣੇ ਆਪ ਨੂੰ ਦੁਖੀ ਮਨੁੱਖਤਾ ਅਤੇ ਗ਼ੈਰ ਧਰਮ ਦੇ ਰਸਮੋ-ਰਿਵਾਜਾਂ ਅਤੇ ਧਰਮ-ਚਿੰਨ੍ਹਾਂ ਲਈ ਕੁਰਬਾਨ ਕਰ ਦਿੱਤਾ। ਸੰਸਾਰ ਦੇ ਇਤਿਹਾਸ ਵਿਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਕਈ ਕਾਰਨਾਂ ਕਰਕੇ ਹੈਸੀਅਤ ਰੱਖਣ ਵਾਲੀ ਸ਼ਹਾਦਤ ਹੈ।

ਗੁਰੂ ਸਾਹਿਬ ਤੋਂ ਪਹਿਲਾਂ ਸਮੂਹ ਵਿਸ਼ਵ ਇਤਿਹਾਸ ਦੇ ਪੰਨਿਆਂ 'ਤੇ ਕੋਈ ਅਜਿਹੀ ਘਟਨਾ ਨਹੀਂ ਮਿਲਦੀ, ਜਿਸ ਤੋਂ ਜ਼ਾਹਰ ਹੋ ਸਕੇ ਕਿ ਕਿਸੇ ਮਹਾਂ ਪੁਰਸ਼ ਨੇ ਉਹਨਾਂ ਸਿਧਾਂਤਾਂ ਦੀ ਖ਼ਾਤਰ ਆਪਣੀ ਕੁਰਬਾਨੀ ਦਿੱਤੀ ਹੋਵੇ। 'ਬਚਿੱਤਰ ਨਾਟਕ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ ਕਿ :

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਯਾ ਪਰ ਸੀ ਨ ਉਚਰੀ॥੧੩॥**

**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥** *(ਅਧਿ: ੫)*

ਆਪਣੇ ਆਦਰਸ਼ਾਂ ਅਤੇ ਸਿਧਾਂਤਾਂ ਲਈ ਤਾਂ ਕਈ ਸ਼ਹੀਦ ਹੋਏ ਹਨ, ਪਰ ਦੂਸਰੇ ਲੋਕਾਂ ਅਤੇ ਉਨ੍ਹਾਂ ਦੀਆਂ ਧਾਰਮਿਕ ਮਾਨਤਾਵਾਂ ਲਈ ਹੋਈ ਇਹ ਸ਼ਹਾਦਤ ਇਸ ਯੁੱਗ ਦੀ ਮਹਾਨ ਘਟਨਾ ਹੈ। ਜਿਥੇ ਇਹ ਇਤਿਹਾਸ ਦੀ ਇਕ ਅਨੋਖੀ ਤੇ ਵਚਿੱਤਰ ਘਟਨਾ ਹੈ, ਉਥੇ ਇਸ ਨੂੰ ਲੈ ਕੇ ਇਤਿਹਾਸਕਾਰਾਂ ਨੇ ਇਸ ਧਰਮ ਸੰਬੰਧੀ ਬਹੁਤ ਸਾਰੇ ਭੁਲੇਖੇ ਵੀ ਖੜੇ ਕਰਨ ਦੇ ਯਤਨ ਕੀਤੇ ਹਨ, ਜਿਨ੍ਹਾਂ ਸਦਕਾ ਬਹੁਤ ਸਾਰੇ ਲੋਕ ਇਸ ਭੁਲੇਖੇ ਦਾ ਸ਼ਿਕਾਰ ਵੀ ਹੋ ਜਾਂਦੇ ਹਨ ਕਿ ਸ਼ਾਇਦ ਗੁਰੂ ਸਾਹਿਬ ਨੇ ਇਸ ਲਈ ਤਿਲਕ ਜੰਞੂ ਦੀ ਰੱਖਿਆ ਲਈ ਆਪਣਾ ਬਲੀਦਾਨ ਦਿੱਤਾ ਸੀ ਕਿਉਂਕਿ ਉਹ ਇਹਨਾਂ ਹਿੰਦੂ ਚਿੰਨ੍ਹਾਂ ਵਿਚ ਯਕੀਨ ਰੱਖਦੇ ਸਨ। ਇਹ ਇਕ ਨਿਰਮੂਲ ਤੇ ਭੁਲੇਖੇ ਭਰਿਆ ਵਿਚਾਰ ਹੈ, ਜਿਸ ਅਧੀਨ ਕੁਝ ਫਿਰਕੂ ਰੁਚੀਆਂ ਰੱਖਣ ਵਾਲੇ ਧਰਮਾਂ ਨੂੰ ਸਿਰਫ਼ ਹਿੰਦੂ ਧਰਮ ਦਾ ਇਕ ਅੰਗ ਸਿੱਧ ਕਰਨ ਲਈ ਪ੍ਰਯੋਗ ਵਿਚ ਲਿਆਉਂਦੇ ਹਨ। ਪਰ ਇਹ ਗ਼ਲਤ ਹੈ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਿਸੇ ਵਿਸ਼ੇਸ਼ ਫਿਰਕੇ ਲਈ ਨਹੀਂ ਸਗੋਂ ਮੁਗ਼ਲ ਸਾਮਰਾਜ ਦੀ ਮਜ਼ਬੀ ਕੱਟੜਤਾ ਦੇ ਵਿਰੁੱਧ ਸੀ। ਉਹਨਾਂ ਨੇ ਮੁਗ਼ਲ ਸ਼ਹਿਨਸ਼ਾਹਾਂ ਦੀ ਮਜ਼ਬੀ ਕੱਟੜਤਾ ਦਾ ਸ਼ਿਕਾਰ ਹੋ ਰਹੇ ਮਜ਼ਲੂਮ ਬੇ-ਸਹਾਰਾ ਅਤੇ ਦਰ ਦਰ ਭਟਕਦੇ ਹਿੰਦੂਆਂ ਦੀ ਬਾਂਹ ਫੜੀ ਅਤੇ ਏਸ਼ੀਆ ਦੇ ਸਭ ਤੋਂ ਸ਼ਕਤੀਸ਼ਾਲੀ ਮੁਗ਼ਲ ਸਾਮਰਾਜ ਦਾ ਚੈਲੰਜ ਸਿਰ ਮੱਥੇ ਮੰਨਿਆ। ਇਸ ਤਰ੍ਹਾਂ "ਬਾਬੇ ਤੇ ਬਾਬਰ" ਦੀ ਲੰਮੇ ਸਮੇਂ ਤੋਂ ਚੱਲ ਰਹੀ ਟੱਕਰ ਸਿਖਰਾਂ 'ਤੇ ਪਹੁੰਚ ਗਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੇ ਭਾਰਤੀਆਂ ਵਿਚ ਗ਼ੈਰਤ ਦੀ ਅਜਿਹੀ ਜਵਾਲਾ ਭੜਕਾ ਕੇ ਰੱਖ ਦਿੱਤੀ, ਜਿਸ ਵਿਚ ਮੁਗ਼ਲ ਕੌਮ ਖ਼ਤਮ ਹੋ ਗਈ। ਅਸਲ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਮਜ਼ਲੂਮਾਂ, ਕਮਜ਼ੋਰਾਂ ਅਤੇ ਬੇ-ਸਹਾਰੇ ਲੋਕਾਂ ਲਈ ਆਪਾ ਕੁਰਬਾਨ ਕਰਨਾ, ਸ੍ਰੀ ਗੁਰੂ ਨਾਨਕ ਸਾਹਿਬ ਦੇ ਬਾਬਰ ਨੂੰ ਵੰਗਾਰਨ ਵਾਲੀ ਗੱਲ ਹੀ ਸੀ। ਇਸ ਲਈ ਸਪੱਸ਼ਟ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕੇਵਲ ਇਸ ਲਈ ਹਿੰਦੂਆਂ ਦੇ ਧਰਮ ਚਿੰਨ੍ਹਾਂ ਦੀ ਖ਼ਾਤਰ ਸ਼ਹਾਦਤ ਦਿੱਤੀ, ਕਿਉਂਕਿ ਹਿੰਦੂ ਜ਼ਾਲਮ ਤੇ ਨਿਰਕੁੰਸ਼ ਮੁਗ਼ਲੀਆ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਸਨ। ਜੇ ਉਸ ਸਮੇਂ ਭਾਰਤ ਵਿਚ ਹਿੰਦੂ ਰਾਜ ਹੁੰਦਾ ਅਤੇ ਇਸਲਾਮੀ ਚਿੰਨ੍ਹ ਖਤਰੇ ਵਿਚ ਹੁੰਦਾ ਤਾਂ ਯਕੀਨਨ ਮਜ਼ਲੂਮ ਮੁਸਲਮਾਨਾਂ ਲਈ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਇਸੇ ਤਰ੍ਹਾਂ ਆਪਾ ਕੁਰਬਾਨ ਕਰ ਦਿੰਦੇ, ਕਿਉਂਕਿ ਸਿੱਖੀ ਮਜ਼ਲੂਮਾਂ ਤੇ ਬੇ-ਸਹਾਰੇ ਲੋਕਾਂ ਦੀ ਰਖਸ਼ਕ ਹੈ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਹਾਇਤਾ ਲਈ ਆਏ ਕਸ਼ਮੀਰੀ ਬ੍ਰਾਹਮਣਾਂ ਦੇ ਧਰਮ ਦੀ ਰੱਖਿਆ ਲਈ ਔਰੰਗਜ਼ੇਬੀ ਜਬਰ ਨਾਲ ਟੱਕਰ ਲਈ ਅਤੇ ਇਸ ਮਹਾਂਵਾਕ ਨੂੰ ਪੂਰੀ ਸਖ਼ਤੀ ਨਾਲ ਪੂਰਾ ਕੀਤਾ ਕਿ :

ਬਾਹਿ ਜਿਨ੍ਹਾਂ ਦੀ ਪਕੜੀਏ, ਸਿਰ ਦੀਜੈ ਬਾਂਹ ਨਾ ਛੋੜੀਏ।

ਮੈਕਾਲਿਫ਼ ਇਸ ਬਾਰੇ ਲਿਖਦਾ ਹੈ ਕਿ :

> ਇਸ ਸ਼ਹਾਦਤ ਦੀ ਤੁਲਨਾ ਦੁਨੀਆ ਦੀ ਕਿਸੇ ਵੀ ਘਟਨਾ ਨਾਲ ਨਹੀਂ ਕੀਤੀ ਜਾ ਸਕਦੀ। ਇਹ ਇਕ ਆਪਣੇ ਆਪ ਵਿਚ ਵੱਖਰੀ ਅਨੋਖੀ ਤੇ ਅਲੌਕਿਕ ਘਟਨਾ ਹੈ।

ਇਕ ਹੋਰ ਪੱਖੋਂ ਵੀ ਇਹ ਘਟਨਾ ਆਪਣੇ ਆਪ ਵਿਚ ਵਚਿੱਤਰ ਅਤੇ ਅਨੋਖੀ ਹੈ। ਉਹ

ਇਹ ਕਿ ਦੁਨੀਆ ਵਿਚ ਅੱਜ ਤਕ ਇਹੋ ਹੁੰਦਾ ਆਇਆ ਹੈ ਕਿ ਕਾਤਲ ਮਕਤੂਲ ਫੜ ਕੇ ਲਿਆਏ ਤੇ ਕਤਲ ਕਰ ਦੇਣ ਪਰ ਦੁਨੀਆ ਦੇ ਇਤਿਹਾਸ ਵਿਚ ਇਹ ਪਹਿਲਾ ਅਜ਼ੀਮ ਵਾਕਿਆ ਹੈ ਕਿ ਮਕਤੂਲ ਖ਼ੁਦ ਚਲ ਕੇ ਸੱਚ, ਧਰਮ, ਇਨਸਾਨ ਤੇ ਮਜ਼ਲੂਮ ਦੀ ਰਾਖੀ ਲਈ ਕਾਤਲ ਕੋਲ ਪਹੁੰਚਿਆ ਤੇ ਆਪਾ ਨਿਛਾਵਰ ਕਰ ਦਿੱਤਾ।

ਗੁਰੂ ਜੀ ਦੀ ਸ਼ਹਾਦਤ ਨਾਲ ਜਾਗ੍ਰਤੀ ਆਈ ਤੇ ਮਾਲਾ ਫੇਰਨ ਵਾਲੇ ਹੱਥ ਤਲਵਾਰ ਦੀਆਂ ਮੁੱਠਾਂ 'ਤੇ ਚਲੇ ਗਏ। ਦਸਮ ਪਿਤਾ ਇਸ ਪਰਥਾਏ 'ਬਚਿੱਤਰ ਨਾਟਕ' ਵਿਚ ਲਿਖਦੇ ਹਨ ਕਿ :

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥**

*(ਅਧਿ: ੫)*

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ 11 ਨਵੰਬਰ 1675 ਈਸਵੀ ਨੂੰ ਧਰਮ ਹੇਤ ਸਾਕਾ ਕਰਕੇ ਹਿੰਦੂ ਧਰਮ ਦੀ ਸੁਰੱਖਿਆ ਕੀਤੀ ਹੈ ਤੇ ਸੰਸਾਰ ਦੇ ਵਿਚ ਇਤਿਹਾਸਕ ਪੰਨਿਆ ਵਿਚ ਜਾਗ੍ਰਤੀ ਲਿਆਂਦੀ ਹੈ।

(11/1982)

# ਸਿਮਰਨ ਤੋਂ ਸ਼ਹਾਦਤ ਤੀਕ

ਸ੍ਰੀ ਗੁਰੂ ਤੇਗ਼ ਬਹਾਦਰ ਜੀ (1621—1675) ਦੇ ਜੀਵਨ ਦੇ ਦੋ ਵਿਸ਼ੇਸ਼ ਸਾਕੇ ਹਨ, ਵੀਹ ਵਰ੍ਹੇ ਬਕਾਲੇ ਭੋਰੇ ਵਿਚ ਰਹਿਣਾ ਅਤੇ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਹੋਣਾ। ਗੁਰੂ ਜੀ ਆਦਰਸ਼ਵਾਦੀ ਸਨ। ਨਿੱਕੇ-ਮੋਟੇ ਫਰਕਾਂ ਦੇ ਬਾਵਜੂਦ ਲਗਪਗ ਸਾਰੇ ਹੀ ਧਰਮ ਸੰਸਾਰ ਨੂੰ ਸਰਬ ਸ਼ਕਤੀਮਾਨ ਪਰਮਾਤਮਾ ਦੀ ਸਿਰਜਨਾਤਮਕ ਰੀਝ ਦਾ ਸਿੱਟਾ ਸਮਝਦੇ ਹਨ। ਰੱਬ ਨੇ ਕਿਹਾ, "ਹੋ ਜਾ" ਤੇ ਸੰਸਾਰ ਹੋਂਦ ਵਿਚ ਆ ਗਿਆ। ਸੀਰੀਆ ਦੀਆਂ ਪੁਰਾਤਨ ਪੌਰਾਣਿਕ ਕਥਾਵਾਂ ਅਨੁਸਾਰ ਧਰਤੀ ਉਤੇ ਹਨੇਰ ਧੁੰਧੂਕਾਰ ਸੀ ਜਿਸ ਨੂੰ ਚੀਰ ਕੇ ਪਰਮਾਤਮਾ ਦੀ ਇੱਛਾ ਅਨੁਸਾਰ ਉਸ ਦੇ ਭੇਜੇ ਹੋਏ ਦੇਵਤਿਆਂ ਨੇ ਇਕ "ਤਰਤੀਬ" ਕਾਇਮ ਕੀਤੀ। ਇਹੋ ਜਿਹੇ ਧੁੰਧੂਕਾਰ 'ਚੋਂ ਨਿਅੰਤਰਣ ਦੀ ਉਤਪਤੀ ਦਾ ਹਵਾਲਾ ਯੂਨਾਨੀ ਪੌਰਾਣਿਕ ਗਾਥਾਵਾਂ ਵਿਚ ਵੀ ਮਿਲਦਾ ਹੈ ਅਤੇ ਭਾਰਤੀ ਪੁਰਾਣ ਵੀ ਲਗਪਗ ਏਸੇ ਤਰ੍ਹਾਂ ਦੀ ਪਰੰਪਰਾ ਦਾ ਜ਼ਿਕਰ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ "ਅਰਬਦ ਨਰਬਦ ਧੁੰਧੂਕਾਰਾ" ਵੱਲ ਆਪਣੀ ਰਚਨਾ ਵਿਚ ਸੰਕੇਤ ਕੀਤਾ ਹੈ। ਵਿਅਕਤੀ 'ਤੇ ਇਸ ਦ੍ਰਿਸ਼ਟੀਕੋਣ ਤੋਂ ਵਾਹਿਗੁਰੂ ਦੀ ਮਿਹਰ ਦੀ ਨਜ਼ਰ ਹੈ। ਮਨੁੱਖ ਦਾ ਜਨਮ-ਧਰਮ ਸਰਬ-ਸ਼ਕਤੀਮਾਨ ਕਾਦਰ ਨਾਲ ਮਿਲਦਾ ਹੈ। ਸਾਧਾਰਨ ਵਿਅਕਤੀ ਸੰਸਾਰ ਦੀ ਸੁੰਦਰਤਾ, ਸੁਆਦਾਂ ਵਿਚ ਲੀਨ ਹੋ ਜਾਂਦੇ ਹਨ ਪਰ ਭਗਤ ਰੱਬ ਦੀ ਭਗਤੀ ਕਰਦੇ ਹਨ। ਉਹ ਆਪਣੀ ਇੱਛਾ ਨੂੰ ਵਾਹਿਗੁਰੂ ਦੇ ਹੁਕਮ ਅਨੁਸਾਰ ਢਾਲ ਲੈਂਦੇ ਹਨ। ਉਹ ਸਭ ਵਿਚ ਵਾਹਿਗੁਰੂ ਨੂੰ ਵੇਖਦੇ ਹਨ ਅਤੇ ਹਰ ਪਲ 'ਉਸੇ' ਦੀ ਸੇਵਾ ਕਰਦੇ ਹਨ, 'ਉਸ' ਦੀ ਮਹਿਮਾ ਗਾਉਂਦੇ ਹਨ। ਉਸ ਦਾ ਸਿਮਰਨ ਕਰਦੇ ਹਨ:

**ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥** *(ਪੰਨਾ ੨੦੪)*

'ਉਸ' ਦਾ ਚਿੰਤਨ ਕਰਦੇ ਹਨ। ਹਰ ਸਮੇਂ 'ਉਸ' ਬਾਰੇ ਸੋਚਦੇ ਹਨ। ਮਨ ਬਿਰਤੀ ਇਕਾਗਰ ਕਰਕੇ ਯਾਦ ਕਰਦੇ ਹਨ:

**ਪ੍ਰਭ ਕੈ ਸਿਮਰਨਿ ਜਪ ਤਪ ਪੂਜਾ॥** *(ਪੰਨਾ ੨੬੨)*

ਸਿਮਰਨ ਨਾਲ ਹੀ ਆਤਮਾ ਪਰਮਾਤਮਾ ਨੂੰ ਮਿਲਦੀ ਹੈ ਪਰ ਹਰ ਕੋਈ ਸਿਮਰਨ ਵੀ ਨਹੀਂ ਕਰ ਸਕਦਾ:

**ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥** *(ਪੰਨਾ ੨੬੩)*

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਵੀਹ ਵਰ੍ਹੇ ਬਾਬਾ ਬਕਾਲੇ ਵਿਚ ਸਿਮਰਨ ਕੀਤਾ, ਭਗਤੀ ਕੀਤੀ, ਸਾਧਨਾ ਦਾ ਰਾਹ ਅਪਣਾਇਆ, ਧਿਆਨ ਜੋੜਿਆ। ਮਨ ਤਰਲ ਹੈ। ਪਾਰੇ ਵਾਂਗ ਹੈ। ਟਿਕਦਾ ਨਹੀਂ। ਏਧਰ ਉਧਰ ਭਟਕਦਾ ਹੈ। ਸੱਜੇ-ਖੱਬੇ, ਅੱਗੇ-ਪਿਛੇ ਝਾਕਦਾ ਹੈ, ਟੁਰਦਾ ਹੈ,

ਭੱਜਦਾ ਹੈ। ਕਾਬੂ ਵਿਚ ਨਹੀਂ ਰਹਿੰਦਾ। ਸਾਧਨਾ, ਭਗਤੀ, ਧਿਆਨ, ਕੁਝ ਵੀ ਕਹੋ, ਮਨ ਨੂੰ ਇਕ ਨੁਕਤੇ ਤੋਂ ਇਕਾਗਰ ਕਰਨਾ ਹੈ। ਸਮੁੱਚੀ ਸ਼ਖ਼ਸੀਅਤ ਅਤੇ ਖਿਆਲਾਂ ਨੂੰ ਵਿਸ਼ੇਸ਼ ਦਿਸ਼ਾ ਦੇਣਾ ਹੀ 'ਧਿਆਨ' ਦਾ ਮਨੋਰਥ ਹੈ। ਸਿਮਰਨ ਰਾਹ ਹੈ, ਆਪ ਨੂੰ ਲੀਨ ਕਰਨ ਦਾ। ਸਾਧਾਰਨ ਮਨੁੱਖ ਅੱਖਾਂ, ਨੱਕ, ਕੰਨ, ਜੀਭ, ਇੰਦਰੀ ਦੇ ਸੁਆਦ ਵਿਚ ਮਗਨ ਰਹਿੰਦਾ ਹੈ। ਸੰਸਾਰ ਦੀ ਸੁੰਦਰਤਾ, ਮਹਿਕ, ਆਪਣੀ ਉਸਤਤਿ, ਸੁਆਦਲੇ ਖਾਣੇ ਅਤੇ ਭੋਗ-ਵਿਲਾਸ ਵਿਚ ਆਪਣਾ ਸਮਾਂ ਬਿਤਾਉਂਦਾ ਹੈ। 'ਮੈਂ' ਉਸ ਨੂੰ ਯਾਦ ਰਹਿੰਦਾ ਹੈ ਤੇ 'ਉਹ' ਉਸ ਨੂੰ ਭੁੱਲ ਜਾਂਦਾ ਹੈ। ਹਉਮੈ ਦਾ ਰੋਗੀ ਬਣ ਜਾਂਦਾ ਹੈ। ਇਹ ਲੱਖਾਂ ਕਰੋੜਾਂ ਦੀ ਕਹਾਣੀ ਹੈ ਪਰ ਕੋਈ ਕੋਈ ਹਰ ਪਲ, ਹਰ ਘੜੀ, ਹਰ ਸਮੇਂ ਉਸੇ ਨੂੰ ਯਾਦ ਰੱਖਦਾ ਹੈ, ਉਸੇ ਦਾ ਸਿਮਰਨ ਕਰਦਾ ਹੈ। ਹੁਕਮ ਵਿਚ ਰਹਿੰਦਾ ਹੈ, ਉਸ ਦਾ ਹੀ ਹੋਣਾ ਚਾਹੁੰਦਾ ਹੈ ਤੇ ਉਸ ਦਾ ਹੀ ਹੋ ਜਾਂਦਾ ਹੈ। ਇਹ ਅਵਸਥਾ ਆਸਾਨ ਨਹੀਂ। ਦਿਸਦੇ ਤੋਂ ਅਣਦਿਸਦੇ ਵੱਲ ਜਾਣਾ ਬਹੁਤ ਔਖਾ ਹੈ। ਖਿਆਲਾਂ ਤੋਂ ਖਹਿੜਾ ਛੁਡਾਉਣਾ; ਸ਼ੂਨਯ ਅਵਸਥਾ ਤੀਕ ਪਹੁੰਚਣਾ ਬੜਾ ਔਖਾ। ਪਥਰੀਲਾ, ਕੰਢਿਆਲੜਾ ਤੇ ਲੰਬਾ ਸਫਰ ਹੈ, ਜਿਸਦੇ ਲਈ ਸਾਧਨਾ ਦੀ ਲੋੜ ਹੈ। ਸਿਮਰਨ, ਧਿਆਨ, ਸਾਧਨ ਹਨ ਸਾਧਨਾ ਹੈ। ਅਰਬਿੰਦੋ ਜੀ ਦੇ ਸ਼ਬਦਾਂ ਵਿਚ ਵਿਅਕਤੀ ਆਪੇ ਨੂੰ ਖੋਲ੍ਹਣ ਤੇ ਰੱਬੀ ਤਾਕਤ ਨਾਲ ਜੁੜਨ ਲਈ ਵੀ ਸਾਧਨਾ ਕਰ ਸਕਦਾ ਹੈ; ਸਾਧਾਰਨ ਸੋਚਣੀ ਤੋਂ ਬਚਣ ਲਈ ਵੀ ਸਾਧਨਾ ਹੋ ਸਕਦੀ ਹੈ, ਅੰਦਰ ਦੀ ਡੂੰਘਾਈ ਦਾ ਆਨੰਦ ਵੀ ਸਾਧਨਾ ਦੇ ਰਾਹ 'ਤੇ ਪਾ ਸਕਦਾ ਹੈ; ਸ਼ਾਂਤੀ ਲਈ ਵੀ ਸਾਧਨਾ ਦੀ ਵਰਤੋਂ ਕੀਤੀ ਜਾ ਸਕਦੀ ਹੈ ਪਰ ਆਪੇ ਨੂੰ ਰੱਬੀ ਰਾਹ 'ਤੇ ਕੁਰਬਾਨ ਕਰਨ ਦੀ ਤਿਆਰੀ ਹੀ ਅਸਲ ਵਿਚ ਸਾਧਨ ਦੀ ਮੰਜ਼ਿਲ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਵੀਹ ਵਰ੍ਹੇ ਦੀ ਸਾਧਨਾ ਵਿਅਕਤੀਗਤ ਸ਼ਾਂਤੀ, ਸਾਧਾਰਨ ਸੋਚਣੀ ਤੋਂ ਬਚਣ, ਅੰਦਰ ਦਾ ਆਨੰਦ ਮਾਨਣ ਜਾਂ ਕੇਵਲ ਆਪੇ ਨੂੰ ਖੋਲ੍ਹਣ ਲਈ ਨਹੀਂ ਸੀ ਸਗੋਂ ਆਪੇ ਨੂੰ ਰੱਬੀ ਰਾਹ 'ਤੇ ਚਲਾਉਣ ਤੇ ਉਸ ਰਾਹ 'ਤੇ ਚਲਦਿਆਂ ਕੁਰਬਾਨ ਹੋਣ ਦੀ ਸੀ। ਉਨ੍ਹਾਂ ਦਾ ਵਾਹਿਗੁਰੂ ਵਿਚ ਪੂਰਾ ਵਿਸ਼ਵਾਸ ਸੀ। ਉਨ੍ਹਾਂ ਤਪ ਕੀਤਾ। ਆਪੇ ਨੂੰ ਫੈਲਾਇਆ। ਆਪੇ ਨੂੰ ਕਾਦਰ ਨਾਲ ਜੋੜਿਆ ਤੇ ਫਿਰ ਦੇਸ਼ ਦੇ ਕੋਨੇ ਕੋਨੇ ਵਿਚ ਉਸ ਦੀ ਮਹਿਮਾ ਗਾਈ ਜੋ ਅਨੰਤ ਹੈ, ਅਟੱਲ ਹੈ, ਅਪਾਰ ਹੈ। ਉਸ ਦਾ ਕੋਈ ਵਿਸ਼ੇਸ਼ ਰਾਹ ਨਹੀਂ। ਉਸ ਨੂੰ ਕਿਸੇ ਵੀ ਰਾਹ ਤੋਂ ਮਿਲਿਆ ਜਾ ਸਕਦਾ ਹੈ। ਵੱਖਰੇ-ਵੱਖਰੇ ਧਰਮ ਵੱਖ-ਵੱਖ ਦਰਵਾਜ਼ੇ ਹਨ ਉਸ ਤੀਕ ਪਹੁੰਚਣ ਦੇ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਉਸ ਦਾ ਸਿਮਰਨ ਕੀਤਾ, ਉਸ ਨਾਲ ਜੁੜੇ ਤੇ ਜੁੜ ਕੇ ਉਸ ਦਾ ਪੈਗਾਮ ਲੈ ਕੇ ਕੁਰਕਸ਼ੇਤਰ, ਦਿੱਲੀ, ਬਨਾਰਸ, ਪਟਨਾ, ਢਾਕੇ ਤੇ ਆਸਾਮ ਤੀਕ ਗਏ ਅਤੇ ਮਾਲਵੇ ਤੇ ਬਾਂਗਰ ਵਿਚ ਰੱਬੀ ਰਾਗ ਗਾਇਆ। ਇਹ ਸਭ 'ਸਿਮਰਨ' ਦੀ ਕਰਾਮਾਤ ਸੀ ਜਿਸ ਨੇ ਉਨ੍ਹਾਂ ਨੂੰ ਸਦਾਚਾਰਕ ਅਤੇ ਅਧਿਆਤਮਕ ਸ਼ਕਤੀ ਦਿੱਤੀ।

ਜਦ ਮੈਂ ਸ਼ਹੀਦ ਜਾਂ ਸ਼ਹਾਦਤ ਬਾਰੇ ਧਰਮ-ਸਦਾਚਾਰਕ ਵਿਸ਼ਵ-ਕੋਸ਼ ਵਿਚੋਂ ਜਾਣਨ ਦੀ ਕੋਸ਼ਿਸ਼ ਕੀਤੀ ਤਾਂ 'ਮਾਰਟੀਅਰ' ਸਿਰਲੇਖ ਹੇਠ ਲਿਖਿਆ ਕੇਵਲ ਏਨਾ ਮਿਲਿਆ ਕਿ 'ਮਾਰਟੀਅਰਜ਼' ਵਿਚ ਵੇਖੋ। ਸੰਤ ਹੀ ਸ਼ਹੀਦ ਹੋ ਸਕਦਾ ਹੈ; ਅਜਿਹਾ ਵਿਸ਼ਵ-ਕੋਸ਼ ਦੇ ਸੰਪਾਦਕਾਂ ਦਾ ਵਿਚਾਰ ਹੈ। ਇਸ ਨੇ ਮੇਰੇ ਮਨ ਅੰਦਰ ਚੱਲ ਰਹੀ ਰੌਂ ਨੂੰ ਹੋਰ ਵੀ ਰੋਸ਼ਨੀ ਦਿੱਤੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਲਿਖਦਿਆਂ ਮੈਨੂੰ ਇੰਜ ਮਹਿਸੂਸ ਹੋਇਆ ਕਿ ਸ਼ਹਾਦਤ ਲਈ ਇਕਾਗਰਤਾ ਦੀ ਬੜੀ ਲੋੜ ਹੈ। ਹਰ ਪਾਸੇ ਤੋਂ ਆਪਣੇ ਆਪ ਨੂੰ ਤੋੜ ਕੇ ਇਕ ਨੁਕਤੇ ਨਾਲ

ਜੋੜਨਾ ਤੇ ਉਸ ਲਈ ਸਰਵਸਵ ਕੁਰਬਾਨ ਕਰ ਦੇਣਾ, ਮੈਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਖ਼ਸੀਅਤ ਦਾ ਧੁਰਾ ਲਗਿਆ ਸੀ। ਬਾਬੇ ਬਕਾਲੇ ਵਿਚ ਵੀਹ ਵਰ੍ਹੇ ਲਾਏ ਸਨ ਕਾਦਰ ਨਾਲ, ਕੁਝ ਵਰ੍ਹੇ ਗੁਰੂ ਜੀ ਨੇ ਕਾਦਰ ਦੀ ਮਹਿਮਾ ਹਰ ਕੋਨੇ ਵਿਚ ਗਾਈ ਸੀ ਤੇ ਹੁਣ ਗੁਰੂ ਜੀ ਸ਼ਹਾਦਤ ਲਈ ਦਿੱਲੀ ਨੂੰ ਟੁਰ ਪਏ ਸਨ; ਸੰਤ-ਸ਼ਹੀਦਾਂ ਦੇ ਰਾਹ 'ਤੇ।

'ਸ਼ਹਾਦਤ' ਅਰਬੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਗਵਾਹੀ, ਸੱਚ ਦੀ ਗਵਾਹੀ ਧਰਮ-ਯੁੱਧ ਵਿਚ ਜਾਨ ਦੇ ਦੇਣਾ ਪਰ ਵਿਸ਼ਵਾਸ ਨਾ ਛੱਡਣਾ। ਸ਼ਹੀਦ ਉਹ ਹੈ ਜੋ ਆਪਣੇ ਵਿਸ਼ਵਾਸ ਲਈ ਸੀਸ ਦੇ ਦੇਵੇ ਪਰ ਸਿਰੜ ਨਾ ਛੱਡੇ, ਸ਼ਹੀਦ ਉਹ ਹੈ ਜੋ ਤਸੀਹਿਆਂ ਦੀ ਹਾਲਤ ਵਿਚ ਆਪਣੀ ਜਾਨ ਨਾ ਬਚਾਵੇ ਤੇ ਵਿਸ਼ਵਾਸ ਨਾ ਛੱਡੇ। ਹਰ ਦੇਸ਼ ਅਤੇ ਹਰ ਧਰਮ ਵਿਚ ਸ਼ਹੀਦ ਹੋਏ ਹਨ। ਕੌਮਾਂ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਹੀ ਬਣਦੀਆਂ ਹਨ। ਸ਼ਹੀਦਾਂ ਦੇ ਜੀਵਨ ਚਾਨਣ ਮੁਨਾਰੇ ਹਨ; ਉਤਸ਼ਾਹ ਤੇ ਹੌਸਲੇ ਦੇ ਸੋਮੇ ਹਨ ਅਤੇ ਨੇਕ ਕਦਰਾਂ ਕੀਮਤਾਂ ਤੇ ਇਨਸਾਨੀਅਤ ਦੇ ਰਾਖੇ। ਉਨ੍ਹਾਂ ਦੀਆਂ ਚਿਤਾਵਾਂ 'ਤੇ ਮੇਲੇ ਲਗਦੇ ਹਨ। ਉਹ ਦੇਸ਼, ਧਰਮ, ਕੌਮ, ਜ਼ਬਾਨ, ਲਿਬਾਸ ਦੀਆਂ ਹੱਦਾਂ ਨੂੰ ਪਾਰ ਕਰ ਜਾਂਦੇ ਹਨ। ਉਹ ਸਭ ਦੇ ਬਣ ਜਾਂਦੇ ਹਨ। ਹਰ ਕੋਈ ਉਨ੍ਹਾਂ ਤੋਂ ਰੋਸ਼ਨੀ ਤੇ ਸ਼ਕਤੀ ਲੈਂਦਾ ਹੈ। ਸੁਕਰਾਤ, ਈਸਾ, ਹੁਸੈਨ, ਮਨਸੂਰ, ਹਕੀਕਤ, ਸ੍ਰੀ ਗੁਰੂ ਅਰਜਨ ਦੇਵ ਜੀ ਸਭ ਦੇ ਹਨ, ਸਭ ਲਈ ਹਨ। ਉਨ੍ਹਾਂ ਸੰਤਾਂ ਨੇ ਸੰਕਲਪ ਦੇ ਰਾਹ 'ਤੇ ਚਲਦਿਆਂ ਸ਼ਹਾਦਤ ਪਾਈ ਹੈ। ਸਮੇਂ ਦੀ ਸਰਕਾਰ ਨੂੰ ਉਨ੍ਹਾਂ ਦੀ ਕਥਨੀ ਤੇ ਕਰਨੀ ਨਹੀਂ ਸੀ ਭਾਈ। ਉਨ੍ਹਾਂ ਨੂੰ ਰੋਕਿਆ ਗਿਆ। ਹਾਕਮਾਂ ਨੇ ਸੋਚਿਆ ਉਹ ਰੋਕ ਲੈਣਗੇ, ਦਬਾ ਲੈਣਗੇ। ਨਾ ਸੰਤ ਮਿਟੇ, ਨਾ ਉਨ੍ਹਾਂ ਦੇ ਵਿਚਾਰ ਰੁਕੇ। ਸ਼ਹਾਦਤ ਨੇ ਸਦਾ ਹੀ ਰੰਗ ਲਿਆਂਦਾ ਹੈ। ਕਾਤਲਾਂ ਦੇ ਨਾਂ ਸੀਨਾ-ਬ-ਸੀਨਾ ਨਹੀਂ ਚਲਦੇ, ਸ਼ਹੀਦਾਂ ਦੇ ਨਾਂ ਦੀਆਂ ਮਾਵਾਂ ਆਪਣੇ ਬੱਚਿਆਂ ਨੂੰ ਲੋਰੀਆਂ ਦੇਂਦੀਆਂ ਹਨ, ਸਾਹਿਤਕਾਰ ਉਨ੍ਹਾਂ ਦੇ ਜੱਸ ਗਾਉਂਦੇ ਹਨ, ਸਰਕਾਰਾਂ ਉਨ੍ਹਾਂ ਦੇ ਦਿਨ ਮਨਾਉਂਦੀਆਂ ਹਨ। ਉਨ੍ਹਾਂ ਸਿਮਰਨ ਦਾ ਰਾਹ ਅਪਣਾਇਆ ਸੀ, ਸ਼ਹਾਦਤ ਦੇ ਰਾਹ ਨੂੰ ਚੁਣਿਆ ਸੀ। ਉਹ ਅਮਰ ਹਨ। ਸੁਕਰਾਤ 469 ਬੀ.ਸੀ. ਦੇ ਲਗਪਗ ਯੂਨਾਨ ਵਿਚ ਪੈਦਾ ਹੋਇਆ। ਸਮੇਂ ਦੀਆਂ ਕੁਰੀਤੀਆਂ ਭੇਖ ਅਤੇ ਪਾਖੰਡ ਵਿਰੁੱਧ ਆਵਾਜ਼ ਉਠਾਈ। ਉਹ ਨਿਡਰ ਸੀ ਅਤੇ ਨਿਰਭੈਤਾ ਦਾ ਪਰਚਾਰ ਕਰਦਾ ਸੀ। ਸਮੇਂ ਦੀ ਸਰਕਾਰ ਨੇ ਉਸ ਨੂੰ ਕੈਦ ਕਰ ਲਿਆ। ਉਸ 'ਤੇ 399 ਦਫਾ ਲਗਾਈ ਕਿ ਉਹ ਧਰਤੀ ਦੇ ਹੇਠਾਂ 'ਤੇ ਅਸਮਾਨ ਤੋਂ ਉਪਰ ਦੀਆਂ ਗੱਲਾਂ ਕਰਦਾ ਹੈ ਪਰ ਧਰਤੀ ਦੀ ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕਰਦਾ। ਦੋਸਤਾਂ ਨੇ ਉਸ ਨੂੰ ਜੇਲ੍ਹ ਵਿਚੋਂ ਭਜਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਸੁਕਰਾਤ ਨੇ ਨਾਂਹ ਕਰ ਦਿੱਤੀ। ਸੁਕਰਾਤ ਨੇ ਖਿੜੇ ਮੱਥੇ ਜ਼ਹਿਰ ਦਾ ਪਿਆਲਾ ਪੀ ਲਿਆ ਪਰ ਆਪਣੇ ਵਿਚਾਰ ਦੇ ਵਿਸ਼ਵਾਸ ਨੂੰ ਨਹੀਂ ਛੱਡਿਆ।

ਪਿਆਰ, ਨਿਮਰਤਾ ਅਤੇ ਕਿਰਪਾਲਤਾ ਦਾ ਮਸੀਹਾ ਈਸਾ, ਆਪਣੇ ਬਾਰਾਂ ਚੇਲਿਆਂ ਨਾਲ ਲੋਕਾਂ ਵਿਚ ਸਥਾਪਤ ਕੀਮਤਾਂ, ਮਜ਼ਲੂਮਾਂ ਨੂੰ ਲੁੱਟਣ ਵਾਲਿਆਂ, ਤਸੀਹੇ ਦੇਣ ਵਾਲਿਆਂ, ਕਰਜ਼ੇ ਦੀ ਚੱਕੀ ਵਿਚ ਲੋਕਾਂ ਨੂੰ ਪੀਸਣ ਵਾਲਿਆਂ ਦੇ ਵਿਰੁੱਧ ਪ੍ਰਚਾਰ ਕਰਦਾ ਸੀ। ਅਨੇਕ ਸ਼ਹਿਰਾਂ ਅਤੇ ਪਿੰਡਾਂ ਵਿਚ ਜ਼ੁਲਮ ਅਤੇ ਜਬਰ ਦੇ ਖਿਲਾਫ ਆਵਾਜ਼ ਉਠਾਈ। ਪੁਰਾਣੀਆਂ ਕੀਮਤਾਂ ਦੇ ਖਿਲਾਫ ਹੋਣਾ ਸਥਾਪਤ ਲੋਕਾਂ ਤੇ ਹਾਕਮਾਂ ਨੂੰ ਪਸੰਦ ਨਹੀਂ ਸੀ। ਯੋਰੋਸ਼ਲਮ ਦਾ ਵੱਡਾ ਮਹੰਤ ਈਸਾ ਨੂੰ ਖਤਰਾ ਸਮਝਣ ਲੱਗਿਆ। ਉਸ ਦਾ ਪ੍ਰਭਾਵ ਘਟ ਰਿਹਾ ਸੀ। ਈਸਾ ਦੀ ਤਾਕਤ ਵਧ

ਰਹੀ ਸੀ। ਈਸਾ 'ਤੇ ਦੋਸ਼ ਲਾਇਆ ਗਿਆ ਕਿ ਉਹ ਆਪਣੇ ਆਪ ਨੂੰ ਰੱਬ ਦਾ ਪੁੱਤਰ ਦੱਸਦਾ ਹੈ ਤੇ ਲੋਕਾਂ ਵਿਚ ਕਰਾਂਤੀ ਫੈਲਾ ਰਿਹਾ ਹੈ, ਸਮੇਂ ਦੀ ਸਰਕਾਰ ਦੇ ਖਿਲਾਫ। ਭੜਕਾਏ ਗਏ ਲੋਕਾਂ ਦੀ ਭੀੜ ਵਿਚ ਸੰਤ ਈਸਾ ਨੂੰ ਧੱਕੇ ਮਾਰੇ ਗਏ। ਜਿਸ ਦੇ ਜੋ ਹੱਥ ਵਿਚ ਆਇਆ, ਈਸਾ 'ਤੇ ਮਾਰਿਆ। ਆਫਰੀਨ! ਸੰਤ ਈਸਾ ਦੇ ਚਿਹਰੇ 'ਤੇ ਮਲਾਲ ਨਹੀਂ ਸੀ। ਹੱਥਾਂ ਤੇ ਪੈਰਾਂ ਵਿਚ ਉਸ ਦੇ ਮੇਖਾਂ ਗੱਡੀਆਂ ਗਈਆਂ। ਉਹ ਮੁਸਕਰਾ ਰਿਹਾ ਸੀ। ਸਲੀਬ ਨੂੰ ਚੁੰਮਿਆ ਪਰ ਉਫ ਨਾ ਕੀਤੀ, ਈਸਾ ਸੰਤ-ਸ਼ਹੀਦ ਹੋ ਗਿਆ।

ਪੈਗੰਬਰ ਮੁਹੰਮਦ ਸਾਹਿਬ ਦਾ ਦੋਹਤਰਾ ਅਲੀ ਅਤੇ ਫਾਤਮਾ ਦਾ ਪੁੱਤਰ ਹੁਸੈਨ ਯਜੀਦ ਦੇ ਜ਼ਾਲਮ ਸੈਨਾਪਤੀ ਸਿਮਰ ਦੇ ਜ਼ੁਲਮ ਦਾ ਸ਼ਿਕਾਰ ਹੋਇਆ। ਤਿੰਨ ਦਿਨ ਪਾਣੀ ਦੇ ਤੁਪਕੇ ਲਈ ਤਰਸਦਾ ਰਿਹਾ। ਸਹਿਕਦਾ ਰਿਹਾ। ਕਰਬਲਾ ਦੇ ਸ਼ਹਿਰਾਂ ਵਿਚ ਬਗਦਾਦ ਦੇ ਪਾਸ 18 ਅਕਤੂਬਰ 680 ਨੂੰ ਆਪ ਤਾਂ ਸ਼ਹੀਦ ਹੋ ਗਿਆ, ਪਰ ਸਮੁੱਚੀ ਕੌਮ ਨੂੰ ਮੁਹੱਰਮ ਨੇ ਦਸ ਦਿਨਾਂ ਵਿਚ ਜ਼ੁਲਮ ਦੇ ਖਿਲਾਫ ਸੋਚਣ, ਮਹਿਸੂਸਣ ਅਤੇ ਲੜਨ ਦੀ ਪ੍ਰੇਰਣਾ ਦਿੱਤੀ। ਸੰਤ-ਸ਼ਹੀਦਾਂ ਦੇ ਖੂਨ ਨੂੰ ਸ਼ਮ੍ਹਾਂ ਚਾਨਣ-ਮੁਨਾਰਾ ਬਣਾ ਦੇਂਦਾ ਹੈ। ਸੰਤ-ਸ਼ਹੀਦਾਂ ਦੀ ਸ਼ਹਾਦਤ ਤੋਂ ਪ੍ਰੇਰਣਾ ਲੈ ਕੇ ਮਨਸੂਰ ਨੇ 'ਅੱਨਲ ਹੱਕ' (ਮੈਂ ਰੱਬ ਹਾਂ) ਆਖਿਆ। ਮੁਲਾਣਿਆਂ ਦੀ ਮਿਹਰ ਨਾਲ ਖਲੀਫਾ ਮੁਕਤਾਰ ਨੇ 26 ਮਾਰਚ, 922 ਨੂੰ ਕੋੜਿਆਂ ਦੀ ਲਗਾਤਾਰ ਮਾਰ ਪਿਛੋਂ ਸੂਲੀ ਚਾੜ੍ਹ ਦਿੱਤਾ। ਜਾਨ ਦੇ ਦਿੱਤੀ ਪਰ ਆਪਣਾ ਵਿਸ਼ਵਾਸ ਨਾ ਛੱਡਿਆ। ਆਫਰੀਨ! ਇਨ੍ਹਾਂ ਦੇ, ਜਿਨ੍ਹਾਂ ਵਿਸ਼ਵਾਸ ਨਹੀਂ ਛੱਡਿਆ; ਜ਼ਮੀਰ ਦੀ ਮੰਨੀ, ਜੁੱਸ ਛੱਡ ਦਿੱਤਾ। ਇਹ ਸਾਰੇ ਆਦਰਸ਼ਵਾਦੀ ਸਨ। ਰੱਬ ਨੂੰ ਮੰਨਣ ਵਾਲੇ, ਪਰ ਰੱਬ ਦੇ ਨਾਂ 'ਤੇ ਭੇਖ ਫੈਲਾਉਣ ਵਾਲੇ, ਜ਼ੁਲਮ ਕਰਨ ਵਾਲੇ ਰਾਜਿਆਂ ਹਾਕਮਾਂ, ਮੁਲਾਣਿਆਂ ਅਤੇ ਮਹੰਤਾਂ ਦੇ ਖਿਲਾਫ। ਸਾਰੇ ਸੰਤ-ਸ਼ਹੀਦ ਹਨ। ਇਨ੍ਹਾਂ ਆਪਣੀ ਸ਼ਹਾਦਤ ਨਾਲ ਇਤਿਹਾਸ ਬਦਲਿਆ ਹੈ। ਸਿਮਰਨ ਕਰਨ ਵਾਲੇ ਪਰ ਸੂਲੀ ਚੜ੍ਹਨ ਵਾਲੇ ਮਹਾਨ ਸ਼ਹੀਦ ਮਨੁੱਖੀ ਇਤਿਹਾਸ ਦੇ ਚਾਨਣ ਮੁਨਾਰੇ ਹਨ।

ਇਹ ਵਿਅਕਤੀ ਸਨ, ਜਿਨ੍ਹਾਂ ਜ਼ੁਲਮ ਤੇ ਜਬਰ ਦੇ ਖਿਲਾਫ ਆਵਾਜ਼ ਉਠਾਈ। ਆਪਾ ਕੁਰਬਾਨ ਕਰ ਦਿੱਤਾ ਪਰ ਅਸੂਲ ਨਹੀਂ ਛੱਡਿਆ। ਗੌਰਵ ਦੀ ਗੱਲ ਹੈ। ਪਰ ਮਨੁੱਖਤਾ ਦੇ ਇਤਿਹਾਸ ਅਤੇ ਸਭਿਅਤਾ ਦੇ ਵਿਕਾਸ ਵਿਚ ਅਜਿਹਾ ਦੂਜਾ ਸਾਕਾ ਨਹੀਂ, ਜਿਥੇ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਸਿਮਰਨ ਕਰਦੇ ਹੋਏ, ਵਾਹਿਗੁਰੂ ਦੀ ਮਹਿਮਾ ਗਾਉਂਦੇ ਹੋਏ, ਜ਼ੁਲਮ ਦੇ ਖਿਲਾਫ ਲਲਕਾਰਦੇ ਹੋਏ, ਰਾਜਿਆਂ ਦੇ ਵਿਰੋਧੀ, ਮਹੰਤਾਂ ਦੇ ਵੈਰੀ ਭੇਖੀਆਂ ਨੂੰ ਭੰਡਣ ਵਾਲੇ, ਗੱਲ ਕੀ ਦੁਨਿਆਵੀ ਸ਼ਕਤੀਆਂ ਦੇ ਖਿਲਾਫ ਸੰਤ-ਸ਼ਹੀਦਾਂ ਦੇ ਰਾਹ 'ਤੇ ਚਲਦਿਆਂ ਰੂਹਾਨੀ ਆਵਾਜ਼ ਨੂੰ ਸੁਣਦਿਆਂ, ਉਸ ਦਾ ਸਿਮਰਨ ਕਰਦਿਆਂ, ਦਾਦੇ, ਪਿਤਾ, ਆਪ, ਪੁੱਤਰ, ਪੋਤਰਿਆਂ ਬੰਸ ਦੀ ਆਖਰੀ ਨਿਸ਼ਾਨੀ ਨੇ ਵੀ ਖਿੜੇ ਮੱਥੇ ਸ਼ਹਾਦਤ ਦਾ ਜਾਮ ਪੀਤਾ ਹੋਵੇ ਪਰ ਧਰਮ ਦਾ ਰਾਹ ਨਾ ਛੱਡਿਆ ਹੋਵੇ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀਆਂ ਤਵੀਆਂ ਤੇ ਬਿਠਾਇਆ ਗਿਆ, ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਜੇਲ੍ਹ ਵਿਚ ਤਸੀਹੇ ਦਿਤੇ ਗਏ, ਆਪ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ ਗਿਆ, ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਖਣ ਵਿਚ ਸ਼ਹੀਦ ਕੀਤਾ ਗਿਆ, ਦੋ ਪੋਤਰਿਆਂ ਨੂੰ ਦੀਵਾਰਾਂ ਵਿਚ ਚਿਣ ਦਿੱਤਾ ਗਿਆ,

ਦੋ ਜੰਗ ਵਿਚ ਸ਼ਹੀਦ ਹੋਏ, ਪੰਜ ਪੁਸ਼ਤਾਂ ਨੂੰ ਇਤਿਹਾਸ ਵਿਚ ਸੰਤ-ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੈ। ਉਹ ਵਾਹਿਗੁਰੂ ਦਾ ਸਿਮਰਨ ਕਰਦੇ ਸਨ ਅਤੇ ਧਰਮ ਦੀ ਰੱਖਿਆ ਲਈ ਸ਼ਹੀਦ ਹੋਣਾ ਆਪਣਾ ਧਰਮ ਮੰਨਦੇ ਸਨ। ਉਨ੍ਹਾਂ 'ਸੀਸੁ ਦੀਆ ਪਰ ਸਿਰਰ ਨ ਦੀਆ'। ਸਿਮਰਨ ਨਾਲ ਉਨ੍ਹਾਂ ਆਪੇ ਨੂੰ ਇਕਾਗਰ ਕੀਤਾ ਅਤੇ ਇਕਾਗਰ ਆਪੇ ਨੂੰ ਧਰਮ ਦੇ ਰਾਹ 'ਤੇ ਟੋਰ ਦਿੱਤਾ। ਟੁਰਦਿਆਂ, ਟੁਰਦਿਆਂ ਜੁੱਸਾ ਕੁਰਬਾਨ ਕਰ ਦਿੱਤਾ ਪਰ ਜ਼ਮੀਰ ਦੀ ਆਵਾਜ਼ ਨਹੀਂ ਛੱਡੀ।

ਸਿਮਰਨ ਕਰਨ ਵਾਲਿਆਂ ਸੰਤ-ਸ਼ਹੀਦਾਂ ਦੇ ਇਤਿਹਾਸ ਵਿਚ ਗੁਰੂ-ਘਰ ਲਾਸਾਨੀ ਹੈ। ਧਰਮ ਦੇ ਰਾਹ 'ਤੇ ਪੰਜ ਪੁਸ਼ਤਾਂ ਕੁਰਬਾਨ ਕਰ ਦੇਣੀਆਂ, ਬੰਸ ਮਿਟਾ ਲੈਣਾ ਪਰ ਰਾਹ ਨਾ ਛੱਡਣਾ ਮਨੁੱਖੀ ਇਤਿਹਾਸ ਦੀ ਇਕੋ ਇਕ ਮਿਸਾਲ ਹੈ।

(11/1990)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ

## ਔਰੰਗਜ਼ੇਬ ਉੱਤੇ ਇਸ ਦਾ ਪ੍ਰਭਾਵ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਈ ਸਾਧਾਰਨ ਪੁਰਸ਼ ਨਹੀਂ ਸਨ। ਉਨ੍ਹਾਂ ਦੀ ਸ਼ਹਾਦਤ ਵੀ ਇਤਿਹਾਸ ਦੀ ਕੋਈ ਸਾਧਾਰਨ ਘਟਨਾ ਨਹੀਂ ਸੀ। ਇਸ ਲਈ ਜਿਸ ਦੇ ਹੁਕਮ ਨਾਲ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਗਿਆ, ਉਸ ਉੱਤੇ ਵੀ ਇਸ ਘਟਨਾ ਦਾ ਪ੍ਰਭਾਵ ਪੈਣਾ ਜ਼ਰੂਰੀ ਸੀ। ਬਾਦਸ਼ਾਹ ਉੱਤੇ ਇਸ ਦਾ ਕੀ ਪ੍ਰਭਾਵ ਪਿਆ ? ਇਸ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਦੋ ਹੋਰ ਅਹਿਮ ਪ੍ਰਸ਼ਨਾਂ ਦਾ ਉੱਤਰ ਲੱਭਣਾ ਆਵੱਸ਼ਕ ਹੈ। ਇਕ ਇਹ ਕਿ ਕੀ ਗੁਰੂ ਸਾਹਿਬ ਦੀ ਸ਼ਹਾਦਤ ਦੇ ਕਾਰਨ ਰਾਜਸੀ ਸਨ ਜਾਂ ਧਾਰਮਿਕ ਜਿਵੇਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਆਪਣੀ ਲਿਖਤ ਤੋਂ ਸਾਬਤ ਹੁੰਦਾ ਹੈ।

ਸਿੱਖ ਇਤਿਹਾਸ ਦੇ ਪੰਜਾਬੀ ਸਰੋਤ ਅਤੇ ਸਾਨੂੰ ਵਿਰਸੇ ਵਿਚ ਮਿਲੀਆਂ ਮੌਖਿਕ ਰਵਾਇਤਾਂ ਤਾਂ ਇਹੀ ਦੱਸਦੀਆਂ ਹਨ ਕਿ ਬਾਦਸ਼ਾਹ ਦਿੱਲੀ ਵਿਚ ਸੀ।

ਅਜੋਕੇ ਪ੍ਰਸਿੱਧ ਸਿੱਖ ਇਤਿਹਾਸਕਾਰ ਡਾ. ਗੰਡਾ ਸਿੰਘ ਇਸ ਮੱਤ ਨਾਲ ਸਹਿਮਤ ਨਹੀਂ ਅਤੇ ਉਹ ਇਹ ਦੱਸਦੇ ਹਨ ਕਿ ਗੁਰੂ ਸਾਹਿਬ ਦੀ ਸ਼ਹਾਦਤ ਸਮੇਂ ਬਾਦਸ਼ਾਹ ਹਸਨਾਬਦਾਲ (ਪੰਜਾ ਸਾਹਿਬ) ਵਿਚ ਸੀ।

ਇਨ੍ਹਾਂ ਦੋ ਪ੍ਰਸ਼ਨਾਂ ਦਾ ਨਿਰਣਾ ਕਰਨ ਮਗਰੋਂ ਬਾਦਸ਼ਾਹ ਉੱਤੇ ਪਏ ਇਸ ਮਹਾਨ ਸ਼ਹੀਦੀ ਸਾਕੇ ਦੇ ਪ੍ਰਭਾਵ ਦਾ ਜਾਇਜ਼ਾ ਲਿਆ ਜਾ ਸਕਦਾ ਹੈ।

ਜਿਥੋਂ ਤਕ ਪਹਿਲੇ ਪ੍ਰਸ਼ਨ ਦਾ ਸੰਬੰਧ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਲਿਖਤ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਦਾ ਇਕੋ-ਇਕ ਕਾਰਨ ਹਿੰਦੂਆਂ ਉੱਤੇ ਹੋ ਰਹੇ ਮੁਗ਼ਲਾਂ ਦੇ ਧਾਰਮਿਕ ਅਤਿਆਚਾਰਾਂ ਵਿਰੁੱਧ ਪ੍ਰੋਟੈਸਟ ਕਰਨਾ ਸੀ।

ਪਰ ਸਵਰਗਵਾਸੀ ਡਾ. ਫ਼ੌਜਾ ਸਿੰਘ ਦਾ ਵਿਚਾਰ ਇਹ ਸੀ ਕਿ ਗੁਰੂ ਸਾਹਿਬ ਨੂੰ ਮੁਗ਼ਲਾਂ ਵਿਰੁੱਧ ਸਿਆਸੀ ਵਿਦਰੋਹ ਕਾਰਨ ਸ਼ਹੀਦ ਕੀਤਾ ਗਿਆ। ਡਾ. ਫ਼ੌਜਾ ਸਿੰਘ ਨੇ ਆਪਣੇ ਮੱਤ ਨੂੰ ਸਿੱਧ ਕਰਨ ਲਈ 1781 ਵਿਚ ਲਿਖੀ ਫ਼ਾਰਸੀ ਦੀ ਪੁਸਤਕ 'ਸੀਅਰ-ਉਲ-ਮੁਤਾਖ਼ਰੀਨ' ਅਤੇ ਰਣਜੀਤ ਸਿੰਘ ਦੇ ਦਰਬਾਰੀ ਇਤਿਹਾਸਕਾਰ ਮੁਨਸ਼ੀ ਸੋਹਨ ਲਾਲ ਦੀ ਪੁਸਤਕ 'ਉਮਦਤ-ਉਤ-ਤਵਾਰੀਖ਼' ਨੂੰ ਆਧਾਰ ਬਣਾਇਆ ਹੈ।

ਜਿਥੋਂ ਤਕ ਪਹਿਲੀ ਪੁਸਤਕ ਦਾ ਸੰਬੰਧ ਹੈ ਡਾ. ਫ਼ੌਜਾ ਸਿੰਘ ਨੇ 'ਸੀਅਰ-ਉਲ-ਮੁਤਾਖ਼ਰੀਨ' ਦੇ ਮੂਲ ਫ਼ਾਰਸੀ ਰੂਪ ਨੂੰ ਵਾਚਨ ਦਾ ਯਤਨ ਕਰਨ ਦੀ ਥਾਂ ਇਕ ਅੰਗਰੇਜ਼ ਲੇਖਕ ਰੇਮਾਂਡ ਵਲੋਂ ਕੀਤੇ ਇਸ ਦੇ ਅੰਗਰੇਜ਼ੀ ਅਨੁਵਾਦ ਨੂੰ ਆਧਾਰ ਬਣਾਇਆ। ਇਹ ਅਨੁਵਾਦ ਬਿਲਕੁਲ ਗ਼ਲਤ

ਹੈ। ਇਸ ਤੋਂ ਛੁਟ ਡਾਕਟਰ ਸਾਹਿਬ 'ਸੀਅਰ-ਉਲ-ਮੁਤਾਖ਼ਰੀਨ' ਦੀਆਂ ਗ਼ਲਤੀਆਂ ਨੂੰ ਸਮਝਣ ਵਿਚ ਅਸਮਰਥ ਰਹੇ।

ਲੇਖਕ ਨੇ ਸਭ ਤੋਂ ਵੱਡੀ ਭੁੱਲ ਇਹ ਖਾਧੀ ਕਿ ਸਿੱਖਾਂ ਵਲੋਂ ਗੁਰੂ ਸਾਹਿਬ ਨੂੰ ਆਪਣੀ ਸ਼ਰਧਾ ਨਾਲ ਭੇਟਾ ਕੀਤੇ ਦਸਵੰਧ ਨੂੰ ਉਹ 'ਜਬਰੀ ਵਸੂਲੀ' ਲਿਖਦਾ ਹੈ। ਸਿੱਖ ਰਵਾਇਤਾਂ ਤੇ ਇਤਿਹਾਸ ਦੇ ਜਾਣੂਆਂ ਨੂੰ ਪਤਾ ਹੈ ਕਿ ਦਸਵੰਧ ਕੋਈ 'ਜਬਰੀ ਵਸੂਲੀ' ਨਹੀਂ ਸੀ। ਸਿੱਖ ਗੁਰੂ ਸਾਹਿਬ ਦੇ ਦਰਬਾਰ ਵਿਚ ਸੰਗਤ ਤੇ ਲੰਗਰ-ਪਾਣੀ ਲਈ ਆਪਣੀ ਰਜ਼ਾਮੰਦੀ ਨਾਲ ਦਸਵੰਧ ਦੇਂਦੇ ਸਨ ਅਤੇ ਹੁਣ ਵੀ ਦੇਂਦੇ ਹਨ। ਜੇ ਡਾਕਟਰ ਫ਼ੌਜਾ ਸਿੰਘ ਵੀ ਇਸ ਹਕੀਕਤ ਨੂੰ ਸਮਝ ਲੈਂਦੇ ਤਾਂ ਉਹ ਟਪਲਾ ਨਾ ਖਾਂਦੇ। ਦੂਜੀ ਭੁੱਲ ਸੀ ਲੇਖਕ ਦੀ ਹਾਫਿਜ਼ ਆਦਮ ਨਾਂ ਦੇ ਇਕ ਮੁਸਲਮਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਨਾਲ ਜੋੜਨਾ। ਹਾਫ਼ਿਜ਼ ਆਦਮ ਤਾਂ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਹੁਤ ਪਹਿਲਾਂ ਮਰ ਚੁੱਕਿਆ ਸੀ। ਗੁਰੂ ਸਾਹਿਬ ਨਾਲ ਦੇ ਹੋਰ ਮੁਸਲਮਾਨਾਂ ਨੂੰ ਔਰੰਗਜ਼ੇਬ ਨੇ ਮਰਵਾ ਦਿੱਤਾ ਸੀ ਅਤੇ ਇਹ ਦੋਵੇਂ ਸ਼ੀਆ ਸਨ ਅਤੇ ਸ਼ਾਇਦ ਗੁਰੂ ਸਾਹਿਬ ਦੇ ਨਾਲ ਕਸ਼ਮੀਰ ਸ਼ੀਆ ਮੁਸਲਮਾਨਾਂ ਉੱਤੇ ਕੀਤੇ ਜਾ ਰਹੇ ਸੁੰਨੀ ਹਾਕਮਾਂ ਦੇ ਅਤਿਆਚਾਰਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਗੁਰੂ ਸਾਹਿਬ ਦੀ ਅਗਵਾਈ ਹੇਠ ਬਾਦਸ਼ਾਹ ਨੂੰ ਮਿਲਣ ਗਏ ਸਨ।

ਜਿਥੋਂ ਤਕ ਮੁਨਸ਼ੀ ਸੋਹਨ ਲਾਲ ਦਾ ਸੰਬੰਧ ਹੈ, ਉਸ ਨੇ ਤਾਂ ਆਪਣੀ ਲਿਖਤ ਵਿਚ ਇਹ ਕਿਹਾ ਹੈ ਕਿ ਕੁਝ ਸਵਾਰਥੀ ਲੋਕਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਿਰੁੱਧ ਗ਼ਲਤ ਪ੍ਰਚਾਰ ਕੀਤਾ ਤੇ ਕਿਹਾ ਕਿ ਉਹ ਸਿਆਸੀ ਅੰਦੋਲਨ ਕਰਨ 'ਤੇ ਤੁਲੇ ਹੋਏ ਸਨ। ਸੋਹਨ ਲਾਲ ਨੇ ਸਿਆਸੀ ਅਪਰਾਧ ਦੇ ਦੋਸ਼ ਨੂੰ ਨਿਰਾਧਾਰ, ਨਿਰਮੂਲ ਤੇ ਗ਼ਲਤ ਕਿਹਾ ਹੈ, ਪਰ ਫ਼ਾਰਸੀ ਨੂੰ ਠੀਕ ਸਮਝ ਨਾ ਸਕਣ ਕਾਰਨ ਉਕਤ ਵਿਦਵਾਨ ਨੂੰ ਭੁਲੇਖਾ ਲਗ ਗਿਆ ਅਤੇ ਉਹ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਆਪਣੀ ਲਿਖਤ ਨੂੰ ਸਹੀ ਸੇਧ ਦੇਣ ਦੇ ਸਮਰੱਥ ਨਾ ਹੋ ਸਕਿਆ।

## ਗੁਰੂ ਸਾਹਿਬ ਦੀ ਸ਼ਹਾਦਤ ਸਮੇਂ ਔਰੰਗਜ਼ੇਬ ਕਿਥੇ ਸੀ?

ਇਹ ਪ੍ਰਸ਼ਨ ਵੀ ਅਹਿਮ ਹੈ। ਸਿੱਖ ਇਤਿਹਾਸ ਦੇ ਸਾਰੇ ਸਰੋਤ ਇਹੀ ਦੱਸਦੇ ਹਨ ਕਿ ਔਰੰਗਜ਼ੇਬ ਦਿੱਲੀ ਵਿਚ ਸੀ ਪਰ ਡਾ. ਗੰਡਾ ਸਿੰਘ ਜੀ ਦਾ ਮਤ ਹੈ ਕਿ ਔਰੰਗਜ਼ੇਬ ਉਦੋਂ ਹਸਨਾਬਦਾਲ (ਪੰਜਾ ਸਾਹਿਬ) ਵਿਚ ਸੀ। ਡਾ. ਸਾਹਿਬ ਨੇ ਆਪਣੇ ਇਸ ਵਿਚਾਰ ਦਾ ਆਧਾਰ 1713 ਵਿਚ ਲਿਖੀ ਫਾਰਸੀ ਦੀ ਪੁਸਤਕ 'ਮਾਅਸਿਰ-ਇ-ਆਲਮਗੀਰੀ' ਦੇ ਸਰ ਜਾਦੂ ਨਾਥ ਸਰਕਾਰ ਵਲੋਂ 1917 ਈ. ਵਿਚ ਕੀਤੇ ਅੰਗਰੇਜ਼ੀ ਅਨੁਵਾਦ ਨੂੰ ਬਣਾਇਆ ਹੈ। ਇਸ ਅਨੁਵਾਦ ਵਿਚ ਜਾਦੂ ਨਾਥ ਨੇ ਜੋ ਤਾਰੀਖ਼ਾਂ ਦਿੱਤੀਆਂ ਹਨ, ਉਹ ਪੁਸਤਕ ਦੇ ਫ਼ਾਰਸੀ ਰੂਪ ਨਾਲ ਮੇਲ ਨਹੀਂ ਖਾਂਦੀਆਂ।

ਗੁਰੂ ਸਾਹਿਬ ਦੀ ਸ਼ਹੀਦੀ 1086 ਹਿਜਰੀ ਦੇ ਰਮਜ਼ਾਨ ਮਹੀਨੇ ਵਿਚ ਹੋਈ। ਇਕ ਇਤਬਾਰੀ ਇਤਿਹਾਸਕਾਰ ਮੁਨਸ਼ੀ ਸੁਜਾਨ ਰਾਏ ਅਤੇ 'ਸੀਅਰ-ਉਲ-ਮੁਤਾਖ਼ਰੀਨ' ਦੇ ਲੇਖਕ ਗ਼ੁਲਾਮ ਹੁਸੈਨ 1068 ਦੇ ਸਾਲ ਨੂੰ ਔਰੰਗਜ਼ੇਬ ਦੇ ਰਾਜ ਦਾ ਸਤਾਰਵਾਂ ਸਾਲ ਲਿਖਦੇ ਹਨ ਜਦ ਕਿ 'ਮਾਅਸਿਰ-ਇ-ਆਲਮਗੀਰੀ' ਦਾ ਲੇਖਕ ਇਸ ਨੂੰ ਉਨੀਵਾਂ ਸਾਲ ਲਿਖਦਾ ਹੈ। ਇਨ੍ਹਾਂ ਦੋ ਤਾਰੀਖ਼ਾਂ ਵਿਚ ਇਹ ਵਿਰੋਧ ਕਿਉਂ?

ਸਰ ਜਾਦੂ ਨਾਥ ਸਰਕਾਰ ਕਾਹਲਾ-ਬਾਹਲਾ ਤੇ ਹੈਂਕੜਬਾਜ਼ ਆਦਮੀ ਸੀ। ਉਹ ਆਪ ਫ਼ਾਰਸੀ

ਜਾਣਦਾ ਹੋਣਾ ਹੈ ਪਰ ਉਹ ਅਨੁਵਾਦ ਦਾ ਕੰਮ ਆਪਣੇ ਪਾਸ ਰੱਖੇ ਮੁਨਸ਼ੀਆਂ ਤੋਂ ਕਰਵਾਉਂਦਾ ਸੀ। ਉਨ੍ਹਾਂ ਮੁਨਸ਼ੀਆਂ ਦਾ ਕਿਹਾ ਉਸ ਲਈ ਪੱਥਰ 'ਤੇ ਲੀਕ ਹੁੰਦਾ। ਜੇ ਜਾਦੂ ਨਾਥ ਸਮਕਾਲੀ ਲੇਖਕ ਸੁਜਾਨ ਰਾਏ ਦੀ ਰਚਨਾ ਤੇ 'ਮੁਆਸਿਰ-ਇ-ਆਲਮਗੀਰੀ' ਵਿਚ ਦਿੱਤੀਆਂ ਤਾਰੀਖ਼ਾਂ ਨੂੰ ਘੋਖ ਕੇ ਵਾਚਦਾ ਹੈ ਤਾਂ ਉਸ ਨੂੰ ਪਤਾ ਲੱਗਦਾ ਕਿ ਜਿਹੜੀਆਂ ਤਾਰੀਖ਼ਾਂ ਉਹ 'ਮਾਅਸਿਰ-ਇ-ਆਲਮਗੀਰੀ' ਨੂੰ ਦੇ ਰਿਹਾ ਹੈ, ਉਹ ਗ਼ਲਤ ਵੀ ਹੋ ਸਕਦੀਆਂ ਹਨ ਅਤੇ ਉਹ ਗ਼ਲਤ ਹਨ ਉਹ ਇਹ ਭੁੱਲ ਗਿਆ ਕਿ ਔਰੰਗਜ਼ੇਬ ਦੋ ਵਾਰੀ ਤਖ਼ਤ 'ਤੇ ਬੈਠਾ। ਉਸ ਨੇ ਆਲਮਗੀਰੀ ਸਾਲ ਦੂਜੀ ਤਾਜਪੋਸ਼ੀ ਵੇਲੇ ਸ਼ੁਰੂ ਕੀਤਾ ਅਤੇ ਉਸ ਦੇ ਮਰਨ ਪਿੱਛੋਂ ਸਾਕੀ ਮੁਸਤਇੱਦ ਖ਼ਾਨ ਨੇ ਸ਼ਾਹੀ ਦਰਬਾਰ ਵਿਚੋਂ ਜੋ ਵਾਕਿਆਤ ਪ੍ਰਾਪਤ ਕੀਤੇ ਉਹ ਸਾਰੇ ਆਲਮਗੀਰੀ ਸਾਲ ਵਿਚ ਲਿਖੇ ਹੋਏ ਸਨ ਨਾ ਕਿ ਹਿਜਰੀ ਸਾਲ ਅਨੁਸਾਰ। ਭਾਵ ਕਈ ਵਾਰੀ ਹਿਜਰੀ ਤਾਰੀਖ਼ਾਂ ਵੀ ਨਾਲ ਦਿੱਤੀਆਂ ਹੁੰਦੀਆਂ ਸਨ। ਇਸ ਤੋਂ ਇਲਾਵਾ ਸਰ ਜਾਦੂ ਨਾਥ ਸਰਕਾਰ ਇਹ ਵੀ ਭੁੱਲ ਗਿਆ ਕਿ ਔਰੰਗਜ਼ੇਬ ਦੇ ਰਾਜ ਦੇ ਪਹਿਲੇ ਤਿੰਨ ਸਾਲਾਂ ਵਿਚ ਸਮਕਾਲੀ ਇਤਿਹਾਸਕਾਰਾਂ ਨੂੰ ਅਕਸਰ ਤਾਰੀਖ਼ਾਂ ਦੇ ਟਪਲੇ ਲੱਗੇ। ਦੱਖਣ ਦੇ ਲੋਕਾਂ ਨੇ ਤਾਂ ਪਹਿਲੇ ਤਿੰਨ ਸਾਲ ਔਰੰਗਜ਼ੇਬ ਨੂੰ ਦਿੱਲੀ ਦਾ ਬਾਦਸ਼ਾਹ ਹੀ ਨਾ ਮੰਨਿਆ ਅਤੇ ਕਈ ਸ਼ਾਹਜਹਾਨ ਦਾ ਹੀ ਸੰਮਤ ਲਿਖਦੇ ਰਹੇ। ਸਰ ਜਾਦੂ ਨਾਥ ਸਰਕਾਰ ਨੇ ਕਾਹਲੇਪਣ ਵਿਚ ਇਨ੍ਹਾਂ ਗੱਲਾਂ ਵੱਲ ਧਿਆਨ ਨਾ ਦਿੱਤਾ। ਇਸ ਤੋਂ ਛੁੱਟ 'ਮਾਅਸਿਰ-ਇ-ਆਲਮਗੀਰੀ' ਨੂੰ ਵੀ ਪੂਰਨ ਤੌਰ 'ਤੇ ਭਰੋਸੇਯੋਗ ਮੰਨਣਾ ਗ਼ਲਤੀ ਹੈ ਕਿਉਂਕਿ 1086 ਹਿ. ਦੇ ਸਾਲ ਹੇਠ ਦੋ ਵਰ੍ਹਿਆਂ ਦੇ ਵਾਕਿਆਤ ਦਿੱਤੇ ਹੋਏ ਹਨ। ਜਾਦੂ ਨਾਥ ਸਰਕਾਰ ਨੇ ਆਪਹੁਦਰਾਪਨ ਜਤਲਾ ਕੇ ਉਨ੍ਹਾਂ ਨੂੰ ਇਕ ਵਰ੍ਹੇ ਦੇ ਹਾਲਾਤ ਵਿਚ ਪਰੋ ਦਿੱਤਾ। ਇਸ ਲਈ ਜਾਦੂ ਨਾਥ ਸਰਕਾਰ ਦੇ ਅੰਗਰੇਜ਼ੀ ਅਨੁਵਾਦ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

ਜੇ ਉਕਤ ਸਾਰੇ ਸੰਸਿਆਂ ਦਾ ਡੂੰਘਾ ਅਧਿਐਨ ਕਰੀਏ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਔਰੰਗਜ਼ੇਬ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਸ਼ਾਇਦ ਸੱਤ ਮਹੀਨੇ ਤੇ ਗਿਆਰਾਂ ਦਿਨ ਪਹਿਲਾਂ ਦਿੱਲੀ ਪੁੱਜ ਚੁੱਕਾ ਸੀ। ਪਰ ਜੇ ਇਹ ਸਾਰੀਆਂ ਦਲੀਲਾਂ ਰੱਦ ਕਰ ਦੇਈਏ ਤਾਂ ਕੇਵਲ ਇਹ ਦਲੀਲ ਕਾਫ਼ੀ ਹੈ ਕਿ ਗੁਰੂ ਸਾਹਿਬ ਨੂੰ ਮੁਨਸ਼ੀ ਸੁਜਾਨ ਰਾਏ ਅਨੁਸਾਰ 'ਬਾਦਸ਼ਾਹ ਦੇ ਹੁਕਮ' 'ਤੇ ਸ਼ਹੀਦ ਕੀਤਾ ਗਿਆ। ਜੇ ਬਾਦਸ਼ਾਹ ਦਿੱਲੀ ਵਿਚ ਨਹੀਂ ਸੀ ਤਾਂ ਕੇਵਲ ਇਕ ਕਾਜ਼ੀ ਬਾਦਸ਼ਾਹ ਦੇ ਦਸਤਖ਼ਤਾਂ ਤੋਂ ਬਿਨਾਂ ਕਿਵੇਂ ਗੁਰੂ ਸਾਹਿਬ ਨੂੰ ਕਤਲ ਕਰ ਸਕਦਾ ਸੀ ਅਤੇ ਜੇ ਔਰੰਗਜ਼ੇਬ ਪੰਜਾ ਸਾਹਿਬ ਹੁੰਦਾ ਤਾਂ ਗੁਰੂ ਸਾਹਿਬ ਨੂੰ ਪੰਜਾ ਸਾਹਿਬ ਜਾਣਾ ਚਾਹੀਦਾ ਸੀ ਜਾਂ ਉਸ ਦੀ ਲਾਹੌਰ ਉਡੀਕ ਕਰਨੀ ਚਾਹੀਦੀ ਸੀ। ਦਿੱਲੀ ਜਾਣਾ ਉੱਚਿਤ ਨਹੀਂ ਸੀ। ਗੁਰੂ ਸਾਹਿਬ ਦਾ ਦਿੱਲੀ ਜਾਣਾ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਔਰੰਗਜ਼ੇਬ ਦਿੱਲੀ ਵਿਚ ਸੀ। ਫ਼ਾਰਸੀ ਦੇ ਸਾਰੇ ਸਰੋਤ ਤੇ ਸਿੱਖਾਂ ਦੀਆਂ ਮੌਖਿਕ ਤੇ ਲਿਖਤੀ ਰਵਾਇਤਾਂ ਵੀ ਇਸੀ ਗੱਲ ਦੀ ਪੁਸ਼ਟੀ ਕਰਦੀਆਂ ਹਨ। ਇਸ ਲਈ ਇਹ ਗੱਲ ਬਿਲਕੁਲ ਸਪੱਸ਼ਟ ਅਤੇ ਸਹੀ ਹੈ ਕਿ ਔਰੰਗਜ਼ੇਬ ਗੁਰੂ ਸਾਹਿਬ ਦੀ ਸ਼ਹਾਦਤ ਵੇਲੇ ਦਿੱਲੀ ਵਿਚ ਮੌਜੂਦ ਸੀ।

**ਔਰੰਗਜ਼ੇਬ ਗੁਰੂ ਸਾਹਿਬ ਦੀ ਸ਼ਹਾਦਤ ਵੇਲੇ ਦਿੱਲੀ ਵਿਚ ਮੌਜੂਦ ਸੀ।**

ਉਕਤ ਦੋ ਪ੍ਰਸ਼ਨਾਂ ਦੇ ਉੱਤਰ ਲੱਭਣ ਮਗਰੋਂ ਹੁਣ ਇਹ ਵੇਖਣਾ ਸਹਿਲ ਹੈ ਕਿ ਔਰੰਗਜ਼ੇਬ ਉੱਤੇ ਇਸ ਸ਼ਹਾਦਤ ਦੇ ਤੁਰੰਤ ਅਤੇ ਸਦੀਵੀ ਅਸਰ ਕੀ ਪਏ ?

## ਤੁਰੰਤ ਪ੍ਰਭਾਵ

ਨਿਰਸੰਦੇਹ ਔਰੰਗਜ਼ੇਬ ਇਕ ਨਿਰਦਈ ਪੁਰਸ਼ ਸੀ, ਉਸ ਦੇ ਆਪਣੇ ਪਿਤਾ, ਭਰਾਵਾਂ ਅਤੇ ਸਾਕ-ਸੰਬੰਧੀਆਂ ਨਾਲ ਸੰਬੰਧਾਂ ਤੋਂ ਉਸ ਦੀ ਨਿਰਦੈਤਾ ਉਘੜ ਕੇ ਬਾਹਰ ਆਉਂਦੀ ਹੈ, ਪਰ ਇਸ ਵਿਚ ਵੀ ਕੋਈ ਸੰਦੇਹ ਨਹੀਂ ਸੀ ਕਿ ਉਹ ਅਕਸਰ ਪਛਤਾਵੇ ਦਾ ਸ਼ਿਕਾਰ ਵੀ ਹੋ ਜਾਂਦਾ ਸੀ। ਉਹ ਆਪਣੇ ਜੀਵਨ ਦੀ ਆਖ਼ਰੀ ਮੰਜ਼ਿਲ 'ਤੇ ਪੁੱਜ ਕੇ ਇਸ ਪਛਤਾਵੇ ਦਾ ਖ਼ੁਲਮਖ਼ੁਲਾ ਐਲਾਨ ਵੀ ਕਰਦਾ ਹੈ। ਪਰ ਸਿੱਖਾਂ ਦੀਆਂ ਅਤੇ ਫ਼ਾਰਸੀ ਸਰੋਤਾਂ ਤੋਂ ਮਿਲੀਆਂ ਗਵਾਹੀਆਂ ਤੋਂ ਇਹੀ ਪਤਾ ਲੱਗਦਾ ਹੈ ਕਿ ਔਰੰਗਜ਼ੇਬ ਗੁਰੂ ਸਾਹਿਬ ਦੀ ਸ਼ਹੀਦੀ ਸਮੇਂ ਜਲਾਦ ਦੇ ਨਾਲ ਸੀ ਅਤੇ ਜਦ ਗੁਰੂ ਸਾਹਿਬ ਦਾ ਪਵਿੱਤਰ ਸੀਸ ਜਲਾਦ ਦੇ ਵਾਰ ਮਗਰੋਂ ਧਰਤੀ 'ਤੇ ਡਿੱਗਾ ਤਾਂ ਇਤਿਹਾਸਕਾਰ ਦੱਸਦੇ ਹਨ ਕਿ ਔਰੰਗਜ਼ੇਬ ਨੂੰ ਬਹੁਤ ਦੁੱਖ ਲੱਗਾ ਅਤੇ ਦੁਖੀ ਹੋ ਕੇ ਕੁਝ ਕਹੇ ਬਿਨਾਂ ਤੁਰੰਤ ਉਥੋਂ ਟੁਰ ਗਿਆ। ਬਾਦਸ਼ਾਹ ਉਥੇ ਖਲੋਤਾ ਨਹੀਂ। ਇੰਜ ਪ੍ਰਤੀਤ ਹੁੰਦਾ ਹੈ ਕਿ ਉਸ ਨੂੰ ਇਹ ਸ਼ੱਕ ਹੋਣ ਲੱਗ ਪਿਆ ਕਿ ਜੋ ਕੁਝ ਉਸ ਤੋਂ ਕਰਵਾਇਆ ਗਿਆ ਹੈ, ਉਹ ਗ਼ਲਤ ਸੀ ਅਤੇ ਗੁਨਾਹ ਸੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦਾ ਕਿਲ੍ਹਾ ਬਣਵਾਇਆ। ਇਸ ਦੀ ਰੱਖਿਆ ਲਈ ਇਸ ਦੇ ਦੁਆਲੇ ਚਾਰ ਹੋਰ ਕਿਲ੍ਹੇ ਬਣਾਏ। ਉਨ੍ਹਾਂ ਦੇ ਸਿੱਖ, ਜੰਗੀ ਮਸ਼ਕਾਂ ਵੀ ਕਰਨ ਲੱਗ ਪਏ। ਇਨ੍ਹਾਂ ਕਿਲ੍ਹਿਆਂ 'ਤੇ ਝੰਡੇ ਵੀ ਝੂਲਣ ਲੱਗੇ। ਸਿੱਖਾਂ ਨੇ ਨਗਾਰੇ ਵੀ ਵਜਾਣੇ ਸ਼ੁਰੂ ਕਰ ਦਿੱਤੇ। ਹਜ਼ਾਰਾਂ ਦੀ ਗਿਣਤੀ ਵਿਚ ਹਰ ਰੋਜ਼ ਸਿੱਖ ਅਨੰਦਪੁਰ ਸਾਹਿਬ ਵਲ ਜਾਂਦੇ, ਜਰਨੈਲੀ ਸੜਕਾਂ 'ਤੇ ਬਾਣੀ ਪੜ੍ਹਦੇ, ਕੀਰਤਨ ਕਰਦੇ ਦਿਖਾਈ ਦੇਂਦੇ।

ਗੁਰੂ ਸਾਹਿਬ ਨੇ ਭੰਗਾਣੀ ਦਾ ਯੁੱਧ ਵੀ ਪਹਾੜੀ ਰਾਜਿਆਂ ਨਾਲ ਲੜਿਆ ਅਤੇ ਵਿਜੇ ਪ੍ਰਾਪਤ ਕੀਤੀ। ਸ਼ਾਹਜ਼ਾਦਿਆਂ ਦੀ ਜੰਗ ਵਿਚ ਸਥਾਨਕ ਮੁਗ਼ਲ ਧਾੜਵੀਆਂ ਨੂੰ ਮਾਰ ਭਜਾਇਆ। ਨਦੌਣ ਦੀ ਲੜਾਈ ਵਿਚ ਮੁਗ਼ਲ ਅਫ਼ਸਰਾਂ ਨੂੰ ਜੋ ਪਹਾੜੀ ਰਾਜਿਆਂ ਤੋਂ ਕਰ ਉਗਰਾਹੁਣ ਆਏ ਸਨ, ਲੜਾਈ ਵਿਚ ਹਰਾਇਆ। ਪੂਰੇ ਤੀਹ ਵਰ੍ਹਿਆਂ ਮਗਰੋਂ ਹਿੰਦੂ ਪਹਾੜੀ ਰਾਜਿਆਂ ਅਤੇ ਸਥਾਨਕ ਮੁਗ਼ਲ ਹਾਕਮਾਂ ਦੀ ਚੁੱਕ 'ਤੇ ਔਰੰਗਜ਼ੇਬ ਨੇ ਗੁਰੂ ਸਾਹਿਬ ਵਿਰੁੱਧ ਬਿਲਕੁਲ ਮਾਮੂਲੀ ਕਾਰਵਾਈ ਦਾ ਹੁਕਮ ਦਿੱਤਾ ਅਤੇ ਲਾਹੌਰ ਦੇ ਇਕ ਸਮਕਾਲੀ ਲੇਖਕ ਮੁਹੰਮਦ ਕਾਸਿਮ ਅਨੁਸਾਰ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਕੇਵਲ ਇਹ ਸੁਨੇਹਾ ਭੇਜਿਆ ਕਿ ਉਹ ਆਪਣੇ ਪਿਤਾ ਪੁਰਖਾਂ ਵਾਂਗ ਧਾਰਮਕ ਕੰਮਾਂ ਵਿਚ ਲੱਗੇ ਰਹਿਣ ਅਤੇ ਕੋਈ ਐਸੀ ਗੱਲ ਨਾ ਕਰਨ ਜਿਸ ਨਾਲ ਕਿਸੇ ਨੂੰ ਤੌਖ਼ਲੇ ਹੋਣ।

ਮੀਰ ਕਾਸਿਮ ਅਨੁਸਾਰ ਕੁਝ 'ਖ਼ੁਦਗਰਜ਼' ਲੋਕਾਂ ਤੇ ਸਥਾਨਕ ਹਾਕਮਾਂ ਦੀ ਮਿਲੀ ਭੁਗਤ ਨਾਲ ਬਾਦਸ਼ਾਹ ਦਾ ਗੁਰੂ ਸਾਹਿਬ ਦੇ ਵਲ ਲਿਖਿਆ ਹੁਕਮ ਇਸ ਤਰ੍ਹਾਂ ਤੋੜ-ਮਰੋੜ ਕੇ ਪੇਸ਼ ਕੀਤਾ ਕਿ ਨੌਬਤ ਲੜਾਈ ਤੱਕ ਜਾ ਪੁੱਜੀ।

ਉਕਤ ਬਹਿਸ ਤੋਂ ਜ਼ਾਹਿਰ ਹੈ ਕਿ ਪੰਜਾਬ ਦੇ ਖ਼ੁਦਗਰਜ਼ ਪਹਾੜੀ ਹਿੰਦੂ ਰਾਜੇ ਅਤੇ ਮੁਗ਼ਲ ਹਾਕਮਾਂ ਨੇ ਗੁਰੂ ਸਾਹਿਬ ਦੇ ਵਿਰੁੱਧ ਇਕ ਨਾਪਾਕ ਗਠਜੋੜ ਕੀਤਾ ਹੋਇਆ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਔਰੰਗਜ਼ੇਬ ਵੱਲ ਲਿਖਿਆ ਜ਼ਫ਼ਰਨਾਮਾ ਗੁਰੂ ਸਾਹਿਬ ਦਾ ਔਰੰਗਜ਼ੇਬ ਨੂੰ ਉਸ ਦੇ ਸੱਦੇ 'ਤੇ ਮਿਲਣ ਲਈ ਦੱਖਣ ਜਾਣਾ ਇਹ ਸਭ ਕੁਝ ਇਹੀ ਸਿੱਧ

ਕਰਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਔਰੰਗਜ਼ੇਬ ਉੱਤੇ ਜੋ ਪ੍ਰਭਾਵ ਪਿਆ ਉਸ ਦੀਆਂ ਮੁੱਖ ਗੱਲਾਂ ਇਹ ਹਨ—

1. ਔਰੰਗਜ਼ੇਬ ਨੂੰ ਬਹੁਤ ਪਛਤਾਵਾ ਹੋਇਆ ਅਤੇ ਉਹ ਸ਼ਾਇਦ ਇਹ ਪ੍ਰਤੀਤ ਕਰਨ ਲੱਗ ਪਿਆ ਕਿ ਉਸ ਕੋਲੋਂ ਕੋਈ ਵੱਡੀ ਭੁੱਲ ਹੋਈ ਹੈ।
2. ਪੂਰੇ ਵੀਰ ਵਰ੍ਹੇ ਬਾਦਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੰਤਾਨ ਅਤੇ ਉਨ੍ਹਾਂ ਦੇ ਸਿੱਖਾਂ ਵਿਰੁੱਧ ਕੋਈ ਵਿਸ਼ੇਸ਼ ਕਾਰਵਾਈ ਨਹੀਂ ਕੀਤੀ ਹਾਲਾਂਕਿ ਸਿੱਖ ਕਿਲ੍ਹੇ ਬਣਾ ਰਹੇ ਸਨ, ਨਗਾਰੇ ਗੂੰਜ ਰਹੇ ਸਨ ਅਤੇ ਕਿਲ੍ਹਿਆਂ 'ਤੇ ਉਨ੍ਹਾਂ ਦੇ ਝੰਡੇ ਝੂਲ ਰਹੇ ਸਨ।
3. ਅਨੰਦਪੁਰ ਸਾਹਿਬ ਤੋਂ ਗੁਰੂ ਸਾਹਿਬ ਦਾ ਨਿਕਾਸ ਪਹਾੜੀ ਹਿੰਦੂ ਰਾਜਿਆਂ ਅਤੇ ਸਥਾਨਕ ਮੁਗ਼ਲ ਹਾਕਮਾਂ ਦੇ ਨਾਪਾਕ ਗੱਠ-ਜੋੜ ਦਾ ਨਤੀਜਾ ਸੀ।
4. ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਔਰੰਗਜ਼ੇਬ ਵਲ ਲਿਖਿਆ ਜ਼ਫ਼ਰਨਾਮਾ ਅਤੇ ਫਿਰ ਬਾਦਸ਼ਾਹ ਨੂੰ ਮਿਲਣ ਲਈ ਦੱਖਣ ਜਾਣਾ ਅਤੇ ਉਹਨਾਂ ਨੂੰ ਪੰਜਾਬ ਆਉਣ ਦਾ ਸੱਦਾ ਦੇਣਾ ਇਹੀ ਸਿੱਧ ਕਰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਿਸੂਸ ਕਰਦੇ ਸਨ ਕਿ ਔਰੰਗਜ਼ੇਬ ਆਪਣੇ ਕੀਤੇ ਜ਼ੁਲਮ 'ਤੇ ਪਛਤਾ ਚੁੱਕਿਆ ਹੈ।

ਮੁਗ਼ਲਾਂ ਤੇ ਸਿੱਖਾਂ ਦੀਆਂ ਭਿਆਨਕ ਲੜਾਈਆਂ ਔਰੰਗਜ਼ੇਬ ਦੀ ਮੌਤ ਮਗਰੋਂ ਦੇ ਸਮੇਂ ਦੇ ਵਾਕਿਆਤ ਹਨ। ਪਰ ਇਸ ਦਾ ਮਤਲਬ ਇਹ ਨਹੀਂ ਕਿ ਔਰੰਗਜ਼ੇਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ ਇਲਜ਼ਾਮਾਂ ਤੋਂ ਮੁਕਤ ਹੋ ਸਕਦਾ ਹੈ। ਉਹ ਅਵੱਸ਼ ਦੋਸ਼ੀ ਸੀ ਅਤੇ ਇਸ ਦੋਸ਼ ਵਿਚ ਪੰਜਾਬ ਦੇ 'ਖ਼ੁਦਗਰਜ਼' ਸ਼ਾਇਦ ਹਿੰਦੂ ਰਾਜੇ ਅਤੇ ਸਥਾਨਕ ਮੁਗ਼ਲ ਹਾਕਮ ਸ਼ਾਮਲ ਸਨ।

(11/1990)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੇ ਉਸ ਦਾ ਪ੍ਰਭਾਵ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਮੂਲ ਪ੍ਰਕਿਰਤੀ ਵੈਰਾਗਮਈ ਹੈ ਜੋ ਸੰਸਾਰ ਤੇ ਸੰਸਾਰਿਕ ਰਿਸ਼ਤਿਆਂ ਨੂੰ ਨਾਸ਼ਮਾਨ ਮੰਨ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦੀ ਸਿੱਖਿਆ ਦਿੰਦੀ ਹੈ। ਪਰੰਤੂ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ" ਉਨ੍ਹਾਂ ਦਾ ਜੀਵਨ-ਸਿਧਾਂਤ ਹੈ। ਦੂਜੇ ਪਾਸੇ ਸਮਕਾਲੀ ਮੁਗ਼ਲ ਸਾਮਰਾਜ ਦੀ ਸਾਰੀ ਇਮਾਰਤ ਘੋਰ ਅੱਤਿਆਚਾਰ ਦੀ ਨੀਂਹ ਉਪਰ ਉਸਰੀ ਹੋਈ ਸੀ। ਇਸ ਤਰ੍ਹਾਂ ਦੋ ਵਿਰੋਧੀ ਧਾਰਨਾਵਾਂ ਸਮਾਨਅੰਤਰ ਚੱਲ ਰਹੀਆਂ ਸਨ। ਵਿਰੋਧ ਤਾਂ ਸੁਭਾਵਕ ਸੀ। ਆਓ! ਇਸ ਤੱਥ ਨੂੰ ਇਤਿਹਾਸਕ ਪ੍ਰਸੰਗ 'ਚ ਵਾਚਣ ਦਾ ਜਤਨ ਕਰੀਏ। ਜਦ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਿਆਈ ਬਖਸ਼ਿਸ਼ ਹੋਈ ਤਾਂ ਉਸ ਵੇਲੇ ਔਰੰਗਜ਼ੇਬ ਭਾਰਤ ਦਾ ਸਮਰਾਟ ਸੀ। ਉਹ ਪੱਥਰ-ਮਨ ਸੁੰਨੀ ਮੁਸਲਮਾਨ ਸੀ। ਰਾਜ ਹਥਿਆਉਣ ਤੇ ਬਚਾਉਣ ਲਈ ਉਸ ਨੇ ਆਪਣੇ ਪਿਉ ਤੇ ਭਰਾਵਾਂ 'ਤੇ ਵੀ ਜ਼ੁਲਮ ਕਰਨੋ ਸੰਕੋਚ ਨਾ ਕੀਤਾ। ਆਪਣੇ ਪਿਤਾ ਸ਼ਾਹ ਜਹਾਨ ਨੂੰ ਉਸ ਨੇ ਕਈ ਵਰ੍ਹੇ ਬੰਦੀ ਬਣਾਈ ਰੱਖਿਆ ਤੇ ਪਿਆਸਾ ਮਾਰ ਦਿੱਤਾ। ਆਪਣੇ ਆਪ ਵਿਚ ਉਹ ਖ਼ੁਦਾਪ੍ਰਸਤ ਹੋਣ ਦਾ ਦਾਅਵਾ ਕਰਦਾ ਸੀ। ਪਰ ਦੂਜੇ ਪਾਸੇ ਖ਼ੁਦਾ ਦੀ ਖ਼ਲਕਤ ਉਸ ਦੇ ਜ਼ੁਲਮ ਦਾ ਸ਼ਿਕਾਰ ਬਣ ਰਹੀ ਸੀ। ਉਸ ਦੇ ਮਨ 'ਚ ਇਸਲਾਮ ਦੀ ਖ਼ਿਦਮਤ ਦਾ ਜਜ਼ਬਾ ਜਨੂੰਨ ਦੀ ਹੱਦ ਤਕ ਪਹੁੰਚ ਗਿਆ ਸੀ। ਹਿੰਦੂਆਂ 'ਤੇ ਹੀ ਨਹੀਂ ਉਸ ਨੇ ਤਾਂ ਸ਼ੀਆ ਮੁਸਲਮਾਨਾਂ ਤੇ ਸੂਫ਼ੀ ਫ਼ਕੀਰਾਂ 'ਤੇ ਵੀ ਅੱਤਿਆਚਾਰ ਕੀਤੇ।[1] ਉਹ ਲਲਿਤ ਕਲਾਵਾਂ ਦਾ ਦੁਸ਼ਮਣ ਸੀ ਅਤੇ ਸੰਗੀਤ ਦਾ ਤਾਂ ਉਸ ਨੇ ਗਲ ਹੀ ਘੁੱਟ ਦਿੱਤਾ। ਸੰਗੀਤ ਨਾਲ ਤਾਂ ਔਰੰਗਜ਼ੇਬ ਨੂੰ ਐਨੀ ਚਿੜ੍ਹ ਸੀ ਕਿ ਉਸ ਨੇ ਆਪਣੇ ਰਾਜ ਵਿਚ ਵਿਸ਼ੇਸ਼ ਅਧਿਕਾਰੀ ਇਸ ਕੰਮ ਲਈ ਨਿਯੁਕਤ ਕੀਤੇ ਸਨ ਕਿ ਉਹ ਨਿਗਰਾਨੀ ਰੱਖਣ ਕਿ ਜਿੱਥੇ ਕੋਈ ਸਾਜ਼ ਵੱਜਦਾ ਹੋਵੇ, ਉਸ ਨੂੰ ਜਾ ਕੇ ਜਲਾ ਦੇਣ। ਸਾਜ਼ਾਂ ਦੇ ਢੇਰ ਲਾ ਕੇ ਤਬਾਹ ਕਰ ਦਿੱਤੇ ਜਾਂਦੇ ਸਨ। ਗਵੱਈਆਂ ਤੇ ਸਾਜ਼ਿੰਦਿਆਂ ਨੂੰ ਉਸ ਨੇ ਭੁੱਖਮਰੀ ਦਾ ਸ਼ਿਕਾਰ ਬਣਾ ਦਿੱਤਾ।[2] ਇਕ ਕਥਾ ਇਹ ਵੀ ਪ੍ਰਚਲਿਤ ਹੈ ਕਿ ਔਰੰਗਜ਼ੇਬ ਦੀ ਸੰਗੀਤ-ਦੁਸ਼ਮਨੀ ਤੋਂ ਤੰਗ ਆ ਕੇ ਸੰਗੀਤਕਾਰਾਂ ਨੇ ਸੰਗੀਤ ਦਾ ਜਨਾਜ਼ਾ ਕੱਢਿਆ ਸੀ ਤਾਂ ਜੋ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਜਾਵੇ। ਪ੍ਰਤੀਕਰਮ ਵਜੋਂ ਔਰੰਗਜ਼ੇਬ ਨੇ ਕਿਹਾ ਸੀ ਕਿ ਇਸ (ਸੰਗੀਤ) ਨੂੰ ਡੂੰਘਾ ਦਫ਼ਨ ਕਰਨਾ ਤਾਂਕਿ ਮੁੜ ਬਾਹਰ ਨਾ ਆ ਜਾਵੇ।

ਜਦ ਔਰੰਗਜ਼ੇਬ ਹਰ ਪਾਸੇ ਬਦਨਾਮ ਹੋ ਗਿਆ ਤਾਂ ਉਸ ਨੇ ਮੁਸਲਮਾਨਾਂ ਨੂੰ ਖ਼ੁਸ਼ ਰੱਖਣ ਲਈ ਕਈ ਉਪਾਅ ਸੋਚੇ ਅਤੇ ਮੌਲਵੀਆਂ ਤੋਂ ਸਲਾਹ ਲੈ ਕੇ ਹਿੰਦੂਆਂ ਨੂੰ ਇਸਲਾਮ ਧਰਮ ਗ੍ਰਹਿਣ ਕਰਨ ਲਈ ਮਜਬੂਰ ਕਰਨ ਲੱਗਾ।[3] 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਔਰੰਗਜ਼ੇਬ ਦੀ ਇਸ ਨੀਤੀ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ:

ਹਿੰਦੋ ਹਿੰਦੂ ਨ੍ਰਿਬੀਜ ਹੈਂ ਕਰਨੇ,
ਸ਼ਾਹਿ ਨੌਰੰਗੈ ਯੌ ਲਿਖ ਬਰਨੇ।
ਤੁਰਕ ਪ੍ਰਿਥਮ ਹੋ ਬ੍ਰਾਹਮਨ ਕਰਨੇ,
ਔਰ ਹਿੰਦੂ ਹੈਂ ਪਾਛੇ ਫਰਨੇ।

ਇਸ ਤਰ੍ਹਾਂ ਹਿੰਦੂਆਂ ਉਪਰ ਔਰੰਗਜ਼ੇਬ ਦੇ ਜ਼ੁਲਮ ਦਾ ਕੁਹਾੜਾ ਤੇਜ਼ ਹੋ ਗਿਆ। ਹਿੰਦੂਆਂ 'ਤੇ ਜਜ਼ੀਆ ਤੇ ਤੀਰਥ ਯਾਤਰਾ ਟੈਕਸ ਲਾਇਆ ਗਿਆ ਅਤੇ ਉਨ੍ਹਾਂ ਨੂੰ ਅਨੇਕਾਂ ਹੱਕਾਂ ਤੋਂ ਵੰਚਿਤ ਕਰ ਦਿੱਤਾ ਗਿਆ। ਹਿੰਦੂਆਂ ਦੇ ਮੰਦਰ ਢਾਹ ਦਿੱਤੇ ਗਏ ਅਤੇ ਉਨ੍ਹਾਂ ਦੀਆਂ ਧਾਰਮਿਕ ਰਹੁ-ਰੀਤਾਂ 'ਤੇ ਪਾਬੰਦੀ ਲਗਾ ਦਿੱਤੀ ਗਈ। ਇਸ ਤਰ੍ਹਾਂ ਹਿੰਦੂ ਕੌਮ ਭਾਰੀ ਵਿਸ਼ਾਦ ਦਾ ਸ਼ਿਕਾਰ ਹੋ ਗਈ।[4] ਕੁਝ ਹਿੰਦੂ ਡਰ ਜਾਂ ਲਾਲਚ 'ਚ ਆ ਕੇ ਮੁਸਲਮਾਨ ਬਣ ਗਏ। ਧਰਮ-ਪਰਿਵਰਤਨ ਦਾ ਮੁੱਖ ਕੇਂਦਰ ਕਸ਼ਮੀਰ ਸੀ। ਕਿਹਾ ਜਾਂਦਾ ਹੈ ਕਿ ਰੋਜ਼ਾਨਾ ਸਵਾ ਮਣ ਜਨੇਊ ਲਾਹ ਦਿੱਤੇ ਜਾਂਦੇ ਸਨ। ਇਸ ਤਰ੍ਹਾਂ ਕਸ਼ਮੀਰ ਹਿੰਦੂ ਧਰਮ ਦੀ ਕਤਲਗਾਹ ਬਣ ਗਿਆ।

## ਸ਼ਹੀਦੀ ਯਾਤਰਾ

ਜਦ ਕਸ਼ਮੀਰੀ ਪੰਡਤਾਂ ਨੂੰ ਔਰੰਗਜ਼ੇਬ ਦੇ ਅੱਤਿਆਚਾਰਾਂ ਤੋਂ ਕਿਸੇ ਤਰ੍ਹਾਂ ਵੀ ਬਚਾਉ ਦੀ ਆਸ-ਉਮੀਦ ਨਾ ਰਹੀ ਤਾਂ ਉਹ ਕਿਰਪਾ ਰਾਮ ਦੀ ਅਗਵਾਈ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਬਾਰ 'ਚ ਹਾਜ਼ਰ ਹੋਏ, ਆਪਣੇ ਦੁੱਖ-ਦਰਦ ਦੀ ਵਿਥਿਆ ਸੁਣਾਈ ਅਤੇ ਸੁਰੱਖਿਆ ਲਈ ਅਰਜ਼ੋਈ ਕੀਤੀ। ਉਨ੍ਹਾਂ ਦੀ ਫ਼ਰਿਆਦ ਸੁਣ ਕੇ ਗੁਰੂ ਜੀ ਸੋਚਣ ਲੱਗੇ ਕਿ ਇਨ੍ਹਾਂ ਦੇ ਬਚਾਉ ਲਈ ਕਿਸੇ ਮਹਾਨ ਪੁਰਸ਼ ਦੀ ਕੁਰਬਾਨੀ ਦੀ ਲੋੜ ਹੈ। ਜਦ ਇਸ ਗੱਲ ਦਾ ਪਤਾ ਨੌਂ ਵਰ੍ਹਿਆਂ ਦੇ ਬਾਲ ਗੋਬਿੰਦ ਰਾਇ ਜੀ ਨੂੰ ਲੱਗਾ ਤਾਂ ਉਹ ਬੜੇ ਸਵੈ-ਵਿਸ਼ਵਾਸ ਤੇ ਨਿਡਰਤਾ ਨਾਲ ਕਹਿਣ ਲੱਗੇ, "ਆਪ ਜੀ ਨਾਲੋਂ ਵੱਡਾ ਪੁਰਸ਼ ਕੌਣ ਹੋ ਸਕਦਾ ਹੈ? ਤੁਸੀਂ ਹੀ ਹਿੰਦੂ ਧਰਮ ਨੂੰ ਬਚਾਓ!" ਇਹ ਸੁਣ ਕੇ ਗੁਰੂ ਜੀ ਨੂੰ ਯਕੀਨ ਹੋ ਗਿਆ ਕਿ ਬਾਲ ਗੋਬਿੰਦ ਰਾਇ ਜੀ ਗੁਰਗੱਦੀ ਸੰਭਾਲਣ ਦੇ ਯੋਗ ਹਨ। ਉਨ੍ਹਾਂ ਕਸ਼ਮੀਰੀ ਪੰਡਤਾਂ ਨੂੰ ਦਿਲਾਸਾ ਦੇ ਕੇ ਆਖਿਆ ਕਿ ਜਾ ਕੇ ਬਾਦਸ਼ਾਹ ਨੂੰ ਇਹ ਕਹਿ ਦੇਣ ਕਿ ਜੇਕਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮੁਸਲਮਾਨ ਬਣ ਜਾਣ ਤਾਂ ਉਹ ਸਾਰੇ ਮੁਸਲਮਾਨ ਬਣ ਜਾਣਗੇ। ਇਹ ਸੰਦੇਸ਼ ਲੈ ਕੇ ਕਸ਼ਮੀਰੀ ਪੰਡਤ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਪਾਸ ਪਹੁੰਚੇ ਅਤੇ ਕੁਝ ਸਮੇਂ ਲਈ ਬਾਦਸ਼ਾਹ ਦੇ ਜ਼ੁਲਮ ਤੋਂ ਛੁਟਕਾਰਾ ਪਾਇਆ। ਗੁਰੂ ਸਾਹਿਬ ਨੂੰ ਦਿੱਲੀ ਤੋਂ ਬੁਲਾਵਾ ਆਇਆ ਤਾਂ ਉਹ ਗੁਰਗੱਦੀ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੂੰ ਸੰਭਾਲ ਕੇ ਆਪ ਦੀਵਾਨ ਮਤੀ ਦਾਸ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਤੇ ਭਾਈ ਜੈਤਾ ਜੀ ਆਦਿ ਸਿੱਖਾਂ ਨੂੰ ਨਾਲ ਲੈ ਕੇ ਜਥੇ ਦੇ ਰੂਪ 'ਚ ਅਨੰਦਪੁਰ ਤੋਂ ਰਵਾਨਾ ਹੋ ਗਏ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਸਿੱਖਾਂ ਸਮੇਤ ਸਿੱਧਾ ਦਿੱਲੀ ਜਾਣ ਦੀ ਥਾਂ ਰਸਤੇ 'ਚ ਸਿੱਖ ਸੰਗਤਾਂ ਤੇ ਹੋਰ ਲੋਕਾਂ ਨੂੰ ਉਪਦੇਸ਼ ਦਿੰਦੇ ਹੋਏ, ਧੀਰਜ ਬੰਨ੍ਹਾਉਂਦੇ ਹੋਏ ਜਾ ਰਹੇ ਸਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਦਿੱਲੀ ਪਹੁੰਚਣ 'ਚ ਕੁਝ ਸਮਾਂ ਲੱਗ ਗਿਆ। ਔਰੰਗਜ਼ੇਬ ਨੂੰ ਸ਼ੱਕ ਹੋ ਗਿਆ ਕਿ ਗੁਰੂ ਜੀ ਕਿਧਰੇ ਫ਼ਰਾਰ ਨਾ ਹੋਣ ਜਾਣ। ਬਾਦਸ਼ਾਹ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਉਕਤ ਸਿੱਖਾਂ ਨੂੰ ਆਗਰੇ ਨੇੜੇ ਹੀ ਬੰਦੀ ਬਣਾ ਲਿਆ ਗਿਆ।

## ਮਹਾਨ ਸ਼ਹਾਦਤ

ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਬਹੁਤ ਪ੍ਰੇਰਿਆ, ਦਲੀਲਬਾਜ਼ੀ ਕੀਤੀ ਪਰ ਨਾਕਾਮ ਰਿਹਾ। ਫਿਰ ਕੋਈ ਕਰਾਮਾਤ ਵਿਖਾਉਣ ਲਈ ਆਖਿਆ ਪਰ ਗੁਰੂ ਜੀ ਨੇ ਅਜਿਹਾ ਨਾ ਕੀਤਾ। ਆਪਣੀ ਇਸ ਅਸਫਲਤਾ ਤੋਂ ਬਾਅਦ ਉਸ ਨੇ ਗੁਰੂ ਜੀ ਤੇ ਸਾਥੀ ਸਿੰਘਾਂ ਨੂੰ ਕਸ਼ਟ ਦੇਣੇ ਸ਼ੁਰੂ ਕਰ ਦਿੱਤੇ। ਗੁਰੂ ਜੀ ਨੂੰ ਤੰਗ ਪਿੰਜਰੇ ਵਿਚ ਬੰਦੀ ਬਣਾ ਕੇ ਰੱਖਿਆ ਗਿਆ। ਉਨ੍ਹਾਂ ਦੇ ਨਾਲ ਆਏ ਸਿੱਖਾਂ ਵਿੱਚੋਂ ਭਾਈ ਦਿਆਲਾ ਜੀ ਨੂੰ ਜਿਉਂਦਿਆਂ ਦੇਗ਼ ਵਿਚ ਉਬਾਲਿਆ ਗਿਆ; ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾਈ ਗਈ। ਅੰਤ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਸ਼ਾਹੀ ਹੁਕਮ ਨਾਲ ਜਲਾਲਦੀਨ ਨਾਂ ਦੇ ਜਲਾਦ ਨੇ ਧੜ ਨਾਲੋਂ ਵੱਖ ਕਰ ਦਿੱਤਾ। ਧਰਮ ਹੇਤ ਸੀਸ ਦੇਣ ਦਾ ਇਹ ਸਾਕਾ 11 ਨਵੰਬਰ 1675 ਈਸਵੀ ਨੂੰ ਹੋਇਆ। ਇਸ ਨਾਲ ਸਾਰੇ ਪਾਸੇ ਹਾਹਾਕਾਰ ਮੱਚ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 'ਬਚਿਤ੍ਰ ਨਾਟਕ' ਵਿਚ ਇਸ ਤਰ੍ਹਾਂ ਅੰਕਿਤ ਹੈ:

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ॥੧੫॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥** *(ਅਧਿ: ੫)*

ਦਿੱਲੀ 'ਚ ਜਿਸ ਥਾਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਉਸ ਥਾਂ, ਚਾਂਦਨੀ ਚੌਂਕ 'ਚ ਗੁਰਦੁਆਰਾ ਸੀਸ ਗੰਜ ਬਣਿਆ ਹੋਇਆ ਹੈ। ਗੁਰੂ ਜੀ ਦਾ ਇਕ ਸ਼ਰਧਾਲੂ ਸਿੱਖ ਭਾਈ ਜੈਤਾ ਬੜੀ ਸਿਆਣਪ ਨਾਲ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਪਹੁੰਚ ਗਿਆ। ਭਾਈ ਜੈਤਾ ਰੰਗਰੇਟਾ ਸਿੱਖ ਸੀ। ਦਸਮੇਸ਼ ਜੀ ਨੇ ਉਸ ਨੂੰ ਬੜੇ ਪਿਆਰ ਨਾਲ ਛਾਤੀ ਨਾਲ ਲਾ ਲਿਆ ਅਤੇ ਆਖਿਆ, "ਰੰਗਰੇਟਾ ਗੁਰੂ ਕਾ ਬੇਟਾ।" ਗੁਰੂ ਜੀ ਤੇ ਸਿੱਖ ਸੰਗਤਾਂ ਵੱਲੋਂ ਸ਼ਰਧਾ ਤੇ ਸਤਿਕਾਰ ਨਾਲ 'ਸੀਸ' ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ। ਹੁਣ ਇਸ ਥਾਂ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

ਇਕ ਸ਼ਰਧਾਲੂ ਸਿੱਖ, ਭਾਈ ਲੱਖੀ ਸ਼ਾਹ ਲੁਬਾਣਾ ਜਾਨ ਦੀ ਪਰਵਾਹ ਨਾ ਕਰਦਾ ਹੋਇਆ ਪਹਿਰੇਦਾਰਾਂ ਦੀ ਨਜ਼ਰ ਤੋਂ ਬਚ ਕੇ ਗੁਰੂ ਜੀ ਦੇ ਧੜ ਨੂੰ ਗੱਡੇ 'ਤੇ ਰੱਖ ਕੇ ਆਪਣੇ ਘਰ ਲੈ ਆਇਆ ਅਤੇ ਬੜੇ ਅਦਬ ਨਾਲ ਪਲੰਘ ਉਪਰ ਪਾ ਕੇ ਆਪਣੇ ਘਰ ਨੂੰ ਅੱਗ ਲਾ ਦਿੱਤੀ ਤਾਂ ਕਿ ਕਿਸੇ ਨੂੰ ਸ਼ੱਕ ਨਾ ਪਵੇ। ਦਿੱਲੀ 'ਚ, ਇਸ ਥਾਂ 'ਤੇ ਗੁਰਦੁਆਰਾ ਰਕਾਬਗੰਜ ਬਣਿਆ ਹੋਇਆ ਹੈ।

## ਸ਼ਹਾਦਤ ਦੀ ਵਿਲੱਖਣਤਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਇਹ ਸ਼ਹਾਦਤ ਕਈ ਪੱਖਾਂ ਤੋਂ ਮਹਾਨ ਤੇ ਵਿਲੱਖਣ ਹੈ। ਸਭ ਤੋਂ ਅਹਿਮ ਗੱਲ ਤਾਂ ਇਹ ਹੈ ਕਿ ਆਮ ਤੌਰ 'ਤੇ ਕਾਤਲ ਮਕਤੂਲ ਪਾਸ ਜਾਂਦਾ ਹੈ ਪਰੰਤੂ ਗੁਰੂ ਸਾਹਿਬ ਆਪ ਸ਼ਹਾਦਤ ਲਈ ਦਿੱਲੀ ਗਏ ਅਤੇ ਉਥੇ ਜਾ ਕੇ ਆਪਣੇ ਸਰੀਰ ਦਾ ਠੀਕਰਾ ਔਰੰਗਜ਼ੇਬ ਦੀ ਜ਼ਾਲਮ ਸਰਕਾਰ ਦੇ ਸਿਰ ਭੰਨਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਇਹ ਸ਼ਹਾਦਤ 'ਤਿਲਕ ਜੰਞੂ' ਦੀ ਸਲਾਮਤੀ ਲਈ ਦਿੱਤੀ ਗਈ, ਜਿਵੇਂ:

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਆ ਪਰ ਸੀ ਨ ਉਚਰੀ॥੧੩॥**
**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰੁ ਸਿਰਰੁ ਨ ਦੀਆ॥**
**ਨਾਟਕ ਚੇਟਕ ਕੀਏ ਕੁਕਾਜਾ॥**
**ਪ੍ਰਭ ਲੋਗਨ ਕਹ ਆਵਤ ਲਾਜਾ॥੧੪॥** *(ਬਚਿੱਤਰ ਨਾਟਕ, ਅਧਿ: ੫)*

ਉਕਤ ਅਨੁਸਾਰ ਇਹ ਸ਼ਹਾਦਤ 'ਤਿਲਕ ਜੰਞੂ' ਦੀ ਰੱਖਿਆ ਲਈ ਦਿੱਤੀ ਗਈ ਸੀ, ਜਦ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਰਸਮ ਦਾ ਵਿਰੋਧ ਕੀਤਾ ਸੀ। ਦਰਅਸਲ ਮੁੱਦਾ 'ਤਿਲਕ ਜੰਞੂ' ਦਾ ਨਹੀਂ ਸੀ, ਧਰਮ ਦੀ ਅਜ਼ਾਦੀ ਦਾ ਸੀ: ਮੁੱਦਾ ਪਾਠ-ਪੂਜਾ ਦੀ ਖੁੱਲ੍ਹ ਦਾ ਸੀ; ਮੁੱਦਾ ਜ਼ੁਲਮ-ਜਬਰ ਦੀ ਵਿਰੋਧਤਾ ਦਾ ਸੀ। ਪੰਜਾਬੀ ਕਵੀ ਸੋਹਣ ਸਿੰਘ ਮੀਸ਼ਾ ਨੇ ਖ਼ੂਬ ਕਿਹਾ ਹੈ:

ਗੁਰੂ ਨੇ ਦੱਸਿਆ ਸਾਨੂੰ, ਹੈ ਬਣ ਕੇ ਹਿੰਦ ਦੀ ਚਾਦਰ।
ਧਰਮ ਸਾਰੇ ਪਵਿੱਤਰ ਨੇ, ਕਰੋ ਹਰ ਧਰਮ ਦਾ ਆਦਰ।...
ਬਣੀ ਹੁੰਦੀ ਅਜਿਹੀ ਭੀੜ ਜੇ, ਸੁੰਨਤ ਨਮਾਜ਼ ਉੱਤੇ।
ਜਾਂ ਲਗਦੀ ਰੋਕ ਕਿਧਰੇ ਵੀ, ਅਜ਼ਾਨਾਂ ਦੀ ਅਵਾਜ਼ ਉੱਤੇ।
ਗੁਰੂ ਨੇ ਤਦ ਵੀ ਏਦਾਂ ਹੀ, ਦੁਖੀ ਦੀ ਪੀੜ ਹਰਨੀ ਸੀ।
ਸੀ ਦੇਣਾ ਸੀਸ ਏਦਾਂ ਹੀ, ਨਾ ਮੁੱਖ ਤੋਂ ਸੀ ਉਚਰਨੀ ਸੀ।

ਡਾ. ਅਤਰ ਸਿੰਘ ਦੇ ਕਥਨ ਅਨੁਸਾਰ, "ਆਪਣੇ ਮਜ਼੍ਹਬ ਦੀ ਪਾਲਣਾ ਹਿਤ ਆਪਣੀ ਜਾਨ ਵਾਰ ਦੇਣੀ ਤੇ ਆਪਣੇ ਦੇਸ਼ ਦੀ ਰੱਖਿਆ ਲਈ ਮੌਤ ਕਬੂਲ ਕਰ ਲੈਣੀ ਵੀ ਕੋਈ ਘੱਟ ਆਤਮਿਕ ਸੂਰਮਗਤੀ ਦੀ ਗੱਲ ਨਹੀਂ, ਪਰ ਕਿਸੇ ਦੂਜੇ ਮਜ਼੍ਹਬ ਦੀ ਰਾਖੀ ਲਈ ਆਪਾ ਨਿਛਾਵਰ ਕਰ ਦੇਣਾ ਤਾਂ ਆਪਣੇ ਆਪੇ ਦੇ ਹਰ ਵਿਸਥਾਰ ਨੂੰ ਉਲੰਘ ਕੇ ਸਮੁੱਚੀ ਮਾਨਵਤਾ ਜਿੱਡਾ ਵਿਸ਼ਾਲ ਹੋ ਜਾਣਾ ਹੈ।[5] ਇਸ ਸ਼ਹਾਦਤ ਨੇ ਜ਼ਮੀਰ ਦੀ ਅਜ਼ਾਦੀ ਦੀ ਰੱਖਿਆ ਲਈ ਰਾਹ ਪੱਧਰਾ ਕੀਤਾ। ਪ੍ਰਸਿੱਧ ਇਤਿਹਾਸਕਾਰ ਡਾ. ਜੇ. ਐਸ. ਗਰੇਵਾਲ ਦੇ ਵਿਚਾਰ ਅਨੁਸਾਰ, "ਸ੍ਰੀ ਗੁਰੂ ਤੇਗ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਪ੍ਰਾਪਤੀ ਤੇ ਕਾਮਯਾਬੀ ਲਈ ਰਾਹ ਬਣਾਇਆ ਜਿਸ ਦੇ ਸਿੱਟੇ ਵਜੋਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸਿੱਖ ਪੰਥ ਨੂੰ ਇਕ ਨਵੀਂ ਏਕਤਾ ਪ੍ਰਦਾਨ ਕੀਤੀ ਅਤੇ ਉਸ ਨੂੰ ਸਮੇਂ ਦੀ ਸਰਕਾਰ ਵਿਰੁੱਧ ਆਪਣੀ ਜ਼ਮੀਰ ਦੀ ਆਵਾਜ਼ ਦੀ ਰਾਖੀ ਕਰਨ ਦੇ ਯੋਗ ਬਣਾਇਆ। ਅਠਾਰ੍ਹਵੀਂ ਸਦੀ ਦੌਰਾਨ ਸਿੱਖਾਂ ਦੁਆਰਾ ਹਾਸਲ ਕੀਤੀ ਰਾਜਨੀਤਿਕ ਅਜ਼ਾਦੀ ਜ਼ਮੀਰ ਦੀ ਅਜ਼ਾਦੀ ਦਾ ਹੀ ਤਰਕਸ਼ੀਲ ਅਤੇ ਇਤਿਹਾਸਕ ਵਿਕਾਸ ਸੀ ਜਿਸ ਦੀ ਰਾਖੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੀਤੀ ਅਤੇ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਭਵ ਬਣਾਇਆ।"[6]

ਤੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਅਦੁੱਤੀ

ਸ਼ਹਾਦਤ ਦੇ ਫਲਸਰੂਪ ਸਿੱਖ ਜਗਤ 'ਚ ਰੋਸ ਤੇ ਰੋਹ ਦੀ ਜਵਾਲਾ ਭੜਕ ਉਠੀ। ਧਰਮ ਦੀ ਰੱਖਿਆ ਲਈ ਤੇ ਜ਼ੁਲਮ ਦੇ ਨਾਸ਼ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਨੁਮਾਈ ਹੇਠ ਖੜਗ ਤੇ ਖੰਡਾ ਲੈ ਕੇ ਸਿਰਲੱਥ ਸਿੰਘ ਸੂਰਮੇ ਰਣਭੂਮੀ 'ਚ ਆਉਣ ਲੱਗੇ। ਉਹ ਸ਼ਮਸ਼ੀਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਆ ਗਈ ਜਿਸ ਲਈ ਫੌਲਾਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ ਸੀ।[7] ਸਿੱਖੀ ਦਾ 'ਸੰਤ' ਸਰੂਪ ਪੂਰੀ ਤਰ੍ਹਾਂ 'ਸੰਤ-ਸਿਪਾਹੀ' ਦੇ ਸਰੂਪ 'ਚ ਰੂਪਾਂਤ੍ਰਿਤ ਹੋ ਗਿਆ। ਖਾਲਸਾ ਪੰਥ ਦੀ ਸਿਰਜਨਾ ਲਈ ਆਧਾਰ-ਭੂਮੀ ਤਿਆਰ ਹੋ ਗਈ ਅਤੇ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਖੋਖਲੀਆਂ ਹੋਣ ਲੱਗੀਆਂ।

## ਹਵਾਲੇ ਤੇ ਟਿੱਪਣੀਆਂ

1. J.N. Sarkar, *Aurangzeb*, p.111.
2. S.M. Latif, *History of Punjab*, pp. 175-76.
3. Maucauliffe, *Life of Guru Teg Bahader*, p. 39.
4. Prof. Puran Singh, *The Ten Masters*, p. 92.
5. *ਪ੍ਰੀਤਲੜੀ*, ਦਸੰਬਰ 1975, ਸਫ਼ਾ 51.
6. *ਉਹੀ*, ਸਫ਼ਾ 19.
7. Sir, Gokal Chand Narang, *Transformation of Sikhism*, p. 17.

# ਬਚਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

(1)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਅੰਮ੍ਰਿਤਸਰ ਨਿਵਾਸੀਆਂ ਨੂੰ ਨਹੀਂ, ਅੰਮ੍ਰਿਤਸਰ ਦਾ ਪ੍ਰਬੰਧ ਕਰਨ ਵਾਲੇ ਮਸੰਦਾਂ ਨੂੰ ਕਹਿਆ ਸੀ ਕਿ ਕਾਹਦੇ ਹੋ ਤੁਸੀਂ ਪ੍ਰਬੰਧਕ ਸ੍ਰੀ ਦਰਬਾਰ ਸਾਹਿਬ ਦੇ, ਜੇ ਅੰਦਰੋਂ ਕੀਨਾ ਨਾਲ ਸੜ ਰਹੇ ਹੋ।

ਨਹਿ ਮਸੰਦ ਤੁਮ ਅੰਮ੍ਰਿਤਸਰੀਏ।
ਤ੍ਰਿਸ਼ਨਾਗਨ ਕੇ ਅੰਤਰ ਸੜੀਏ।

(2)

ਜਦ ਨੌਵੇਂ ਪਾਤਿਸ਼ਾਹ ਤੇ ਧੀਰਮੱਲ ਦੀ ਸ਼ਹਿ 'ਤੇ ਸ਼ੀਹਾਂ ਮਸੰਦ ਨੇ ਗੋਲੀ ਚਲਾਈ ਤਾਂ ਵੀ ਖਿਮਾ ਰੂਪ ਦਾਤੇ ਸ੍ਰੀ ਗੁਰੂ ਤੇਗ ਬਹਾਦਰ ਜੀ:

ਭਲੇ ਧੀਰ ਮਲ, ਭਲੇ ਧੀਰ ਮਲ

ਹੀ ਕਹਿੰਦੇ ਰਹੇ।

(3)

ਆਪ ਜੀ ਦੇ ਬਚਨ ਸਨ:

ਕਰਨੀ ਛਿਮਾ ਮਹਾਂ ਤਪ ਜਾਨ।
ਛਿਮਾ ਕਰਨਿ ਹੀ ਦੈਬੋ ਦਾਨ।
ਛਿਮਾ ਸਕਲ ਤੀਰਥ ਅਸ਼ਨਾਨ।
ਛਿਮਾ ਕਰਤਿ ਨਰ ਕੀ ਕਲਿਆਨ॥੪੩॥
ਛਿਮਾ ਸਮਾਨ ਆਨ ਗੁਨ ਨਾਹੀ।
ਯਾ ਤੇ ਛਿਮਾ ਧਰਹੁ ਮਨ ਮਾਹੀ। *(ਗੁਰ ਪ੍ਰਤਾਪ ਸੂਰਜ, ਰਾਸਿ ੧੧, ਅੰਸੂ ੧੭)*

## ਮੁਸਲਮਾਨ ਫ਼ਕੀਰ ਨੇ ਹਾਅ ਦਾ ਨਾਹਰਾ ਮਾਰਿਆ

ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦ ਕੀਤੇ ਗਏ ਤਾਂ ਇਕ ਮੁਸਲਮਾਨ ਫ਼ਕੀਰ ਨੇ ਉੱਚਾ ਹੱਥ ਕਰ 'ਹਾਅ' ਦਾ ਨਾਅਰਾ ਮਾਰਿਆ ਤੇ ਉੱਚੀ ਉੱਚੀ ਕਿਹਾ:

"ਬਾਦਸ਼ਾਹ! ਤੂੰ ਚੰਗਾ ਕਰਮ ਨਹੀਂ ਕਮਾਇਆ। ਇਸ ਮਾੜੇ ਕਰਮ ਤੋਂ ਪੈਦਾ ਹੋਣ ਵਾਲੀ ਬਦਬਸਤੀ ਦੇ ਕਾਰਨ ਕੁਲ ਸੰਸਾਰ ਨਸ਼ਟ ਹੋ ਜਾਏਗਾ ਤੇ ਦਿੱਲੀ ਦਾ ਕੱਖ ਨਹੀਂ ਰਵ੍ਹੇਗਾ। ਦਿੱਲੀ ਤਬਾਹ ਬਰਬਾਦ ਹੋ ਜਾਏਗੀ।"

ਐਸਾ ਹੀ ਹੋਇਆ।

## ਮੁਆਸਰਿ ਆਲਮਗੀਰੀ

ਕਿਤਨੀ ਜੁਰਅਤਿ ਭਰੀ ਗਈ ਸੀ ਸਿੱਖਾਂ ਵਿਚ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਕਿ 'ਮੁਆਸਰਿ ਆਲਮਗੀਰੀ' ਦਾ ਲਿਖਾਰੀ ਲਿਖਦਾ ਹੈ ਕਿ:

> "ਜਾਮਿਆ ਮਸਜਦ ਤੋਂ ਵਾਪਸੀ ਸਮੇਂ ਔਰੰਗਜ਼ੇਬ ਬੇੜੀ ਤੋਂ ਉਤਰੀ ਪਾਲਕੀ ਵਿਚ ਸਵਾਰ ਹੋਣ ਲੱਗਾ ਤਾਂ ਭੈੜੀ ਕਿਸਮਤ ਵਾਲੇ ਇਕ ਸਿਰ ਫਿਰੇ ਨੇ ਜੋ ਗੁਰੂ ਤੇਗ ਸਿੰਘ (ਬਹਾਦਰ) ਦਾ ਸਿੱਖ ਸੀ, ਬਾਦਸ਼ਾਹ 'ਤੇ ਦੋ ਇੱਟਾਂ ਜ਼ੋਰ ਦੀਆਂ ਵਗਾਹ ਮਾਰੀਆਂ, ਜਿਨ੍ਹਾਂ ਵਿਚੋਂ ਇਕ ਪਾਲਕੀ ਨੂੰ ਲੱਗੀ। ਉਹ ਨਾਂਹ ਦੌੜਿਆ ਤੇ ਨਾਂਹ ਭੱਜਿਆ। ਉਹ ਪਕੜ ਲਿਆ ਗਿਆ ਅਤੇ ਸਜ਼ਾ ਲਈ ਕੋਤਵਾਲ ਦੇ ਹਵਾਲੇ ਕੀਤਾ ਗਿਆ।"

## ਰੰਘਰੇਟੇ ਗੁਰੂ ਕੇ ਬੇਟੇ

ਜਦ ਭਾਈ ਜੈਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸੀਸ ਲੈ ਕੇ ਅਨੰਦਪੁਰ ਪੁੱਜੇ ਤਾਂ ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਛਾਤੀ ਨਾਲ ਲਗਾਇਆ ਤੇ ਫ਼ਰਮਾਇਆ:

**ਰੰਘਰੇਟੇ ਗੁਰੂ ਕੇ ਬੇਟੇ**

ਇਹ ਵੀ ਫੁਰਮਾਇਆ ਕਿ—"ਉੱਚੀਆਂ ਜਾਤਾਂ ਤੇ ਰੰਘਰੇਟਿਆਂ ਦੇ ਬੁੰਗੇ ਇਕੋ ਹੀ ਥਾਂ ਹੋਣਗੇ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਸਿੱਖਾਂ ਪੁੱਛਿਆ ਕਿ "ਸ਼ਹੀਦ ਕਿਸ ਨੂੰ ਕਹਿੰਦੇ ਹਨ ?"
ਤਾਂ ਆਪ ਜੀ ਦਾ ਕਹਿਣਾ ਸੀ:
"ਜੋ ਸਿਦਕ ਸਾਬਤ ਰਣ ਕਾ ਸੂਰਮਾ।"

(12/1983)

# ਗੰਜਨਾਮਾ—ਨੌਵੀਂ ਪਾਤਸ਼ਾਹੀ

## (ਭਾਈ ਨੰਦ ਲਾਲ 'ਗੋਯਾ')

ਗੁਰੂ ਤੇਗ ਬਹਾਦਰ ਜਿਹੜਾ ਸਿਰ ਤੋਂ ਲੈ ਕੇ ਪੈਰਾਂ ਤਕ ਬਜ਼ੁਰਗੀ ਦਾ ਪੁੰਜ ਹੈ,
ਜਿਹੜਾ ਤੇਜ ਪ੍ਰਤਾਪ ਦੀ ਸਭਾ ਦਾ ਗਹਿਣਾ ਹੈ,
ਜਿਸ ਦੀ ਪਵਿੱਤਰ ਹਸਤੀ ਤੋਂ ਸੱਚ ਦੀਆਂ ਕਿਰਣਾਂ ਰੌਸ਼ਨ ਹਨ,
ਜਿਸ ਦੀ ਬਜ਼ੁਰਗੀ ਸਦਕਾ ਦੋਵੇਂ ਦੁਨੀਆਂ ਜਗ-ਮਗ ਕਰ ਰਹੀਆਂ ਹਨ,
ਜਿਸ ਨੂੰ ਰੱਬ ਨੇ ਸਾਰੇ ਚੋਣਵੇਂ ਬੰਦਿਆਂ ਵਿਚੋਂ ਸਰੇਸ਼ਟ ਬਣਾਇਆ ਹੈ,
ਜਿਸ ਦੇ ਭਾਣਾ ਮੰਨਣ ਤੇ ਰਜ਼ਾ ਵਿਚ ਰਹਿਣ ਦੇ ਗੁਣ ਨੂੰ
ਪ੍ਰਭੂ ਨੇ ਚੰਗੀ ਤਰ੍ਹਾਂ ਪਰਖ ਲਿਆ ਹੈ,
ਜਿਸ ਨੇ ਰੱਬ ਵਲੋਂ ਕਬੂਲ ਹੋ ਚੁੱਕੇ ਹਰੇਕ ਬੰਦੇ ਨਾਲੋਂ ਆਪਣੀ ਕਦਰ ਰੱਬ ਦੀ ਦਰਗਾਹ ਵਿਚ ਵਧਾ ਲਈ ਹੈ,
ਜਿਸ ਉਪਰ ਦੁਨੀਆ ਦੇ ਇਸ਼ਟ ਨੇ ਆਪ ਆਪਣੀ ਕ੍ਰਿਪਾ ਕੀਤੀ ਹੈ,
ਜਿਸ ਦੇ ਸੁਭਾਗ ਪੱਲੇ ਨੂੰ ਹਰੇਕ ਮਨੁੱਖ ਨੇ ਫੜਿਆ ਹੋਇਆ ਹੈ,
ਜਿਸ ਦੀ ਬਾਣੀ ਬ੍ਰਹਮ ਵਿਦਿਆ ਦੀ ਉੱਚੀ ਛਟਾ ਹੈ—
ਉਸ ਨੂੰ ਮੇਰੀ ਲੱਖ ਲੱਖ ਬੰਦਨਾ ਹੈ।

ਧੰਨਵਾਦ ਸਹਿਤ,

ਸ੍ਰੀ ਗੁਰੂ ਤੇਗ ਬਹਾਦਰ
(ਫ਼ਾਰਸੀ ਸਰੋਤ)
ਸੰਪਾਦਕ ਪਿਆਰ ਸਿੰਘ

(12/1983)

# ਸਲੋਕ ਮਹਲਾ ੯ : ਇਕ ਅਧਿਐਨ

ਧਰਮ ਦੀ ਆਜ਼ਾਦੀ ਲਈ ਸ਼ਹਾਦਤ ਦੇਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ (1621-1675 ਈ.) ਦੀ ਬਾਣੀ ਸਲੋਕ ਰਚਨਾ ਵਿਸ਼ੇਸ਼ ਹੈ। ਕਾਲਕ੍ਰਮ ਅਨੁਸਾਰ ਗੁਰੂ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੀਰਲੇ ਅਤੇ ਜੈਜਾਵੰਤੀ ਰਾਗ ਵਿਚ ਰਚਨਾ ਕਰਨ ਵਾਲੇ ਇਕੋ ਇਕ ਬਾਣੀਕਾਰ ਹਨ। ਉਹਨਾਂ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਹੁੰਦੀ ਹੈ। ਗੁਰੂ ਜੀ ਰਚਿਤ 15 ਰਾਗਾਂ ਵਿਚ 59 ਸ਼ਬਦ ਅਤੇ 57 ਸਲੋਕ ਹਨ। ਸੋ, ਗੁਰੂ ਜੀ ਨੇ ਕੇਵਲ ਦੋ ਕਾਵਿ-ਰੂਪਾਂ ਸ਼ਬਦ ਅਤੇ ਸਲੋਕ ਨੂੰ ਦੈਵੀ ਭਾਵਾਂ ਦੀ ਪ੍ਰਸਤੁਤੀ ਲਈ ਵਰਤਿਆ ਹੈ। ਡਾ. ਤਾਰਨ ਸਿੰਘ ਗੁਰੂ ਜੀ ਰਚਿਤ ਬਾਣੀ ਬਾਰੇ ਲਿਖਦੇ ਹਨ :

> ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਆਕਾਰ ਇੰਨਾ ਹੀ ਹੈ। ਸਲੋਕ ਸਾਰੇ 57 ਹਨ ਅਤੇ ਪਦੇ 59 ਹਨ। ਦੋਹਾਂ ਵਿਚ ਵਿਸ਼ਾ-ਵਸਤੂ ਤੇ ਵਿਚਾਰਧਾਰਾ ਇਕੋ ਹੈ ਅਤੇ ਸ਼ੈਲੀ ਸਮਾਨ ਹੈ। ਤਿੰਨ-ਚਾਰ ਮੁੱਖ ਖ਼ਿਆਲ ਮੁੜ-ਮੁੜ ਦੁਹਰਾਏ ਹਨ, ਪਰ ਹਰ ਪਦਾ ਆਪਣੇ ਆਪ ਵਿਚ ਸੰਪੂਰਨ, ਸਜਰਾ ਤੇ ਚਮਤਕਾਰੀ ਹੈ। ਰਾਗ-ਪ੍ਰਬੰਧ ਅਨੁਸਾਰ ਪਦਿਆਂ ਵਿਚ ਵਰਤੀ ਸ਼ਬਦਾਵਲੀ, ਬਿੰਬਾਵਲੀ ਤੇ ਸ਼ੈਲੀ ਵਿਚ ਸੂਖਮ ਅੰਤਰ ਹੈ ਭਾਵੇਂ ਚਿੰਤਨ ਤੇ ਭਾਵਨਾ ਵਿਚ ਫ਼ਰਕ ਨਹੀਂ ਹੈ।[1]

ਗੁਰੂ ਜੀ ਰਚਿਤ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1426 ਤੋਂ ਲੈ ਕੇ 1429 ਉਪਰ ਇਕੋ ਹੀ ਥਾਂ 'ਤੇ ਸੁਭਾਇਮਾਨ ਹਨ, ਜਦ ਕਿ ਦੂਸਰੇ ਗੁਰੂ ਸਾਹਿਬਾਨ ਦੇ ਸਲੋਕ ਅਲੱਗ-ਅਲੱਗ ਬਾਣੀਆਂ, ਵਾਰਾਂ ਆਦਿ ਵਿਚ ਅੰਕਿਤ ਹਨ। ਸਲੋਕ ਮਹਲਾ ੯ ਸਿਰਲੇਖ ਹੇਠ 52 ਸਲੋਕ ਅਤੇ 5 ਦੋਹਰੇ ਦਰਜ ਹਨ, ਪਰ ਦੋਹਰਿਆਂ ਦੀ ਗਿਣਤੀ ਸਲੋਕਾਂ ਨਾਲ ਕਰਕੇ ਕੁਲ ਸੰਖਿਆ 57 ਹੀ ਲਿਖੀ ਗਈ ਹੈ। ਉਂਞ ਸਾਰੇ 57 ਸਲੋਕ ਦੋਹਰੇ ਛੰਦ ਦੇ ਤੋਲ ਵਾਲੇ ਹਨ। ਆਮ ਤੌਰ 'ਤੇ ਇਨ੍ਹਾਂ ਸਲੋਕਾਂ ਨੂੰ 'ਭੋਗ ਦੇ ਸਲੋਕ' ਵੀ ਕਿਹਾ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ/ਭੋਗ ਸਮੇਂ ਪੜ੍ਹੇ ਜਾਂਦੇ ਹਨ। ਇਨ੍ਹਾਂ ਸਲੋਕਾਂ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੇਵਲ ਮੁੰਦਾਵਣੀ ਮਹਲਾ ੫, ਸਲੋਕ ਮ: ੫ "ਤੇਰਾ ਕੀਤਾ ਜਾਤੋ ਨਾਹੀ...॥" ਅਤੇ ਰਾਗਮਾਲਾ ਹੀ ਅੰਕਿਤ ਹਨ।

ਗੁਰੂ ਜੀ ਰਚਿਤ ਵਧੇਰੇ ਸਲੋਕ ਮਾਤ੍ਰਿਕ ਵਿਧਾਨ ਤੋਂ ਦੋਹਰੇ ਛੰਦ ਦੇ ਨੇਮ ਨੂੰ ਪਾਲਦੇ ਹਨ। ਕੁਝ ਸਲੋਕਾਂ ਵਿਚ ਮਾਤਰਾ ਘੱਟ ਜਾਂ ਵੱਧ ਹਨ ਅਤੇ ਕਿਤੇ-ਕਿਤੇ ਸੋਰਠੇ ਛੰਦ ਦੇ ਨੇਮ ਵੀ ਢੁਕਦੇ ਹਨ। ਸੰਬੋਧਨਮਈ, ਪ੍ਰਸ਼ਨੋਤਰੀ, ਦਲੀਲਯੁਕਤ ਸ਼ੈਲੀ ਨੂੰ ਅਪਨਾਇਆ ਹੈ। ਪ੍ਰਾਣੀਮਾਤਰ ਨੂੰ ਉਪਦੇਸ਼ ਦੇਣ ਲਈ ਪ੍ਰਮੁੱਖ ਰੂਪ ਵਿਚ ਸੰਬੋਧਨੀ ਸ਼ੈਲੀ ਅਪਣਾਈ ਹੈ। ਸੰਬੋਧਨੀ ਸ਼ਬਦ ਨਰ, ਪ੍ਰਾਣੀ, ਸੋਧਾ, ਮੀਤ, ਰੇ ਮਨਾ ਆਦਿ ਕਈ ਵਾਰ ਵਰਤੇ ਗਏ ਹਨ। ਉਦਾਹਰਣ ਲਈ :

**ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥** *(ਪੰਨਾ ੧੪੨੬)*

**ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥** *(ਉਹੀ)*

ਪ੍ਰਸ਼ਨੋਤਰੀ ਸ਼ੈਲੀ ਦੀਆਂ ਉਦਾਹਰਣਾਂ ਸਲੋਕਾਂ ਵਿਚ ਕਈ ਮਿਲਦੀਆਂ ਹਨ। ਪ੍ਰਾਣੀ-ਮਾਤਰ ਨੂੰ ਉਪਦੇਸ਼ ਦੇਣ ਲਈ ਪ੍ਰਸ਼ਨ ਕੀਤਾ ਗਿਆ ਅਤੇ ਫਿਰ ਉਸ ਦਾ ਜਵਾਬ ਵੀ ਉਸੇ ਸਲੋਕ ਵਿਚ ਦਿੱਤਾ ਹੈ, ਉਦਾਹਰਣ ਲਈ :

**ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥**
**ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥** *(ਉਹੀ)*

ਇਸ ਸਲੋਕ ਵਿਚ ਪ੍ਰਸ਼ਨ ਕੀਤਾ ਹੈ ਕਿ ਜੀਵ ਵਿਸ਼ੇ-ਵਿਕਾਰਾਂ ਵਿਚ ਕਿਉਂ ਇਤਨਾ ਮਸਤ, ਰਚਿਆ-ਮਿਚਿਆ ਰਹਿੰਦਾ ਹੈ, ਅੱਖ ਚਮਕਣ ਜਿੰਨਾ ਛਿਣ ਵੀ, ਇਨ੍ਹਾਂ ਵਿਕਾਰਾਂ ਤੋਂ ਮਨ ਨਹੀਂ ਹਟਾਉਂਦਾ। ਫਿਰ ਜੀਵ ਨੂੰ ਸਮਝਾਇਆ ਹੈ ਕਿ ਪਰਮਾਤਮਾ ਦਾ ਭਜਨ ਕਰਨਾ ਚਾਹੀਦਾ ਹੈ। ਪ੍ਰਭੂ ਨਾਮ ਨਾਲ ਹੀ ਜਮਾਂ ਦੀ ਫਾਹੀ ਤੋਂ ਖਲਾਸੀ ਮਿਲਦੀ ਹੈ। ਸਲੋਕਾਂ ਵਿਚ ਇੰਦਰਾਵੀਂ ਬਿੰਬ, ਰੂਪ ਬਿੰਬ, ਪ੍ਰਕ੍ਰਿਤਿਕ ਬਿੰਬ, ਸਮਾਜਿਕ ਬਿੰਬ ਅਤੇ ਦ੍ਰਿਸ਼ ਬਿੰਬਾਂ ਦੀ ਸਿਰਜਣਾ ਕੀਤੀ ਗਈ ਹੈ। ਗੁਰੂ ਜੀ ਨੇ ਮਨੁੱਖੀ ਜੀਵਨ ਦੀ ਨਾਸ਼ਵਾਨਤਾ ਨੂੰ ਦਰਸਾਉਣ ਲਈ ਕਈ ਬਿੰਬ ਵਰਤੇ ਹਨ, ਜਿਵੇਂ ਮਨੁੱਖੀ ਜੀਵਨ ਦੀ ਤੁਲਨਾ ਪਾਣੀ ਦੇ ਬੁਲਬੁਲੇ ਅਤੇ ਰੇਤ ਦੀ ਕੰਧ ਨਾਲ ਕੀਤੀ ਗਈ ਹੈ :

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥**
**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥** *(ਪੰਨਾ ੧੪੨੭)*

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥**
**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥** *(ਪੰਨਾ ੧੪੨੯)*

ਗੁਰੂ ਜੀ ਦੁਆਰਾ ਜਗਤ ਲਈ 'ਭਿਖਾਰੀ' ਅਤੇ ਪ੍ਰਭੂ ਪਰਮਾਤਮਾ ਲਈ 'ਦਾਤਾ' ਰੂਪਕ ਬਿੰਬ ਆਮ ਵਰਤਿਆ ਹੈ। ਪ੍ਰਾਣੀ-ਮਾਤਰ ਨੂੰ ਸਮਝਾਉਣ ਲਈ ਅਤੇ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿਣ ਲਈ ਕਈ ਥਾਵਾਂ ਉੱਪਰ ਮਾਇਆ ਨੂੰ 'ਮਦਿ-ਮਾਇਆ' ਦੇ ਬਿੰਬ ਰਾਹੀਂ ਪ੍ਰਗਟਾਇਆ ਹੈ ਕਿ ਮਾਇਆ ਨਸ਼ੇ ਵਾਲਾ ਤੱਤ ਹੈ। ਜਿਵੇਂ ਨਸ਼ੇ ਦਾ ਕੁਝ ਸਮੇਂ ਬਾਅਦ ਅਸਰ ਖ਼ਤਮ ਹੋ ਜਾਂਦਾ ਹੈ ਇਸੇ ਤਰ੍ਹਾਂ ਮਾਇਆ ਵੀ ਆਪਣਾ ਆਧਾਰ ਬਦਲਦੀ ਰਹਿੰਦੀ ਹੈ। ਇਸ ਕਰਕੇ ਮਾਇਆ ਦੇ ਚੱਕਰਾਂ 'ਚ ਨਹੀਂ ਫਸਣਾ ਚਾਹੀਦਾ। ਦੁਨਿਆਵੀ/ਸੰਸਾਰਕ ਪਦਾਰਥਾਂ ਦੇ ਮੋਹ-ਜਾਲ ਨੂੰ ਗੁਰੂ ਜੀ 'ਮਾਇਆ' ਦੇ ਬਿੰਬ ਰਾਹੀਂ ਦਰਸਾਉਂਦੇ ਹਨ :

**ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥**
**ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥** *(ਪੰਨਾ ੧੪੨੮)*

ਬਿੰਬਾਂ ਦੀ ਸੁਯੋਗ ਵਰਤੋਂ ਦੇ ਨਾਲ-ਨਾਲ ਪ੍ਰਤੀਕਾਂ ਦੀ ਵੀ ਤਰਜਮਾਨੀ ਖ਼ੂਬ ਹੋਈ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਗੁਰੂ ਜੀ ਦੁਆਰਾ ਤਿੰਨ ਤਰ੍ਹਾਂ ਦੇ ਪ੍ਰਤੀਕ-ਪਰੰਪਰਾਗਤ ਪ੍ਰਤੀਕ ਜਿਵੇਂ 'ਹੰਸ' ਆਤਮਾ ਲਈ ਵਰਤਿਆ ਹੈ। ਮਾਨਸਿਕ ਪ੍ਰਤੀਕ ਅਤੇ ਪ੍ਰਕ੍ਰਿਤਕ ਪ੍ਰਤੀਕ ਵਰਤੇ ਗਏ ਹਨ।[2] ਸਲੋਕਾਂ ਵਿਚ ਹੰਸ, ਬਿਖ (ਜ਼ਹਿਰ), ਕੰਚਨ (ਸੋਨਾ), ਮਿੱਟੀ, ਕੁੰਚਰ (ਹਾਥੀ), ਬਾਲੂ (ਰੇਤ), ਸੁਆਨ

(ਕੁੱਤਾ), ਰਾਮ, ਰਾਵਣ ਆਦਿ ਪ੍ਰਤੀਕ ਵਰਤੇ ਗਏ ਹਨ। ਸਲੋਕਾਂ ਵਿਚ ਸੰਸਾਰਿਕ/ਦੁਨਿਆਵੀ ਪਦਾਰਥਾਂ, ਮਾਇਆ ਆਦਿ ਲਈ ਬਿਖ (ਜ਼ਹਿਰ) ਦਾ ਪ੍ਰਤੀਕ ਵਰਤਿਆ ਹੈ:

**ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥** *(ਪੰਨਾ ੧੪੨੭)*

ਇਸੇ ਤਰ੍ਹਾਂ ਹੀ ਸੁਆਨ (ਕੁੱਤੇ) ਦਾ ਪ੍ਰਤੀਕ ਵਰਤ ਕੇ ਮਨੁੱਖੀ ਜੀਵ ਨੂੰ ਸਮਝਾਇਆ ਹੈ ਕਿ ਜਿਵੇਂ ਕੁੱਤਾ ਆਪਣੇ ਮਾਲਕ ਦਾ ਦੁਆਰ (ਬੂਹਾ) ਸਦਾ ਮੱਲੀ ਰੱਖਦਾ ਹੈ, ਕਦੇ ਵੀ ਛੱਡਦਾ ਨਹੀਂ, ਵਫ਼ਾਦਾਰ ਰਹਿ ਕੇ ਰਾਖੀ ਕਰਦਾ ਹੈ ਅਤੇ ਉਸ ਦਾ ਹੋ ਕੇ ਰਹਿੰਦਾ ਹੈ। ਇਸੇ ਤਰ੍ਹਾਂ ਜੀਵ ਨੂੰ ਇਕ ਮਨ ਇਕ ਚਿੱਤ ਹੋ ਕੇ ਪਰਮਾਤਮਾ ਦਾ ਭਜਨ ਕਰਨਾ ਚਾਹੀਦਾ ਹੈ। ਉਸ ਦਾ ਦਰ ਛੱਡ ਕੇ ਹੋਰ ਦਰਾਂ 'ਤੇ ਭਟਕਣਾ ਨਹੀਂ ਚਾਹੀਦਾ। ਲਗਭਗ ਤਿੰਨ-ਚਾਰ ਸਲੋਕਾਂ ਵਿਚ ਨੌਵੇਂ ਪਾਤਸ਼ਾਹ ਜੀ ਨੇ ਕੁੱਤੇ ਦਾ ਪ੍ਰਤੀਕ ਵਰਤਿਆ ਹੈ:

**ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥**
**ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥** *(ਪੰਨਾ ੧੪੨੮)*

ਸਲੋਕਾਂ ਵਿਚ ਅਲੰਕਾਰ (ਰੂਪਕ, ਉਪਮਾ, ਦ੍ਰਿਸ਼ਟਾਂਤ, ਅਰਥਾਲੰਕਾਰ) ਦੀ ਵਰਤੋਂ ਉਚੇਚ ਨਾਲ ਨਹੀਂ ਸਗੋਂ ਸਹਿਜ-ਸੁਭਾ ਹੀ ਹੋਈ ਮਿਲਦੀ ਹੈ। ਗੁਰੂ ਜੀ ਰਚਿਤ ਸਲੋਕਾਂ ਵਿਚ ਰਸ ਸਿਧਾਂਤ ਦਾ ਵਿਸ਼ੇਸ਼ ਮਹੱਤਵ ਹੈ। ਸਲੋਕਾਂ ਵਿਚ ਸ਼ਾਂਤ ਰਸ, ਭਿਆਨਕ ਰਸ, ਕਰੁਣਾ ਰਸ ਅਤੇ ਵੈਰਾਗ ਦੇ ਕਈ ਨਮੂਨੇ ਮਿਲਦੇ ਹਨ। ਕਿਸੇ ਪਿਆਰੇ ਜਾਂ ਨਜ਼ਦੀਕੀ ਦੇ ਵਿਛੋੜੇ ਨੂੰ ਵਰਣਨ ਕਰਕੇ ਕਰੁਣਾ ਰਸ ਨੂੰ ਉਪਜਾਇਆ ਹੈ, ਇਹੋ ਜਿਹੇ ਭਾਵ ਨਿਮਨ ਅੰਕਿਤ ਸਲੋਕ ਵਿਚੋਂ ਉਜਾਗਰ ਹੁੰਦਾ ਹੈ:

**ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥**
**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥** *(ਪੰਨਾ ੧੪੨੯)*

ਗੁਰੂ ਜੀ ਦੇ ਸਲੋਕਾਂ ਦੀ ਭਾਸ਼ਾ ਸਰਲਭਾਵੀ ਹੈ ਜੋ ਆਮ ਪਾਠਕ ਨੂੰ ਸਹਿਜੇ ਹੀ ਸਮਝ ਆ ਜਾਂਦੀ ਹੈ। ਇਸੇ ਕਰਕੇ ਬਹੁਤ ਸਾਰੇ ਸਲੋਕਾਂ ਦੀਆਂ ਪੰਕਤੀਆਂ/ਤੁਕਾਂ ਲੋਕ ਜ਼ਬਾਨ ਦਾ ਹਿੱਸਾ ਅਖਾਣਾਂ ਅਤੇ ਮੁਹਾਵਰਿਆਂ ਦੇ ਰੂਪ ਵਿਚ ਬਣ ਗਈਆਂ ਹਨ; ਜਿਵੇਂ:

- **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥** *(ਪੰਨਾ ੧੪੨੭)*
- **ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥** *(ਪੰਨਾ ੧੪੨੮)*
- **ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥** *(ਪੰਨਾ ੧੪੨੭)*
- **ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥** *(ਪੰਨਾ ੧੪੨੮)*

ਗੁਰੂ ਜੀ ਦੇ ਸਲੋਕਾਂ ਦੀ ਭਾਸ਼ਾ ਸਰਲ ਪੰਜਾਬੀ ਹੈ। ਬਾਣੀ ਵਿਚ ਹਿੰਦੀ ਅਤੇ ਬ੍ਰਜ ਦੇ ਬਹੁਤ ਸ਼ਬਦ ਮਿਲਦੇ ਹਨ। ਗੁਰੂ ਜੀ ਨੇ ਸਰਲ ਭਾਸ਼ਾ ਨੂੰ ਆਪਣਾ ਸੁਨੇਹਾ ਆਮ ਲੋਕਾਂ ਤੱਕ ਪਹੁੰਚਾਉਣ ਦਾ ਸਾਧਨ ਵਰਤਿਆ ਹੈ। ਡਾ. ਕਾਲਾ ਸਿੰਘ ਬੇਦੀ ਗੁਰੂ ਜੀ ਰਚਿਤ ਗੁਰਬਾਣੀ ਦੀ ਬੋਲੀ ਅਤੇ ਭਾਸ਼ਾ ਬਾਰੇ ਲਿਖਦੇ ਹਨ:

"ਗੁਰੂ ਜੀ ਦੀ ਸਾਰੀ ਰਚਨਾ ਹਿੰਦੀ ਵਿਚ ਹੈ, ਪਰ ਕਮਾਲ ਦੀ ਗੱਲ ਇਹ ਹੈ ਕਿ ਫ਼ਾਰਸੀ-ਅਰਬੀ ਦਾ ਇਕ ਸ਼ਬਦ ਵੀ ਬਾਣੀ ਵਿਚ ਦਾਖ਼ਲ ਨਹੀਂ ਹੋਇਆ। ਸੋ ਬੋਲੀ ਦੇ ਪੱਖੋਂ

ਇਹ ਬਾਣੀ ਬੇਮਿਸਾਲ ਅਤੇ ਬੇਨਜ਼ੀਰ ਹੈ। ਬੋਲੀ ਅਤੇ ਭਾਸ਼ਾ ਸਰਲਤਾ ਤੇ ਨਵੀਨਤਾ ਨਾਲ ਭਰਪੂਰ ਹੈ। ਬੋਲੀ ਭਾਵੇਂ ਸਰਲ ਹਿੰਦੀ ਹੈ, ਪਰ ਡੂੰਘੇ ਤੋਂ ਡੂੰਘੇ ਰੂਹਾਨੀ ਵਿਚਾਰ ਹਲ ਕਰਨ ਵਿਚ ਕਮਾਲ ਕਰ ਦਿਖਾਇਆ ਹੈ।"[3]

ਗੁਰੂ ਜੀ ਨੇ ਸਥਿਤੀ ਦੇ ਪਰਿਪੇਖ ਅਨੁਸਾਰ ਵਿਰੋਧੀ ਸ਼ਬਦਾਂ ਦੀ ਬਹੁਤ ਵਰਤੋਂ ਕੀਤੀ ਹੈ। ਸੁਖ-ਦੁੱਖ, ਉਸਤਤਿ-ਨਿੰਦਾ, ਹਰਖ-ਸੋਗ, ਸੁਰਗ-ਨਰਕ, ਬੈਰੀ-ਮੀਤ ਆਦਿ ਸ਼ਬਦਾਂ ਦੀ ਵਰਤੋਂ ਹੋਈ ਹੈ। ਇਨ੍ਹਾਂ ਸ਼ਬਦ-ਜੁੱਟਾਂ ਵਿਚ ਵਿਰੋਧੀ ਭਾਵ ਨਹੀਂ ਸਗੋਂ ਸਮਦ੍ਰਿਸ਼ਟੀ ਦੀ ਗੱਲ ਕੀਤੀ ਹੈ। ਉਸ ਮਨੁੱਖ ਨੂੰ ਉਸਤਤਿ (ਸਿਫ਼ਤ) ਅਤੇ ਨਿੰਦਿਆ (ਚੁਗਲੀ) ਨਹੀਂ ਡੁਲਾ ਸਕਦੀ, ਜੋ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੈ। ਜੇਕਰ ਉਸਤਤਿ ਤਿਆਗਣੀ ਹੈ ਤਾਂ ਨਿੰਦਾ ਦਾ ਤਿਆਗ ਕਰਨਾ ਵੀ ਜ਼ਰੂਰੀ ਹੈ, ਅਜਿਹੇ ਮਨੁੱਖ ਨੂੰ ਸੋਨਾ ਅਤੇ ਲੋਹਾ ਇਕੋ ਜਿਹਾ ਦਿੱਸਦਾ ਹੈ:

**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥** *(ਪੰਨਾ ੧੪੨੭)*

ਗੁਰੂ ਜੀ ਨੇ ਸਰਲ ਅਤੇ ਸੰਬੋਧਨੀ ਭਾਸ਼ਾਈ ਜੁਗਤਾਂ ਰਾਹੀਂ ਕਈ ਵਿਸ਼ਿਆਂ (ਨਾਸ਼ਵਾਨਤਾ, ਵੈਰਾਗ, ਨਿਰਭੈ ਪਦ, ਜਗਤ ਰਚਨਾ, ਨਿਰਲੇਪਤਾ, ਨੈਤਿਕਤਾ) ਦੀ ਪ੍ਰਸਤੁਤੀ ਕੀਤੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਲੋਕ ਰਚਨਾ ਆਕਾਰ, ਕਾਵਿ-ਕਲਾ ਅਤੇ ਵਿਸ਼ੇ ਪੱਖੋਂ ਉੱਚ ਦਰਜੇ ਦੀ ਹੈ।

## ਹਵਾਲੇ ਤੇ ਟਿੱਪਣੀਆਂ


1. ਡਾ. ਤਾਰਨ ਸਿੰਘ, *ਗੁਰੂ ਤੇਗ ਬਹਾਦਰ ਜੀਵਨ ਤੇ ਸਿੱਖਿਆ*, ਪੰਨਾ 33.
2. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ-II*, ਪੰਨਾ 85.
3. ਡਾ. ਕਾਲਾ ਸਿੰਘ ਬੇਦੀ, *'ਗੁਰੂ ਤੇਗ ਬਹਾਦਰ ਬਾਣੀ ਦੀ ਬੋਲੀ ਅਤੇ ਭਾਸ਼ਾ'*; *ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ*, ਡਾ. ਤਾਰਨ ਸਿੰਘ (ਸੰਪਾ.) ਪੰਨਾ 99.

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ

ਗਿਆਨੀ ਗਿਆਨ ਸਿੰਘ ਜੀ ਨੇ ਗੁਰੂ ਜੀ ਦੀ ਸ਼ਬਦੀ ਮੂਰਤ ਖਿੱਚਦੇ ਲਿਖਿਆ ਹੈ:

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤਿ ਸੁੰਦਰ,
ਗੌਰਵਰਨ, ਮੋਟੇ ਨਕਸ਼, ਆਹੂ ਨੇਤ੍ਰ ਰਤਨ ਸੇ,
ਚੌੜੀ ਛਾਤੀ, ਉੱਚੇ ਕੰਧੇ, ਭੁਜਾਂ ਪ੍ਰਲੰਬ,
ਸਿੱਧੀ ਚੁਗਿਰਦਾ ਦਾਹੜੀ, ਗੋਲ ਚਿਹਰਾ,
ਮੱਥਾ ਉੱਚਾ, ਬਹੁਤ ਧੀਰਜੀ, ਸੰਤੋਖੀ,
ਜਤੀ, ਸਤੀ, ਦੂਰ-ਅੰਦੇਸ਼ੀ, ਸੱਚੇ, ਧਰਮ ਵੈਰਾਗ ਦੀ ਮੂਰਤਿ,
ਬ੍ਰਹਮ ਗਿਆਨ ਦੀ ਸੂਰਤ,
ਸਿੱਧੇ ਸਾਦੇ ਸੁਭਾਵ, ਭੋਲੇ ਭਾਲੇ ਸਤ ਪੁਰਖ।

ਉਹਨਾਂ ਦੇ ਚਿਹਰੇ ਦੀ ਕਿਤਨੀ ਪ੍ਰਭਾ ਹੋਵੇਗੀ, ਉਸ ਦਾ ਅੰਦਾਜ਼ਾ ਇਥੋਂ ਹੀ ਲਗਾਇਆ ਜਾ ਸਕਦਾ ਹੈ ਕਿ ਜਦ ਬੁਲਾਕੀ ਦਾਸ ਦੀ ਮਾਂ ਇਕ ਬਹੁਤ ਵੱਡਾ ਕਲਾਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਬਣਾਉਣ ਲਈ ਲਿਆਈ ਤਾਂ ਬਾਕੀ ਦੇ ਅੰਗ, ਬਸਤ੍ਰ ਤਾਂ ਉਸ ਬਣਾ ਲਏ ਪਰ—

"ਮੁਖ ਕਮਲ ਪ੍ਰਭਾ ਦੇਖ ਨਾ ਸਕਾ।"

ਉਸ ਦੀ ਦੀਨ ਦਸ਼ਾ ਦੇਖ ਕੇ ਹੀ ਮਹਾਰਾਜ ਨੇ:

ਆਪ ਕਲਮ ਹੱਥ ਲੀਨੀ।

ਅਤੇ

"ਨਿਜ ਹਾਥਿ ਸੁਆਰ ਸੰਪੂਰਨ ਕੀਨੀ"

ਧੀਰਜੀ ਇਤਨੇ ਕਿ ਗੋਲੀ ਮੱਥੇ 'ਤੇ ਲੱਗਣ ਉਪਰੰਤ ਵੀ "ਭਲੇ ਧੀਰ ਮਲ, ਭਲੇ ਧੀਰ ਮਲ, ਭਲੇ" ਹੀ ਕਹਿੰਦੇ ਰਹੇ। ਨਿਰਲੇਪ ਇਤਨੇ ਕਿ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਹੋਣ 'ਤੇ ਬਾਹਰੋਂ ਹੀ ਸਰੋਵਰ ਵਿਚ ਇਸ਼ਨਾਨ ਕਰਕੇ ਚਲੇ ਗਏ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਾਂਤ-ਚਿਤ ਸੁਭਾਅ ਬਾਰੇ 'ਸਿੰਘ ਸਾਗਰ' ਵਿਚ ਲਿਖਿਆ ਹੈ, ਕਿ ਸਦਾ ਦੀਨਨ ਦੀ ਰਛਿਆ ਕਰਨ ਲਈ ਤੱਤਪਰ ਰਹਿੰਦੇ ਸਨ। ਗਰੀਬ ਉਹਨਾਂ ਦੇ ਦਰਸ਼ਨ ਕਰ ਸੁਖ ਆਉਂਦਾ ਦੇਖਦੇ ਸਨ। ਸ਼ਾਂਤ ਸੁਭਾਅ ਇਤਨਾ ਕਿ ਕਦੇ ਕੌੜਾ ਤੱਤਾ ਸ਼ਬਦ ਵੀ ਮੁਖੋਂ ਨਾ ਕੱਢਿਆ। ਨਾਮ ਵਿਚ ਹੀ ਟਿਕੇ ਰਹਿੰਦੇ ਤੇ ਰਾਜ ਵਿਚ ਜੋਗ ਦਾ ਨਮੂਨਾ ਸਨ:

ਆਦ ਸਦਾ ਬ੍ਰਤਏ ਜਿਨ ਕੇ ਪਿਖ।
ਦੀਨਨ ਪੈ ਕਰਨੀ ਸੁਖ ਛਾਇਆ।
ਸੀਤ ਸੁਭਾਵ ਸਦਾ ਜਿਨ ਕੋ।
ਕਬਹੁ ਨਹਿ ਤਾਮਸ ਵਾਕ ਅਲਾਇਆ।
ਨਾਮ ਅਧਾਰ ਰਹੇ ਦਿਨ ਰੈਨ ਸਦਾ।
ਜਿਨ ਰਾਜ ਮੈ ਜੋਗ ਕਮਾਇਆ।

ਦਰਦਵੰਦ ਇਤਨੇ ਕਿ ਚਾਰ ਸਾਲ ਦੇ ਸਨ ਕਿ ਆਪਣੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੀ ਬਰਾਤ ਜਾਂਦਿਆਂ ਜਦ ਇਕ ਹਾਣ ਦੇ ਬੱਚੇ ਨੂੰ ਨੰਗਾ ਦੇਖਿਆ ਤਾਂ ਸਭ ਬਸਤਰ ਉਤਾਰ, ਕੰਙਣ ਲਾਹ, ਕੈਂਠਾ ਉਸ ਦੇ ਗਲ ਪਾ ਦੌੜਦੇ ਨੰਗੇ ਮਾਂ ਕੋਲ ਆ ਗਏ। ਜੇ ਚਾਰ ਸਾਲ ਦੇ ਸਨ ਤਾਂ ਇਕ ਦਾ ਨੰਗੇਜ ਨਾ ਦੇਖ ਸਕੇ ਅਤੇ ਜਦ ਹਿੰਦੁਸਤਾਨ ਨੂੰ ਨੰਗਿਆ ਕੀਤਾ ਜਾਣ ਲੱਗਾ ਤਾਂ ਆਪ ਜੀ ਨੇ ਸਰੀਰ ਰੂਪੀ ਚਾਦਰ ਪਾ ਕੇ ਇਸ ਨੂੰ ਨੰਗੇ ਹੋਣ ਤੋਂ ਬਚਾ ਲਿਆ। ਸੈਨਾਪਤਿ ਨੇ ਇਸੇ ਪ੍ਰਸੰਗ ਵਿਚ ਲਿਖਿਆ ਸੀ :

ਪ੍ਰਗਟ ਭਏ ਗੁਰ ਤੇਗ ਬਹਾਦਰ।
ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ।

ਦਰਦਵੰਦ ਦੀ ਹੋਰ ਉਦਾਹਰਨ ਉਨ੍ਹਾਂ ਦਾ ਇਹ ਹੁਕਮਨਾਮਾ ਹੈ ਜੋ ਉਨ੍ਹਾਂ ਘੋੜੇ ਸ੍ਰੀਧਰ ਦੇ ਬੀਮਾਰ ਹੋਣ 'ਤੇ ਬਨਾਰਸ ਦੀ ਸੰਗਤ ਦੇ ਨਾਂ ਲਿਖਿਆ। ਘੋੜੇ ਤਕ ਦੀ ਤਕਲੀਫ਼ ਵੀ ਨਾ ਸਹਾਰੀ ਗਈ। ਦੂਰ-ਅੰਦੇਸ਼ੀ ਇਤਨੇ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਉਸਾਰੀ ਵੇਲੇ ਹੀ ਕਹਿ ਦਿੱਤਾ ਕਿ ਐਸਾ ਅਸਥਾਨ ਬਣਾਉਣਾ ਹੈ ਜੋ ਅਜਿੱਤ ਹੋਵੇ। ਅਨੰਦਪੁਰ ਦਾ ਸਮੁੱਚਾ ਨਕਸ਼ਾ ਆਪ ਜੀ ਨੇ ਬਣਾਇਆ ਸੀ। ਹਿੰਦੁਸਤਾਨ ਦੇ ਦੌਰੇ 'ਤੇ ਹੀ ਆਪ ਨੇ ਦੇਖ ਲਿਆ ਕਿ—

ਬਿਨ ਸਿਰ ਦੀਏ ਜਗਤ ਦੁਖ ਪਾਈ।

ਸੰਤੋਖੀ ਇਤਨੇ ਕਿ ਜਦ ਮੱਖਣ ਸ਼ਾਹ, ਧੀਰ ਮਲ ਘਰੋਂ ਗੁਰੂ ਘਰ ਦਾ ਹੀ ਲੁੱਟਿਆ ਮਾਲ ਵਾਪਸ ਲਿਆਏ ਤਾਂ ਆਪ ਜੀ ਨੇ 'ਸਭ ਦੇਵਹੁ ਤਿਸ ਢਿਗ ਪਹੁਚਾਇ' ਦਾ ਹੁਕਮ ਦੇ ਦਿੱਤਾ। ਜਦ ਜ਼ਰਾ ਜੱਕੋ-ਤੱਕੋ ਕਰਦਾ ਦੇਖਿਆ ਤਾਂ ਫਿਰ ਬਚਨ ਕੀਤਾ, 'ਦਰਬ ਕੇ ਕਾਰਨ, ਕਛ ਗੁਰੂ ਮਹਾਰਾਜ ਨੇ ਨਹੀਂ ਬੈਠ ਇਹ ਦੁਕਾਨ ਪਾਈ।'

ਮਸੰਦਾਂ ਪ੍ਰਤੀ ਵੀ ਇਹ ਹੀ ਫ਼ਰਮਾਇਆ ਸੀ ਕਿ ਇਨ੍ਹਾਂ ਨੂੰ ਸਜ਼ਾ ਦੇਣ ਦੀ ਕੀ ਲੋੜ ਹੈ, ਇਨ੍ਹਾਂ ਨੂੰ ਤਾਂ ਪਹਿਲਾਂ ਹੀ ਲੋਭ ਨੇ ਮਾਰਿਆ ਹੋਇਆ ਹੈ :

ਧਰੇ ਲੋਭ ਇਹ ਮਰੇ ਅਗਾਰੀ।

ਬਖਤ ਮੱਲ ਨੇ 'ਖਾਲਿਸਨਾਮਾ' ਵਿਚ ਲਿਖਿਆ ਹੈ ਕਿ ਉਹ ਬਹੁਤ ਹੀ ਸੰਤੋਖੀ ਸਨ। ਜੋ ਵੀ ਸਿੱਖ ਸੇਵਕ ਉਹਨਾਂ ਨੂੰ ਕੁਝ ਭੇਟ ਕਰਦੇ ਉਹ ਉਸੇ ਵੇਲੇ ਵੰਡ ਦੇਂਦੇ, ਆਪਣੇ ਪਾਸ ਰਤਾ ਵੀ ਨਾਂਹ ਰੱਖਦੇ ਸਨ।

'ਗੁਲਰਾਸ਼ਤਿ ਪੰਜਾਬ' ਦੇ ਲਿਖਾਰੀ ਰਾਜਾ ਰਾਮ ਤੋਤਾ ਨੇ ਨੌਵੀਂ ਪਾਤਿਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਪਮਾ ਕਰਦੇ ਲਿਖਿਆ ਹੈ ਕਿ ਉਹ ਰੱਬ ਪ੍ਰਾਪਤੀ ਦੇ ਰਾਹ, ਤਰੀਕਤ ਦੇ ਅੰਧੇਰੇ

ਵਿਚ ਰੌਸ਼ਨੀ ਬਿਖੇਰਨ ਵਾਲੇ ਮਿਸ਼ਾਲਚੀ (ਸ਼ੁਅਲਾ ਦਾਰ-ਇ-ਸਬਸਤਾਨ ਤਰੀਕਤ) ਹਨ।

ਸੱਚ ਦੀ ਜਰਨੈਲੀ ਸੜਕ ਦੇ ਮੁਸਾਫ਼ਰ ਹਨ, ਹੋਰ ਕਿਸੇ ਪਾਸੇ ਝਾਕਦੇ ਹੀ ਨਹੀਂ। (ਜਾ ਦਇ ਪੈਮਾਈ ਸ਼ਾਹ ਰਾਹ ਹਕੀਕਤ)।

ਗੁਪਤ ਤੇ ਪ੍ਰਗਟ ਤੋਸ਼ਾਖਾਨਿਆਂ ਦੇ ਕੁੰਜੀ-ਬਰਦਾਰ ਹਨ—

ਗੰਜੂਰ-ਇ-ਗੰਜੀਨ ਕਸ਼ਫ ਵ ਸ਼ਹਵਦ।

ਆਤਮਕ ਉਚਾਈਆਂ ਨੂੰ ਉਨਾ ਹੀ ਛੋਹਿਆ ਹੈ, ਜਿੰਨਾ ਹੋਰਨਾਂ ਨੇ ਛੂਹਿਆ। ਸਭ ਤੋਂ ਵੱਡੀ ਗੱਲ ਸ੍ਰੀ ਗੁਰੂ ਤੇਗ ਬਹਾਦਰ ਜੀ ਹੰਕਾਰ ਦੀਆਂ ਜੜ੍ਹਾਂ ਨੂੰ ਜੁਗ-ਜੁਗ ਕੱਟਣ ਵਾਲੀ ਰੇਤੀ ਹੈ :

ਦਿਲ ਖਰਾਸ ਸੋਹਾਨਿ ਅਸਾਸਿ ਤਫਾਖਰ।

ਇਥੋਂ ਤਕ ਕਿ ਔਰੰਗਜ਼ੇਬ ਨੇ ਵੀ ਆਪ ਜੀ ਨੂੰ ਸੰਬੋਧਨ ਕਰਦੇ ਹੋਏ—ਅੱਲ੍ਹਾ ਦੇ ਫਕੀਰਾਂ ਦੇ ਸਰਬਰਾਹ, ਰੱਬ ਦੇ ਵਲੀਆਂ ਦੇ ਸਿਰਤਾਜ, ਰੱਬ ਦੇ ਢੂੰਢਾਊਆਂ ਦੇ ਆਗੂ ਤੇ ਅੱਲ੍ਹਾ ਦੇ ਜਾਣਨ ਵਾਲਿਆਂ ਦੇ ਮੁਖੀ ਕਿਹਾ ਸੀ।

## ਆਗਿਆਕਾਰ ਪੁੱਤਰ

ਆਪ ਜੀ ਜਿਥੇ ਮਹਾਨ ਗੁਰੂ ਸਨ, ਉਥੇ ਇਕ ਆਗਿਆਕਾਰ ਪੁੱਤਰ ਵੀ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਆਗਿਆ ਵਿਚ ਸਦਾ ਰਹਿੰਦੇ। ਹਮੇਸ਼ਾ ਦਰਬਾਰ ਵਿਚ ਵੀ ਉਥੇ ਹੀ ਬੈਠਦੇ ਜਿਥੇ ਪਿਤਾ ਦੀ ਨਜ਼ਰ ਸਾਹਮਣੇ ਰਹੇ ਤਾਂ ਕਿ ਉਨ੍ਹਾਂ ਦਾ ਇਸ਼ਾਰਾ ਹੁੰਦੇ ਸਾਰ ਹੁਕਮ ਬਜਾ ਲਿਆਇਆ ਜਾਵੇ। ਜੇ ਪਿਤਾ ਜੀ ਨੇ ਤਲਵਾਰ ਉਠਾ ਆਗਿਆ ਜੰਗ ਜੂਝਣ ਲਈ ਕੀਤੀ ਤਾਂ ਐਸੀ ਤਲਵਾਰ ਚਲਾਈ ਕਿ ਤੇਗ ਦਾ ਬਹਾਦਰ ਹੋਣਾ ਸਿੱਧ ਕਰ ਦਿੱਤਾ। ਜੇ ਉਨ੍ਹਾਂ ਹੁਕਮ ਕੀਤਾ ਕਿ ਬਾਬਾ ਬਕਾਲਾ ਚਲੇ ਜਾਓ ਤਾਂ ਕੋਈ ਕਿੰਤੂ ਨਹੀਂ, ਕੋਈ ਗੱਲ ਨਹੀਂ। ਸ੍ਰੀ ਗੁਰੂ ਹਰਿਰਾਇ ਜੀ ਨੂੰ ਮੱਥਾ ਟੇਕ ਕੇ ਬਾਬਾ ਬਕਾਲਾ ਚਲੇ ਗਏ। ਕਿਸੇ ਵੇਲੇ ਵੀ ਕੋਈ ਪੁੱਤਰਾਂ ਵਾਲਾ ਦਾਅਵਾ ਨਾ ਕੀਤਾ।

## ਸੁਹਿਰਦ ਪਤੀ

ਆਪ ਜੀ ਨੇ ਇਕ ਵਾਰੀ ਫ਼ਰਮਾਇਆ ਸੀ ਕਿ :

ਸਭਿ ਆਸ਼੍ਰਮ ਤੇ ਗ੍ਰਿਹਸਤ ਉਦਾਰਾ।....
ਜੋ ਗ੍ਰਿਹਸਤ ਤੇ ਉਤਰਹਿਂ ਪੂਰਾ।
ਅੰਤ ਕਾਲ ਪ੍ਰਾਪਤਿ ਪਦ ਰੂਰਾ। *(ਰਾਸਿ ੧੧, ਅੰਸੂ ੩੦)*

ਆਪ ਜੀ (ਮਾਤਾ) ਗੁਜਰੀ ਜੀ ਦਾ ਸਦਾ ਧਿਆਨ ਰੱਖਦੇ। ਉਨ੍ਹਾਂ ਦੇ ਸੁਖ ਸੰਭਾਲ ਲਈ ਕਦੀ ਢਿਲ ਨਾ ਕਰਦੇ। ਰਾਹ ਮੁਕਾਮ ਅਤੇ ਢਾਕਾ ਤੋਂ ਲਿਖੇ ਹੁਕਮਨਾਮੇ ਇਸ ਗੱਲ ਦੀ ਗਵਾਹੀ ਭਰਦੇ ਹਨ। ਇਕ ਹੁਕਮਨਾਮੇ ਵਿਚ ਉਨ੍ਹਾਂ ਪਟਨਾ ਦੀ ਸੰਗਤ ਨੂੰ ਲਿਖਿਆ ਸੀ :

ਕੋਈ ਅਵਲ ਹਵੇਲੀ ਹੋਵੈ

ਬਡੀ ਹੋਵੈ
ਤਿਸ ਮੋ ਕਬੀਲੇ ਹਮਾਰੇ ਰਖਣੇ।

## ਪਿਆਰਾ ਪਿਤਾ

ਆਪ ਜੀ ਨੇ ਜਿਵੇਂ ਬੇਟੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਤੋਂ ਲੈ ਕੇ ਧਰਮ-ਕਰਮ ਆਉਣ ਤਕ ਦੇਖ-ਰੇਖ ਰੱਖੀ ਉਹ ਸਭ ਮਾਪਿਆਂ ਲਈ ਇਕ ਚੁਣੌਤੀ ਹੈ। ਗੁਰੂ ਜੀ ਪਹਿਲਾਂ ਬੇਟੇ ਦੇ ਜਨਮ ਵੇਲੇ ਵਧਾਈ ਲੈਣੀ ਅਤੇ ਖ਼ੁਸ਼ੀ ਕਰਨੀ, ਫਿਰ ਉਨ੍ਹਾਂ ਦਾ ਖ਼ਿਆਲ ਰੱਖਣ ਲਈ ਅਤੇ ਖਾਸ ਕਰ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਿੜ੍ਹਨ ਲੱਗੇ ਤਾਂ ਖੁੱਲ੍ਹੇ ਵਿਹੜੇ ਵਿਚ ਖੂਹ ਹੋਣਾ ਸੁਣਾ ਕੇ ਇਥੋਂ ਤਕ ਲਿਖਿਆ ਕਿ 'ਖੂਹ ਬੰਦ ਕਰਵਾਇ ਦੇਣਾ, ਕਿਧਰੇ ਬੱਚਾ ਬੀਚ ਨ ਜਾਇ ਪਵੇ।' ਫਿਰ ਦੂਜੇ ਪਾਸੇ ਪਟਨਾ ਵਾਲਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚੋਜ ਦੇਖ ਜ਼ਰਾ ਕੁ ਚਿੰਤਾ ਪ੍ਰਗਟ ਕੀਤੀ ਤਾਂ ਆਪ ਜੀ ਨੇ ਲਿਖਿਆ, 'ਜੋ ਗੋਬਿੰਦ ਕੀਆ ਭਲਾ ਕੀਆ।' ਬਾਲਕ ਦੀ ਪੜ੍ਹਾਈ, ਸਿਖਲਾਈ ਅਤੇ ਹੋਰ ਵਿਦਿਆ ਲਈ ਦੂਰੋਂ-ਦੂਰੋਂ ਵਿਦਵਾਨ ਬੁਲਾ ਕੇ ਭਾਂਤ-ਭਾਂਤ ਦੀ ਸਿਖਿਆ ਦਿੱਤੀ। 'ਬਚਿੱਤਰ ਨਾਟਕ' ਵਿਚ ਲਿਖੇ ਕਲਗੀਧਰ ਦੇ ਆਪਣੇ ਸ਼ਬਦ ਪ੍ਰਗਟ ਕਰਦੇ ਹਨ ਕਿ ਉਹ ਕੈਸੇ ਪਿਆਰੇ ਅਤੇ ਮਹਾਨ ਪਿਤਾ ਸਨ:

**ਮੱਦ੍ਰ ਦੇਸ ਹਮ ਕੋ ਲੇ ਆਏ॥**
**ਭਾਂਤਿ ਭਾਂਤਿ ਦਾਈਅਨਿ ਦੁਲਰਾਏ॥੨॥**
**ਕੀਨੀ ਅਨਿਕ ਭਾਂਤਿ ਤਨ ਰੱਛਾ॥**
**ਦੀਨੀ ਭਾਂਤਿ ਭਾਂਤਿ ਕੀ ਸਿੱਛਾ॥** *(ਅਧਿ: ੭)*

## ਵਫ਼ਾਦਾਰ ਮਿੱਤਰ

ਆਪ ਜੀ ਇਕ ਐਸੇ ਮਿੱਤਰ ਸਨ ਜਿਨ੍ਹਾਂ ਮਿੱਤਰ ਬਣਾਉਣ ਤੇ ਰੱਖਣ ਦੀ ਜਾਚ ਸਿਖਾਈ। ਮਿੱਤਰ ਬਣਾਉਣ ਤੇ ਰੱਖਣ ਦਾ ਇਕ ਹੀ ਵਲ ਉਨ੍ਹਾਂ ਦੱਸਿਆ:

ਬਾਂਹਿ ਜਿਨਾ ਦੀ ਪਕੜੀਐ,
ਸਿਰ ਦੀਜੈ ਬਾਂਹਿ ਨ ਛੋੜੀਐ।

ਸੈਫ ਖ਼ਾਨ ਉਨ੍ਹਾਂ ਦਾ ਮਿੱਤਰ ਸੀ ਅਤੇ ਜਿਥੇ ਵੀ ਗਏ ਮਿੱਤਰ ਦੀ ਯਾਦ ਨਾਲ ਰੱਖੀ। ਜਿਥੇ ਵੀ ਚੰਗੀ, ਸੋਹਣੀ ਜਾਂ ਦਿਲ ਲੁਭਾਉਂਦੀ ਵਸਤੂ ਦੇਖੀ ਮਿੱਤਰ ਲਈ ਖਰੀਦ ਉਸ ਨੂੰ ਪਹੁੰਚਾਈ। ਸੈਫ ਖ਼ਾਨ ਨੇ ਮਿੱਤਰਾਨਾ ਤੋੜ ਨਿਭਾਇਆ। ਔਰੰਗਜ਼ੇਬੀ ਅਤਾਬ ਤੋਂ ਨਾ ਡਰਦਿਆਂ ਵੀ ਚਾਰ ਮਹੀਨੇ ਆਪਣੇ ਪਾਸ ਰੱਖਿਆ ਫਿਰ ਸੈਫ਼ ਖ਼ਾਨ ਨੇ ਮਿੱਤਰ ਦੀ ਸ਼ਹਾਦਤ ਪਿੱਛੋਂ 40 ਦਿਨ ਮਾਤਮੀ ਲਿਬਾਸ ਪਾਈ ਰੱਖਿਆ।

ਰਤਾ ਟਾਕਰਾ ਕਰੋ ਸੱਚੇ ਪਾਤਸ਼ਾਹ ਦਾ ਝੂਠੇ ਦੁਨਿਆਵੀ ਬਾਦਸ਼ਾਹ ਔਰੰਗਜ਼ੇਬ ਨਾਲ ਜੋ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਤਸੀਹੇ ਦੇ ਕੇ ਮਾਰਦਾ ਹੈ। ਜੋ ਆਪਣੇ ਭਰਾਵਾਂ ਦਾਰਾ, ਸੁਜਾਹ ਤੇ ਮੁਰਾਦ ਨੂੰ ਮਾਰ ਮੁਕਾਂਦਾ ਹੈ। ਜੋ ਆਪਣੀ ਸਕੀ ਭੈਣ ਰੌਸ਼ਨ ਆਰਾ ਨੂੰ ਹਲਕਾ ਹਲਕਾ

ਜ਼ਹਿਰ ਦੇ ਪਾਰ ਪਹੁੰਚਾਂਦਾ ਹੈ। ਆਪਣੀ ਬੇਟੀ ਜ਼ੇਬ-ਉਨ-ਨਿਸਾ ਨੂੰ ਜ਼ਹਿਰ ਦੇ ਮਾਰਦਾ ਹੈ। ਜੋ ਸਦਾ ਸਾਥ ਨਿਭਾਉਣ ਵਾਲੇ ਮਿਰਜ਼ਾ ਜੈ ਸਿੰਘ ਤਕ ਨੂੰ ਜ਼ਹਿਰ ਦੀ ਪੁੜੀ ਭੇਜਦਾ ਹੈ।

ਭਾਵੇਂ ਭਾਈ ਦਿਆਲਾ ਜੀ ਉਹਨਾਂ ਦੇ ਅਨਿੰਨ ਸਿੱਖ ਸਨ, ਪਰ ਇਕ ਪ੍ਰਕਾਰ ਦੇ ਉਹ ਮਿੱਤਰ ਸਾਥੀ ਸਨ। ਇਤਨਾ ਵਿਸ਼ਵਾਸ ਭਾਈ ਦਿਆਲਾ ਜੀ 'ਤੇ ਗੁਰੂ ਜੀ ਕਰਦੇ ਸਨ ਕਿ ਹੁਕਮਨਾਮਿਆਂ ਵਿਚ ਲਿਖਿਆ ਹੈ, ਕਿ "ਭਾਈ ਦਿਆਲਾ ਜੀ ਦਾ ਕਿਹਾ 'ਗੁਰੂ ਕਾ ਬਚਨ' ਜਾਣਨਾ। ਉਨ੍ਹਾਂ ਨੂੰ ਦਿੱਤੀ ਕਾਰ-ਭੇਟ ਗੁਰੂ ਨੂੰ ਪੁੱਜੀ ਜਾਣੇ।" ਉਹਨਾਂ ਨੂੰ 'ਭਾਈ' ਕਰਕੇ ਲਿਖਦੇ ਸਨ।

ਇਕ ਸਿੱਖ ਭਾਈ ਬਠੇ ਨੂੰ ਆਪਣਾ ਬੇਟਾ ਤਕ ਕਿਹਾ ਹੈ। ਹੁਕਮਨਾਮੇ ਵਿਚ ਬਨਾਰਸ ਦੀ ਸੰਗਤ ਦੇ ਨਾਂ ਲਿਖਿਆ, ਜੋ ਸਿੱਖ ਭਾਈ ਬਠੇ ਨਾਲ ਦਰਸ਼ਨਿ ਆਵਗੁ, ਸੋ ਨਿਹਾਲ ਹੋਗ। ਗੁਰੂ ਉਸ ਦਾ ਸਭਿ ਕੰਮ ਰਾਸ ਕਰੇਗਾ।

ਕਿਤਨਾ ਪਿਆਰ ਸਿੱਖਾਂ ਨਾਲ ਕਰਦੇ ਹੋਣਗੇ, ਉਸ ਦੀ ਉਦਾਹਰਣ ਇਕ ਹੋਰ ਹੁਕਮਨਾਮਾ ਹੈ ਜਿਸ ਵਿਚ ਉਹਨਾਂ ਲਿਖਿਆ :

ਹਮ ਤੁਮਾਰਾ ਬੈਠੇ ਰਾਹ ਦੇਖਦੇ ਹਾਂ।
ਬਹੁਤ ਸ਼ਿਤਾਬ ਆਵਣਾ।
ਗੁਰੂ ਸੰਗਤ ਕੀ ਬਾਹੁੜ ਕੀ ਬਾਹੁੜੀ ਕਰੇਗਾ।

ਸਿੱਖਾਂ ਨਾਲ ਵੀ ਇਤਨਾ ਪਿਆਰ ਕਰਦੇ ਸਨ ਕਿ ਹਰ ਉੱਘੇ ਸਿੱਖ ਨੂੰ ਹੁਕਮਨਾਮੇ ਵਿਚ ਯਾਦ ਕਰਦੇ ਸਨ। ਕਿਤਨੇ ਹੀ ਸਿੱਖਾਂ ਦੇ ਨਾਂ ਉਨ੍ਹਾਂ ਆਪਣੀ ਹੱਥੀਂ ਹੁਕਮਨਾਮਿਆਂ ਵਿਚ ਲਿਖੇ। ਸਿੱਖਾਂ ਵੀ ਉਨ੍ਹਾਂ ਨਾਲ ਪਿਆਰ ਦੀ ਹੱਦ ਕਰ ਦਿੱਤੀ। ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਦਾ ਉਨ੍ਹਾਂ ਤੋਂ ਪਹਿਲਾਂ ਸ਼ਹੀਦ ਹੋਣਾ ਇਕ ਪ੍ਰਕਾਰ ਦਾ ਗੁਰੂ ਤੋਂ ਸਦਕੇ ਹੋਣਾ ਹੀ ਹੈ। ਪਿੱਛੋਂ ਭਾਈ ਜੈਤਾ ਜੀ ਨੇ ਜਾਨ 'ਤੇ ਖੇਡ ਕੇ ਭਾਈ ਨਲੂਆ ਜੀ, ਭਾਈ ਲੱਖੀ ਸ਼ਾਹ ਜੀ, ਭਾਈ ਨਗਾਹੀਆ ਅਤੇ ਹੋਰ ਅਨੇਕਾਂ ਨੇ ਸਿੱਖੀ ਪਿਆਰ ਦ੍ਰਿੜ੍ਹਾਇਆ। ਉਸ ਨਾ-ਮਲੂਮ ਸਿੱਖ ਨੇ ਤਾਂ ਹੱਦ ਹੀ ਕਰ ਦਿੱਤੀ ਜਿਸ ਨੇ ਇੱਟਾਂ ਔਰੰਗਜ਼ੇਬ ਨੂੰ ਕੱਢ ਮਾਰੀਆਂ।

## ਗੁਰੂ ਪਾਤਸ਼ਾਹ

ਆਪ ਜੀ ਉਸੇ ਚਿਰਾਗ ਦੀ ਰੌਸ਼ਨੀ ਸਨ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਜੋਤ ਬਖ਼ਸ਼ ਗਏ ਸਨ। 'ਸਿੰਘ ਸਾਗਰ' ਵਿਚ ਲਿਖਿਆ ਹੈ ਕਿ ਛੇ ਲੱਛਣਾਂ ਤੋਂ ਗੁਰੂ ਪਹਿਚਾਣਿਆ ਜਾਂਦਾ ਹੈ ਅਤੇ ਛੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਚ ਸਨ। ਗਿਆਨ ਦਾ ਭੰਡਾਰ ਸਨ, ਮਤ ਉੱਚ ਕੋਟੀ ਦੀ ਸੀ, ਈਸ਼ਵਰ ਦਾ ਹੱਥ ਸਦਾ ਸਿਰ 'ਤੇ, ਮੁਕਤਿ ਵੈਰਾਗ ਦੀ ਮੂਰਤ ਸਨ, ਸਭ ਹੀ ਉਨ੍ਹਾਂ ਦੇ ਉਪਾਸ਼ਕ ਸਨ ਅਤੇ ਘਟ ਘਟ ਕੀ ਜਾਣਨਹਾਰ ਸਨ। ਪੂਰਨ ਬ੍ਰਹਮ ਸਨ—

'ਗਿਆਨ ਸੀ ਮਤਿ' ਈਸਰ ਤਾਜ ਸੁ, ਪੂਰਨ ਮਖ ਵੈਰਾਗ ਮਹਾਨੇ।
ਦੇਵ ਅਦੇਵ ਚਰਾਚਰ ਲੌ ਸਭ ਕੈ ਘਟ ਅੰਤ੍ਰ ਕੀ ਗੁਰ ਜਾਨੈ।

ਆਪ ਜੀ ਗੁਰੂ ਨਾਨਕ ਸਾਹਿਬ ਪਿੱਛੋਂ ਪਹਿਲੇ ਗੁਰੂ ਸਨ ਜੋ ਥਾਂ-ਥਾਂ 'ਤੇ ਪੁੱਜੇ ਅਤੇ ਸਿੱਖੀ ਦੇ ਬੂਟੇ ਨੂੰ ਸਿੰਚਿਆ। ਇਕ ਅੰਦਾਜ਼ੇ ਮੁਤਾਬਕ ਆਪ ਜੀ ਨੇ ਤਿੰਨਾਂ ਦੌਰਿਆਂ ਵਿਚ ਤਕਰੀਬਨ ਪੰਜ ਹਜ਼ਾਰ ਮੀਲ ਸਫ਼ਰ ਕੀਤਾ। ਆਪ ਜੀ ਦੇ ਹੁਕਮਨਾਮਿਆਂ, ਜਿਨ੍ਹਾਂ ਦੀ ਗਿਣਤੀ 30 ਦੇ

ਕਰੀਬ ਹੈ, ਤੋਂ ਪਤਾ ਲੱਗਦਾ ਹੈ ਕਿ ਆਪ ਜੀ ਕਮ-ਗੋ ਸਨ, ਥੋੜ੍ਹੀ ਗੱਲ ਵਿਚ ਹੀ ਭਾਵ ਸਮਝਾ ਦੇਂਦੇ ਸਨ। ਹੱਥ ਦੀ ਲਿਖਤ ਉਨ੍ਹਾਂ ਦੀ ਪਕਿਆਈ ਦਰਸਾਂਦੀ ਹੈ। ਕੋਈ ਅੱਖਰ ਟੁੱਟਿਆ ਜਾਂ ਗਵਾਚਿਆ ਨਹੀਂ ਸੀ ਹੁੰਦਾ। ਰਵਾਨਗੀ ਬਹੁਤ ਸੀ। ਸਪੱਸ਼ਟਤਾ ਉਨ੍ਹਾਂ ਦੇ ਸੁਭਾਅ ਦਾ ਅੰਗ ਲਗਦਾ ਹੈ। ਸਦਾ ਸੰਗਤ ਦਾ ਭਲਾ ਮੰਗਦੇ। ਰੋਜ਼ਗਾਰ ਵਿਚ ਬਰਕਤ ਦੀ ਅਸੀਸ ਦੇਂਦੇ।

ਹਮੇਸ਼ਾ ਹੁਕਮਨਾਮੇ ਦੇ ਉੱਤੇ ਗੁਰ ਸਤਿਗੁਰ ਲਿਖਦੇ। 'ਸੇਵਾ ਦਾਸ ਦੀਆਂ ਪਰਚੀਆਂ' ਵਿਚ ਲਿਖਿਆ ਹੈ ਕਿ 'ਗੋਬਿੰਦ ਕੇ ਰਸ ਬਿਨਾਂ ਇਨ ਕਉ (ਸ੍ਰੀ ਗੁਰੂ ਤੇਗ ਬਹਾਦਰ ਜੀ) ਅਉਰੇ ਰਸ ਸੁਆਦ ਕੋਊ ਨ ਦੇਵੇ। ਜਗਤ ਕੀ ਕਿਸੀ ਪਦਾਰਥ ਦਾ।'

## ਏਕ ਭਗਤਿ ਭਗਵਾਨ

ਭਗਤੀ ਦੀ ਆਖਰੀ ਚੋਟੀ ਵੀ ਛੁਹ ਕੇ ਦੱਸੀ। ਉਨ੍ਹਾਂ ਦਾ ਸਾਰਾ ਜੀਵਨ ਹੀ ਅਛੋਹ ਸਿੱਖਰਾਂ ਦੀ ਸਾਖੀ ਹੈ। ਭਗਤੀ ਨੌਂ ਪ੍ਰਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀਰਾਗੁ ਵਿਚ ਦਰਸਾਈ ਹੈ:

**ਸਰਵਨੀ ਸੁਣਨਾ ਹਰਿ ਕੀਰਤਨ ਸਾਧ ਸੰਗਤ,**
**ਸਿਮਰਉ ਸਿਮਰਿ, ਪਾਵ ਮਲੋਵ॥**

ਹਰਿ ਕੀ ਪੂਜਾ, ਬੰਦਉਂ ਬਾਰਿ ਬਾਰਿ, ਦਾਸਨਿਦਾਸਾ ਅਤੇ ਤੂੰ ਮੇਰਾ ਬੰਧਪ, ਤੂੰ ਮੇਰਾ ਭ੍ਰਾਤਾ, ਅੱਠ ਪ੍ਰਕਾਰ ਦੀ ਹੈ। ਸਰਵਨ, ਕੀਰਤਨ, ਸਿਮਰਨ, ਪਗ ਸੇਵਨ, ਅਰਚਨਾ, ਬੰਦਨਾ, ਦਾਸ ਭਾਵ ਤੇ ਮੈਤਰੀ ਭਾਵ। ਪਰ, ਸਭ ਤੋਂ ਉੱਤੇ ਹੈ, ਸਰਬੰਸ ਕੀਜੈ ਅਪੁਨਾ ਵਾਰੇ। ਆਤਮ ਨਿਵੇਦਨ। ਇਹ ਪਹਿਲੇ ਅੱਠਾਂ ਪ੍ਰਕਾਰਾਂ ਦੀ ਭਗਤੀ ਸਿੱਖੀ ਘਰ ਵਿਚ ਆਪਾ ਤਿਆਗ, ਆਤਮ ਨਿਵੇਦਨ ਅਤੇ ਕੁਰਬਾਨ ਹੋਣ ਦੀ ਤਿਆਰੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 'ਸਰਬੰਸ ਦੀਜੈ ਅਪੁਨਾ ਵਾਰੇ' ਦਾ ਪ੍ਰਤੱਖ ਰੂਪ ਦੇ ਕੇ ਭਗਤੀ ਦੇ ਸਿਖਰ ਨੂੰ ਛੋਹਿਆ। ਬਾਬਾ ਬਕਾਲਾ ਵਿਚ ਕੀਤੀ ਬਹੁ-ਪ੍ਰਕਾਰ ਦੀ ਭਗਤੀ ਨੇ ਸੀਸ ਦੇ ਕੇ ਪ੍ਰਵਾਨ ਚੜ੍ਹਾਇਆ। ਫਿਰ ਸੱਚ-ਮੁੱਚ ਹੀ ਸਰਬੰਸ ਵਾਰਿਆ। ਆਪ ਸ਼ਹੀਦ, ਪਤਨੀ (ਮਾਤਾ ਗੁਜਰੀ) ਸ਼ਹੀਦ, ਪੋਤਰੇ ਚਾਰੇ ਸਾਹਿਬਜ਼ਾਦੇ ਸ਼ਹੀਦ, ਭੈਣ ਤੇ ਪੰਜੇ ਭਰਾ ਸ਼ਹੀਦ ਅਤੇ ਹੋਰ ਅਨੇਕਾਂ ਨਿਕਟਵਰਤੀ ਸ਼ਹੀਦੀਆਂ ਪਾਉਂਦੇ ਰਹੇ। ਮੈਥਲੀ ਸ਼ਰਨ ਗੁਪਤ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਂ ਦੀ ਕਵਿਤਾ ਹੇਠਾਂ ਖ਼ੂਬ ਲਿਖਿਆ ਹੈ:

ਤੇਗ ਬਹਾਦਰ, ਹਾਂ, ਵੇ ਹੀ ਥੇ,
ਪੰਚਾਮ੍ਰਿਤ ਸਰ ਕੇ ਅਰਵਿੰਦ।
ਤੇਗ ਬਹਾਦਰ, ਹਾਂ, ਵੇ ਹੀ ਥੇ,
ਜਿਨ ਸੇ ਜਨਮੇਂ ਗੁਰੂ ਗੋਬਿੰਦ।

ਸੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹੱਦ ਕਰ ਦਿੱਤੀ ਅਤੇ ਇਸ ਹੱਦ ਨੂੰ ਕੋਈ ਕਦੇ ਛੁਹ ਵੀ ਨਹੀਂ ਸਕੇਗਾ।

(12/1988)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ਮਹੱਤਵ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਮਹਾਨ ਅਦੁੱਤੀ ਸ਼ਹੀਦੀ ਸਾਕਾ, ਸੰਨ 1675 ਈ. ਨੂੰ ਚਾਂਦਨੀ ਚੌਂਕ ਦਿੱਲੀ ਵਿਚ ਵਾਪਰਿਆ। ਇਸ ਪਾਵਨ ਅਸਥਾਨ 'ਤੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਸਥਾਪਤ ਹੈ। ਆਪ ਜੀ ਦੇ ਸੀਸ ਦਾ ਸਸਕਾਰ ਅਨੰਦਪੁਰ ਸਾਹਿਬ ਵਿਚ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਧੜ ਦਾ ਸਸਕਾਰ ਗੁਰਦੁਆਰਾ ਰਕਾਬਗੰਜ ਵਾਲੀ ਥਾਂ 'ਤੇ ਦਿੱਲੀ ਵਿਚ ਕੀਤਾ ਗਿਆ। ਜਦੋਂ ਸਿੱਖ ਸੰਗਤਾਂ ਕੋਲੋਂ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸੁਣਿਆ ਕਿ ਦਿੱਲੀ ਅੰਦਰ ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਸਮੂਹ ਸਿੱਖ ਭੈ-ਭੀਤ ਹੋ ਗਏ। ਸਤਿਗੁਰੂ ਭਾਂਪ ਗਏ ਕਿ ਜਿਸ ਰਸਾਤਲ ਵਿਚੋਂ ਨਿੱਘਰੇ ਹੋਏ ਸਿੱਖ ਨੂੰ ਉੱਪਰ ਚੁੱਕ ਕੇ ਗਲ ਲਾਇਆ ਸੀ, ਇਹ ਫਿਰ ਉਸੇ ਖੂਹ-ਖਾਤੇ ਵਿਚ ਡਿੱਗ ਪਏ ਹਨ। ਸਤਿਗੁਰਾਂ ਨੇ ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ ਇਉਂ ਪ੍ਰਣ ਕੀਤਾ :

ਸ੍ਰੀ ਗੋਬਿੰਦ ਸਿੰਘ ਸੁਨਿ ਕਰਿ ਐਸੇ।
ਗਰਜਤਿ ਬੋਲੇ ਜਲਧਰ ਜੈਸੇ।
ਇਸ ਬਿਧਿ ਕੋ ਅਬਿ ਪੰਥ ਬਨਾਵੌਂ।
ਸਕਲ ਜਗਤ ਮਹਿਂ ਬਹੁਤ ਬਿਦਤਾਵੌਂ ॥੮॥
ਲਾਖਹੁਂ ਜਗ ਕੇ ਨਰ ਇਕਥਾਇਂ।
ਤਿਨ ਮਹਿਂ ਮਿਲੇ ਏਕ ਸਿਖ ਜਾਇ।
ਸਭਿ ਮਹਿਂ ਪ੍ਰਥਕ ਪਛਾਨਜੋਂ ਪਰੈ।
ਰਲੈ ਨ ਕਜੋਹੂੰ ਕੈਸਿਹੁਂ ਕਰੈ ॥੯॥
ਜਬ ਬਕਨ ਮਹਿਂ ਹੰਸ ਨ ਛਪੈ।
ਗ੍ਰਿੱਝਨਿ ਬਿਖੈ ਮੋਰ ਜਿਮ ਦਿਪੈ।
ਜਜੋਂ ਖਰ ਗਨ ਮਹਿਂ ਬਲੀ ਤੁਰੰਗ।
ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ ॥੧੦॥
ਤਿਮ ਨਾਨਾ ਭੇਖਨ ਕੇ ਮਾਂਹਿ।
ਮਮ ਸਿਖ ਕੋ ਸਗਲੇ ਪਰਖਾਹਿਂ। *(ਗੁਰਪ੍ਰਤਾਪ ਸੂਰਜ, ਰੁਤ ੧, ਅੰਸੂ ੭)*

ਭਾਵ ਸਿੱਖਾਂ ਨੂੰ ਅਜਿਹਾ ਰੂਪ ਦਿੱਤਾ ਜਾਵੇਗਾ ਕਿ ਇਕੱਲਾ ਸਿੱਖ ਲੱਖਾਂ ਵਿਚ ਖੜਾ ਹੋਇਆ ਵੀ ਆਪੇ ਆਪ ਨਿਵੇਕਲਾ ਦਿੱਸੇਗਾ। ਸੋ ਅਜਿਹਾ ਹੀ ਕੀਤਾ। ਆਪਣੇ ਜੀਵਨ ਮਨੋਰਥ ਨੂੰ ਸਿੱਧ ਕਰ ਦਿੱਤਾ :

**ਹਮ ਇਹ ਕਾਜ ਜਗਤ ਮੋ ਆਏ॥**
**ਧਰਮ ਹੇਤ ਗੁਰਦੇਵ ਪਠਾਏ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ॥**
**ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥**
**ਯਾਹੀ ਕਾਜ ਧਰਾ ਹਮ ਜਨਮੰ॥**
**ਸਮਝ ਲੇਹੁ ਸਾਧੂ ਸਭ ਮਨ ਮੰ॥**
**ਧਰਮ ਚਲਾਵਨ ਸੰਤ ਉਬਾਰਨ॥**
**ਦੁਸਟ ਸਭਨ ਕੋ ਮੂਲ ਉਪਾਰਨ॥੪੩॥** *(ਬਚਿੱਤਰ ਨਾਟਕ, ਅਧਿ: ੬)*

## ਦ੍ਰਿੜ੍ਹ ਤੇ ਨਿਡਰ ਸ੍ਵੈ-ਵਿਸ਼ਵਾਸ ਅਤੇ ਪ੍ਰਣ

ਸਤਿਗੁਰਾਂ ਨੇ ਅਜਿਹੇ ਬਚਨ ਤੇ ਕਥਨ ਨਿਰੇ ਕਹੇ ਹੀ ਨਹੀਂ, ਸਗੋਂ ਕਰਕੇ ਦਿਖਾਣ ਦੇ ਬਾਨ੍ਹਣੂ ਬੰਨ੍ਹੇ। ਅਜੇਹੇ ਪੰਥ ਦੀ ਸਿਰਜਨਾ ਕੀਤੀ ਜਿਸ ਨੇ ਜਬਰ, ਜ਼ੁਲਮ, ਅਨਿਆਂ, ਧੱਕੇਸ਼ਾਹੀ, ਸੀਨਾਜ਼ੋਰੀ, ਪਰਾਇਆ ਹੱਕ ਮਾਰਨ, ਕਰੋਧ-ਹੰਕਾਰ ਅਤੇ ਅਧਰਮ ਨੂੰ ਜੜ੍ਹੋਂ ਪੁੱਟ ਕੇ ਦਇਆ, ਧਰਮ, ਪਰੇਮ, ਸਬਰ, ਸਿਦਕ, ਨਿਆਂ, ਧਰਮ ਦੀ ਕਮਾਈ, ਵੰਡ ਛਕਣ, ਨਾਮ ਜਪਣ, ਸਤ, ਈਮਾਨਦਾਰੀ, ਸੇਵਾ ਸਿਮਰਨ, ਨਿਤਾਣੇ-ਨਿਮਾਣੇ ਦੀ ਬਾਂਹ ਫੜਨ ਵਾਲੇ ਸਮਾਜ ਦਾ ਫਲਦਾਰ ਬੂਟਾ ਬੀਜਿਆ। ਅਜਿਹਾ ਪਰਿਵਰਤਨ ਲਿਆਉਣ ਲਈ ਰੂਹਾਨੀ ਸ਼ਕਤੀ ਤੇ ਮਨੋਬਲ ਨੂੰ ਮਜ਼ਬੂਤ ਬਣਾਉਣ ਲਈ ਬਾਹੂ-ਬਲ ਤੇ ਸ਼ਸਤਰ ਧਾਰਨ ਦੀ ਅਤੀ ਲੋੜ ਦੇ ਨਕਸ਼ੇ ਤੇ ਚਿਤਰ ਆਪਣੇ ਅੰਦਰ ਉਲੀਕੇ ਤੇ ਐਲਾਨ ਕੀਤਾ:

ਚਿੜੀਓਂ ਸੇ ਮੈਂ ਬਾਜ ਤੁੜਾਊਂ।
ਗਿਦੜੋਂ ਸੇ ਮੈਂ ਸ਼ੇਰ ਬਨਾਊਂ।
ਸਵਾ ਲਾਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਆਪ ਜੀ ਤੋਂ ਪਿੱਛੋਂ ਦਾ ਸਿੱਖ ਇਤਿਹਾਸ ਇਸ ਕਥਨ ਦੀ ਸੱਚਾਈ ਦੀ ਮੂੰਹ ਬੋਲਦੀ ਦਾਸਤਾਨ ਹੈ। ਹੋਰ ਵੇਖੋ, ਸ੍ਰ. ਰਤਨ ਸਿੰਘ ਜੀ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਦੱਸਦੇ ਹਨ:

ਕੀਟਨ ਤੇ ਇਨ ਕੋ ਮ੍ਰਿਗਿੰਦੂ।
ਕਰੋ ਹਰਨ ਹਿਤ ਤੁਰਕ ਗਜਿੰਦੂ।
ਇਨ ਹੀ ਕੋ ਸਰਦਾਰ ਬਨਾਵੋਂ।
ਤਬੈ ਗੋਬਿੰਦ ਸਿੰਘ ਨਾਮ ਕਹਾਵੋਂ।

ਸਤਿਗੁਰਾਂ ਨੇ ਅਜਿਹੇ ਦਾਈਏ ਤੇ ਦਾਅਵੇ ਬੰਨ੍ਹੇ ਅਤੇ ਪੂਰੇ ਕਰਕੇ ਦਿਖਾ ਦਿੱਤੇ। ਪੂਰੇ ਕਰਦੇ ਵੀ ਕਿਉਂ ਨਾ, ਆਪ ਅੰਤਰਜਾਮੀ, ਸਰਬ-ਵਿਆਪੀ, ਸਰਬ-ਸ਼ਕਤੀਮਾਨ ਅਕਾਲ ਪੁਰਖ ਕੋਲੋਂ ਇਹ ਵਰ ਲੈ ਕੇ ਪ੍ਰਕਾਸ਼ ਹੋਏ ਸਨ—

**ਮੈ ਅਪਨਾ ਸੁਤ ਤੋਹਿ ਨਿਵਾਜਾ॥**
**ਪੰਥੁ ਪ੍ਰਚੁਰ ਕਰਬੇ ਕਹੁ ਸਾਜਾ॥**

**ਜਾਹਿ ਤਹਾਂ ਤੈ ਧਰਮੁ ਚਲਾਇ॥**
**ਕਬੁਧਿ ਕਰਨ ਤੇ ਲੋਕ ਹਟਾਇ॥੨੯॥** *(ਬਚਿੱਤਰ ਨਾਟਕ, ਅਧਿ: ੬)*

ਸਤਿਗੁਰੂ ਆਪਣੇ ਪਿਤਾ-ਪਰਮਾਤਮਾ ਤੋਂ ਸ਼ਕਤੀ, ਬਲ, ਉਦਮ, ਸਾਹਸ ਦੀਆਂ ਦਾਤਾਂ ਲੈ ਕੇ ਆਏ ਅਤੇ ਮਾਤ-ਲੋਕ ਵਿਚ ਵੀ ਅਜਿਹੀਆਂ ਹੀ ਅਰਦਾਸਾਂ ਕਰਦੇ ਰਹੇ:

**ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥**
**ਨ ਡਰੋਂ ਅਰਿ ਸੌਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ॥**
**ਅਰ ਸਿਖ ਹੌਂ ਅਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ॥੨੩੧॥**
*(ਦਸਮ ਗ੍ਰੰਥ, ਪੰਨਾ ੯੯)*

## ਖਾਲਸੇ ਦੀ ਸਿਰਜਨਾ

ਉਪਰਲੇ ਮਹਾਨ ਆਦਰਸ਼ ਨੂੰ ਮੁੱਖ ਰੱਖ ਕੇ ਜਾਬਰ ਹਾਕਮਾਂ ਦੀਆਂ ਕੁਟਿਲ ਚਾਲਾਂ ਤੇ ਸਿਤਮਾਂ ਦਾ ਸਹੀ ਟਾਕਰਾ ਕਰਨ ਹਿੱਤ ਅਤੇ ਇਨਸਾਨੀਅਤ ਨੂੰ ਕਾਇਮ ਰੱਖਣ ਹਿੱਤ ਸਤਿਗੁਰਾਂ ਨੇ ਵਿਸਾਖੀ, 1699 ਈ. ਵਾਲੇ ਦਿਨ ਅਨੰਦਪੁਰ ਸਾਹਿਬ 'ਚ ਖਾਲਸੇ ਦੀ ਸਿਰਜਨਾ ਕੀਤੀ। ਪੰਜ ਪਿਆਰੇ ਬੜੇ ਬਚਿੱਤਰ ਢੰਗ ਨਾਲ ਚੁਣੇ। ਇਹ ਵੱਖਰੀਆਂ ਵੱਖਰੀਆਂ ਜਾਤਾਂ ਤੇ ਭਾਰਤ ਦੇ ਵੱਖਰੇ-ਵੱਖਰੇ ਭਾਗਾਂ ਵਿਚੋਂ ਆਏ ਸਨ। ਇਹਨਾਂ ਨੂੰ ਸਿੰਘ ਸਜਾਇਆ। ਇਹਨਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ। ਇਹਨਾਂ ਕੋਲੋਂ ਆਪ ਅੰਮ੍ਰਿਤ ਛਕ ਕੇ ਗੁਰੂ ਤੇ ਖ਼ਾਲਸੇ ਨੂੰ ਇਕ ਸਮਾਨ ਕੀਤਾ। ਭਾਈ ਗੁਰਦਾਸ ਜੀ ਦੂਜੇ ਬੜੇ ਢੁਕਵੇਂ ਤੇ ਸੁੰਦਰ ਸ਼ਬਦਾਂ ਵਿਚ ਇਉਂ ਲਿਖਦੇ ਹਨ:

**ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।** *(ਵਾਰ ੪੧)*

ਉਪਰੰਤ ਉਸੇ ਦਿਨ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੇ ਅੰਮ੍ਰਿਤ ਛਕਿਆ ਤੇ ਸਿੰਘ ਸਜੇ। ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਧਰਮੀ ਸ਼ਹੀਦੀ ਸਦਕਾ, ਉਹਨਾਂ ਦੇ ਸਪੂਤ ਕਲਗੀਆਂ ਵਾਲੇ, ਬਾਜਾਂ ਵਾਲੇ, ਫ਼ੌਜਾਂ ਵਾਲੇ, ਧਰਮ ਰਖਿਅਕ, ਸਰਬੰਸਦਾਨੀ, ਅੰਮ੍ਰਿਤ ਦੇ ਦਾਤੇ, ਸੰਤ ਸਿਪਾਹੀ ਨੇ ਸਮੂਹ ਸਿੱਖ ਸੰਗਤਾਂ ਨੂੰ ਇਕੋ ਪਿਤਾ, ਇਕੋ ਮਾਤਾ, ਇਕੋ ਜਨਮਭੂਮੀ, ਇਕੋ ਉਪਨਾਮ ਸਿੰਘ, ਇਕੋ ਬਾਣਾ, ਇਕੋ ਬਾਣੀ, ਇਕੋ ਰਹਿਤ, ਇਕੋ ਮਰਯਾਦਾ ਬਖ਼ਸ਼ ਕੇ ਸਦਾ ਲਈ ਆਤਮਕ, ਸਰੀਰਕ, ਸਮਾਜਿਕ, ਭਾਵਕ ਤੇ ਰਾਜਨੀਤਕ ਪੱਧਰ 'ਤੇ ਲਿਆ ਕੇ, ਇਕੋ ਦੇ ਲੜ ਲਾ ਕੇ ਇਕ ਕਰ ਦਿੱਤਾ।

ਖ਼ਾਲਸੇ ਨੂੰ ਆਪਣਾ ਖ਼ਾਸ ਰੂਪ, ਆਪਣੀ ਜਾਨ ਪ੍ਰਾਣ ਹੋਣ ਦਾ ਬਚਨ ਦਿੱਤਾ। ਖ਼ਾਲਸੇ ਨੂੰ ਦ੍ਰਿੜ੍ਹ ਕਰਵਾਇਆ, ਉਹ ਧਰਮ ਜਿਉਂਦਾ ਜਾਗਦਾ ਰਹੇਗਾ ਜੋ ਕਰਨੀ-ਕਥਨੀ ਦੀ ਕਮਾਈ ਕਰੇਗਾ, ਜਿਹੜਾ ਸੰਸਾਰ ਅੰਦਰ ਰਹਿ ਕੇ ਵੱਸਣ ਦੀ ਸਿਖਿਆ ਦਿੰਦਾ ਹੈ, ਜਿਹੜਾ ਜਬਰਾਂ, ਸਮੱਸਿਆਵਾਂ, ਮਸਲਿਆਂ, ਕੁਕਰਮਾਂ ਦਾ ਟਾਕਰਾ ਕਰ ਕੇ ਸਰ ਕਰਨ ਦਾ ਸਬਕ ਪੜ੍ਹਾਉਂਦਾ ਹੈ। ਖ਼ਾਲਸਾ ਪੱਥਰ, ਬੁੱਤ, ਮਿੱਟੀ ਦਾ ਕਲਬੂਤ ਨਹੀਂ, ਅਕਾਲ ਪੁਰਖ ਦੀ ਉੱਤਮ ਰਚਨਾ ਹੈ। ਸਰਬ ਜੋਨ ਦਾ ਸਿਕਦਾਰ ਤੇ ਸਰਦਾਰ ਹੈ। ਸਤਿਗੁਰਾਂ ਨੇ ਸਭੋ ਕੁਝ ਕਰਕੇ ਦਿਖਾ ਦਿੱਤਾ। ਸਿੰਘਾਂ ਨੇ

ਵੀ ਸਤਿਗੁਰੂ ਨਾਨਕ ਦੇਵ ਜੀ ਦੇ ਕਥਨ ਨੂੰ ਸੁਣਿਆ, ਵਿਚਾਰਿਆ, ਸਮਝਿਆ, ਮੰਨਿਆ ਤੇ ਕਮਾਇਆ :

**ਸਚੇ ਕੀ ਸਿਰਕਾਰ ਜੁਗੁ ਜੁਗ ਜਾਣੀਐ॥**
**ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥** *(ਪੰਨਾ ੧੪੨)*

## ਇਸ ਦਾ ਪ੍ਰਭਾਵ

ਖ਼ਾਲਸੇ ਦੀ ਸਥਾਪਨਾ ਸਦਕਾ ਭਾਰਤ ਦੇ ਕੋਨੇ ਕੋਨੇ ਵਿਚ ਸ੍ਵੈਮਾਨ, ਸ੍ਵੈਸ਼ਕਤੀ, ਇਨਸਾਨੀ ਅਣਖ, ਕੌਮੀ ਵਕਾਰ, ਧਾਰਮਿਕ ਸ਼ਰਧਾ, ਦੇਸ਼ ਪਿਆਰ ਦੇ ਉੱਚੇ, ਸੁੱਚੇ ਤੇ ਸੱਚੇ ਜਜ਼ਬੇ ਤੇ ਭਾਵ ਉਪਜੇ ਜੋ ਕਰਨੀ-ਕਮਾਈ ਰਾਹੀਂ ਸਾਕਾਰ ਹੋਏ। ਡਾਕਟਰ ਗੋਕਲ ਚੰਦ ਨਾਰੰਗ ਆਪਣੀ ਪ੍ਰਸਿੱਧ ਰਚਨਾ 'ਸਿਖ ਮਤ ਦਾ ਪ੍ਰੀਵਰਤਨ' ਵਿਚ ਇਉਂ ਲਿਖਦੇ ਹਨ :

> ਜੇ ਗੁਰੂ ਗੋਬਿੰਦ ਸਿੰਘ ਜੀ ਪੈਦਾ ਨਾ ਹੁੰਦੇ ਤਾਂ ਅੱਜ ਸਾਰੇ ਭਾਰਤ ਵਿਚ ਜਨੇਊ ਧਾਰੀਆਂ ਦਾ ਅਭਾਵ ਹੁੰਦਾ....ਉਹ ਮਨੁੱਖ ਜਿਨ੍ਹਾਂ ਨੇ ਕਦੇ ਕਿਰਪਾਨ ਛੋਹੀ ਹੀ ਨਹੀਂ ਸੀ, ਨਾ ਬੰਦੂਕ ਮੋਢੇ 'ਤੇ ਰੱਖੀ ਸੀ, ਗੁਰੂ ਦਾ ਪ੍ਰਭਾਵ ਕਬੂਲਦੇ ਹੋਏ, ਦਲੇਰ, ਨਿਡਰ ਤੇ ਬਲਵਾਨ ਯੋਧੇ ਬਣ ਗਏ ਜਿਨ੍ਹਾਂ ਤੋਂ ਸਮੇਂ ਦੇ ਬਾਦਸ਼ਾਹ ਵੀ ਭੈ ਖਾਣ ਲੱਗੇ, ਮਰਿਆਂ ਨੂੰ ਜਿਵਾਇਆ।"

ਭਾਈ ਸੰਤੋਖ ਸਿੰਘ ਜੀ 'ਸੂਰਜ ਪ੍ਰਕਾਸ਼' ਵਿਚ ਲਿਖਦੇ ਹਨ :

ਛਾਏ ਜਾਤੀ ਏਕਤਾ, ਅਨੇਕਤਾ ਵਿਲਾਏ ਜਾਤੀ,
ਹੋਵਤੀ ਕੁਚੀਲਤਾ ਕਿਤਾਬਨ ਕੁਰਾਨ ਕੀ।
ਪਾਪ ਪਰਪਕ ਜਾਤੇ, ਧਰਮ ਧਸਕ ਜਾਤੇ,
ਬਰਨ ਗਰਕ ਜਾਤੇ, ਸਹਿਤ ਬਿਧਾਨ ਕੇ।
ਦੇਵੀ ਦੇਵ ਦੇਹੁਰੇ, ਸੰਤੋਖ ਸਿੰਘ ਦੂਰ ਹੋਤੇ,
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤਿ ਨ ਹੋਤੀ ਜੋ ਪੈ ਕਰੁਨਾ ਨਿਧਾਨ ਕੀ।

## ਸਿੱਖਾਂ ਤੇ ਜਾਬਰ ਮੁਗ਼ਲਾਂ ਵਿਚਾਲੇ ਲੜਾਈਆਂ

ਸਤਿਗੁਰਾਂ ਨੇ ਜ਼ਾਲਮਾਂ ਦੇ ਜ਼ੁਲਮਾਂ ਵਿਰੁੱਧ ਖ਼ਾਲਸੇ ਨੂੰ ਲਾਮਬੰਦ ਕੀਤਾ। ਸਤਿਗੁਰਾਂ ਨੂੰ ਯਕੀਨ ਹੋ ਗਿਆ ਸੀ ਅਤੇ ਉਹ ਹਾਲਾਤ ਦਾ ਜਾਇਜ਼ਾ ਲੈ ਚੁੱਕੇ ਸਨ ਕਿ ਹੁਣ ਖੰਡਾ ਖੜਕਾਏ ਬਿਨਾਂ ਭਾਵ ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨ ਹੋਏ।

**ਚੁ ਕਾਰ ਅਜ ਹਮਹ ਹੀਲਤੇ ਦਰ ਗੁਜ਼ਸ਼ਤ॥**
**ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ॥੨੨॥**

*(ਦਸਮ ਗ੍ਰੰਥ, ਪੰਨਾ ੧੩੯੦)*

ਜਦੋਂ ਨੇਕ ਕਾਰਜ ਜਾਇਜ਼ ਢੰਗ ਨਾਲ ਸਿਰੇ ਨਾ ਚੜ੍ਹ ਸਕੇ ਤਾਂ ਤਲਵਾਰ ਚੁੱਕ ਲੈਣਾ ਜਾਇਜ਼ ਹੈ। ਮਨੋਰਥ ਲਈ ਖੰਡੇ ਦੀ ਧਾਰ ਤੋਂ ਗੁਰੂ-ਸ਼ਬਦ ਦੇ ਉਪਦੇਸ਼, ਆਦਰਸ਼, ਆਦੇਸ਼ ਅਤੇ ਉਦੇਸ਼

ਦਾ ਆਸਰਾ ਲੈਂਦੇ, ਹੋਏ ਸਿੱਖ ਨੂੰ ਸਿੰਘ ਦੇ ਸਰੂਪ ਤੇ ਸ਼ਕਤੀ ਦੀ ਬਖ਼ਸ਼ਿਸ਼ ਕੀਤੀ ਸੀ। ਮੁਗ਼ਲ ਸਰਕਾਰ ਵੀ ਸਿੱਖਾਂ ਦੀ ਵਧਦੀ ਸੰਖਿਆ ਤੇ ਵਧਦੀ ਫ਼ੌਜੀ ਸ਼ਕਤੀ ਨੂੰ ਦੇਖ ਕੇ ਭੈਭੀਤ ਹੋ ਰਹੀ ਸੀ। ਆਪਸ ਵਿਚ ਕਈ ਵਾਰ ਟਾਕਰਾ ਹੋਇਆ ਪਰ ਜਿਉਂ-ਜਿਉਂ ਜ਼ਾਲਮ ਸਰਕਾਰ ਜ਼ੁਲਮ ਕਰਦੀ ਤਿਉਂ-ਤਿਉਂ ਸਿੱਖ ਸ਼ਕਤੀਸ਼ਾਲੀ ਹੁੰਦੇ ਗਏ। ਮੁਗ਼ਲ ਸਰਕਾਰ ਪੂਰਾ-ਪੂਰਾ ਤਾਣ ਲਾ ਕੇ ਵੀ ਸਿੱਖਾਂ ਦੇ ਵਧਦੇ ਤੇਜ ਪ੍ਰਤਾਪ ਨੂੰ ਠੱਲ੍ਹ ਨਾ ਪਾ ਸਕੀ। ਮੁਗ਼ਲਾਂ ਦੇ ਲੋਹੜੇ ਮਾਰੇ ਜ਼ੁਲਮਾਂ ਤੇ ਤਸੀਹਿਆਂ ਅਤੇ ਘੱਲੂਘਾਰਿਆਂ ਤੇ ਕਤਲਾਮਾਂ ਦੇ ਬਾਵਜੂਦ ਸਿੱਖ ਸਰੂ ਵਾਂਗੂੰ ਸਿਰ ਕੱਢ ਡਟੇ ਰਹੇ ਤੇ ਵਧਦੇ ਹੀ ਗਏ। ਮੁਗ਼ਲਾਂ ਦੇ ਮਹਾਨ ਰਾਜ ਦੇ ਮਹਿਲ-ਮਾੜੀਆਂ ਨੂੰ ਢਹਿ ਢੇਰੀ ਕਰ ਕੇ ਖ਼ਾਲਸਾਈ ਰਾਜ ਦੇ ਨਿਸ਼ਾਨ ਝੁਲਾਏ। ਇਹ ਮਹਾਨ ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਭਰਪੂਰ ਕਾਂਡ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹੀਦੀ ਦਾ ਫਲਸਰੂਪ ਸੀ।

ਜਬ ਤੇ ਘਟੀ ਪਾਤਸ਼ਾਹੀ ਦਿੱਲੀ।
ਤਬ ਤੇ ਤੁਰਕ ਕਲਾ ਭਈ ਢਿੱਲੀ। *(ਪ੍ਰਾਚੀਨ ਪੰਥ ਪ੍ਰਕਾਸ਼)*

## ਇਕ ਅਦੁੱਤੀ ਕਾਰਨਾਮਾ

ਸੰਸਾਰ ਦੇ ਇਤਿਹਾਸ ਵਿਚ ਅਜਿਹੀਆਂ ਮਿਸਾਲਾਂ ਤਾਂ ਮਿਲਦੀਆਂ ਹਨ ਕਿ ਮਹਾਪੁਰਸ਼ਾਂ ਨੇ ਆਪਣੇ ਧਰਮ ਦੀ ਖ਼ਾਤਰ ਬਲੀਦਾਨ ਦਿੱਤਾ ਹੈ ਪਰ ਅਜਿਹੀ ਮਿਸਾਲ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੀ ਹੈ, ਜਿਨ੍ਹਾਂ ਨੇ ਦੂਜੇ ਧਰਮ ਦੀ ਰੱਖਿਆ ਨੂੰ ਆਪਣਾ ਰੱਬੀ ਧਰਮ ਸਮਝ ਕੇ ਆਪਣੇ ਅਤੇ ਆਪਣੇ ਪਿਆਰਿਆਂ ਦੇ ਸਰੀਰਾਂ ਦੀ ਸ਼ਹੀਦੀ ਦਿੱਤੀ ਹੋਵੇ। ਆਪ ਜਨੇਊ ਤੇ ਤਿਲਕ ਦੇ ਧਾਰਨੀ ਨਹੀਂ ਸਨ ਪਰ ਇਨਸਾਨੀਅਤ ਦੇ ਨਾਤੇ ਧਾਰਮਿਕ ਸੁਤੰਤਰਤਾ ਕਾਇਮ ਰੱਖਣ ਖ਼ਾਤਰ ਆਪ ਅੱਗੇ ਵਧੇ। ਇਸ ਤਰ੍ਹਾਂ ਆਪ ਨੇ ਮਨੁੱਖੀ ਅਧਿਕਾਰਾਂ ਦਾ ਸਤਿਕਾਰ ਕਰਦੇ ਹੋਏ ਨਵੇਂ ਨਰੋਏ ਪੂਰਨੇ ਪਾਏ। ਦਸਮੇਸ਼ ਪਿਤਾ ਜੀ ਬਚਿਤ੍ਰ ਨਾਟਕ ਵਿਚ ਇਉਂ ਲਿਖਦੇ ਹਨ:

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਆ ਪਰ ਸੀ ਨ ਉਚਰੀ॥੧੩॥**
**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥**
**ਨਾਟਕ ਚੇਟਕ ਕੀਏ ਕੁਕਾਜਾ॥**
**ਪ੍ਰਭ ਲੋਗਨ ਕਹ ਆਵਤ ਲਾਜਾ॥੧੪॥** *(ਅਧਿ: ੫)*

ਇਹ ਸਾਫ਼ ਸਪੱਸ਼ਟ ਹੈ ਕਿ ਨੌਵੇਂ ਨਾਨਕ ਜੀ ਨੇ ਹਿੰਦੂ ਧਰਮ ਦੀ ਰੱਖਿਆ ਕੀਤੀ, ਨਹੀਂ ਤਾਂ ਅੱਜ ਸਾਰੀ ਹਿੰਦੂ ਕੌਮ ਮੱਕੇ ਦੇ ਹੱਜ ਨੂੰ ਤੁਰੀ ਹੁੰਦੀ। ਤਦੇ ਤਾਂ ਸਾਈਂ ਬੁੱਲ੍ਹੇ ਸ਼ਾਹ ਨੇ ਆਖਿਆ, "ਨਾ ਕਹੂੰ ਜਬ ਕੀ, ਨ ਕਹੂੰ ਤਬ ਕੀ, ਬਾਤ ਕਹੂੰ ਅਬ ਕੀ। ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ।"

ਇਸ ਅਦੁੱਤੀ ਸ਼ਹਾਦਤ ਨੇ ਅਜਿਹਾ ਰੰਗ ਦਿਖਾਇਆ ਕਿ ਸਾਰੇ ਭਾਰਤ ਵਿਚ ਹੀ ਹਿੰਦੂ

ਜਾਤੀ ਵੀ ਮੁਗ਼ਲ ਸਰਕਾਰ ਦੀ ਵਿਰੋਧੀ ਬਣ ਗਈ। ਰਾਜਪੂਤ, ਮਰਹੱਟੇ, ਸਤਿਨਾਮੀ ਤੇ ਜਾਟਾਂ ਨੇ ਵੀ ਵਿਦਰੋਹ ਕੀਤੇ। ਇਹ ਲੋਕ ਔਰੰਗਜ਼ੇਬ ਨੂੰ ਦੇਖਣਾ ਤਕ ਨਹੀਂ ਸਨ ਚਾਹੁੰਦੇ। ਉਸ ਦੇ ਜਿਉਂਦੇ ਹੀ ਮਹਾਨ, ਮਜ਼ਬੂਤ ਮੁਗ਼ਲ ਸਾਮਰਾਜ ਖੁਰ-ਖੁਰ ਕੇ ਖ਼ਤਮ ਹੋ ਗਿਆ। ਭਾਰਤ ਨੂੰ ਇਕ ਸਦੀਵੀ ਇਸਲਾਮੀ ਦੇਸ਼ ਬਣਾਉਣ ਦੇ ਔਰੰਗਜ਼ੇਬੀ ਫੁਰਨੇ-ਸੁਪਨੇ ਉਸ ਦੇ ਨਾਲ ਹੀ ਮਰ ਗਏ।

## ਸ਼ਹੀਦੀ ਪਰੰਪਰਾ

ਧਰਮ ਦੀ ਰੱਖਿਆ ਲਈ ਸ਼ਹੀਦੀ ਦੀ ਪਰੰਪਰਾ ਪੱਕੀ ਹੋ ਗਈ। 1606 ਈ. ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਰਮ ਦੀ ਖ਼ਾਤਰ ਸ਼ਹੀਦੀ ਦਿੱਤੀ। ਉਨੱਹਤਰ ਸਾਲ ਪਿੱਛੋਂ 1675 ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤੇ ਉਹਨਾਂ ਦੇ ਸਿੱਖਾਂ ਨੇ ਵੀ ਧਰਮ ਦੀ ਖ਼ਾਤਰ ਆਪ ਕਾਤਲ ਕੋਲ ਪੁੱਜ ਕੇ ਸ਼ਹੀਦੀ ਦੇ ਦਿੱਤੀ। ਸਿੱਖੀ ਅੰਦਰ ਧਰਮ ਖ਼ਾਤਰ ਮਰ ਮਿਟ ਜਾਣ ਤੇ ਜਾਨਾਂ ਤੱਕ ਕੁਰਬਾਨ ਕਰਨ ਦੀ ਪਵਿੱਤਰ ਪਰੰਪਰਾ ਸਥਿਰਤਾ ਪੂਰਬਕ ਸਥਾਪਤ ਹੋ ਗਈ। ਆਪ ਜੀ ਦੀ ਅਜਿਹੀ ਪਰੰਪਰਾ ਨੂੰ ਦਸਮੇਸ਼ ਜੀ ਨੇ ਜਾਰੀ ਰੱਖਿਆ। ਅਨੇਕਾਂ ਸੂਰਮੇ ਸਿੰਘ ਤੇ ਚਾਰ ਸਾਹਿਬਜ਼ਾਦੇ ਆਪ ਦੇ ਸਾਹਮਣੇ ਹੀ ਸ਼ਹੀਦ ਹੋਏ। ਸਿੱਖੀ ਦਾ ਇਹ ਸ਼ਹੀਦੀ ਬੂਟਾ ਸਿਦਕ, ਕੁਰਬਾਨੀ, ਕਮਾਈ, ਸਾਹਸ, ਵੇਗ, ਜੋਸ਼, ਜਜ਼ਬੇ ਸਦਕਾ ਦਸਮੇਸ਼ ਜੀ ਤੋਂ ਉਪਰੰਤ ਅਠਾਰ੍ਹਵੀਂ ਸਦੀ ਵਿਚ ਘਰ-ਬਾਰ ਛੱਡ ਕੇ ਜੰਗਲਾਂ, ਝੱਲਾਂ, ਮੰਡਾਂ, ਥਲਾਂ ਤੇ ਪਹਾੜਾਂ ਵਿਚ ਪਲਦਾ ਰਿਹਾ। ਜਰਵਾਣੇ ਮੰਡਾਂ ਦੇ ਚੱਪੇ-ਚੱਪੇ 'ਤੇ ਹੱਲੇ ਬੋਲਦੇ ਰਹੇ, ਸਿੰਘਾਂ ਨੂੰ ਲੱਭ-ਲੱਭ ਕੇ ਕਤਲ ਕਰਦੇ ਰਹੇ। ਪਰ ਵਾਰੇ ਜਾਈਏ ਸਿਦਕੀ ਸੂਰਮਿਆਂ ਦੇ, ਜਿਹੜੇ ਨਾ ਨਿਵੇ, ਨਾ ਝੁਕੇ, ਨਾ ਡੰਵੇ, ਨਾ ਡਰੇ, ਨਾ ਹਾਰੇ, ਸਗੋਂ ਵਧ-ਵਧ ਕੇ ਤੇਗਾਂ ਮਾਰਦੇ ਰਹੇ। ਜਿਉਂ-ਜਿਉਂ ਜ਼ੁਲਮ ਸਿਤਮ ਦੇ ਪਹਾੜ ਟੁੱਟਦੇ ਰਹੇ, ਤਿਉਂ ਤਿਉ ਸਿਦਕ ਦਾ ਆਪਾ ਵਾਰੂ ਜਜ਼ਬਾ ਵਿਕਸਿਤ ਹੁੰਦਾ ਗਿਆ।

(12/1988)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫ਼ਲਸਫ਼ਾ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਫ਼ਲਸਫ਼ੇ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਫ਼ਲਸਫ਼ੇ ਅਰਥਾਤ ਦਰਸ਼ਨ (Philosophy) ਬਾਰੇ ਵਿਚਾਰ ਕਰਨੀ ਅਨੁਚਿਤ ਨਹੀਂ ਹੋਵੇਗੀ। ਫ਼ਲਸਫ਼ਾ ਸੱਚ ਦਾ ਵਿਚਾਰ ਕਰਦਾ ਹੈ। ਵਾਲਟੇਅਰ, ਜੋ ਭਾਰਤੀ ਫ਼ਲਸਫ਼ੇ ਦਾ ਪਾਠਕ ਵੀ ਸੀ, ਫ਼ਲਸਫ਼ੇ ਬਾਰੇ ਆਪਣੇ ਵਿਚਾਰ ਇਉਂ ਪ੍ਰਗਟਾਉਂਦਾ ਹੈ:

> "The discovery of what is true and the practices of what is good are the most important objects of philosophy."

ਇਸ ਤਰ੍ਹਾਂ ਵਾਲਟੇਅਰ ਅਨੁਸਾਰ ਫ਼ਲਸਫ਼ੇ ਦਾ ਮੰਤਵ ਕੇਵਲ ਸੱਚ ਦੀ ਭਾਲ ਨਹੀਂ, ਸਗੋਂ ਭਲਾਈ 'ਚ ਜੀਵਨ ਅਤੇ ਭਲੇ ਜੀਵਨ ਦੀ ਜਾਚ ਹੈ। ਥਾਮਸਨ ਦਾ ਕਥਨ ਹੈ:

> "Philosophy consists not in the airy schemes of idle speculation, the rule of conduct of all social life is her great province."

ਇਸ ਤਰ੍ਹਾਂ ਫ਼ਲਸਫ਼ਾ ਸਾਡੇ ਸਮਾਜਿਕ ਜੀਵਨ ਦੀ ਸਮੁੱਚੀ ਰਹਿਨੁਮਾਈ ਕਰਦਾ ਹੈ ਅਤੇ ਜੀਵਨ ਦਾ ਸਹੀ ਰਸਤਾ ਦੱਸਦਾ ਹੈ। ਫ਼ਲਸਫ਼ਾ ਹਵਾਈ ਕਿਲ੍ਹੇ ਉਸਾਰਨ ਦਾ ਨਾਂ ਨਹੀਂ, ਸਗੋਂ ਸੱਚ ਦਾ ਨਾਂ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਤੇ ਬਾਣੀ ਦਾ ਅਧਿਐਨ ਕਰੀਏ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਤੋਖਲਿਆਂ ਤੇ ਸਹਿਮ ਦੇ ਇਸ ਵਾਤਾਵਰਨ ਵਿਚ ਅਤੇ ਮਾਨਸਿਕ ਬੇਚੈਨੀ ਤੋਂ ਛੁਟਕਾਰਾ ਪਾਉਣ ਦੀ ਪ੍ਰਬਲ ਤਾਂਘ ਦੇ ਪ੍ਰਸੰਗ ਵਿਚ ਬਾਣੀ ਅਜੋਕੇ ਮਨੁੱਖ ਦੀ ਉਤਸ਼ਾਹ ਤੇ ਪ੍ਰੇਰਨਾ ਦਾ ਅਮੁੱਕ ਸੋਮਾ ਸਿੱਧ ਹੁੰਦੀ ਹੈ। ਬਾਣੀ, ਦਾਰਸ਼ਨਿਕ ਭਾਵਨਾ ਅਤੇ ਅਧਿਆਤਮਿਕ ਸੰਦੇਸ਼ ਮਨੁੱਖਤਾ ਨੂੰ ਅਜਿਹੀ ਬੌਧਿਕ ਅਗਵਾਈ ਤੇ ਰਹੱਸਮਈ ਸੋਝੀ ਦਿੰਦੇ ਹਨ, ਜਿਸ ਦੀ ਉਸ ਨੂੰ ਤੀਬਰ ਲੋਚਾ ਹੈ। ਮਨੁੱਖ ਨੂੰ ਉਸ ਦੇ ਰੋਜ਼ਾਨਾ ਜੀਵਨ ਦੇ ਸੰਕਟਾਂ ਪਿੱਛੇ ਕਿਸੇ ਰੂਹਾਨੀ ਢਾਰਸ ਦੀ ਦਿੱਖ ਪੈਂਦੀ ਹੈ ਅਤੇ ਉਸ ਦੀ ਭਰੋਸੇ ਹੀਣਤਾ ਦੀ ਸਥਿਤੀ "ਸਭੁ ਕਿਛੁ ਹੋਤ ਉਪਾਇ" ਦੇ ਭਰੋਸੇ ਨਾਲ ਸੰਪੰਨ ਹੋ ਜਾਂਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਜਗਤ ਰਚਨਾ, ਜਗਤ ਪ੍ਰੀਤ ਆਦਰਸ਼ਕ ਮਨੁੱਖ, ਹਰਿ ਦੀ ਪ੍ਰਾਪਤੀ, ਜੀਵਨ-ਸ਼ਕਤੀ ਨਿਰਭੈ ਪਦ ਆਦਿ ਬਾਰੇ ਦੱਸੇ ਵਿਚਾਰਾਂ ਦਾ ਦਾਰਸ਼ਨਿਕ ਮੁਲੰਕਣ ਕਰਾਂਗੇ :

## ਜਗ ਰਚਨਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇਸ ਜਗਤ ਨੂੰ ਅਨਾਦੀ ਨਹੀਂ ਮੰਨਦੇ, ਇਹ ਰਚਨਹਾਰ

ਦੀ ਰਚਨਾ ਹੈ "ਸਾਧੋ ਰਚਨਾ ਰਾਮ ਬਨਾਈ" ਇਹ ਰਚਨਾ ਸਦੀਵੀਂ ਨਹੀਂ, ਕਿਉਂਕਿ "ਜੋ ਦੀਸੈ ਸੋ ਸਗਲ ਬਿਨਾਸੈ" ਦੇ ਮਹਾਂਵਾਕ ਅਨੁਸਾਰ ਜਗ ਰਚਨਾ ਕਾਲ ਦੇ ਅਧੀਨ ਹੈ, ਇਸ ਕਰਕੇ ਝੂਠੀ ਹੈ—"ਜਗ ਰਚਨਾ ਸਭ ਝੂਠ ਹੈ" ਜਗਤ (ਮਿਥਿਆ ਹੈ ਤੇ ਇਸ ਨੂੰ ਸੁਪਨੇ ਮਾਤਰ ਤੋਂ ਵਧੀਕ ਮੰਨਣਾ ਅਨੁਚਿਤ ਹੈ। ਜੇਕਰ ਇਹ ਜਗਤ ਮ੍ਰਿਗ ਤ੍ਰਿਸ਼ਨਾ ਜਿਉਂ ਝੂਠ ਹੈ, ਤਾਂ ਇਸ ਦੇ ਮਨੁੱਖੀ ਸੰਬੰਧ ਵੀ ਕੱਚੇ ਤੇ ਝੂਠੇ ਹੋਣਗੇ। ਗੁਰੂ ਜੀ ਦਾ ਕਥਨ ਹੈ:

**ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥** *(ਪੰਨਾ ੫੩੬)*

ਗੁਰੂ ਜੀ ਸਪੱਸ਼ਟ ਕਹਿੰਦੇ ਹਨ: "ਇਹ ਜਗਿ ਮੀਤੁ ਨ ਦੇਖਿਓ ਕੋਈ" ਕਿਉਂਕਿ ਜਦੋਂ ਆਤਮਾ ਰੂਪੀ ਹੰਸ ਕਾਇਆ ਤਿਆਗ ਦਿੰਦਾ ਹੈ ਤਾਂ ਘਰ ਦੀ ਨਾਰ ਜੋ ਬੜੇ ਹਿੱਤ ਨਾਲ ਹਰ ਸਮੇਂ ਅੰਗ-ਸੰਗ ਰਹਿੰਦੀ ਸੀ, ਹੁਣ "ਪ੍ਰੇਤ ਪ੍ਰੇਤ ਕਰਿ ਭਾਗੀ" ਹੈ।

## ਹਰਿ ਦੀ ਪ੍ਰਾਪਤੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਕਥਨ ਹੈ, "ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ" ਗੁਰੂ ਦੇ ਚਿੰਤਨ ਅਨੁਸਾਰ ਹਰੀ ਭਾਵ ਅਕਾਲ ਪੁਰਖ ਮਨੁੱਖੀ ਹਿਰਦੇ ਦੀਆਂ ਡੂੰਘਾਣਾਂ ਵਿਚ, ਫੁੱਲ ਵਿਚ ਸੁਗੰਧੀ ਵਾਂਗ ਵੱਸਦਾ ਹੈ ਅਤੇ ਬ੍ਰਹਿਮੰਡ ਦੀ ਵਿਸ਼ਾਲਤਾ ਵਿਚ ਵੀ ਵਿਆਪਕ ਹੈ। ਪਰ ਇਸ 'ਰਹੱਸ' ਦੀ ਸੋਝੀ ਨਾਮ ਮਾਰਗ 'ਤੇ ਚੱਲ ਕੇ ਮਿਲਦੀ ਹੈ। ਗੁਰਬਾਣੀ ਦੇ ਈਸ਼ਵਰਵਾਦੀ ਸਿਧਾਂਤ ਅਨੁਸਾਰ ਹਰੀ ਵਿਆਪਕ ਵੀ ਹੈ ਤੇ ਅਗੋਚਰ ਵੀ। ਗੁਰੂ ਜੀ ਦੀਆਂ ਹੇਠ ਲਿਖੀਆਂ ਪੰਕਤੀਆਂ ਇਸੇ ਮਤ ਦੀਆਂ ਲਖਾਇਕ ਹਨ:

— **ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥** *(ਪੰਨਾ ੬੮੪)*

— **ਸਦਾ ਅਨੰਦੁ ਤਹ ਨਹੀ ਬਿਓਗੁ॥ ਤੈਸਾ ਸੁਵਰਨੁ ਤੈਸੀ ਉਸੁ ਮਾਟੀ॥**
**ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥ ਤੈਸਾ ਮਾਨੁ ਤੈਸਾ ਅਭਿਮਾਨੁ॥**
**ਤੈਸਾ ਰੰਕੁ ਤੈਸਾ ਰਾਜਾਨੁ॥ ਜੋ ਵਰਤਾਏ ਸਾਈ ਜੁਗਤਿ॥**
**ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥** *(ਪੰਨਾ ੨੭੫)*

## ਆਦਰਸ਼ਕ ਮਨੁੱਖ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 'ਆਦਰਸ਼ਕ ਮਨੁੱਖ' ਨੂੰ ਸਾਧੂ ਮੰਨਦੇ ਹਨ। ਸਾਧੂ ਕੌਣ ਹੈ ? ਗੁਰੂ ਜੀ ਅਨੁਸਾਰ ਜੋ "ਸੁਖ ਦੁਖ ਦੋਨੋ ਸਮ ਕਰਿ ਜਾਨੈ" ਦੇ ਸਿਧਾਂਤ ਨੂੰ ਆਪਣੇ ਜੀਵਨ ਵਿਚ ਢਾਲ ਲੈਂਦਾ ਹੈ, ਉਹ ਸਾਧੂ ਹੈ। ਇਸ ਅਵਸਥਾ ਦੀ ਵਿਆਖਿਆ ਗੁਰੂ ਜੀ ਨੇ "ਸੋਰਠਿ ਰਾਗ" ਵਿਚ ਨਿਮਨਾਨੁਸਾਰ ਕੀਤੀ ਹੈ:

— **ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥** *(ਪੰਨਾ ੬੩੩)*

— **ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥** *(ਪੰਨਾ ੬੩੩)*

ਅਰਥਾਤ ਜਿਸ ਵਿਅਕਤੀ ਨੂੰ ਸੰਸਾਰਕ ਜੀਵਨ ਦੇ ਉਤਰਾਅ-ਚੜ੍ਹਾਅ ਡੁਲਾ ਨਹੀਂ ਸਕਦੇ, ਜਿਸ ਨੂੰ ਨਾ ਮਾਨ, ਨਾ ਅਪਮਾਨ, ਨਾ ਹਰਖ, ਨਾ ਸੋਗ ਪ੍ਰਭਾਵਿਤ ਕਰ ਸਕਦੇ ਹਨ। ਅਜੋਕੇ ਖਿੱਚੋਤਾਣ, ਦਵੰਦ-ਗ੍ਰਸਤ ਮਨੁੱਖੀ ਸਮਾਜ ਨੂੰ ਗੁਰੂ ਜੀ ਦੀ ਬਾਣੀ ਸੰਤੁਲਤ ਜੀਵਨ ਦੀ ਸੇਧ ਦਿੰਦੀ ਹੈ।

## ਨਿਰਲੇਪਤਾ ਤੇ ਨਿਡਰਤਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ ਮੂਲ ਫ਼ਲਸਫ਼ੇ ਸਬੰਧੀ ਤੱਤਾਂ ਵਿਚ ਨਿਰਲੇਪਤਾ ਤੇ ਨਿਡਰਤਾ ਦੋ ਅਜਿਹੇ ਤੱਤ ਹਨ, ਜਿਹੜੇ ਉਤਮ ਜੀਵਨ ਦੇ ਸਦਗੁਣ ਹਨ। ਜਦੋਂ ਗੁਰੂ ਜੀ "ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ" ਦਾ ਉਲੇਖ ਕਰਦੇ ਹਨ, ਤਾਂ ਉਹ ਜੀਵਨ-ਮੁਕਤੀ ਦੀ ਅਵਸਥਾ ਦਾ ਹਵਾਲਾ ਦੇ ਰਹੇ ਹਨ, ਨਾ ਕਿ ਉਪਰਾਮਤਾ ਜਾਂ ਉਦਾਸੀਨਤਾ ਦਾ। ਗੁਰੂ ਜੀ ਅਨੁਸਾਰ ਹਰੀ ਦੀ ਗਤਿ ਦਾ ਫਿਰ ਵੀ ਪੂਰਨ ਗਿਆਨ ਅਸੰਭਵ ਹੈ। ਗੁਰਵਾਕ ਹੈ:

**ਹਰਿ ਕੀ ਗਤਿ ਨਹਿ ਕੋਊ ਜਾਨੈ॥**
**ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥** *(ਪੰਨਾ ੫੩੭)*

ਗੁਰੂ ਜੀ ਦਾ ਕਥਨ ਹੈ ਕਿ ਹਰੀ (ਸਰਬ ਨਿਵਾਸੀ) ਹੁੰਦਾ ਹੋਇਆ ਵੀ ਸਦਾ ਅਲੇਪ ਹੈ।

## ਜੀਵਨ ਮੁਕਤੀ

ਅਧਿਆਤਮਿਕ ਪ੍ਰਾਪਤੀ ਮਨੁੱਖੀ ਜੀਵਨ ਦਾ ਅੰਤਮ ਉਦੇਸ਼ ਹੈ। ਇਸ ਲਈ ਜੀਵਨ ਦੀ ਸਾਰਥਕਤਾ ਇਸ ਦੀ ਪ੍ਰਾਪਤੀ ਨੂੰ ਸੰਭਵ ਬਣਾਉਣ ਵਾਲੇ ਕਰਮਾਂ ਵਿਚ ਹੋ ਸਕਦੀ ਹੈ। ਮਨੁੱਖ ਦਾ ਕਾਰਜ ਸਹੀ ਕਦਰਾਂ-ਕੀਮਤਾਂ ਦੀ ਚੋਣ ਹੈ, ਜਿਸ ਨਾਲ ਉਹ ਆਪਣੇ ਆਪ ਤੋਂ ਇਲਾਵਾ ਸਮਾਜਿਕ ਬੰਧਨਾਂ ਨੂੰ ਵਧੇਰੇ ਸੁਖਾਵਾਂ, ਉਪਯੋਗੀ ਤੇ ਸਹਿਜਪੂਰਣ ਬਣਾ ਸਕੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਅਨੁਸਾਰ ਮੁਕਤ ਵਿਅਕਤੀ ਦਾ ਪ੍ਰਮੁੱਖ ਲੱਛਣ "ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ" ਦੇ ਮਹਾਂਵਾਕ ਵਿਚ ਅੰਕਤ ਹੈ। ਜਿਸ ਵਿਅਕਤੀ ਨੇ ਮਾਨ ਤੇ ਮੋਹ ਦੋਹਾਂ ਦਾ ਤਿਆਗ ਕਰ ਦਿੱਤਾ ਹੈ ਅਤੇ ਭਗਤੀ ਰਾਹੀਂ ਸੰਸਾਰ ਮਿਟਾ ਲਿਆ ਹੈ, ਉਹ ਵਿਅਕਤੀ ਮਨੁੱਖ ਹੋਣ ਦੀਆਂ ਸੀਮਾਵਾਂ ਵਿਚ ਰਹਿੰਦਾ ਹੋਇਆ ਵੀ ਮੁਕਤ ਹੈ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਫ਼ਲਸਫ਼ੇ ਅਨੁਸਾਰ ਇਹ ਜੀਵਨ-ਜਾਚ ਆਪਣੇ ਆਪ ਤੋਂ ਉਪਰ ਉਠ ਕੇ ਜ਼ਿੰਦਗੀ ਜੀਊਣ ਦੀ ਜਾਚ ਹੈ। ਜੋ ਵਸਤਾਂ ਮਨੁੱਖ ਨੂੰ ਲੋਭ ਲਈ ਉਕਸਾਂਦੀਆਂ ਹਨ, ਉਨ੍ਹਾਂ ਵਸਤਾਂ ਦੀ ਕਾਮਨਾ ਤੇ ਆਸ ਦਾ ਤਿਆਗ ਜੀਵਨ-ਮੁਕਤ ਅਵਸਥਾ ਲਈ ਜ਼ਰੂਰੀ ਸ਼ਰਤਾਂ ਹਨ। ਭਾਵ ਅਜਿਹਾ ਕਰਮ ਕਠਿਨ ਹੈ ਪਰ ਅਸੰਭਵ ਨਹੀਂ।

(4/2014)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਹੁਪੱਖੀ ਦੇਣ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸਮੁੱਚਾ ਜੀਵਨ ਹੀ ਦੇਸ਼, ਕੌਮ ਤੇ ਮਨੁੱਖਤਾ ਦੇ ਵੱਡੇ ਹਿੱਤਾਂ ਜਾਂ ਕਲਿਆਣ ਹਿੱਤ ਕੀਤੀਆਂ ਅਣਗਿਣਤ ਤੇ ਅਦੁੱਤੀ ਕੁਰਬਾਨੀਆਂ ਨਾਲ ਭਰਪੂਰ ਹੈ। ਆਪ ਜੀ ਆਪਣੇ ਯੁੱਗ ਦੀ ਇਕ ਸਰਬਸਾਂਝੀ ਤੇ ਅਦੁੱਤੀ ਸ਼ਖ਼ਸੀਅਤ ਸਨ। ਕਸ਼ਮੀਰ ਦੇ ਕੱਟੜ ਹਠ-ਧਰਮੀ ਤਤਕਾਲੀ ਮੁਗ਼ਲ ਰਾਜ ਦੇ ਸਤਾਏ ਤੇ ਖ਼ੌਫ਼ਜ਼ਦਾ ਬ੍ਰਾਹਮਣਾਂ ਦੇ ਵਫ਼ਦ ਦਾ ਆਖ਼ਰੀ ਸਮੇਂ ਸਿਰਫ਼ ਤੇ ਸਿਰਫ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਸ ਪੁਕਾਰ ਲੈ ਕੇ ਆਉਣਾ ਤੇ ਉਨ੍ਹਾਂ ਨੂੰ ਆਪਣਾ ਦੁੱਖ ਦੱਸਣਾ ਗੁਰੂ ਸਾਹਿਬ ਦੀ ਵਿਲੱਖਣ ਸਰਬਸਾਂਝੀ ਸ਼ਖ਼ਸੀਅਤ ਦਾ ਪ੍ਰਤੱਖ ਪ੍ਰਮਾਣ ਹੈ। ਕਿਸੇ ਦੂਸਰੇ ਧਰਮ ਦੇ ਦੁਖੀ ਲੋਕਾਂ ਦੇ ਵਾਸਤੇ ਸੀਸ ਦੇ ਦੇਣਾ ਤੇ ਜ਼ਿੰਦਗੀ ਵਾਰ ਦੇਣਾ ਇਹ ਸੰਸਾਰ ਭਰ ਦੇ ਇਤਿਹਾਸ ਵਿਚ ਸਿਰਫ਼ ਤੇ ਸਿਰਫ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹੀ ਹਿੱਸੇ ਆਇਆ ਹੈ। ਬਾਲ ਸ੍ਰੀ ਗੋਬਿੰਦ ਰਾਇ ਜੀ ਦਾ ਗੁਰੂ ਪਿਤਾ ਨੂੰ ਖ਼ੁਦ, ਬ੍ਰਾਹਮਣਾਂ ਦੇ ਦਰਦ 'ਚ ਪਸੀਜ ਕੇ ਬਾਲ-ਆਯੂ 'ਚ ਸਮੇਂ ਦੇ ਬਾਦਸ਼ਾਹ ਨੂੰ ਸਮਝਾਉਣ ਵਾਸਤੇ ਭਾਵ ਕਿ ਜ਼ਿੰਦਗੀ ਕੁਰਬਾਨ ਕਰ ਦੇਣ ਵਾਸਤੇ ਦਿੱਲੀ ਨੂੰ ਤੋਰਨਾ ਵੀ ਦੁਨੀਆ ਭਰ 'ਚ ਬੇਮਿਸਾਲ ਤੇ ਹਰ ਸੰਵੇਦਨਸ਼ੀਲ ਹਿਰਦੇ ਵਿਚ ਹੈਰਾਨੀ ਤੇ ਵਿਸਮਾਦ ਉਪਜਾਉਣ ਵਾਲਾ ਕਾਰਨਾਮਾ ਹੈ। ਵਕਤ ਦਾ ਕੱਟੜ ਹਠ-ਧਰਮੀ ਬਾਦਸ਼ਾਹ ਆਪਣੀ ਪਰਜਾ ਵਿਰੋਧੀ ਕੁਨੀਤੀ ਤੋਂ ਮੋੜਿਆ ਨਾ ਜਾ ਸਕਿਆ। ਬਾਦਸ਼ਾਹ ਔਰੰਗਜ਼ੇਬ ਦੇ ਆਦੇਸ਼-ਨਿਰਦੇਸ਼ 'ਤੇ ਗੁਰੂ ਜੀ ਦੇ ਨਾਲ ਗਏ ਨਾਮਵਰ ਤੇ ਸੂਝਵਾਨ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਤਸੀਹੇ ਦਿੰਦਿਆਂ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਸ਼ਹੀਦ ਕੀਤਾ। ਇਸ ਪਿੱਛੇ ਮੁੱਖ ਤੌਰ 'ਤੇ ਹਕੂਮਤ ਦੀ ਇਹ ਸੋਚ ਕੰਮ ਕਰ ਰਹੀ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਖ਼ੌਫ਼ਜ਼ਦਾ ਕਰ ਕੇ ਉਨ੍ਹਾਂ ਦੇ ਦੁਖੀ ਲੋਕਾਂ ਦੇ ਨਾਲ ਖੜ੍ਹਨ ਦੇ ਦ੍ਰਿੜ੍ਹ ਇਰਾਦੇ ਤੋਂ ਥਿੜਕਾਇਆ ਜਾਵੇ ਜਿਸ ਵਿਚ ਹਕੂਮਤ ਦੀ ਨਾਸਮਝੀ ਤੇ ਸਿੱਖੀ ਸਿਧਾਂਤਾਂ ਤੋਂ ਅਗਿਆਨਤਾ ਸਾਫ ਝਲਕਦੀ ਹੈ। ਇਸ ਪ੍ਰਕਾਰ ਗੁਰੂ ਜੀ ਨੇ ਹਿੰਦੁਸਤਾਨ ਦੀ ਪੀੜਿਤ ਲੋਕਾਈ ਅੰਦਰ ਆਪਣੇ ਤਿੰਨ ਚੋਣਵੇਂ ਸਿੱਖਾਂ ਦੀ ਤੇ ਆਪਣੀ ਸ਼ਹਾਦਤ ਦੇ ਕੇ ਇਕ ਤਰ੍ਹਾਂ ਨਾਲ ਜਿੱਥੇ ਪੀੜਿਤ ਧਿਰ ਪ੍ਰਤੀ ਆਪਣੀ ਵਚਨਬਧਤਾ ਦਰਸਾਈ, ਉਥੇ ਉਸ ਪੀੜਿਤ ਧਿਰ ਨੂੰ ਇਕ ਹੱਦ ਤਕ ਮਾਨਸਿਕ ਤੇ ਆਤਮਿਕ ਪੱਧਰ 'ਤੇ ਧਰਵਾਸ ਤੇ ਤਸੱਲੀ ਵੀ ਦਿੱਤੀ। ਇਨ੍ਹਾਂ ਸ਼ਹੀਦੀਆਂ ਨਾਲ ਸਿੱਖੀ ਲਹਿਰ 'ਚ ਅਥਾਹ ਜ਼ੋਰ ਆਇਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ 'ਚ ਸਿੱਖ ਕੌਮ ਜ਼ੋਰ ਪਕੜਨ ਲੱਗੀ। ਦਸਵੇਂ ਗੁਰੂ ਜੀ ਨੇ 'ਬਚਿਤ੍ਰ ਨਾਟਕ' 'ਚ ਪਿਤਾ ਗੁਰੂ ਜੀ ਦੀ ਸ਼ਹਾਦਤ ਸੰਬੰਧੀ ਬਾਕਮਾਲ ਕਥਨ ਦਰਜ ਕੀਤੇ ਹਨ। ਇਕ ਕਥਨ ਲੋਕਾਈ 'ਚ ਇਸ ਸ਼ਹਾਦਤ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ:

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥** (ਅਧਿ: ੫)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪ੍ਰਕਾਸ਼ 1621 ਈ: ਨੂੰ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਗ੍ਰਿਹ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਇਸ ਅਸਥਾਨ ਨੂੰ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਕਰਕੇ ਜਾਣਿਆ ਜਾਂਦਾ ਹੈ ਜੋ ਕਿ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਨੇੜੇ ਹੀ ਹੈ। ਗੁਰੂ ਜੀ ਦਾ ਪਹਿਲਾ ਨਾਮ ਤਿਆਗ ਮੱਲ ਸੀ। ਇਹ ਉਹ ਸਮਾਂ ਸੀ ਜਦੋਂ ਸਮੇਂ ਦੀ ਹਕੂਮਤ ਸਿੱਖ ਕੌਮ ਨੂੰ ਦਬਾ ਰਹੀ ਸੀ। ਇਸ ਸੰਬੰਧੀ ਜ਼ਾਲਮ ਹਕੂਮਤ ਵਿਰੁੱਧ ਹੋਈ ਲੜਾਈ 'ਚ ਹਿੱਸਾ ਲੈਂਦਿਆਂ ਸ੍ਰੀ ਤਿਆਗ ਮੱਲ ਜੀ ਨੇ ਤੇਗ ਦੇ ਐਸੇ ਜੌਹਰ ਵਿਖਾਏ ਕਿ ਗੁਰੂ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੇਖ ਕੇ ਗਦ-ਗਦ ਹੋ ਉਠੇ ਤੇ ਵਿਸਮਾਦ 'ਚ ਉਨ੍ਹਾਂ ਆਪਣੇ ਪੁੱਤਰ ਦਾ ਨਾਮ 'ਤਿਆਗ ਮੱਲ' ਤੋਂ 'ਤੇਗ ਬਹਾਦਰ' ਕਰ ਦਿੱਤਾ।

ਸ੍ਰੀ (ਗੁਰੂ) ਤੇਗ ਬਹਾਦਰ ਜੀ ਦਾ ਵਿਆਹ (ਮਹਾਨ ਕੋਸ਼ ਅਨੁਸਾਰ) 1632 ਈ: ਨੂੰ ਸ੍ਰੀ ਲਾਲ ਚੰਦ ਜੀ ਦੀ ਸਪੁੱਤਰੀ ਸ੍ਰੀ ਗੁਜਰੀ ਜੀ ਨਾਲ ਕਰਤਾਰਪੁਰ (ਜਲੰਧਰ) ਵਿਖੇ ਹੋਇਆ। ਆਪ ਨੇ 20 ਮਾਰਚ, 1665 ਈ. ਨੂੰ ਗੁਰਿਆਈ ਪ੍ਰਾਪਤ ਕਰ ਕੇ ਅਨੰਤ ਜੀਵਾਂ ਨੂੰ ਸੁਮਾਰਗ ਪਾਇਆ। ਪ੍ਰਚਾਰ ਲਈ ਮਾਲਵਾ ਪੁਆਧ, ਬਾਂਗਰ, ਪੂਰਵ, ਬਿਹਾਰ, ਬੰਗਾਲ ਵਿਚ ਵਿਚਰ ਕੇ ਸੱਚਾ ਧਰਮ ਦ੍ਰਿੜ੍ਹਾਇਆ। ਆਪ ਦੀ ਬਾਣੀ ਪ੍ਰੇਮ ਤੇ ਵੈਰਾਗਮਈ ਹੈ। ਸਤਲੁਜ ਦੇ ਕਿਨਾਰੇ ਪਹਾੜੀ ਰਾਜਿਆਂ ਤੋਂ ਜ਼ਮੀਨ ਖ਼ਰੀਦ ਕੇ ਅਨੰਦਪੁਰ ਨਗਰ ਵਸਾਇਆ, ਜੋ ਖਾਲਸੇ ਦੀ ਵਾਸੀ ਹੈ।

ਭਾਰਤ ਦਾ ਜ਼ੁਲਮ ਦੂਰ ਕਰਨ ਅਰ ਧਰਮ ਦਾ ਬੀਜ ਰੱਖਣ ਲਈ ਆਪ ਨੇ 1675 ਈ. ਨੂੰ ਸ਼ਹੀਦੀ ਪ੍ਰਾਪਤ ਕੀਤੀ। ਦਸਮੇਸ਼ ਪਿਤਾ ਜੀ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ:

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥** *(ਅਧਿ: ੫)*

ਨੌਵੇਂ ਸਤਿਗੁਰੂ ਜੀ ਦੇ ਸ਼ਹੀਦੀ ਅਸਥਾਨ ਦਾ ਨਾਮ 'ਸੀਸ ਗੰਜ' ਹੈ ਜੋ ਦਿੱਲੀ ਦੇ ਚਾਂਦਨੀ ਚੌਂਕ ਵਿਚ ਵਿਦਯਮਾਨ ਹੈ ਅਤੇ ਦੇਹ ਦੇ ਸਸਕਾਰ ਦੀ ਥਾਂ ਦਾ ਨਾਮ 'ਰਕਾਬ ਗੰਜ' ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਿੱਥੇ ਆਪਣੇ ਗੁਰਿਆਈ-ਕਾਲ ਦੌਰਾਨ ਪਹਿਲਾਂ ਉਪਲਬਧ ਪਾਵਨ ਗੁਰਬਾਣੀ ਦਾ ਸਿੱਖ ਸੰਗਤਾਂ ਤੇ ਸਮੁੱਚੇ ਦੇਸ਼ ਦੀ ਲੋਕਾਈ 'ਚ ਵੱਧ ਤੋਂ ਵੱਧ ਪਾਸਾਰ ਕੀਤਾ, ਉਥੇ ਆਪ ਨੇ ਆਪਣੇ ਮੁਖਾਰਬਿੰਦ ਤੋਂ ਪਾਵਨ ਬਾਣੀ ਉਚਾਰ ਕੇ ਗੁਰਬਾਣੀ ਦੇ ਅਗੰਮੀ ਖ਼ਜ਼ਾਨੇ ਨੂੰ ਮਾਲਾ-ਮਾਲ ਕੀਤਾ। ਆਪ ਦੀ ਪਾਵਨ ਬਾਣੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਆਪਣੀ ਨਿਗਰਾਨੀ ਹੇਠ ਦਰਜ ਕਰਵਾਇਆ। ਇਹ ਬਾਣੀ ਵੱਖ-ਵੱਖ ਰਾਗਾਂ 'ਚ ਅੰਕਿਤ ਕੀਤੇ ਗਏ ਸ਼ਬਦਾਂ ਦੇ ਰੂਪ 'ਚ ਹੈ। ਇਸ ਦੇ ਇਲਾਵਾ ਗੁਰੂ ਜੀ ਨੇ ਕੁਝ ਬਾਣੀ ਸਲੋਕਾਂ ਦੇ ਰੂਪ 'ਚ ਉਚਾਰਨ ਕੀਤੀ ਜੋ ਨੌਵੇਂ ਮਹੱਲੇ ਦੇ ਸਲੋਕਾਂ ਦੇ ਰੂਪ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਮੁਕਤ ਬਾਣੀ ਦੇ ਅੰਤਲੇ ਹਿੱਸੇ 'ਚ ਦਰਜ ਹੈ। ਰਾਗਬੱਧ ਬਾਣੀ 'ਚ ਆਪ ਨੇ ਇਕ ਹੋਰ ਰਾਗ ਜੈਜਾਵੰਤੀ ਰਾਗ ਉਪਯੋਗ 'ਚ ਲਿਆਂਦਾ। ਜੈਜਾਵੰਤੀ ਰਾਗ ਨੂੰ ਵਿਸ਼ੇਸ਼ ਤੌਰ 'ਤੇ ਤੇਜੱਸਵੀ ਰਾਗ ਸਵੀਕਾਰਿਆ ਗਿਆ ਹੈ ਜਿਸ ਨੂੰ ਨਿਮਨ ਪਾਵਨ ਤੁਕਾਂ 'ਚੋਂ ਪ੍ਰਤੀਬਿੰਬਤ ਹੁੰਦਾ ਵੇਖਿਆ ਮਹਿਸੂਸਿਆ ਜਾ ਸਕਦਾ ਹੈ :

**ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥**
**ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥** *(ਪੰਨਾ ੧੩੫੨)*

ਇਸ ਸਮੁੱਚੀ ਬਾਣੀ ਵਿਚ ਵੈਰਾਗ ਦਾ ਤੱਤ ਬੜਾ ਭਰਪੂਰ ਹੈ ਜੋ ਕਿ ਸ਼ੁੱਧ ਰੂਹਾਨੀ ਪ੍ਰਕਿਰਤੀ

ਵਾਲਾ ਹੈ। ਇਹ ਸੰਸਾਰ ਨਾਲੋਂ ਤੋੜ-ਵਿਛੋੜਾ ਨਹੀਂ ਕਰਾਉਂਦਾ ਅਤੇ ਸਾਨੂੰ ਆਪਣੇ ਜ਼ਿੰਮੇ ਲੱਗਦੇ ਫ਼ਰਜ਼ਾਂ ਦੀ ਪੂਰਤੀ ਤੋਂ ਮੂੰਹ ਨਹੀਂ ਭਵਾਉਣ ਦਿੰਦਾ ਸਗੋਂ ਇਹ ਵੈਰਾਗ ਇਨ੍ਹਾਂ ਫ਼ਰਜ਼ਾਂ ਦੀ ਸ਼ਾਨਦਾਰ ਪੂਰਤੀ ਕਰਨ ਲਈ ਪ੍ਰੇਰਨਾ ਦਿੰਦਾ ਹੈ। ਇਹ ਸਾਡਾ ਜੀਵਨ-ਮਾਰਗ ਰੁਸ਼ਨਾਉਂਦਾ ਹੈ ਕਿ ਦੁੱਖ ਅਤੇ ਸੁਖ ਦੋਨੋਂ ਇਨਸਾਨੀ ਜੀਵਨ ਦਾ ਅਨਿੱਖੜ ਹਿੱਸਾ ਹਨ। ਅਸੀਂ ਸੁਖ-ਸੁਵਿਧਾਵਾਂ ਦੇ ਬਹੁਤ ਜ਼ਿਆਦਾ ਇੱਛਾਵਾਨ ਨਹੀਂ ਬਣਨਾ। ਦੁੱਖ ਦੀ ਸਥਿਤੀ 'ਚ ਅਡੋਲ ਰਹਿਣ ਦੀ ਜ਼ਰੂਰਤ ਹੈ। ਦਰਅਸਲ ਮਨੁੱਖ ਨੂੰ ਸੱਚੇ ਗਿਆਨ ਦੀ ਸੋਧ 'ਚ ਮਨ ਨੂੰ ਡੋਲਣ ਤੋਂ ਬਚਾਉਣ ਦੀ ਲੋੜ ਹੈ। ਝੂਠੀ ਪ੍ਰਸੰਸਾ ਜਾਂ ਖੁਸ਼ਾਮਦ ਅਤੇ ਨਿੰਦਿਆ-ਚੁਗਲੀ ਜਿਹੇ ਨਾਂਹ-ਵਾਚਕ ਵਰਤਾਰੇ ਤੋਂ ਬਚਣ ਦੀ ਜ਼ਰੂਰਤ ਹੈ, ਜਿਵੇਂ:

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**
**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥**
**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥**
**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥** *(ਪੰਨਾ ੨੧੯)*

ਗੁਰੂ ਜੀ ਸਾਨੂੰ ਨਿੱਜ ਪਰਵਾਰਿਕ ਮੋਹ ਤੋਂ ਉਪਰ ਉਠਣ ਦੀ ਵੀ ਜ਼ੋਰਦਾਰ ਪ੍ਰੇਰਨਾ ਦਿੰਦੇ ਹਨ ਕਿਉਂਕਿ ਸਮਾਜ, ਦੇਸ਼, ਕੌਮ ਤੇ ਮਨੁੱਖਤਾ ਦੇ ਭਲੇ ਵਾਸਤੇ ਇਸ ਮੋਹ ਤੋਂ ਉਚੇਰੇ ਹੋ ਕੇ ਹੀ ਕੁਝ ਕੀਤਾ ਜਾ ਸਕਦਾ ਹੈ:

**ਜਗਤ ਮੈ ਝੂਠੀ ਦੇਖੀ ਪ੍ਰੀਤਿ ॥**
**ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥** *(ਪੰਨਾ ੫੩੬)*

**ਹਰਿ ਬਿਨੁ ਤੇਰੋ ਕੋ ਨ ਸਹਾਈ ॥**
**ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ ॥** *(ਪੰਨਾ ੧੨੩੧)*

ਗੁਰੂ ਜੀ ਦੇ ਵੈਰਾਗ ਦਰਸ਼ਨ ਵਿਚ ਜਵਾਨੀ ਦੀ ਅਵਸਥਾ ਨੂੰ ਸੰਭਾਲਣ ਵਾਸਤੇ ਜ਼ੋਰਦਾਰ ਪ੍ਰੇਰਨਾ ਵਿਦਮਾਨ ਹੈ ਕਿਉਂਕਿ ਆਮ ਕਰਕੇ ਬੁਢਾਪਾ ਆਪਣੀਆਂ ਬੇਵਸੀਆਂ ਤੇ ਲਾਚਾਰੀਆਂ ਕਾਰਨ ਇਸ ਰਾਹ 'ਚ ਰੁਕਾਵਟ ਬਣ ਸਕਦਾ ਹੈ:

**ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥**
**ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥**
**ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥**
**ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥੪॥** *(ਪੰਨਾ ੧੪੨੬)*

ਗੁਰੂ ਜੀ ਦੀ ਬਾਣੀ ਸਮੂਹ ਮਨੁੱਖਤਾ ਲਈ ਬਹੁਤ ਕਲਿਆਣਕਾਰੀ ਹੈ ਕਿਉਂਕਿ ਇਹ ਸਾਨੂੰ ਮੋਹ ਤੇ ਲਾਲਸਾਵਾਂ ਤੋਂ ਉੱਪਰ ਉੱਠਣ ਲਈ ਬਹੁਤ ਜ਼ੋਰਦਾਰ ਰੂਪ 'ਚ ਪ੍ਰੇਰਿਤ ਕਰਦੀ ਹੈ। ਸਾਨੂੰ ਬਾਣੀ ਦੀ ਮੂਲ ਪ੍ਰੇਰਨਾ ਨੂੰ ਖਾਸ ਤੌਰ 'ਤੇ ਸਮਝਣਾ ਤੇ ਅਪਨਾਉਣਾ ਹੋਵੇਗਾ ਤਾਂ ਜੋ ਅਸੀਂ ਵਰਤਮਾਨ ਮਾਇਆਵਾਦੀ ਯੁੱਗ 'ਚ ਮਾਇਆ ਦੀ ਦੌੜ ਤੋਂ ਬਚ ਕੇ ਸਾਰਥਕ ਜੀਵਨ ਗੁਜ਼ਾਰਨ ਦਾ ਉਦਮ ਕਰ ਸਕੀਏ।

(4/2016)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸੰਬੰਧਿਤ ਪ੍ਰਮੁੱਖ ਇਤਿਹਾਸਕ ਅਸਥਾਨ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਸ੍ਰੀ ਅੰਮ੍ਰਿਤਸਰ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ। ਜਿਸ ਅਸਥਾਨ 'ਤੇ ਗੁਰੂ ਸਾਹਿਬ ਦਾ ਪ੍ਰਕਾਸ਼ ਹੋਇਆ, ਉਹ ਅਸਥਾਨ ਅੱਜ 'ਗੁਰਦੁਆਰਾ ਗੁਰੂ ਕੇ ਮਹਿਲ' ਨਾਂ ਨਾਲ ਪ੍ਰਸਿੱਧ ਹੈ। ਆਪ ਜੀ ਨੇ ਆਪਣੇ ਜੀਵਨ-ਕਾਲ ਦੌਰਾਨ ਬਹੁਤ ਸਾਰੀ ਬਾਣੀ ਦੀ ਰਚਨਾ ਵੀ ਕੀਤੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਆਪ ਜੀ ਦੇ ਗੁਰੂ-ਕਾਲ ਦੌਰਾਨ ਮੁਗ਼ਲ ਹੁਕਮਰਾਨਾਂ ਵੱਲੋਂ ਹਿੰਦੂ ਜਨਤਾ ਨੂੰ ਬਹੁਤ ਹੀ ਪ੍ਰੇਸ਼ਾਨ ਕੀਤਾ ਜਾਂਦਾ ਸੀ। ਇਸੇ ਪ੍ਰੇਸ਼ਾਨੀ ਤੋਂ ਦੁਖੀ ਹੋਏ ਕਸ਼ਮੀਰੀ ਪੰਡਿਤਾਂ ਵੱਲੋਂ ਆਪ ਜੀ ਦੀ ਸ਼ਰਨ ਵਿਚ ਆਉਣ 'ਤੇ ਆਪ ਜੀ ਨੇ ਆਪਣੇ ਚੋਣਵੇਂ ਸਿੱਖਾਂ ਸਮੇਤ 11 ਨਵੰਬਰ, 1675 ਈ. ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਹਾਦਤ ਪ੍ਰਾਪਤ ਕੀਤੀ। ਆਪ ਆਪਣੇ ਗੁਰੂ-ਕਾਲ ਦੌਰਾਨ ਮਾਲਵਾ, ਦੁਆਬਾ, ਬੰਗਾਲ, ਬਿਹਾਰ, ਪਟਨਾ, ਅਸਾਮ, ਕਲਕੱਤਾ, ਬੰਗਲਾ ਦੇਸ਼ ਆਦਿ ਬਹੁਤ ਥਾਵਾਂ 'ਤੇ ਪ੍ਰਚਾਰ ਯਾਤਰਾਵਾਂ ਲਈ ਗਏ। ਆਪ ਜਿੱਥੇ-ਜਿੱਥੇ ਵੀ ਗਏ, ਉਥੇ-ਉਥੇ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ। ਆਓ ! ਉਨ੍ਹਾਂ ਪ੍ਰਮੁੱਖ ਇਤਿਹਾਸਕ ਅਸਥਾਨਾਂ, ਗੁਰਦੁਆਰਾ ਸਾਹਿਬਾਨ ਬਾਰੇ ਜਾਣਕਾਰੀ ਪ੍ਰਾਪਤ ਕਰੀਏ :

1. **ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ :** ਗੁਰਦੁਆਰਾ ਗੁਰੂ ਕੇ ਘਰ ਮਹਿਲ, ਸ੍ਰੀ ਅੰਮ੍ਰਿਤਸਰ ਵਿਖੇ ਉਸ ਅਸਥਾਨ 'ਤੇ ਸੁਸ਼ੋਭਿਤ ਹੈ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਹੋਇਆ। ਸ੍ਰੀ ਅੰਮ੍ਰਿਤਸਰ ਵਿਖੇ ਆਪਣੇ ਪੜਾਅ ਦੌਰਾਨ ਗੁਰੂ ਸਾਹਿਬਾਨ ਆਪਣੀ ਰਿਹਾਇਸ਼ ਇੱਥੇ ਹੀ ਰੱਖਿਆ ਕਰਦੇ ਸਨ। ਗੁਰਦੁਆਰਾ ਗੁਰੂ ਕਾ ਮਹਿਲ ਚੌਂਕ ਪਾਸੀਆਂ ਵਿਚ ਹੈ, ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਜ਼ਦੀਕ 'ਗੁਰੂ ਬਜ਼ਾਰ' ਵਿੱਚੋਂ ਲੰਘ ਕੇ ਜਾਣਾ ਪੈਂਦਾ ਹੈ।

2. **ਗੁਰਦੁਆਰਾ ਥੜ੍ਹਾ ਸਾਹਿਬ, ਸ੍ਰੀ ਅੰਮ੍ਰਿਤਸਰ:** ਗੁਰਦੁਆਰਾ ਥੜ੍ਹਾ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਜ਼ਦੀਕ ਸੁਭਾਇਮਾਨ ਹੈ। ਜਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਗੱਦੀ 'ਤੇ ਬੈਠਣ ਉਪਰੰਤ ਬਾਬਾ ਬਕਾਲਾ ਤੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮੱਥਾ ਟੇਕਣ ਆਏ ਤਾਂ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਮਹੰਤਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਸਨ ਤਾਂ ਗੁਰੂ ਸਾਹਿਬ ਇਸ ਅਸਥਾਨ 'ਤੇ ਬੈਠ ਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਹਰੋਂ ਹੀ ਨਤਮਸਤਕ ਹੋਣ ਉਪਰੰਤ ਪਿੰਡ ਵੱਲਾ ਵਿਖੇ ਚਲੇ ਗਏ। ਜਦਕਿ ਇਸ ਦੇ ਹੇਠਾਂ ਭੋਰੇ ਦੇ ਵਿਚ ਗੁਰੂ ਸਾਹਿਬ ਦੀ ਪਾਵਨ

ਛੋਹ ਪ੍ਰਾਪਤ ਇਤਿਹਾਸਕ ਥੜ੍ਹਾ ਅਤੇ ਉਹ ਬੇਰੀ ਦੇ ਦਰੱਖਤ ਦਾ ਤਣਾ ਅੱਜ ਵੀ ਮੌਜੂਦ ਹੈ।

3. **ਗੁਰਦੁਆਰਾ ਦਮਦਮਾ ਸਾਹਿਬ, ਸ੍ਰੀ ਅੰਮ੍ਰਿਤਸਰ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਨੂੰ ਬਾਹਰੋਂ ਹੀ ਨਤਮਸਤਕ ਹੋਣ ਉਪਰੰਤ ਪਿੰਡ ਵੱਲਾ ਵੱਲ ਗਏ ਤਾਂ ਰਸਤੇ ਵਿਚ ਜਿਸ ਅਸਥਾਨ 'ਤੇ ਕੁਝ ਸਮਾਂ ਅਰਾਮ ਕਰਨ ਲਈ ਬੈਠੇ ਸਨ, ਉਥੇ ਅੱਜਕਲ੍ਹ ਗੁਰਦੁਆਰਾ ਦਮਦਮਾ ਸਾਹਿਬ ਸਥਿਤ ਹੈ। ਇੱਥੇ ਹੀ ਮਹੰਤਾਂ ਵੱਲੋਂ ਕੀਤੀ ਭੁੱਲ ਦੀ ਗੁਰੂ ਜੀ ਪਾਸੋਂ ਮੁਆਫੀ ਮੰਗਣ ਲਈ 'ਮਾਈ ਹਰੀਆ' ਦੀ ਅਗਵਾਈ ਵਿਚ ਆਈਆਂ ਬੀਬੀਆਂ ਲਈ ਗੁਰੂ ਸਾਹਿਬ ਨੇ "ਮਾਈਆਂ ਰੱਬ ਰਜਾਈਆਂ" ਬਚਨ ਉਚਾਰੇ ਸਨ।

4. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਪਿੰਡ ਵੱਲਾ:** ਵੱਲਾ ਪਿੰਡ ਦੇ ਬਾਹਰਵਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਆਮਦ ਦੀ ਯਾਦਗਾਰ ਵਜੋਂ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਇਹ ਉਹ ਅਸਥਾਨ ਹੈ ਜਿੱਥੇ ਗੁਰੂ ਸਾਹਿਬ ਪਿੰਡ ਵੱਲਾ ਵਿਖੇ ਪਹੁੰਚਣ ਉਪਰੰਤ ਸਭ ਤੋਂ ਪਹਿਲਾਂ ਪਿੱਪਲ ਦੇ ਦਰੱਖਤ ਹੇਠ ਬਿਰਾਜੇ ਸਨ।

5. **ਗੁਰਦੁਆਰਾ ਕੋਠਾ ਸਾਹਿਬ ਪਿੰਡ ਵੱਲਾ:** ਇਹ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਨੂੰ ਦਰਸਾਉਂਦਾ ਹੈ। ਪਿੰਡ ਵੱਲਾ ਦੀ ਬੀਬੀ 'ਮਾਈ ਹਰੀਆ' ਦੀ ਪ੍ਰੇਮਮਈ ਬੇਨਤੀ ਉਪਰੰਤ ਗੁਰੂ ਸਾਹਿਬ ਉਸ ਦੇ ਘਰ ਪਧਾਰੇ ਸਨ।

6. **ਗੁਰਦੁਆਰਾ ਡੇਰਾ ਸਾਹਿਬ ਪਾਤਸ਼ਾਹੀ ਨੌਵੀਂ, ਸਠਿਆਲਾ:** ਸ੍ਰੀ ਅੰਮ੍ਰਿਤਸਰ ਜ਼ਿਲੇ ਵਿਚ ਬਟਾਲਾ-ਜਲੰਧਰ ਸੜਕ 'ਤੇ ਸਥਿਤ ਪਿੰਡ ਸਠਿਆਲਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਡੇਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਬਾਬਾ ਬਕਾਲਾ ਤੋਂ ਆ ਕੇ ਇੱਥੇ ਇਕ ਪਿੱਪਲ ਦੇ ਦਰੱਖਤ ਹੇਠ ਬਿਰਾਜੇ ਸਨ।

7. **ਗੁਰਦੁਆਰਾ ਸਾਹਿਬ ਗੁਰੂ ਕਾ ਬਾਗ, ਘੁੱਕੇਵਾਲੀ:** ਗੁਰਦੁਆਰਾ ਗੁਰੂ ਕਾ ਬਾਗ ਘੁੱਕੇਵਾਲੀ, ਸ੍ਰੀ ਅੰਮ੍ਰਿਤਸਰ ਤੋਂ ਵਾਇਆ ਅਜਨਾਲਾ, ਡੇਰਾ ਬਾਬਾ ਨਾਨਕ ਜਾਂਦੇ ਸਮੇਂ ਸੜਕ ਉਤੇ ਪੈਂਦੇ ਘੁੱਕੇਵਾਲੀ ਵਿਖੇ ਸੁਸ਼ੋਭਿਤ ਹੈ। 'ਮਹਾਨ ਕੋਸ਼' ਅਨੁਸਾਰ ਪਿੰਡ ਸਹਿੰਸਰੇ ਦੀ ਸੰਗਤ ਦੀ ਬੇਨਤੀ ਉਪਰੰਤ ਗੁਰੂ ਸਾਹਿਬ ਇੱਥੇ ਆਏ ਸਨ। ਗੁਰਦੁਆਰਾ ਸਾਹਿਬ ਦੇ ਨਾਮ ਬਹੁਤ ਸਾਰੀ ਜ਼ਮੀਨ ਹੈ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਾਗ ਲਗਵਾਇਆ ਸੀ। ਬਾਗ ਲਗਵਾਉਣ ਤੋਂ ਪਹਿਲਾਂ ਇਹ ਅਸਥਾਨ 'ਗੁਰੂ ਕੀ ਰੌੜ' ਕਰਕੇ ਪ੍ਰਸਿੱਧ ਸੀ। ਇਹ ਉਹੀ ਇਤਿਹਾਸਕ ਬਾਗ ਹੈ, ਜਿੱਥੋਂ ਲੱਕੜਾਂ ਕੱਟਣ ਦੇ ਸਵਾਲ 'ਤੇ ਪੰਥ-ਦੋਖੀਆਂ ਵੱਲੋਂ ਖੜ੍ਹੇ ਕੀਤੇ ਗਏ ਝਗੜੇ ਉਪਰੰਤ ਪੰਥ ਨੂੰ ਗੁਰੂ ਕੇ ਬਾਗ ਦਾ ਮੋਰਚਾ ਲਾਉਣਾ ਪਿਆ। ਗੁਰਦੁਆਰਾ ਸਾਹਿਬ ਦੇ ਨਾਲ ਸਰੋਵਰ ਵੀ ਹੈ ਜਿਸ ਦੇ ਨਜ਼ਦੀਕ ਗੁਰੂ ਕੇ ਬਾਗ ਦੇ ਮੋਰਚੇ ਦੇ ਸ਼ਹੀਦਾਂ ਦੀ ਯਾਦਗਾਰ ਉਸਾਰੀ ਗਈ ਹੈ। ਇਸ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

8. **ਗੁਰਦੁਆਰਾ ਬਾਉਲੀ ਸਾਹਿਬ ਘੁੱਕੇਵਾਲੀ:** ਗੁਰਦੁਆਰਾ ਬਾਉਲੀ ਸਾਹਿਬ ਪਿੰਡ ਘੁੱਕੇਵਾਲੀ

ਦੀ ਉਸਾਰੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਦੀਵੀ ਯਾਦ ਵਿਚ ਕੀਤੀ ਗਈ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੰਗਤਾਂ ਦੀ ਸਹੂਲਤ ਲਈ ਇੱਥੇ ਇਕ ਬਾਉਲੀ ਦਾ ਨਿਰਮਾਣ ਕਰਵਾਇਆ ਸੀ, ਜੋ ਅੱਜ ਵੀ ਮੌਜੂਦ ਹੈ।

9. **ਗੁਰਦੁਆਰਾ ਗੁਰੂਸਰ ਸਾਹਿਬ, ਖੇਮਕਰਨ:** ਪੰਜਾਬ ਦੇ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦਾ ਇਕ ਛੋਟਾ ਜਿਹਾ ਪਿੰਡ ਖੇਮਕਰਨ ਹੈ, ਜੋ ਭਾਰਤ-ਪਾਕਿਸਤਾਨ ਸਰਹੱਦ ਦੇ ਕੋਲ ਸਥਿਤ ਹੈ। ਮਹਾਨ ਕੋਸ਼ ਅਨੁਸਾਰ ਇਸ ਪਿੰਡ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਗੁਰੂਸਰ ਸਾਹਿਬ ਸੁਭਾਇਮਾਨ ਹੈ।

10. **ਗੁਰਦੁਆਰਾ ਭੋਰਾ ਸਾਹਿਬ, ਬਾਬਾ ਬਕਾਲਾ:** ਬਾਬਾ ਬਕਾਲਾ ਨਗਰ ਦਾ ਨਾਂ ਬਾਬਾ ਬਕਾਲਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਦੇਣ ਸੰਬੰਧੀ ਉਚਾਰੇ ਸ਼ਬਦ ਬਾਬਾ ਬਕਾਲਾ ਤੋਂ ਬਾਅਦ ਪਿਆ। ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦਗਾਰ ਗੁਰਦੁਆਰਾ ਭੋਰਾ ਸਾਹਿਬ ਉਸ ਥਾਂ 'ਤੇ ਸੁਸ਼ੋਭਿਤ ਹੈ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 'ਭੋਰੇ' ਵਿਚ ਬੈਠ ਕੇ ਅਕਾਲ ਪੁਰਖ ਦੀ ਬੰਦਗੀ ਕਰਿਆ ਕਰਦੇ ਸਨ। ਇੱਥੇ ਹੀ ਸਭ ਤੋਂ ਪਹਿਲਾਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਛੱਤ 'ਤੇ ਚੜ੍ਹ ਕੇ ਉੱਚੀ-ਉੱਚੀ 'ਗੁਰੂ ਲਾਧੋ ਰੇ' 'ਗੁਰੂ ਲਾਧੋ ਰੇ' ਦਾ ਹੋਕਾ ਦਿੱਤਾ ਸੀ।

11. **ਗੁਰਦੁਆਰਾ ਦਰਬਾਰ ਸਾਹਿਬ, ਬਾਬਾ ਬਕਾਲਾ:** ਗੁਰਦੁਆਰਾ ਦਰਬਾਰ ਸਾਹਿਬ, ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰਗੱਦੀ ਦੇਣ ਦੀ ਰਸਮ ਨਿਭਾਈ ਗਈ ਸੀ।

12. **ਗੁਰਦੁਆਰਾ ਮੰਜੀ ਸਾਹਿਬ, ਬਾਬਾ ਬਕਾਲਾ:** ਗੁਰਦੁਆਰਾ ਮੰਜੀ ਸਾਹਿਬ, ਬਾਬਾ ਬਕਾਲਾ ਵਿਖੇ ਗੁਰਦੁਆਰਾ 'ਭੋਰਾ ਸਾਹਿਬ' ਦੇ ਨਜ਼ਦੀਕ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਹੈ।

13. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਨੰਦਪੁਰ ਕਲੌੜ:** ਇਤਿਹਾਸਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਵੱਲ ਜਾਣ ਸਮੇਂ ਇੱਥੇ ਠਹਿਰੇ ਸਨ। ਅਸਲ ਵਿਚ ਨੰਦਪੁਰ ਤੇ ਕਲੌੜ ਦੇ ਵੱਖ-ਵੱਖ ਪਿੰਡ ਹਨ ਜੋ ਕਿ ਕਾਫੀ ਪੁਰਾਣੇ ਤੇ ਵੱਡੇ-ਵੱਡੇ ਪਿੰਡ ਹਨ ਪਰ ਆਮ ਤੌਰ 'ਤੇ ਇਨ੍ਹਾਂ ਨੂੰ ਨੰਦਪੁਰ ਕਲੌੜ ਦੇ ਸਾਂਝੇ ਨਾਂ ਨਾਲ ਬੁਲਾਇਆ ਜਾਂਦਾ ਹੈ। ਦੋਵੇਂ ਪਿੰਡ ਇਕ ਦੂਜੇ ਦੇ ਨੇੜੇ-ਤੇੜੇ ਹਨ ਤੇ ਖਰੜ ਤੋਂ ਬੱਸੀ ਜਾਣ ਵਾਲੀ ਸੜਕ ਹੀ ਇਨ੍ਹਾਂ ਪਿੰਡਾਂ ਨੂੰ ਵੰਡਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਨੰਦਪੁਰ ਦੇ ਨਾਲ ਪਿੰਡ ਕਲੌੜ ਵਿਖੇ ਵੀ ਆਪਣੇ ਮੁਬਾਰਕ ਚਰਨ ਪਾਏ ਸਨ। ਗੁਰੂ ਜੀ ਇਸ ਪਿੰਡ ਵਿਚ ਕਾਫੀ ਦੇਰ ਰਹੇ ਅਤੇ ਪ੍ਰਚਾਰ ਫੇਰੀ ਲਈ ਇੱਥੋਂ ਹੀ ਆਸ-ਪਾਸ ਦੇ ਪਿੰਡਾਂ ਵਿਚ ਆਉਂਦੇ-ਜਾਂਦੇ ਰਹੇ।

14. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਰੇਲੋਂ ਮਾਜਰਾ, ਜ਼ਿਲ੍ਹਾ ਫਤਹਿਗੜ੍ਹ ਸਾਹਿਬ:** ਗੁਰੂ ਸਾਹਿਬ ਅਸਾਮ ਵੱਲ ਜਾਂਦੇ ਹੋਏ ਪਿੰਡ ਨੰਦਪੁਰ ਤੋਂ ਚੱਲ ਕੇ ਇੱਥੇ ਬਿਰਾਜੇ ਸਨ। ਇੱਥੇ ਆਪ ਜੀ ਇਕ ਬਾਉਲੀ ਦੇ ਨਜ਼ਦੀਕ ਬੋਹੜ ਦੇ ਦਰੱਖਤ ਥੱਲੇ ਬਿਰਾਜੇ ਸਨ।

15. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਸੈਂਪਲੀ:** ਸਰਹਿੰਦ-ਚੰਡੀਗੜ੍ਹ ਸੜਕ 'ਤੇ ਕੋਈ 2 ਕਿਲੋਮੀਟਰ ਦੀ ਦੂਰੀ 'ਤੇ ਚੂਨੀ ਪਿੰਡ ਵੱਲ ਗੁਰਦੁਆਰਾ ਸੈਂਪਲੀ ਸਾਹਿਬ ਹੈ। ਇਤਿਹਾਸਕ

ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਪਿੰਡ ਬੇਹੋੜ ਪਮੌਰ ਤੋਂ ਹੁੰਦੇ ਹੋਏ ਸੈਂਪਲੀ ਪਹੁੰਚੇ ਸਨ। ਇੱਥੇ ਹੀ ਗੁਰੂ ਜੀ ਨੇ ਜੰਗਲ ਵਿਚ ਰਹਿ ਕੇ ਤਪੱਸਿਆ ਕਰ ਰਹੇ ਸੈਂਪਲ ਸ਼ਾਹ ਨਾਂ ਦੇ ਫ਼ਕੀਰ ਨਾਲ ਵਿਚਾਰ ਚਰਚਾ ਕਰਦਿਆਂ ਉਸ ਨੂੰ ਸੱਚ ਦਾ ਰਾਹ ਦਿਖਾਇਆ ਸੀ। ਮੋਰਿੰਡਾ ਸੜਕ 'ਤੇ ਸਥਿਤ ਗੁਰਦੁਆਰਾ ਸੈਂਪਲੀ ਸਾਹਿਬ ਇਸ ਸਮੇਂ ਕੇਵਲ ਪੰਜਾਬ ਵਿਚ ਹੀ ਨਹੀਂ ਬਲਕਿ ਬਾਹਰ ਦੂਰ-ਦੂਰ ਤਕ ਪ੍ਰਸਿੱਧ ਹੈ।

16. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਭਗੜਾਨਾ:** ਇਤਿਹਾਸਕ ਸ੍ਰੋਤਾਂ ਵਿਚ ਇਹ ਗੁਰਦੁਆਰਾ ਸਾਹਿਬ ਪਿੰਡ ਦਾਦੂ ਮਾਜਰਾ ਵਿਚ ਲਿਖਿਆ ਮਿਲਦਾ ਹੈ, ਪਰ ਅੱਜਕਲ੍ਹ ਇਹ ਗੁਰਦੁਆਰਾ ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਬਲਾਕ ਰੱਖਖੇੜ ਦੇ ਪਿੰਡ ਭਗੜਾਨਾ ਦੀ ਹੱਦ ਅੰਦਰ ਆਉਂਦਾ ਹੈ। ਸ੍ਰੋਤਾਂ ਅਨੁਸਾਰ ਜਦੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਰਮ ਦੀ ਰੱਖਿਆ ਲਈ ਸ਼ਹੀਦੀ ਦੇਣ ਲਈ ਦਿੱਲੀ ਜਾ ਰਹੇ ਸਨ ਤਾਂ ਉਨ੍ਹਾਂ ਨੇ ਭਗੜਾਨੇ ਪਿੰਡ ਵਿਚ ਪੜਾਅ ਕੀਤਾ। ਇੱਥੇ ਭਾਈ ਦਿਆਲਾ ਜੀ ਅਤੇ ਭਾਈ ਅਮਰੂ ਜੀ ਨੇ ਪਿੰਡ ਦੇ ਹੋਰ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ।

17. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਮੁਕਾਰੋਂਪੁਰ:** ਜ਼ਿਲਾ ਫਤਹਿਗੜ੍ਹ ਸਾਹਿਬ ਦੀ ਤਹਿਸੀਲ ਬੱਸੀ ਪਠਾਣਾਂ ਦਾ ਇਕ ਪਿੰਡ ਮੁਕਾਰੋਂਪੁਰ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਸੱਤ ਦਿਨ ਠਹਿਰੇ ਸਨ।

18. **ਗੁਰਦੁਆਰਾ ਸ੍ਰੀ ਨੌਂ ਲੱਖਾ ਸਾਹਿਬ, ਪਿੰਡ ਨੌਂ ਲੱਖਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਆਪਣੀ ਮਾਲਵੇ ਦੀ ਪ੍ਰਚਾਰ ਯਾਤਰਾ ਦੌਰਾਨ ਉਗਾਣੀ ਤੋਂ ਚੱਲ ਕੇ ਇੱਥੇ ਆਏ ਸਨ। ਇੱਥੇ ਹੀ ਭਾਈ ਲੱਖੀ ਸ਼ਾਹ ਵਣਜਾਰਾ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਸਨ।

19. **ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ:** ਪੁਰਾਤਨ ਸਮੇਂ ਵਿਚ ਇੱਥੇ ਲਹਿਲ ਨਾਂ ਦਾ ਪਿੰਡ ਅਬਾਦ ਸੀ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਪਿੰਡ ਲਹਿਲ ਦੇ ਵਸਨੀਕ ਇਕ ਪ੍ਰੇਮੀ ਸਿੱਖ ਭਾਗ ਮੱਲ ਦੀ ਪ੍ਰੇਮ ਭਰੀ ਬੇਨਤੀ 'ਤੇ ਬਹਾਦਰਗੜ੍ਹ ਤੋਂ ਚੱਲ ਕੇ ਇੱਥੇ ਬਿਰਾਜੇ ਸਨ। ਅੱਜ ਵੀ ਇੱਥੇ ਗੁਰੂ ਸਾਹਿਬ ਜੀ ਦੇ ਦਰਬਾਰ ਦੀ ਮੋਹਰ ਵਾਲਾ ਇਕ ਹੁਕਮਨਾਮਾ ਸੁਸ਼ੋਭਿਤ ਹੈ।

20. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਮੋਤੀ ਬਾਗ, ਪਟਿਆਲਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੂਖ ਨਿਵਾਰਨ ਸਾਹਿਬ ਤੋਂ ਚੱਲ ਕੇ ਇੱਥੇ ਬਿਰਾਜੇ ਸਨ।

21. **ਗੁਰਦੁਆਰਾ ਖਿੱਚੜੀ ਸਾਹਿਬ, ਬਲਬੇੜਾ:** ਜ਼ਿਲ੍ਹਾ ਪਟਿਆਲਾ ਦੇ ਪਿੰਡ ਬਲਬੇੜਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਖਿੱਚੜੀ ਸਾਹਿਬ ਸੁਭਾਇਮਾਨ ਹੈ। ਇਸ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਵੀ ਪ੍ਰਾਪਤ ਹੈ।

22. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਉਗਾਣੀ:** ਇਹ ਗੁਰਦੁਆਰਾ ਸਾਹਿਬ ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਰਾਜਪੁਰਾ ਦੇ ਪਿੰਡ ਉਗਾਣੀ ਵਿਖੇ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਇਹ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਨੂੰ ਦਰਸਾਉਂਦਾ ਹੈ।

23. **ਗੁਰਦੁਆਰਾ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ, ਆਕੜ, ਪਟਿਆਲਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੀ ਮਾਲਵੇ ਦੀ ਪ੍ਰਚਾਰ ਫੇਰੀ ਦੌਰਾਨ ਇੱਥੇ ਇਕ ਨਿੰਮ ਦੇ ਦਰੱਖਤ ਹੇਠ ਬਿਰਾਜੇ ਸਨ। ਗੁਰੂ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ ਇਹ ਨਿੰਮ ਦਾ ਦਰੱਖਤ ਅੱਜ ਵੀ ਮੌਜੂਦ ਹੈ।

24. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਡੇਰਾ ਸਾਹਿਬ ਸਿੰਬੜੋ, ਪਟਿਆਲਾ:** ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਨਾਭਾ ਦੇ ਪਿੰਡ ਸਿੰਬੜੋ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੈ। 'ਸ੍ਰੀ ਗੁਰਦੁਆਰੇ ਦਰਸ਼ਨ' ਅਨੁਸਾਰ ਗੁਰੂ ਸਾਹਿਬ ਇਕ ਪ੍ਰਚਾਰ ਫੇਰੀ ਦੌਰਾਨ ਇੱਥੇ ਠਹਿਰੇ ਸਨ।

25. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ, ਹਸਨਪੁਰ:** ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਰਾਜਪੁਰਾ ਦੇ ਬਲਾਕ ਘਨੌਰ ਦੇ ਪਿੰਡ ਹਸਨਪੁਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਮਾਲਵਾ ਫੇਰੀ ਸਮੇਂ ਇੱਥੇ ਤਿੰਨ ਦਿਨ ਠਹਿਰੇ ਸਨ।

26. **ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ, ਕਰਹਾਲੀ:** ਜ਼ਿਲ੍ਹਾ ਪਟਿਆਲਾ ਦੇ ਬਲਾਕ ਸਨੌਰ ਵਿਖੇ ਪਟਿਆਲਾ-ਸਮਾਣਾ ਸੜਕ 'ਤੇ ਪਿੰਡ ਕਰਹਾਲੀ ਸਥਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਇਸ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਸਮਾਣੇ ਤੋਂ ਚੱਲ ਕੇ ਇੱਥੇ ਬਿਰਾਜੇ ਸਨ।

27. **ਗੁਰਦੁਆਰਾ ਥੜ੍ਹਾ ਸਾਹਿਬ, ਪਾਤਸ਼ਾਹੀ ਨੌਵੀਂ, ਸਮਾਣਾ:** ਜ਼ਿਲ੍ਹਾ ਪਟਿਆਲਾ ਦੇ ਨਗਰ ਸਮਾਣਾ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹਿੰਦੂ ਧਰਮ ਦੀ ਰੱਖਿਆ ਵਾਸਤੇ ਸ਼ਹਾਦਤ ਦੇਣ ਲਈ ਦਿੱਲੀ ਜਾਂਦੇ ਸਮੇਂ ਬਹਾਦਰਗੜ੍ਹ ਤੋਂ ਆ ਕੇ ਸਮਾਣੇ ਰੁਕੇ ਸਨ। ਜਿਸ ਅਸਥਾਨ 'ਤੇ ਗੁਰੂ ਸਾਹਿਬ ਬਿਰਾਜੇ ਸਨ, ਉਥੇ ਅੱਜਕਲ੍ਹ ਗੁਰਦੁਆਰਾ ਥੜ੍ਹਾ ਸਾਹਿਬ ਸੁਸ਼ੋਭਿਤ ਹੈ।

28. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਨਨਹੇੜੀ, ਪਟਿਆਲਾ:** 'ਮਾਲਵਾ ਸਿੱਖ ਇਤਿਹਾਸ ਅਤੇ ਗੁਰਧਾਮ ਸੰਗ੍ਰਹਿ' ਅਨੁਸਾਰ ਗੁਰੂ ਸਾਹਿਬ ਇੱਥੇ ਆਪਣੇ ਇਕ ਸਿੱਖ ਭਾਈ ਫਤਹਿ ਚੰਦ ਮਸੰਦ ਦਾ ਪ੍ਰੇਮ ਦੇਖ ਕੇ ਬਿਰਾਜੇ ਸਨ। ਸ੍ਰੋਤਾਂ ਅਨੁਸਾਰ ਇਸ ਅਸਥਾਨ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

29. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਬਹਾਦਰਗੜ੍ਹ ਪਟਿਆਲਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇਸ ਅਸਥਾਨ 'ਤੇ ਕਈ ਵਾਰ ਆਏ ਸਨ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇੱਥੇ ਦੋ ਗੁਰਦੁਆਰਾ ਸਾਹਿਬਾਨ ਇਕ ਬਹਾਦਰਗੜ੍ਹ ਕਿਲ੍ਹੇ ਦੇ ਅੰਦਰ ਅਤੇ ਇਕ ਬਾਹਰਵਾਰ ਸੁਸ਼ੋਭਿਤ ਹਨ। ਪਹਿਲਾਂ ਇਸ ਨਗਰ ਦਾ ਨਾਂ ਸੈਫਾਬਾਦ ਸੀ ਪਰ ਮਹਾਰਾਜਾ ਕਰਮ ਸਿੰਘ ਜੀ ਨੇ ਗੁਰੂ ਸਾਹਿਬ ਦੇ ਨਾਂ 'ਤੇ ਹੀ ਇਸ ਅਸਥਾਨ ਦਾ ਨਾਂ 'ਬਹਾਦਰਗੜ੍ਹ' ਰੱਖਿਆ।

30. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਬਹਿਰ ਜੱਛ:** ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਪਾਤੜਾਂ ਵਿਖੇ ਪਿੰਡ ਬਹਿਰ ਜੱਛ ਸਥਿਤ ਹੈ। 'ਮਾਲਵਾ ਸਿੱਖ ਇਤਿਹਾਸ ਅਤੇ ਸ੍ਰੀ ਗੁਰਦੁਆਰੇ ਦਰਸ਼ਨ' (ਗਿ: ਠਾਕਰ ਸਿੰਘ) ਅਨੁਸਾਰ ਗੁਰੂ ਸਾਹਿਬ ਆਪਣੀ ਮਾਲਵੇ ਦੀ ਯਾਤਰਾ ਦੌਰਾਨ ਧਮਧਾਣ ਸਾਹਿਬ ਤੋਂ ਚੱਲ ਕੇ ਇੱਥੇ ਪਹੁੰਚੇ ਅਤੇ ਆਪਣੇ ਇਕ ਸਿੱਖ ਦੇ ਘਰ ਦੋ ਦਿਨ ਠਹਿਰੇ।

31. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਬੀਬੀਪੁਰ ਖੁਰਦ:** ਜ਼ਿਲ੍ਹਾ ਅਤੇ ਤਹਿਸੀਲ ਬਟਾਲਾ ਦਾ ਪਿੰਡ ਬੀਬੀਪੁਰ ਖੁਰਦ ਹੈ, ਇੱਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਇਕ ਸਿੱਖ ਭਾਈ ਰਾਮੇ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਸੀ।

32. **ਗੁਰਦੁਆਰਾ ਸ੍ਰੀ ਗੁਰਪਲਾਹ ਸਾਹਿਬ, ਸੌਂਤਰਾ, ਸ਼ਹੀਦ ਭਗਤ ਸਿੰਘ ਨਗਰ:** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਤੋਂ ਇਲਾਵਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਇੱਥੇ ਗੁਰੂ ਸਾਹਿਬਾਨ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰਪਲਾਹ ਸਾਹਿਬ ਸੁਭਾਇਮਾਨ ਹੈ।

33. **ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ, ਜੀਂਦੋਵਾਲ:** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਨਵਾਂਸ਼ਹਿਰ ਦੇ ਕਸਬਾ ਬੰਗਾ ਤੋਂ ਕੋਈ ਇਕ ਕਿਲੋਮੀਟਰ ਦੂਰ ਸਥਿਤ ਪਿੰਡ ਜੀਂਦੋਵਾਲ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਬਾਬਾ ਗੁਰਦਿੱਤਾ ਜੀ ਤੋਂ ਇਲਾਵਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਇੱਥੇ ਗੁਰੂ ਸਾਹਿਬਾਨ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਸੌਂਤਰਾ ਤੋਂ ਚੱਲ ਕੇ ਇੱਥੇ ਬਿਰਾਜੇ ਸਨ।

34. **ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਨਵਾਂਸ਼ਹਿਰ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਬਾਬਾ ਬਕਾਲਾ ਤੋਂ ਕੀਰਤਪੁਰ ਸਾਹਿਬ ਜਾਂਦੇ ਹੋਏ ਇਸ ਅਸਥਾਨ 'ਤੇ ਠਹਿਰੇ ਸਨ। ਉਸ ਸਮੇਂ ਉਨ੍ਹਾਂ ਨਾਲ ਮਾਤਾ ਗੁਜਰੀ ਜੀ, ਭਾਈ ਬਲਾਕੀ ਰਾਏ ਅਤੇ ਭਾਈ ਮਤੀ ਦਾਸ, ਭਾਈ ਮੱਖਣ ਸ਼ਾਹ ਲੁਬਾਣਾ, ਮਾਤਾ ਨਾਨਕੀ ਜੀ, ਸ੍ਰੀ ਕ੍ਰਿਪਾਲ ਚੰਦ ਜੀ, ਦਵਾਰਕਾ ਦਾਸ ਅਤੇ ਦਰਗਾਹ ਮੱਲ ਸਮੇਤ ਭਾਰੀ ਗਿਣਤੀ ਵਿਚ ਹੋਰ ਸਿੱਖ ਸਨ। ਗੁਰੂ ਸਾਹਿਬ ਜੀ ਨੇ ਇੱਥੇ ਕਈ ਮਹੀਨੇ ਠਹਿਰ ਕੇ ਇਲਾਕੇ ਵਿਚ ਸਿੱਖੀ ਪ੍ਰਚਾਰ ਕੀਤਾ। ਇਸ ਗੁਰੂ-ਘਰ ਦੀ ਸੇਵਾ-ਸੰਭਾਲ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਕਰ ਰਹੇ ਹਨ।

35. **ਗੁਰਦੁਆਰਾ ਸਾਹਿਬ ਵਿਆਹ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ:** ਜ਼ਿਲ੍ਹਾ ਜਲੰਧਰ ਦੇ ਨਗਰ ਕਰਤਾਰਪੁਰ ਸਾਹਿਬ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵੀ ਪਵਿੱਤਰ ਛੋਹ ਪ੍ਰਾਪਤ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਵਿਆਹ ਭਾਈ ਨੰਦ ਲਾਲ ਜੀ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ ਸੀ, ਉਸ ਅਸਥਾਨ 'ਤੇ ਗੁਰਦੁਆਰਾ ਸਾਹਿਬ ਵਿਆਹ ਅਸਥਾਨ ਮਾਤਾ ਗੁਜਰੀ ਜੀ ਸੁਸ਼ੋਭਿਤ ਹੈ।

36. **ਗੁਰਦੁਆਰਾ ਚੌਂਤਰਾ ਸਾਹਿਬ, ਮੱਲ੍ਹਾ, ਜ਼ਿਲ੍ਹਾ ਫਰੀਦਕੋਟ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਆਪਣੀ ਭੈਣ ਕੋਲ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿਚ ਇੱਥੇ ਗੁਰਦੁਆਰਾ ਚੌਂਤਰਾ ਸਾਹਿਬ ਸੁਭਾਇਮਾਨ ਹੈ।

37. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਸ਼ਾਹਪੁਰ ਕਲਾਂ, ਜ਼ਿਲ੍ਹਾ ਸੰਗਰੂਰ:** ਤਹਿਸੀਲ ਸੁਨਾਮ ਵਿਚ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਆਪਣੀ ਮਾਲਵੇ ਦੀ ਪ੍ਰਚਾਰ ਫੇਰੀ ਦੌਰਾਨ ਇੱਥੇ ਆਏ ਸਨ। ਮਾਲਵਾ ਸਿੱਖ ਇਤਿਹਾਸ ਅਨੁਸਾਰ ਪਹਿਲਾਂ ਇੱਥੇ ਕੇਵਲ ਮੰਜੀ ਸਾਹਿਬ ਸੁਸ਼ੋਭਿਤ ਸੀ ਪਰ ਸੰਨ 1890 ਈ. ਤੋਂ ਬਾਅਦ ਨਗਰ ਵਾਸੀਆਂ ਨੇ ਇੱਥੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦੀ ਉਸਾਰੀ ਕਰਵਾਈ।

38. **ਗੁਰਦੁਆਰਾ ਝਿੜਾ ਸਾਹਿਬ, ਕਾਂਝਲਾ, ਜ਼ਿਲ੍ਹਾ ਸੰਗਰੂਰ:** ਬਲਾਕ ਧੂਰੀ ਵਿਚ ਪਿੰਡ ਕਾਂਝਲਾ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਵੀ ਪ੍ਰਾਪਤ ਹੈ। 'ਮਾਲਵਾ ਸਿੱਖ ਇਤਿਹਾਸ' ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਿੰਡ ਦੇ ਲੋਕਾਂ ਦੀ ਸ਼ਰਧਾ ਭਾਵਨਾ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਰੋਗ ਮੁਕਤ ਕੀਤਾ ਸੀ।

39. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਫੱਗੂਵਾਲਾ, ਜ਼ਿਲ੍ਹਾ ਸੰਗਰੂਰ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਮਾਲਵਾ ਪ੍ਰਚਾਰ ਫੇਰੀ ਦੌਰਾਨ ਇੱਥੇ ਆਏ ਸਨ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

40. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਮੂਲੋਵਾਲ, ਜ਼ਿਲ੍ਹਾ ਸੰਗਰੂਰ:** 'ਮਾਲਵਾ ਸਿੱਖ ਇਤਿਹਾਸ' ਦੇ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਕਾਂਝਲਾ ਤੋਂ ਚੱਲ ਕੇ ਇੱਥੇ ਪਹੁੰਚੇ ਸਨ। ਲੋਕ ਰਵਾਇਤ ਅਨੁਸਾਰ ਗੁਰੂ ਜੀ ਦੀ ਨਦਰ ਨਾਲ ਇੱਥੋਂ ਦਾ ਖਾਰਾ ਪਾਣੀ ਮਿੱਠਾ ਹੋਇਆ ਸੀ। ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨਿਰਮਾਣ ਮਹਾਰਾਜਾ ਕਰਮ ਸਿੰਘ ਪਟਿਆਲੇ ਵਾਲਿਆਂ ਨੇ ਕਰਵਾਇਆ ਹੈ। ਇਸ ਪਿੰਡ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਵੀ ਪ੍ਰਾਪਤ ਹੈ।

41. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਗੰਢੂਆਂ, ਜ਼ਿਲ੍ਹਾ ਸੰਗਰੂਰ:** ਤਹਿਸੀਲ ਸੁਨਾਮ ਦੇ ਪਿੰਡ ਗੰਢੂਆਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ।

42. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਆਲੋਅਰਖ, ਜ਼ਿਲ੍ਹਾ ਸੰਗਰੂਰ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਗੁਣੀਕੇ ਤੋਂ ਆ ਕੇ ਇੱਥੇ ਇਕ ਬੋਹੜ ਦੇ ਦਰੱਖਤ ਹੇਠ ਬਿਰਾਜੇ ਸਨ।

43. **ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ, ਗਾਗਾ, ਜ਼ਿਲਾ ਸੰਗਰੂਰ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਇਕ ਢਾਬ ਦੇ ਕਿਨਾਰੇ ਇਕ ਰਾਤ ਬਿਰਾਜੇ ਸਨ। ਇੱਥੋਂ ਚੱਲ ਕੇ ਗੁਰੂ ਸਾਹਿਬ ਗੁਰਨੇ ਕਲਾਂ ਪਹੁੰਚੇ।

44. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਦਿੜ੍ਹਬਾ, ਜ਼ਿਲ੍ਹਾ ਸੰਗਰੂਰ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਜੀ ਇੱਥੇ ਇਕ ਤਲਾਅ ਦੇ ਕਿਨਾਰੇ ਬਿਰਾਜੇ ਸਨ।

45. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਮੂਣਕ, ਜ਼ਿਲ੍ਹਾ ਸੰਗਰੂਰ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਲਹਿਲ ਕਲਾਂ ਤੋਂ ਚੱਲ ਕੇ ਇੱਥੇ ਪਹੁੰਚੇ ਸਨ। ਗੁਰੂ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਕਿਲ੍ਹੇ ਦੇ ਨਜ਼ਦੀਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ।

46. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਅਸਾਮ ਦੇ ਰਾਜੇ ਦੀ ਬੇਨਤੀ ਪ੍ਰਵਾਨ ਕਰ ਕੇ ਸ੍ਰੀ ਅਨੰਦਪੁਰ ਸਾਹਿਬ ਤੋਂ ਮਾਲਵੇ ਦੇ ਰਸਤੇ ਅਸਾਮ ਜਾਂਦੇ ਹੋਏ ਗੁਣੀਕੇ, ਆਲੋਅਰਖ ਹੁੰਦੇ ਹੋਏ ਇੱਥੇ ਠਹਿਰੇ ਸਨ। ਇੱਥੇ ਦੋ ਦਿਨ ਬਿਰਾਜਣ ਤੋਂ ਬਾਅਦ ਗੁਰੂ ਸਾਹਿਬ ਫੱਗੂਵਾਲ ਅਤੇ ਘਨੌਰ ਵੱਲ ਚਲੇ ਗਏ।

47. **ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ, ਹੰਡਾਇਆ, ਜ਼ਿਲ੍ਹਾ ਬਰਨਾਲਾ:** ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸੰਬੰਧਿਤ ਦੋ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ: ਗੁਰਦੁਆਰਾ ਸ੍ਰੀ ਕੱਚਾ ਗੁਰੂਸਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਪੱਕਾ ਗੁਰੂਸਰ ਸਾਹਿਬ। 'ਮਾਲਵਾ ਸਿੱਖ ਇਤਿਹਾਸ' ਅਨੁਸਾਰ ਗੁਰੂ ਸਾਹਿਬ ਪਿੰਡ ਸੇਖੋਂ ਤੋਂ ਚੱਲ ਕੇ ਇੱਥੇ ਇਕ ਬੋਹੜ ਦੇ ਦਰੱਖਤ ਥੱਲੇ ਬਿਰਾਜੇ ਸਨ। ਇੱਥੇ ਜਿਸ ਅਸਥਾਨ 'ਤੇ ਗੁਰੂ ਸਾਹਿਬ ਸਭ ਤੋਂ ਪਹਿਲਾਂ ਬਿਰਾਜੇ, ਉਸ ਨੂੰ ਗੁਰਦੁਆਰਾ ਸ੍ਰੀ ਪੱਕਾ ਗੁਰੂਸਰ ਸਾਹਿਬ ਕਿਹਾ ਜਾਂਦਾ ਹੈ। ਗੁਰੂ ਸਾਹਿਬ ਜੀ ਦੇ ਵਾਪਸ ਜਾਣ 'ਤੇ ਇਕ ਬਜ਼ੁਰਗ ਬੀਬੀ ਆਪ ਜੀ ਦੇ ਦਰਸ਼ਨਾਂ ਲਈ ਆਪ ਜੀ ਦੇ ਪਿੱਛੇ-ਪਿੱਛੇ ਪਿੰਡ ਦੇ ਬਾਹਰ ਤਕ ਆਈ ਜਿੱਥੇ ਉਸ ਨੇ ਆਪ ਜੀ ਦੀ ਕੱਚੇ ਦੁੱਧ ਨਾਲ ਸੇਵਾ ਕੀਤੀ, ਉਥੇ ਗੁਰਦੁਆਰਾ ਸ੍ਰੀ ਕੱਚਾ ਗੁਰੂਸਰ ਸਾਹਿਬ ਸੁਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨਿਰਮਾਣ ਮਹਾਰਾਜਾ ਕਰਮ ਸਿੰਘ ਜੀ ਪਟਿਆਲੇ ਵਾਲਿਆਂ ਨੇ ਕਰਵਾਇਆ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

48. **ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ, ਫਰਵਾਹੀ, ਤਹਿ: ਤਪਾ, ਜ਼ਿਲ੍ਹਾ ਬਰਨਾਲਾ:** ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਸ ਅਸਥਾਨ 'ਤੇ ਬਿਰਾਜੇ, ਉਥੇ ਆਪ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇਸ ਅਸਥਾਨ 'ਤੇ ਇਕ ਰਾਤ ਠਹਿਰੇ ਸਨ। ਰਿਆਸਤ ਪਟਿਆਲਾ ਵੱਲੋਂ ਗੁਰਦੁਆਰਾ ਸਾਹਿਬ ਦੇ ਨਾਂ ਨਾਲ 35 ਏਕੜ ਜ਼ਮੀਨ ਲੱਗੀ ਹੋਈ ਹੈ।

49. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਪੰਧੇਰ, ਤਹਿ: ਤਪਾ, ਜ਼ਿਲ੍ਹਾ ਬਰਨਾਲਾ:** ਇਤਿਹਾਸ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਪਿੰਡ ਮੌੜ ਤੋਂ ਚੱਲ ਕੇ ਇੱਥੇ ਬਿਰਾਜੇ ਸਨ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਿੱਥੇ ਆਪਣਾ ਘੋੜਾ ਠਹਿਰਾਇਆ ਉਥੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇੱਥੋਂ ਚੱਲਕੇ ਗੁਰੂ ਸਾਹਿਬ ਅਲੀਸ਼ੇਰ ਵਿਖੇ ਗਏ ਸਨ। ਰਿਆਸਤ ਨਾਭਾ ਵੱਲੋਂ ਗੁਰਦੁਆਰਾ ਸਾਹਿਬ ਦੇ ਨਾਂ 50 ਏਕੜ ਜ਼ਮੀਨ ਲੱਗੀ ਹੋਈ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

50. **ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ, ਸੇਖਾ, ਜ਼ਿਲ੍ਹਾ ਬਰਨਾਲਾ:** ਇਤਿਹਾਸਕ ਸ੍ਰੋਤਾਂ

ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮੂਲੋਵਾਲ ਤੋਂ ਚੱਲ ਕੇ ਇੱਥੇ ਬਿਰਾਜੇ ਸਨ। ਮਾਲਵਾ ਸਿੱਖ ਇਤਿਹਾਸ ਅਨੁਸਾਰ ਇੱਥੇ ਗੁਰੂ ਸਾਹਿਬ ਜੀ ਨੂੰ ਭੜਵਾਲ ਦੀ ਇਕ ਮਾਈ ਨੇ ਪ੍ਰੇਮ ਨਾਲ ਦੁੱਧ ਛਕਾਉਣ ਦੀ ਸੇਵਾ ਕਰ ਕੇ ਆਪਣੇ ਭਰਾ ਤਿਲੋਕੇ ਦੇ ਗੁਨਾਹ ਬਖਸ਼ਾਏ ਸਨ। ਗੁਰੂ ਸਾਹਿਬ ਇਸ ਥਾਂ 'ਤੇ ਦੋ ਦਿਨ ਬਿਰਾਜ ਕੇ ਕੱਟੂ ਲਈ ਚੱਲ ਪਏ।

51. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਕੱਟੂ, ਤਹਿ: ਤਪਾ, ਜ਼ਿਲ੍ਹਾ ਬਰਨਾਲਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇੱਥੇ ਆਏ ਤਾਂ ਉਸ ਸਮੇਂ ਆਪ ਜੀ ਨਾਲ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਤੋਂ ਇਲਾਵਾ ਹੋਰ ਵੀ ਸੰਗਤਾਂ ਸਨ। ਇੱਥੇ ਹੀ ਗੁਰੂ ਸਾਹਿਬ ਜੀ ਨੇ 'ਕਾਹੇ ਰੇ ਬਨ ਖੋਜਨ ਜਾਈ' ਸ਼ਬਦ ਉਚਾਰਿਆ ਸੀ।

52. **ਗੁਰਦੁਆਰਾ ਟਿੱਬੀ ਸਾਹਿਬ ਪਾਤਸ਼ਾਹੀ ਨੌਵੀਂ, ਤਪਾ, ਜ਼ਿਲ੍ਹਾ ਬਰਨਾਲਾ:** 'ਮਾਲਵਾ ਸਿੱਖ ਇਤਿਹਾਸ' ਅਨੁਸਾਰ ਗੁਰਦੁਆਰਾ ਸਾਹਿਬ ਦੀ ਪੁਰਾਣੀ ਇਮਾਰਤ ਦਾ ਨਿਰਮਾਣ ਮਹਾਰਾਜਾ ਕਰਮ ਸਿੰਘ ਪਟਿਆਲੇ ਵਾਲਿਆਂ ਨੇ ਕਰਵਾਇਆ ਸੀ।

53. **ਗੁਰਦੁਆਰਾ ਸੋਹੀਆਣਾ ਸਾਹਿਬ, ਜ਼ਿਲ੍ਹਾ ਬਰਨਾਲਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਹੰਡਿਆਏ ਤੋਂ ਚੱਲ ਕੇ ਧੌਲੇ ਹੁੰਦੇ ਹੋਏ ਇਸ ਪਿੰਡ ਵਿਚ ਆਏ। ਇੱਥੇ ਗੁਰੂ ਸਾਹਿਬ ਜੀ ਨੇ ਦੁਪਹਿਰ ਕੱਟ ਆਰਾਮ ਕੀਤਾ। ਗੁਰੂ ਸਾਹਿਬ ਜੀ ਨੇ ਕਰੀਰ ਦੇ ਜਿਸ ਦਰੱਖਤ ਨਾਲ ਆਪਣਾ ਘੋੜਾ ਬੰਨ੍ਹਿਆ ਸੀ, ਉਹ ਅੱਜ ਵੀ ਮੌਜੂਦ ਹੈ। ਇੱਥੇ ਗੁਰੂ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸੋਹੀਆਣਾ ਸਾਹਿਬ ਸੁਭਾਇਮਾਨ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨਿਰਮਾਣ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆਂ ਨੇ ਕਰਵਾਇਆ ਹੈ।

54. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਢਿੱਲਵਾਂ, ਤਹਿ: ਤਪਾ, ਜ਼ਿਲ੍ਹਾ ਬਰਨਾਲਾ:** ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਸ ਅਸਥਾਨ 'ਤੇ ਬਿਰਾਜੇ, ਉਥੇ ਆਪ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਆਪਣੀ ਮਾਲਵਾ ਫੇਰੀ ਦੌਰਾਨ ਪਿੰਡ ਹੰਡਆਇਆ ਤੋਂ ਚੱਲ ਕੇ ਧੌਲਾਂ ਅਤੇ ਸੋਹੀਆਣਾ ਸਾਹਿਬ ਤੋਂ ਹੁੰਦੇ ਹੋਏ ਇੱਥੇ ਬਿਰਾਜੇ ਸਨ। ਇੱਥੇ ਗੁਰੂ ਜੀ ਨੇ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਖੂਹ ਖੁਦਵਾਇਆ ਸੀ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

55. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਦਮਦਮਾ ਸਾਹਿਬ:** ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਇੱਥੇ ਜਿਸ ਅਸਥਾਨ 'ਤੇ ਬੈਠ ਕੇ ਗੁਰੂ ਸਾਹਿਬ ਸੰਗਤਾਂ ਨੂੰ ਇਕ ਅਕਾਲ ਪੁਰਖ ਦਾ ਚਿੰਤਨ ਕਰਨ ਦਾ ਉਪਦੇਸ਼ ਦਿੰਦੇ ਸਨ, ਉਸ ਅਸਥਾਨ 'ਤੇ ਅੱਜਕਲ੍ਹ ਗੁਰਦੁਆਰਾ ਮੰਜੀ ਸਾਹਿਬ ਸੁਭਾਇਮਾਨ ਹੈ। ਇੱਥੇ ਗੁਰੂ ਸਾਹਿਬ ਦੀ ਪਾਵਨ ਛੋਹ ਪ੍ਰਾਪਤ ਇਤਿਹਾਸਕ ਵਸਤੂਆਂ ਦੇ ਦਰਸ਼ਨ ਵੀ ਕੀਤੇ ਜਾ ਸਕਦੇ ਹਨ।

56. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਮਾਈਸਰ ਖਾਨਾ, ਤਹਿ: ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਮੌੜ ਕਲਾਂ ਤੋਂ ਤਲਵੰਡੀ ਸਾਬੋ ਜਾਂਦੇ

ਹੋਏ ਰਸਤੇ ਵਿਚ ਇੱਥੇ ਠਹਿਰੇ ਸਨ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਥਾਨਕ ਕਮੇਟੀ ਰਾਹੀਂ ਕਰਦੀ ਹੈ।

57. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਢੱਡੇ, ਤਹਿ: ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਆਪਣੀ ਮਾਲਵਾ ਪ੍ਰਚਾਰ ਫੇਰੀ ਦੌਰਾਨ ਗੁਰੂ ਸਾਹਿਬ ਡਿੱਖ ਤੋਂ ਚੱਲ ਕੇ ਇੱਥੇ ਪਹੁੰਚੇ ਸਨ।

58. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਜੋਗਾ: ਜ਼ਿਲ੍ਹਾ ਅਤੇ ਤਹਿ: ਮਾਨਸਾ:** ਮਾਲਵਾ ਇਤਿਹਾਸ ਅਨੁਸਾਰ ਗੁਰੂ ਸਾਹਿਬ ਪਿੰਡ ਰੱਲਾ ਦੇ ਬਾਹਰਵਾਰ ਇਕ ਥੇਹ 'ਤੇ ਆ ਕੇ ਬਿਰਾਜੇ ਸਨ। ਜਿੱਥੇ ਰੱਲੇ ਪਿੰਡ ਦਾ ਚੌਧਰੀ ਜੁਗਰਾਜ ਦੁੱਧ ਦੀ ਭੇਟਾ ਲੈ ਕੇ ਦਰਸ਼ਨਾਂ ਲਈ ਆਇਆ। ਗੁਰੂ ਜੀ ਦੇ ਕਹਿਣ 'ਤੇ ਉਸ ਨੇ ਉਥੇ ਹੀ ਜੋਗਾ ਨਾਂ ਦਾ ਪਿੰਡ ਅਬਾਦ ਕੀਤਾ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸਥਾਨਕ ਕਮੇਟੀ ਬਣਾ ਕੇ ਕੀਤਾ ਜਾਂਦਾ ਹੈ।

59. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਖੀਵਾ ਕਲਾਂ, ਜ਼ਿਲ੍ਹਾ ਅਤੇ ਤਹਿ: ਮਾਨਸਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਇੱਥੇ ਗੁਰੂ ਸਾਹਿਬ ਜੀ ਨੇ ਸੰਘਾ ਨਾਮੀ ਜੱਟ ਨੂੰ ਉਸ ਦੀ ਸ਼ਰਧਾ ਭਾਵਨਾ ਦੇਖ ਕੇ ਆਪਣੀਆਂ ਬਖ਼ਸ਼ਿਸ਼ਾਂ ਨਾਲ ਨਿਵਾਜਿਆ ਸੀ। ਇੱਥੇ ਗੁਰੂ ਸਾਹਿਬ ਤਿੰਨ ਦਿਨ ਬਿਰਾਜੇ ਸਨ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਨਕ ਕਮੇਟੀ ਰਾਹੀਂ ਕਰਦੀ ਹੈ।

60. **ਗੁਰਦੁਆਰਾ ਸੂਲੀਸਰ ਸਾਹਿਬ, ਕੋਟ ਧਰਮੂ, ਜ਼ਿਲ੍ਹਾ ਅਤੇ ਤਹਿ: ਮਾਨਸਾ:** ਮਾਲਵਾ ਇਤਿਹਾਸ ਅਨੁਸਾਰ ਇੱਥੇ ਗੁਰੂ ਜੀ ਦੇ ਘੋੜੇ ਚੋਰੀ ਕਰਨ ਵਾਲੇ ਚੋਰ ਦੇ ਪਛਤਾਵਾ ਕਰਨ ਉਪਰੰਤ ਗੁਰੂ ਸਾਹਿਬ ਨੇ ਉਸ ਨੂੰ ਉਸ ਦੇ ਦੰਡ ਤੋਂ ਮੁਕਤ ਕੀਤਾ ਸੀ।

61. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਬਰ੍ਹਾਂ, ਜ਼ਿਲ੍ਹਾ ਮਾਨਸਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਆਪਣੀ ਮਾਲਵਾ ਪ੍ਰਚਾਰ ਫੇਰੀ ਦੌਰਾਨ ਇੱਥੇ ਚਾਰ ਮਹੀਨੇ ਬਿਰਾਜੇ ਸਨ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਨਕ ਕਮੇਟੀ ਰਾਹੀਂ ਕਰਦੀ ਹੈ।

62. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਅਲੀਸ਼ੇਰ ਕਲਾਂ, ਜ਼ਿਲ੍ਹਾ ਮਾਨਸਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਆਪਣੀ ਮਾਲਵਾ ਪ੍ਰਚਾਰ ਫੇਰੀ ਦੌਰਾਨ ਇੱਥੇ ਆਏ ਸਨ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

63. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਭੀਖੀ, ਜਿਲ੍ਹਾ ਮਾਨਸਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਆਪਣੀ ਮਾਲਵੇ ਦੀ ਪ੍ਰਚਾਰ ਫੇਰੀ ਦੌਰਾਨ ਇੱਥੇ ਪਧਾਰੇ ਸਨ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

64. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਸਮਾਓਂ, ਜਿਲ੍ਹਾ ਅਤੇ ਤਹਿ: ਮਾਨਸਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਪਿੰਡ ਖੀਵੇ ਤੋਂ ਚੱਲ ਕੇ ਇੱਥੇ ਆਏ ਸਨ। ਇੱਥੇ ਹੀ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਕਾਬਲ ਅਤੇ ਪਿਸ਼ਾਵਰ ਦੀਆਂ ਸੰਗਤਾਂ ਆਈਆਂ ਸਨ। ਗੁਰੂ ਸਾਹਿਬ ਜੀ ਦੀ ਛੋਹ ਪ੍ਰਾਪਤ ਇਕ ਵਣ ਦਾ ਦਰੱਖਤ ਇੱਥੇ ਅੱਜ ਵੀ ਮੌਜੂਦ ਹੈ।

65. **ਗੁਰਦੁਆਰਾ ਸਾਹਿਬ ਗੁਰੂ ਕੇ ਮਹਿਲ, ਸ੍ਰੀ ਅਨੰਦਪੁਰ ਸਾਹਿਬ:** ਜ਼ਿਲ੍ਹਾ ਰੂਪਨਗਰ ਦੀ ਨਗਰ ਕੌਂਸ਼ਲ ਸ੍ਰੀ ਅਨੰਦਪੁਰ ਸਾਹਿਬ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਿਲਾਸਪੁਰ ਦੇ ਰਾਜੇ ਦੀ ਵਿਧਵਾ ਰਾਣੀ ਗੁਲਾਬ ਦੇਵੀ ਪਾਸੋਂ ਮਾਖੋਵਾਲ ਦੀ ਥੇਹ ਨਾਮੀ ਜਗ੍ਹਾ ਖਰੀਦ ਕੇ ਵਸਾਇਆ ਸੀ। ਇਸ ਦਾ ਪਹਿਲਾਂ ਨਾਂ ਚੱਕ ਮਾਤਾ ਨਾਨਕੀ ਸੀ। ਇੱਥੇ ਗੁਰੂ ਸਾਹਿਬ ਜੀ ਨੇ ਜਿੱਥੇ ਆਪਣੀ ਰਿਹਾਇਸ਼ ਰੱਖੀ, ਉਹ ਅਸਥਾਨ ਗੁਰਦੁਆਰਾ ਸਾਹਿਬ ਗੁਰੂ ਕੇ ਮਹਿਲ ਦੇ ਨਾਂ ਨਾਲ ਪ੍ਰਸਿੱਧ ਹੈ।

66. **ਗੁਰਦੁਆਰਾ ਸ੍ਰੀ ਭੋਰਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ:** ਗੁਰਦੁਆਰਾ ਸਾਹਿਬ ਗੁਰੂ ਕੇ ਮਹਿਲ ਦੇ ਨਜ਼ਦੀਕ ਹੀ ਗੁਰਦੁਆਰਾ ਭੋਰਾ ਸਾਹਿਬ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਇੱਥੇ ਬੈਠ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇਕ ਅਕਾਲ ਪੁਰਖ ਦੀ ਬੰਦਗੀ ਕਰਿਆ ਕਰਦੇ ਸਨ।

67. **ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਦਮਦਮਾ ਸਾਹਿਬ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ਼ਹਾਦਤ ਦੇਣ ਵਾਸਤੇ ਦਿੱਲੀ ਜਾਣ ਤੋਂ ਪਹਿਲਾਂ ਭਾਈ ਉਦਾ ਜੀ ਅਤੇ ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਗੁਰਦਿੱਤਾ ਜੀ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਕੀਤੀ ਸੀ।

68. **ਗੁਰਦੁਆਰਾ ਥੜ੍ਹਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ:** ਗੁਰਦੁਆਰਾ ਥੜ੍ਹਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਬੈਠ ਕੇ ਗੁਰੂ ਸਾਹਿਬ ਸੰਗਤਾਂ ਨਾਲ ਵਿਚਾਰ ਵਟਾਂਦਰੇ ਕਰ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਲਝਾਇਆ ਕਰਦੇ ਸਨ। ਇਤਿਹਾਸਕ ਸ੍ਰੋਤਾਂ ਅਨੁਸਾਰ ਇੱਥੇ ਹੀ ਕਸ਼ਮੀਰੀ ਪੰਡਤ ਆਪ ਜੀ ਪਾਸ ਆਪਣੇ ਧਰਮ ਨੂੰ ਬਚਾਉਣ ਦੀ ਬੇਨਤੀ ਕਰਨ ਲਈ ਆਏ ਸਨ।

69. **ਗੁਰਦੁਆਰਾ ਬਬਾਨਗੜ੍ਹ ਸਾਹਿਬ, ਕੀਰਤਪੁਰ ਸਾਹਿਬ:** ਜ਼ਿਲ੍ਹਾ ਰੂਪਨਗਰ ਦੀ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਦੇ ਨਗਰ ਕੀਰਤਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦਿੱਲੀ ਵਿਖੇ ਸ਼ਹੀਦੀ ਤੋਂ ਬਾਅਦ ਉਨ੍ਹਾਂ ਦਾ ਸੀਸ ਭਾਈ ਜੈਤਾ ਜੀ ਨੇ ਲਿਆ ਕੇ ਜਿਸ ਅਸਥਾਨ 'ਤੇ ਸੁਸ਼ੋਭਿਤ ਕੀਤਾ ਸੀ, ਉਸ ਅਸਥਾਨ 'ਤੇ ਗੁਰਦੁਆਰਾ ਬਬਾਨਗੜ੍ਹ ਸਾਹਿਬ ਸੁਭਾਇਮਾਨ ਹੈ।

70. **ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ:** ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਜ਼ਦੀਕ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦੇ ਸਸਕਾਰ ਦੀਆਂ ਅੰਤਮ ਰਸਮਾਂ ਨਿਭਾਈਆਂ ਗਈਆਂ ਸਨ।

71. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਦੁਗਰੀ:** ਜ਼ਿਲ੍ਹਾ ਅਤੇ ਤਹਿਸੀਲ ਰੂਪਨਗਰ ਦੇ ਪਿੰਡ ਦੁਗਰੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਇੱਥੇ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ।

72. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਖਟਕੜ:** ਹਰਿਆਣਾ ਦੇ ਜ਼ਿਲ੍ਹਾ ਜੀਂਦ ਦੇ ਪਿੰਡ

ਖਟਕੜ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਚਰਨ ਛੋਹ ਦਾ ਮਾਣ ਪ੍ਰਾਪਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਧਮਧਾਨ ਤੋਂ ਜੀਂਦ ਜਾਂਦੇ ਸਮੇਂ ਰਸਤੇ ਵਿਚ ਇੱਥੇ ਠਹਿਰੇ ਸਨ।

73. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਖਰਕ ਭੂਰਾ:** ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਧਮਧਾਨ ਤੋਂ ਜੀਂਦ ਜਾਂਦੇ ਸਮੇਂ ਇਸ ਜਗ੍ਹਾ ਪੜਾਅ ਕੀਤਾ।
74. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਜੀਂਦ:** ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ।
75. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਧਮਧਾਨ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਜੀਂਦ ਵਿਚ ਪਿੰਡ ਧਮਧਾਨ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੀ ਪੂਰਬ ਦੀ ਯਾਤਰਾ ਸਮੇਂ ਆਏ ਸਨ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਆਪਣੇ ਜੀਵਨ-ਕਾਲ ਵਿਚ ਦੋ ਵਾਰ ਆਏ ਹਨ। ਇਸ ਨਗਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਭਾਈ ਦੱਗੋ ਇਸ ਪਿੰਡ ਦਾ ਵਸਨੀਕ ਸੀ, ਜਿਸ ਨੂੰ ਗੁਰੂ ਸਾਹਿਬ ਨੇ ਬਾਂਗਰ ਦੇਸ਼ ਦਾ ਮਸੰਦ ਥਾਪਿਆ ਸੀ।
76. **ਗੁਰਦੁਆਰਾ ਮੰਜੀ ਸਾਹਿਬ, ਕਰਨਾਲ:** ਗੁਰਦੁਆਰਾ ਮੰਜੀ ਸਾਹਿਬ ਹਰਿਆਣਾ ਪ੍ਰਾਂਤ ਦੇ ਕਰਨਾਲ ਸ਼ਹਿਰ ਵਿਚ ਸੁਸ਼ੋਭਿਤ ਹੈ। ਇਸ ਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਪਧਾਰੇ ਸਨ।
77. **ਗੁਰਦੁਆਰਾ ਸੀਸ ਗੰਜ ਸਾਹਿਬ ਪਾਤਸ਼ਾਹੀ ਨੌਵੀਂ, ਤਰਾਵੜੀ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕਰਨਾਲ ਦਾ ਇਕ ਪਿੰਡ ਤਰਾਵੜੀ ਹੈ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦਗਾਰ ਗੁਰਦੁਆਰਾ ਸੀਸ ਗੰਜ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਭਾਈ ਜੈਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲਿਜਾਂਦੇ ਸਮੇਂ ਇਕ ਰਾਤ ਇਥੇ ਗੁਰੂ-ਘਰ ਦੇ ਪ੍ਰੇਮੀ ਭਾਈ ਦੇਵਾ ਰਾਮ ਦੇ ਘਰ ਠਹਿਰੇ ਸਨ।
78. **ਗੁਰਦੁਆਰਾ ਸਤਿਸੰਗ ਸਾਹਿਬ, ਅੰਬਾਲਾ:** ਗੁਰਦੁਆਰਾ ਸਤਿਸੰਗ ਸਾਹਿਬ ਅੰਬਾਲਾ ਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਇੱਥੇ ਭਾਈ ਜੈਤਾ (ਜੀਵਨ ਸਿੰਘ) ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲਿਜਾਂਦੇ ਸਮੇਂ ਠਹਿਰੇ ਸਨ।
79. **ਗੁਰਦੁਆਰਾ ਸੀਸ ਗੰਜ ਸਾਹਿਬ, ਅੰਬਾਲਾ:** ਭਾਈ ਜੈਤਾ ਜੀ ਨੇ ਦਿੱਲੀ ਤੋਂ ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲਿਜਾਂਦੇ ਸਮੇਂ ਰਸਤੇ ਵਿਚ ਅੰਬਾਲਾ ਵਿਖੇ ਇਕ ਸਿੱਖ ਦੇ ਘਰ ਵਿਸ਼ਰਾਮ ਕੀਤਾ ਸੀ।
80. **ਗੁਰਦੁਆਰਾ ਮਰਦੋਂ ਸਾਹਿਬ ਪਾਤਸ਼ਾਹੀ ਨੌਵੀਂ, ਭਾਨੋਖੇੜੀ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਅੰਬਾਲਾ ਵਿਚ ਪਿੰਡ ਭਾਨੋਖੇੜੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ

ਆਮਦ ਦੀ ਯਾਦ ਵਿਚ ਗੁਰਦੁਆਰਾ ਮਰਦੋਂ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ।

81. **ਗੁਰਦੁਆਰਾ ਨਿੰਮ ਸਾਹਿਬ ਪਾਤਸਾਹੀ ਨੌਵੀਂ, ਕੈਥਲ:** ਗੁਰਦੁਆਰਾ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ ਹਰਿਆਣਾ ਪ੍ਰਾਂਤ ਦੇ ਨਗਰ ਕੈਥਲ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸਥਿਤ ਹੈ। ਇੱਥੇ ਉਹ ਜਿਸ ਨਿੰਮ ਦੇ ਦਰੱਖਤ ਥੱਲੇ ਬੈਠੇ ਸਨ, ਉਥੇ ਗੁਰਦੁਆਰਾ ਨਿੰਮ ਸਾਹਿਬ ਸੁਸ਼ੋਭਿਤ ਹੈ।

82. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਕੈਥਲ:** ਕੈਥਲ ਵਿਖੇ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਇਕ ਪ੍ਰੇਮੀ ਸਿੱਖ ਦੇ ਘਰ ਉਸ ਦੀ ਪ੍ਰੇਮਮਈ ਬੇਨਤੀ ਨੂੰ ਪ੍ਰਵਾਨ ਕਰ ਕੇ ਠਹਿਰੇ ਸਨ।

83. **ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਨੌਵੀਂ, ਚੀਕਾ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕੈਥਲ ਵਿਚ ਪਿੰਡ ਚੀਕਾ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਛੋਹ ਦਾ ਮਾਣ ਪ੍ਰਾਪਤ ਹੈ।

84. **ਗੁਰਦੁਆਰਾ ਸਾਹਿਬ ਸਾਹਿਬਰਾ, ਕਰਹਾ:** ਜ਼ਿਲ੍ਹਾ ਕੁਰੂਕਸ਼ੇਤਰ ਦੇ ਇਕ ਨਗਰ ਪਿਹੋਵਾ ਦੇ ਨੇੜੇ ਪਿੰਡ ਕਰਹਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬਰਾ ਸਾਹਿਬ ਸੁਸ਼ੋਭਿਤ ਹੈ।

85. **ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਪਿਹੋਵਾ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕੁਰੂਕਸ਼ੇਤਰ ਵਿਚ ਨਗਰ ਪਿਹੋਵਾ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸੁਸ਼ੋਭਿਤ ਹੈ।

86. **ਗੁਰਦੁਆਰਾ ਤ੍ਰਿਵੈਣੀ ਸਾਹਿਬ, ਕਰੋਹ ਸਾਹਿਬ:** ਗੁਰਦੁਆਰਾ ਤ੍ਰਿਵੈਣੀ ਸਾਹਿਬ ਜ਼ਿਲ੍ਹਾ ਕੁਰੂਕਸ਼ੇਤਰ ਦੀ ਪਿਹੋਵਾ ਤਹਿਸੀਲ ਦੇ ਪਿੰਡ ਕਰੋਹ ਸਾਹਿਬ ਵਿਖੇ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਚਰਨ ਪਾਏ ਅਤੇ ਇਸ ਧਰਤੀ ਨੂੰ ਪਾਵਨ ਕੀਤਾ।

87. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਥਾਨੇਸਰ:** ਥਾਨੇਸਰ ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕੁਰੂਕਸ਼ੇਤਰ ਦਾ ਇਕ ਇਤਿਹਾਸਕ ਨਗਰ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਆਪਣੇ ਇਕ ਪ੍ਰਚਾਰ ਦੌਰੇ ਦੌਰਾਨ ਬਰਨਾ ਤੋਂ ਚੱਲ ਕੇ ਇੱਥੇ ਆਏ ਸਨ।

88. **ਗੁਰਦੁਆਰਾ ਮੰਜੀ ਸਾਹਿਬ, ਪਾਤਸ਼ਾਹੀ ਨੌਵੀਂ, ਢੋਡੀ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕੁਰੂਕਸ਼ੇਤਰ ਵਿਚ ਤਹਿਸੀਲ ਲਾਡਵਾ ਦੇ ਪਿੰਡ ਢੋਡੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ।

89. **ਗੁਰਦੁਆਰਾ ਮੰਜੀ ਸਾਹਿਬ, ਅਜਰਾਨਾ ਕਲਾਂ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕੁਰੂਕਸ਼ੇਤਰ ਦਾ ਇਕ ਪਿੰਡ ਅਜਰਾਨਾ ਕਲਾਂ ਹੈ। ਇਸ ਪਿੰਡ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਦਾ ਮਾਣ ਪ੍ਰਾਪਤ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਲਖਨੌਰ ਤੋਂ ਦਿੱਲੀ ਜਾਂਦੇ ਸਮੇਂ ਇੱਥੇ ਬਿਰਾਜੇ ਸਨ।

90. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਮੁਨਿਆਰਪੁਰ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕੁਰੂਕਸ਼ੇਤਰ ਦੀ ਤਹਿਸੀਲ ਲਾਡਵਾ ਦੇ ਪਿੰਡ ਮੁਨਿਆਰਪੁਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ।

91. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਬਣੀ ਬਦਰਪੁਰ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕੁਰੂਕਸ਼ੇਤਰ ਦੀ ਤਹਿ: ਲਾਡਵਾ ਦੇ ਪਿੰਡ ਬਣੀ ਬਦਰਪੁਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਭਾਇਮਾਨ ਹੈ। ਇੱਥੇ ਗੁਰੂ ਸਾਹਿਬ ਜੀ ਨੇ ਨਗਰ ਨਿਵਾਸੀਆਂ ਲਈ ਖੂਹ ਦਾ ਨਿਰਮਾਣ ਕਰਵਾਇਆ ਸੀ।

92. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਬੱਧਪੁਰ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਕੁਰੂਕਸ਼ੇਤਰ ਦੇ ਪਿੰਡ ਬੁੱਧਪੁਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ।

93. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਕੜਾਮਾਨਕਪੁਰ, ਹਰਿਆਣਾ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਣੀ ਬਦਰਪੁਰ ਤੋਂ ਚੱਲ ਕੇ ਇੱਥੇ ਬਿਰਾਜੇ ਸਨ। ਉਨ੍ਹਾਂ ਨੇ ਇੱਥੇ ਇਕ ਮਲੂਕ ਦਾਸ ਨਾਮੀ ਵੈਸ਼ਨਵ ਸਾਧੂ ਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ ਸੀ।

94. **ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਲਾਖਣਮਾਜਰਾ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਰੋਹਤਕ ਦੇ ਪਿੰਡ ਲਾਖਣਮਾਜਰਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਸ਼ਹਾਦਤ ਲਈ ਦਿੱਲੀ ਜਾਂਦੇ ਸਮੇਂ ਰਸਤੇ ਵਿਚ ਇੱਥੇ 13 ਦਿਨ ਠਹਿਰੇ ਸਨ।

95. **ਗੁਰਦੁਆਰਾ ਬੰਗਲਾ ਸਾਹਿਬ ਪਾਤਸ਼ਾਹੀ ਨੌਵੀਂ, ਰੋਹਤਕ:** ਹਰਿਆਣਾ ਪ੍ਰਾਂਤ ਦੇ ਨਗਰ ਰੋਹਤਕ ਵਿਖੇ ਜੀਂਦ-ਰੋਹਤਕ ਮਾਰਗ ਉਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਬੰਗਲਾ ਸਾਹਿਬ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਸ਼ਹਾਦਤ ਲਈ ਜਾਂਦੇ ਸਮੇਂ ਰਸਤੇ ਵਿਚ ਇੱਥੇ ਬਿਰਾਜੇ ਸਨ।

96. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਬੂੜੀਆ, ਹਰਿਆਣਾ:** ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਆਪਣੀ ਇਕ ਪ੍ਰਚਾਰ ਫੇਰੀ ਦੌਰਾਨ ਆਏ ਸਨ।

97. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਸੁਢਲ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਯਮੁਨਾਨਗਰ ਦਾ ਇਕ ਪਿੰਡ ਸੁਢਲ ਹੈ ਜਿਸ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ।

98. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਝੀਵਰਹੇੜੀ:** ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਯਮੁਨਾਨਗਰ ਦੇ ਪਿੰਡ ਝੀਵਰਹੇੜੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਮੁਬਾਰਕ ਕਦਮ ਪਾਏ ਹਨ। ਇਤਿਹਾਸਕ ਸ੍ਰੋਤਾਂ ਅਨੁਸਾਰ ਇੱਥੇ ਗੁਰੂ ਸਾਹਿਬ ਭਖਾਰੀ ਦਾਸ ਸਾਧ ਨੂੰ ਸਿੱਖੀ ਦੀ ਬਖਸ਼ਿਸ਼ ਕੀਤੀ ਸੀ।

99. **ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ:** ਗੁਰਦੁਆਰਾ ਸੀਸ ਗੰਜ ਸਾਹਿਬ ਪੁਰਾਣੀ ਦਿੱਲੀ

ਦੇ ਚਾਂਦਨੀ ਚੌਂਕ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਇੱਥੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਗੁਰਦੁਆਰਾ ਸਾਹਿਬ ਜੀ ਵਿਖੇ ਗੁਰੂ ਸਾਹਿਬ ਦੀ ਪਵਿੱਤਰ ਛੋਹ ਪ੍ਰਾਪਤ ਦਰੱਖਤ ਦਾ ਤਣਾ ਅਤੇ ਖ਼ੂਹ ਅੱਜ ਵੀ ਸੁਰੱਖਿਅਤ ਰੱਖਿਆ ਗਿਆ ਹੈ।

100. **ਗੁਰਦੁਆਰਾ ਰਕਾਬ ਗੰਜ ਸਾਹਿਬ, ਦਿੱਲੀ:** ਗੁਰਦੁਆਰਾ ਰਕਾਬ ਗੰਜ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਤਕਰੀਬਨ 9 ਮੀਲ ਦੀ ਦੂਰੀ 'ਤੇ ਸਥਿਤ ਹੈ। ਇਹ ਭਾਰਤੀ ਪਾਰਲੀਮੈਂਟ ਹਾਊਸ ਦੇ ਲਾਗੇ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਭਾਈ ਲੱਖੀ ਸ਼ਾਹ ਵਣਜਾਰੇ ਦਾ ਘਰ ਸੀ। ਲੱਖੀ ਸ਼ਾਹ ਵਣਜਾਰੇ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦੀ ਪਵਿੱਤਰ ਦੇਹ ਦਾ ਸਸਕਾਰ ਆਪਣੇ ਘਰ ਨੂੰ ਅੱਗ ਲਗਾ ਕੇ ਕੀਤਾ ਸੀ।

101. **ਗੁਰਦੁਆਰਾ ਪਾਤਸ਼ਾਹੀ ਨੌਵੀਂ, ਨਿਜ਼ਾਮਾਬਾਦ:** ਗੁਰਦੁਆਰਾ ਸਾਹਿਬ ਚਰਨ ਪਾਦੁਕਾ ਪਾਤਸ਼ਾਹੀ ਪਹਿਲੀ ਅਤੇ ਨੌਵੀਂ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਅਜ਼ਮਗੜ੍ਹ ਦੇ ਇਕ ਨਗਰ ਨਿਜ਼ਾਮਾਬਾਦ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ 'ਲੱਕੜ ਦੀਆਂ ਖੜਾਵਾਂ' ਦੀ ਜੋੜੀ ਵੀ ਰੱਖੀ ਗਈ ਹੈ।

102. **ਗੁਰਦੁਆਰਾ ਸਾਹਿਬ ਬ੍ਰਹਮ ਕੁੰਡ ਅਯੁੱਧਿਆ:** ਅਯੁੱਧਿਆ ਦੀ ਧਰਤੀ ਉਤੇ ਤਿੰਨ ਗੁਰੂ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿੱਤਰ ਚਰਨ ਪਾਏ ਸਨ।

103. **ਗੁਰਦੁਆਰਾ ਮਾਈ ਥਾਨ ਸਾਹਿਬ ਆਗਰਾ:** ਆਗਰਾ ਉਹ ਪਵਿੱਤਰ ਧਰਤੀ ਹੈ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਬਾਰਕ ਚਰਨ ਪਏ ਹਨ। ਇੱਥੋਂ ਦੇ ਮਾਈ ਥਾਨ ਮੁਹੱਲੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਮਾਈ ਥਾਨ ਸਥਿਤ ਹੈ। ਇੱਥੇ ਗੁਰੂ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ ਇਕ ਖ਼ੂਹ ਵੀ ਮੌਜੂਦ ਹੈ।

104. **ਗੁਰਦੁਆਰਾ ਗੁਰੂ ਕਾ ਤਾਲ ਸਾਹਿਬ ਆਗਰਾ:** ਗੁਰੂ ਕਾ ਤਾਲ ਆਗਰਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਸਥਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਜੀ ਆਪਣੇ ਸ਼ਰਧਾਲੂ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਉਦੈ ਸਿੰਘ ਜੀ ਅਤੇ ਭਾਈ ਜੈਤਾ ਜੀ ਸਮੇਤ ਅਨੰਦਪੁਰ ਸਾਹਿਬ ਤੋਂ ਚੱਲ ਕੇ ਇੱਥੇ ਪਹੁੰਚੇ ਸਨ।

105. **ਗੁਰਦੁਆਰਾ ਪੂਰਬੀ ਟੋਲਾ ਸਾਹਿਬ ਏਟਾਵਾ:** ਉਤਰ ਪ੍ਰਦੇਸ਼ ਦੇ ਨਗਰ ਏਟਾਵਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪੂਰਬੀ ਟੋਲਾ ਸਥਿਤ ਹੈ। ਇਸ ਗੁਰਦੁਆਰਾ ਸਾਹਿਬ ਨੂੰ ਗੁਰਦੁਆਰਾ ਸਾਹਿਬ ਬੜੀ ਸੰਗਤ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

106. **ਗੁਰਦੁਆਰਾ ਬੜੀ ਸੰਗਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੌਨਪੁਰ:** ਉਤਰ ਪ੍ਰਦੇਸ਼ ਵਿਖੇ ਗੋਮਤੀ ਨਦੀ ਦੇ ਕਿਨਾਰੇ ਸਥਿਤ ਜ਼ਿਲ੍ਹਾ ਅਤੇ ਸ਼ਹਿਰ ਜੌਨਪੁਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਛੋਹ ਪ੍ਰਾਪਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਪੰਜਾਬ ਤੋਂ ਪੂਰਬ ਵੱਲ ਜਾਂਦੇ ਹੋਏ ਰਸਤੇ ਵਿਚ ਇੱਥੇ ਆਪਣੇ ਇਕ ਸਿੱਖ ਸੇਵਕ ਭਾਈ ਗੁਰਬਖਸ਼ ਸਿੰਘ ਜੀ ਦੇ ਘਰ ਬਿਰਾਜੇ ਸਨ।

107. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਕਾਨਪੁਰ:** ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਕਾਨਪੁਰ ਦੇ ਸਰਾਫਾ ਚੌਂਕ ਵਿਖੇ ਧੋਬੀ ਮੁਹੱਲੇ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਏਟਾਵਾ ਤੋਂ ਅਲਾਹਾਬਾਦ ਜਾਂਦੇ ਸਮੇਂ ਇੱਥੇ ਬਿਰਾਜੇ ਸਨ।

108. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ (ਦੂਖ ਨਿਵਾਰਨ ਸਾਹਿਬ), ਬਰੇਲੀ (ਅਲਾਹਾਬਾਦ):** ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਬਰੇਲੀ ਦੇ ਸਟੇਡੀਅਮ ਮਾਰਗ ਉਤੇ ਸਥਿਤ ਸੰਜੇ ਨਗਰ ਵਿਖੇ ਸੁਸ਼ੋਭਿਤ ਹੈ।

109. **ਗੁਰਦੁਆਰਾ (ਪੱਕੀ ਸੰਗਤ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ:** ਉਤਰ ਪ੍ਰਦੇਸ਼ ਦਾ ਨਗਰ ਅਲਾਹਾਬਾਦ ਜੋ ਕਿ ਪਹਿਲਾਂ ਪ੍ਰਯਾਗ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

110. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਗੜ੍ਹਮੁਕਤੇਸ਼ਵਰ:** ਦਿੱਲੀ ਮੁਰਾਦਾਬਾਦ ਮਾਰਗ ਉਤੇ ਗਾਜ਼ੀਆਬਾਦ ਦੇ ਨਗਰ ਗੜ੍ਹਮੁਕਤੇਸ਼ਵਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ਼ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਪਾਤਸ਼ਾਹੀ ਨੌਂਵੀਂ ਸੁਭਾਇਮਾਨ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਅਸਾਮ ਤੋਂ ਵਾਪਸ ਮੁੜਦੇ ਸਮੇਂ ਇੱਥੇ ਬਿਰਾਜੇ ਸਨ।

111. **ਗੁਰਦੁਆਰਾ ਬੜੀ ਸੰਗਤ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਨੀਚੀਬਾਗ:** ਇਤਿਹਾਸਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇੱਥੇ ਆਪਣੇ ਇਕ ਸਿੱਖ ਕਲਿਆਣ ਮੱਲ ਦੇ ਘਰ ਬਿਰਾਜੇ ਸਨ। ਗੁਰਦੁਆਰਾ ਬੜੀ ਸੰਗਤ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਦੀਵੀ ਯਾਦ ਵਿਚ ਕਲਿਆਣ ਮੱਲ ਦੀ ਹੀ ਰਿਹਾਇਸ਼ਗਾਹ ਉਤੇ ਹੀ ਗੁਰਦੁਆਰਾ ਬੜੀ ਸੰਗਤ ਸਾਹਿਬ ਉਸਾਰਿਆ ਗਿਆ ਹੈ।

112. **ਗੁਰਦੁਆਰਾ ਛੋਟੀ ਸੰਗਤ ਸਾਹਿਬ, ਵਾਰਾਨਸੀ:** ਵਾਰਾਨਸੀ ਵਿਖੇ ਗੁਰਦੁਆਰਾ ਸਾਹਿਬ ਛੋਟੀ ਸੰਗਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਛੋਟੀ ਜਿਹੀ ਭੁਟੇਸ਼ਵਰ ਗਲੀ ਵਿਚ ਸੁਸ਼ੋਭਿਤ ਹੈ। ਇਸ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

113. **ਗੁਰਦੁਆਰਾ ਸੰਗਤ ਮੀਰ ਘਾਟ ਸਾਹਿਬ, ਵਾਰਾਨਸੀ:** ਵਾਰਾਨਸੀ ਵਿਖੇ ਗੰਗਾ ਦੇ ਕਿਨਾਰੇ ਗੁਰਦੁਆਰਾ ਸਾਹਿਬ ਸੰਗਤ ਮੀਰ ਘਾਟ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਇਸ

ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੈ।

114. **ਗੁਰਦੁਆਰਾ ਗਊ ਘਾਟ ਸਾਹਿਬ ਮਥੁਰਾ:** ਗੁਰਦੁਆਰਾ ਸਾਹਿਬ ਗਊ ਘਾਟ ਮਥੁਰਾ ਵਿਚ ਇਕ ਛੋਟਾ ਜਿਹਾ ਇਤਿਹਾਸਕ ਅਸਥਾਨ ਦਰਿਆ ਦੇ ਸੱਜੇ ਕੰਢੇ ਉਦਾਸੀਆਂ ਦੇ ਪ੍ਰਬੰਧ ਅਧੀਨ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਇਕ ਛੋਟੇ ਜਿਹੇ ਕਮਰੇ ਵਿਚ ਹੁੰਦਾ ਸੀ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਵਿਸ਼ਾਲ ਇਮਾਰਤ ਨਿਰਮਾਣ ਕਰਵਾਈ ਗਈ ਹੈ।

115. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਸਿੰਘ ਸਭਾ ਮਥੁਰਾ:** ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪੁਰਾਣੇ ਸ਼ਹਿਰ ਦੇ ਤਿਲਕ ਦਵਾਰ ਦੇ ਬਾਹਰਵਾਰ ਸ੍ਰੀ ਗੁਰੂ ਤੇਗ ਬਹਾਦਰ ਮਾਰਗ 'ਤੇ ਜਨਰਲ ਡਾਕ ਘਰ ਦੇ ਸਾਹਮਣੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਦਿੱਲੀ ਵਿਖੇ ਸ਼ਹਾਦਤ ਦੇਣ ਜਾਣ ਸਮੇਂ ਇੱਥੇ ਪਧਾਰੇ ਸਨ। ਗੁਰਦੁਆਰਾ ਸਾਹਿਬ ਨੂੰ 'ਗੁਰੂ ਸਿੰਘ ਸਭਾ' ਦੇ ਨਾਂ ਹੇਠ ਰਜਿਸਟਰ ਦਰਜ ਕੀਤਾ ਗਿਆ ਹੈ ਅਤੇ ਅੱਜਕਲ੍ਹ ਪ੍ਰਬੰਧ ਲੋਕ ਕਮੇਟੀ ਕਰਦੀ ਹੈ।

116. **ਗੁਰਦੁਆਰਾ ਗੁਰੂ ਕਾ ਬਾਗ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਅਹਰੋਰਾ:** ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਮਿਰਜ਼ਾਪੁਰ ਵਿਖੇ ਵਾਰਾਨਸੀ ਦੇ ਨਜ਼ਦੀਕ ਇਕ ਛੋਟਾ ਜਿਹਾ ਪਿੰਡ ਅਹਰੋਰਾ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ 'ਗੁਰਦੁਆਰਾ ਬਾਗ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ' ਸੁਸ਼ੋਭਿਤ ਹੈ। ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਮਿਰਜ਼ਾਪੁਰ ਤੋਂ ਬਨਾਰਸ ਜਾਂਦੇ ਸਮੇਂ ਇੱਥੇ ਪਧਾਰੇ ਸਨ। ਇੱਥੇ ਗੁਰੂ ਸਾਹਿਬ ਦੀ ਯਾਦ ਵਿਚ ਲਗਾਇਆ ਬਾਗ ਅੱਜ ਵੀ ਸੁਰੱਖਿਅਤ ਹੈ।

117. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ, ਛੋਟਾ ਮਿਰਜ਼ਾਪੁਰ:** ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਮਿਰਜ਼ਾਪੁਰ ਵਿਚ ਵਾਰਾਨਸੀ ਦੇ ਨਜ਼ਦੀਕ ਇਕ ਪਿੰਡ ਛੋਟਾ ਮਿਰਜ਼ਾਪੁਰ ਅਹਰੋਰਾ ਰੇਲਵੇ ਸਟੇਸ਼ਨ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਅਹਰੋਰਾ ਤੋਂ ਬਨਾਰਸ ਜਾਂਦੇ ਸਮੇਂ ਇੱਥੇ ਠਹਿਰੇ ਸਨ।

118. **ਗੁਰਦੁਆਰਾ ਗਊ ਘਾਟ ਸਾਹਿਬ, ਮਿਰਜ਼ਾਪੁਰ:** ਉਤਰ ਪ੍ਰਦੇਸ਼ ਦੇ ਨਗਰ ਮਿਰਜ਼ਾਪੁਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਲਾਹਾਬਾਦ ਤੋਂ ਵਾਰਾਨਸੀ ਜਾਣ ਸਮੇਂ ਇੱਥੇ ਬਿਰਾਜੇ ਸਨ।

119. **ਗੁਰਦੁਆਰਾ ਸ੍ਰੀ ਨਿਰਮਲ ਸੰਗਤ ਸਾਹਿਬ, ਮਿਰਜ਼ਾਪੁਰ:** ਉਤਰ ਪ੍ਰਦੇਸ਼ ਰਾਜ ਵਿਖੇ ਗੰਗਾ ਦੇ ਕਿਨਾਰੇ ਵੱਸੇ ਨਗਰ ਮਿਰਜ਼ਾਪੁਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ। ਇੱਥੇ ਨਾਰਾਇਣ ਘਾਟ (ਪੱਕਾ ਘਾਟ) ਦੇ ਨਜ਼ਦੀਕ ਨਦੀ ਦੇ ਕਿਨਾਰੇ ਗੁਰੂ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

120. **ਗੁਰਦੁਆਰਾ ਪਾਤਸ਼ਾਹੀ ਨੌਵੀਂ ਮੁਰਸ਼ਿਦਾਬਾਦ**: ਬੰਗਾਲ ਵਿਚ ਭਗਰਥੀ ਨਦੀ ਦੇ ਕਿਨਾਰੇ ਵੱਸੇ ਨਗਰ ਨਲਹੱਟੀ ਦੇ ਨਜ਼ਦੀਕ ਮਖਸੂਦਾਬਾਦ ਜਿਸ ਨੂੰ ਅੱਜਕਲ੍ਹ ਮੁਰਸ਼ਿਦਾਬਾਦ ਕਿਹਾ ਜਾਂਦਾ ਹੈ, ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੋਣ ਦਾ ਹਾਸਲ ਹੈ।

121. **ਗੁਰਦੁਆਰਾ ਨਿੰਮਾਸਰਾਇ ਪਾਤਸ਼ਾਹੀ ਨੌਵੀਂ ਸਾਹਿਬ, ਮਾਲਦਾ**: ਬੰਗਾਲ ਵਿਚ ਮਹਾਂਨੰਦਾ ਨਦੀ ਦੇ ਕਿਨਾਰੇ ਮਾਲਦਾ ਨਾਂ ਦਾ ਨਗਰ ਸਥਿਤ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ ਨੂੰ ਸ੍ਰੀ ਪ੍ਰਯਾਗ ਸਾਹਿਬ (ਪੁਰਾਣਾ ਨਾਂ ਮਾਲਦਾ) ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

122. **ਗੁਰਦੁਆਰਾ ਬੜੀ ਸੰਗਤ ਸਾਹਿਬ, ਕਲਕੱਤਾ**: ਗੁਰਦੁਆਰਾ ਬੜੀ ਸੰਗਤ ਸਾਹਿਬ ਕਲਕੱਤਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਗੁਰੂ ਸਾਹਿਬ ਆਪਣੇ ਬੰਗਾਲ ਅਤੇ ਅਸਾਮ ਦੀ ਪ੍ਰਚਾਰ ਫੇਰੀ ਦੌਰਾਨ ਇੱਥੇ ਬਿਰਾਜੇ ਸਨ।

123. **ਗੁਰਦੁਆਰਾ ਛੋਟੀ ਸੰਗਤ ਸਾਹਿਬ, ਕਲਕੱਤਾ**: ਕਲਕੱਤਾ ਵਿਖੇ ਏਅਰਪੋਰਟ ਦੇ ਨਜ਼ਦੀਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਛੋਟੀ ਸੰਗਤ ਸਥਿਤ ਹੈ।

124. **ਗੁਰਦੁਆਰਾ ਗਊ ਘਾਟ ਸਾਹਿਬ, ਪਟਨਾ**: ਗੁਰਦੁਆਰਾ ਗਊ ਘਾਟ ਸਾਹਿਬ ਬਿਹਾਰ ਦੀ ਰਾਜਧਾਨੀ ਪਟਨਾ ਦੇ ਪੁਰਾਣੇ ਸ਼ਹਿਰ ਵਿਚ 'ਆਲਮਗੰਜ' ਸਥਾਨ 'ਤੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਤੋਂ ਚਾਰ ਕਿਲੋਮੀਟਰ ਦੂਰ ਸੁਸ਼ੋਭਿਤ ਹੈ।

125. **ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ**: ਤਖ਼ਤ ਸ੍ਰੀ ਹਰਿਮੰਦਰ ਸਾਹਿਬ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ਮੁਹੱਲਾ ਸੁਨਾਰਟੋਲੀ ਵਿਖੇ ਸੁਸ਼ੋਭਿਤ ਹੈ। ਇਸ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ-ਛੋਹ ਵੀ ਪ੍ਰਾਪਤ ਹੈ।

126. **ਗੁਰਦੁਆਰਾ ਗੁਰੂ ਕਾ ਬਾਗ ਸਾਹਿਬ, ਪਟਨਾ**: ਗੁਰਦੁਆਰਾ ਸਾਹਿਬ ਗੁਰੂ ਕਾ ਬਾਗ ਪਟਨਾ ਵਿਖੇ ਤਖਤ ਸਾਹਿਬ ਦੇ ਨਜ਼ਦੀਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਆਸਾਮ ਤੋਂ ਵਾਪਸ ਆਉਂਦੇ ਸਮੇਂ ਇੱਥੇ ਨਵਾਬ ਰਹੀਮ ਬਖਸ਼ ਅਤੇ ਨਵਾਬ ਕਰੀਬ ਬਖਸ਼ ਦੇ ਬਾਗ ਵਿਚ ਬਿਰਾਜੇ ਸਨ।

127. **ਗੁਰਦੁਆਰਾ ਬੜੀ ਸੰਗਤ ਸਾਹਿਬ ਬੜ੍ਹ, ਪਟਨਾ**: ਬਿਹਾਰ ਰਾਜ ਦੇ ਜ਼ਿਲ੍ਹਾ ਪਟਨਾ ਦੇ ਨਗਰ ਬੜ੍ਹ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬੜੀ ਸੰਗਤ ਸੁਸ਼ੋਭਿਤ ਹੈ।

128. **ਗੁਰਦੁਆਰਾ ਪਾਤਸ਼ਾਹੀ ਨੌਵੀਂ ਸਾਹਿਬ ਬਾਢ, ਪਟਨਾ**: ਜ਼ਿਲ੍ਹਾ ਪਟਨਾ ਦੇ ਬਾਢ ਕਸਬੇ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ ਹੈ। ਇਸ ਨਗਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ।

129. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਗਯਾ, ਪਟਨਾ:** ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਿਹਾਰ ਵਿਚ ਜ਼ਿਲ੍ਹਾ ਪਟਨਾ ਦੇ ਇਕ ਨਗਰ ਗਯਾ ਵਿਚ ਸੁਸ਼ੋਭਿਤ ਹੈ। ਇਸ ਨਗਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਆਪਣੀ ਪ੍ਰਚਾਰ-ਫੇਰੀ ਦੌਰਾਨ ਆਏ ਸਨ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਸਾਸਾਰਾਮ ਤੋਂ ਚੱਲ ਕੇ ਇੱਥੇ ਬਿਰਾਜੇ ਸਨ।

130. **ਗੁਰਦੁਆਰਾ ਪੱਕੀ ਸੰਗਤ ਸਾਹਿਬ, ਮੁੰਗੇਰ:** ਗੁਰਦੁਆਰਾ ਸਾਹਿਬ ਪੱਕੀ ਸੰਗਤ ਬਿਹਾਰ ਦੇ ਜ਼ਿਲ੍ਹਾ ਅਤੇ ਨਗਰ ਮੁੰਗੇਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਆਪਣੀ ਪੂਰਬ ਦੀ ਯਾਤਰਾ ਦੌਰਾਨ ਇੱਥੇ ਪਧਾਰੇ ਸਨ।

131. **ਗੁਰਦੁਆਰਾ ਚਾਚਾ ਫੱਗੂ ਮੱਲ ਜੀ ਸਾਹਿਬ ਸਾਸਾਰਾਮ (ਬਿਹਾਰ):** ਬਿਹਾਰ ਰਾਜ ਦੇ ਜ਼ਿਲ੍ਹਾ ਰੋਹਤਾਸ ਦੇ ਨਗਰ ਸਾਸਾਰਾਮ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਇੱਥੇ ਗੁਰੂ ਸਾਹਿਬ ਆਪਣੇ ਇਕ ਸਿੱਖ ਸੇਵਕ ਚਾਚਾ ਫੱਗੂ ਮੱਲ ਜੀ ਦੇ ਘਰ ਬਿਰਾਜੇ ਸਨ। ਇੱਥੇ ਗੁਰੂ ਸਾਹਿਬ ਨਾਲ ਸੰਬੰਧਿਤ ਪਵਿੱਤਰ ਨਿਸ਼ਾਨੀਆਂ ਸੰਭਾਲੀਆਂ ਹੋਈਆਂ ਹਨ। ਬਾਬਾ ਬੁੱਢਾ ਜੀ ਤੋਂ ਬਾਅਦ ਭਾਈ ਫੱਗੂ ਮੱਲ ਜੀ ਦੂਸਰੀ ਮਹਾਨ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਛੇ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਹਨ।

132. **ਗੁਰਦੁਆਰਾ ਗੁਰੂ ਕਾ ਬਾਗ ਸਾਹਿਬ ਸਾਸਾਰਾਮ (ਬਿਹਾਰ):** ਬਿਹਾਰ ਰਾਜ ਦੇ ਜ਼ਿਲ੍ਹਾ ਰੋਹਤਾਸ ਦੇ ਨਗਰ ਸਾਸਾਰਾਮ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਦੀ ਪਾਵਨ ਛੋਹ ਪ੍ਰਾਪਤ ਇਕ ਪੁਰਾਤਨ ਦਰੱਖਤ ਅਤੇ ਇਕ ਖੂਹ ਅੱਜ ਵੀ ਮੌਜੂਦ ਹੈ।

133. **ਗੁਰਦੁਆਰਾ ਬੜੀ ਪੁਰਾਣੀ ਸੰਗਤ ਸਾਹਿਬ, ਸਾਸਾਰਾਮ:** ਸਾਸਾਰਾਮ ਵਿਖੇ ਜਾਨੀ ਬਜ਼ਾਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬੜੀ ਪੁਰਾਣੀ ਸੰਗਤ ਸੁਭਾਇਮਾਨ ਹੈ।

134. **ਗੁਰਦੁਆਰਾ ਪਾਤਸ਼ਾਹੀ ਨੌਵੀਂ ਸਾਹਿਬ, ਕਹਲ ਗਾਂਉਂ:** ਬਿਹਾਰ ਰਾਜ ਦੇ ਭਾਗਲਪੁਰ ਦੇ ਨਜ਼ਦੀਕ ਪਿੰਡ ਕਹਲ ਗਾਂਉਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਛੋਹ ਦਾ ਮਾਣ ਪ੍ਰਾਪਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਆਪਣੇ ਇਕ ਪ੍ਰਚਾਰ ਦੌਰੇ ਦੌਰਾਨ ਆਏ ਸਨ। ਇੱਥੇ ਗੁਰੂ ਸਾਹਿਬ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ।

135. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਕੰਤ ਨਗਰ:** ਬਿਹਾਰ ਰਾਜ ਦੇ ਜ਼ਿਲ੍ਹਾ ਪੁਰਣਿਆ ਵਿਖੇ ਭਾਗਲਪੁਰ ਦੇ ਨਜ਼ਦੀਕ ਪਿੰਡ ਕੰਤ ਨਗਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦਗਾਰ ਵਜੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਇਸ ਪਿੰਡ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਪਟਨਾ ਸਾਹਿਬ ਗੁਰਦੁਆਰਾ ਪ੍ਰਬੰਧਕੀ ਬੋਰਡ ਕਰਦਾ ਹੈ।

136. **ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਲਖਸ਼ਮੀਪੁਰ:** ਬਿਹਾਰ ਦੇ ਜ਼ਿਲ੍ਹੇ ਕਠਿਆਰ ਦਾ ਇਕ ਨਗਰ ਲਖਸ਼ਮੀਪੁਰ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਅਸਾਮ ਤੋਂ ਪਟਨਾ ਜਾਂਦੇ ਸਮੇਂ ਰਸਤੇ ਵਿਚ ਇੱਥੇ ਬਿਰਾਜੇ ਸਨ।

137. **ਗੁਰਦੁਆਰਾ ਸਾਹਿਬ ਬੜੀ ਸੰਗਤ ਗੁਰੂ ਤੇਗ ਬਹਾਦਰ ਸਾਹਿਬ ਚੌਂਕੀ ਸਾਹਿਬ, ਭਾਗਲਪੁਰ:** ਬਿਹਾਰ ਰਾਜ ਦੇ ਜ਼ਿਲ੍ਹਾ ਅਤੇ ਸ਼ਹਿਰ ਭਾਗਲਪੁਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਛੋਹ ਦਾ ਮਾਣ ਪ੍ਰਾਪਤ ਹੈ। ਇੱਥੇ ਗੁਰੂ ਸਾਹਿਬ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬੜੀ ਸੰਗਤ ਸੁਸ਼ੋਭਿਤ ਹੈ। ਇੱਥੇ ਗੁਰੂ ਜੀ ਦੀ ਪਵਿੱਤਰ ਛੋਹ ਪ੍ਰਾਪਤ ਇਕ ਪੱਥਰ ਦੀ ਚੌਂਕੀ ਅੱਜ ਵੀ ਸੁਰੱਖਿਅਤ ਰੱਖੀ ਗਈ ਹੈ।

138. **ਗੁਰਦੁਆਰਾ ਸਾਹਿਬ ਉਦਾਸੀਆਂ, ਰਾਜ ਮਹਲ:** ਬਿਹਾਰ ਰਾਜ ਦੇ ਪਰਗਣਾ ਸੌਂਥਲ ਜ਼ਿਲ੍ਹੇ ਦਾ ਇਕ ਛੋਟਾ ਜਿਹਾ ਸ਼ਹਿਰ ਰਾਜ ਮਹਲ ਹੈ, ਜਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਛੋਹ ਦਾ ਮਾਣ ਪ੍ਰਾਪਤ ਹੈ। ਇੱਥੇ ਗੁਰੂ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਉਦਾਸੀਆਂ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਪੂਰਬ ਦੀ ਪ੍ਰਚਾਰ ਫੇਰੀ ਦੌਰਾਨ ਇੱਥੇ ਬਿਰਾਜੇ ਸਨ।

139. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਧੂਬੜੀ:** ਅਸਾਮ ਰਾਜ ਵਿਚ ਬ੍ਰਹਮਪੁੱਤਰ ਦਰਿਆ ਦੇ ਕਿਨਾਰੇ ਨਗਰ ਧੂਬੜੀ ਸਥਿਤ ਹੈ। ਇਸ ਨਗਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਛੋਹ ਪ੍ਰਾਪਤ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ, ਰਾਜਾ ਰਾਮ ਸਿਹੁੰ ਜੈਪੁਰ ਨਾਲ ਇੱਥੇ ਪਧਾਰੇ ਸਨ। ਇੱਥੇ ਹੀ ਗੁਰੂ ਸਾਹਿਬ ਜੀ ਨੇ ਰਾਜਾ ਰਾਮ ਸਿਹੁੰ ਅਤੇ ਰਾਜ ਚੱਕਰਾਦੇਵਿੱਜ ਵਿਚਕਾਰ ਸੁਲਹ ਕਰਵਾਈ ਸੀ।

140. **ਗੁਰਦੁਆਰਾ ਮਾਤਾ ਜੀ, ਸਾਹਿਬ ਸਿੰਘ ਗਾਉਂ (ਅਸਾਮ):** ਅਸਾਮ ਦੇ ਜ਼ਿਲ੍ਹਾ ਨਾਗਾਉਂ ਦੇ ਨਗਰ ਸਿੰਘ ਗਾਉਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਵਿੱਤਰ ਯਾਦ ਵਿਚ ਗੁਰਦੁਆਰਾ ਮਾਤਾ ਜੀ ਸਾਹਿਬ ਸੁਭਾਇਮਾਨ ਹੈ।

141. **ਗੁਰਦੁਆਰਾ ਚਰਨਪਾਦੁਕਾ ਸਾਹਿਬ, ਢਾਕਾ:** ਬੰਗਲਾ ਦੇਸ਼ ਦੀ ਰਾਜਧਾਨੀ ਢਾਕ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਵੀ ਪ੍ਰਾਪਤ ਹੈ। ਇੱਥੇ ਗੁਰੂ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਚਰਨਪਾਦੁਕਾ ਸੁਸ਼ੋਭਿਤ ਹੈ।

142. **ਗੁਰਦੁਆਰਾ ਸੰਗਤ ਟੋਲਾ ਸਾਹਿਬ, ਢਾਕਾ:** ਗੁਰਦੁਆਰਾ ਸੰਗਤ ਟੋਲਾ ਸਾਹਿਬ ਢਾਕਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਆਪਣੇ ਇਕ ਸਿੱਖ ਬੁਲਾਕੀ ਦਾਸ ਦੇ ਘਰ ਠਹਿਰੇ ਸਨ। ਗੁਰਦੁਆਰਾ ਸਾਹਿਬ ਦੀ ਖਸਤਾ ਹਾਲ ਇਮਾਰਤ ਕਾਰਨ ਉਥੋਂ ਦੀਆਂ ਇਤਿਹਾਸਕ ਅਤੇ ਪਵਿੱਤਰ ਯਾਦਗਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਸਰੂਪ ਅਤੇ ਗੁਰੂ ਸਾਹਿਬ ਦੀਆਂ ਖੜਾਵਾਂ ਹੁਣ ਗੁਰਦੁਆਰਾ ਸਾਹਿਬ ਨਾਨਕਸ਼ਾਹੀ, ਢਾਕਾ ਵਿਖੇ ਸੁਸ਼ੋਭਿਤ ਕਰ ਦਿੱਤੀਆਂ ਗਈਆਂ ਹਨ।

143. **ਗੁਰਦੁਆਰਾ ਨਾਨਕਸ਼ਾਹੀ ਸਾਹਿਬ, ਢਾਕਾ:** ਗੁਰਦੁਆਰਾ ਸਾਹਿਬ ਨਾਨਕਸ਼ਾਹੀ, ਢਾਕਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ।

1. ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਬਹੇੜ।
2. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀਂ, ਪਮੌਰ।
3. ਗੁਰਦੁਆਰਾ ਸਾਹਿਬ ਪਾਤਸ਼ਾਹੀਂ ਨੌਂਵੀਂ, ਭਗੜਾਨਾ।
4. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀਂ, ਅਗੌਲ।
5. ਗੁਰਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਪਾਤਸ਼ਾਹੀ ਨੌਂਵੀਂ, ਗੜ੍ਹੀ।
6. ਗੁਰਦੁਆਰਾ ਸਾਹਿਬ ਪਾਤਸ਼ਾਹੀਂ ਨੌਂਵੀਂ, ਗੁਣੀਕੇ।
7. ਗੁਰਦੁਆਰਾ ਜੰਡ ਸਾਹਿਬ ਪਾਤਸ਼ਾਹੀ ਨੌਂਵੀਂ, ਜੰਡ ਮਘੌਲੀ।
8. ਗੁਰਦੁਆਰਾ ਬਾਉਲੀ ਸਾਹਿਬ ਪਾਤਸ਼ਾਹੀ ਨੌਂਵੀਂ, ਰਾਮਗੜ੍ਹ।
9. ਗੁਰਦੁਆਰਾ ਮੰਜੀ ਸਾਹਿਬ, ਪਾਤਸ਼ਾਹੀ ਨੌਂਵੀਂ, ਹਰਪਾਲਪੁਰ।
10. ਗੁਰਦੁਆਰਾ ਦੁੱਖ ਭੰਜਨੀ ਸਾਹਿਬ, ਪਾਤਸ਼ਾਹੀ ਨੌਂਵੀਂ, ਪਿੰਡ ਲਿੰਗ, ਪਟਿਆਲਾ।
11. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀਂ, ਰੋਹਟਾ, ਪਟਿਆਲਾ।
12. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀਂ, ਦੌਦੜਾ, ਪਟਿਆਲਾ।
13. ਗੁਰਦੁਆਰਾ ਸ੍ਰੀ ਮੱਘਰ ਸਾਹਿਬ, ਈਸ਼ਰਹੇੜੀ, ਪਟਿਆਲਾ।
14. ਗੁਰਦੁਆਰਾ ਮੰਜੀ ਸਾਹਿਬ, ਪਾਤਸ਼ਾਹੀ ਨੌਂਵੀਂ, ਬੁੱਧ ਮੋਰ, ਪਟਿਆਲਾ।
15. ਗੁਰਦੁਆਰਾ ਸ੍ਰੀ ਗੁਰਪਲਾਹ ਸਾਹਿਬ, ਸੌਤਰਾ।
16. ਗੁਰਦੁਆਰਾ ਨਾਨਕਸਰ ਸਾਹਿਬ, ਹਕੀਮਪੁਰ।
17. ਗੁਰਦੁਆਰਾ ਸ੍ਰੀ ਗੁਰਪ੍ਰਤਾਪ ਸਾਹਿਬ ਪਾਤਸ਼ਾਹੀ ਨੌਂਵੀਂ, ਚੱਕ ਗੁਰੂ।
18. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀਂ, ਰਾਜੋਮਾਜਰਾ।
19. ਗੁਰਦੁਆਰਾ ਸਾਹਿਬ, ਅਲੀਸ਼ੇਰ।
20. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀਂ, ਫੱਗੂਵਾਲਾ, ਸੰਗਰੂਰ।
21. ਗੁਰਦੁਆਰਾ ਸਾਹਿਬ ਅਕਾਲ ਬੁੰਗਾ, ਨਾਗਰਾ।
22. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀਂ, ਮੂਲੋਵਾਲ ਸੰਗਰੂਰ।

23. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਗੋਬਿੰਦਪੁਰਾ।
24. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਗੁਰਨੇ।
25. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਅਕੋਈ।
26. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਕਣਕਵਾਲਾ, ਭੰਗੂਆਂ, ਸੰਗਰੂਰ।
27. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਮਕਰੋੜ ਸਾਹਿਬ, ਸੰਗਰੂਰ।
28. ਗੁਰਦੁਆਰਾ ਅੜੀਸਰ ਸਾਹਿਬ, ਪਾਤਸ਼ਾਹੀ ਨੌਵੀਂ, ਧੌਲਾ।
29. ਗੁਰਦੁਆਰਾ ਸਾਹਿਬ, ਪਾਤਸ਼ਾਹੀ ਨੌਵੀਂ, ਸੇਖਾ, ਬਰਨਾਲਾ।
30. ਗੁਰਦੁਆਰਾ ਸਾਹਿਬ ਘਨੌਰ ਜੱਟਾਂ, ਬਰਨਾਲਾ।
31. ਗੁਰਦੁਆਰਾ ਟਿੱਬੀ ਸਾਹਿਬ ਪਾਤਸ਼ਾਹੀ ਨੌਵੀਂ, ਤਹਿ: ਤਪਾ, ਬਰਨਾਲਾ।
32. ਗੁਰਦੁਆਰਾ ਸਾਹਿਬ, ਪਾਤਸ਼ਾਹੀ ਨੌਵੀਂ, ਉਪਲੀ, ਬਰਨਾਲਾ।

# ਲੇਖਕਾਂ ਦੇ ਪਤੇ

1. ਅਮਨਦੀਪ ਕੌਰ (ਡਾ.)—ਲੈਕਚਰਾਰ, ਪੰਜਾਬੀ ਵਿਭਾਗ, ਸਰਕਾਰੀ ਕਾਲਜ (ਲੜਕੇ) ਲੁਧਿਆਣਾ।
2. ਗਿ. ਅਮਰ ਸਿੰਘ, ਅੰਮ੍ਰਿਤਸਰ।
3. ਐਸ.ਐਸ. ਅਮੋਲ (ਪ੍ਰਿੰ.)—ਗੁਰਪੁਰਵਾਸੀ।
4. ਸਤਿਬੀਰ ਸਿੰਘ (ਪ੍ਰਿੰ.)—ਗੁਰਪੁਰਵਾਸੀ।
5. ਸਤਿਬੀਰ ਸਿੰਘ (ਪ੍ਰਿੰ.)—ਡਾਇਰੈਕਟਰ, ਗੁਰੂ ਨਾਨਕ ਇੰਸਟੀਚਿਊਟ, ਪਟਿਆਲਾ।
6. ਸੇਵਾ ਸਿੰਘ—ਪਟਿਆਲਾ।
7. ਸਮਸ਼ੇਰ ਸਿੰਘ (ਡਾ.)—ਪੰਜਾਬੀ ਯੂਨੀ: ਪਟਿਆਲਾ।
8. ਸਮਸ਼ੇਰ ਸਿੰਘ (ਡਾ.)—ਸਾਬਕਾ ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ।
9. ਸਮਸ਼ੇਰ ਸਿੰਘ ਅਸ਼ੋਕ—ਗੁਰਪੁਰਵਾਸੀ।
10. ਸਵਰਨਜੀਤ ਸਿੰਘ—ਸਾਬਕਾ ਪ੍ਰਿੰਸੀਪਲ, ਗੁਰਮਤਿ ਕਾਲਜ, ਪਟਿਆਲਾ।
11. ਸਾਹਿਬ ਸਿੰਘ (ਪ੍ਰੋ.)—ਗੁਰਪੁਰਵਾਸੀ।
12. ਸਿਮਰਜੀਤ ਸਿੰਘ—ਮੀਤ ਸਕੱਤਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ।
13. ਸੁਖਦਿਆਲ ਸਿੰਘ (ਡਾ.)—ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
14. ਸੁਰਿੰਦਰ ਸਿੰਘ ਨਿਮਾਣਾ—#5, ਅਕਾਲੀ ਕਵਾਟਰਜ਼, ਹੰਸਲੀ, ਤਹਿਸੀਲਪੁਰਾ, ਅੰਮ੍ਰਿਤਸਰ।
15. ਸੰਤੋਖ ਸਿੰਘ—ਪਿੰਡ ਖਾਸਪੁਰ, ਡਾ. ਪਾਤੜਾਂ, ਜ਼ਿਲਾ ਪਟਿਆਲਾ।
16. ਸ਼ਾਮ ਸਿੰਘ (ਪ੍ਰੋ.)
17. ਹਰਨਾਮ ਸਿੰਘ ਸ਼ਾਨ (ਡਾ.)—ਗੁਰਪੁਰਵਾਸੀ।
18. ਹਰਭਜਨ ਸਿੰਘ—ਗੁਰਪੁਰਵਾਸੀ, ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ।
19. ਹਰੀ ਸਿੰਘ ਕਾਦੀਆਂ—ਗੁਰਪੁਰਵਾਸੀ।
20. ਹਰਨੇਕ ਸਿੰਘ ਕੋਮਲ—ਗਲੀ ਵਿਕਾਸ ਪਬਲਿਕ ਸਕੂਲ, ਮਲੋਟ।
21. ਕਰਮ ਸਿੰਘ (ਪ੍ਰਿੰ.)—ਪੱਤਰਕਾਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਯੂਨਿਟ ਬਰਨਾਲਾ।
22. ਕਿਰਪਾਲ ਸਿੰਘ ਬਡੂੰਗਰ (ਪ੍ਰੋ.)—ਸਾਬਕਾ ਪ੍ਰਧਾਨ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਪਿੰਡ ਬਡੂੰਗਰ, ਪਟਿਆਲਾ।
23. ਕੁਲਦੀਪ ਸਿੰਘ ਹਉਰਾ (ਪ੍ਰਿੰ.)—ਗੁਰਪੁਰਵਾਸੀ, #162, ਪੰਜਾਬ ਹਾਊਸਿੰਗ ਬੋਰਡ ਕਲੋਨੀ, ਭਗਤਾਂਵਾਲਾ, ਅੰਮ੍ਰਿਤਸਰ।
24. ਕੁਬੇਰ ਸਿੰਘ—ਗੁਰਪੁਰਵਾਸੀ, #24- ਏ, ਗਲੀ ਨੰ: 7, ਬਸਤੀ ਟੈਕਾਂ ਵਾਲੀ, ਫਿਰੋਜ਼ਪੁਰ।
25. ਕੇਵਲ ਸਿੰਘ ਨਿਰਦੋਸ਼—ਨਾਇਬ ਸੂਬੇਦਾਰ, ਮੇਰਠ ਕੈਂਪ।
26. ਗੁਰਦੀਪ ਸਿੰਘ—ਸਾਬਕਾ ਸਹਾਇਕ ਸੂਚਨਾ ਅਧਿਕਾਰੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

27. ਗੁਰਦਿਆਲ ਸਿੰਘ (ਪ੍ਰੋ.)—ਖਾਲਸਾ ਕਾਲਜ, ਕਰਨਾਲ।
28. ਗੁਰਬਖ਼ਸ ਸਿੰਘ—ਪ੍ਰੀਤ ਨਗਰ, ਤ੍ਰਿਪੜੀ ਰੋਡ, ਪਟਿਆਲਾ।
29. ਗੁਰਬਖ਼ਸ ਸਿੰਘ (ਪ੍ਰੋ.)—ਗੁਰਪੁਰਵਾਸੀ, ਅੰਮ੍ਰਿਤਸਰ ਪਬਲਿਕ ਸਕੂਲ, ਅੰਮ੍ਰਿਤਸਰ।
30. ਗੁਰਮੁਖ ਸਿੰਘ (ਪ੍ਰੋ.)—ਗੁਰਪੁਰਵਾਸੀ, ਪਟਿਆਲਾ।
31. ਗੁਰਮੇਜ਼ ਸਿੰਘ ਪਿਆਸਾ—ਪਿੰਡ ਠਰੂ, ਜਿਲ੍ਹਾ ਤਰਨਤਾਰਨ।
32. ਗੁਰਮੇਲ ਸਿੰਘ (ਡਾ.)—ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
33. ਗੁਰਮੇਲ ਸਿੰਘ ਨਿਆਮਤਪੁਰ—ਹਾਂਗਕਾਂਗ।
34. ਗੁਰਵਿੰਦਰ ਕੌਰ (ਡਾ.)—ਪਿੰਡ ਤੇ ਡਾਕ: ਸੂਲਰ, ਜਿਲ੍ਹਾ ਪਟਿਆਲਾ।
35. ਗੁਲਚਰਨ ਸਿੰਘ—ਲੈਫਟੀਨੈਂਟ ਕਰਨਲ।
36. ਜਸਵੰਤ ਸਿੰਘ ਅਜੀਤ—#64- ਸੀ/ਯੂ, ਵੀ/ਬੀ, ਸ਼ਾਲੀਮਾਰ ਬਾਗ, ਦਿੱਲੀ।
37. ਜਗਜੀਵਨ ਸਿੰਘ (ਡਾ.)—ਪੰਜਾਬੀ ਵਿਭਾਗ, ਮਾਤਾ ਗੁਜਰੀ ਕਾਲਜ, ਫਤਿਹਗੜ੍ਹ।
38. ਜੋਗਿੰਦਰ ਸਿੰਘ (ਪ੍ਰੋ.)—ਗੁਰਪੁਰਵਾਸੀ, ਮੈਂਬਰ ਦਿੱਲੀ ਸਿੱਖ ਗੁ. ਪ੍ਰ. ਕਮੇਟੀ।
39. ਜੰਗ ਸਿੰਘ (ਗਿ.)—ਜਲੰਧਰ।
40. ਤਾਰਨ ਸਿੰਘ (ਡਾ.)—ਗੁਰਪੁਰਵਾਸੀ।
41. ਤੇਜਾ ਸਿੰਘ (ਪ੍ਰਿੰ.), ਗੰਡਾ ਸਿੰਘ (ਡਾ.)—ਗੁਰਪੁਰਵਾਸੀ।
42. ਧਰਮ ਸਿੰਘ (ਡਾ.)—ਸਾਬਕਾ ਪ੍ਰੋਫੈਸਰ ਤੇ ਮੁਖੀ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
43. ਧੰਨਾ ਸਿੰਘ ਗੁਲਸ਼ਨ—ਗੁਰਪੁਰਵਾਸੀ, ਐਮ. ਐਲ. ਏ.।
44. ਨਰਿੰਦਰਜੀਤ ਸਿੰਘ—ਗੁਰਪੁਰਵਾਸੀ, ਸੂਚਨਾ ਅਧਿਕਾਰੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ।
45. ਨਾਹਰ ਸਿੰਘ ਗਰੇਵਾਲ (ਪ੍ਰਿੰ.)—ਗੁਰਪੁਰਵਾਸੀ, ਲੁਧਿਆਣਾ।
46. ਪਾਂਧੀ ਨਨਕਾਣਵੀ—ਗੁਰਪੁਰਵਾਸੀ, ਜੇ 8/122, ਰਾਜੌਰੀ ਗਾਰਡਨ, ਨਵੀਂ ਦਿੱਲੀ।
47. ਪਿਆਰਾ ਸਿੰਘ ਪਦਮ—ਗੁਰਪੁਰਵਾਸੀ।
48. ਪ੍ਰਕਾਸ਼ ਸਿੰਘ (ਪ੍ਰਿੰ.)—ਗੁਰਪੁਰਵਾਸੀ।
49. ਬਿਕਰਮ ਸਿੰਘ ਘੁੰਮਣ (ਡਾ.)—ਅੰਮ੍ਰਿਤਸਰ।
50. ਬੁਧ ਰਾਮ ਗੁਪਤਾ—ਅਹਿਮਦਗੜ੍ਹ।
51. ਮਨਮੋਹਨ ਕੌਰ—#8363, ਗਲੀ ਨੰ: 2, ਗੁਰੂ ਰਾਮਦਾਸ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ।
52. ਮਨਮੋਹਨ ਸਿੰਘ (ਡਾ.)—#897, ਫੇਜ਼ 10, ਮੁਹਾਲੀ।
53. ਮਨੋਹਰ ਸਿੰਘ ਮਾਰਕੋ—ਗੁਰਪੁਰਵਾਸੀ।
54. ਮਹਿੰਦਰਪਾਲ ਸਿੰਘ ਢਿੱਲੋਂ—ਪਟਿਆਲਾ।
55. ਮੋਹਰ ਸਿੰਘ—#27,ਪ੍ਰੀਤ ਨਗਰ, ਪਟਿਆਲਾ।
56. ਮੱਖਣ ਸਿੰਘ—ਮੈਨੇਜਰ,ਪੰਜਾਬ ਐਂਡ ਸਿੰਧ ਬੈਂਕ, ਨਵੀਂ ਦਿੱਲੀ।
57. ਰਛਪਾਲ ਸਿੰਘ (ਡਾ.)—ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਖੇਤਰੀ ਖੋਜ ਕੇਂਦਰ, ਗੁਰਦਾਸਪੁਰ।
58. ਰਣਜੀਤ ਕੌਰ ਪੰਨਵਾਂ (ਡਾ.)—ਰਿਸਰਚ ਸਕਾਲਰ, ਸਿੱਖ ਇ.ਰਿ.ਬੋਰਡ, ਅੰਮ੍ਰਿਤਸਰ।
59. ਰੂਪ ਸਿੰਘ (ਡਾ.)—ਮੁੱਖ ਸਕੱਤਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ।
60. ਵਰਿਆਮ ਸਿੰਘ—ਸਾਬਕਾ ਸਕੱਤਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ।

ISBN 8193872207
9788193872208

ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ, ਕੀਰਤਪੁਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ

ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ